S. Amrik Singh ok

12

PUNJAB VIDHAN SABHA

DEBATES

Tuesday, the 4th March, 2014

Vol. VII – No. 1

OFFICIAL REPORT

CONTENTS

Punjab Vidhan Sabha Secretariat, Chandigarh

Price : Rs.-________.

PUNJAB VIDHAN SABHA

Tuesday, the 4th March, 2014

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

OBITUARY REFERENCES

ਮਾਨਯੋਗ ਸਪੀਕਰ : ਅਕਾਲ ਚਲਾਣਿਆਂ ਦਾ ਵਰਣਨ।

ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਸਾਡੇ ਤੋਂ ਕਈ ਸਤਿਕਾਰਯੋਗ ਸ਼ਖਸੀਅਤਾਂ ਵਿਛੜ ਗਈਆਂ ਹਨ। ਅੱਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ।

ਸ਼੍ਰੀ ਹਰਬੰਸ ਲਾਲ ਜੀ, ਸਾਬਕਾ ਸਪੀਕਰ ਅਤੇ ਮੰਤਰੀ ਸਾਨੂੰ ਮਿਤੀ 19 ਨਵੰਬਰ, 2013 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 7 ਅਕਤੂਬਰ, 1918 ਨੂੰ ਬਠਿੰਡਾ ਵਿਖੇ ਹੋਇਆ। ਉਨ੍ਹਾਂ ਨੇ ਸਾਲ 1941 ਵਿੱਚ ਲਾਅ ਕਾਲਜ, ਲਾਹੌਰ ਤੋਂ ਵਕਾਲਤ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ 1942 ਵਿੱਚ "*ਭਾਰਤ ਛੱਡੋ ਅੰਦੋਲਨ*" ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਉਹ 1952 ਵਿੱਚ ਪੈਪਸੂ ਦੀ ਪਹਿਲੀ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ ਹਲਕਾ ਬਠਿੰਡਾ ਤੋਂ ਤਿੰਨ ਵਾਰ ਕਾਂਗਰਸ ਦੇ ਉਮੀਦਵਾਰ ਵਜੋਂ ਚੁਣੇ ਗਏ। ਉਨ੍ਹਾਂ ਨੇ ਉਪ ਮੰਤਰੀ, ਸਿੱਖਿਆ, ਖੇਤੀਬਾੜੀ ਅਤੇ ਲਾਅ ਐਂਡ ਆਰਡਰ ਵਜੋਂ ਸੇਵਾ ਕੀਤੀ ਅਤੇ ਫਿਰ ਉਨ੍ਹਾਂ ਨੇ ਬਤੌਰ ਰਾਜ ਮੰਤਰੀ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਅਤੇ ਡਾਕਟਰੀ ਸਿੱਖਿਆ ਵਜੋਂ ਵੀ ਸੇਵਾ ਕੀਤੀ। ਉਹ ਮਾਰਚ, 1964 ਤੱਕ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਹੇ ਅਤੇ ਇਸ ਉਪਰੰਤ ਪੰਜਾਬ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ। ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਤੇ ਸੁਪਰੀਮ ਕੋਰਟ ਵਿੱਚ ਸੀਨੀਅਰ ਐਡਵੋਕੇਟ ਵੀ ਰਹੇ।

ਸਰਦਾਰ ਹਰਭਜਨ ਸਿੰਘ ਮਨਸਾਹੀਆਂ, ਸਾਬਕਾ ਮੰਤਰੀ ਵੀ ਸਾਨੂੰ ਮਿਤੀ 17 ਨਵੰਬਰ, 2013 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਸਾਲ 1977 ਵਿੱਚ ਸਰਦਾਰ ਲਛਮਣ ਸਿੰਘ ਗਿੱਲ, ਮੁੱਖ ਮੰਤਰੀ ਦੀ ਸਰਕਾਰ ਵੇਲੇ ਕਰ ਅਤੇ ਆਬਕਾਰੀ ਵਿਭਾਗ ਦੇ ਮੰਤਰੀ ਰਹੇ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਜ ਸੇਵਾ ਵਿੱਚ ਗੁਜ਼ਾਰ ਦਿੱਤਾ।

ਕਾਮਰੇਡ ਅੱਛਰਾ ਸਿੰਘ, ਸਾਬਕਾ ਐਮ.ਐਲ.ਏ. ਵੀ ਸਾਨੂੰ ਮਿਤੀ 18 ਦਸੰਬਰ, 2013 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਜੁਲਾਈ, 1936 ਨੂੰ ਪਿੰਡ ਗਵਾਰਾ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਉਹ ਗ੍ਰਾਮ ਪੰਚਾਇਤ ਅਤੇ ਬਲਾਕ ਸੰਮਤੀ ਦੇ ਮੈਂਬਰ ਵੀ ਰਹੇ। ਉਹ ਸਾਲ 1972 ਵਿੱਚ ਪਹਿਲੀ ਵਾਰ ਧੂਰੀ ਹਲਕੇ ਤੋਂ ਐਮ.ਐਲ.ਏ. ਚੁਣੇ ਗਏ। ਉਨ੍ਹਾਂ ਨੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਭਲਾਈ ਲਈ ਕੰਮ ਕੀਤਾ।

ਸਰਦਾਰ ਇੰਦਰਜੀਤ ਸਿੰਘ, ਸਿਆਸਤਦਾਨ ਵੀ ਸਾਨੂੰ ਮਿਤੀ 10 ਦਸੰਬਰ, 2013

[ਮਾਨਯੋਗ ਸਪੀਕਰ]

ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 1 ਫਰਵਰੀ, 1922 ਨੂੰ ਪਾਕਿਸਤਾਨ ਵਿਖੇ ਹੋਇਆ। ਉਹ ਸਮਾਲ ਸਕੇਲ ਇੰਡਸਟਰੀਜ਼ ਬੋਰਡ ਦੇ ਚੇਅਰਮੈਨ ਰਹੇ।

ਇਨ੍ਹਾਂ ਤੋਂ ਇਲਾਵਾ ਸਰਵਸ਼੍ਰੀ ਹਰਨੇਕ ਸਿੰਘ, ਪੰਜਾਬ ਸਿੰਘ, ਇੰਦਰ ਸਿੰਘ, ਚਿਮਨ ਲਾਲ, ਅਜੀਤ ਸਿੰਘ, ਬਲਵੰਤ ਸਿੰਘ, ਅਵਤਾਰ ਸਿੰਘ, ਤਾਰਾ ਸਿੰਘ, ਜੰਗੀਰ ਸਿੰਘ, ਤਰਲੋਕ ਸਿੰਘ, ਤਰਲੋਕ ਸਿੰਘ, ਗੁਰਬਚਨ ਸਿੰਘ, ਮਹਿੰਗਾ ਸਿੰਘ, ਰਾਮ ਸਰੂਪ, ਚਰਨ ਸਿੰਘ ਅਤੇ ਬਚਨ ਸਿੰਘ, ਸਾਰੇ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਵਿੱਚ ਆਪਣਾ ਆਪਣਾ ਯੋਗਦਾਨ ਪਾਇਆ। ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘਾ ਅਨੰਦ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।

ਇਸ ਦੇ ਨਾਲ ਹੀ ਅਜਨਾਲਾ ਨੇੜੇ 282 ਦੇ ਲਗਭਗ ਸੁਤੰਤਰਤਾ ਸੰਗਰਾਮੀਆਂ, ਜਿਨ੍ਹਾਂ ਨੇ 1857 ਦੇ ਸੁਤੰਤਰਤਾ ਸੰਗਰਾਮ ਵਿੱਚ ਹਿੱਸਾ ਲਿਆ ਸੀ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ, ਜਿਨ੍ਹਾਂ ਦੇ ਕੰਕਾਲ ਖੂਹ ਵਿਚੋਂ ਬਰਾਮਦ ਹੋ ਰਹੇ ਹਨ, ਉਨ੍ਹਾਂ ਨੂੰ ਵੀ ਇਹ ਸਦਨ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੈ।

ਸਰਦਾਰ ਤਲਵਿੰਦਰ ਸਿੰਘ, ਪ੍ਰਸਿੱਧ ਕਹਾਣੀਕਾਰ ਵੀ ਸਾਨੂੰ ਮਿਤੀ 12 ਨਵੰਬਰ, 2013 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਾਰਚ, 1955 ਵਿੱਚ ਪਿੰਡ ਘੋੜੇਵਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਹ ਇਕ ਉੱਘੇ ਕਹਾਣੀਕਾਰ ਸਨ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਦੋ ਨਾਵਲ ਅਤੇ ਪੰਜ ਕਹਾਣੀ ਸੰਗ੍ਰਹਿ ਪਾਏ।

ਡਾਕਟਰ ਚਰਨ ਦਾਸ ਸਿੱਧੂ, ਪ੍ਰਸਿੱਧ ਪੰਜਾਬੀ ਨਾਟਕਕਾਰ ਵੀ ਸਾਨੂੰ ਮਿਤੀ 18 ਨਵੰਬਰ, 2013 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 14 ਮਾਰਚ, 1938 ਨੂੰ ਪਿੰਡ ਭਾਮ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਉਹ ਇਕ ਉੱਘੇ ਪੰਜਾਬੀ ਨਾਟਕਕਾਰ ਸਨ। ਉਨ੍ਹਾਂ ਨੇ 37 ਪੰਜਾਬੀ ਨਾਟਕ ਲਿਖੇ ਅਤੇ ਉਨ੍ਹਾਂ ਦੀਆਂ ਦੋ ਦਰਜਨ ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਉਨ੍ਹਾਂ ਨੂੰ "*ਸਾਹਿਤ ਅਕਾਡਮੀ ਅਵਾਰਡ*", "*ਭਾਰਤੀ ਸੰਗੀਤ ਨਾਟਕ ਅਕਾਡਮੀ ਅਵਾਰਡ*" ਅਤੇ ਹੋਰ ਕਈ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ।

ਸ਼ਾਇਰ ਦੇਵਨੀਤ, ਪ੍ਰਸਿੱਧ ਪੰਜਾਬੀ ਸ਼ਾਇਰ ਵੀ ਸਾਨੂੰ ਮਿਤੀ 25 ਨਵੰਬਰ, 2013 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪੰਜਾਬੀ ਦੇ ਉੱਘੇ ਸ਼ਾਇਰ ਸਨ। ਉਨ੍ਹਾਂ ਨੇ ਪੰਜਾਬੀ ਸਾਹਿਤ ਲਈ ਕਵਿਤਾਵਾਂ ਦੀਆਂ ਚਾਰ ਕਿਤਾਬਾਂ ਕਾਵਿ ਸੰਗ੍ਰਹਿ ਵਿੱਚੋਂ "ਕਾਗਜ਼ ਕੰਦਰਾਂ ", "*ਪੱਥਰ ਤੇ ਪਈ ਸੈਕਸੋਫੋਨ*", "*ਯਾਤਰੀ ਧਿਆਨ ਦੇਣ*" ਅਤੇ "*ਹੁਣ ਸਟਾਲਿਨ ਚੁੱਪ ਹੈ*" ਲਿਖੀਆਂ।

ਸਰਦਾਰ ਪ੍ਰੀਤਮ, ਪ੍ਰਸਿੱਧ ਪੰਜਾਬੀ ਕਹਾਣੀਕਾਰ ਵੀ ਸਾਨੂੰ ਮਿਤੀ 26 ਦਸੰਬਰ, 2013 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਨੇ ਪੰਜਾਬੀ ਸਾਹਿਤ ਲਈ "*ਅਰਬ ਗਲੀ*" ਅਤੇ "*ਬੁੱਢਾ ਚੰਨ ਬਿਮਾਰ ਚਾਨਣੀ*",

ਪੰਜਾਬੀ ਕਹਾਣੀਆਂ ਲਿਖੀਆਂ। ਉਹ ਲਿਖਾਰੀ ਤੋਂ ਇਲਾਵਾ ਪੱਤਰਕਾਰੀ ਨਾਲ ਵੀ ਜੁੜੇ ਰਹੇ। ਉਹ ਪੰਜਾਬੀ ਸਾਹਿਤ ਸਭਾ, ਮੁੰਬਈ ਦੇ ਜਨਰਲ ਸਕੱਤਰ ਵੀ ਰਹੇ।

ਸ਼੍ਰੀ ਸੰਤੋਸ਼ ਕੁਮਾਰ ਅਚਾਰੀਆ, ਪ੍ਰਸਿੱਧ ਪੱਤਰਕਾਰ ਵੀ ਸਾਨੂੰ ਮਿਤੀ 13 ਜਨਵਰੀ, 2014 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 25 ਫਰਵਰੀ, 1931 ਨੂੰ ਬੈਜਨਾਥ, ਜ਼ਿਲ੍ਹਾ ਕਾਂਗੜਾ (ਹਿਮਾਚਲ ਪ੍ਰਦੇਸ਼) ਵਿਖੇ ਹੋਇਆ। ਉਹ ਵੀਰ ਪ੍ਰਤਾਪ ਅਖਬਾਰ, ਜਲੰਧਰ ਦੇ ਐਡੀਟਰ ਸਨ। ਉਨ੍ਹਾਂ ਨੇ "ਮਿਲਾਪ ਅਖਬਾਰ" ਵਿੱਚ ਵੀ ਕੰਮ ਕੀਤਾ ਅਤੇ ਬਾਅਦ ਵਿੱਚ " ਸ਼ਿਵਾਲਿਕ ਸੰਦੇਸ਼ " ਅਖਬਾਰ ਸ਼ੁਰੂ ਕੀਤਾ। ਉਹ " ਹਿੰਮ ਪ੍ਰਭਾ" ਅਤੇ "ਨਯਾ ਲੋਕ ਯੁੱਗ " ਅਖਬਾਰ ਦੇ ਸੰਪਾਦਕ ਵੀ ਰਹੇ।

ਬਹੁਤ ਹੀ ਸਤਿਕਾਰਯੋਗ ਸੰਤ ਬਾਬਾ ਦਯਾ ਸਿੰਘ ਜੀ, ਨਿਹੰਗ ਜੱਥੇਦਾਰ ਜੋ ਸਾਨੂੰ ਮਿਤੀ 19 ਜਨਵਰੀ, 2014 ਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਗਹਿਰਾ ਸਦਮਾ ਹੋਇਆ ਹੈ। ਉਨ੍ਹਾਂ ਦਾ ਜਨਮ ਸਾਲ 1927 ਵਿਚ ਪਿੰਡ ਸੁਰਸਿੰਘ ਵਿਖੇ ਹੋਇਆ। ਉਹ ਬਿਧੀ ਚੰਦ ਜੀ ਦੀ ਗੱਦੀ ਦੇ 11ਵੇਂ ਜਾਨਸ਼ੀਨ ਸਨ। ਉਨ੍ਹਾਂ ਨੇ 10 ਸਾਲ ਦੀ ਉਮਰ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਨਾਲ ਪਾਠ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣੀ ਵਿੱਦਿਆ ਸੁਰਸਿੰਘ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਧਾਰਮਿਕ ਵਿੱਦਿਆ ਬਾਬਾ ਸੁੱਚਾ ਸਿੰਘ ਜੀ ਹੈਡ ਗ੍ਰੰਥੀ ਤੋਂ ਪ੍ਰਾਪਤ ਕੀਤੀ।ਉਨ੍ਹਾਂ ਨੂੰ ਪੰਜ ਬਾਣੀਆਂ ਕੰਠ ਸਨ ਅਤੇ ਉਨ੍ਹਾਂ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਨਾਮ ਜਪਣ ਦੀ ਸਿੱਖਿਆ ਦਿੱਤੀ । ਉਹ ਆਪਣੇ ਦੋ ਪੁੱਤਰ ਤੇ ਦੋ ਪੁੱਤਰੀਆਂ ਛੱਡ ਗਏ। ਉਨ੍ਹਾਂ ਦੇ ਦੁਖਦਾਈ ਸਦੀਵੀ ਵਿਛੋੜੇ ਨਾਲ ਰਾਜ ਇਕ ਮਹਾਨ ਸ਼ਖਸੀਅਤ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸਖਸ਼ੀਅਤਾਂ ਦੇ ਪਦ-ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ, ਵਾਹਿਗੁਰੂ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਸਦਨ ਦੀ ਸਹਿਮਤੀ ਮੁਤਾਬਿਕ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਰੂਹਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ। ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿਚ ਖੜ੍ਹੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ।)

ਮਾਨਯੋਗ ਸਪੀਕਰ: ਧੰਨਵਾਦ ।

ਮਾਨਯੋਗ ਸਪੀਕਰ: ਸਦਨ ਬੁੱਧਵਾਰ, ਮਿਤੀ 5 ਮਾਰਚ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।

*10.11 ਵਜੇ ਪੂਰਵ ਦੁਪਹਿਰ

(*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 5 ਮਾਰਚ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

Published under the authority of the Punjab Vidhan Sabha and typesetting & printed by the Controller, Printing & Stationery, Punjab at Punjab Govt. Press, S.A.S. Nagar.

PGP, Mohali/8284/05-2014 (1)

For checking, Please
5/3/15

PUNJAB VIDHAN SABHA

DEBATES

Wednesday, the 5th March, 2014

Vol. VII – No. 2

OFFICIAL REPORT

CONTENTS

Punjab Vidhan Sabha Secretariat, Chandigarh

Price : Rs.________.

ਮੰਤ੍ਰੀ ਮੰਡਲ

ਕ੍ਰਮ ਨੰ:	ਨਾਂ	ਵਿਭਾਗ
1.	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਪਰਸੋਨਲ, ਵਿਜੀਲੈਂਸ, ਸਾਇੰਸ ਤਕਨਾਲੋਜੀ, ਵਾਤਾਵਰਨ, ਸਹਿਕਾਰਤਾ, ਆਮ ਪ੍ਰਸਾਸ਼ਨ, ਰੁਜ਼ਗਾਰੀ ਵਸੀਲੇ, ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਨ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ
2.	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ ਮਾਮਲੇ, ਪ੍ਰਸਾਸ਼ਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾ ਪੂੰਜੀ ਨਿਵੇਸ਼, ਸ਼ਹਿਰੀ ਹਵਾਬਾਜ਼ੀ
3.	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਅਤੇ ਕਿਰਤ ਮੰਤਰੀ
4.	ਸਰਦਾਰ .ਸਰਵਨ ਸਿੰਘ ਫਿਲੌਰ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
5.	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
6.	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਤੇ ਰੁਜ਼ਗਾਰ ਮੰਤਰੀ
7.	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
8.	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ

9.	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ
10.	ਸਰਦਾਰ ਜਨਮੇਜਾ ਸਿੰਘ ਸੇਖੋਂ	ਸਿੰਜਾਈ ਮੰਤਰੀ
11.	ਸ੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
12.	ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ
13.	ਸਰਦਾਰ ਸਿਕੰਦਰ ਸਿੰਘ ਮਲੂਕਾ	ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
14.	ਸ੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15.	ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
16.	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਲੋਕ ਨਿਰਮਾਣ (ਭ ਤੇ ਮ) ਮੰਤਰੀ

ਮੁੱਖ ਸੰਸਦੀ ਸਕੱਤਰ

1.	ਸਰਦਾਰ ਸੋਹਣ ਸਿੰਘ ਠੰਡਲ	ਸਿੰਜਾਈ
2.	ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਅਤੇ ਕਿਰਤ
3.	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
4.	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ
5.	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ)
6.	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
7.	ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਡਾਕਟਰੀ ਸਿੱਖਿਆ ਅਤੇ ਖੋਜ
8.	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
9.	ਸ਼੍ਰੀ ਕੇ.ਡੀ. ਭੰਡਾਰੀ	ਸਹਿਕਾਰਤਾ
10.	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
11.	ਸਰਦਾਰ ਅਮਰਪਾਲ ਸਿੰਘ ਬੋਨੀ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
12.	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
13.	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ
14.	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
15.	ਫਰਜ਼ਾਨਾ ਆਲਮ ਐਫ.ਨਿਸਾਰਾ ਖਾਤੂਨ	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
16.	ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
17.	ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
18.	ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.ਬੀ.ਸੀ ਦੀ ਭਲਾਈ
19.	ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਤੇ ਕਰ
20.	ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Wednesday, the 5th March, 2014

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10:00 A.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ: ਪ੍ਰਸ਼ਨ ਕਾਲ ਜੀ। ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ : 1149

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ : 1190

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਰੋਪੜ ਵਿਖੇ ਪਿੰਕਾਸੀਆ ਟੂਰਿਸਟ ਕੰਪਲੈਕਸ ਦੀ ਮੁੜ ਉਸਾਰੀ ਕਰਨਾ

***1160. ਡਾਕਟਰ ਦਲਜੀਤ ਸਿੰਘ ਚੀਮਾ :** ਕੀ ਸੈਰ ਸਪਾਟਾ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :

(ੳ) ਰੋਪੜ ਵਿਖੇ ਪਿੰਕਾਸੀਆ ਟੂਰਿਸਟ ਕੰਪਲੈਕਸ ਦੀ ਮੁੜ ਉਸਾਰੀ ਲਈ ਦੇਰੀ ਦੇ ਕੀ ਕਾਰਨ ਹਨ;

(ਅ) ਕੀ ਉਪਰੋਕਤ ਪ੍ਰਾਜੈਕਟ ਨੂੰ ਲੇਟ ਕਰਨ ਲਈ ਸਰਕਾਰ ਵੱਲੋਂ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਕੀਤੀ ਗਈ ਹੈ ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰ ਸਰਵਨ ਸਿੰਘ ਫਿਲੌਰ : (ੳ) ਪਿੰਕਾਸੀਆ ਟੂਰਿਸਟ ਕੰਪਲੈਕਸ ਮੈਸ: ਅਲਕੈਮਿਸਟ ਹੋਲਡਿੰਗ ਪ੍ਰਾਇਵੇਟ ਲਿਮਟਿਡ ਦੀ ਯੂਨਿਟ ਪਿੰਕਾਸੀਆ ਹੋਟਲਜ਼ ਐਂਡ ਰਿਸੋਰਟ ਪ੍ਰਾਈਵੇਟ ਲਿਮਟਿਡ ਜੋ ਕਿ ਸਫਲ ਬਿਡਰ ਸੀ, ਨੂੰ ਲੀਜ਼ ਤੇ ਦਿੱਤਾ ਗਿਆ ਸੀ ਅਤੇ ਇਸ੍ ਦਾ ਐਗਰੀਮੈਂਟ ਮਿਤੀ 09.09.2010 ਨੂੰ ਸਾਈਨ ਕੀਤਾ ਗਿਆ ਸੀ । ਇਸ ਐਗਰੀਮੈਂਟ ਵਿੱਚ ਲਾਈਆਂ ਸ਼ਰਤਾਂ ਤਹਿਤ ਉਨ੍ਹਾਂ ਵੱਲੋਂ ਇਹ ਪ੍ਰਾਜੈਕਟ ਦੋ ਸਾਲ ਵਿਚ ਮੁਕੰਮਲ ਕਰਨਾ ਸੀ ਪਰੰਤੂ ਸਿੰਚਾਈ ਵਿਭਾਗ ਦੀ ਨਾਲ ਲੱਗਦੀ ਜ਼ਮੀਨ ਕੰਸੈਸਨਰ ਨੂੰ ਵਰਤਣ ਦੀ ਪ੍ਰਵਾਨਗੀ ਮਿਤੀ 11.08.11 ਨੂੰ ਦਿੱਤੀ ਸੀ ਜਿਸ ਕਰਕੇ ਇਸ ਕੰਪਲੈਕਸ ਦਾ

[ਸੈਰ ਸਪਾਟਾ ਮੰਤਰੀ]

ਕਬਜ਼ਾ ਮੈਸ: ਪਿੰਕਾਸੀਆ ਹੋਟਲਜ਼ ਐਂਡ ਰਿਸੋਰਟ ਪ੍ਰਾਈਵੇਟ ਲਿਮਟਿਡ ਨੂੰ ਮਿਤੀ 25.08.11 ਨੂੰ ਦਿੱਤਾ ਗਿਆ ਸੀ ਅਤੇ ਇਸ ਦੀ ਲੀਜ਼ ਡੀਡ ਮਿਤੀ 19.06.12 ਨੂੰ ਰਜਿਸਟਰ ਕਰਵਾ ਦਿੱਤੀ ਗਈ ਸੀ, ਪਰੰਤੂ ਕੰਸੈਸਨੇਅਰ ਵੱਲੋਂ ਕੰਮ ਸ਼ੁਰੂ ਨਹੀ ਕੀਤਾ ਗਿਆ ।

(ਅ) ਪ੍ਰਾਜੈਕਟ ਦਾ ਕੰਮ ਕੰਸੈਸਨੇਅਰ ਵੱਲੋਂ ਸਮੇਂ ਸਿਰ ਸ਼ੁਰੂ ਨਾ ਕਰਨ ਕਾਰਨ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਏਜੰਸੀ ਹਾਇਰ ਕੀਤੀ ਗਈ ਅਤੇ ਕਾਨੂੰਨੀ ਸਲਾਹਕਾਰ ਦੀ ਸਲਾਹ ਅਨੁਸਾਰ ਉਸ ਨੂੰ ਐਗਰੀਮੈਂਟ ਦੀਆਂ ਸ਼ਰਤਾਂ ਤੇ ਅਮਲ ਕਰਨ ਲਈ ਪ੍ਰਿਲਿਮਨਰੀ ਨੋਟਿਸ ਮਿਤੀ 30.08.13 ਨੂੰ ਦਿੱਤਾ ਗਿਆ ਸੀ, ਜਿਸਦਾ ਉਸ ਵੱਲੋਂ ਮਿਤੀ 24.09.13 ਨੂੰ ਉੱਤਰ ਦਿੱਤਾ ਗਿਆ ਸੀ ਕਿ ਉਸ ਵੱਲੋਂ ਸਤੰਬਰ, 2014 ਤੱਕ ਐਗਰੀਮੈਂਟ ਦੀਆਂ ਸ਼ਰਤਾਂ ਦੀ ਪਾਲਣਾ ਕੀਤੀ ਜਾਵੇਗੀ। ਇਸ ਉੱਤੇ ਲੀਗਲ ਐਡਵਾਈਜਰ ਤੋਂ ਸਲਾਹ ਲਈ ਗਈ ਅਤੇ ਲੀਗਲ ਐਗਵਾਈਜ਼ਰ ਦੀ ਸਲਾਹ ਦੇ ਸਨਮੁੱਖ ਮਿਤੀ 27.12.13 ਨੂੰ ਮੈਸ: ਪਿੰਕਾਸੀਆ ਹੋਟਲ ਐਂਡ ਰਿਸੋਟਰਸ ਪ੍ਰਾਈਵੇਟ ਲਿਮਟਿਡ ਨਾਲ ਜੂਨ, 2014 ਵਿਚ ਕੰਮ ਸ਼ੁਰੂ ਕਰਨ ਸਬੰਧੀ ਮੀਟਿੰਗ ਕੀਤੀ ਗਈ । ਮੀਟਿੰਗ ਵਿੱਚ ਉਸ ਵੱਲੋਂ ਬੇਨਤੀ ਕੀਤੀ ਗਈ ਕਿ ਪ੍ਰਾਜੈਕਟ ਦੇ ਨਿਪਟਾਰੇ ਲਈ ਉਸ ਨੂੰ ਵਿੱਤੀ ਸਮੱਸਿਆਵਾਂ ਕਰਕੇ 04 ਮਹੀਨੇ ਦਾ ਹੋਰ ਸਮਾਂ ਦਿੱਤਾ ਜਾਵੇ ਅਤੇ ਉਹ ਪ੍ਰਾਜੈਕਟ ਦਾ ਕੰਮ ਜੂਨ, 2014 ਵਿਚ ਸ਼ੁਰੂ ਕਰ ਦੇਵੇਗਾ ਅਤੇ 2 ਸਾਲ ਦੇ ਸਮੇਂ ਦੇ ਅੰਦਰ ਅੰਦਰ ਪ੍ਰਾਜੈਕਟ ਨੂੰ ਮੁਕੰਮਲ ਕਰ ਦੇਵੇਗਾ । ਇਸ ਸਬੰਧੀ ਉਸ ਵੱਲੋਂ ਪੱਤਰ ਮਿਤੀ 19.2.14 ਨੂੰ ਪ੍ਰਾਪਤ ਹੋਇਆ, ਜਿਸ ਵਿੱਚ ਉਸ ਨੇ ਕਿਹਾ ਹੈ ਕਿ ਉਹ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਲੈਣ ਸਮੇਤ ਕੰਸੈਪਟ ਪਲਾਨ ਦੀ ਪ੍ਰਵਾਨਗੀ ਦਾ ਕੰਮ ਜੂਨ, 2014 ਤੱਕ ਕਰ ਲਵੇਗਾ । ਇਸ ਉਪਰੰਤ ਪ੍ਰਾਜੈਕਟ ਅਗਲੇ 2 ਸਾਲਾਂ ਵਿੱਚ ਮੁਕੰਮਲ ਕਰ ਲਵੇਗਾ। ਇਸ ਸਬੰਧੀ ਲੀਗਲ ਐਡਵਾਈਜ਼ਰ ਨਾਲ ਮਾਮਲਾ ਉਠਾਇਆ ਗਿਆ ਤੇ ਉਸ ਵੱਲੋਂ ਕਨਸੈਸ਼ਨ ਐਗਰੀਮੈਂਟ ਦੇ ਆਰਟੀਕਲ 6.2 (ਸੀ) ਤਹਿਤ ਐਗਰੀਮੈਂਟ ਰੱਦ ਕਰਨ ਦੀ ਸਲਾਹ ਦਿੱਤੀ ਹੈ । ਐਗਰੀਮੈਂਟ ਰੱਦ ਕਰਨ ਸਬੰਧੀ ਕੇਸ ਵਿਚਾਰ ਅਧੀਨ ਹੈ ।

ਡਾਕਟਰ ਦਲਜੀਤ ਸਿੰਘ ਚੀਮਾ: ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦੱਸਣਗੇ ਕਿ ਇਸ ਪ੍ਰਕਿਰਿਆ ਵਿੱਚ ਕਿੰਨਾ ਕੁ ਸਮਾਂ ਹੋਰ ਲੱਗੇਗਾ?

ਮੰਤਰੀ: ਮਾਨਯੋਗ ਸਪੀਕਰ ਸਾਹਿਬ, ਜੋ ਐਗਰੀਮੈਂਟ ਰੱਦ ਕਰਨ ਦੀ ਪ੍ਰਕਿਰਿਆ ਹੈ, ਜਲਦੀ ਹੀ ਮੀਟਿੰਗ ਬੁਲਾ ਕੇ ਇਸ ਤੇ ਜਿੰਨੀ ਛੇਤੀ ਹੋ ਸਕੇ, ਫੈਸਲਾ ਕਰ ਦੇਣਾ ਹੈ ਕਿਉਂਕਿ ਪਹਿਲਾਂ ਹੀ ਇਹ ਬਹੁਤ ਲੇਟ ਹੋ ਚੁੱਕਾ ਹੈ।

ਡਾਕਟਰ ਦਲਜੀਤ ਸਿੰਘ ਚੀਮਾ: ਧੰਨਵਾਦ ਜੀ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1207**

ਮਾਨਯੋਗ ਸਪੀਕਰ: ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1201

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਸਿਵਲ ਹਸਪਤਾਲ ਬਾਬਾ ਬਕਾਲਾ ਵਿਖੇ ਮੋਰਚਰੀ ਅਤੇ ਪੋਸਟਮਾਰਟਮ ਦੀ ਸੁਵਿਧਾ ਦੇਣਾ

*1155. ਸਰਦਾਰ ਮਨਜੀਤ ਸਿੰਘ ਮੀਆਂਵਿੰਡ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ ਬਾਬਾ ਬਕਾਲਾ ਵਿਖੇ ਮੋਰਚਰੀ ਅਤੇ ਪੋਸਟਮਾਰਟਮ ਦੀ ਸੁਵਿਧਾ ਪਹਿਲ ਦੇ ਆਧਾਰ ਤੇ ਮੁਹੱਈਆ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਨਹੀਂ ਹੈ।

ਸਰਦਾਰ ਮਨਜੀਤ ਸਿੰਘ ਮੀਆਂਵਿੰਡ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਬਾਬਾ ਬਕਾਲਾ ਬਹੁਤ ਹੀ ਪਵਿੱਤਰ ਧਰਤੀ ਹੈ। ਉਥੇ ਆਵਾਜਾਈ ਬੜੀ ਰਹਿੰਦੀ ਹੈ ਅਤੇ ਐਕਸੀਡੈਂਟਸ ਵੀ ਬਹੁਤ ਹੁੰਦੇ ਰਹਿੰਦੇ ਹਨ। ਜਦੋਂ ਇਹੋ ਜਿਹੀ ਘਟਨਾ ਵਾਪਰ ਜਾਂਦੀ ਹੈ ਤਾਂ ਲੋਕਾਂ ਨੂੰ ਇਲਾਜ ਸਬੰਧੀ ਬੜੀ ਪਰੇਸ਼ਾਨੀ ਹੁੰਦੀ ਹੈ ਔਰ ਮੰਤਰੀ ਜੀ ਨੇ ਜਵਾਬ ਵਿੱਚ ਕਿਹਾ ਹੈ, "ਨਹੀਂ ਹੈ" ਮੈਂ ਇਸ "ਨਹੀਂ ਹੈ"ਦੇ ਕਾਰਨਾਂ ਤੋਂ ਜਾਣੂੰ ਹੋਣਾ ਚਾਹੁੰਦਾ ਹਾਂ ਕਿ ਉਸ ਹਸਪਤਾਲ ਵਿੱਚ ਮੋਰਚਰੀ ਅਤੇ ਪੋਸਟਰਮਾਰਟਮ ਦੀ ਸੁਵਿਧਾ ਦਾ ਪ੍ਰਬੰਧ ਕਿਉਂ ਨਹੀਂ ਕਰ ਸਕਦੇ ?

ਮੰਤਰੀ: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਜੇ ਇਹ ਪਰਪੋਜ਼ਲ ਦੇ ਵਿੱਚ ਨਹੀਂ ਹੈ ਜੀ ਪਰ ਮੈਂਬਰ ਸਾਹਿਬ ਵੱਲੋਂ ਦੱਸੀ ਮੁਸ਼ਕਲ ਜਾਇਜ਼ ਹੈ। ਇਸ ਨੂੰ ਮੁੱਖ ਰੱਖਦੇ ਹੋਏ ਕਿ ਇਨ੍ਹਾਂ ਨੂੰ 40 ਕਿਲੋਮੀਟਰ ਦੂਰ ਫਰੀਦਕੋਟ ਜਾਣਾ ਪੈਂਦਾ ਹੈ। ਇਸ ਸਬੰਧੀ ਵਿਚਾਰ ਇਹ ਪ੍ਰਬੰਧ ਇਸ ਹਸਪਤਾਲ ਵਿੱਚ ਕਰ ਦਿੱਤਾ ਜਾਵੇਗਾ।

ਮਾਨਯੋਗ ਸਪੀਕਰ : ਫਰੀਦਕੋਟ ਨਹੀਂ ਜਾਣਾ ਪੈਂਦਾ, ਅੰਮ੍ਰਿਤਸਰ ਜਾਣਾ ਪੈਂਦਾ ਹੈ।

ਮੰਤਰੀ : ਹਾਂ ਜੀ, ਅੰਮ੍ਰਿਤਸਰ ਜਾਣਾ ਪੈਂਦਾ ਹੈ ਜੀ।

**Reply to this starred question No. 1207 has not been received till 28.1.2015 i.e. the date on which this debates was sent to the press for final printing.

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1166**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1171

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੇਰਾ ਪ੍ਰਸ਼ਨ *1201 ਹੈ ਜੀ ।

ਮਾਨਯੋਗ ਸਪੀਕਰ: ਨਹੀਂ ਜੀ, ਤੁਸੀਂ ਉਦੋਂ ਇੱਥੇ ਹਾਜ਼ਰ ਨਹੀਂ ਸੀ। ਮੋਫਰ ਸਾਹਿਬ, ਤੁਸੀਂ ਬਹੁਤ ਸਿਆਣੇ ਹੋ। ਇਸ ਕਰਕੇ ਤੁਹਾਨੂੰ ਸਮੇਂ ਸਿਰ ਆਉਣਾ ਚਾਹੀਦਾ ਸੀ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਬੜਾ ਇੰਪਾਰਟੈਂਟ ਹੈ ਜੀ।

ਮਾਨਯੋਗ ਸਪੀਕਰ: ਤੁਹਾਨੂੰ ਸਮੇਂ ਸਿਰ ਆਉਣਾ ਚਾਹੀਦਾ ਸੀ, ਇਸ ਵਿੱਚ ਮੇਰਾ ਕਸੂਰ ਨਹੀਂ ਹੈ। ਹੁਣ ਇਹ ਪੇਸ਼ ਨਹੀਂ ਹੋ ਸਕਦਾ, ਫਿਰ ਪ੍ਰਥਾ ਗਲਤ ਪੈ ਜਾਂਦੀ ਹੈ।

ਫਤਿਹਗੜ੍ਹ ਚੂੜੀਆਂ ਵਿਖੇ ਸੀਵਰੇਜ ਪ੍ਰਾਜੈਕਟ

*1177. ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ: ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :

(ੳ) ਜ਼ਿਲ੍ਹਾ ਗੁਰਦਾਸਪੁਰ ਵਿੱਚ ਫਤਿਹਗੜ੍ਹ ਚੂੜੀਆਂ ਵਿਖੇ ਚੱਲ ਰਹੇ ਸੀਵਰੇਜ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਉਕਤ ਪ੍ਰੋਜੈਕਟ ਦਾ ਅਨੁਮਾਨਿਤ ਬਜਟ ਕੀ ਸੀ ਅਤੇ ਹੁਣ ਤੱਕ ਇਸ ਲਈ ਕਿੰਨੇ ਫੰਡ ਜਾਰੀ ਕੀਤੇ ਗਏ;

(ੲ) ਉਕਤ ਪ੍ਰੋਜੈਕਟ ਉੱਪਰ ਹੁਣ ਤੱਕ ਕੁੱਲ ਕਿੰਨਾ ਖਰਚ ਕੀਤਾ ਗਿਆ ਹੈ ਅਤੇ ਇਸ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

**Reply to this starred question No. 1166 has not been received till .... i.e. the date on which this debates was sent to the press for final printing.

ਸ਼੍ਰੀ ਅਨਿਲ ਜੋਸ਼ੀ : ੳ) ਫ਼ਤਿਹਗੜ੍ਹ ਚੂੜੀਆਂ ਵਿਖੇ 21.14 ਕਿਲੋਮੀਟਰ ਸੀਵਰੇਜ ਪਾਉਣ ਦਾ ਕੰਮ ਪ੍ਰਗਤੀ ਅਧੀਨ ਹੈ। ਹੁਣ ਤੱਕ ਇਸ ਵਿੱਚੋਂ 15.65 ਕਿਲੋਮੀਟਰ ਸੀਵਰੇਜ ਲਾਈਨਾਂ ਵਿਛਾ ਦਿੱਤੀਆਂ ਗਈਆਂ ਹਨ।

(ਅ) ਸੀਵਰੇਜ ਪਾਉਣ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣ ਦੀ ਕੁੱਲ ਲਾਗਤ 14.17 ਕਰੋੜ ਹੈ। ਹੁਣ ਤੱਕ 5.50 ਕਰੋੜ ਰੁਪਏ ਰਿਲੀਜ਼ ਕੀਤੇ ਜਾ ਚੁੱਕੇ ਹਨ।

(ੲ) ਹੁਣ ਤੱਕ 5.76 ਕਰੋੜ ਰੁਪਏ ਦਾ ਖਰਚਾ ਕੀਤਾ ਜਾ ਚੁੱਕਾ ਹੈ। ਇਸ ਕੰਮ ਨੂੰ ਡੇਢ ਸਾਲ ਦੇ ਅੰਦਰ ਮੁਕੰਮਲ ਕਰਨ ਦਾ ਟੀਚਾ ਹੈ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ: ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੰਮ ਡੇਟ ਬਾਊਂਡ ਵੀ ਹੈ ਜਾਂ ਨਹੀਂ? ਇਨ੍ਹਾਂ ਨੇ ਕਿਹਾ ਹੈ ਕਿ ਇਸ ਨੂੰ ਡੇਢ ਸਾਲ ਵਿੱਚ ਪੂਰਾ ਕਰਨਾ ਹੈ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਕੰਮ ਅੱਜ ਤੋਂ ਡੇਢ ਸਾਲ ਵਿੱਚ ਮੁਕੰਮਲ ਕਰਨ ਦਾ ਟੀਚਾ ਹੈ ਜਾਂ ਜਦੋਂ ਤੋਂ ਇਹ ਕੰਮ ਸ਼ੁਰੂ ਹੋਇਆ ਹੈ ਉਦੋਂ ਤੋਂ ਡੇਢ ਸਾਲ ਵਿੱਚ ਇਸ ਨੂੰ ਪੂਰਾ ਕਰਨ ਦਾ ਟੀਚਾ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਤੋਂ ਡੇਢ ਸਾਲ ਵਿੱਚ ਇਸ ਨੂੰ ਪੂਰਾ ਕਰ ਦਿਆਂਗੇ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਜੇਕਰ ਇਹ ਅੱਜ ਤੋਂ ਡੇਢ ਸਾਲ ਵਿਚ ਹੀ ਪੂਰਾ ਕਰ ਦੇਣਗੇ ਤਾਂ ਵੀ ਇਨ੍ਹਾਂ ਦਾ ਧੰਨਵਾਦ ਹੈ। ਆਪਾਂ ਸਾਰੇ ਹੀ ਜਾਣਦੇ ਹਾਂ ਕਿ ਸ਼ਹਿਰਾਂ ਵਿਚ ਜਿਥੇ ਸੀਵਰੇਜ ਬੜਾ ਗੰਦਾ ਹੋ ਜਾਵੇ ਤਾਂ ਉਹ ਨਰਕ ਬਣ ਜਾਂਦੇ ਹਨ। ਜੋ ਬਠਿੰਡੇ ਦਾ ਹਾਲ ਹੋਇਆ ਹੈ ਕਿਤੇ ਉਹੀ ਹਾਲ ਫਤਿਹਗੜ੍ਹ ਚੂੜੀਆਂ ਦਾ ਨਾ ਹੋਵੇ। ਸੋ, ਕੁਆਲਟੀ ਆਫ ਵਰਕ ਵੱਲ ਧਿਆਨ ਦੇਣਾ ਚਾਹੀਦਾ ਹੈ। ਮੇਰੀ ਜਾਣਕਾਰੀ ਅਨੁਸਾਰ ਉਥੇ ਕੁਆਲਟੀ ਆਫ ਵਰਕ ਬੜੀ ਪੂਅਰ ਹੈ। ਇਸ ਲਈ ਕੀ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇਣਗੇ ?

ਮੰਤਰੀ: ਮਾਨਯੋਗ ਸਪੀਕਰ ਸਾਹਿਬ, ਇਹ ਬੜੀ ਜੈਨੂਅਨ ਗੱਲ ਹੈ। ਸਿਰਫ ਫਤਿਹਗੜ੍ਹ ਚੂੜੀਆਂ ਵਿੱਚ ਹੀ ਨਹੀਂ ਬਲਕਿ ਜਿਥੇ ਵੀ ਸੀਵਰੇਜ ਪੈਂਦਾ ਹੈ, ਅਸੀਂ ਉਥੇ ਚੀਫ ਇੰਜੀਨੀਅਰਾਂ ਦੀਆਂ ਜ਼ੋਨ ਵਾਈਜ਼ ਡਿਊਟੀਆਂ ਲਗਾਈਆਂ ਹਨ ਤਾਂ ਜੋ ਮਿਆਰੀ ਕੰਮ ਕੀਤਾ ਜਾ ਸਕੇ। ਇਸ ਵਿੱਚ ਇੱਕ ਫੀਸਦੀ ਵੀ ਤੁਹਾਨੂੰ ਸ਼ਿਕਾਇਤ ਆਵੇ ਤਾਂ ਮੈਂ ਉਥੇ ਪੁਟਾਈ ਕਰਵਾ ਕੇ ਦੁਬਾਰਾ ਸੀਵਰੇਜ ਪੁਆ ਦੇਵਾਂਗਾ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ : ਇਹ ਪ੍ਰਸ਼ਨ ਫਤਿਹਗੜ੍ਹ ਚੂੜੀਆਂ ਦਾ ਹੈ, ਤੁਸੀਂ ਕੁਰਾਲੀ ਦੀ ਗੱਲ ਕਰ ਰਹੇ ਹੋ। Not to be recorded.

**Not recorded as ordered by the Chair.

ਬਲਾਕ ਦੀਨਾਨਗਰ ਵਿੱਚ ਪਿੰਡ ਮਹਿਰਾਜਪੁਰ ਦੇ ਦਰੱਖਤਾਂ ਦੀ ਨਿਲਾਮੀ ਕਰਨਾ

***1165. ਸ਼੍ਰੀਮਤੀ ਅਰੁਨਾ ਚੌਧਰੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਠੀਕ ਹੈ ਕਿ ਬਲਾਕ ਦੀਨਾ ਨਗਰ ਵਿੱਚ 1 ਅਪ੍ਰੈਲ, 2012 ਤੋਂ ਬਾਅਦ ਗ੍ਰਾਮ ਪੰਚਾਇਤ ਮਹਿਰਾਜਪੁਰ ਨੇ ਉਪ ਡਾਇਰੈਕਟਰ, ਜਲੰਧਰ ਦੀ ਨਿਗਰਾਨੀ ਹੇਠ ਦਰੱਖਤਾਂ ਦੀ ਨਿਲਾਮੀ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਪੰਚਾਇਤ ਦੇ ਅਧਿਕਾਰ ਹੇਠ ਅਤੇ ਨਿਲਾਮ ਕੀਤੇ ਗਏ ਦਰੱਖਤਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਅਤੇ ਇਸ ਵੇਲੇ ਉਥੇ ਕਿੰਨੇ ਦਰੱਖਤ ਖੜ੍ਹੇ ਹਨ;

(ਅ) ਕੀ ਸਰਕਾਰੀ ਹਦਾਇਤਾਂ ਅਨੁਸਾਰ ਨਿਲਾਮੀ ਸਮੇਂ ਸੀ.ਡੀ. ਤਿਆਰ ਕੀਤੀ ਗਈ ਸੀ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

(ੲ) ਨਿਲਾਮੀ ਵਿੱਚ ਭਾਗ ਲੈਣ ਲਈ ਪੇਸ਼ਗੀ ਰਕਮ ਜਮ੍ਹਾਂ ਕਰਵਾਉਣ ਵਾਲੇ ਵਿਅਕਤੀਆਂ ਦੇ ਨਾਮ ਅਤੇ ਰਸੀਦ ਨੰਬਰ ਕੀ ਹਨ ਅਤੇ ਸਭ ਤੋਂ ਵੱਧ ਬੋਲੀ ਦੇਣ ਵਾਲੇ ਦਾ ਨਾਮ ਅਤੇ ਉਸ ਦੀ ਨਿਲਾਮੀ ਦੀ ਰਕਮ ਕਿੰਨੀ ਹੈ;

(ਸ) ਉਕਤ ਦਰਖਤਾਂ ਦੀ ਨਿਲਾਮੀ ਤੋਂ ਪ੍ਰਾਪਤ ਹੋਈ ਰਕਮ ਦੀ ਵਰਤੋਂ ਦੇ ਵੇਰਵੇ ਕੀ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਤੀ ਜੀ,

(ੳ) ਹਾਂ ਜੀ, ਠੀਕ ਹੈ ਗਰਾਮ ਪੰਚਾਇਤ ਮਹਿਰਾਜਪੁਰ ਵੱਲੋਂ 594 ਦਰੱਖਤਾਂ ਦੀ ਨਿਲਾਮੀ ਕੀਤੀ ਗਈ ਸੀ ਅਤੇ ਮੌਕੇ ਤੇ ਹੁਣ ਕੋਈ ਦਰਖਤ ਨਹੀਂ ਹੈ।

(ਅ) ਸੀ.ਡੀ. ਤਿਆਰ ਕੀਤੀ ਗਈ ਸੀ।

(ੲ) ਨਿਲਾਮੀ ਵਿੱਚ ਭਾਗ ਲੈਣ ਵਾਲੇ ਵਿਅਕਤੀਆਂ ਵੱਲੋਂ ਇੱਕ ਲੱਖ ਰੁਪਏ ਪ੍ਰਤੀ ਵਿਅਕਤੀ ਬਤੌਰ ਪੇਸ਼ਗੀ ਰਕਮ ਜਮ੍ਹਾਂ ਕਰਵਾਈ ਗਈ ਸੀ, ਜੋ ਕਿ ਬੋਲੀ ਉਪਰੰਤ ਅਸਫਲ ਬੋਲੀਕਾਰਾਂ ਨੂੰ ਵਾਪਿਸ ਕਰ ਦਿੱਤੀ ਗਈ ਸੀ:-

1. ਸ੍ਰੀ ਧਰਮਪਾਲ ਪੁੱਤਰ ਰਾਜ ਕੁਮਾਰ
2. ਬਖਸ਼ੀਸ਼ ਸਿੰਘ ਪੁੱਤਰ ਬਾਊ ਰਾਮ
3. ਬਲਵੰਤ ਸਿੰਘ ਪੁੱਤਰ ਮਹਿੰਦਰ ਸਿੰਘ
4. ਮੋਹਨ ਲਾਲ ਪੁੱਤਰ ਹਰਬੰਸ ਲਾਲ
5. ਕੀਤਲ ਸਿੰਘ ਪੁੱਤਰ ਰਘਬੀਰ ਸਿੰਘ
6. ਨਿਰਮਲ ਸਿੰਘ ਪੁੱਤਰ ਦਿਆਲ ਸਿੰਘ

7. ਸੁਲੱਖਣ ਸਿੰਘ ਪੁੱਤਰ ਪਿਆਰਾ ਲਾਲ

8. ਜੋਗਿੰਦਰ ਸਿੰਘ ਪੁੱਤਰ ਜ਼ੋਗਾ ਸਿੰਘ

9. ਜੋਗੀ ਰਾਜ ਪੁੱਤਰ ਹਰੀ ਦਾਸ

10. ਤੀਰਥ ਸਿੰਘ ਪੁੱਤਰ ਰਘਬੀਰ ਸਿੰਘ

11. ਜੋਗਿੰਦਰ ਸਿੰਘ ਪੁੱਤਰ ਜ਼ੋਗਾ ਸਿੰਘ

ਸਭ ਤੋਂ ਵੱਧ ਬੋਲੀ ਜੋਗਿੰਦਰ ਸਿੰਘ ਪੁੱਤਰ ਜੋਗਾ ਸਿੰਘ ਵੱਲੋਂ 17 ਲੱਖ 23 ਹਜ਼ਾਰ ਰੁਪਏ ਦਿੱਤੀ ਗਈ ਸੀ।

ਸ) ਪ੍ਰਾਪਤ ਹੋਈ ਰਕਮ ਦੇ ਖਰਚੇ ਦੇ ਵੇਰਵੇ ਇਸ ਪ੍ਰਕਾਰ ਹਨ:-

ਗਲੀਆਂ ਨਾਲੀਆਂ ਦੇ ਖਰਚ	:	12,23,705/- ਰੁਪਏ
ਫਰਨੀਚਰ ਦੀ ਖਰੀਦ ਲਈ	:	1,50,010/- ਰੁਪਏ
ਮੋਟਰ ਅਤੇ ਬੋਰ ਲਈ	:	2,41,925/- ਰੁਪਏ
ਮਕਾਨ ਦੀ ਰਿਪੇਅਰ ਲਈ	:	30,000/- ਰੁਪਏ
ਅਖਬਾਰ ਵਿੱਚ ਸਪਲੀਮੈਂਟ	:	16,800/-ਰੁਪਏ
ਜ਼ਮੀਨ ਪੱਧਰੀ ਲਈ	:	70,000/-ਰੁਪਏ
ਵਕੀਲ ਦੀ ਫੀਸ	:	5000/-ਰੁਪਏ
ਕੁੱਲ	**:**	**17,37,440/-ਰੁਪਏ**

ਸਪੀਕਰ ਸਾਹਿਬ, ਸਾਡੇ ਕੋਲ ਸ਼ਿਕਾਇਤ ਆਈ ਸੀ ਕਿ ਇਸ ਦੀ ਬੋਲੀ ਠੀਕ ਨਹੀਂ ਹੋਈ ਹੈ। ਸ਼ਿਕਾਇਤ ਠੀਕ ਪਾਈ ਗਈ ਹੈ। ਮੌਕੇ ਤੇ ਰਿਪੋਰਟ ਮੁਤਾਬਕ ਬੋਲੀ 27,51,000/- ਰੁਪਏ ਦੀ ਹੋਈ ਹੈ। ਅਸੀਂ ਚਾਰ ਅਫਸਰ ਸਸਪੈਂਡ ਕਰ ਦਿੱਤੇ ਹਨ ਅਤੇ ਵਿਜੀਲੈਂਸ ਨੂੰ ਇਨਕੁਆਰੀ ਵਾਸਤੇ ਲਿਖ ਦਿੱਤਾ ਗਿਆ ਹੈ।

ਸ਼੍ਰੀਮਤੀ ਅਰੁਨਾ ਚੌਧਰੀ : ਸਰ, ਸਪਲੀਮੈਂਟਰੀ ਜੀ। ਇਹ ਇੱਕ ਬੜਾ ਹੀ ਗੰਭੀਰ ਘਪਲਾ ਸਾਡੇ ਇਲਾਕੇ ਦੇ ਪਿੰਡ ਮਹਿਰਾਜਪੁਰ ਵਿੱਚ ਹੋਇਆ ਹੈ ਜਿਥੇ ਕਿ 25 ਸਾਲ ਪੁਰਾਣੇ ਦਰੱਖਤਾਂ ਦੀ 27,51,000/- ਰੁਪਏ ਦੀ ਬੋਲੀ ਹੋਈ ਹੈ ਪਰ ਐਕਚੁਅਲੀ ਉਥੇ 17,23,000/- ਰੁਪਿਆ ਡਿਪਾਜ਼ਿਟ ਹੋਇਆ ਹੈ। 10,28,000/- ਹਜ਼ਾਰ ਰੁਪਿਆ ਉਥੇ ਮੌਕੇ ਤੇ ਹੀ ਅਫਸਰਾਂ ਨੇ ਵੰਡ ਲਿਆ ਸੀ। ਇਸ ਤੋਂ ਇਲਾਵਾ ਜਿਵੇਂ ਕਿ ਮੰਤਰੀ ਜੀ ਨੇ ਹੁਣੇ ਜਵਾਬ ਵਿੱਚ ਦੱਸਿਆ ਕਿ ਮੌਕੇ ਤੇ ਉੱਤੇ ਉਥੇ ਹੁਣ ਕੋਈ ਵੀ ਦਰੱਖਤ ਨਹੀਂ ਹੈ ਲੇਕਿਨ ਆਰ.ਟੀ.ਆਈ ਦੇ ਮੁਤਾਬਿਕ ਉਥੇ ਟੋਟਲ 1350 ਦਰੱਖਤ ਸੀ ਜਿਸ ਵਿੱਚੋਂ 594 ਦਰੱਖਤਾਂ ਦੀ ਬੋਲੀ ਹੋਈ ਹੈ ਅਤੇ ਬਾਕੀ 756 ਜਿਹੜੇ ਦਰੱਖਤ ਬਚੇ ਹਨ, ਉਨ੍ਹਾਂ ਦੀ

[ਸ਼੍ਰੀਮਤੀ ਅਰੁਨਾ ਚੌਧਰੀ]

ਅਨਆਥੋਰਾਈਜ਼ਡ ਬੋਲੀ ਹੋਈ ਹੈ। ਅਨਆਫੀਸ਼ਿਅਲੀ ਤੌਰ ਤੇ ਕਰੀਬ ਸੱਠ ਲੱਖ ਰੁਪਏ ਵਿੱਚ ਇਹ ਦਰਖਤ ਵੇਚੇ ਗਏ ਹਨ ਔਰ ਸਾਰੇ ਪੈਸੇ ਅਫਸਰ ਸਾਹਿਬਾਨਾਂ ਨੇ ਆਪਸ ਵਿੱਚ ਵੰਡ ਲਏ। ਉਥੇ ਅਫਸਰ ਬਿਲਕੁਲ ਨਿਧੜਕ ਹੋ ਕੇ ਦੋਵੇਂ ਹੱਥਾਂ ਨਾਲ ਕੁਰੱਪਸ਼ਨ ਕਰ ਰਹੇ ਹਨ,ਸਰਕਾਰੀ ਪੈਸਾ ਲੁੱਟ ਰਹੇ ਹਨ, ਉਨ੍ਹਾਂ ਨੂੰ ਖਾਣ ਵਿੱਚ ਕੋਈ ਪਰਹੇਜ਼ ਨਹੀਂ ਹੈ ਅਤੇ ਨਾ ਹੀ ਕੋਈ ਖੌਫ਼ ਹੈ। ਸੋ, ਕਿੱਥੇ ਤਾਂ ਸੱਠ ਲੱਖ ਰੁਪਿਆ ਔਰ ਕਿੱਥੇ ਸਿਰਫ 10,28,000/- ਰੁਪਏ, ਇਸ ਸਾਰੇ ਘਪਲੇ ਦੇ ਵਿੱਚ ਡਿਪਟੀ ਡਾਇਰੈਕਟਰ ਜਲੰਧਰ, ਡੀ.ਡੀ.ਪੀ.ਓ ਗੁਰਦਾਸਪੁਰ, ਬੀ.ਡੀ.ਪੀ.ਓ ਔਰ ਪੰਚਾਇਤ ਸੈਕਟਰੀ, ਦੀਨਾਨਗਰ ਦੀ ਪੂਰੀ ਇਨਵਾਲਵਮੈਂਟ ਹੈ। ਤੁਸੀਂ ਭਾਵੇਂ ਘੋਖ ਕਰ ਲਵੋ, ਦਰੱਖਤ ਰਾਤੋ ਰਾਤ ਤਾਂ ਜ਼ਮੀਨ ਵਿੱਚ ਖੋ ਨਹੀਂ ਗਏ। ਮੇਰੇ ਕੋਲ ਆਰ.ਟੀ.ਆਈ ਦੀ ਇਨਫਰਮੇਸ਼ਨ ਹੈ ਕਿ ਉਸ ਵੇਲੇ ਉਥੇ 1350 ਦਰੱਖਤ ਸੀ, ਤੁਸੀਂ ਆਪਣੇ ਪੱਧਰ ਤੇ ਇਨਕੁਆਰੀ ਕਰ ਲਵੋ। ਮੈਂ ਜਾਣਨਾ ਚਾਹੁੰਦੀ ਹਾਂ ਕਿ ਤੁਸੀਂ ਇਨਕੁਆਰੀ ਕਰਨ ਦੇ ਬਾਅਦ ਕੀ ਸਖਤ ਤੋਂ ਸਖਤ ਐਕਸ਼ਨ ਲਵੋਗੇ ਕਿਉਂਕਿ ਉਥੇ ਅਫਸਰਾਂ ਨੇ ਬਹੁਤ ਗੰਦ ਪਾਇਆ ਹੋਇਆ ਹੈ ? ਮੇਰੀ ਬੇਨਤੀ ਹੈ ਕਿ ਤੁਸੀਂ ਇਸ ਕੇਸ ਸਬੰਧੀ ਸਖਤ ਤੋਂ ਸਖਤ ਐਕਸ਼ਨ ਲਵੋ। ਇਨ੍ਹਾਂ ਅਫ਼ਸਰਾਂ ਨੂੰ ਮੌਕੇ ਤੇ ਸਸਪੈਂਡ ਕੀਤਾ ਜਾਵੇ ਔਰ ਬਾਅਦ ਵਿੱਚ ਇਨਕੁਆਰੀ ਕੀਤੀ ਜਾਵੇ । ਮੇਰੀ ਇਹ ਵੀ ਬੇਨਤੀ ਹੈ ਕਿ ਇਹ ਸਾਰੀ ਇਨਕੁਆਰੀ ਵਿਜੀਲੈਂਸ ਨੂੰ ਦਿੱਤੀ ਜਾਵੇ ਤਾਂ ਕਿ ਇਨਕੁਆਰੀ ਰਿਪੋਰਟ ਸਾਹਮਣੇ ਆ ਸਕੇ ਔਰ ਇਹ ਸਾਰਾ ਕੰਮ ਟਾਈਮ ਬਾਊਂਡ ਕੀਤਾ ਜਾਵੇ । ਕੀ ਮੰਤਰੀ ਜੀ ਇਸ ਸੰਬੰਧੀ ਵਿਸ਼ਵਾਸ ਦਿਵਾਉਣਗੇ ?

ਮਾਨਯੋਗ ਸਪੀਕਰ: ਹਾਂ ਜੀ, ਰੱਖੜਾ ਜੀ। ਤੁਸੀਂ ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਲੈਣਾ ਹੈ?

ਮੰਤਰੀ : ਸਪੀਕਰ ਸਾਹਿਬ ਮੈਂ ਤਾਂ ਬੇਨਤੀ ਕਰ ਦਿੱਤੀ ਹੈ ਕਿ ਚਾਰੇ ਅਫਸਰ ਸਸਪੈਂਡ ਕਰ ਦਿੱਤੇ ਹਨ, ਵਿਜੀਲੈਂਸ ਨੂੰ ਇਨਕੁਆਰੀ ਦੇ ਦਿੱਤੀ ਹੈ ਤੇ ਐਫ.ਆਈ.ਆਰ ਦਰਜ ਕਰਨ ਨੂੰ ਕਹਿ ਦਿੱਤਾ ਹੈ। ਇਹ ਵਾਕਈ ਬਹੁਤ ਵੱਡਾ ਘਪਲਾ ਹੋਇਆ ਹੈ। (ਆਪੋਜ਼ੀਸ਼ਨ ਬੈਂਚਿਜ ਵੱਲੋਂ ਥੰਪਿੰਗ) ਇਸ ਦੀ ਪੂਰੀ ਪੜਤਾਲ ਕੀਤੀ ਜਾਵੇਗੀ।

ਮਾਨਯੋਗ ਸਪੀਕਰ: ਇਨ੍ਹਾਂ ਤੋਂ ਆਰ.ਟੀ.ਆਈ ਐਕਟ ਦੇ ਅਧੀਨ ਪੂਰੀ ਇਨਫਰਮੇਸ਼ਨ ਲਵੋ।

ਸ਼੍ਰੀਮਤੀ ਅਰੁਨਾ ਚੌਧਰੀ: ਤੁਸੀਂ ਸਾਰੇ ਅਫਸਰਾਂ ਨੂੰ ਟਰਮੀਨੇਟ ਕਰ ਦੇਵੋ ਅਤੇ ਇੱਕ ਮਿਸਾਲ ਕਾਇਮ ਕਰੋ ।

ਮਾਨਯੋਗ ਸਪੀਕਰ : ਬੀਬੀ ਜੀ, ਉਨ੍ਹਾਂ ਨੇ ਇਨਕੁਆਰੀ ਕਰਵਾ ਦਿੱਤੀ ਹੈ।

ਕਸਬਾ ਰਈਆ ਤੋਂ ਖਡੂਰ ਸਾਹਿਬ ਤੱਕ ਸੜਕ ਬਣਾਉਣਾ

*1154. **ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਅੰਮ੍ਰਿਤਸਰ ਦੇ ਕਸਬਾ ਰਈਆ ਤੋਂ ਖਡੂਰ ਸਾਹਿਬ ਤੱਕ ਨਹਿਰ ਦੇ ਕੰਢੇ ਬਣਨ ਵਾਲੀ ਸੜਕ ਦਾ ਕੰਮ ਕਦੋਂ ਸ਼ੁਰੂ ਕੀਤਾ ਜਾ ਰਿਹਾ ਹੈ;

(ਅ) ਕੀ ਉਕਤ ਸੜਕ ਨੂੰ ਪਹਿਲ ਦੇ ਅਧਾਰ ਤੇ ਬਣਾਉਣ ਬਾਰੇ ਸਰਕਾਰ ਕੋਈ ਵਿਚਾਰ ਕਰ ਰਹੀ ਹੈ, ਜੇਕਰ ਵਿਚਾਰ ਕਰ ਰਹੀ ਹੈ ਤਾਂ ਕਦੋਂ ਤੱਕ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ,

(ੳ) ਜ਼ਿਲ੍ਹਾ ਅੰਮ੍ਰਿਤਸਰ ਦੇ ਕਸਬਾ ਰਈਆ ਤੋਂ ਖਡੂਰ ਸਾਹਿਬ ਤੱਕ ਸੜਕ ਬਣਾਉਣ ਲਈ ਸਰਕਾਰ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ ਅਤੇ ਟੈਂਡਰ ਕਾਲ ਕੀਤੇ ਜਾ ਰਹੇ ਹਨ।

(ਅ) ਇਹ ਕੰਮ ਸਰਕਾਰ ਜਲਦੀ ਹੀ ਕਰਵਾਉਣਾ ਚਾਹੁੰਦੀ ਹੈ। ਇਸ ਲਈ ਇਸ ਕੰਮ ਦੇ ਟੈਂਡਰ ਵਾਰ ਵਾਰ ਲਗਾਏ ਜਾ ਰਹੇ ਹਨ।

ਸਰਦਾਰ ਮਨਜੀਤ ਸਿੰਘ ਮੀਆਂਵਿੰਡ : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿੱਚ ਵੀ ਮੇਰਾ ਕੁਐਸਚਨ ਲੱਗਿਆ ਸੀ ਤੇ ਉਦੋਂ ਵੀ ਮੈਨੂੰ ਕਿਹਾ ਗਿਆ ਸੀ ਕਿ ਅਸੀਂ ਟੈਂਡਰ ਲਗਾ ਰਹੇ ਹਾਂ ਪਰ ਪਤਾ ਨਹੀਂ ਕੀ ਕਾਰਨ ਹਨ ਕਿ ਉਥੇ ਟੈਂਡਰ ਨਹੀਂ ਲਗਾਏ ਜਾ ਰਹੇ । ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿੱਚ ਇੰਨੀ ਡਿਲੇਅ ਕਿਉਂ ਹੋ ਰਹੀ ਹੈ, ਇਸ ਬਾਰੇ ਮੰਤਰੀ ਸਾਹਿਬ ਦੱਸਣ।

ਮੰਤਰੀ : ਸਪੀਕਰ ਸਾਹਿਬ, ਇਸ ਕੰਮ ਦੇ ਟੈਂਡਰ ਮੁੱਖ ਇੰਜੀਨੀਅਰ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਸ਼ਾਖਾ, ਚੰਡੀਗੜ੍ਹ ਵੱਲੋਂ ਬਿਊਟੀ ਸਕੀਮ ਅਧੀਨ ਦੋ ਵਾਰ ਮੰਗੇ ਗਏ ਸਨ ਪਰੰਤੂ ਕਿਸੇ ਵੀ ਏਜੰਸੀ ਵੱਲੋਂ ਟੈਂਡਰ ਨਹੀਂ ਪਾਏ ਗਏ।

ਸਰਦਾਰ ਮਨਜੀਤ ਸਿੰਘ ਮੀਆਂਵਿੰਡ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸੜਕ ਨਾਗੋਕੇ ਘਰਾਟ ਤੋਂ ਖਡੂਰ ਸਾਹਿਬ ਤੱਕ ਹੈ, ਉਸ ਦੀ 5 ਕਿਲੋਮੀਟਰ ਲੰਬਾਈ ਬਣਦੀ ਹੈ, ਜੇਕਰ ਉਹ ਸੜਕ ਹੀ ਬਣ ਜਾਵੇ ਤਾਂ ਸਾਡੇ ਇੱਥੇ ਦੀ ਆਵਾਜਾਈ.....

ਮਾਨਯੋਗ ਸਪੀਕਰ : ਨਹੀਂ ਜੀ, ਇਹ ਤਾਂ ਸੈਪਰੇਟ ਕੁਐਸਚਨ ਬਣਦਾ ਹੈ।

ਸਰਦਾਰ ਮਨਜੀਤ ਸਿੰਘ ਮੀਆਂਵਿੰਡ : ਨਹੀਂ ਸਰ, ਇਸੀ ਕੁਐਸਚਨ ਨਾਲ ਸਬੰਧਿਤ ਸਪਲੀਮੈਂਟਰੀ ਹੈ ਜੀ । ਮੇਰੀ ਬੇਨਤੀ ਹੈ ਕਿ ਜੇਕਰ ਇਹ ਸੜਕ ਪੂਰੀ ਨਹੀਂ ਬਣ ਸਕਦੀ ਤਾਂ ਇਸ ਨੂੰ ਅੱਧੀ ਹੀ ਬਣਾ ਦਿੱਤਾ ਜਾਵੇ ।

ਮਾਨਯੋਗ ਸਪੀਕਰ : ਅੱਧੀ ਸੜਕ ਜਾਂ ਪੂਰੀ ਸੜਕ ਨਾਲ ਉਨ੍ਹਾਂ ਨੂੰ ਕੋਈ ਮਤਲਬ ਨਹੀਂ ਹੈ।

ਸਰਦਾਰ ਮਨਜੀਤ ਸਿੰਘ ਮੀਆਂਵਿੰਡ : ਸਰ, ਮੇਰੀ ਬੇਨਤੀ ਸੁਣ ਲਉ ਜੀ। ਉਥੇ ਬਹੁਤ ਹੀ ਜ਼ਿਆਦਾ ਆਵਾਜਾਈ ਹੈ, ਉਥੇ ਲੋਕ ਗੁਰਦਾਸਪੁਰ ਅਤੇ ਪਠਾਨਕੋਟ ਤੋਂ ਆਉਂਦੇ ਹਨ।

ਮਾਨਯੋਗ ਸਪੀਕਰ : ਮੈਂ ਤੁਹਾਡੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਹਾਂ ਪਰ ਇਹ ਸਪਲੀਮੈਂਟਰੀ ਨਹੀਂ ਬਣਦੀ। ਜੇ ਮੈਂ ਤੁਹਾਨੂੰ ਅਲਾਓ ਕਰਾਂਗਾ ਤਾਂ ਮੈਨੂੰ ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਵੀ ਕਰਨਾ ਪਵੇਗਾ। ਹਾਂ ਜੀ, ਅਗਲਾ ਪ੍ਰਸ਼ਨ। ਡਾਕਟਰ ਦਲਜੀਤ ਸਿੰਘ ਚੀਮਾ ਜੀ।

ਵਿਰਾਸਤ-ਏ-ਖਾਲਸਾ ਦੇ ਅਗਲੇ ਪੜਾਅ ਦੀ ਉਸਾਰੀ ਕਰਨਾ

***1164. ਡਾਕਟਰ ਦਲਜੀਤ ਸਿੰਘ ਚੀਮਾ :** ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖਾਲਸਾ ਦੇ ਅਗਲੇ ਪੜਾਅ ਨੂੰ ਸ਼ੁਰੂ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

ਸਰਦਾਰ ਸਰਵਨ ਸਿੰਘ ਫਿਲੌਰ : ਹਾਂ ਜੀ, ਵਿਰਾਸਤ-ਏ-ਖਾਲਸਾ, ਸ੍ਰੀ ਅਨੰਦਪੁਰ ਸਾਹਿਬ ਦੇ ਅਗਲੇ (ਦੂਜੇ) ਪੜਾਅ ਦਾ ਕੰਮ ਅਨੰਦਪੁਰ ਸਾਹਿਬ ਫਾਊਂਡੇਸ਼ਨ ਦੀ ਕਾਰਜਕਾਰੀ ਕਮੇਟੀ ਵੱਲੋਂ ਮਿਤੀ 29.05.2012 ਨੂੰ ਹੋਈ ਮੀਟਿੰਗ ਵਿਚ ਮਨਜ਼ੂਰ ਹੋ ਚੁੱਕਾ ਹੈ। ਇਸ ਪੜਾਅ ਲਈ ਕੁੱਲ ਅੰਦਾਜ਼ਨ ਲਾਗਤ 75.21 ਕਰੋੜ ਰੁਪਏ ਹੈ। ਇਸ ਪੜਾਅ ਅਧੀਨ ਕੁੱਲ 13 ਗੈਲਰੀਆਂ ਬਣਾਈਆਂ ਜਾਣੀਆਂ ਹਨ, ਜਿਨ੍ਹਾਂ ਵਿਚੋਂ ਪਹਿਲੀਆਂ 4 ਗੈਲਰੀਆਂ ਵਿੱਚ ਵੱਖ-ਵੱਖ ਏਜੰਸੀਆਂ ਵੱਲੋਂ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ, ਜੋ ਕਿ ਅਕਤੂਬਰ 2014 ਵਿੱਚ ਮੁਕੰਮਲ ਹੋਣ ਦੀ ਸੰਭਾਵਨਾ ਹੈ। ਬਾਕੀ ਰਹਿੰਦੀਆਂ ਗੈਲਰੀਆਂ ਦੇ ਕੰਮਾਂ ਦੀ ਮਾਰਚ, 2015 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿਉਂਕਿ ਵਿਰਾਸਤ-ਏ-ਖਾਲਸਾ ਦਾ ਜਿਹੜਾ ਪਹਿਲਾ ਸਰੂਪ ਹੈ, ਉਸ ਦੀ ਦੁਨੀਆਂ ਭਰ ਤੋਂ ਜਿੰਨੇ ਵੀ ਦਰਸ਼ਕ ਆਏ ਹਨ, ਉਨ੍ਹਾਂ ਵੱਲੋਂ ਬਹੁਤ ਵੱਡੇ ਪੱਧਰ ਤੇ ਤਾਰੀਫ ਹੋਈ ਹੈ। ਮੈਂ ਮੁੱਖ ਮੰਤਰੀ ਸਾਹਿਬ ਅਤੇ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਵਿਰਾਸਤ-ਏ-ਖਾਲਸਾ ਦਾ ਜਿਹੜਾ ਅਗਲਾ ਪੜਾਅ ਹੈ ਉਸ ਨੂੰ ਵੀ ਇਨ੍ਹਾਂ ਨੇ ਇੱਕ ਸਾਲ ਵਿੱਚ 13 ਹੋਰ ਗੈਲਰੀਆਂ ਐਡ ਕਰ ਕੇ ਪੂਰਾ ਕਰਨ ਦਾ ਫੈਸਲਾ ਕੀਤਾ ਹੈ। ਮੈਂ ਇਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਮਾਨਯੋਗ ਸਪੀਕਰ : ਅਗਲਾ ਪ੍ਰਸ਼ਨ। ਹਾਂ ਜੀ, ਸਰਦਾਰ ਜਗਮੋਹਨ ਸਿੰਘ ਕੰਗ ਜੀ।

ਬਲਾਕ ਮਾਜਰੀ ਅਤੇ ਖਰੜ ਵਿੱਚ ਟਿਊਬਵੈੱਲ ਲਗਾਉਣਾ

***1205. ਸਰਦਾਰ ਜਗਮੋਹਨ ਸਿੰਘ ਕੰਗ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੁਆਰਾ ਜ਼ਿਲ੍ਹਾ ਐਸ.ਏ.ਐਸ.

ਨਗਰ/ਮੋਹਾਲੀ ਵਿੱਚ ਪੈਂਦੇ ਬਲਾਕ ਮਾਜਰੀ ਅਤੇ ਖਰੜ ਵਿੱਚ ਹੁਣ ਤੱਕ ਲਗਾਏ ਗਏ ਟਿਊਬਵੈੱਲਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ ਅਤੇ ਕੀ ਚਾਲੂ ਵਿੱਤੀ ਸਾਲ ਦੌਰਾਨ ਅਜਿਹੇ ਹੋਰ ਟਿਊਬਵੈੱਲ ਲਗਾਉਣ ਲਈ ਕੋਈ ਯੋਜਨਾ ਹੈ ਅਤੇ ਨਵੇਂ ਟਿਊਬਵੈੱਲ ਲਗਾਉਣ ਲਈ ਕੀ ਕਸੌਟੀ ਅਪਣਾਈ ਗਈ ਹੈ;

(ਅ) ਉਪਰੋਕਤ ਵਰਣਿਤ ਚਾਲੂ ਹਾਲਤ ਵਿੱਚ ਅਤੇ ਬੰਦ ਪਏ ਟਿਊਬਵੈੱਲਾਂ ਦੀ ਗਿਣਤੀ ਦੇ ਵੇਰਵੇ ਕੀ ਹਨ;

(ੲ) ਉਕਤ ਟਿਊਬਵੈੱਲਾਂ ਦੇ ਰੱਖ-ਰਖਾਵ ਲਈ ਕਿੰਨਾ ਬਜਟ ਐਲੋਕੇਟ ਕੀਤਾ ਗਿਆ ਹੈ?

ਸਰਦਾਰ ਜਨਮੇਜਾ ਸਿੰਘ ਸੇਖੋਂ : (ੳ) ਹੁਣ ਤੱਕ ਕਾਰਪੋਰੇਸ਼ਨ ਵੱਲੋਂ ਵੱਖੋ ਵੱਖ ਸਕੀਮਾਂ ਤਹਿਤ ਬਲਾਕ ਮਾਜਰੀ ਵਿੱਚ 20 ਟਿਊਬਵੈੱਲ ਅਤੇ ਬਲਾਕ ਖਰੜ ਵਿੱਚ 24 ਟਿਊਬਵੈੱਲ ਲਗਾਏ ਹਨ। 280 ਟਿਊਬਵੈੱਲ ਨਾਬਾਰਡ ਸਕੀਮ ਤਹਿਤ ਐਸ.ਏ.ਐਸ. ਨਗਰ/ਮੋਹਾਲੀ ਜ਼ਿਲ੍ਹੇ ਵਿੱਚ ਪੈਂਦੇ ਬਲਾਕ ਮਾਜਰੀ ਅਤੇ ਖਰੜ ਵਿੱਚ ਕ੍ਰਮਵਾਰ 16 ਅਤੇ 11 ਟਿਊਬਵੈੱਲ ਲਗਾਏ ਜਾ ਰਹੇ ਹਨ। ਚਾਲੂ ਵਿੱਤੀ ਸਾਲ ਦੌਰਾਨ ਉਪਰੋਕਤ ਤੋਂ ਇਲਾਵਾ ਟਿਊਬਵੈੱਲ ਲਗਾਉਣ ਲਈ ਕੋਈ ਹੋਰ ਯੋਜਨਾ ਨਹੀ ਹੈ। ਨਵੇਂ ਟਿਊਬਵੈੱਲ ਲਗਾਉਣ ਲਈ ਹੇਠ ਲਿਖੇ ਮਾਪਦੰਡ ਅਪਣਾਏ ਜਾਂਦੇ ਹਨ :

1) ਕਾਸ਼ਤਕਾਰਾਂ ਦੀ ਮੰਗ ਅਤੇ ਸਹਿਮਤੀ।

2) ਕਾਸ਼ਤਕਾਰਾਂ ਵੱਲੋਂ ਟਿਊਬਵੈੱਲ ਲਗਾਉਣ ਲਈ ਕਾਰਪੋਰੇਸ਼ਨ ਨੂੰ 16 ਮਰਲੇ ਮੁਫਤ ਜ਼ਮੀਨ ਦੇਣਾ।

3) ਜ਼ਮੀਨ ਹੇਠਲੇ ਪਾਣੀ ਦੀ ਉਪਲਬਧਤਾ ।

(ਅ) ਬਲਾਕ ਮਾਜਰੀ ਵਿੱਚ 18 ਟਿਊਬਵੈੱਲ ਅਤੇ ਬਲਾਕ ਖਰੜ ਵਿੱਚ 20 ਟਿਊਬਵੈੱਲ ਚਾਲੂ ਹਾਲਤ ਵਿਚ ਹਨ। ਬਲਾਕ ਮਾਜਰੀ ਵਿਚ 2 ਟਿਊਬਵੈੱਲ ਅਤੇ ਬਲਾਕ ਖਰੜ ਵਿਚ 4 ਟਿਊਬਵੈੱਲ ਪਿਛਲੇ ਤਕਰੀਬਨ 10 ਸਾਲਾਂ ਤੋਂ ਪਾਣੀ ਦਾ ਲੈਵਲ ਨੀਵਾਂ ਹੋ ਜਾਣ ਕਰਕੇ ਬੰਦ ਪਏ ਹਨ ਜਿਸ ਨਾਲ ਤਕਰੀਬਨ 700 ਏਕੜ ਰਕਬੇ ਦੀ ਸਿੰਚਾਈ ਤੇ ਅਸਰ ਪਿਆ ਹੈ। ਇਨ੍ਹਾਂ ਟਿਊਬਵੈੱਲਾਂ ਸਮੇਤ ਹੋਰ ਬੰਦ ਪਏ ਟਿਊਬਵੈੱਲਾਂ ਦੀ ਥਾਂ ਤੇ ਬਦਲਵੇਂ ਟਿਊਬਵੈੱਲ ਲਗਾਉਣ ਦੀ ਇਕ ਸਕੀਮ ਤਿਆਰ ਕੀਤੀ ਜਾ ਰਹੀ ਹੈ। ਇਸ ਸਕੀਮ ਦੇ ਪ੍ਰਵਾਨ ਹੋਣ ਉਪਰੰਤ ਅਤੇ ਫੰਡਾਂ ਦੀ ਉਪਲਬਧਤਾ ਹੋਣ ਤੇ ਇਹ ਟਿਊਬਵੈੱਲ ਲਗਾ ਦਿੱਤੇ ਜਾਣਗੇ।

(ੲ) ਚਾਲੂ ਵਿੱਤੀ ਸਾਲ ਦੌਰਾਨ ਕਾਰਪੋਰੇਸ਼ਨ ਵਲੋਂ ਚਲਾਏ ਜਾ ਰਹੇ ਟਿਊਬਵੈੱਲਾਂ ਦੇ ਰੱਖ-ਰਖਾਵ ਲਈ 2.00 ਕਰੋੜ ਦੀ ਵਿਵਸਥਾ ਕੀਤੀ ਗਈ ਹੈ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੰਢੀ ਏਰੀਏ ਵਿੱਚ ਟਿਊਬਵੈੱਲ ਲਗਾਉਣ ਵਾਸਤੇ ਕੋਈ ਪ੍ਰੈਫਰੈਂਸ ਹੈ ? ਦੂਜਾ ਇਹ ਕਿ ਜੋ ਟਿਊਬਵੈੱਲ 10 ਸਾਲ ਤੋਂ.....

ਮਾਨਯੋਗ ਸਪੀਕਰ : ਇੱਕ ਟਾਈਮ ਵਿੱਚ ਇੱਕ ਹੀ ਸਪਲੀਮੈਂਟਰੀ ਕਰ ਸਕਦੇ ਹੋ ।

ਸਰਦਾਰ ਜਗਮੋਹਨ ਸਿੰਘ ਕੰਗ : ਸਰ, ਮੇਰੀ ਦੂਜੀ ਸਪਲੀਮੈਂਟਰੀ ਵੀ ਹੈ, ਮੈਂ ਨਾਲ ਦੀ ਨਾਲ ਖਤਮ ਕਰ ਦੇਣਾ ਹੈ।

ਮਾਨਯੋਗ ਸਪੀਕਰ : ਦੂਜੀ ਸਪਲੀਮੈਂਟਰੀ ਤੁਸੀਂ ਬਾਅਦ ਵਿੱਚ ਕਰ ਲੈਣਾ।

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ ਟਿਊਬਵੈੱਲ ਹਨ, ਇਹ ਸਾਰੇ ਕੰਢੀ ਏਰੀਏ ਵਿੱਚ ਹੀ ਲਗਾਏ ਜਾ ਰਹੇ ਹਨ ।

ਮਾਨਯੋਗ ਸਪੀਕਰ : ਉਨ੍ਹਾਂ ਨੇ ਪੁੱਛਿਆ ਹੈ ਕਿ ਕੀ ਟਿਊਬਵੈੱਲ ਲਗਾਉਣ ਦੀ ਕੋਈ ਸਪੈਸ਼ਲ ਤਜਵੀਜ਼ ਹੈ ।

ਮੰਤਰੀ : ਸਪੀਕਰ ਸਾਹਿਬ, ਇਹ ਟਿਊਬਵੈੱਲ ਨਾਬਾਰਡ ਦੀ ਸਕੀਮ ਤਹਿਤ ਲਗਾਏ ਜਾ ਰਹੇ ਹਨ ਅਤੇ ਇਹ ਸਾਰੇ ਟਿਊਬਵੈੱਲ ਕੰਢੀ ਏਰੀਏ ਵਾਸਤੇ ਹਨ ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਛੇ ਟਿਊਬਵੈੱਲ ਪਿਛਲੇ ਦਸ ਸਾਲ ਤੋਂ ਖਰਾਬ ਪਏ ਹਨ ਪਰ ਉਨ੍ਹਾਂ ਪਿੰਡਾਂ ਦੇ ਨਾਂ ਨਹੀਂ ਦੱਸੇ ਗਏ ਕਿ ਕਿਹੜੇ ਕਿਹੜੇ ਪਿੰਡ ਵਿੱਚ ਇਹ ਟਿਊਬਵੈੱਲ ਖਰਾਬ ਪਏ ਹਨ । ਉਥੇ ਹਾਹਾਕਾਰ ਮੱਚੀ ਪਈ ਹੈ ਅਤੇ ਸਿੰਚਾਈ ਤੋਂ ਬਿਨਾਂ ਜ਼ਮੀਨ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਇਹ ਜਿਹੜੇ ਛੇ ਟਿਊਬਵੈੱਲ ਖਰਾਬ ਹਨ, ਇਨ੍ਹਾਂ ਦੀ ਜਗ੍ਹਾ ਤੇ ਕਦੋਂ ਤੱਕ ਨਵੇਂ ਟਿਊਬਵੈੱਲ ਲਗਾ ਦਿੱਤੇ ਜਾਣਗੇ ?

ਮਾਨਯੋਗ ਸਪੀਕਰ: ਜਿਹੜੇ ਟਿਊਬਵੈੱਲ ਪਿਛਲੇ ਦਸ ਸਾਲ ਤੋਂ ਖਰਾਬ ਪਏ ਹਨ, ਉਨ੍ਹਾਂ ਬਾਰੇ ਕੀ ਕੀਤਾ ਜਾ ਰਿਹਾ ਹੈ ?

ਮੰਤਰੀ : ਸਪੀਕਰ ਸਾਹਿਬ, ਬਲਾਕ ਮਾਜਰੀ ਵਿੱਚ ਪਿੰਡ ਬਡਾਲੀ ਅਤੇ ਘਟੌਰ ਦੇ ਦੋ ਟਿਊਬਵੈੱਲ ਖਰਾਬ ਹਨ । ਇਸੇ ਤਰ੍ਹਾਂ ਬਲਾਕ ਖਰੜ ਵਿੱਚ ਚਾਰ ਪਿੰਡਾਂ ਘੜਾਂਗਾ, ਘੜੂੰਆਂ, ਰੰਗੀਆਂ ਅਤੇ ਚੋਹਟਾ ਦੇ ਟਿਊਬਵੈੱਲ ਖਰਾਬ ਪਏ ਹਨ । ਇਨ੍ਹਾਂ ਪਿੰਡਾਂ ਵਿੱਚ ਪਾਣੀ ਦਾ ਲੈਵਲ ਥੱਲੇ ਚਲਿਆ ਗਿਆ ਹੈ, ਇਸ ਕਰਕੇ ਇਹ ਟਿਊਬਵੈੱਲ ਖਰਾਬ ਪਏ ਹਨ। ਵੈਸੇ ਇਨ੍ਹਾਂ ਵਿੱਚ ਕੋਈ ਖਰਾਬੀ ਨਹੀਂ ਹੈ। ਅਸੀਂ ਹੁਣ ਇਨ੍ਹਾਂ ਪਿੰਡਾਂ ਵਿੱਚ ਬਦਲਵੇਂ ਟਿਊਬਵੈੱਲ ਲਗਾ ਰਹੇ ਹਾਂ । ਇਹ ਸਾਰੇ ਕੰਢੀ ਏਰੀਏ ਵਿੱਚ ਲਗਾਏ ਜਾਣਗੇ ਪਰ ਇਹ ਫਾਈਨਾਂਸ ਡਿਪਾਰਟਮੈਂਟ ਤੋਂ ਕਲੀਅਰ ਹੋਣ ਉਪਰੰਤ ਲਗਾਏ ਜਾਣਗੇ ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਸਰਕਾਰ ਦਾ ਹਾਲ ਦੇਖ ਲਓ । ਸੱਤ ਸਾਲ ਸਰਕਾਰ ਬਣੀ ਨੂੰ ਹੋ ਗਏ ਹਨ । ਨਾਲੇ ਇਹ ਕਹਿੰਦੇ ਹਨ ਕਿ ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਇਹ ਕਿਸਾਨ ਪੱਖੀ ਸਰਕਾਰ ਹੈ ਪਰ ਇਹ ਟਿਊਬਵੈੱਲ ਦਸ ਸਾਲ ਤੋਂ ਖਰਾਬ ਪਏ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਨਵੇਂ ਲਗਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਤਿੰਨ ਸਾਲ ਤਾਂ ਇਨ੍ਹਾਂ ਦੀ ਸਰਕਾਰ ਦੇ ਸਮੇਂ ਦੌਰਾਨ ਖਰਾਬ ਰਹੇ ਸਨ।

ਮਾਨਯੋਗ ਸਪੀਕਰ : ਮੰਤਰੀ ਜੀ, ਕੀ ਆਪਾਂ ਟਾਈਮ ਬਾਊਂਡ ਕਰ ਸਕਦੇ ਹਾਂ ?

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਇਹ ਕੋਈ ਹਾਸੇ ਵਾਲੀ ਗੱਲ ਨਹੀਂ । ਇਸ ਪਾਸੇ ਸੀਰੀਅਸ ਹੋਣਾ ਪਵੇਗਾ ।

ਮਾਨਯੋਗ ਸਪੀਕਰ : ਮੰਤਰੀ ਜੀ, ਦਸ ਸਾਲ ਦਾ ਸਮਾਂ ਬਹੁਤ ਜ਼ਿਆਦਾ ਹੁੰਦਾ ਹੈ । ਕੀ ਆਪਾਂ ਹੁਣ ਇਸ ਕੰਮ ਨੂੰ ਟਾਈਮ ਬਾਊਂਡ ਕਰ ਸਕਦੇ ਹਾਂ ?

ਮੰਤਰੀ : ਸਪੀਕਰ ਸਾਹਿਬ, ਸਾਰੇ ਕੰਢੀ ਏਰੀਏ ਵਿੱਚ ਕਈ ਜਗ੍ਹਾ ਤੇ ਪਾਣੀ ਬਹੁਤ ਜ਼ਿਆਦਾ ਥੱਲੇ ਚਲਾ ਗਿਆ ਹੈ। ਅਸੀਂ ਸਰਵੇ ਕਰਵਾ ਰਹੇ ਹਾਂ । ਜਿੱਥੇ ਜਿੱਥੇ ਟਿਊਬਵੈੱਲ ਲੱਗ ਸਕਦੇ ਹੋਣਗੇ, ਜ਼ਰੂਰ ਲਗਾ ਦਿਆਂਗੇ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਗੱਲ ਤਾਂ ਫਿਰ ਉਥੇ ਦੀ ਉਥੇ ਹੀ ਰਹਿ ਗਈ। ਟਾਈਮ ਤਾਂ ਇਨ੍ਹਾਂ ਨੇ ਬਾਊਂਡ ਨਹੀਂ ਕੀਤਾ। ਸਾਲ, ਛੇ ਮਹੀਨੇ, ਦੋ ਮਹੀਨੇ ਭਾਵ ਕਦੋਂ ਤੱਕ ਇਹ ਨਵੇਂ ਟਿਊਬਵੈੱਲ ਲਗਾ ਦੇਣਗੇ? Please get the answer. ਇਹ ਤਾਂ ਗੋਲ-ਮੋਲ ਜਵਾਬ ਦੇ ਰਹੇ ਹਨ। ਮੰਤਰੀ ਸਾਹਿਬ ਵੱਲੋਂ ਕੋਈ ਐਸ਼ਿਓਰੈਂਸ ਨਹੀਂ ਆਈ, ਫਿਰ ਮੇਰੇ ਸਵਾਲ ਲਗਾਉਣ ਦਾ ਫਾਇਦਾ ਕੀ ਹੋਇਆ। ਕਿਰਪਾ ਕਰਕੇ, ਇਸ ਨੂੰ ਮਿਤੀ-ਬੱਧ ਕੀਤਾ ਜਾਵੇ ਕਿ ਕਦੋਂ ਤੱਕ ਨਵੇਂ ਟਿਊਬਵੈੱਲ ਲਗਾ ਦਿੱਤੇ ਜਾਣਗੇ ?

ਮਾਨਯੋਗ ਸਪੀਕਰ : ਉਹ ਕਹਿੰਦੇ ਹਨ ਕਿ ਅਸੀਂ ਸਕੀਮ ਬਣਾ ਰਹੇ ਹਾਂ ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਫਿਰ ਇਹ ਤਾਂ ਕੋਈ ਗੱਲ ਨਹੀਂ ਬਣੀ । ਫਿਰ ਸਵਾਲ ਲਗਾਉਣ ਦਾ ਕੀ ਫਾਇਦਾ ?

ਮਾਨਯੋਗ ਸਪੀਕਰ : ਅਗਲਾ ਸਵਾਲ ।

ਕਸਬਾ ਬਾਘਾ ਪੁਰਾਣਾ ਦੇ ਹਸਪਤਾਲ ਦੀ ਪੁਰਾਣੀ ਬਿਲਡਿੰਗ ਦਾ ਕਬਜ਼ਾ ਦੇਣ ਸਬੰਧੀ

*1167. **ਸਰਦਾਰ ਮਹੇਸ਼ਇੰਦਰ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮੋਗਾ ਦੇ ਕਸਬਾ ਬਾਘਾ ਪੁਰਾਣਾ ਵਿੱਚ ਮੁਦਕੀ

[ਸਰਦਾਰ ਮਹੇਸ਼ਇੰਦਰ ਸਿੰਘ]

ਰੋਡ ਤੇ 25 ਬਿਸਤਰਿਆਂ ਦਾ ਸਿਵਲ ਹਸਪਤਾਲ ਨਵੀਂ ਬਿਲਡਿੰਗ ਵਿੱਚ ਸ਼ਿਫਟ ਕਰਨ ਉਪਰੰਤ ਅਧਿਕਾਰੀਆਂ ਵੱਲੋਂ ਪੁਰਾਣੀ ਬਿਲਡਿੰਗ ਨੂੰ ਖਾਲੀ ਕਰਕੇ ਕਬਜ਼ਾ ਕਿਸ ਮਿਤੀ ਨੂੰ ਸੰਬੰਧਿਤ ਵਿਭਾਗ ਨੂੰ ਦਿੱਤਾ ਗਿਆ ਸੀ ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਕਮਿਊਨਿਟੀ ਸਿਹਤ ਕੇਂਦਰ, ਬਾਘਾ ਪੁਰਾਣਾ ਦੀ ਪੁਰਾਣੀ ਬਿਲਡਿੰਗ ਵਿੱਚ ਨੈਸ਼ਨਲ ਹੈਲਥ ਮਿਸ਼ਨ ਦਾ ਬਲਾਕ ਲੈਵਲ ਦਫਤਰ, ਵਿਭਾਗ ਦਾ ਵੈਕਸਿਨ ਸਟੋਰ ਅਤੇ ਟੀ.ਬੀ ਸੈਂਟਰ ਚਲ ਰਿਹਾ ਹੈ। ਕਮਿਊਨਿਟੀ ਸਿਹਤ ਕੇਂਦਰ ਦੀ ਬਿਲਡਿੰਗ ਅਤੇ ਜ਼ਮੀਨ ਸਿਹਤ ਵਿਭਾਗ ਦੀ ਹੈ ਅਤੇ ਇਸ ਨੂੰ ਖਾਲੀ ਕਰਕੇ ਕਬਜ਼ਾ ਕਿਸੇ ਹੋਰ ਵਿਭਾਗ ਨੂੰ ਦੇਣਾ ਨਹੀਂ ਬਣਦਾ।

ਸਰਦਾਰ ਮਹੇਸ਼ਇੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਤੋਂ ਪਹਿਲਾਂ ਜਿਹੜੇ ਸਿਹਤ ਮੰਤਰੀ ਸਨ, ਮਿੱਤਲ ਸਾਹਿਬ, ਉਨ੍ਹਾਂ ਨੇ ਇਸ ਪਵਿੱਤਰ ਸਦਨ ਵਿੱਚ ਇਹ ਐਸ਼ਿਓਰੈਂਸ ਦਿੱਤੀ ਸੀ ਕਿ ਇੱਕ ਹਫਤੇ ਦੇ ਅੰਦਰ ਅੰਦਰ ਇਹ ਬਿਲਡਿੰਗ ਖਾਲੀ ਕਰ ਕੇ ਦੇਵਾਂਗੇ । ਸਪੀਕਰ ਸਾਹਿਬ, ਮੈਂ ਉਸ ਵੇਲੇ ਬੇਨਤੀ ਕੀਤੀ ਸੀ ਕਿ ਇਹ ਜਿਹੜੀ ਜ਼ਮੀਨ ਹੈ, ਉਸ ਬਾਰੇ ਇਨ੍ਹਾਂ ਦੇ ਅਫਸਰਾਂ ਨੇ ਸ਼ਾਇਦ ਗਲਤ ਗਾਈਡ ਕੀਤਾ ਹੈ । ਉਸ ਜ਼ਮੀਨ ਦੀ ਗਿਰਦਾਵਰੀ ਮਿਊਂਸਿਪਲ ਕਮੇਟੀ, ਬਾਘਾ ਪੁਰਾਣਾ ਦੇ ਨਾਂ ਤੇ ਹੈ । ਇਹ ਸਾਡੀ ਮਿਊਂਸਿਪਲ ਕਮੇਟੀ ਦੀ ਜਗ੍ਹਾ ਹੈ ਤੇ ਅਸੀਂ ਉਥੇ ਇੱਕ ਬਹੁਤ ਹੀ ਵਧੀਆ ਤੇ ਆਲੀਸ਼ਾਨ ਰੈਸਟ ਹਾਊਸ ਉਸਾਰਨਾ ਚਾਹੁੰਦੇ ਹਾਂ । ਮੈਂ ਉਦੋਂ ਇਹ ਬੇਨਤੀ ਕੀਤੀ ਸੀ ਕਿ ਇੱਕ ਬਹੁਤ ਹੀ ਖੂਬਸੂਰਤ ਬਿਲਡਿੰਗ, ਬਹੁਤ ਵੱਡੀ ਬਿਲਡਿੰਗ ਪੰਜਾਬ ਦੀ ਬਾਦਲ ਸਰਕਾਰ ਨੇ ਉਥੇ ਬਣਾ ਕੇ ਦਿੱਤੀ ਹੈ ਤੇ ਤੁਸੀਂ ਇਸ ਆਫਿਸ ਨੂੰ ਉਥੇ ਕਿਉਂ ਨਹੀਂ ਲੈ ਕੇ ਜਾਂਦੇ ?

ਮਾਨਯੋਗ ਸਪੀਕਰ : ਜਿਆਨੀ ਸਾਹਿਬ, ਪਿਛਲੇ ਮਨਿਸਟਰ ਸਾਹਿਬ ਨੇ ਐਸ਼ਿਓਰੈਂਸ ਦਿੱਤੀ ਸੀ ਤੇ ਆਪਾਂ ਉਸ ਬਾਰੇ ਕੀ ਕਹਿਣਾ ਚਾਹੁੰਦੇ ਹਾਂ ।

ਸਰਦਾਰ ਮਹੇਸ਼ਇੰਦਰ ਸਿੰਘ : ਇੱਕ ਸਰ, ਮੇਰੀ ਹੋਰ ਬੇਨਤੀ ਹੈ .... ।

ਮਾਨਯੋਗ ਸਪੀਕਰ : ਇੱਕੋ ਸਪਲੀਮੈਂਟਰੀ ਇੱਕ ਟਾਈਮ ਤੇ ਪੁੱਛੋ ।

ਮੰਤਰੀ : ਸਪੀਕਰ ਸਾਹਿਬ, ਉਥੇ 17 ਲੱਖ ਰੁਪਏ ਲਗਾ ਕੇ ਬਾਕੀ ਬਲਾਕ ਬਣਾਉਣ ਦਾ ਕੰਮ ਚੱਲ ਰਿਹਾ ਹੈ । ਜੇ ਮੰਤਰੀ ਸਾਹਿਬ ਨੇ ਐਸ਼ਿਓਰੈਂਸ ਦਿੱਤੀ ਸੀ ਤਾਂ ਫਿਰ ਉਸ ਐਸ਼ਿਓਰੈਂਸ ਦੀ ਪਾਲਣਾ ਕਰਵਾ ਦਿੱਤੀ ਜਾਵੇਗੀ ।

ਸਰਦਾਰ ਮਹੇਸ਼ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਨਾਲ ਲੱਗਦੀ ਗੱਲ ਵਜ਼ੀਰ ਸਾਹਿਬ ਦੇ ਧਿਆਨ ਵਿੱਚ ਲਿਆ ਦਿਆਂ । ਮੇਰੇ ਹਲਕੇ ਦਾ ਇੱਕ ਪਿੰਡ ਠੱਠੀਭਾਈ ਹੈ । ਅੱਜ ਤੋਂ 40-45 ਸਾਲ ਪਹਿਲਾਂ ਉਥੇ ਪ੍ਰਾਇਮਰੀ ਹੈਲਥ ਸੈਂਟਰ ਬਣਿਆ ਸੀ । ਉਸ ਲਈ ਵੀ ਵਜ਼ੀਰ ਸਾਹਿਬ ਨੂੰ ਮਿਲ ਕੇ ਬੇਨਤੀ ਕੀਤੀ ਸੀ ਕਿ ......

ਮਾਨਯੋਗ ਸਪੀਕਰ : ਨਹੀਂ, ਨਹੀਂ ।

ਸਰਦਾਰ ਮਹੇਸ਼ਇੰਦਰ ਸਿੰਘ : ਸਪੀਕਰ ਸਾਹਿਬ, ਇਹ ਬੜੀ ਹੀ ਜ਼ਰੂਰੀ ਗੱਲ ਹੈ।

ਮਾਨਯੋਗ ਸਪੀਕਰ : ਜ਼ਰੂਰੀ ਤਾਂ ਠੀਕ ਹੈ ਪਰ ਕੀ ਇਹ ਸਪਲੀਮੈਂਟਰੀ ਇਸੇ ਕੁਐਸਚਨ ਨਾਲ ਸੰਬੰਧਿਤ ਹੈ ?

ਸਰਦਾਰ ਮਹੇਸ਼ਇੰਦਰ ਸਿੰਘ : ਸੰਬੰਧਿਤ ਹੈ ਜੀ ।

ਮਾਨਯੋਗ ਸਪੀਕਰ : ਨਹੀਂ, ਨਹੀਂ । ਇਹ ਸਪਲੀਮੈਂਟਰੀ ਇਸ ਕੁਐਸਚਨ ਨਾਲ ਸੰਬੰਧਿਤ ਨਹੀਂ ਹੈ । ਅਗਲਾ ਸਵਾਲ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1188

(ਸੰਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਫਤਿਹਗੜ੍ਹ ਚੂੜੀਆਂ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਸਥਾਪਿਤ ਕਰਨਾ

*1178. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਗੁਰਦਾਸਪੁਰ ਵਿੱਚ ਫਤਿਹਗੜ੍ਹ ਚੂੜੀਆਂ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਸਥਾਪਿਤ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਉਕਤ ਪਲਾਂਟ ਕਦੋਂ ਤੱਕ ਸਥਾਪਿਤ ਕਰ ਦਿੱਤਾ ਜਾਵੇਗਾ?

ਸ਼੍ਰੀ ਅਨਿਲ ਜੋਸ਼ੀ : ਜੀ ਹਾਂ, ਫਤਿਹਗੜ੍ਹ ਚੂੜੀਆਂ ਵਿਖੇ ਇੱਕ 3.50 ਐਮ.ਐਲ.ਡੀ. ਕਪੈਸਿਟੀ ਦਾ ਐਸ.ਟੀ.ਪੀ. ਲਗਾਉਣ ਦੀ ਤਜਵੀਜ਼ ਹੈ, ਜਿਸ ਲਈ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ, ਇਹ ਇਕੱਠਾ ਹੀ ਪ੍ਰੋਜੈਕਟ ਹੈ, ਜ਼ਮੀਨ ਮਿਲਣ ਉਪਰੰਤ ਡੇਢ ਸਾਲ ਵਿੱਚ ਕੰਮ ਪੂਰਾ ਕਰਨ ਦਾ ਟੀਚਾ ਹੈ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਮੰਤਰੀ ਜੀ ਇਸ ਕੰਮ ਨੂੰ ਟਾਈਮ ਬਾਊਂਡ ਕਰ ਦੇਣ।

ਮੰਤਰੀ : ਮੈਂ ਪਹਿਲਾਂ ਹੀ ਕਹਿ ਦਿੱਤਾ ਹੈ।

ਮਾਨਯੋਗ ਸਪੀਕਰ : ਅਗਲਾ ਸਵਾਲ । ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ ।

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸੱਤ ਜੋਤ ਨਗਰ ਦੇ ਰਸਤੇ ਨੂੰ ਚੌੜਾ ਕਰਨਾ

*1151. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪਿੰਡ ਸੱਤ ਜੋਤ ਨਗਰ, ਜ਼ਿਲ੍ਹਾ ਲੁਧਿਆਣਾ ਨੂੰ ਜਾਂਦੇ 8 ਫੁੱਟ ਚੌੜੇ ਰਸਤੇ ਨੂੰ ਚੌੜਾ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ੍ਰੀਮਾਨ ਜੀ, ਜ਼ਿਲ੍ਹਾ ਲੁਧਿਆਣਾ ਵਿੱਚ ਧਾਂਦਰਾ ਰੋਡ ਤੇ ਪੈਂਦੇ ਪਿੰਡ ਸੱਤ ਜੋਤ ਨਗਰ ਨੂੰ ਜਾਂਦੇ 8 ਫੁੱਟ ਚੌੜੇ ਰਸਤੇ ਨੂੰ ਚੌੜਾ ਕਰਨ ਦੀ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਕੋਈ ਤਜਵੀਜ਼ ਨਹੀਂ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪਿਛਲੇ ਸੈਸ਼ਨ ਵਿੱਚ ਮੰਤਰੀ ਜੀ ਨੇ ਐਸ਼ਿਓਰੈਂਸ ਦਿੱਤੀ ਸੀ ਅਤੇ ਡਿਪਾਰਟਮੈਂਟ ਵੱਲੋਂ ਜੋ ਰਿਪੋਰਟ ਆਈ ਹੈ, ਉਸ ਵਿੱਚ ਵੀ ਦੱਸਿਆ ਗਿਆ ਹੈ ਕਿ ਇਸ ਦੇ ਦੋਨੋਂ ਪਾਸੇ ਬਿਲਡਿੰਗਾਂ ਹਨ ਅਤੇ ਖਰੀਦਣ ਵਾਸਤੇ ਜਗ੍ਹਾ ਨਹੀਂ ਹੈ। ਸਪੀਕਰ ਸਾਹਿਬ, ਇੱਕ ਚਿੱਠੀ ਡਿਪਟੀ ਕਮਿਸ਼ਨਰ ਵੱਲੋਂ ਡਾਇਰੈਕਟਰ ਸਾਹਿਬ ਨੂੰ ਲਿਖੀ ਗਈ ਜਿਸ ਦਾ ਨੰਬਰ 1729 ਮਿਤੀ 1.4.2013 ਹੈ ਅਤੇ ਫਿਰ ਮਿਤੀ 6.11.12 ਰਾਹੀਂ ਇੱਕ ਤਜਵੀਜ਼ ਡਿਪਟੀ ਕਮਿਸ਼ਨਰ, ਲੁਧਿਆਣਾ ਜੀ ਨੂੰ ਭੇਜੀ ਗਈ ਹੈ ਜਿਸ ਵਿੱਚ ਇਹ ਬੇਨਤੀ ਕੀਤੀ ਗਈ ਸੀ ਕਿ ਉਕਤ ਮੰਤਵ ਲਈ ਭੌਂ ਪ੍ਰਾਪਤ ਕਰਨ ਦੀ ਲੋੜੀਂਦੀ ਰਾਸ਼ੀ ਦਾ ਪ੍ਰਬੰਧ ਵਿਭਾਗੀ ਪੱਧਰ ਤੋਂ ਹੀ ਕਰਨ ਦੀ ਕਿਰਪਾ ਕੀਤੀ ਜਾਵੇ। ਸਪੀਕਰ ਸਾਹਿਬ, ਉਸ ਪਿੰਡ ਦੀ 7200 ਦੀ ਆਬਾਦੀ ਹੈ। ਉਥੇ ਅੱਠ ਫੁੱਟ ਚੌੜਾ ਰਸਤਾ ਹੈ। ਉਥੇ ਇੰਨੇ ਬੰਦੇ ਹਨ ਅਤੇ ਰੋਜ਼ ਲੜਾਈ ਹੁੰਦੀ ਹੈ, ਰੋਜ਼ ਉਥੇ ਝਗੜੇ ਹੁੰਦੇ ਹਨ। ਮੈਂ ਬਾਦਲ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਕਿਰਪਾ ਨਾਲ ਉਨ੍ਹਾਂ ਆਬਾਦੀਆਂ ਵਿੱਚ ਸੀਵਰੇਜ ਪਾਉਣ ਵਾਸਤੇ 49 ਕਰੋੜ ਦੇ ਲਗਭਗ ਫੰਡ ਜਾਰੀ ਹੋ ਗਏ ਹਨ ਲੇਕਿਨ ਰਸਤਾ ਚੌੜਾ ਨਾ ਹੋਣ ਕਾਰਨ ਉਥੇ ਬੜੀ ਦਿੱਕਤ ਆ ਰਹੀ ਹੈ ਜੀ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਫੰਡ ਮੁਹੱਈਆ ਕਰਕੇ ਰਸਤਾ ਖੁੱਲ੍ਹਾ ਕਰਵਾਇਆ ਜਾਵੇ। ਮੰਤਰੀ ਜੀ ਇਹ ਰਸਤਾ ਕਦੋਂ ਤੱਕ ਚੌੜਾ ਕਰਵਾ ਦੇਣਗੇ ?

ਮਾਨਯੋਗ ਸਪੀਕਰ : ਹਾਂ ਜੀ, ਰੱਖੜਾ ਸਾਹਿਬ। ਕੋਈ ਉਪਰਾਲਾ ਹੋ ਸਕਦਾ ਹੈ ?

ਮੰਤਰੀ : ਸਰ, ਸਾਡੇ ਕੋਲ ਇਹੋ ਜਿਹੇ ਕੋਈ ਫੰਡ ਹੁੰਦੇ ਨਹੀਂ, ਜਿਨ੍ਹਾਂ ਨਾਲ ਅਸੀਂ ਜ਼ਮੀਨ ਅਕਵਾਇਰ ਕਰਕੇ ਰਸਤਾ ਚੌੜਾ ਕਰ ਦੇਈਏ।

ਮਾਨਯੋਗ ਸਪੀਕਰ : ਉਥੇ ਰੈਜ਼ੀਡੈਂਟਸ ਦੀ ਪ੍ਰਾਬਲਮ ਹੈ।

ਮੰਤਰੀ : ਅਸੀਂ ਕੋਸ਼ਿਸ਼ ਕਰ ਲਵਾਂਗੇ ਜੀ। ਫੰਡ ਲੈਣ ਲਈ ਸੀ.ਐਮ. ਸਾਹਿਬ ਨੂੰ ਬੇਨਤੀ ਕਰ ਲਵਾਂਗੇ ਪਰ ਅੱਜ ਸਾਡੇ ਕੋਲ ਇਸ ਵਾਸਤੇ ਕੋਈ ਫੰਡਜ਼ ਨਹੀਂ ਹਨ।

ਮਾਨਯੋਗ ਸਪੀਕਰ : ਉਥੇ ਕੇਵਲ ਰੈਜ਼ੀਡੈਂਸ਼ਲ ਏਰੀਆ ਹੈ, ਕੇਵਲ ਆਬਾਦੀ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਫੰਡ ਤਾਂ ਹੁੰਦੇ ਹਨ ਜੀ।

ਮਾਨਯੋਗ ਸਪੀਕਰ : ਬੇਨਤੀ ਨਹੀਂ, ਤੁਸੀਂ ਪੁੱਛੋ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਪੁੱਛ ਲੈਂਦੇ ਹਾਂ ਜੀ। ਇਹ ਬੇਨਤੀ ਮੰਨ ਲੈਣ ਜੀ। ਇਲਾਕੇ ਵਿੱਚ ਬਹੁਤ ਮੁਸ਼ਕਲ ਆ ਰਹੀ ਹੈ।

ਮਾਨਯੋਗ ਸਪੀਕਰ : ਇਸ ਦਾ ਜਵਾਬ ਇਨ੍ਹਾਂ ਨੇ ਦੇ ਦਿੱਤਾ ਹੈ। ਅਗਲਾ ਸਵਾਲ, ਸਰਦਾਰ ਮਹੇਸ਼ਇੰਦਰ ਸਿੰਘ।

ਜ਼ਿਲ੍ਹਾ ਫਿਰੋਜ਼ਪੁਰ ਵਿੱਚ ਮੁਦਕੀ ਤੋਂ ਰਾਮਗੜ੍ਹ ਤੱਕ ਸੜਕ ਦੀ ਮੁਰੰਮਤ ਕਰਨਾ

*1157. **ਸਰਦਾਰ ਮਹੇਸ਼ਇੰਦਰ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਮੁਦਕੀ ਤੋਂ ਰਾਮਗੜ੍ਹ (ਵਾਇਆ ਬਾਘਾ ਪੁਰਾਣਾ, ਨਿਹਾਲ ਸਿੰਘ ਵਾਲਾ) ਸੜਕ ਦੀ ਮੁਰੰਮਤ ਦਾ ਕੰਮ ਕਦੋਂ ਤੋਂ ਚੱਲ ਰਿਹਾ ਹੈ ਅਤੇ ਇਹ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਮੁੱਦਕੀ ਤੋਂ ਰਾਮਗੜ੍ਹ ਵਾਇਆ ਬਾਘਾਪੁਰਾਣਾ ਨਿਹਾਲ ਸਿੰਘ ਵਾਲਾ ਸੜਕ ਦੀ ਕੁੱਲ ਲੰਬਾਈ 55.46 ਕਿ.ਮੀ. ਹੈ । ਇਸ ਸੜਕ ਦੇ ਪਹਿਲੇ 2.20 ਕਿ.ਮੀ. ਦਾ ਹਿੱਸਾ, ਜੋ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪੈਂਦਾ ਹੈ, ਦੀ ਮੁਰੰਮਤ ਦਾ ਕੰਮ ਦਸੰਬਰ, 2013 ਵਿੱਚ ਕਰ ਦਿੱਤਾ ਗਿਆ ਸੀ।

ਜ਼ਿਲ੍ਹਾ ਮੋਗਾ ਵਿੱਚ ਆਰ. ਡੀ. 35.00 ਤੋਂ 52.46 ਤੱਕ, ਜਿਸ ਦੀ ਲੰਬਾਈ 17.46 ਕਿ.ਮੀ. ਹੈ, ਦੀ ਮੁਰੰਮਤ ਦਾ ਕੰਮ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਸਤੰਬਰ, 2013 ਵਿੱਚ ਕਰ ਦਿੱਤਾ ਗਿਆ ਸੀ।

ਇਸ ਸੜਕ ਦੀ ਆਰ.ਡੀ. 2.20 ਤੋਂ 35.00 ਤੱਕ, ਜਿਸ ਦੀ ਲੰਬਾਈ 32.80 ਕਿ.ਮੀ. ਹੈ, ਦੀ ਮੁਰੰਮਤ ਦਾ ਕੰਮ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਚੱਲ ਰਿਹਾ ਹੈ। ਇਹ ਕੰਮ ਮਿਤੀ 30/4/2014 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ।

ਇਸ ਸੜਕ ਦੇ ਆਰ.ਡੀ. 52.46 ਤੋ 55.46 ਤੱਕ ਦੇ ਬਾਕੀ ਰਹਿੰਦੇ ਹਿੱਸੇ, ਜਿਸ ਦੀ ਲੰਬਾਈ 3.00 ਕਿ.ਮੀ. ਹੈ, ਦੀ ਮੁਰੰਮਤ ਦਾ ਕੰਮ ਮਾਰਚ, 2013 ਵਿੱਚ ਕਰ ਦਿੱਤਾ ਗਿਆ ਸੀ।

ਸਰਦਾਰ ਮਹੇਸ਼ਇੰਦਰ ਸਿੰਘ : ਸਪੀਕਰ ਸਾਹਿਬ, ਉਥੇ ਦੋ ਵੱਡੀਆਂ ਨੈਸ਼ਨਲ ਹਾਈਵੇਅਜ਼ ਹਨ। ਇੱਕ ਤਾਂ ਜਲੰਧਰ ਤੋਂ ਦਿੱਲੀ ਨੂੰ ਜਾਂਦੀ ਹੈ ਅਤੇ ਇੱਕ ਫਿਰੋਜ਼ਪੁਰ ਵੱਲੋਂ ਆਉਂਦੀ ਹੈ ਅਤੇ ਇਨ੍ਹਾਂ ਦੋਵੇਂ ਸੜਕਾਂ ਨੂੰ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਅਧੀਨ ਬਣੀ ਇਹ ਸੜਕ ਜੋੜਦੀ ਹੈ। ਨਿਹਾਲ ਸਿੰਘ ਵਾਲਾ ਹਲਕੇ ਵਿੱਚ ਇਹ ਸੜਕ ਮੁਕੰਮਲ ਹੋ ਗਈ ਹੈ ਪਰ ਜਿਹੜਾ ਬਾਘਾਪੁਰਾਣਾ ਹਲਕੇ ਵਿੱਚ 32.80 ਕਿਲੋਮੀਟਰ ਏਰੀਆ ਪੈਂਦਾ ਹੈ, ਪਿਛਲੇ ਤਿੰਨ ਸਾਲਾਂ ਤੋਂ ਉਹ ਉਸਾਰੀ ਅਧੀਨ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਹੁਣ ਤਰੀਕ ਦਿੱਤੀ ਹੈ, ਕੀ ਇਹ ਪੱਕੀ ਹੈ, ਕੀ ਉਦੋਂ ਤੱਕ ਇਹ ਬਣ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਰੋਡ ਉਥੇ ਹੈ, ਉਸ ਤੇ ਅਸੀਂ ਬੀ.ਐਮ. ਨਹੀਂ ਪਾ ਸਕੇ। ਸਰਦੀ ਦੇ ਮੌਸਮ ਕਰਕੇ ਅਤੇ ਬਰਸਾਤਾਂ ਕਰਕੇ ਇਹ ਕੰਮ ਲੇਟ ਹੋਇਆ ਹੈ। ਇਸ ਲਈ ਇਸ 32 ਕਿਲੋਮੀਟਰ ਲੰਬਾਈ ਵਾਲੀ ਸੜਕ ਵਿੱਚੋਂ 13 ਕਿਲੋਮੀਟਰ ਤੇ ਬੀ.ਐਮ. ਅਤੇ ਪੀ.ਸੀ. ਪਾਉਣ ਦਾ ਕੰਮ ਕੀਤਾ ਜਾ ਚੁੱਕਾ ਹੈ। ਬਾਕੀ ਰਹਿੰਦੇ 19 ਕਿਲੋਮੀਟਰ ਦੀ ਲੰਬਾਈ ਤੇ ਪੀ.ਸੀ. ਪਾਉਣ ਦਾ ਕੰਮ ਸਰਦੀਆਂ ਦੇ ਮੌਸਮ ਅਤੇ ਤਾਜ਼ਾ

[ਲੋਕ ਨਿਰਮਾਣ (ਭ ਤੇ ਮ) ਮੰਤਰੀ]

ਹੋਈਆਂ ਬਰਸਾਤਾਂ ਕਾਰਨ ਮੁਕੰਮਲ ਨਹੀਂ ਕੀਤਾ ਜਾ ਸਕਿਆ। ਹੁਣ ਇਹ ਕੰਮ ਮਿਤੀ 30.4.2014 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

ਸਰਦਾਰ ਮਹੇਸ਼ਇੰਦਰ ਸਿੰਘ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਥੇ ਪਿਛਲੀਆਂ ਸਰਦੀਆਂ ਵਿਚ ਪੀ.ਸੀ. ਪਾਈ ਜਾਣੀ ਸੀ ਜਿਹੜੀ ਇਨ੍ਹਾਂ ਦੇ ਅਫਸਰਾਂ ਦੀ ਅਣਗਹਿਲੀ ਕਰਕੇ ਨਹੀਂ ਪਾਈ ਗਈ। ਇਹ ਠੇਕੇਦਾਰ ਦੀ ਅਤੇ ਸੰਬੰਧਿਤ ਅਫਸਰ ਦੀ ਜ਼ਿੰਮੇਵਾਰੀ ਹੈ । ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ ? ਕਿਤੇ ਇਹ ਨਾ ਹੋਵੇ ਕਿ ਦੁਬਾਰਾ ਫਿਰ ਸਰਦੀਆਂ ਲੰਘ ਜਾਣ ਤੇ ਕਿਤੇ ਤੀਜੀਆਂ ਸਰਦੀਆਂ ਨਾ ਆ ਜਾਣ ।

ਮਾਨਯੋਗ ਸਪੀਕਰ: ਹਾਂ ਜੀ, ਦੱਸ ਦਿਉ ਕਿ ਕੰਮ ਜਲਦੀ ਕਰਾਂਗੇ।

ਮੰਤਰੀ: ਸਪੀਕਰ ਸਾਹਿਬ, ਅਗਾਂਹ ਵਾਲੀਆਂ ਸਰਦੀਆਂ ਬਿਲਕੁਲ ਨਹੀਂ ਆਉਣਗੀਆਂ, ਜਿਹੜੀ ਮੈਂ 30.4.2014 ਤੱਕ ਗੱਲ ਕਹੀ ਹੈ, ਉਦੋਂ ਤੱਕ ਸ਼ਤ ਪ੍ਰਤੀਸ਼ਤ ਕੰਮ ਕਰਵਾ ਦਿੱਤਾ ਜਾਵੇਗਾ ।

ਸਰਦਾਰ ਤੋਤਾ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਸੜਕ ਰਿਪੇਅਰ ਕੀਤੀ ਹੈ, ਉਥੋਂ ਦੀ ਮੈਂ ਦੋ-ਤਿੰਨ ਵਾਰੀ ਲੰਘ ਕੇ ਆਇਆ ਹਾਂ। ਸ਼ਾਇਦ ਉਸਦੀ ਰਿਪੇਅਰ ਠੰਢੇ ਮੌਸਮ ਵਿੱਚ ਕੀਤੀ ਗਈ ਹੈ, ਇਹ ਸੜਕ ਬੜੀ ਉਖੜੀ ਪਈ ਹੈ ਅਤੇ ਜਗ੍ਹਾ ਜਗ੍ਹਾ ਤੇ ਟੋਏ ਪੈ ਗਏ ਹਨ, ਇਹ ਰਾਮਗੜ੍ਹ ਤੋਂ ਮੁਦਕੀ ਵਾਲੀ (ਵਾਇਆ ਨਿਹਾਲ ਸਿੰਘ ਵਾਲਾ) ਸੜਕ ਹੈ। ਇਸ ਸੜਕ ਦੇ ਉਤੇ ਬਹੁਤ ਟੋਏ ਪੈ ਗਏ ਹਨ । ਕੀ ਉਸ ਸਾਰੀ ਸੜਕ ਦੇ ਉਤੇ ਦੁਬਾਰਾ ਪ੍ਰੀਮਿਕਸ ਪੁਆਉਣਗੇ?

ਮਾਨਯੋਗ ਸਪੀਕਰ: ਜਥੇਦਾਰ ਜੀ, ਉਹ ਤਾਂ ਮੁਕੰਮਲ ਕਰਨਗੇ ਹੀ। ਹਾਂ ਜੀ, ਢਿੱਲੋਂ ਸਾਹਿਬ, ਦੱਸ ਦਿਉ ਕਿ ਆਪਾਂ ਨਾਲ ਟੋਏ ਭਰਾਂਗੇ ਜਾਂ ਨਹੀਂ।

ਮੰਤਰੀ: ਸਪੀਕਰ ਸਾਹਿਬ, ਉਹ ਸਰਦੀ ਦੇ ਮੌਸਮ ਕਰਕੇ ਜਲਦੀ ਹੋਣ ਕਾਰਨ ਪਾਈ ਗਈ ਸੀ। ਲੇਕਿਨ ਮੈਂਬਰ ਸਾਹਿਬ ਨੇ ਜੋ ਗੱਲ ਕਹੀ ਹੈ, ਜਿਥੇ ਕਿਤੇ ਵੀ ਟੋਏ ਪਏ ਹਨ, ਉਹ ਭਰਵਾ ਦਿਆਂਗੇ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ....

ਮਾਨਯੋਗ ਸਪੀਕਰ : ਹਾਂ ਜੀ, ਕੀ ਇਸ ਸਵਾਲ ਨਾਲ ਸਬੰਧਿਤ ਹੈ? ਉਹ ਤੁਹਾਡਾ ਇਲਾਕਾ ਤਾਂ ਨਹੀਂ ਹੈ।

ਸਰਦਾਰ ਜਗਮੋਹਨ ਸਿੰਘ ਕੰਗ : ਹਾਂ ਜੀ, ਇਸੇ ਸਵਾਲ ਨਾਲ ਸਬੰਧਿਤ ਹੈ।

ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਪੰਜਾਬ ਦੇ ਵਿੱਚ ਲਿੰਕ ਸੜਕਾਂ ਦੀ ਬੜੀ ਮਾੜੀ ਤੇ ਪਤਲੀ ਹਾਲਤ ਹੈ, ਕੀ ਸਰਕਾਰ ਦੀ ਇਨ੍ਹਾਂ ਨੂੰ ਠੀਕ ਕਰਨ ਵਾਸਤੇ ਕੋਈ ਯੋਜਨਾ ਹੈ ਜਾਂ ਇਸੇ ਤਰ੍ਹਾਂ ਹੀ ਕੰਮ ਚਲੀ ਜਾਵੇਗਾ? ਜੇਕਰ ਯੋਜਨਾ ਹੈ ਤਾਂ ਉਸ ਵਾਸਤੇ ਕਿੰਨਾ ਪੈਸਾ ਰੱਖਿਆ ਹੈ।

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ।

ਮੰਤਰੀ : ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਤਾਂ ਸਾਰੀਆਂ ਸੜਕਾਂ ਦਿੱਤੀਆਂ ਹਨ । ਅੱਜ ਹੀ ਇਨ੍ਹਾਂ ਨੇ ਬਿਆਨ ਦਿੱਤਾ ਹੈ ਅਤੇ ਧੰਨਵਾਦ ਕੀਤਾ ਹੈ ਕਿ ਮੈਂ ਆਪਣੇ ਹਲਕੇ ਵਿਚ ਅਜਿਹੀਆਂ ਸੜਕਾਂ ਦੀ ਰਿਪੇਅਰ ਲੈ ਕੇ ਦਿੱਤੀ ਹੈ... (ਵਿਘਨ)

ਸਰਦਾਰ ਜਗਮੋਹਨ ਸਿੰਘ ਕੰਗ: ਸਪੀਕਰ ਸਾਹਿਬ, ** **

Mr. Speaker : Not to be recorded. ਕੰਗ ਸਾਹਿਬ, ਤੁਸੀਂ ਬੈਠ ਜਾਉ, ਕੋਈ ਗੱਲ ਨਹੀਂ । ਹਾਂ ਜੀ, ਅਗਲਾ ਪ੍ਰਸ਼ਨ। ਸਰਦਾਰ ਬਲਵਿੰਦਰ ਸਿੰਘ ਜੀ ਬੈਂਸ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1170

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ :1199**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਇਹ ਮੇਰਾ ਸਵਾਲ ਸੀ ਅਤੇ ਜੋ ਕਿ ਬਹੁਤ ਜ਼ਿਆਦਾ ਇੰਪਾਰਟੈਂਟ ਸੀ ਅਤੇ ਇਸ ਦਾ ਘੱਗਰ ਦਰਿਆ ਦੇ ਪ੍ਰਦੂਸ਼ਣ ਨਾਲ ਸਬੰਧ ਸੀ । ਇਸ ਤੋਂ ਇਲਾਵਾ ਮੇਰਾ ਪਿਛਲਾ ਸਵਾਲ ਵੀ ਰਹਿ ਗਿਆ ਹੈ।

ਮਾਨਯੋਗ ਸਪੀਕਰ : ਪ੍ਰਸ਼ਨ ਖਤਮ ਹੁੰਦੇ ਹਨ । (ਵਿਘਨ) ਮੋਫਰ ਸਾਹਿਬ, ਮੈਂ ਨਵੀਂ ਪ੍ਰਥਾ ਨਹੀਂ ਪਾਉਣੀ ਚਾਹੁੰਦਾ । ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ (ਵਿਘਨ) ਮੋਫਰ ਸਾਹਿਬ, ਇਹ ਗਲਤ ਪ੍ਰਥਾ ਹੈ । (ਵਿਘਨ) ਮੋਫਰ ਸਾਹਿਬ, ਮੈਨੂੰ ਤੁਹਾਡੇ ਨਾਲ ਕੋਈ ਅਜਿਹੀ ਗੱਲ ਨਹੀਂ ਹੈ ਲੇਕਿਨ ਮੈਂ ਗਲਤ ਪ੍ਰਥਾ ਨਹੀਂ ਪੈਣ ਦੇਣੀ ਚਾਹੁੰਦਾ (ਵਿਘਨ) ਜਾਂ ਤਾਂ ਮੈਂ ਉਧਰ ਕੋਈ ਰਿਆਇਤ ਕਰਦਾ ਹੋਵਾਂ ਤਾਂ ਤੁਸੀਂ ਕਹੋ। ਮੈਂ

**Not recorded as ordered by the Chair.

**For Starred Question No. 1199 and reply thereto, please see Appendix........to...this debate.

[ਮਾਨਯੋਗ ਸਪੀਕਰ]

ਚਾਹੁੰਦਾ ਹਾਂ ਕਿ ਤੁਸੀਂ ਟਾਈਮ ਸਿਰ ਆਇਆ ਕਰੋ, ਗੱਲ ਸਿਰਫ ਇੰਨੀ ਹੀ ਹੈ। ਤੁਸੀਂ ਕੁਐਸਚਨ ਦੁਬਾਰਾ ਦੇ ਦੇਣਾ, ਮੈਂ ਅਲਾਓ ਕਰ ਦਿਆਂਗਾ। (ਵਿਘਨ) ਨਹੀਂ ਜੀ, ਹੁਣ ਇਹ ਨਹੀਂ ਹੋ ਸਕਦਾ । ਪ੍ਰਸ਼ਨ ਖਤਮ ਹੁੰਦੇ ਹਨ, ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲੈਂਦੇ ਹਾਂ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਜ਼ੀਰੋ ਆਵਰ..

ਮਾਨਯੋਗ ਸਪੀਕਰ : ਮੈਂ ਕਿਹਾ ਜੀ ਕਿ ਮੈਂ ਜ਼ੀਰੋ ਆਵਰ ਵੀ ਲਵਾਂਗਾ। ਕਾਲ ਅਟੈਨਸ਼ਨਜ਼ ਤੋਂ ਬਾਅਦ ਜ਼ੀਰੋ ਆਵਰ ਲਵਾਂਗੇ ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਤੋਂ ਪਹਿਲਾਂ ਜ਼ੀਰੋ ਆਵਰ ਹੁੰਦਾ ਹੈ...

ਮਾਨਯੋਗ ਸਪੀਕਰ : ਪਹਿਲਾਂ ਮੈਨੂੰ ਏਜੰਡੇ ਦੀ ਅਗਲੀ ਆਈਟਮ ਤਾਂ ਰੱਖ ਲੈਣ ਦਿਉ। ਹਾਂ ਜੀ, ਐਲਾਨ ।

ANNOUNCEMENT BY THE SPEAKER REG.

(i) PANEL OF CHAIRMEN

ਮਾਨਯੋਗ ਸਪੀਕਰ: ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ:-

1. ਸਰਦਾਰ ਇਕਬਾਲ ਸਿੰਘ ਝੂੰਦਾਂ
2. ਸਰਦਾਰ ਗੁਰਤੇਜ ਸਿੰਘ ਘੁੜਿਆਣਾ
3. ਸਰਦਾਰ ਲਾਲ ਸਿੰਘ
4. ਸ਼੍ਰੀ ਮਨੋਰੰਜਨ ਕਾਲੀਆ

(ii) LAYING OF GOVERNOR'S ADDRESS ON THE TABLE OF THE HOUSE

ਮਾਨਯੋਗ ਸਪੀਕਰ : ਮੈਂ, ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 18 ਦੀ ਪੈਰਵੀ ਵਿਚ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਜਪਾਲ ਜੀ ਨੇ ਸੰਵਿਧਾਨ ਦੇ ਅਨੁਛੇਦ 176 (1) ਅਧੀਨ 3 ਮਾਰਚ, 2014 ਨੂੰ 2.00 ਵਜੇ ਬਾਅਦ ਦੁਪਹਿਰ, ਪੰਜਾਬ ਵਿਧਾਨ ਸਭਾ ਵਿੱਚ ਭਾਸ਼ਣ ਦੇਣ ਦੀ ਕ੍ਰਿਪਾਲਤਾ

ਕੀਤੀ ਹੈ। ਭਾਸ਼ਣ ਦੀ ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Hon'ble Mr. Speaker and Respected Members.....(interruption)......

Walk-out

ਸ਼੍ਰੀ ਸੁਨੀਲ ਜਾਖੜ (ਬਿਨਾਂ ਆਗਿਆ ਤੋਂ) : ਆਨਰੇਬਲ ਗਵਰਨਰ ਸਾਹਿਬ, ** **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਨਸ਼ਿਆਂ ਦੇ ਸੰਬੰਧ ਵਿਚ ਮੰਤਰੀਆਂ ਦੀ ਸ਼ਮੂਲੀਅਤ ਦੇ ਲੱਗੇ ਦੋਸ਼ਾਂ ਦੇ ਬਾਵਜੂਦ ਉਨ੍ਹਾਂ ਦੇ ਪੰਜਾਬ ਮੰਤਰੀ ਮੰਡਲ ਵਿਚ ਬਣੇ ਰਹਿਣ ਕਾਰਨ ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਗਵਰਨਰ ਐਡਰੈਸ ਦਾ ਬਾਈਕਾਟ ਕਰਦੇ ਹੋਏ ਵਾਕ-ਆਊਟ ਕਰ ਗਏ ।)

Honourable Speaker and Respected Members,

1. I am happy to welcome you to the third Budget Session of the 14th Punjab Vidhan Sabha.

2. It gives me satisfaction that Punjab today is a symbol of peace and communal harmony in the country. This is a good achievement of our Government because it has been made possible despite severe locational and historical disadvantages. Punjab is a border State with a long, live and hostile neighbourhood. This makes the achievement of our Government in maintaining peace and communal harmony in the State remarkable. (Thumping)

3. This has been made possible because of mature and enlightened vision of those who govern the State and the attitude of the people and vigilance and alertness of the law enforcing agencies. (Thumping)

4. In addition to this, my government has effectively ended the unseemly atmosphere of political confrontation from the State. It is perfectly legitimate for the political parties and leaders to advocate different political philosophies and beliefs and to exercise their right for dissent in a civilised, peaceful and democratic manner. My Government has led from the front in creating an atmosphere of

**Not recorded as ordered by the Chair.

mutual trust, based on constructive consensus and concilltion.

5. There are many important issues relating to the State which remain unresolved. The State has been denied its capital, Chandigarh and vast Punjabi speaking areas have been left out of it, at the time of re-organisation in 1966. The deadline for the purpose of transfer of Chandigarh to Punjab was set by Government of India as January 26, 1986. It has not been done so far.

6. Punjab also reiterates that the agreed arrangement on the ratio of representation to Punjab and Haryana in the services in the Union Territory of Chandigarh may be preserved by the Union Government in the light of assurance given by it.

7. The Principle which is accepted nationally and internationally with regard to utilisation of water of the rivers passing through the State, the Riparian Principle, should be implemented for expeditious disposal of this important issue. Punjab already faces severe water crisis with ground water level going alarmingly down because of the excessive reliance of our farmers on tubewell irrigation. In view of this, this problem needs to be resolved expeditiously. It has unfortunately not been done so far.

8. The State of Punjab also feels discriminated in economic matters as well. The State has not received any major large scale central project, except the Bathinda Refinery which it got during the tenure of Shri Atal Bihari Vajpayee Ji.

9. The economy of the Punjab especially its industry has been suffering badly because of concessions given by the Government of India to the neighbouring States. Punjab as a strategic border state deserves similar, if not better concessions as given to its neighbouring states. Although the Progressive Investors Summit organised by the State recently brought all the big industrial houses and captains of business and industry and has created a suitable atmosphere for industrial investment, the existing policy of the tax concessions by Government of India to our neighbouring States, is creating problems for the

State. Therefore, to facilitate the development and investment in the State, our Government urges the Government of India to extend to Punjab, the concessions given to our neighbouring States.

10. All the outstanding issues relating to these matters should be resolved expeditiously, in order to solve the problems of the people of the State.

11. Punjab is in favour of creating a situation in which the principles of federalism are accepted, advocated and practised fully. It also feels that the financial strength and autonomy should be given to the State so that the demands of the people are addressed and met in an expeditious and just manner. The State Government is in a better position to understand and address the problems of the people of the State. National priorities on development need, therefore, be recast in a manner in which the State's and overall interest of the nation are fulfilled.

12. Our Government stands for cooperative federalism in the country, in which the states and the centre are equal and responsible partners in progress.

13. Our Government also demands that the share of states in central taxes be increased from the present 30% to 50%, and that these funds should be given to states in an untied manner.

PUNJABI LANGUAGE

14. Our Government is committed to the promotion of Punjabi language not only in the state where it is the mother tongue and language for official communication, but also in states where there is a sizeable presence of population of Punjabi origin.

JUSTICE FOR THE VICTIMS OF 1984 MASSACRE

15. The wounds of thousands of innocents who were made brutal targets of cruelty in Delhi and several other parts of the country in November 1984 still cry out for justice and relief. The principal culprits responsible for this inhuman carnage are well recognized and

[Mr. Speaker]

identified by various respected legal and other luminaries, including leading voices from the media, but even thirty years after the tragedy, 'the long arm of law' has not been allowed to reach them. Some of them were in fact rewarded for their gory deeds with high positions including berths in the Union Cabinet.

16. In such an atmosphere, people's faith in the fairness of the system is certain to take a beating.

17. Our Government calls upon the Government of India to take effective steps to punish the guilty and provide credible relief to innocent victims of this tragedy.

18. The past one year saw major development in different areas and I would like to touch briefly upon some of those.

AGRICULTURE

19. Punjab is predominantly an agricultural state with 70% of its population dependent on farming. The state is rightly known as the granary of India, its contribution to the central pool of food grains going up to 50% of rice and 75% of wheat over the last four decades.

20. But this has been done by making major sacrifices in the only two major natural assets we have: soil and water. The continuous adoption of wheat–paddy rotation is causing serious imbalances to soil fertility and ground water and also polluting the environment due to heavy use of chemicals.

21. The Government is therefore focusing on shifting the area of paddy crop to other alternative crops such as cotton, maize, oilseeds and pulses etc. Due to these efforts, the state has witnessed a jump of maize and basmati by 16% and 20% respectively from last year.

22. In the programmes to be implemented next year, the major thrust areas will be to improve the Seed Replacement Ratio. Integrated Nutrient Management, Integrated Pest Management, Resource Conservation Technology, Crop Diversification and Post Harvest Handling of Produce to improve the quality of produce.

23. Farming has become an un-remunerative profession and agriculture itself faces a grim future. This will be disastrous for our society on the whole and urgent and immediately steps need to be taken by the Government of India to salvage the situation.

24. The first thing that needs to be done in this regard is to ensure a reasonable link between the cost of production incurred by the farmers and the prices of their produce. Assured marketing at remunerative prices for all crops is the only way forward.

25. A major pro-farmer shift, along the lines seen in advanced countries like US and Japan, is urgently and immediately called for. The farm subsidies regime also must be recast in favour of farmers following the example of these countries.

26. Similarly, focus of the government is on diversification of agriculture. In this regard, our Government had demanded a diversification package of Rs 7921 crore but it met with only a token response from the Government of India in the shape of Rs 249.50 crore.

27. On its own, the government will continue to promote diversification of agriculture to cover not just crops but also allied activity such as animal husbandry.

28. Our government successfully organized the maiden Progressive Punjab Agriculture Summit to focus national attention on the crisis facing agriculture and to seek and find way to address the various issues facing farmers. More than 300 reputed national and international companies, lakhs of farmers, a number of experts from the country and abroad enthusIstically took part in the Summit. It was successful in building consensus and putting together a cross section of views of the farmers, the industrialists and the experts to ensure holistic growth of agriculture. The Summit also attracted major investments in the state.

ANIMAL HUSBANDRY & DAIRY DEVELOPMENT

29. As a part of this vision, live stock sector is being given an additional boost. The Government has initiated major measures to promote

[Mr. Speaker]

dairying on scientific lines. Mechanization of dairy farms has been encouraged by providing 50% subsidy on fodder harvesters and milking machines.

30. The Government has undertaken major training programmes for our youth in dairying with liberal subsidies to dairy farmers.

31. Dairy farming must be treated as a part of agriculture for purposes of income tax and financing.

ਸਰਦਾਰ ਚਰਨਜੀਤ ਸਿੰਘ ਚੰਨੀ : ਦੂਜੇ ਪਾਸੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਤੋਂ ਸ਼ਡਿਊਲਡ ਕਾਸਟ ਨਾਲ ਸੰਬੰਧਿਤ ਮੈਂਬਰ ਕਿਉਂ ਖੜ੍ਹੇ ਨਹੀਂ ਹੋ ਰਹੇ ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

Mr. Speaker : Please sit down, ਤੁਹਾਡਾ ਪੁਆਇੰਟ ਆ ਗਿਆ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਕਰਕੇ ਥੋੜ੍ਹੀ ਦੇਰ ਬੈਠਾ ਰਿਹਾ, ਮੇਰਾ ਮਤਲਬ ਇਹ ਸੀ ਕਿ ਇਨ੍ਹਾਂ ਨੇ ਅੱਜ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਕਰਨੀਆਂ ਹਨ ਅਤੇ ਇਹ ਵਾਰਮ ਅੱਪ ਹੋ ਜਾਣ। (ਹਾਸਾ) ਸਰੀਰ ਥੋੜ੍ਹਾ ਜਿਹਾ ਗਰਮ ਹੋ ਜਾਵੇ ਕਿਉਂਕਿ ਇਨ੍ਹਾਂ ਨੇ ਸਾਰਾ ਦਿਨ ਹੀ ਇਹੋ ਕੰਮ ਕਰਨਾ ਹੈ। (ਹਾਸਾ) I am giving them time to warm up. ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਕਾਨੂੰਨ ਵਿੱਚ ਹੈ, ਜੋ ਕੁਝ ਵਿਧਾਨ ਵਿੱਚ ਹੈ, ਉਹ ਸਾਰਾ ਕੁਝ ਕੀਤਾ ਜਾਵੇਗਾ। (ਥੰਪਿੰਗ) ਮੈਂ ਇੰਨਾ ਹੀ ਕਹਿ ਸਕਦਾ ਹਾਂ। ਤੁਸੀਂ (ਆਪੋਜ਼ੀਸ਼ਨ ਬੈਂਚਿਜ ਵੱਲ ਇਸ਼ਾਰਾ) ਵੀ ਤਾੜੀ ਮਾਰ ਦਿਉ। (ਵਿਘਨ) (ਸ਼ੋਰ) ਜੋ ਕੁਝ ਵਿਧਾਨ ਵਿੱਚ ਹੈ, ਜੋ ਕੁਝ ਕਾਨੂੰਨ ਵਿੱਚ ਹੈ, ਉਹ ਸਭ ਕੁਝ ਕੀਤਾ ਜਾਵੇਗਾ।

ਸਰਦਾਰ ਚਰਨਜੀਤ ਸਿੰਘ ਚੰਨੀ : 8 ਸਾਲ ਤੋਂ ਫਾਈਲ ਤੁਹਾਡੀ ਟੇਬਲ ਤੇ ਪਈ ਹੈ।

ਮੁੱਖ ਮੰਤਰੀ : ਟੇਬਲ ਤਾਂ ਆਹ ਪਿਆ ਹੈ, ਇੱਥੇ ਤਾਂ ਕੋਈ ਫਾਈਲ ਨਹੀਂ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਉਹ ਫਾਈਲ ਕਿਉਂ ਪਾਸੇ ਰੱਖੀ ਜਾ ਰਹੀ ਹੈ ? ਉਸ ਫਾਈਲ ਨੂੰ ਕਲੀਅਰ ਕੀਤਾ ਜਾਵੇ।

ਮੁੱਖ ਮੰਤਰੀ : ਮੈਂ ਕਹਿੰਦਾ ਹਾਂ ਕਿ ਨਹੀਂ ਪਾਸੇ ਰੱਖੀ ਜਾਂਦੀ। ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਮੈਂਬਰ ਸਾਹਿਬ ਮੈਨੂੰ ਕਹਿ ਰਹੇ ਹਨ ਕਿ ਤੁਸੀਂ ਇੱਕ ਵਾਰ ਦਫਤਰ ਜਾਉ, ਦਫਤਰ ਵਿੱਚ ਜਾ ਕੇ ਫਾਈਲ ਤੇ ਦਸਤਖਤ ਕਰਕੇ ਆਉ, ਫਿਰ ਸਾਡੇ ਕੋਲ ਮੁੜ ਕੇ ਆ ਕੇ ਦੱਸੋ ਪਰ ਮੈਂ ਕਹਿੰਦਾ ਹਾਂ ਕਿ ਜੋ ਕਾਨੂੰਨ ਵਿੱਚ ਹੈ ਤੇ ਵਿਧਾਨ ਵਿੱਚ ਹੈ, ਉਹ ਕੀਤਾ ਜਾਵੇਗਾ। (ਵਿਘਨ) (ਸ਼ੋਰ)

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਨੇ ਜੱਟਾਂ ਦੇ ਰਾਖਵੇਂਕਰਨ ਸਬੰਧੀ ਅਵਾਜ਼ ਉਠਾਈ ਪਰ ਅਕਾਲੀ-ਭਾਜਪਾ ਸਰਕਾਰ ਨੇ ਜੱਟਾਂ ਨੂੰ ਛੱਡਿਆ ਹੋਇਆ ਹੈ, ਇਹ ਇਸ ਪਾਸੇ ਕੋਈ ਕਦਮ ਕਿਉਂ ਨਹੀਂ ਉਠਾਉਂਦੀ। (ਵਿਘਨ) (ਸ਼ੋਰ) ਹਰਿਆਣਾ ਵਿੱਚ ਜਾਟਾਂ ਨੂੰ ਵੀ ਇਹ ਲਾਭ ਦੇ ਦਿੱਤਾ ਗਿਆ ਹੈ । ਪੰਜਾਬ ਦੇ ਜੱਟਾਂ ਨਾਲ ਇਹ ਧੱਕਾ ਹੋ ਰਿਹਾ ਹੈ। (ਵਿਘਨ) (ਸ਼ੋਰ) ਇਹ ਸਰਕਾਰ ਐਸ.ਸੀ. ਵਰਗ ਨਾਲ ਵੀ ਧੱਕਾ ਕਰ ਰਹੀ ਹੈ।

**Not recorded as ordered by the Chair.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮੈਂ ਇਸ ਗੱਲੋਂ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਸਾਡੀ ਗੱਲ ਸੁਣ ਲਏ ਹੈ ਅਤੇ ਮੈਂ ਤੁਹਾਡਾ ਵੀ ਧੰਨਵਾਦੀ ਹਾਂ ਕਿ ਤੁਸੀਂ ਸਾਨੂੰ ਗੱਲ ਕਹਿਣ ਦਿੱਤੀ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ.... (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ.... (ਵਿਘਨ)(ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਤਾਂ ਪਤਾ ਨਹੀਂ ਵਾਰਮ ਅੱਪ ਹੋਏ ਹਾਂ ਜਾਂ ਨਹੀਂ ਹੋਏ ਪਰ ਇਸ ਸਮੇਂ ਪੂਰਾ ਪੰਜਾਬ ਵਾਰਮ ਅੱਪ ਹੋਇਆ ਪਿਆ ਹੈ। ਭਾਵੇਂ ਕੋਈ ਵੀ ਵਰਗ ਲੈ ਲਵੋ, ਸਾਰੇ ਹੀ ਵਾਰਮ ਅੱਪ ਹੋਏ ਪਏ ਹਨ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਸਾਰੇ ਵਰਗ ਸੜਕਾਂ ਤੇ ਖੜ੍ਹੇ ਹਨ । ਹੁਣ ਤਾਂ ਵਾਰਮ ਅੱਪ ਤੋਂ ਬਾਅਦ ਦੀ ਗੱਲ ਹੋਈ ਪਈ ਹੈ ਪਰ ਮੈਂ ਧੰਨਵਾਦੀ ਹਾਂ ਕਿ ਚਲੋ ਸਰਕਾਰ ਦੇ ਕੰਨਾਂ ਤੇ ਜੂੰ ਤਾਂ ਰੇਂਗੀ ਹੈ ਅਤੇ ਇਨ੍ਹਾਂ ਨੇ ਗੱਲ ਕੀਤੀ ਹੈ। ਸਪੀਕਰ ਸਾਹਿਬ, ਉਹ ਲੋਕ ਮਰਨ ਵਰਤ ਤੇ ਬਹਿ ਜਾਣਗੇ। This is not a matter of joke ਕਿ ਇਹ ਵਾਰਮ ਅੱਪ ਹੋ ਗਏ ਜਾਂ ਨਹੀਂ ਹੋ ਗਏ। ਮੁੱਖ ਮੰਤਰੀ ਸਾਹਿਬ ਉਨ੍ਹਾਂ ਵੱਲ ਧਿਆਨ ਕਰਨ ਅਤੇ ਉਨ੍ਹਾਂ ਕੋਲ ਜਾ ਕੇ ਕੋਈ ਐਸ਼ਿਓਰੈਂਸ ਦੇਣ ਦੀ ਗੱਲ ਕਰਨ । ਉਨ੍ਹਾਂ ਨੂੰ ਇਹ ਗੱਲ ਕਹੋ ਕਿ ਟਾਈਮ ਬਾਊਂਡ ਤਰੀਕੇ ਨਾਲ ਤੁਹਾਡਾ ਮਸਲਾ ਹੱਲ ਕਰ ਦੇਵਾਂਗੇ, ਉਨ੍ਹਾਂ ਨੂੰ ਮਰਨ ਵਰਤ ਤੇ ਨਾ ਬੈਠਣ ਦਿਉ। We are not here to create obstruction. ਜਿਵੇਂ ਕਿ ਆਨਰੇਬਲ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ ਕਿ ਇਨ੍ਹਾਂ ਨੇ ਤਾਂ ਰੌਲਾ ਹੀ ਪਾਉਣਾ ਹੈ। ਸਪੀਕਰ ਸਾਹਿਬ, ਇਹ ਰੌਲਾ ਨਹੀਂ ਹੈ, ਰੌਲਾ ਤਾਂ ਪੰਜਾਬ ਦੀਆਂ ਸੜਕਾਂ ਦੇ ਉਤੇ ਪੈ ਰਿਹਾ ਹੈ, ਹਰੇਕ ਵਰਗ ਸੜਕਾਂ ਉਤੇ ਖੜ੍ਹਾ ਹੈ। ਇਸ ਕਰਕੇ ਇਹ ਬੜਾ ਜ਼ਰੂਰੀ ਮਸਲਾ ਹੈ।

ਮਾਨਯੋਗ ਸਪੀਕਰ : ਹਾਂ ਜੀ, ਵੜਿੰਗ ਸਾਹਿਬ। ਕੀ ਤੁਹਾਡਾ ਮਸਲਾ ਇਸੇ ਮਸਲੇ ਨਾਲ ਸੰਬੰਧਿਤ ਹੈ ਜਾਂ ਕੋਈ ਹੋਰ ਹੈ ?

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਇਹ ਹੋਰ ਮਸਲਾ ਹੈ ਜੀ। ਅੱਜ ਪੰਜਾਬ ਤੇ ਮੈਂ ਸਮਝਦਾ ਹਾਂ ਕਿ ਬਹੁਤ ਵੱਡਾ ਆਰਥਿਕ ਸੰਕਟ ਹੈ। ਇੱਕ ਲੱਖ ਕਰੋੜ ਰੁਪਏ ਦੇ ਲਗਭਗ ਪੰਜਾਬ ਤੇ ਕਰਜ਼ਾ ਹੈ। ਅਸੀਂ ਵੀ ਕਈ ਮਜਬੂਰੀਆਂ ਸਮਝਦੇ ਹਾਂ....(ਵਿਘਨ)

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਇਹ ਗਵਰਨਰ ਐਡਰੈਸ ਤੇ ਗੱਲ ਕਰਨ (ਵਿਘਨ)

**Not recorded as ordered by the Chair.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਨਹੀਂ, ਗਵਰਨਰ ਐਡਰੈੱਸ ਤੇ ਨਹੀਂ (ਵਿਘਨ)(ਸ਼ੋਰ) ਦੂਜੇ ਪਾਸੇ ਤਨਖਾਹਾਂ ਦੇਣ ਨੂੰ, ਪੈਨਸ਼ਨਾਂ ਦੇਣ ਨੂੰ ਅਤੇ ਸ਼ਗਨ ਸਕੀਮਾਂ ਦੇਣ ਵਾਸਤੇ ਪੈਸਾ ਨਹੀਂ ਹੈ...

ਮਾਨਯੋਗ ਸਪੀਕਰ : ਜੇਕਰ ਕੋਈ ਕਰੰਟ ਮਸਲਾ ਹੈ ਤਾਂ ਉਸ ਤੇ ਬੋਲੋ। (ਵਿਘਨ)

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਉਸੇ ਤੇ ਆਉਣਾ ਹੈ ਜੀ।

ਡਾਕਟਰ ਦਲਜੀਤ ਸਿੰਘ ਚੀਮਾ : ਕੀ ਇਹ ਮਸਲਾ ਜ਼ੀਰੋ ਆਵਰ ਵਿੱਚ ਡਿਸਕਸ ਹੋਣਾ ਹੈ ?

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਇਹ ਬਿਲਕੁਲ ਭਖਦਾ ਮਸਲਾ ਹੈ, ਕਰੰਟ ਮਸਲਾ ਹੀ ਹੈ ਜੀ।

ਮਾਨਯੋਗ ਸਪੀਕਰ: ਹਾਂ ਜੀ, ਦੱਸੋ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੱਥੇ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਉਥੇ......(ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਮੈਨੂੰ ਗੱਲ ਤਾਂ ਸੁਣ ਲੈਣ ਦਿਉ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਨੂੰ ਕਹਿਣ ਵਿੱਚ ਸ਼ਰਮ ਆ ਰਹੀ ਹੈ ** **

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ । ਵੜਿੰਗ ਸਾਹਿਬ, ਇਹ ਨਹੀਂ । ਇਹ ਪਰਸਨਲ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ** **

Mr. Speaker : Not to be recorded. ਨਹੀਂ, ਨਹੀਂ, ਰਾਜਾ ਵੜਿੰਗ ਜੀ। ਇਹ ਰਿਕਾਰਡ ਨਹੀਂ ਹੋ ਰਿਹਾ। ਇਹ ਜਿਹੜਾ ਮੁੱਦਾ ਹੈ, ਉਹ ਰਿਕਾਰਡ ਨਹੀਂ ਹੋ ਰਿਹਾ। This is not to be recorded. Please sit down.

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਇਹ ਤਾਂ ਰੋਜ਼ ਇਨ੍ਹਾਂ ਨੂੰ ਖਬਰਾਂ ਬਣਾਉਣ ਦੀ ਆਦਤ ਪੈ ਗਈ। (ਵਿਘਨ) (ਸ਼ੋਰ) ਇਹ ਹਾਊਸ ਵਿੱਚ ਗੱਲ ਕਰਨ ਦਾ ਕੋਈ ਤਰੀਕਾ ਨਹੀਂ ਹੈ। ਕਿਸੇ ਸਿਸਟਮ ਨਾਲ ਗੱਲ ਕੀਤੀ ਜਾਵੇ, ਅੱਜ ਦਾ ਸਾਰਾ ਸਮਾਂ ਬਹਿਸ ਕਰਨ ਵਾਸਤੇ ਹੀ ਹੈ ।

ਮਾਨਯੋਗ ਸਪੀਕਰ : ਨਹੀਂ, ਵੜਿੰਗ ਜੀ। ਪਲੀਜ਼, ਤੁਸੀਂ ਬੈਠ ਜਾਉ। ਮੈਂ ਕਹਿੰਦਾ ਹਾਂ ਕਿ ਇਹ ਮਸਲਾ ਕਰੰਟ ਮਸਲਾ ਨਹੀਂ ਹੈ, ਜੇਕਰ ਕਰੰਟ ਮਸਲਾ ਹੁੰਦਾ ਤਾਂ ਮੈਂ ਲੈ ਲੈਂਦਾ।

**Not recorded as ordered by the Chair.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ** ** (ਵਿਘਨ) (ਸ਼ੋਰ)

Mr. Speaker : Not to be recorded. ਜੇਕਰ ਤੁਹਾਡਾ ਕਰੰਟ ਮਸਲਾ ਹੁੰਦਾ ਤਾਂ ਮੈਂ ਲੈ ਲੈਂਦਾ। ਇਹ ਰਿਕਾਰਡ ਨਹੀਂ ਹੋਣਾ। Nothing should be recorded. (ਵਿਘਨ) (ਸ਼ੋਰ)

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਬੇਨਤੀ ਕਰਨ ਵਾਸਤੇ ਖੜ੍ਹਾ ਹੋਇਆ ਹਾਂ ਕਿ ਆਪਾਂ ਨੇ ਗਵਰਨਰ ਐਡਰੈਸ ਦੋ ਦਿਨ ਪਹਿਲਾਂ ਪੜ੍ਹਿਆ ਹੈ। ਮਾਨਯੋਗ ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਐਸ਼ਿਓਰ ਵੀ ਕੀਤਾ ਹੈ ਕਿ ਇਨ੍ਹਾਂ ਨੂੰ ਬਹਿਸ ਲਈ ਪੂਰਾ ਟਾਈਮ ਦੇਵੋਂਗੇ ਔਰ ਉਹ ਬਹਿਸ ਰਿਕਾਰਡ ਵੀ ਹੋਵੇਗੀ। ਫਿਰ ਇਹ ਇਸ ਤਰ੍ਹਾਂ ਕਿਉਂ ਕਰ ਰਹੇ ਹਨ?

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਹ ਗੱਲ ਕਹਿ ਚੁੱਕਾ ਹਾਂ ਕਿ ਤੁਹਾਡੇ ਤੋਂ ਸਾਨੂੰ ਬਹੁਤ ਉਮੀਦਾਂ ਹਨ, ਹੁਣ ਵੀ ਹਨ।

Mr. Speaker : No No, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਹੁਣ ਤੁਸੀਂ ਸੌਖੇ ਹੋ ਗਏ ਹੋ। ਤੁਹਾਡੇ ਤੇ ਜਿਹੜਾ ਬੋਝ ਸੀ, ਉਹ ਹਟ ਗਿਆ ਹੈ । ਵੈਸੇ ਤਾਂ ਇਹ ਟਕਸਾਲੀ ਪਾਰਟੀ ਮੰਨੀ ਜਾਂਦੀ ਹੈ ਪਰ ਪੈਸੇ ਵਾਲੇ ਲੈ ਗਏ। ਇਹ ਗੱਲ ਆਪਣੇ ਦਿਮਾਗ ਤੋਂ ਉਤਰ ਗਈ ਹੈ । ਚਲੋ, ਕੋਈ ਗੱਲ ਨਹੀਂ। ਹੁਣ ਸ਼ਰਮਾ ਸਾਹਿਬ ਦਾ ਕੁਲੀਗ ਆ ਗਿਆ ਹੈ । ਹੁਣ ਇਥੇ ਜਾਂ ਤਾਂ ਸ਼ਰਾਬ ਦੇ ਠੇਕੇਦਾਰ ਆਇਆ ਕਰਨਗੇ ਜਾਂ ਫਿਰ ਡਿਵੈਲਪਰਜ਼ ਆਇਆ ਕਰਨਗੇ। That is a separate issue. ਸਾਨੂੰ ਉਮੀਦ ਸੀ ਕਿ ਤੁਸੀਂ ਹੈਲਦੀ ਡਿਸਕਸ਼ਨ ਵਾਸਤੇ ਸਮਾਂ ਵਧਾਉਗੇ ਪਰ ਤੁਸੀਂ ਟਾਈਮ curtail ਕਰ ਰਹੇ ਹੋ। ਤੁਸੀਂ ਸਾਨੂੰ ਕਹਿੰਦੇ ਹੋ ਕਿ ਇਹ ਮਸਲਾ ਜ਼ੀਰੋ ਆਵਰ ਵਿੱਚ ਨਹੀਂ ਚੁੱਕਿਆ ਜਾ ਸਕਦਾ। ਪੰਜਾਬ ਦੇ ਕਿੰਨੇ ਕੁ ਮਸਲਿਆਂ ਨੂੰ ਅਸੀਂ ਗਵਰਨਰ ਐਡਰੈਸ ਵਿਚ ਕਵਰ ਕਰ ਲਵਾਂਗੇ । ਤੁਸੀਂ "ਜਾਟ ਆਰਕਸ਼ਣ" ਦਾ ਹੀ ਮਸਲਾ ਲੈ ਲਓ, ਅਗਰ ਉਹ ਵਿਸ਼ਾ ਲੈ ਲਈਏ ਤਾਂ ਉਸ ਤੇ ਵੀ ਪੂਰੀ ਡਿਸਕਸ਼ਨ ਬਣ ਜਾਵੇਗੀ। ਮੈਂ ਆਪਣੇ 'ਧੋਬੀ ਸਮਾਜ' ਬਾਰੇ ਬੋਲਣਾ ਹੈ, ਉਹ ਕਦੋਂ ਬੋਲਾਂਗੇ ? ਇਸ ਬਾਰੇ ਵੀ ਪਿਛਲੇ ਸਾਲ ਤੋਂ ਪੱਤਰ ਵਿਹਾਰ ਚਲਦਾ ਆ ਰਿਹਾ ਹੈ।

ਸੋ, ਸਪੀਕਰ ਸਾਹਿਬ, ਸਾਡੀ ਮਜਬੂਰੀ ਸਮਝੋ। ਅਸੀਂ ਤੁਹਾਡੀ ਕੁਰਸੀ ਦਾ ਪੂਰਾ ਆਦਰ ਕਰਦੇ ਹਾਂ। I have highest regard. ਸਪੀਕਰ ਸਾਹਿਬ, ਜੋਸ਼ੀ ਸਾਹਿਬ ਦਾ ਮੈਂ ਸਤਿਕਾਰ ਕਰਦਾ ਹਾਂ । He is a friend and colleague of mine. I like him very much. ਸਪੀਕਰ ਸਾਹਿਬ, ਪਰ ਕਾਨੂੰਨ ਨਾਂ ਦੀ ਵੀ ਕੋਈ ਚੀਜ਼ ਹੈ। Equality before Law. It is not a matter against an individual person. ਮੈਂ ਕੇਵਲ ਆਨਰੇਬਲ ਮਨਿਸਟਰ, ਜੋਸ਼ੀ ਸਾਹਿਬ ਦੇ ਖਿਲਾਫ ਨਹੀਂ ਕਹਿ ਰਿਹਾ I am asking for equality

**Not recorded as ordered by the Chair.

[ਸ਼੍ਰੀ ਸੁਨੀਲ ਜਾਖੜ]

before law. ਸਪੀਕਰ ਸਾਹਿਬ, ਕੱਲ੍ਹ ਬਿਆਨ ਲੱਗੇ ਹਨ ਕਿ ਅਪਰਾਧੀਆਂ ਦੇ ਬਿਆਨ ਤੇ ਅਸਤੀਫਾ ਮੰਗ ਸਕਦੇ ਹਾਂ ਜਾਂ ਨਹੀਂ, ਇਸ ਗੱਲ ਤੇ ਤਾਂ ਮੈਂ ਫਿਰ ਆਵਾਂਗਾ ਪਰ ਡਿਪਟੀ ਸੀ.ਐਮ. ਸਾਹਿਬ, ਇਹ ਤਾਂ ਇਨਕੁਆਰੀ ਹੋਈ ਹੈ। ਤੁਹਾਡੇ ਅਫ਼ਸਰਾਂ ਨੇ ਹੀ ਕੀਤੀ ਹੈ। I have the video ਜਿਹੜੀ ਵੋਟ ਤੇ ਸਾਲ 2007 ਵਿੱਚ ਇਨ੍ਹਾਂ ਨੇ ਇਲੈਕਸ਼ਨ ਲੜੀ ਹੈ ਅਤੇ ਜਿਸ ਘਰ ਵਿੱਚ ਇਨ੍ਹਾਂ ਦੀ ਉਦੋਂ ਵੋਟ ਬਣੀ ਸੀ, ਉਹ ਔਰਤ ਕਹਿੰਦੀ ਹੈ ਕਿ ਮੇਰੇ ਨਾਲ ਇਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ। ਉਸ ਤੋਂ ਬਾਅਦ ਇਨ੍ਹਾਂ ਨੇ ਤਰਨ ਤਾਰਨ ਤੋਂ ਦੁਬਾਰਾ ਵੋਟ ਬਣਾਈ । (ਵਿਘਨ) (ਸ਼ੋਰ) ....

Mr. Speaker : That matter is in the Court. Any matter that has gone to the Court cannot be discussed here. ਜਾਖੜ ਸਾਹਿਬ, ਤੁਸੀਂ ਸੀਨੀਅਰ ਮੈਂਬਰ ਹੋ । ਜਿਹੜਾ ਮਸਲਾ ਕੋਰਟ ਵਿੱਚ ਚਲਾ ਜਾਵੇ, can we discuss here?

Shri Sunil Jakhar : No, No. ਜਿਹੜੀ ਇਨਕੁਆਰੀ ਹੋਈ ਹੈ, Representation of the People Act ਤਹਿਤ ਇਨਕੁਆਰੀ ਹੋਈ ਹੈ ਤੇ ਕੇਸ ਬਣਾਇਆ ਹੈ। ਅੱਜ ਦੇ ਅਖ਼ਬਾਰ ਵਿਚ ਜਲੰਧਰ ਦੇ ਕੇਸ ਸਬੰਧੀ ਲਿਖਿਆ ਹੋਇਆ ਹੈ, ਜਿੱਥੇ ਧਾਰਾ 420 ਤਹਿਤ ਫਰਾਡ ਦਾ ਕੇਸ ਰਜਿਸਟਰ ਹੋਇਆ ਹੈ, ਜਾਂ ਤਾਂ ਉਨ੍ਹਾਂ ਬੰਦਿਆਂ ਦੇ ਕੇਸ ਵਿਦਡਰਾਅ ਕਰਵਾਓ ਜਾਂ ਫਿਰ ਧਾਰਾ 420 ਤਹਿਤ ਕੇਸ ਦਰਜ ਕਰਵਾਓ । (ਵਿਘਨ)

ਮਾਨਯੋਗ ਸਪੀਕਰ : ਜਦੋਂ ਕੋਰਟ ਵਿੱਚ ਹੀ ਕੇਸ ਚਲਾ ਗਿਆ ਤਾਂ ਫਿਰ ਮੈਂ ਕੀ ਕਰ ਸਕਦਾ ਹਾਂ?

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸਪੀਕਰ ਸਾਹਿਬ, ਮੇਰੀ ਗੱਲ ਸੁਣੋ ਜੀ । ਮੈਂ ਇਨ੍ਹਾਂ ਕੋਲ ਕੇਸ ਲੈ ਕੇ ਆ ਜਾਵਾਂਗਾ । ਇਹ ਹੀ ਦੱਸ ਦੇਣ ਕਿ ਉਸ ਦੇ ਵਿੱਚ ਕੀ ਹੈ। ਮੈਂ ਡਿਟੇਲ ਵਿੱਚ ਨਹੀਂ ਜਾਣਾ ਚਾਹੁੰਦਾ ਹਾਂ। ਮੈਨੂੰ ਤਾਂ ਪਹਿਲੀ ਵਾਰੀ ਮੌਕਾ ਮਿਲਣਾ ਹੈ। ਮੈਂ ਤਾਂ ਧੰਨਵਾਦ ਕਰਦਾ ਹਾਂ ਮਾਨਯੋਗ ਕੋਰਟ ਦਾ ਕਿ ਕੋਰਟ ਮੈਨੂੰ ਘੱਟ ਤੋਂ ਘੱਟ ਗੱਲ ਕਰਨ ਵਾਸਤੇ ਮੌਕਾ ਤਾਂ ਦੇ ਦੇਵੇਗੀ । ਮੈਨੂੰ ਕਮਿਸ਼ਨ ਨੇ ਮੌਕਾ ਨਹੀਂ ਦਿੱਤਾ, ਮੈਂ ਤੁਹਾਡੇ ਕੋਲ ਕੇਸ ਲੈ ਆਵਾਂਗਾ। ਤੁਸੀਂ ਜੋ ਫੈਸਲਾ ਕਰੋਗੇ, ਉਹ ਹੀ ਮੰਨ ਲਵਾਂਗੇ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਜੋਸ਼ੀ ਸਾਹਿਬ, ਪਲੀਜ਼।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੇ ਤੇ ਇਹ ਬੋਝ ਨਾ ਪਾਓ । ਆਪਾਂ ਆਨਰੇਬਲ ਚੀਫ ਮਨਿਸਟਰ ਸਾਹਿਬ ਤੇ ਇਹ ਗੱਲ ਛੱਡ ਦਿੰਦੇ ਹਾਂ ਪਰ ਪਿੰਡ ਸੇਰੋਂ ਜ਼ਿਲ੍ਹਾ ਜਲੰਧਰ ਦੇ ਬੰਦਿਆਂ ਤੇ ਧਾਰਾ 420 ਦਾ ਕੇਸ ਰਜਿਸਟਰ ਕਿਉਂ ਹੋਇਆ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਦੇਖੋ, ਗੱਲ ਇਸ ਤਰ੍ਹਾਂ ਹੈ ਕਿ ਲਾਅ ਦੇ ਮੁਤਾਬਿਕ ਹੀ ਚੱਲਣਾ ਪੈਂਦਾ ਹੈ। ਮੈਂ ਸਾਰਾ ਕੁਝ ਸਮਝਿਆ ਹੈ । ਲਾਅ, ਕਾਨੂੰਨ, ਪਨਿਸ਼ਮੈਂਟ ਅਤੇ ਅਸਤੀਫੇ । ਇਹ ਸਾਰੇ ਮਾਮਲੇ ਹੁਣ ਇਲੈਕਸ਼ਨ ਕਮਿਸ਼ਨ ਦੇ ਹੱਥ ਵਿੱਚ ਆ ਗਏ ਹਨ। ਹੁਣ ਦੇਖੋ ਗੱਲ ਕੀ ਹੈ, ਇਲੈਕਸ਼ਨ ਕਮਿਸ਼ਨ ਆਫ ਇੰਡੀਆ ਨੇ

ਇਲੈਕਟੋਰਲ ਅਫ਼ਸਰ, ਅੰਮ੍ਰਿਤਸਰ (ਨਾਰਥ) ਨੂੰ ਕੰਪਲੇਂਟ ਰਜਿਸਟਰ ਕਰਨ ਵਾਸਤੇ ਕਹਿ ਦਿੱਤਾ। ਉਨ੍ਹਾਂ ਦੇ ਹੁਕਮ ਦੇ ਮੁਤਾਬਿਕ ਕੰਪਲੇਂਟ ਰਜਿਸਟਰ ਹੋ ਗਈ। ਹੁਣ ਇਹ ਕੇਸ ਕੋਰਟ ਆਫ ਜੁਡੀਸ਼ੀਅਲ ਮੈਜਿਸਟ੍ਰੇਟ, ਅੰਮ੍ਰਿਤਸਰ ਕੋਲ ਹੈ। ਇਸ ਦਾ ਹੁਣ ਤੁਸੀਂ ਕੀ ਜਵਾਬ ਦੇਵੋਗੇ, ਤੁਸੀਂ ਸੋਚੋ ਤਾਂ ਸਹੀ ਕਿ ਕਿਹੜੀ ਗੱਲ ਅਸੀਂ ਇਥੇ ਡਿਸਕਸ ਕਰ ਸਕਦੇ, ਹਾਂ ਅਤੇ ਕਿਹੜੀ ਨਹੀਂ ਕਰ ਸਕਦੇ। ਗੁੱਸਾ ਨਾ ਕਰਿਓ, ਅਨਪਾਰਲੀਮੈਂਟਰੀ ਗੱਲ ਨਾ ਕਰੀਏ । ਜੇ ਕੇਸ ਹੁਣ ਜੁਡੀਸ਼ੀਅਲ ਮੈਜਿਸਟ੍ਰੇਟ ਕੋਲ ਹੈ, ਕੱਲ੍ਹ ਨੂੰ ਹਾਈ ਕੋਰਟ ਕੋਲ ਹੋਵੇਗਾ, ਇਸ ਵਿੱਚ ਨਾ ਤੁਸੀਂ ਫੈਸਲਾ ਕਰ ਸਕਦੇ ਹੋ ਅਤੇ ਨਾ ਹੀ ਮੈਂ ਫੈਸਲਾ ਕਰ ਸਕਦਾ ਹਾਂ। ਜੋ ਜੁਡੀਸ਼ੀਅਲ ਮੈਜਿਸਟ੍ਰੇਟ ਫੈਸਲਾ ਕਰ ਦੇਵੇਗਾ ਜਾਂ ਹੋਰ ਕੋਈ ਕੋਰਟ ਫੈਸਲਾ ਕਰ ਦੇਵੇਗੀ, ਉਸ ਦੇ ਅਸੀਂ ਪਾਬੰਦ ਹਾਂ। ਇੱਕ ਮੈਂ ਹੋਰ ਬੇਨਤੀ ਕਰਦਾ ਹਾਂ ਕਿ ਆਪਾਂ ਕਿਉਂ ਇੱਕ ਦੂਜੇ ਦੇ ਮਗਰ ਇੰਨਾ ਪਏ ਹੋਏ ਹਾਂ। ਇਸ ਤਰ੍ਹਾਂ ਤਾਂ ਤੁਸੀਂ ਬਦਨਾਮ ਹੋ ਜਾਵੋਗੇ, ਦੂਜਿਆਂ ਤੇ ਹਮਲਾ ਕਰਨ ਤੋਂ ਇਲਾਵਾ ਆਪੋਜ਼ੀਸ਼ਨ ਨੂੰ ਹੋਰ ਕੋਈ ਕੰਮ ਹੀ ਨਹੀਂ ਰਿਹਾ। ਇਹ ਕੋਈ ਤਰੀਕਾ ਨਹੀਂ ਹੈ। ਦੇਸ਼ ਵਿੱਚ ਕੀ ਹੋ ਰਿਹਾ ਹੈ। ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ, ਸਾਨੂੰ ਤੁਹਾਡੇ ਤੋਂ ਉਮੀਦਾਂ ਸਨ। ਜਿਹੜੀ ਇਹ ਗੱਲ ਹੈ, ਇਸ ਦੇ ਉਤੇ ਜੁਡੀਸ਼ੀਅਲ ਫੈਸਲਾ ਹੋ ਜਾਵੇਗਾ। ਮੈਨੂੰ ਦੱਸ ਦਿਓ ਕਿ ਕੀ ਤੁਸੀਂ ਜਾਂ ਮੈਂ ਇਸ ਸਬੰਧ ਵਿੱਚ ਕੋਈ ਫੈਸਲਾ ਕਰ ਸਕਦੇ ਹਾਂ? ਤੁਸੀਂ ਉਹ ਸਵਾਲ ਉਠਾਓ ਜਿਹੜਾ ਠੀਕ ਹੋਵੇ । ਐਵੇਂ ਤਾਂ ਕੋਈ ਫਾਇਦਾ ਨਹੀਂ ਹੈ।

ਮਾਨਯੋਗ ਸਪੀਕਰ : ਮੈਂ ਇਸ ਕਰਕੇ ਹੀ ਤੁਹਾਨੂੰ ਕਿਹਾ ਹੈ ਕਿ ਕੋਰਟ ਵਿੱਚ ਜਦੋਂ ਕੇਸ ਪੈਂਡਿੰਗ ਹੋ ਜਾਵੇ ਤਾਂ then I can't do anything.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਹਾਡੀ ਗੱਲ ਬਿਲਕੁਲ ਸਹੀ ਹੈ ਪਰ ਮੈਂ ਕਹਿ ਰਿਹਾ ਹਾਂ ਕਿ for the same offence ਦੂਜੇ ਬੰਦਿਆਂ ਦੇ ਖਿਲਾਫ ਧਾਰਾ 420 ਤਹਿਤ ਕਿਉਂ ਕੇਸ ਰਜਿਸਟਰ ਹੋਇਆ । ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਇਨ੍ਹਾਂ ਤੇ ਕਰੋ। ਉਨ੍ਹਾਂ ਤੇ ਕਿਉਂ 420 ਦੇ ਤਹਿਤ ਕੇਸ ਰਜਿਸਟਰ ਹੋਇਆ ਹੈ। (ਵਿਘਨ) ਉਨ੍ਹਾਂ ਦਾ ਵੀ ਸਿਮੀਲਰ ਕੇਸ ਹੈ ਜੀ....

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮੈਂ ਤੁਹਾਡੇ ਕੋਲ ਮਾਮਲਾ ਲੈ ਆਵਾਂਗਾ ਤੇ ਜੇ ਧਾਰਾ 420 ਦੇ ਤਹਿਤ ਕੇਸ ਬਣਦਾ ਹੋਇਆ ਤਾਂ ਬਣਾ ਦਿਓ।

ਮਾਨਯੋਗ ਸਪੀਕਰ : ਜੋਸ਼ੀ ਸਾਹਿਬ, ਤੁਸੀਂ ਮੈਨੂੰ ਪੁੱਛ ਤਾਂ ਲਿਆ ਕਰੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਸੇਰੋਂ ਪਿੰਡ, ਜ਼ਿਲ੍ਹਾ ਜਲੰਧਰ ਦਾ ਕੇਸ ਹੈ ਜਿਸ ਵਿੱਚ ਸਬੰਧਿਤ ਵਿਅਕਤੀਆਂ ਤੇ 420 ਦੀ ਦਫਾ ਲਗਾ ਦਿੱਤੀ, ਉਨ੍ਹਾਂ ਦਾ ਕਸੂਰ ਕੀ ਸੀ ? ਕਸੂਰ ਸਿਰਫ ਇਹ ਸੀ ਕਿ ਉਹ ਕਾਂਗਰਸੀ ਸੀ, ਉਨ੍ਹਾਂ ਨੇ ਇਲੈਕਸ਼ਨ ਲਈ ਨਾਮੀਨੇਸ਼ਨ ਫਾਰਮ ਭਰ ਦਿੱਤਾ, ਉਨ੍ਹਾਂ ਤੇ ਧਾਰਾ 420 ਲਗਾ ਦਿੱਤੀ। ਮੈਂ equality before law ਦੀ ਗੱਲ ਕਰ ਰਿਹਾ ਹਾਂ । I appreciate ਜਿਹੜੇ ਇਨ੍ਹਾਂ ਦੇ ਸੈਂਟੀਮੈਂਟਸ

[ਸ਼੍ਰੀ ਸੁਨੀਲ ਜਾਖੜ]

ਹਨ I am not against you. I am talking about equality before law. ਤੁਹਾਡੀ morality ਵੀ ਤਾਂ ਬਣਦੀ ਸੀ। ਤੁਹਾਡੀ ਸਾਰੀ ਗੱਲ ਇਸ ਵਿੱਚ ਪਰੂਵ ਹੋ ਰਹੀ ਹੈ । ਇਲੈਕਸ਼ਨ ਕਮਿਸ਼ਨ ਨੇ ਓਬਜੈਕਸ਼ਨ ਲਾਇਆ ਹੈ .... (ਵਿਘਨ) (ਸ਼ੋਰ)

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਮੈਂ ਤੁਹਾਨੂੰ ਸਾਰਾ ਕੇਸ ਦਿਖਾਵਾਂਗਾ।

ਸ਼੍ਰੀ ਸੁਨੀਲ ਜਾਖੜ: ਤੁਸੀਂ ਕੋਰਟ ਨੂੰ ਜਾ ਕੇ ਕੇਸ ਵਿਖਾਓ। ਤੁਹਾਡੀ ਵੀ ਮੋਰੈਲਿਟੀ ਕੋਈ ਬਣਦੀ ਹੋਣੀ ਹੈ । ਤੁਹਾਡੀ ਸਾਰੀ ਗੱਲ ਇਸ ਵਿੱਚ ਪਰੂਵ ਹੋ ਰਹੀ ਹੈ । ਇਲੈਕਸ਼ਨ ਕਮਿਸ਼ਨ ਨੇ ਓਬਜੈਕਸ਼ਨ ਲਾਇਆ ਹੈ ।(ਵਿਘਨ)

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਤੁਸੀਂ ਇਨਕੁਆਰੀ ਕਰ ਲਵੋ ਕਿ ਉਹ ਕੌਣ ਹਨ ਅਤੇ ਉਨ੍ਹਾਂ ਦਾ ਕੰਮ ਕੀ ਹੈ । ਤੁਹਾਨੂੰ ਆਪਣੇ ਆਪ ਸਭ ਸਾਬਤ ਹੋ ਜਾਵੇਗਾ। (ਵਿਘਨ) (ਸ਼ੋਰ)

ਸ਼੍ਰੀ ਸੁਨੀਲ ਜਾਖੜ: ਸੈਕਿੰਡ ਇਸ਼ੂ ਜੀ।

Mr. Speaker: Please, keep silence.

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਰ, ਪੁਆਇੰਟ ਆਫ ਆਰਡਰ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ।

ਸ਼੍ਰੀ ਸੁਨੀਲ ਜਾਖੜ: ਮਿੱਤਲ ਸਾਹਿਬ, ਤੁਸੀਂ ਬਾਅਦ ਵਿੱਚ ਇਕੱਠੇ ਹੀ ਕਈ ਪੁਆਇੰਟ ਆਫ ਆਰਡਰਜ਼ ਕਰ ਲੈਣਾ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਜੋ ਕਿਹਾ ਹੈ , ਮੈਂ ਤੁਹਾਡੇ ਜ਼ਰੀਏ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਗਰ ਕੋਈ ਸੈਕਸ਼ਨ ਇਹ ਐਡ ਜਾਂ ਘਟਾਉਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ when the matter is before the Court then we can't do anything. ਇਸ ਹਾਊਸ ਵਿੱਚ ਇਸ ਬਾਰੇ ਕੁਝ ਨਹੀਂ ਹੋਣਾ । (ਵਿਘਨ)

Mr. Speaker : We can't do anything. (Interruption) ਆਪਾਂ ਕੁਝ ਨਹੀਂ ਕਰ ਸਕਦੇ। (ਵਿਘਨ) ਤੁਸੀਂ ਬੈਠ ਜਾਓ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, It is the discretion of the Court. (ਵਿਘਨ) ਇਸੇ ਕਰਕੇ ਰੂਲਜ਼ ਵਿੱਚ ਲਿਖਿਆ ਹੋਇਆ ਹੈ ਕਿ ਜਿਹੜੇ ਮੈਟਰਜ਼ ਸਬ-ਜੁਡਿਸ ਹੋਣ, ਉਨ੍ਹਾਂ ਤੇ ਬਹਿਸ ਨਹੀਂ ਹੋ ਸਕਦੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸ਼ਾਇਦ ਮੈਂ ਵਕੀਲ ਤਾਂ ਨਹੀਂ, ਮੈਨੂੰ ਵੀ ਪਤਾ ਹੈ ਜਿਹੜੀ ਇਹ ਗੱਲ ਕਹਿ ਰਹੇ ਹਨ, ਮੋਰੈਲਿਟੀ ਦੀ ਗੱਲ ਕਰ ਰਹੇ ਹਨ, equality before law ਦੀ ਇਹ ਗੱਲ ਕਰ ਰਹੇ ਹਨ, ਮੋਰੈਲਿਟੀ ਤੇ ਆ ਜਾਓ ਜੀ।

ਇਹ ਕਰੰਟ ਇਸ਼ੂ ਹੈ । ਇਸ ਲਈ ਮੈਂ ਜ਼ੀਰੋ ਆਵਰ ਵਿੱਚ ਲੈ ਰਿਹਾ ਹਾਂ। ਡਿਸਕਸ਼ਨ ਤਾਂ ਬਾਅਦ ਵਿੱਚ ਕਰਾਂਗੇ । ਚੋਣ ਮੈਨੀਫੈਸਟੋ ਬਾਰੇ ਡਿਪਟੀ ਸੀ.ਐਮ ਸਾਹਿਬ ਹੱਸ ਰਹੇ ਸੀ ਕਿ ਤੁਹਾਡੇ ਵਾਲਾ ਮੈਨੀਫੈਸਟੋ ਲਈ ਫਿਰਦੇ ਹਾਂ। ਤੁਹਾਡੇ ਕੋਲ ਇਸ ਦੀ ਕਾਪੀ ਨਹੀਂ ਹੁੰਦੀ, ਮੈਂ ਚੁੱਕੀ ਫਿਰਦਾ ਹਾਂ। ਸਾਡੇ ਵਾਲਾ ਤੁਸੀਂ ਰੱਖਿਆ ਕਰੋ, ਅਸੀਂ ਤੁਹਾਡੇ ਵਾਲਾ ਰੱਖਿਆ ਕਰਾਂਗੇ ।

Mr. Speaker : Jakhar Sahib, this is not a current matter.

ਸ਼੍ਰੀ ਸੁਨੀਲ ਜਾਖੜ : ਨਹੀਂ ਸਰ, ਅੱਜ ਦੇ ਨਾਲ ਰਿਲੇਟਿਡ ਮੈਟਰ ਹੈ। 'Sports and War on Drugs' ਹੈਡਿੰਗ ਤਹਿਤ ਨੰਬਰ 10 ਤੇ ਲਿਖਿਆ ਹੈ ਕਿ 'ਕਗਰ ੳਰ;ਕਗ੍ਰਅਫਕ ਰਅ ਣਗਚਪਤ। ਸਪੀਕਰ ਸਾਹਿਬ, ਮੈਨੂੰ ਜ਼ੀਰੋ ਆਵਰ ਵਿੱਚ 'ਜ਼ੀਰੋ' ਲਫਜ਼ ਬਾਰੇ ਤਾਂ ਐਕਸਪਲੇਨ ਕਰ ਦਿਉ। (ਵਿਘਨ) (ਸ਼ੋਰ) ਇਸ ਵਿੱਚ ਲਿਖਿਆ ਹੈ, "Zero Tolerance on Drugs", What is 'Zero Tolerance on Drugs' ? ਜ਼ੀਰੋ ਟਾਲਰੈਂਸ ਹੋਣ ਦੇ ਬਾਵਜੂਦ ਇੱਥੇ ਬੈਠੇ ਹਨ।

ਮਾਨਯੋਗ ਸਪੀਕਰ : ਇਸ ਬਾਰੇ ਗਵਰਨਰ ਐਡਰੈਸ ਤੇ ਬੋਲਿਆ ਜਾਣਾ ਹੈ।

ਸ਼੍ਰੀ ਸੁਨੀਲ ਜਾਖੜ : ਗਵਰਨਰ ਐਡਰੈਸ ਤੇ ਤਾਂ ਹੋਰ ਸਾਰੇ ਇਸ਼ੂਜ਼ ਆ ਜਾਣਗੇ। (ਵਿਘਨ) (ਸ਼ੋਰ)

Mr. Speaker : I will give you time. ਮੈਂ ਕਹਿੰਦਾ ਹਾਂ ਕਿ ਤੁਹਾਨੂੰ ਅੱਗੇ ਪੂਰਾ ਟਾਈਮ ਦਿਆਂਗਾ।

ਸ਼੍ਰੀ ਸੁਨੀਲ ਜਾਖੜ : ਕੀ ਟਾਈਮ ਦਿਉਗੇ ਤੁਸੀਂ, ਸਪੀਕਰ ਸਾਹਿਬ ? (ਵਿਘਨ) (ਸ਼ੋਰ) ਇੱਕ ਘੰਟਾ ਹੀ ਦਿੱਤਾ ਹੈ। (ਵਿਘਨ) ਸਾਡੇ ਮੰਤਰੀ ਫਿਲੌਰ ਸਾਹਿਬ ਨਿਹਾਇਤ ਸ਼ਰੀਫ ਵਿਅਕਤੀ ਹਨ ਪਰ ਮੌਰਲ ਰਿਸਪਾਂਸੀਬਿਲਟੀ ਤਾਂ ਕੋਈ ਚੀਜ਼ ਹੁੰਦੀ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਅਤੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਪਹਿਲਾਂ ਇਨ੍ਹਾਂ ਨੇ ਜੋਸ਼ੀ ਜੀ ਦਾ ਸਵਾਲ ਉਠਾਇਆ। ਕੀ ਸਰਕਾਰ ਨੇ ਉਸ ਕੇਸ ਵਿੱਚ ਕੋਈ ਰਿਆਇਤ ਕੀਤੀ ? ਉਹ ਕੇਸ ਸਿੱਧਾ ਜੁਡੀਸ਼ੀਅਲ ਮੈਜਿਸਟਰੇਟ ਕੋਲ ਚਲਾ ਗਿਆ। ਸਪੀਕਰ ਸਾਹਿਬ, ਜੇਕਰ ਇਨ੍ਹਾਂ ਨੂੰ ਜ਼ਿਆਦਾ ਸ਼ੌਕ ਹੈ, ਤੁਸੀਂ ਡਰੱਗਜ਼ ਦੇ ਮਸਲੇ ਤੇ ਟਾਈਮ ਰੱਖ ਕੇ ਬਹਿਸ ਕਰਵਾ ਦਿਉ। ਐਵੇਂ ਇੱਥੇ ਸੀਟ ਤੇ ਖੜ੍ਹ ਕੇ ਬੋਲਣ ਤੇ ਫਿਰ ਵਾਕ-ਆਊਟ ਕਰਨ ਦਾ ਕੋਈ ਫਾਇਦਾ ਨਹੀਂ। ਅਸੀਂ ਡਰੱਗਜ਼ ਦੇ ਮਸਲੇ ਤੇ ਬਹਿਸ ਕਰਨ ਲਈ ਬਿਲਕੁਲ ਤਿਆਰ ਹਾਂ। ਅਸੀਂ ਸਾਬਤ ਕਰਾਂਗੇ ਕਿ ਜ਼ੀਰੋ ਟਾਲਰੈਂਸ ਹੈ ਅਤੇ ਅਸੀਂ ਇਹ ਫਿਗਰਜ਼ ਨਾਲ ਸਾਬਤ ਕਰਾਂਗੇ। (ਥੰਪਿੰਗ) ਚੌਧਰੀ ਸਾਹਿਬ, ਤੁਹਾਡੇ ਵਰਗੇ ਸਿਆਣੇ ਬੰਦੇ ਦੇ ਮੂੰਹੋਂ ਇਹੋ ਜਿਹੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ। ਤੁਸੀਂ ਬਹਿਸ ਕਰਵਾ ਲਉ। ਤੁਸੀਂ ਬੋਲ ਲੈਣਾ, ਅਸੀਂ

[ਮੁੱਖ ਮੰਤਰੀ]

ਵੀ ਬੋਲ ਲਵਾਂਗੇ। ਜਿਨ੍ਹਾਂ ਦਾ ਤੁਸੀਂ ਨਾਂ ਲੈਣਾ ਹੈ, ਉਹ ਬੋਲ ਲਵੇ । ਮੈਂ ਬੋਲ ਲਵਾਂਗਾ, ਤੁਸੀਂ ਬੋਲ ਲੈਣਾ ਤੇ ਹੋਰ ਜਿਹੜਾ ਤੁਹਾਡਾ ਭਲਵਾਨ ਹੈ, ਉਹ ਬੋਲ ਲਵੇ। ਕਿਉਂ ਆਪਾਂ ਐਵੇਂ ਵਕਤ ਜ਼ਾਇਆ ਕਰੀ ਜਾਂਦੇ ਹਾਂ। ਹਰ ਗੱਲ ਤੇ ਵਾਕ-ਆਊਟ ਹੋ ਰਿਹਾ ਹੈ। ਤੁਸੀਂ ਡਰੱਗਜ਼ ਤੇ ਅੱਧਾ ਘੰਟਾ ਬਹਿਸ ਕਰ ਲੈਣਾ। ਅਸੀਂ ਜ਼ੀਰੋ ਟਾਲਰੈਂਸ ਦੱਸਾਂਗੇ, ਤੁਸੀਂ ਆਪਣੀ ਦੱਸ ਦਿਉ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਬਹਿਸ ਵਾਸਤੇ ਤਾਂ ਟਾਈਮ ਲੈਣ ਦੀ ਗੱਲ ਕਰੀ ਜਾਂਦੇ ਹਨ। ਇੱਕ ਪਾਸੇ ਟਾਈਮ ਘਟਾਈ ਜਾਂਦੇ ਹੋ ਅਤੇ ਦੂਜੇ ਪਾਸੇ ਕਹਿ ਦਿੰਦੇ ਹੋ ਕਿ ਬਹਿਸ ਕਰ ਲਉ । ਚਲੋ, ਇਸ ਤੇ ਹੀ ਕਰ ਲੈਂਦੇ ਹਾਂ। ਸਪੀਕਰ ਸਾਹਿਬ, ਇਸ ਤੋਂ ਹੋਰ ਵੱਡਾ ਮਸਲਾ ਬਹਿਸ ਕਰਨ ਲਈ ਕਿਹੜਾ ਹੈ ?

ਮਾਨਯੋਗ ਸਪੀਕਰ : ਜਾਖੜ ਸਾਹਿਬ, ਮੈਂ ਇਹ ਕਹਿਣਾ ਤਾਂ ਨਹੀਂ ਚਾਹੁੰਦਾ ਸੀ ਪਰ ਹੁਣ ਦੱਸਦਾ ਹਾਂ ਕਿ ਲਾਸਟ ਟਾਈਮ ਜਿਨ੍ਹਾਂ ਮੈਟਰਜ਼ ਤੇ ਤੁਸੀਂ ਚਾਹੁੰਦੇ ਸੀ ਕਿ ਬਹਿਸ ਕਰਵਾਉਣੀ ਹੈ, ਤੁਸੀਂ ਛੇ ਮੈਟਰ ਦਿੱਤੇ ਅਤੇ ਉਨ੍ਹਾਂ ਵਿੱਚੋਂ ਪੰਜਾਂ ਤੇ ਬਹਿਸ ਕਰਵਾ ਦਿੱਤੀ ਸੀ । ਨਾ ਤੁਹਾਡਾ ਗਿਲਾ ਰਿਹਾ ਤੇ ਨਾ ਹੀ ਇਨ੍ਹਾਂ ਦਾ ਰਿਹਾ । ਜੇ ਤੁਸੀਂ ਹੁਣ ਵੀ ਮੈਨੂੰ ਨੋਟ ਦੇ ਦਿੰਦੇ ਤਾਂ ਮੈਂ ਇਨ੍ਹਾਂ ਨਾਲ ਡਿਸਕਸ ਕਰਕੇ ਤੁਹਾਡੀ ਬਹਿਸ ਕਰਵਾ ਦਿੰਦਾ । ਤੁਸੀਂ ਤਾਂ ਕਿਹਾ ਹੀ ਨਹੀਂ। ਤੁਸੀਂ ਮੈਨੂੰ ਮਿਲਣਾ ਜ਼ਰੂਰੀ ਹੀ ਨਹੀਂ ਸਮਝਿਆ। (ਵਿਘਨ) (ਸ਼ੋਰ)

ਉਪ ਮੁੱਖ ਮੰਤਰੀ (ਬੈਠੇ-ਬੈਠੇ) : ਟਿਕਟਾਂ ਦਾ ਰੌਲਾ ਸੀ ਜੀ।

ਮਾਨਯੋਗ ਸਪੀਕਰ : ਮੈਂ ਪੰਜਾਂ ਮੈਟਰਾਂ ਤੇ ਬਹਿਸ ਕਰਵਾਈ। ਹੁਣ ਅਨਫਾਰਚੂਨੇਟਲੀ, ਤੁਹਾਡੇ ਵੱਲੋਂ ਕੋਈ ਏਜੰਡਾ ਹੀ ਨਹੀਂ ਆਇਆ ਤਾਂ ਮੈਂ ਕਿਸ ਤੋਂ ਪੁੱਛਦਾ? (ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ this is your prerogative. (ਵਿਘਨ) ਇਨ੍ਹਾਂ ਨੇ ਧੰਨਵਾਦ ਦਾ ਮਤਾ ਮੂਵ ਕੀਤਾ ਹੈ (ਵਿਘਨ) ਇਹ ਕਹਿੰਦੇ ਹਨ..... (ਵਿਘਨ) (ਸ਼ੋਰ)

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਮੈਂ ਤੁਹਾਨੂੰ ਇੱਕ ਗੱਲ ਦੱਸ ਦੇਵਾਂ ਕਿ ਮੈਂ ਤੁਹਾਨੂੰ ਵਧਾਈ ਦੇਣੀ ਚਾਹੁੰਦਾ ਹਾਂ। (ਵਿਘਨ) (ਸ਼ੋਰ) ਮੈਂ ਸੋਚਿਆ ਸੀ ਕਿ ਪਤਾ ਨਹੀਂ ਜਾਖੜ ਸਾਹਿਬ ਕਿੰਨੀ ਤਿਆਰੀ ਕਰ ਕੇ ਆਉਣਗੇ ਪਰ ਇਨ੍ਹਾਂ ਕੋਲ ਤਾਂ ਕੋਈ ਮੁੱਦਾ ਹੀ ਨਹੀਂ ਹੈ। ਤੁਸੀਂ ਪਹਿਲਾਂ ਜੋਸ਼ੀ ਸਾਹਿਬ ਦੇ ਮਗਰ ਪੈ ਗਏ ਤੇ ਹੁਣ ਡਰੱਗਜ਼ ਦੇ ਮਗਰ ਪੈ ਗਏ । ਜੋ ਡਰੱਗਜ਼ ਦੀ war ਅਸੀਂ ਲੜੀ ਹੈ, ਕੋਈ ਲੜ ਨਹੀਂ ਸਕਦਾ। (ਥੰਪਿੰਗ) ਜੋ ਅਸੀਂ ਬੰਦੇ ਫੜੇ ਹਨ, ਕੋਈ ਫੜ ਨਹੀਂ ਸਕਦਾ । ਤੁਸੀਂ ਡਬਲ ਸਟੈਂਡਰਡ ਬਾਰੇ ਗੱਲ ਕਰਦੇ ਹੋ। ਤੁਸੀਂ ਆਪਣੀ ਸੀ.ਬੀ.ਆਈ, ਡੀ.ਆਰ.ਆਈ. ਅਤੇ ਜੋ ਦੂਜੀਆਂ ਏਜੰਸੀਆਂ ਹਨ, ਉਨ੍ਹਾਂ ਸਾਰੀਆਂ ਨੂੰ ਵਰਤਦੇ ਹੋ। ਸੁਪਰੀਮ ਕੋਰਟ ਕਹਿ ਰਿਹਾ ਹੈ ਕਿ ਸੀ.ਬੀ.ਆਈ. caged parrot ਹੈ। ਤੁਸੀਂ ** ** ਨੂੰ ਕਲੀਨ ਚਿੱਟ ਦਿੱਤੀ, ** ** ਨੂੰ ਕਲੀਨ ਚਿੱਟ ਦਿੰਦੇ

**Expunged as ordered by the Chair.

ਹੋ। ਇਹ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਕੀ ਹੋ ਰਿਹਾ ਹੈ। ਇਸ ਕਰਕੇ ਮੈਂ ਸਮਝਦਾ ਹਾਂ there is frustration on that side. This does not mean that you take out your frustration here. ਜਾਖੜ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਡਰੱਗਜ਼ ਕਿੱਥੋਂ ਆਉਂਦੇ ਹਨ ? ਬਾਰਡਰ ਤੇ ਅਸੀਂ ਕਿੰਨੇ ਹੀ ਬੰਦੇ ਫੜੇ ਹਨ। ਤੁਹਾਨੂੰ ਵੀ ਪਤਾ ਹੈ ਕਿ ਬਾਰਡਰ ਤੇ ਕਿਸ ਦਾ ਹੱਥ ਹੈ । ਅਸੀਂ 23000 ਲੋਕਾਂ ਨੂੰ ਅੰਦਰ ਕੀਤਾ ਹੈ । (ਥੰਪਿੰਗ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ we will deal with iron hands. Are these all iron hands? ਕਿਸੇ ਨੇ ਜੇਕਰ ਇਲਜ਼ਾਮ ਲਗਾ ਦਿੱਤਾ, ਅਸੀਂ ਸਿਰਫ ਉਸ ਦੇ ਕਰਕੇ ਹੀ ਨਹੀਂ ਕਹਿ ਰਹੇ । ਹੁਣ ਇੱਕ ਬੱਚੇ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਬੁਲਾਇਆ, it is not on heresy, ਕਿਸੇ ਨੇ ਕੋਈ ਨਾ ਕੋਈ ਪੁਲਿਸ ਵਿੱਚ ਬਿਆਨ ਦਿੱਤੇ ਹੋਣਗੇ ਤਾਂ ਹੀ ਉਨ੍ਹਾਂ ਨੂੰ ਸੰਮਨ ਕੀਤਾ ਹੈ । ਇਸ ਤਰ੍ਹਾਂ ਤਾਂ ਸੰਮਨ ਨਹੀਂ ਹੋ ਗਏ , not because he has made statement to the Press. ਸਪੀਕਰ ਸਾਹਿਬ, ਇਸ ਤੇ ਗੌਰ ਕਰਨ ਦੀ ਗੱਲ ਹੈ, ਇਸ ਗੱਲ ਨੂੰ ਐਵੇਂ ਹੀ ਰੋਲ ਨਾ ਦਿਉ ਕਿ ਫਰੱਸਟ੍ਰੇਸ਼ਨ ਹੈ .... (ਵਿਘਨ)

ਮਾਨਯੋਗ ਸਪੀਕਰ : ਫਿਲੌਰ ਸਾਹਿਬ, ਬਿਆਨ ਦੇਣਾ ਚਾਹੁੰਦੇ ਹਾਂ । ਹਾਂ ਜੀ, ਫਿਲੌਰ ਸਾਹਿਬ । (ਵਿਘਨ) (ਸ਼ੋਰ) ਹਾਂ ਜੀ ਸੀ. ਐਮ. ਸਾਹਿਬ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਾਹਮਣੇ ਬੈਠੇ ਸਾਰੇ ਭਰਾਵਾਂ ਨੂੰ ਆਖਦਾ ਹਾਂ ਕਿ ਆਪਾਂ ਗਵਰਨਰ ਸਾਹਿਬ ਤੇ ਐਡਰੈਸ ਤੇ ਬਹਿਸ ਕਰ ਲਈਏ । ਡਰੱਗਜ਼ ਦੇ ਸਬਜੈਕਟ ਤੇ ਜਿਹੜਾ ਤੁਹਾਡਾ ਸਪੈਸ਼ਲਿਸਟ ਹੈ, ਉਹ ਬੋਲੇ । ਉਸ ਦਾ ਅਸੀਂ ਜਵਾਬ ਦਿਆਂਗੇ । ਇਸ ਵਿੱਚ ਕੀ ਗੱਲ ਹੈ । ਐਵੇਂ ਔਖੇ ਹੋਈ ਜਾ ਰਹੇ ਹੋ । ਡਰੱਗਜ਼ ਸਬੰਧੀ ਮੈਟਰਜ਼ ਦੀ ਜਾਣਕਾਰੀ ਰੱਖਣ ਵਾਲਾ ਜਿਹੜਾ ਤੁਹਾਡਾ ਕੋਈ ਮੈਂਬਰ ਹੈ, ਜਿਸ ਨੂੰ ਇਸ ਟਰੇਡ ਦਾ ਪਤਾ ਹੈ, ਇਸ ਕੰਮ ਦਾ ਪਤਾ ਹੈ, ਉਹ ਬੋਲ ਲਵੇ । ਅਸੀਂ ਜਵਾਬ ਦੇ ਦਿਆਂਗੇ । ਕਦੀ ਆਖਦੇ ਹੋ ਕਿ ਉਸ ਨੂੰ ਨੋਟਿਸ ਆ ਗਿਆ । ਜੇ ਇਹ ਗੱਲ ਹੋਵੇ ਕਿ ਕਿਸੇ ਦਾ ਨਾਂ ਅਖਬਾਰ ਵਿੱਚ ਆ ਗਿਆ ਜਾਂ ਕਿਸੇ ਨਾ ਕਿਸੇ ਅਫਸਰ ਨੇ ਆਖ ਦਿੱਤਾ, ਫਿਰ ਤਾਂ ਜਿਸ ਦਾ ਮਰਜ਼ੀ ਆਖੋ, ਜੇ ਇਹੀ ਗੱਲ ਹੈ ਤਾਂ ਫਿਰ ਕੱਲ੍ਹ ਨੂੰ ਮੈਂ ਵੀ ਕਿਸੇ ਅਫਸਰ ਤੋਂ ਅਖਵਾ ਦਿੰਦਾ ਹਾਂ ਪਰ ਇਨ੍ਹਾਂ ਗੱਲਾਂ ਦਾ ਕੀ ਫਾਇਦਾ ਹੈ ਅਤੇ ਕੀ ਇਨ੍ਹਾਂ ਗੱਲਾਂ ਨਾਲ ਤੁਹਾਡੀ ਕੋਈ ਇੱਜ਼ਤ ਬਣੇਗੀ ? ਝੂਠੀਆਂ ਗੱਲਾਂ ਕਰਨੀਆਂ, ਝੂਠੇ ਇਲਜ਼ਾਮ ਲਗਾਉਣੇ, ਫਿਰ ਉਨ੍ਹਾਂ ਨੂੰ ਅਖਬਾਰਾਂ ਵਿੱਚ ਦੇਣਾ, ਇਹ ਕੋਈ ਅੱਛੀ ਗੱਲ ਨਹੀਂ । ਮੈਂ ਪ੍ਰੈਸ ਵਾਲਿਆਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਸਿਆਸੀ ਬੰਦਿਆਂ ਦਾ ਬੜਾ ਲੰਬਾ ਸਿਆਸੀ ਜੀਵਨ ਹੁੰਦਾ ਹੈ, ਉਹ ਵੀ ਜਦੋਂ ਕਿਤੇ ਵੀ ਕੋਈ ਖਬਰ ਕਰਨ, ਉਸ ਨੂੰ ਤਸਦੀਕ ਕਰ ਲੈਣ, ਉਸ ਨੂੰ ਪੁੱਛ ਲੈਣ । ਇਹ ਨਹੀਂ ਕਿ ਸਿੱਧਾ ਹੀ ਅਖਬਾਰ ਵਿੱਚ ਕੱਢ ਦਿੱਤਾ । ਆਪਾਂ ਕਹਿੰਦੇ ਹਾਂ ਕਿ ਇਹ ਖਬਰ ਅਖਬਾਰ ਵਿੱਚ ਆ ਗਈ ਤੇ ਸੱਚੀ ਹੋ ਗਈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਤੇ ਵੀ ਐਲੀਗੇਸ਼ਨ ਲੱਗੇ ਸਨ । ਛੇ ਸਾਲ ਸਾਰਾ ਟੱਬਰ ਇਸੇ ਚੱਕਰ ਵਿੱਚ ਹੀ ਪਿਆ ਰਿਹਾ ਪਰ ਨਿਕਲਿਆ ਕੀ ? ਪੁੱਟਿਆ ਪਹਾੜ ਤੇ ਨਿਕਲਿਆ ਚੂਹਾ । ਅਸੀਂ ਸਾਰੇ

[ਮੁੱਖ ਮੰਤਰੀ]

ਬਰੀ ਹੋ ਗਏ । ਫਿਰ ਇੱਕ ਦੂਜੇ ਨੂੰ ਜ਼ਲੀਲ ਕਰਨ ਦਾ ਕੀ ਫਾਇਦਾ ਹੈ ? ਨਾਲ ਆਪ ਜ਼ਲੀਲ ਹੁੰਦੇ ਹੋ ਤੇ ਨਾਲੇ ਸਾਨੂੰ ਜ਼ਲੀਲ ਕਰਦੇ ਹੋ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰਸਤਾ ਛੱਡ ਦਿਓ । ਰੱਬ ਦੇ ਨਾਂ ਤੇ ਛੱਡ ਦਿਓ । ਇਹ ਸਾਰੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਛੱਡਣਾ ਚਾਹੁੰਦੇ ਹਨ ਪਰ ਉਪਰਲੇ ਤੁਹਾਨੂੰ ਛੱਡਣ ਦੇਣਾ ਨਹੀਂ ਚਾਹੁੰਦੇ। ਬੀਬੀ ਭੱਠਲ ਵੀ ਛੱਡਣਾ ਚਾਹੁੰਦੀ ਹੈ ਪਰ ਉਂਗਲਾਂ ਲਗਾਉਣ ਵਾਲੇ ਨਹੀਂ ਛੱਡਣ ਦਿੰਦੇ । ਹੁਣ ਕੀ ਕਰੀਏ ? ਇਹ ਸਾਰੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਮੇਰੇ ਹੱਕ ਵਿੱਚ ਹਨ । ਭਾਵੇਂ ਇਨ੍ਹਾਂ ਨੂੰ ਪੁੱਛ ਲਓ ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਬਹੁਤ ਹੀ ਸਤਿਕਾਰਯੋਗ ਸੀ. ਐਮ. ਸਾਹਿਬ ਨੇ ਕਹਿ ਦਿੱਤਾ ਕਿ ਅਸੀਂ ਝੂਠੇ ਇਲਜ਼ਾਮ ਲਗਾ ਰਹੇ ਹਾਂ ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ : ਇਹ ਕਹਿ ਰਹੇ ਹਨ ਕਿ ਮੇਰਾ ਵੱਡਾ ਸਕੈਂਡਲ ਕੱਢ ਕੇ ਲੈ ਆਏ । ਤੁਸੀਂ ਕੋਈ ਮੁੱਦੇ ਤੇ ਗੱਲ ਕਰੋ।

ਸ਼੍ਰੀ ਸੁਨੀਲ ਜਾਖੜ : ਮੈਂ equality before law ਦੀ ਗੱਲ ਕੀਤੀ ਹੈ ।

ਮਾਨਯੋਗ ਸਪੀਕਰ : ਜੋਸ਼ੀ ਸਾਹਿਬ, ਮੈਂ ਚੌਥੀ ਵਾਰ ਤੁਹਾਨੂੰ ਬੇਨਤੀ ਕੀਤੀ ਹੈ ਕਿ ਜਦੋਂ ਤੁਸੀਂ ਐਡਰੈਸ ਕਰਨਾ ਹੈ, you have to ask for permission from the Chair. ਤੁਸੀਂ ਆਪਣੇ ਆਪ ਹੀ ਖੜ੍ਹੇ ਹੋ ਜਾਂਦੇ ਹੋ ਤੇ ਆਪਣੇ ਆਪ ਹੀ ਬੈਠ ਜਾਂਦੇ ਹੋ । ਹਾਂ ਜੀ, ਜਾਖੜ ਸਾਹਿਬ, ਦੱਸੋ ਜੀ ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਹਾਊਸ ਦੀ ਪ੍ਰੋਪਰਾਇਟੀ ਤੁਸੀਂ ਮੇਨਟੇਨ ਕਰਦੇ ਹੋ ਪਰ ਕੋਈ ਲਾਅ ਦੀ ਜਾਂ ਮਾਰਲ ਪ੍ਰੋਪਰਾਇਟੀ ਵੀ ਤਾਂ ਕੋਈ ਹੋਣੀ ਹੈ, that is what I asking about. ਸਪੀਕਰ ਸਾਹਿਬ, ਮੇਰੇ ਸਾਥੀ ਸ਼ਾਇਦ ਖੁਸ਼ ਨਾ ਹੋਣ but I am very fond of Mr. Bikram Singh Majithia as a person and I hope and believe that he is not himself involved in drugs trade. I am saying on the floor of the House. ਮੇਰੇ ਲੋਕ ਨਰਾਜ਼ ਹੋਣਗੇ but he is equally guilty of a far bigger crime of shielding those people who are perpetuating it, who are drugs dealer. (Thumping). ਇਨ੍ਹਾਂ ਨੇ ਇੱਕ ਫੌਜ ਖੜ੍ਹੀ ਕਰ ਰੱਖੀ ਹੈ ਤੇ ਉਨ੍ਹਾਂ ਨੂੰ ਕੋਈ ਐਸ. ਓ. ਆਈ. ਦੀ ਮੋਹਰ ਲਗਾ ਦਿੱਤੀ ਹੈ । ਜਿਵੇਂ ਕਿ ਕਿਹਾ ਜਾਂਦਾ ਹੈ:

ਭੈੜੇ ਭੈੜੇ ਯਾਰ ਮੇਰੀ ਫੱਤੋ ਦੇ ।

ਇੰਨੀ ਸਾਰੀ ਫੌਜ ਇਕੱਠੀ ਕਰ ਰੱਖੀ ਹੈ। ਇਹ ਡੀ.ਆਰ.ਆਈ. ਤੇ ਐਲੀਗੇਸ਼ਨ ਲਗਾਉਂਦੇ ਹਨ, ਇਨ੍ਹਾਂ ਲੋਕਾਂ ਨੇ ਉਨ੍ਹਾਂ ਲੋਕਾਂ ਨੂੰ ਪ੍ਰੋਟੈਕਟ ਕੀਤਾ ਹੈ ਜਿਹੜੇ ਡਰੱਗਜ਼ ਟਰੇਡ ਨੂੰ ਬੜ੍ਹਾਵਾ ਦਿੰਦੇ ਹਨ। Only question is, was he in knowledge that these people are involved in drugs trade ਜਾਂ ਫਿਰ ਇਕੱਲੀ ਇੱਥੇ ਬਦਮਾਸ਼ ਫੌਜ ਖੜ੍ਹੀ ਕਰ ਰੱਖੀ ਹੈ । ਮੇਰਾ ਖਿਆਲ ਹੈ ਕਿ ਫਿਲੌਰ ਸਾਹਿਬ ਤੋਂ ਭਲਾ ਆਦਮੀ ਹਾਊਸ ਵਿੱਚ ਕੋਈ ਨਹੀਂ ਹੋਣਾ । (ਵਿਘਨ) ਗੱਲ ਤਾਂ ਸੁਣ ਲਓ । ਮੈਂ ਸਿਰਫ ਆਪਣਾ ਉਪੀਨੀਅਨ

ਦੇ ਰਿਹਾ ਹਾਂ (ਸ਼ੋਰ) ਕੋਰਟ ਨੇ, ਇਨਫੋਰਸਮੈਂਟ ਡਾਇਰੈਕਟੋਰੇਟ ਨੇ ਬੁਲਾਇਆ। Do they have the capacity to influence the investigation ? Yes. ਸਪੀਕਰ ਸਾਹਿਬ, ਫਿਰ ਚਲੋ, ਅਸੀਂ ਤਾਂ ਝੂਠੇ ਹੋ ਗਏ । ਬਾਦਲ ਸਾਹਿਬ ਵੱਡੇ ਹਨ। ਇਨ੍ਹਾਂ ਨੇ ਇੱਥੇ ਮੈਨੂੰ ਅਨਪਾਰਲੀਮੈਂਟਰੀ ਕਹਿ ਦਿੱਤਾ । ਮੈਂ ਅਨਪਾਰਲੀਮੈਂਟਰੀ ਮੰਨ ਲਿਆ। ਫਿਰ ਡਾਕਟਰ ਅਜਨਾਲਾ ਸਾਹਿਬ ਨੂੰ ਕਿਉਂ ਟਿਕਟ ਨਹੀਂ ਦਿੱਤੀ ? ਉਨ੍ਹਾਂ ਨੂੰ ਕਿਉਂ ਖੁੱਡੇ ਲਗਾ ਦਿੱਤਾ? (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਰਣੀਕੇ ਸਾਹਿਬ ਨੇ ਕਿਵੇਂ ਅਸਤੀਫਾ ਦੇ ਦਿੱਤਾ ਸੀ । Now he is back. ਜਦੋਂ ਤੁਹਾਡੀ ਇਨਕੁਆਰੀ ਹੋਈ ਤੇ ਤੁਸੀਂ ਪਾਕ ਦਾਮਨ ਬਣਾ ਦਿੱਤਾ ।

Deputy Chief Minister : I want to answer.

Shri Sunil Jakhar : Let me finish. ਜਦੋਂ ਮੈਂ ਕਹਿੰਦਾ ਹਾਂ ਕਿ I hope and believe, it is not only for one person, then we have much bigger worries. Then that is something very wrong in our moral values and social fabric. ਖੁਦਾ ਨਾ ਖਾਸਤਾ ਅਗਰ ਇਹੋ ਜਿਹੀ ਗੱਲ ਨਿਕਲ ਜਾਂਦੀ ਹੈ, ਇੰਨੇ ਵੱਡੇ ਖਾਨਦਾਨ ਦਾ ਇੱਡਾ ਨੂਰ-ਏ-ਚਸ਼ਮ ਹੋਵੇ ਅਤੇ ਇਹੋ ਜਿਹੇ ਇਲਜ਼ਾਮ ਲੱਗਣ, I do not believe but ਮੈਂ ਕਲੀਨ ਚਿਟ ਨਹੀਂ ਦਿੰਦਾ ਕਿਉਂਕਿ ਇਨ੍ਹਾਂ ਨੇ ਉਨ੍ਹਾਂ ਗਲਤ ਲੋਕਾਂ ਦੀ ਜਿਹੜੀ ਫੌਜ ਖੜ੍ਹੀ ਕਰ ਰੱਖੀ ਹੈ, ਜਿਨ੍ਹਾਂ ਨੇ ਅੱਜ ਗਦਰ ਮਚਾ ਰੱਖਿਆ ਹੈ। ਲੁਧਿਆਣੇ ਦੇ ਵਿੱਚ 200 ਫਾਇਰ ਹੋਏ, ਲੁਧਿਆਣਾ ਕੋਈ ਬਰੂਦ ਦਾ ਢੇਰ ਤਾਂ ਹੈ ਨਹੀਂ ....

ਮਾਨਯੋਗ ਸਪੀਕਰ : ਇਹ ਗੱਲਾਂ ਤੁਸੀਂ ਗਵਰਨਰ ਐਡਰੈਸ ਤੇ ਕਰ ਸਕਦੇ ਹੋ।

ਸ਼੍ਰੀ ਸੁਨੀਲ ਜਾਖੜ : ਸਾਰਾ ਕੁਝ ਹੀ ਕਰਨਾ ਪਵੇਗਾ, ਗਵਰਨਰ ਐਡਰੈਸ ਤੇ ਵੀ ਬੋਲਾਂਗੇ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਇਨ੍ਹਾਂ ਨੇ 'ਭੈੜੇ ਭੈੜੇ ਯਾਰ ਮੇਰੀ ਫੱਤੋ ਦੇ' ਵਾਲੀ ਗੱਲ ਤਾਂ ਕਰ ਦਿੱਤੀ। Jakhar Sahib; first of all, I want to be very frank. I thank you that ever since this controversy broke out.... (ਵਿਘਨ) ਬੀਬੀ ਜੀ, ਮੈਂ ਜਿਹੜੀ ਮਰਜ਼ੀ ਲੈਂਗੁਏਜ਼ ਵਿੱਚ ਬੋਲਾਂ ਤੁਹਾਨੂੰ ਕਾਹਦਾ ਫਿਕਰ ਹੈ। ਮੈਂ ਜਿਹੜੀ ਬੇਨਤੀ ਕਰਦਾ ਹਾਂ, ever since this controversy broke out, not one statement has come from me. I fully appreciate .... (interruption) ਕਿਉਂਕਿ ਅਸੀਂ ਸਾਰੇ ਚੁਣੇ ਹੋਏ ਨੁਮਾਇੰਦੇ ਹਾਂ। ਸੌ ਤਰੀਕੇ ਦੀ ਇਲਜ਼ਾਮਬਾਜ਼ੀ ਸਾਡੇ ਤੇ ਲੱਗ ਜਾਂਦੀ ਹੈ but till proven guilty, ਤੁਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਗਿਲਟੀ ਹੈ। ਇੰਝ ਤਾਂ ** ** ਤੇ ਵੀ ਇਲਜ਼ਾਮ ਲੱਗਿਆ ਸੀ, 'ਦਿਲ ਲੈ ਗਈ ਕੁੜੀ ਗੁਜਰਾਤ ਦੀ'। ਕੀ ਆਪਾਂ ਉਹ ਇੰਨੀ ਛੇਤੀ ਭੁੱਲ ਗਏ ਹਾਂ ?

**Not recorded as ordered by the Chair.

[ਮਾਲ ਤੇ ਮੁੜ ਵਸੇਬਾ ਮੰਤਰੀ]

ਕਿਹੜੇ ਕਿਹੜੇ ਮੈਂ ਇਲਜ਼ਾਮ ਦੱਸਾਂ, ਇਹ ਆਪਣਿਆਂ ਦੀਆਂ ਵੀ ਦੱਸਣ ...(ਵਿਘਨ)..... ਰਾਣਾ ਸਾਹਿਬ ਕਹਿੰਦੇ ਹਨ ਕਿ ਕਿਸੇ ਨੂੰ ਨਹੀਂ ਛੱਡਿਆ ....(ਹਾਸਾ).... ਜਿਵੇਂ ਕਿ ਇੱਕ ਕਹਾਵਤ ਹੈ, 'ਆਪਣੀਆਂ ਨਾ ਦੱਸਾਂ, ਪਰਾਈਆਂ ਕਰ ਕਰ ਹੱਸਾਂ'। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹੀ ਮਾਪਦੰਡ ਹੈ, ਫਿਰ ਮਜੀਠੀਆ ਲਈ ਵੀ ਉਹੋ ਹੋਵੇ ਅਤੇ ** ** ਲਈ ਵੀ ਉਹੋ ਹੋਵੇ। ਆਹ 'ਕੋਲ ਸਕੈਮ', 'ਟੂ ਜੀ ਸਪੈਕਟਰਮ'.....

ਮਾਨਯੋਗ ਸਪੀਕਰ : ** ** ਦਾ ਨਾਮ ਐਕਸਪੰਜ ਕਰ ਦਿਓ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਇਨ੍ਹਾਂ ਦੇ ਦਿੱਲੀ ਬੈਠੇ ਮੰਤਰੀ ਸਾਰਾ ਕੁਝ ਕਰਦੇ ਹਨ। ਆਹ ਮੇਰੇ ਕੋਲ ਸਾਰਾ ਪੁਲੰਦਾ ਹੈ .....(ਵਿਘਨ)..... even ** ** should be guilty, even ** ** should be guilty

Mr. Speaker : Names should be expunged ... (Interruption) .....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਜਾਖੜ ਸਾਹਿਬ, ...(ਵਿਘਨ.....ਸ਼ੋਰ).... ਇੱਕ ਮਿੰਟ, ਇੱਕ ਮਿੰਟ। (ਰਾਣਾ ਗੁਰਜੀਤ ਸਿੰਘ ਵੱਲੋਂ ਵਿਘਨ) ਠੀਕ ਹੈ, ਤੁਸੀਂ ਕਹਿ ਦਿੱਤੀ, ਮੈਂ ਮੰਨ ਲਈ। ਇਹ ਮੇਰਾ ਗਵਾਂਢੀ ਹੈ, ਮੈਂ ਸਾਰੀਆਂ ਗੱਲਾਂ ਮੰਨਦਾ ਹਾਂ। ਤੁਸੀਂ ਯੂਥ ਅਕਾਲੀ ਦਲ ਦੇ ਕਈ ਬੰਦਿਆਂ ਦਾ ਨਾਮ ਲਿਆ । If somebody has done something wrong, he will pay for his misdeeds. That is my stand on this. ਮੈਨੂੰ ਪਤਾ ਸੀ ਤੁਹਾਡੇ ਕਿੱਥੇ ਦਰਦ ਹੋਣੀ ਹੈ। ਮੈਂ ਵੀ ਦਰਦ ਕਰਕੇ ਹੀ ਕਿਹਾ ਹੈ। ਕੀ ** ** ਜਾਂ ਕੋਈ ਇਨਵਾਲਵਡ ਹੈ ? ਮੈਂ ਨਹੀਂ ਕਹਿੰਦਾ। ਫਿਰ ਮਾਪਦੰਡ ਬਰਾਬਰ ਹੋਵੇ, ਜੇ ਮਜੀਠੀਏ ਨੂੰ ਹਰ ਗੱਲ ਦਾ ਇਲਜ਼ਾਮ ਦੇਣਾ ਹੈ, ਫਿਰ ਮੇਰੇ ਵੀਰੋ ਉਥੋਂ ਵੀ ਨਾ ਭੱਜੋ। ** ** ਅਤੇ ** ** equally guilty for all crimes..... so, with all due respect, Jakhar Sahib, you are a honest member... (interruption)

ਮਾਨਯੋਗ ਸਪੀਕਰ : ਨਾਮ ਐਕਸਪੰਜ ਕੀਤੇ ਜਾਂਦੇ ਹਨ ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਬਾਜਵਾ ਸਾਹਿਬ ਦਾ ਦਰਦ ਮੈਂ ਸਮਝਦਾ ਹਾਂ, ਪਿਛਲੀ ਵਾਰੀ ਵੈਸੇ ਤੁਸੀਂ ਮੇਰੇ ਕੋਲੋਂ ਬੁਲਾਉਂਦੇ ਸੀ। ਮੈਨੂੰ ਕਹਿੰਦੇ ਸੀ ਚੁੱਪ ਨਾ ਕਰ, ਬੋਲੀ ਚੱਲ । ਮੈਂ ਬੋਲਦਾ ਸੀ । ਮੈਂ ਉਹ ਦਰਦ ਸਮਝਦਾ ਹਾਂ।

ਇੱਕ ਆਵਾਜ਼ : ਉਹ ਰਿਪੋਰਟ ਤਾਂ ਆਈ ਨਹੀਂ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਰਿਪੋਰਟ ਆਏਗੀ, ਮੈਂ ਲਿਆਵਾਂਗਾ । ਮੌਕੇ

**Expunged as ordered by the Chair.

ਸਿਰ ਲਿਆਵਾਂਗਾ । ਤੁਹਾਡੇ ਹਿਸਾਬ ਨਾਲ ਹੀ ਨਹੀਂ ਸਾਰਾ ਕੁਝ ਹੁੰਦਾ। ਤੁਸੀਂ ਮੇਰੀ ਡਿਊਟੀ ਲਗਾਈ ਹੈ। ਮੈਂ ਵਚਨਬੱਧ ਹਾਂ। ਮੈਂ ਲੈ ਕੇ ਆਵਾਂਗਾ। ਮੈਂ ਚਾਰ ਦਿਨਾਂ ਦਾ ਦੇਖ ਰਿਹਾ ਹਾਂ, ਮੁੜ ਮੁੜ ਯਾਦ ਸਤਾਵੇ ਮਜੀਠੀਏ ਦੀ। ਇਹ ਕਹਿੰਦੇ ਸਨ ਕਿ ਮਜੀਠੀਆ ਨਹੀਂ ਆਇਆ, ਫਲਾਣਾ ਨਹੀਂ ਆਇਆ। ਮੈਂ ਆਵਾਂਗਾ, ਮੈਂ ਸਾਰੀ ਗੱਲ ਕਰਾਂਗਾ । ਮੈਂ ਇਹ ਗੱਲ ਕਰਦਾ ਸੀ ਕਿ ਜੇਕਰ ਇਹ ਮਾਪਦੰਡ ਲੈਣੇ ਹਨ ਤਾਂ ** ** ਦੇ ਕਿੱਸੇ ਜੇ ਮੈਂ ਫਰੋਲਣ ਲੱਗ ਗਿਆ, ਜਿਹੜਾ ** ** ਬੀਬੀ ਜੀ ਦਾ ਨਹੀਂ ਬਣਿਆ, ਕੀ ਉਸ ਨੇ ਤੁਹਾਡਾ ਬਣ ਜਾਣਾ ਹੈ ......(ਹਾਸਾ)...... ਜਿਹੜਾ ਬੀਬੀ ਜੀ ਦਾ ਨਹੀਂ ਬਣਿਆ, ਕੀ ਉਸ ਨੇ ਪੰਜਾਬ ਦਾ ਬਣ ਜਾਣਾ ਹੈ ? .....(ਵਿਘਨ).....

Mr. Speaker: This is Zero Hour. Majithia ji, this is Zero Hour.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਮਾਪਦੰਡ ਬਰਾਬਰ ਰੱਖਣੇ ਪੈਣਗੇ। ਇਹ ਨਹੀਂ ਕਿ ਜੇਕਰ ਕੋਈ ਅਕਾਲੀ ਦਲ ਦਾ ਹੈ ਤਾਂ ਮਾਪਦੰਡ ਵੱਖਰੇ ਹਨ, ਭਾਜਪਾ ਦਾ ਹੈ ਤਾਂ ਮਾਪਦੰਡ ਵੱਖਰੇ ਹਨ ਅਤੇ ਕਾਂਗਰਸ ਦਾ ਹੈ ਤਾਂ ਮਾਪਦੰਡ ਵੱਖਰੇ ਹਨ।

ਮਾਨਯੋਗ ਸਪੀਕਰ : Zero Hour is over. ਜ਼ੀਰੋ ਆਵਰ ਖਤਮ ਹੁੰਦਾ ਹੈ। .....(ਵਿਘਨ).... ਜ਼ੀਰੋ ਆਵਰ ਹੁਣ ਖਤਮ ਹੋ ਗਿਆ ਹੈ। ਹਾਂ ਜੀ, ਚਰਨਜੀਤ ਸਿੰਘ ਚੰਨੀ ਜੀ ......(ਵਿਘਨ) .... ਨਹੀਂ ਜੀ, ਜ਼ੀਰੋ ਆਵਰ ਖਤਮ ਹੋ ਗਿਆ ਹੈ...(ਵਿਘਨ)....

ਸ਼੍ਰੀਮਤੀ ਚਰਨਜੀਤ ਕੌਰ ਬਾਜਵਾ : ਸਪੀਕਰ ਸਾਹਿਬ, ...

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਮੈਂ ਤਾਂ ਕਿਸੇ ਦਾ ਨਾਮ ਨਹੀਂ ਲਿਆ।

ਮਾਨਯੋਗ ਸਪੀਕਰ : ਜਿਹੜਾ ਹਾਊਸ ਵਿੱਚ ਆਪਣੀ ਪੁਜੀਸ਼ਨ ਕਲੀਅਰ ਨਹੀਂ ਕਰ ਸਕਦਾ, ਉਸ ਦੇ ਬਾਰੇ ਜੋ ਕੁਝ ਵੀ ਬੋਲਿਆ ਜਾਵੇ, ਉਹ ਐਕਸਪੰਜ ਹੁੰਦਾ ਹੈ। .....(ਵਿਘਨ).... ਬੀਬੀ ਜੀ, ਉਹ ਐਕਸਪੰਜ ਹੋ ਗਿਆ ਹੈ.....(ਵਿਘਨ).... ਬੀਬੀ ਜੀ, ਤੁਸੀਂ ਬੈਠ ਜਾਉ।

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਤੁਸੀਂ ਕਹਿੰਦੇ ਹੋ ਕਿ ਪ੍ਰੈਸ ਰਿਪੋਰਟ ਵਿੱਚ ਲੱਗੇ ਐਲੀਗੇਸ਼ਨ ਉਤੇ ਸਾਰਾ ਕੁਝ ਹੋਣਾ ਚਾਹੀਦਾ ਹੈ । ਮੈਂ ਅੱਜ ਅਖ਼ਬਾਰ ਪੜ੍ਹ ਰਿਹਾ ਸੀ, ਹਰਿਆਣਾ ਅਸੈਂਬਲੀ ਵਿਚ ਮੁੱਖ ਮੰਤਰੀ ਉਤੇ ਐਲੀਗੇਸ਼ਨ ਲੱਗੇ, ਕੀ ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ? ਇਸ ਕਰਕੇ ਸੀ.ਐਮ.ਸਾਹਿਬ ਨੇ ਠੀਕ ਗੱਲ ਕਹੀ ਹੈ ਕਿ ਆਪਾਂ ਇਕ ਦੂਜੇ ਦੇ ਖਿਲਾਫ ਹੀ ਬੋਲੀ ਜਾਂਦੇ ਹਾਂ। ਇਕੱਲੇ ਐਲੀਗੇਸ਼ਨਾਂ ਦੇ ਬੇਸ ਉਤੇ ਹੀ ਤੁਸੀਂ ਫੈਸਲਾ ਨਹੀਂ ਕਰ ਸਕਦੇ ।

ਮਾਨਯੋਗ ਸਪੀਕਰ : ਹਾਂ ਜੀ, ਸਰਦਾਰ ਚਰਨਜੀਤ ਸਿੰਘ ਚੰਨੀ ਜੀ ।

**Expunged as ordered by the Chair.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸਾਰੀ ਰਾਤ ਰਮਾਇਣ ਪੜ੍ਹੀ ਗਏ ਤੇ ਸਵੇਰੇ ਪੁੱਛਦੇ ਹੋ ਕਿ ਸੀਤਾ ਕੌਣ ਸੀ (ਵਿਘਨ) ਮੈਂ ਵਾਰੀ ਵਾਰੀ ਕਹਿ ਰਿਹਾ ਹਾਂ, I am not going by the report. I am going by the factual reports ਜਿਹੜਾ ਡੀ.ਆਰ.ਈ.ਨੇ ਕਿਹਾ ਹੈ...(ਵਿਘਨ)

ਮਾਨਯੋਗ ਸਪੀਕਰ : ਹਾਂ ਜੀ, ਧਿਆਨ ਦਿਵਾਊ ਨੋਟਿਸ । ਸਰਦਾਰ ਚਰਨਜੀਤ ਸਿੰਘ ਚੰਨੀ ਜੀ। (ਵਿਘਨ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਇਹ ਐਬਸੋਲਿਊਟਲੀ ਰੌਂਗ ਹੈ। ਸਰ, ਇਹ ਐਬਸੋਲਿਊਟਲੀ ਰੌਂਗ ਹੈ, ਹਾਈ ਕੋਰਟ ਵਿਚ ਕੇਸ ਡਿਸਮਿਸ ਹੋਇਆ ਹੈ because there was not an iota of evidence. Why did ** ** withdrew their plea? (interruption) If they have so much of evidence with them then they should have placed it before the Hon'ble Court...(ਵਿਘਨ).. ਮੇਰੇ ਬਾਰੇ ਇਥੇ ਵਿਧਾਨ ਸਭਾ ਵਿੱਚ ...... ** ** (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਬੈਠ ਜਾਉ। Nothing should be recorded. (Interruption) Nothing should be recorded.

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਪਹਿਲਾਂ ਤਾਂ ਇਸ ਕੇਸ ਵਿੱਚ ਡੀ.ਆਰ.ਈ. ਨੇ ਕੋਈ ਇਨਵੈਸਟੀਗੇਸ਼ਨ ਨਹੀਂ ਕੀਤੀ ਤੇ ਇਸ ਵਿਚ ਈ.ਡੀ. ਨੇ ਹੀ ਇਕੱਲਾ ਨੋਟਿਸ ਦਿੱਤਾ ਹੈ । ਤੁਸੀਂ ਹਾਈ ਕੋਰਟ ਵਿਚ ਸਾਰਿਆਂ ਨੇ ਪਟੀਸ਼ਨ ਪਾਈ ਸੀ ਜੋ ਕਿ ਹਾਈ ਕੋਰਟ ਨੇ ਵੇਖੀ ਹੈ ਅਤੇ ਹਾਈ ਕੋਰਟ ਨੇ ਇਸ ਦੀ ਰਬਿਸ਼ ਨੂੰ ਵੇਖ ਕੇ ਰਿਜੈਕਟ ਕਰ ਦਿੱਤਾ ਹੈ । ਜੇ ਕੋਈ ਇਸ ਵਿੱਚ iota of truth ਹੁੰਦਾ, ਇਕ ਪਰਸੈਂਟ ਵੀ ਟਰੁੱਥ ਹੁੰਦਾ ਤਾਂ ਆਨਰੇਬਲ ਹਾਈਕੋਰਟ ਨੇ ਉਸ ਦਾ ਸਟਰੌਂਗ decision ਲੈਣਾ ਸੀ । ਮਾਮਲਾ ਅਜੇ ਸਬ ਜੁਡਿਸ ਹੈ ਤੇ ਕਿਉਂਕਿ ਹੁਣ ਇਲੈਕਸ਼ਨ ਡਿਕਲੇਅਰ ਹੋ ਗਏ ਹਨ and as you do not have any issue, that's why you want to create an issue. ਉਹ ਤਾਂ ਆਪਾਂ anyway ਅਸੈਂਬਲੀ ਤੋਂ ਬਾਅਦ ਤਾਂ ਇੱਕ ਦੂਜੇ ਨਾਲ ਕਰਨਾ ਹੀ ਹੈ।

ਮੁੱਖ ਮੰਤਰੀ : ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਕਹਾਂਗਾ ਕਿ ਅੱਜ ਉਨ੍ਹਾਂ ਦੀ ਪਲਾਨਿੰਗ ਜਿਹੜੀ ਸੀ ਉਹ ਫੇਲ੍ਹ ਹੋ ਗਈ ਹੈ, ਤੁਸੀਂ ਮੇਰੀ ਸਲਾਹ ਲੈ ਲਿਆ ਕਰੋ। ਜੇ ਕੁਝ ਕਰਨਾ ਹੈ ਤਾਂ ਮੈਂ ਤੁਹਾਨੂੰ ਵੀ ਸਲਾਹ ਦੇ ਦਿਆਂ ਕਰਾਂਗਾ। ਮੇਰਾ ਤਾਂ ਇਹੋ ਕੰਮ ਹੈ। ਅੱਜ ਇਸ ਤਰ੍ਹਾਂ ਦਾ ਇਸ਼ੂ ਉਠਾਇਆ ਹੈ ਜਿਸ ਦਾ ਕੋਈ ਵਜੂਦ ਹੀ ਨਹੀਂ ਹੈ। ਅਜਿਹੇ ਕੁਐਸਚਨ ਉਠਾਉਣ ਦਾ ਕੀ ਫਾਇਦਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਅੱਜ ਇਨ੍ਹਾਂ ਦਾ ਟਰੈਪ ਸੀ, they are using him as a human shield.

Deputy Chief Minister : Why ?

**Not recorded as ordered by the Chair.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸਾਰੇ ਦਾ ਸਾਰਾ ਠੀਕਰਾ ਸਾਡੇ ਤੇ ਫੁੱਟ ਜਾਵੇਗਾ ਤੇ ਇਹ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬਾਹਰ ਜਾਂਦੇ ਰਹਿਣਗੇ ਤੇ ਅਸੀਂ (ਰੂਲਿੰਗ ਬੈਂਚਿਜ਼ ਵੱਲ ਇਸ਼ਾਰਾ) ਆਪਣਾ ਸਾਰਾ ਕੰਮ ਸਮੇਟ ਲਵਾਂਗੇ। We are not going to fall into this trap. ਬਾਦਲ ਸਾਹਿਬ ਸਾਨੂੰ ਵਾਰ ਵਾਰ ਕਹਿ ਰਹੇ ਹਨ ਕਿ ਉਠ ਕੇ ਜਾਂਦੇ ਰਹੋ।

Mr. Speaker : Thank you very much as you are cooperating.

ਸ਼੍ਰੀ ਸੁਨੀਲ ਜਾਖੜ : ਇਨ੍ਹਾਂ ਨੇ ਤੁਹਾਨੂੰ ਬੁਰਾ ਪਵਾਉਣਾ ਸੀ । (ਵਿਘਨ) We are going to confront this Government on issues, which concern the people of Punjab, which concern the youth of Punjab.

ਮਾਨਯੋਗ ਸਪੀਕਰ : ਧੰਨਵਾਦ ਜੀ। ਜ਼ੀਰੋ ਆਵਰ ਖਤਮ ਹੋ ਗਿਆ ਹੈ ।

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਮੈਂ ਤੁਹਾਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਤੁਹਾਨੂੰ ਦੋ ਸਾਲ ਬਾਅਦ ਰਿਲਾਈਜ਼ ਹੋਇਆ ਹੈ । (ਵਿਘਨ) ਨਹੀਂ ਨਹੀਂ, ਤੁਹਾਨੂੰ ਦੋ ਸਾਲ ਬਾਅਦ ਰਿਲਾਈਜ਼ ਹੋਇਆ ਹੈ ਕਿ ਤੁਹਾਨੂੰ ਵਾਕ-ਆਊਟ ਨਹੀਂ ਕਰਨਾ ਚਾਹੀਦਾ । ਅਸੀਂ ਤਾਂ ਉਦੋਂ ਵੀ ਮਿੰਨਤਾਂ ਕਰੀ ਜਾਂਦੇ ਸੀ ਕਿ ਵਾਰ ਵਾਰ ਵਾਕ-ਆਊਟ ਨਾ ਕਰੋ, ਕੋਈ ਇਸ਼ੂ ਹੁੰਦਾ ਨਹੀਂ ਸੀ, ਸਿਰਫ ਪ੍ਰੈਸ ਨੂੰ ਵਿਖਾਉਣ ਵਾਸਤੇ ਅਜਿਹਾ ਕਰਦੇ ਰਹੇ ।(ਵਿਘਨ) ਜਾਖੜ ਸਾਹਿਬ, ਅਸੀਂ ਤਾਂ ਚਾਹੁੰਦੇ ਹਾਂ ਕਿ ਤੁਸੀਂ ਇਥੇ ਬੈਠੋ ਰਹੋ। ਬਾਦਲ ਸਾਹਿਬ ਨੇ ਇੱਕ ਹੋਰ ਟਰੈਪ ਪਲੇਅ ਕੀਤਾ ਹੈ, ਇਨ੍ਹਾਂ ਨੇ ਜਾਣਬੁੱਝ ਕੇ ਹੀ ਕਿਹਾ ਹੈ ਤਾਂ ਕਿ ਤੁਸੀਂ ਇੱਥੇ ਬੈਠੋ ਰਹੋ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਮੇਰੀ ਸਾਰਿਆਂ ਨੂੰ ਬੇਨਤੀ ਹੈ, ਤੁਸੀਂ ਕਿਰਪਾ ਕਰਕੇ ਬੈਠ ਜਾਉ । ਮੇਰੀ ਸਾਰਿਆਂ ਨੂੰ ਬੇਨਤੀ ਹੈ, ਕੋਈ ਅਜਿਹੀ ਮਨਸ਼ਾ ਨਹੀਂ ਹੈ ਕਿ ਮੈਂ ਕਿਸੇ ਦੇ ਪਰਸਨਲ ਲੈਵਲ ਉਤੇ ਗੱਲ ਕਹਿ ਰਿਹਾ ਹਾਂ । ਚੇਅਰ ਦੀ ਰਿਸਪੈਕਟ ਰੱਖਣ ਲਈ ਜ਼ਰੂਰੀ ਹੈ ਕਿ ਜਿਸ ਸੱਜਣ ਨੇ ਵੀ ਬੋਲਣਾ ਹੈ ਤਾਂ ਕਮ-ਜ਼-ਕਮ ਪਹਿਲਾਂ ਉਹ ਜ਼ਰੂਰ ਪੁੱਛੇ ਕਿ ਮੈਂ ਬੋਲਣਾ ਹੈ ਔਰ ਇਸ ਚੇਅਰ ਦਾ ਸਤਿਕਾਰ ਕਰਨਾ ਆਪਣੇ ਸਾਰਿਆਂ ਲਈ ਜ਼ਰੂਰੀ ਹੈ । ਇਹ ਨਹੀਂ ਕਿ ਬਿਨਾਂ ਪੁੱਛੇ ਆਪ ਹੀ ਖੜ੍ਹੇ ਹੋ ਜਾਓ ਤੇ ਫਿਰ ਬੈਠ ਜਾਓ । This is not good sign for the democracy and ਮੇਰੀ ਇਹ ਸਾਰੇ ਮੈਂਬਰਜ਼ ਨੂੰ ਰਿਕੁਐਸਟ ਹੈ। ਹਾਂ ਜੀ, ਧਿਆਨ ਦਿਵਾਊ ਮਤਾ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

ਸ਼੍ਰੀ ਮਨੋਰੰਜਨ ਕਾਲੀਆ: ਸਪੀਕਰ ਸਾਹਿਬ, ਮੈਂ ਵੀ ਬੋਲਣਾ ਚਾਹੁੰਦਾ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਦੀ ਸੌਗਾਤ ਦੀ ਆਕਸ਼ਨ ਹੋ ਰਹੀ ਹੈ...

ਮਾਨਯੋਗ ਸਪੀਕਰ: ਨਹੀਂ ਜੀ, ਤੁਸੀਂ ਬੈਠ ਜਾਉ। ਇਹ ਜ਼ੀਰੋ ਆਵਰ ਨਹੀਂ ਹੈ। ਤੁਸੀਂ ਰਾਜਪਾਲ ਦੇ ਭਾਸ਼ਣ ਉਤੇ ਬੋਲ ਲੈਣਾ। (ਵਿਘਨ) ਚਲੋ, ਤੁਸੀਂ ਕੱਲ੍ਹ ਬੋਲ ਲੈਣਾ । ਹਾਂ ਜੀ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

CALLING ATTENTION NOTICES UNDER RULE 66

(SERIAL NUMBER 01)

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਠੇਕੇ ਦੇ ਆਧਾਰ ਤੇ ਭਰਤੀ ਕੀਤੇ ਜਾਣ ਵਾਲੇ ਕਰਮਚਾਰੀਆਂ ਵਿੱਚ ਅਨੁਸੂਚਿਤ ਅਤੇ ਪੱਛੜੀਆਂ ਜਾਤੀਆਂ ਦੇ ਲੋਕਾਂ ਨੂੰ ਕੋਈ ਰਿਜ਼ਰਵੇਸ਼ਨ ਨਹੀਂ ਦਿੱਤੀ ਜਾਂਦੀ ਜਿਸ ਨਾਲ ਇਨ੍ਹਾਂ ਸ਼੍ਰੇਣੀਆਂ ਦੇ ਲੋਕਾਂ ਦਾ ਸੰਵਿਧਾਨਕ ਹੱਕ ਖੋਹਿਆ ਜਾ ਰਿਹਾ ਹੈ ਜਿਸ ਕਾਰਨ ਉਨ੍ਹਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਾਨਯੋਗ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਿੱਚ ਠੇਕੇ ਦੇ ਆਧਾਰ ਤੇ ਭਰਤੀ ਕੀਤੇ ਜਾਣ ਵਾਲੇ ਕਰਮਚਾਰੀਆਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਰਿਜ਼ਰਵੇਸ਼ਨ ਦੇਣ ਲਈ ਪਹਿਲਾਂ ਹੀ ਪੰਜਾਬ ਸਰਕਾਰ ਵਲੋਂ ਨੋਟੀਫਾਈ ਕੀਤੇ ਪੰਜਾਬ ਸ਼ਡਿਊਲਡ ਕਾਸਟ ਐਂਡ ਬੈਕਵਰਡ ਕਲਾਸਿਜ਼ (ਰਿਜ਼ਰਵੇਸ਼ਨ ਇਨ ਸਰਵਿਸ) ਐਕਟ, 2006 ਦੀ ਧਾਰਾ 4 (7) ਵਿੱਚ ਲੋੜੀਂਦਾ ਉਪਬੰਧ ਕੀਤਾ ਹੋਇਆ ਹੈ ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਕਾਨੂੰਨ ਬਾਰੇ ਦੱਸਿਆ ਹੈ, ਐਕਟ ਦੀ ਧਾਰਾ ਵੀ ਦੱਸੀ ਹੈ ਲੇਕਿਨ ਇਹ ਨਹੀਂ ਦੱਸਿਆ ਕਿ ਪੰਜਾਬ ਵਿੱਚ ਪਿਛਲੇ 7 ਸਾਲਾਂ ਦੌਰਾਨ ਜਿੰਨੇ ਬੰਦੇ ਠੇਕੇ ਤੇ ਭਰਤੀ ਕੀਤੇ ਗਏ ਹਨ, ਉਨ੍ਹਾਂ ਸਬੰਧੀ ਕਿਸੇ ਇੱਕ ਵੀ ਵਿਭਾਗ ਵਿੱਚ ਰਿਜ਼ਰਵੇਸ਼ਨ ਦਿੱਤੀ ਗਈ ਹੋਵੇ ? ਭਾਵੇਂ ਤੁਸੀਂ ਸੁਵਿਧਾ ਕੇਂਦਰ ਲੈ ਲਓ, ਭਾਵੇਂ ਸਕੂਲਾਂ ਦੀ ਭਰਤੀ ਲੈ ਲਓ ਜਾਂ ਪਿਛਲੇ 7 ਸਾਲਾਂ ਵਿੱਚ ਹੋਰ ਕੋਈ ਵੀ ਭਰਤੀ ਹੋਈ ਹੈ, ਭਾਵੇਂ ਉਹ ਠੇਕੇ ਤੇ ਹੋਈ ਹੈ, ਉਹ ਲੈ ਲਓ । ਇਸ ਨਾਲ ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨਾਂ ਦਾ ਸੋਸ਼ਣ ਹੋ ਰਿਹਾ ਹੈ, ਉਨ੍ਹਾਂ ਨੂੰ ਪੂਰੀ ਤਨਖਾਹ ਨਹੀਂ ਮਿਲ ਰਹੀ। ਉਨ੍ਹਾਂ ਦੀ ਰੈਗੂਲਰ ਜਾੱਬ ਨਹੀਂ ਹੈ। ਹਮੇਸ਼ਾ ਹੀ ਤਲਵਾਰ ਉਨ੍ਹਾਂ ਦੇ ਸਿਰ ਤੇ ਲਟਕਦੀ ਰਹਿੰਦੀ ਹੈ।

ਮਾਨਯੋਗ ਸਪੀਕਰ : ਚੰਨੀ ਜੀ, ਤੁਸੀਂ ਸਪਲੀਮੈਂਟਰੀ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅੱਜ ਖਰੜ ਤੋਂ ਇੱਥੇ ਤੱਕ ਆਉਣਾ ਔਖਾ ਹੋ ਗਿਆ ਹੈ । ਸਾਰੇ ਰਾਹ ਕਰਮਚਾਰੀਆਂ ਵੱਲੋਂ ਰੋਕੇ ਹੋਏ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਉਂ ਸਰਕਾਰ ** ਕਰ ਰਹੀ ਹੈ।

**Expunged as ordered by the Chair.

ਪੰਜਾਬ ਵਿੱਚ ਜਿੰਨੇ ਵੀ ਬੰਦੇ ਠੇਕੇ ਤੇ ਭਰਤੀ ਹੋਏ ਹਨ...

ਮਾਨਯੋਗ ਸਪੀਕਰ : ** ** ਲਫ਼ਜ਼ ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਨੂੰ ਇਹ ਕਿਸੇ ਇੱਕ ਵਿਭਾਗ ਬਾਰੇ ਦੱਸ ਦੇਣ, ਸੁਵਿਧਾ ਕੇਂਦਰਾਂ ਸਬੰਧੀ ਦੱਸ ਦੇਣ ਜਾਂ ਹੋਰ ਕਿਸੇ ਵੀ ਵਿਭਾਗ ਵਿੱਚ ਠੇਕੇ ਤੇ ਜਿਹੜੇ ਭਰਤੀ ਕੀਤੇ ਹਨ, ਉਨ੍ਹਾਂ ਬਾਰੇ ਦੱਸ ਦੇਣ ਕਿ ਕੀ ਉਨ੍ਹਾਂ ਵਿੱਚ ਰਿਜ਼ਰਵੇਸ਼ਨ ਦਿੱਤੀ ਹੋਈ ਹੈ ? ਪੰਜਾਬ ਦੇ ਸ਼ਡਿਊਲਡ ਕਾਸਟ ਅਤੇ ਪਛੜੇ ਵਰਗ ਦਾ...

ਮਾਨਯੋਗ ਸਪੀਕਰ : ਤੁਹਾਡੀ ਸਪਲੀਮੈਂਟਰੀ ਆ ਗਈ ਹੈ, ਲੈਕਚਰ ਨਹੀਂ ਦੇਣਾ। ਹਾਂ ਜੀ, ਨੈਕਸਟ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਨੂੰ ਗੱਲ ਪੂਰੀ ਕਰ ਲੈਣ ਦਿਓ ਕਿ ਜਿਹੜੀ ਠੇਕੇ ਤੇ ਭਰਤੀ ਹੋ ਰਹੀ ਹੈ, ਜਿਹੜਾ ਸੰਵਿਧਾਨ ਨੇ ਸਾਨੂੰ ਹੱਕ ਦਿੱਤਾ ਹੈ, ਉਸ ਨੂੰ ਇਹ ਸਰਕਾਰ ਕਿਉਂ ਦਬਾ ਰਹੀ ਹੈ ? ਇਸ ਗੱਲ ਦਾ ਮੈਨੂੰ ਜਵਾਬ ਦੇ ਦੇਣ।

Mr. Speaker : Thank you. ਉਨ੍ਹਾਂ ਦਾ ਕਹਿਣਾ ਇਹ ਹੈ ਕਿ ਜੇ ਰਿਜ਼ਰਵੇਸ਼ਨ ਦਿੱਤੀ ਗਈ ਹੈ...

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਸਮਝ ਗਿਆ ਹਾਂ ਜੀ । ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ। ਜਿਹੜੇ ਜਿਹੜੇ ਵਿਭਾਗ ਵਿੱਚ ਰਿਜ਼ਰਵੇਸ਼ਨ ਲਾਗੂ ਨਹੀਂ ਹੋਈ, ਜਿਹੜਾ ਵੀ ਕੇਸ ਇਨ੍ਹਾਂ ਦੇ ਧਿਆਨ ਵਿੱਚ ਹੈ, ਉਸ ਬਾਰੇ ਇਹ ਲਿਖਤੀ ਦੇ ਦੇਣ। ਅਗਰ ਅਜਿਹਾ ਹੀ ਹੋਇਆ ਤਾਂ ਉਨ੍ਹਾਂ ਦੇ ਖਿਲਾਫ਼ ਕਾਰਵਾਈ ਵੀ ਕਰਾਂਗੇ ਅਤੇ ਇਸ ਨੂੰ ਲਾਗੂ ਵੀ ਕਰਾਵਾਂਗੇ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਕਿਸੇ ਵੀ ਵਿਭਾਗ ਵਿੱਚ ਲਾਗੂ ਨਹੀਂ ਹੋਈ। ਮੈਂ ਦੱਸ ਰਿਹਾ ਹਾਂ ਕਿ ਜਿੰਨੇ ਵੀ ਨੌਕਰ ਪਿਛਲੇ 7 ਸਾਲ ਵਿੱਚ ਠੇਕੇ ਤੇ ਭਰਤੀ ਕੀਤੇ ਗਏ ਹਨ, ਉਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਰਿਜ਼ਰਵੇਸ਼ਨ ਰੂਲ ਲਾਗੂ ਨਹੀਂ ਹੋਇਆ। ਮੰਤਰੀ ਜੀ ਇਸ ਗੱਲ ਤੇ ਨਹੀਂ ਆਉਂਦੇ। ਇਹ ਕਹਿੰਦੇ ਹਨ ਕਿ ਸਾਡੇ ਕੋਲ ਵਿਵਸਥਾ ਹੈ ਅਤੇ ਅਸੀਂ ਕਰਾਂਗੇ। ਪਿਛਲੇ 7 ਸਾਲਾਂ ਵਿੱਚ ਇੱਕ ਵੀ ਵਿਭਾਗ ਵਿੱਚ ਅਜਿਹਾ ਨਹੀਂ ਹੋਇਆ। ਇਹ ਕਹਿੰਦੇ ਹਨ ਕਿ ਇੱਕ ਦਾ ਨਾਂ ਦੇ ਦੇਣ ਪਰ ਮੈਂ ਕਹਿ ਰਿਹਾ ਹਾਂ ਕਿ ਪੰਜਾਬ ਵਿੱਚ ਕੋਈ ਅਜਿਹਾ ਵਿਭਾਗ ਨਹੀਂ ਜਿੱਥੇ ਠੇਕੇ ਤੇ ਹੋਈ ਭਰਤੀ ਵਿੱਚ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਰਿਜ਼ਰਵੇਸ਼ਨ ਮਿਲੀ ਹੋਵੇ? ਪੰਜਾਬ ਵਿੱਚ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਗਰੀਬਾਂ ਦੀ ਹਮਾਇਤੀ ਨਹੀਂ ਹੈ ? ਹਰ ਮੁੱਦੇ ਤੇ ਇਹ ਗਰੀਬ ਲੋਕਾਂ ਨੂੰ ਕੁੱਟਦੇ ਹਨ।

ਮਾਨਯੋਗ ਸਪੀਕਰ : ਹਾਂ ਜੀ, ਰਣੀਕੇ ਜੀ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਿਹਾ ਹੈ ਕਿ ਇਹ ਲਿਖਤੀ

**Expunged as ordered by the Chair.

[ਭਲਾਈ ਮੰਤਰੀ]

ਦੇ ਦੇਣ, ਉਨ੍ਹਾਂ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਜੇ ਲੰਬੇ ਭਾਸ਼ਣ ਦੇਣੇ ਹਨ ਤਾਂ ਇਹ ਵੱਖਰੀ ਗੱਲ ਹੈ। ਇਹ ਸਾਨੂੰ ਲਿਖਤੀ ਤੌਰ ਤੇ ਦੱਸ ਦੇਣ, ਅਸੀਂ ਉਨ੍ਹਾਂ ਦੇ ਖਿਲਾਫ਼ ਇਨਕੁਆਇਰੀ ਕਰਵਾਉਣ ਨੂੰ ਤਿਆਰ ਹਾਂ।

(SERIAL NUMBER 02)

ਮਾਨਯੋਗ ਸਪੀਕਰ : ਸਰਦਾਰ ਚਰਨਜੀਤ ਸਿੰਘ ਚੰਨੀ। ਤੁਹਾਡੀ ਨੈਕਸਟ ਕਾਲ ਅਟੈਨਸ਼ਨ ਮੁਲਤਵੀ ਹੈ। ਨੈਕਸਟ, ਸਰਦਾਰ ਹਰਦਿਆਲ ਸਿੰਘ ਕੰਬੋਜ।

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਇਹ ਕਿਉਂ ਮੁਲਤਵੀ ਹੋ ਗਈ ?

ਮਾਨਯੋਗ ਸਪੀਕਰ : ਮਲੂਕਾ ਜੀ ਬਿਮਾਰ ਹਨ। ਇਸ ਕਰਕੇ ਇਸ ਦੀ ਦੋ ਦਿਨ ਦੀ ਐਕਸਟੈਂਸ਼ਨ ਹੈ। ਨੈਕਸਟ, ਸਰਦਾਰ ਹਰਦਿਆਲ ਸਿੰਘ ਕੰਬੋਜ।

ਸਰਦਾਰ ਚਰਨਜੀਤ ਸਿੰਘ ਚੰਨੀ : ਜਦੋਂ ਪੰਜਾਬ ਦੇ ਨੌਜਵਾਨ ਦੀ ਗੱਲ ਹੁੰਦੀ ਹੈ ਤਾਂ ਇਸ ਦਾ ਜਵਾਬ ਜ਼ਰੂਰ ਦੇਣਾ ਚਾਹੀਦਾ ਹੈ ਜੀ। ਇਸ ਬਾਰੇ ਕੋਈ ਹੋਰ ਮੰਤਰੀ ਜੀ ਜਵਾਬ ਦੇ ਦੇਣ।

Mr. Speaker : We have to believe each other. ਆਪਾਂ ਨੂੰ ਇਕ ਦੂਜੇ ਤੇ ਇਤਬਾਰ ਕਰਨਾ ਪਵੇਗਾ। ਨੈਕਸਟ, ਸਰਦਾਰ ਹਰਦਿਆਲ ਸਿੰਘ ਕੰਬੋਜ।

ਸਰਦਾਰ ਚਰਨਜੀਤ ਸਿੰਘ ਚੰਨੀ : ਮੁੱਖ ਮੰਤਰੀ ਜੀ ਬੈਠੇ ਹਨ, ਇਹ ਜਵਾਬ ਦੇ ਦੇਣ।

(SERIAL NUMBER 06)

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋ ਸਕਿਆ।)

PRESENTATION OF THE FIRST REPORT OF THE BUSINESS ADVISORY COMMITTEE

ਮਾਨਯੋਗ ਸਪੀਕਰ : ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ। ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਕਿ ਇਸ ਤਰ੍ਹਾਂ ਹੈ:

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ 05.03.2014 ਤੋਂ 7.03.2014 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ

ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ-

ਬੁੱਧਵਾਰ, 5 ਮਾਰਚ, 2014 (10.00 ਵਜੇ ਸਵੇਰੇ)	ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਰਾਜਪਾਲ ਦੇ ਭਾਸ਼ਣ ਤੇ ਬਹਿਸ
ਵੀਰਵਾਰ, 6 ਮਾਰਚ, 2014 (10.00 ਵਜੇ ਸਵੇਰੇ) (ਸਵੇਰ ਦੀ ਬੈਠਕ)	ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਅਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ)
ਵੀਰਵਾਰ, 6 ਮਾਰਚ, 2014 (3.00 ਵਜੇ ਬਾਅਦ ਦੁਪਹਿਰ) (ਬਾਅਦ ਦੁਪਹਿਰ ਦੀ ਬੈਠਕ)	ਗੈਰ-ਸਰਕਾਰੀ ਕੰਮ-ਕਾਰ
ਸ਼ੁੱਕਰਵਾਰ, 7 ਮਾਰਚ, 2014 (10.00 ਵਜੇ ਸਵੇਰੇ ਤੋਂ ਕੰਮ ਦੇ ਖਤਮ ਹੋਣ ਤੱਕ	1) ਸਾਲ 2014-15 ਲਈ ਪੰਜਾਬ ਵਿਧਾਨ ਸਭਾ ਦੀਆਂ ਚੁਣੀਆਂ ਗਈਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ 2) i) ਸਾਲ 2012-13 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ ਅਤੇ ਵਪਾਰਕ) ਅਤੇ ਸਾਲ 2012-13 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ ਅਤੇ ਸਾਲ 2012-13 ਲਈ ਨਮਿੱਤਣ ਲੇਖੇ; ii) ਸਾਲ 2013-14 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਾ; iii) ਸਾਲ 2013-14 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿੱਚ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ iv) ਸਾਲ 2013-14 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿੱਚ ਨਮਿੱਤਣ ਬਿੱਲ।

v) ਲੇਖਾ-ਅਨੁਦਾਨ ਪੇਸ਼ ਕਰਨਾ (ਅਪ੍ਰੈਲ, ਮਈ, ਜੂਨ);

vi) ਪੰਜਾਬ ਨਮਿੱਤਣ (ਲੇਖਾ-ਅਨੁਦਾਨ) ਬਿੱਲ, 2014; ਅਤੇ

vii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ

3) ਵਿਧਾਨਕ ਕੰਮ-ਕਾਰ

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

ਮਾਨਯੋਗ ਸਪੀਕਰ: ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਮਾਨਯੋਗ ਸਪੀਕਰ : ਹਾਂ ਜੀ, ਬਹਿਸ ਕੋਈ ਹੈ?

ਸਰਦਾਰ ਪਰਮਿੰਦਰ ਸਿੰਘ ਪਿੰਕੀ: ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਦੇ ਬੜੇ ਭਖਦੇ ਮਸਲੇ ਹਨ। ਆਪਾਂ ਇਸ ਸੈਸ਼ਨ ਨੂੰ ਛੋਟਾ ਨਾ ਕਰੀਏ, ਇਸ ਨੂੰ ਹੋਰ ਵਧਾ ਦੇਈਏ। ਲੀਡਰ ਆਫ ਦਿ ਹਾਊਸ ਵੀ ਕਹਿੰਦੇ ਹਨ ਅਤੇ ਲੀਡਰ ਆਫ਼ ਦਿ ਆਪੋਜੀਸ਼ਨ ਵੀ ਕਹਿੰਦੇ ਹਨ, ਕਿਰਪਾ ਕਰਕੇ ਇਸ ਸੈਸ਼ਨ ਨੂੰ ਦੋ ਦਿਨ ਲਈ ਹੋਰ ਵਧਾ ਦਿੱਤਾ ਜਾਵੇ।

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ ਕਿ-

ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਮਾਨਯੋਗ ਸਪੀਕਰ: ਪ੍ਰਸ਼ਨ ਹੈ ਕਿ-

ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਅਗਲੀ ਆਈਟਮ । ਰਿਪੋਰਟ ਪੇਸ਼ ਕਰਨਾ । ਡਾਕਟਰ ਦਲਜੀਤ ਸਿੰਘ ਚੀਮਾ ਜੀ।

PRESENTATION OF THE SECOND PRELIMINARY REPORT OF THE COMMITTEE OF PRIVILEGES

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸ਼੍ਰੀ ਸੁਨੀਲ ਜਾਖੜ, ਐਮ.ਐਲ.ਏ. ਅਤੇ ਵਿਰੋਧੀ ਧਿਰ ਦੇ ਨੇਤਾ ਵਿਰੁੱਧ ਸਦਨ ਦੀ ਬਰੀਚ ਆਫ ਪ੍ਰੀਵਿਲੇਜ਼ ਐਂਡ ਬਰੀਚ ਆਫ ਸਿਕਿਓਰਟੀ ਸਬੰਧੀ ਉਠਾਏ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਸਬੰਧੀ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੀ ਦੂਜੀ ਮੁੱਢਲੀ ਰਿਪੋਰਟ ਪੇਸ਼ ਕਰਦਾ ਹਾਂ।

ਰਿਪੋਰਟ

ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਅਤੇ ਵਿਰੋਧੀ ਧਿਰ ਦੇ ਨੇਤਾ ਵਿਰੁੱਧ ਸਦਨ ਦੀ ਬਰੀਚ ਆਫ ਪ੍ਰੀਵਿਲੇਜ਼ ਐਂਡ ਬਰੀਚ ਆਫ ਸਿਕਿਓਰਟੀ ਸਬੰਧੀ ਉਠਾਏ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਸਬੰਧੀ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੀ ਦੂਜੀ ਮੁੱਢਲੀ ਰਿਪੋਰਟ।

ਮਿਤੀ 15.3.2013 ਨੂੰ ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਕਾਜ ਮੰਤਰੀ, ਪੰਜਾਬ ਵੱਲੋਂ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਅਤੇ ਵਿਰੋਧੀ ਧਿਰ ਦੇ ਨੇਤਾ ਵਿਰੁੱਧ ਸਦਨ ਦੀ ਬਰੀਚ ਆਫ਼ ਪ੍ਰੀਵਿਲੇਜ਼ ਐਂਡ ਬਰੀਚ ਆਫ ਸਿਕਿਓਰਟੀ ਸਬੰਧੀ ਮਾਮਲਾ ਪੜਤਾਲ ਕਰਨ ਅਤੇ ਰਿਪੋਰਟ ਦੇਣ ਲਈ ਸਦਨ ਦੁਆਰਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਗਿਆ ਸੀ। ਕਮੇਟੀ ਵੱਲੋਂ ਸਮੇਂ ਸਮੇਂ ਤੇ ਸਿਫਾਰਸ਼ਾਂ ਕਰਕੇ ਮਾਨਯੋਗ ਸਪੀਕਰ ਸਾਹਿਬ ਤੋਂ ਵਿਸ਼ੇ ਸਬੰਧੀ ਰਿਪੋਰਟ ਪੇਸ਼ ਕਰਨ ਦਾ ਸਮਾਂ ਮਿਤੀ 14.5.2014 ਤੱਕ ਵਧਵਾ ਲਿਆ ਗਿਆ ਹੈ ਕਿਉਂ ਜੋ ਕਮੇਟੀ ਕੁਝ ਵਾਜਬ ਕਾਰਨਾਂ ਕਰਕੇ ਸੱਤਵੇਂ ਸਮਾਗਮ ਦੌਰਾਨ ਆਪਣੀ ਰਿਪੋਰਟ ਪੇਸ਼ ਨਹੀਂ ਕਰ ਸਕੇਗੀ।

ਹਰੀ ਸਿੰਘ ਜ਼ੀਰਾ,
ਸਭਾਪਤੀ,
ਵਿਸ਼ੇਸ਼ ਅਧਿਕਾਰ ਕਮੇਟੀ।

ਮਿਤੀ : 3.3.2014

PAPERS LAID ON THE TABLE OF THE HOUSE

ਮਾਨਯੋਗ ਸਪੀਕਰ : ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰਬਰ 6 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 8 ਤੱਕ ਦੇ ਕਾਗਜ਼-ਪੱਤਰ ਨਿਮਨ ਅਨੁਸਾਰ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦੇ ਹਨ :

1. ਸਾਲ 2008-09, 2009-10 ਅਤੇ 2010-11 ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ ਦੀਆਂ ਸਾਲਾਨਾ ਰਿਪੋਰਟਾਂ ਅਤੇ ਲੇਖੇ, ਜਿਵੇਂ ਕਿ ਜਲ (ਰੋਕਥਾਮ ਅਤੇ ਪ੍ਰਦੂਸ਼ਣ ਦਾ ਕੰਟਰੋਲ) ਐਕਟ, 1974 ਦੀ ਧਾਰਾ 39 ਅਧੀਨ ਲੋੜੀਂਦਾ ਹੈ।

2. ਸਾਲ 2011-12 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੇ ਸਾਲਾਨਾ ਲੇਖੇ ਅਤੇ ਆਡਿਟ ਰਿਪੋਰਟ, ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 33 (4) ਅਧੀਨ ਲੋੜੀਂਦਾ ਹੈ ਅਤੇ ਉਕਤ ਸਾਲਾਨਾ ਲੇਖੇ ਅਤੇ ਆਡਿਟ ਰਿਪੋਰਟ ਨੂੰ ਰੱਖਣ ਵਿੱਚ ਹੋਈ ਦੇਰੀ ਦੇ ਕਾਰਨ ਦਰਸਾਉਂਦਾ ਵਿਵਰਣ।

3. ਸਾਲ 2012-13 ਲਈ ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 30ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

4. ਸਾਲ 2011-12 ਲਈ ਪੰਜਾਬ ਰਾਜ ਕੰਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ (ਕਾਨਵੇਅਰ) ਦੀ 17ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

5. ਸਾਲ 2011-12 ਲਈ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ 45ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਵੇਅਰ ਹਾਊਸਿੰਗ ਕਾਰਪੋਰੇਸ਼ਨ ਐਕਟ, 1962 ਦੀ ਧਾਰਾ 31(11) ਅਧੀਨ ਲੋੜੀਂਦਾ ਹੈ।

6. ਮਿਤੀ 1.4.2013 ਤੋਂ 30.9.2013 ਬਜਟ (2013-14) ਦੇ ਸਬੰਧ ਵਿੱਚ ਪ੍ਰਾਪਤੀਆਂ ਅਤੇ ਖਰਚਿਆਂ ਦਾ ਵਿਵਰਣ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਮੈਨੇਜਮੈਂਟ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।

7. ਸਾਲ 2012-13 ਲਈ ਪੰਜਾਬ ਸਾਬਕਾ ਫ਼ੌਜੀਆਂ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਪੰਜਾਬ ਸਾਬਕਾ ਫ਼ੌਜੀਆਂ ਕਾਰਪੋਰੇਸ਼ਨ (ਪੈਸਕੋ) ਐਕਟ, 1978 ਦੀ ਧਾਰਾ 23(6) ਅਧੀਨ ਲੋੜੀਂਦਾ ਹੈ।

8. ਅਕਤੂਬਰ, 2011 ਤੋਂ ਮਾਰਚ, 2013 ਤੱਕ ਦੇ ਸਮੇਂ ਲਈ ਪੰਜਾਬ ਸੇਵਾ ਦਾ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਸੇਵਾ ਦਾ ਅਧਿਕਾਰ ਐਕਟ, 2011 ਦੀ ਧਾਰਾ 18(2) ਅਧੀਨ ਲੋੜੀਂਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ ਜਿਹੜੀ ਰਿਪੋਰਟ ਚੀਮਾ ਜੀ ਨੇ ਪੇਸ਼ ਕੀਤੀ ਹੈ, ਉਹ ਸਾਡੇ ਕੋਲ ਤਾਂ ਆਈ ਨਹੀਂ।

ਮਾਨਯੋਗ ਸਪੀਕਰ : ਉਸ ਰਿਪੋਰਟ ਦੀਆਂ ਕਾਪੀਆਂ ਡਿਸਟਰੀਬਿਊਟ ਹੋ ਰਹੀਆਂ ਹਨ, ਤੁਹਾਡੇ ਕੋਲ ਵੀ ਆ ਜਾਵੇਗੀ।

MOTION OF THANKS AND DISCUSSION ON GOVERNOR'S ADDRESS

ਮਾਨਯੋਗ ਸਪੀਕਰ : ਅਗਲੀ ਆਈਟਮ, ਰਾਜਪਾਲ ਦੇ ਭਾਸ਼ਣ ਤੇ ਧੰਨਵਾਦ, ਪ੍ਰਸਤਾਵ ਅਤੇ ਬਹਿਸ। ਡਾਕਟਰ ਦਲਜੀਤ ਸਿੰਘ ਚੀਮਾ ਜੀ ਮਤਾ ਪੇਸ਼ ਕਰਨ।

ਡਾਕਟਰ ਦਲਜੀਤ ਸਿੰਘ ਚੀਮਾ : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> "ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ ਮਿਤੀ 3 ਮਾਰਚ, 2014 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

ਮਾਨਯੋਗ ਸਪੀਕਰ : ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਪ੍ਰੋੜ੍ਹਤਾ ਕਰਨਗੇ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਸਪੀਕਰ ਸਾਹਿਬ, ਮੈਂ ਡਾਕਟਰ ਦਲਜੀਤ ਸਿੰਘ ਚੀਮਾ ਵੱਲੋਂ ਰੱਖੇ ਗਏ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> "ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ ਮਿਤੀ 3 ਮਾਰਚ, 2014 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

ਡਾਕਟਰ ਦਲਜੀਤ ਸਿੰਘ ਚੀਮਾ (ਰੂਪ ਨਗਰ): ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮਾਨਯੋਗ ਗਵਰਨਰ ਸਾਹਿਬ ਨੇ ਜਿਹੜਾ 3 ਮਾਰਚ ਨੂੰ ਇਸ ਸਦਨ ਵਿੱਚ ਭਾਸ਼ਣ ਦਿੱਤਾ ਸੀ, ਉਸ ਤੇ ਧੰਨਵਾਦ ਦਾ ਮਤਾ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। ਸਪੀਕਰ ਸਾਹਿਬ, ਜਿਸ ਵੇਲੇ ਮਾਨਯੋਗ ਗਵਰਨਰ ਸਾਹਿਬ ਨੇ ਇਸ ਪਵਿੱਤਰ ਸਦਨ ਦੇ ਵਿਚ ਆਪਣਾ ਭਾਸ਼ਣ ਪੜ੍ਹਿਆ ਤਾਂ ਮੈਂ ਉਸ

[ਡਾਕਟਰ ਦਲਜੀਤ ਸਿੰਘ ਚੀਮਾ]

ਵੇਲੇ ਸਾਰੇ ਭਾਸ਼ਣ ਦੇ ਇਕੱਲੇ ਇਕੱਲੇ ਅੱਖਰ ਨੂੰ ਧਿਆਨ ਨਾਲ ਸੁਣਿਆ । ਇਸ ਵੇਲੇ ਦੇਸ਼ ਵਿੱਚ ਅੱਜ ਚੋਣਾਂ ਦਾ ਐਲਾਨ ਹੋਇਆ ਹੈ। ਅੱਜ ਜਿਹੜੇ ਹਾਲਾਤ ਬਣੇ ਹੋਏ ਹਨ, ਉਸ ਸਾਰੇ ਹਾਲਾਤ ਨੂੰ ਘੋਖਣ ਦੇ ਬਾਅਦ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਦੇਸ਼ ਵਿੱਚ ਇਸ ਵੇਲੇ ਬਹੁਤ ਵੱਡੀ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ। ਅੱਜ ਹਿੰਦੁਸਤਾਨ ਦੀ ਰਾਜਨੀਤੀ ਵਿੱਚ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਦੇਸ਼ ਵਿਚ ਜਿੱਥੇ ਜਿੱਥੇ ਐਨ.ਡੀ.ਏ. ਦੀਆਂ ਸਰਕਾਰਾਂ ਹਨ, ਉਨ੍ਹਾਂ ਨੂੰ ਲੋਕ ਵੱਡੀ ਗਿਣਤੀ ਵਿੱਚ ਹਮਾਇਤ ਦੇ ਰਹੇ ਹਨ ਔਰ ਦੂਜੇ ਪਾਸੇ ਜਿਨ੍ਹਾਂ ਸੂਬਿਆਂ ਵਿੱਚ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਹਨ, ਉਨ੍ਹਾਂ ਵਿੱਚ ਲੋਕਾਂ ਨੇ ਬੜੀ ਹਿੰਮਤ ਕਰਕੇ ਉਨ੍ਹਾਂ ਸਰਕਾਰਾਂ ਨੂੰ ਸੱਤਾ ਤੋਂ ਪਾਸੇ ਕੀਤਾ ਹੈ। ਪਿੱਛੇ ਜਿਹੇ ਹੋਈਆਂ ਚੋਣਾਂ ਵਿੱਚ ਚਾਰ ਸਟੇਟਾਂ ਦੇ ਨਤੀਜੇ ਸਾਡੇ ਸਾਰਿਆਂ ਦੇ ਸਾਹਮਣੇ ਹਨ। ਮੈਂ ਖੁਸ਼ੀ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਵਿੱਚ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ ਤੇ ਦੋ ਸਾਲ ਪਹਿਲਾਂ ਲੋਕਾਂ ਨੇ ਇਸ ਸਰਕਾਰ ਨੂੰ ਦੁਬਾਰਾ ਸੱਤਾ ਦੇ ਵਿੱਚ ਲਿਆਂਦਾ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ ਵੀ ਪਹਿਲਾਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ ਅਤੇ ਲੋਕਾਂ ਨੇ ਬਹੁਤ ਵੱਡਾ ਸਮਰਥਨ ਦੇ ਕੇ ਤੀਸਰੀ ਵਾਰੀ ਫਿਰ ਉਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸਥਾਪਿਤ ਕੀਤੀ ਹੈ। ਇਸੇ ਤਰ੍ਹਾਂ ਜੇ ਛੱਤੀਸਗੜ੍ਹ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ ਤਾਂ ਉਥੇ ਵੀ ਲੋਕਾਂ ਨੇ ਬਹੁਤ ਵੱਡਾ ਸਮਰਥਨ ਦੇ ਕੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੁਬਾਰਾ ਬਣਾਈ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਮੋਫਰ ਸਾਹਿਬ, ਅਜੇ ਤਾਂ ਉਨ੍ਹਾਂ ਨੇ ਸ਼ੁਰੂ ਕੀਤਾ ਹੈ। Please sit down.

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ** **

ਮਾਨਯੋਗ ਸਪੀਕਰ : ਮੋਫਰ ਸਾਹਿਬ, ਐਵੇਂ ਡਿਸਟਰਬ ਨਾ ਕਰੋ । Not to be recorded.

ਡਾਕਟਰ ਦਲਜੀਤ ਸਿੰਘ ਚੀਮਾ : ਦੂਜੇ ਪਾਸੇ ਜਿਹੜੇ ਸੂਬਿਆਂ ਵਿੱਚ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਸਨ, ਚਾਹੇ ਉਹ ਰਾਜਸਥਾਨ ਹੈ, ਚਾਹੇ ਉਹ ਦੇਸ਼ ਦੀ ਰਾਜਧਾਨੀ ਦਿੱਲੀ ਹੈ, ਉਥੇ ਲੋਕਾਂ ਨੇ ਬਹੁਤ ਬੁਰੀ ਤਰ੍ਹਾਂ ਨਾਲ ਕਾਂਗਰਸ ਪਾਰਟੀ ਨੂੰ ਹਰਾ ਕੇ ਸੱਤਾ ਤੋਂ ਲਾਂਭੇ ਕੀਤਾ ਹੈ। ਮੈਂ ਆਪਣੇ ਵਿਰੋਧੀ ਪਾਰਟੀ ਦੇ ਆਗੂਆਂ ਨੂੰ ਉਨ੍ਹਾਂ ਦੇ ਫਾਇਦੇ ਦੀ ਬੇਨਤੀ ਕਰਾਂਗਾ ਕਿ ਸਾਨੂੰ ਇਤਿਹਾਸ ਤੋਂ ਸਿੱਖਣਾ ਚਾਹੀਦਾ ਹੈ, ਇਤਿਹਾਸ ਹੁਣ ਇੱਕ ਵਾਰ ਫਿਰ ਸਿਰਜਿਆ ਜਾਣਾ ਹੈ। ਇਸ ਲਈ ਕਿਰਪਾ ਕਰਕੇ ਮੇਰੀ ਗੱਲ ਦਾ ਗੁੱਸਾ ਨਾ ਕਰਨ ਸਗੋਂ ਸਾਡੇ ਦੇਸ਼ ਦੀ ਸਿਆਸਤ ਨੂੰ ਸਮਝਣ ਦੀ ਕੋਸ਼ਿਸ਼ ਕਰਨ ਕਿ ਲੋਕੀਂ ਇਸ ਵੇਲੇ ਕਿਸ ਪਾਸੇ ਚੱਲ ਰਹੇ ਹਨ।

**Not recorded as ordered by the Chair.

ਮਾਨਯੋਗ ਸਪੀਕਰ : ਚੀਮਾ ਜੀ, ਇੱਕ ਸੈਕਿੰਡ। ਜਿੰਨਾ ਜਿੰਨਾ ਪਾਰਟੀ ਨੂੰ ਟਾਈਮ ਅਲਾਟ ਹੋਇਆ ਹੈ, ਉਹ ਇਸ ਤਰ੍ਹਾਂ ਹੈ: ਸ਼੍ਰੋਮਣੀ ਅਕਾਲੀ ਦਲ ਨੂੰ । ਘੰਟਾ 27 ਮਿੰਟ, ਬੀ.ਜੇ.ਪੀ. ਨੂੰ 19 ਮਿੰਟ, ਕਾਂਗਰਸ ਨੂੰ 2 ਘੰਟੇ 19 ਮਿੰਟ ਤੇ ਇੰਡੀਪੈਂਡੈਂਟਸ ਨੂੰ 5 ਮਿੰਟ। ਹਾਂ ਜੀ, ਹੁਣ ਬੋਲੋ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਅਕਸਰ ਇਹ ਕਿਹਾ ਜਾਂਦਾ ਹੈ ਕਿ ਜਦੋਂ ਕੋਈ ਸਰਕਾਰ ਸੱਤਾ ਵਿੱਚ ਹੁੰਦੀ ਹੈ, ਉਸ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਆਪਾਂ ਤਰਕ ਦਿੰਦੇ ਹਾਂ ਕਿ anti-incumbency ਫੈਕਟਰ ਕਰਕੇ ਲੋਕੀਂ ਸਰਕਾਰ ਦੇ ਖਿਲਾਫ ਹੋ ਗਏ ਲੇਕਿਨ ਅੱਜ ਜਿਹੜਾ ਦੇਸ਼ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਕਿ ਜੇ ਪੰਜਾਬ ਵਿੱਚ ਸਰਕਾਰ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਹੈ ਤਾਂ ਉਹ ਦੁਬਾਰਾ ਬਣ ਰਹੀ ਹੈ । ਜੇ ਮੱਧ ਪ੍ਰਦੇਸ਼ ਦੇ ਵਿੱਚ ਸਰਕਾਰ ਭਾਰਤੀ ਜਨਤਾ ਪਾਰਟੀ ਦੀ ਹੈ ਤਾਂ ਉਹ ਦੁਬਾਰਾ ਬਣ ਰਹੀ ਹੈ । ਛੱਤੀਸਗੜ੍ਹ ਵਿੱਚ ਵੀ ਉਹੀ ਸਰਕਾਰ ਦੁਬਾਰਾ ਬਣ ਰਹੀ ਹੈ, anti-incumbency ਦਾ ਫੈਕਟਰ ਲਾਗੂ ਨਹੀਂ ਹੋ ਰਿਹਾ ਹੈ । ਦਿੱਲੀ ਜਿਹੜੀ ਸਾਡੀ ਦੇਸ਼ ਦੀ ਰਾਜਧਾਨੀ ਹੈ, ਉਥੇ ਕਾਂਗਰਸ ਦੀ ਸਰਕਾਰ ਸੀ ਤੇ ਉਥੇ ਉਨ੍ਹਾਂ ਦਾ ਇਹ ਹਾਲ ਹੋਇਆ ਹੈ ਕਿ 70 ਮੈਂਬਰੀ ਹਾਊਸ ਵਿੱਚੋਂ ਇਨ੍ਹਾਂ ਦੀਆਂ ਕੇਵਲ 8 ਸੀਟਾਂ ਰਹਿ ਗਈਆਂ ਹਨ । ਜੇ ਰਾਜਸਥਾਨ ਵਿੱਚ ਕਾਂਗਰਸ ਪਾਰਟੀ ਦਾ ਰਾਜ ਸੀ ਤਾਂ ਉਥੇ ਸਿਰਫ 21 ਸੀਟਾਂ ਕਾਂਗਰਸ ਪਾਰਟੀ ਦੀਆਂ ਹੁਣ ਰਹਿ ਗਈਆਂ ਹਨ। ਮੈਂ ਨਤੀਜਿਆਂ ਨੂੰ ਜੋੜਨ ਦੀ ਕੋਸ਼ਿਸ਼ ਕਰ ਰਿਹਾ ਸੀ, ਇਨ੍ਹਾਂ ਚਾਰ ਸੂਬਿਆਂ ਦੀਆਂ 589 ਅਸੈਂਬਲੀ ਸੀਟਾਂ ਸਨ। ਇਨ੍ਹਾਂ ਚਾਰਾਂ ਸੂਬਿਆਂ ਵਿੱਚ ਕਾਂਗਰਸ ਨੂੰ ਮਿਲੀਆਂ ਸੀਟਾਂ ਦਾ ਜੋੜ ਕਰਕੇ ਦੇਖੀਏ ਤਾਂ ਕਾਂਗਰਸ ਨੂੰ 126 ਸੀਟਾਂ ਮਿਲੀਆਂ ਹਨ। ਮੈਂ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਕਰ ਰਿਹਾ ਸੀ ਤੇ ਇਕੱਲੇ ਮੱਧ ਪ੍ਰਦੇਸ਼ ਵਿੱਚ 165 ਸੀਟਾਂ ਭਾਰਤੀ ਜਨਤਾ ਪਾਰਟੀ ਨੂੰ ਆਈਆਂ ਹਨ। ਇਕੱਲੇ ਰਾਜਸਥਾਨ ਵਿੱਚੋਂ 162 ਸੀਟਾਂ ਭਾਰਤੀ ਜਨਤਾ ਪਾਰਟੀ ਨੂੰ ਆਈਆਂ ਹਨ ਜਦੋਂ ਕਿ ਕਾਂਗਰਸ ਪਾਰਟੀ ਨੂੰ 126 ਸੀਟਾਂ ਚਾਰ ਸਟੇਟਾਂ ਦੀਆਂ ਸੀਟਾਂ ਦਾ ਜੋੜ ਕਰਕੇ ਆਈਆਂ ਹਨ। ਸਪੀਕਰ ਸਾਹਿਬ, ਇਸ ਕਰਕੇ ਇਹ ਗੱਲ ਸਪੱਸ਼ਟ ਹੋ ਰਹੀ ਹੈ ਕਿ ਯੂ.ਪੀ.ਏ ਅਤੇ ਕਾਂਗਰਸ ਪਾਰਟੀ ਇਸ ਦੇਸ਼ ਵਿੱਚੋਂ ਹੌਲੀ ਹੌਲੀ ਖਤਮ ਹੋ ਰਹੀ ਹੈ। ਐਨ.ਡੀ.ਏ. ਹੌਲੀ ਹੌਲੀ ਲਾਲ ਕਿਲੇ ਵਾਲੇ ਪਾਸੇ ਵਧਣਾ ਸ਼ੁਰੂ ਹੋ ਰਿਹਾ ਹੈ। ਇਸੇ ਕਰਕੇ ਅੱਜ ਇਨ੍ਹਾਂ ਦੇ ਬੈਂਚਾਂ ਉੱਤੇ ਵੱਡੀ ਬੇਚੈਨੀ ਹੈ। ਇਕੱਲਾ ਐਨ.ਡੀ.ਏ. ਸਿਰਫ ਐਨ.ਡੀ.ਏ. ਕਰਕੇ ਹੀ ਨਹੀਂ ਦਿੱਲੀ ਵਿੱਚ ਵੱਧ ਰਿਹਾ ਸਗੋਂ ਇਸ ਦੇ ਜਿਹੜੇ ਭਾਈਵਾਲ ਹਨ, ਉਹ ਜਾਤੀ ਤੌਰ ਤੇ ਇਨਡਿਵਿਜ਼ੂਅਲ ਤੌਰ ਤੇ ਵੀ ਦਿੱਲੀ ਵਾਲੇ ਪਾਸੇ ਵਧਣੇ ਸ਼ੁਰੂ ਹੋ ਗਏ ਹਨ। ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਹਰਿਆਣਾ ਵਿੱਚ ਸੀਟ ਜਿੱਤੀ ਸੀ। ਅੱਜ ਇਨ੍ਹਾਂ ਇਲੈਕਸ਼ਨਾਂ ਵਿੱਚ ਚਾਰ ਉਮੀਦਵਾਰਾਂ ਵਿੱਚੋਂ ਤਿੰਨ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਦੇ ਜਿੱਤ ਕੇ ਦਿੱਲੀ ਵਿਧਾਨ ਸਭਾ ਦੇ ਮੈਂਬਰ ਬਣੇ ਹਨ । (ਥੰਪਿੰਗ) ਇਸ ਤੋਂ ਪਹਿਲਾਂ ਜਿਹੜੀ ਦਿੱਲੀ ਵਿੱਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਚੋਣ ਹੋਈ ਸੀ, ਉਸ ਵਿੱਚ 46 ਮੈਂਬਰਾਂ ਦਾ ਹਾਊਸ ਹੈ ਔਰ 37 ਮੈਂਬਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿੱਤ ਕੇ ਬਣੇ ਸੀ ਔਰ ਇਸ ਦਾ ਸਿਹਰਾ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਦਿੰਦਾ ਹਾਂ।

ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ) : ਪੰਜਾਬ ਨੂੰ ਤਾਂ ਤੁਸੀਂ ਕਰਜ਼ਈ ਕਰ ਦਿੱਤਾ।

ਡਾਕਟਰ ਦਲਜੀਤ ਸਿੰਘ ਚੀਮਾ : ਤੁਹਾਡਾ ਕਰਜ਼ਾ ਤਾਂ ਘੱਟ ਗਿਆ ਹੈ, ਤੁਸੀਂ ਪੰਜਾਬ ਦੀ ਕਿਉਂ ਚਿੰਤਾ ਕਰਦੇ ਹੋ? ਤੁਸੀਂ ਆਪਣਾ ਹਿਸਾਬ-ਕਿਤਾਬ ਦੇਖਿਆ ਕਰੋ। ਬਾਕੀ ਪੰਜਾਬ ਦਾ ਅਸੀਂ ਆਪੇ ਹੀ ਸਾਂਭੀ ਜਾਣਾ ਹੈ। ਤੁਸੀਂ ਹੁਣ ਪੰਜਾਬ ਦੀ ਚਿੰਤਾ ਨਾ ਕਰੋ, ਆਪਣੀ ਚਿੰਤਾ ਕਰੋ । ਤੁਹਾਡਾ ਕਰਜ਼ਾ ਮੈਨੂੰ ਪਤਾ ਹੈ ਕਿ ਕੈਪਟਨ ਸਾਹਿਬ ਦੀ ਸਰਕਾਰ ਵੇਲੇ ਘੱਟ ਗਿਆ ਸੀ। ਇਸ ਕਰਕੇ ਤੁਸੀਂ ਇਸ ਗੱਲ ਦੀ ਕਿਉਂ ਚਿੰਤਾ ਕਰਦੇ ਹੋ? (ਵਿਘਨ) (ਸ਼ੋਰ)

(ਇਸ ਸਮੇਂ ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

ਡਾਕਟਰ ਦਲਜੀਤ ਸਿੰਘ ਚੀਮਾ : ਤੁਸੀਂ ਅਗਲੀ ਗੱਲ ਧਿਆਨ ਨਾਲ ਸੁਣੋ। ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੇ ਹਾਲਾਤ ਇਸ ਵੇਲੇ ਦੇਸ਼ ਵਿੱਚ ਬਣੇ ਹਨ, ਇਨ੍ਹਾਂ ਨੇ ਸਪੱਸ਼ਟ ਸੰਕੇਤ ਦੇ ਦਿੱਤਾ ਹੈ ਕਿ ਇਸ ਵੇਲੇ ਕਾਂਗਰਸ ਪਾਰਟੀ ਦੇ ਡੁੱਬ ਰਹੇ ਜਹਾਜ਼ ਨੂੰ ਦੇਸ਼ ਵਿੱਚ ਕੋਈ ਬਚਾਅ ਨਹੀਂ ਸਕਦਾ । ਇਹ ਤਾਂ ਹੁਣ ਕੋਈ ਆਰਡੀਨੈਂਸ ਕਰ ਲੈਣ, ਜਿਵੇਂ 1975 ਵਿੱਚ ਐਮਰਜੈਂਸੀ ਦਾ ਕੀਤਾ ਸੀ ਤੇ ਉਹ ਵੀ ਹੁਣ ਇਸ ਵੇਲੇ ਬਚਾਅ ਨਹੀਂ ਸਕਦਾ। ਇਸ ਵੇਲੇ ਕਾਂਗਰਸ ਪਾਰਟੀ ਦੀ ਇਹ ਹਕੀਕਤ ਹੈ।

ਸਰਦਾਰ ਕੁਲਜੀਤ ਸਿੰਘ ਨਾਗਰਾ (ਬੈਠੇ-ਬੈਠੇ) : ਪੰਜਾਬ ਵਿੱਚ ਆਪਣਾ ਧਿਆਨ ਕਰੋ।

Mr. Speaker : No running commentary.

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਪੰਜਾਬ ਤੇ ਆ ਜਾਂਦਾ ਹਾਂ। (ਵਿਘਨ) (ਸ਼ੋਰ) ਪੰਜਾਬ ਵਿੱਚ ਜੋ ਇਸ ਵੇਲੇ ਕਾਂਗਰਸ ਪਾਰਟੀ ਦੀ ਹਾਲਤ ਹੈ, ਅਸਲੀਅਤ ਹੈ ਕਿ ਅੱਜ ਕੋਈ ਵੀ ** ** ਨੂੰ ਪੰਜਾਬ ਵਿੱਚ ਕਾਂਗਰਸ ਪਾਰਟੀ ਦਾ ਪ੍ਰਧਾਨ ਮੰਨਣ ਲਈ ਤਿਆਰ ਨਹੀਂ ਹੈ। ਵੱਡੇ ਲੀਡਰਾਂ ਨੇ ਵੀ ਇਹ ਕਹਿਣ ਤੋਂ ਸੰਕੋਚ ਨਹੀਂ ਕੀਤਾ ਕਿ ਅਸੀਂ ** ** ਨੂੰ ਆਪਣਾ ਪ੍ਰਧਾਨ ਨਹੀਂ ਮੰਨਦੇ। ਅਖਬਾਰਾਂ ਵਿੱਚ ਵੀ ਛਪਿਆ ਹੈ। ਉਨ੍ਹਾਂ ਨੇ ਜਥੇਬੰਦੀ ਬਣਾਈ ਹੈ ਅਤੇ ਇਸ ਜਥੇਬੰਦੀ ਨੂੰ ਵੀ ਕਾਂਗਰਸ ਦੇ ਇੱਕ ਵੀ ਸੀਨੀਅਰ ਲੀਡਰ ਨੇ ਮਾਨਤਾ ਨਹੀਂ ਦਿੱਤੀ ਸਗੋਂ ਖੁੱਲ੍ਹ ਕੇ ਸਾਰਿਆਂ ਨੇ ਵਿਰੋਧ ਕੀਤਾ ਹੈ।

ਸ਼੍ਰੀ ਸੁਨੀਲ ਜਾਖੜ : ਸਰ, ਮੇਰਾ ਪੁਆਇੰਟ ਆਫ ਆਰਡਰ ਹੈ ਜੀ ਕਿ ਜਿਹੜੇ ਮੈਂਬਰ ਸਾਹਿਬਾਨ ਜਾਂ ਜੋ ਵੀ ਵਿਅਕਤੀ ਹਾਊਸ ਦਾ ਮੈਂਬਰ ਨਹੀਂ, ਇੱਥੇ ਪਰੈਜ਼ੈਂਟ ਨਹੀਂ, ਇਹ ਉਸ ਦਾ ਨਾਂ ਲੈ ਰਹੇ ਹਨ, ਪਹਿਲਾਂ ਵੀ ਇਹ ਹੋਇਆ ਹੈ।

ਮਾਨਯੋਗ ਸਪੀਕਰ : ਜਦੋਂ ਕਿਸੇ ਬਾਹਰਲੇ ਬੰਦੇ ਦਾ ਨਾਂ ਲਿਆ ਜਾਂਦਾ ਹੈ, ਜੋ ਕਿ

**Expunged as ordered by the Chair.

ਆਪਣੀ ਪੁਜ਼ੀਸ਼ਨ ਐਕਸਪਲੇਨ ਨਹੀਂ ਕਰ ਸਕਦਾ ਜਾਂ ਜਵਾਬ ਨਹੀਂ ਦੇ ਸਕਦਾ, that should not be recorded.

ਡਾਕਟਰ ਦਲਜੀਤ ਸਿੰਘ ਚੀਮਾ : ਠੀਕ ਹੈ ਜੀ, ਨਾਂ ਕੱਟ ਦਿਉ, ਮੈਨੂੰ ਕੋਈ ਇਤਰਾਜ਼ ਨਹੀਂ।

ਮਾਨਯੋਗ ਸਪੀਕਰ : ਇਹ ਆਟੋਮੈਟੀਕਲੀ ਐਕਸਪੰਜਡ ਹੈ ਜੀ।

ਡਾਕਟਰ ਦਲਜੀਤ ਸਿੰਘ ਚੀਮਾ : ਇਨ੍ਹਾਂ ਦੇ ਤਾਂ ਹੌਲੀ-ਹੌਲੀ ਮੈਂਬਰ ਹੀ ਹਾਊਸ ਵਿੱਚੋਂ ਨਿਕਲ ਜਾਣੇ ਹਨ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਤੁਸੀਂ ਸਮਝਦੇ ਹੋ ਕਿ ਬੰਦਾ ਬਾਹਰਲਾ ਹੈ, ਇਹੀ ਰੌਲਾ ਤਾਂ ਮੈਂ ਪਾਉਂਦਾ ਹਾਂ ਜੀ।

ਮਾਨਯੋਗ ਸਪੀਕਰ : ਮੈਂ ਹਾਊਸ ਤੋਂ ਬਾਹਰ ਦੀ ਗੱਲ ਕੀਤੀ ਹੈ ਜੀ ਕਿ ਜਿਹੜਾ ਬੰਦਾ ਇੱਥੇ ਹਾਊਸ ਵਿੱਚ ਆਪਣੀ ਪੁਜ਼ੀਸ਼ਨ ਐਕਸਪਲੇਨ ਨਹੀਂ ਕਰ ਸਕਦਾ, ਉਸ ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਜਿਹੜੀ ਗੱਲ ਮੈਂ ਕਰਨੀ ਸੀ, ਉਹ ਤੁਸੀਂ ਕਰ ਦਿੱਤੀ ਕਿ ਆਪਣਾ ਤਾਂ ਉਹ ਬਣਦਾ ਹੀ ਨਹੀਂ। ਤੁਸੀਂ ਵੀ ਬਾਹਰਲਾ ਕਹੀ ਜਾਂਦੇ ਹੋ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਸਪੀਕਰ ਸਾਹਿਬ, ਇਸ ਵੇਲੇ ਕਾਂਗਰਸ ਪਾਰਟੀ ਦਾ ਕੋਈ ਮੈਂਬਰ ਆਪਣੇ ਪ੍ਰਧਾਨ ਨੂੰ ਪ੍ਰਧਾਨ ਮੰਨਣ ਨੂੰ ਤਿਆਰ ਨਹੀਂ। ਇਹ ਵੀ ਹਕੀਕਤ ਹੈ ਕਿ ਇਸ ਵੇਲੇ ਕਾਂਗਰਸ ਪਾਰਟੀ ਦਾ ਕੋਈ ਵੀ ਲੀਡਰ (ਵਿਘਨ) (ਸ਼ੋਰ).........

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਕਈ ਮੈਂਬਰਜ਼ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਐਵੇਂ ਹੀ ਪੁਆਇੰਟ ਆਫ ਆਰਡਰ ਨਾ ਮੰਗੋ, ਉਨ੍ਹਾਂ ਨੇ 'ਪ੍ਰਧਾਨ' ਲਫਜ਼ ਕਿਹਾ ਹੈ, ਉਨ੍ਹਾਂ ਦਾ ਨਾਂ ਤਾਂ ਲਿਆ ਨਹੀਂ ।

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਕਈ ਮੈਂਬਰਜ਼ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ)

ਮਾਨਯੋਗ ਸਪੀਕਰ : ਉਨ੍ਹਾਂ ਨੇ ਪ੍ਰਧਾਨ ਕਿਹਾ ਹੈ, ਨਾਂ ਤਾਂ ਲਿਆ ਨਹੀਂ। ਉਹ ਪਾਰਟੀ ਦੇ ਪ੍ਰਧਾਨ ਨੂੰ ਸੰਬੋਧਨ ਕਰਕੇ ਕਹਿ ਸਕਦੇ ਹਨ ਪਰ ਨਾਂ ਨਹੀਂ ਲੈ ਸਕਦੇ। (ਵਿਘਨ) (ਸ਼ੋਰ) Not to be recorded.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ** ** ਮਾਨਯੋਗ ਸਪੀਕਰ : ਜਿਹੜੀ ਵੀ ਗੱਲ ਮੇਰੇ ਪੁੱਛੇ ਤੋਂ ਬਗੈਰ ਕਹੀ ਜਾਏ, that should not be recorded. (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਤਾਂ ਸਲਾਹ ਦੇ ਰਿਹਾ ਸੀ, ਜੇ ਨਹੀਂ ਮੰਨਣੀ ਨਾ ਮੰਨੋ।

Mr. Speaker : 'Pradhan' can be mentioned.

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਇਸ ਵੇਲੇ ਕਾਂਗਰਸ ਪਾਰਟੀ ਦਾ ਕੋਈ ਵੀ ਸੀਨੀਅਰ ਲੀਡਰ ਪੰਜਾਬ ਵਿੱਚ ਪਾਰਲੀਮੈਂਟ ਦੀ ਚੋਣ ਲੜਨ ਨੂੰ ਤਿਆਰ ਨਹੀਂ ਹੈ । ਜੇ ਕਿਸੇ ਦਾ ਨਾਂ ਲਿਆ ਜਾਂਦਾ ਹੈ ਤਾਂ ਉਹ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਕਿ ਜਿਵੇਂ ਗਾਲ੍ਹ ਕੱਢੀ ਹੋਵੇ ਕਿ ਮੇਰਾ ਨਾਂ ਪਾਰਲੀਮੈਂਟ ਵਾਸਤੇ ਕਿਉਂ ਪੇਸ਼ ਕੀਤਾ ਗਿਆ ਹੈ। ਅੱਜ ਕਾਂਗਰਸ ਪਾਰਟੀ ਵਿੱਚ ਜੇ ਕਿਸੇ ਨੂੰ ਕਾਂਗਰਸ਼ ਪਾਰਟੀ ਨੇ ਦਬਕਾ ਮਾਰ ਕੇ ਚੁੱਪ ਕਰਵਾਉਣਾ ਹੋਵੇ ਤਾਂ ਜਿਵੇਂ ਪਿਛਲੇ ਸਮਿਆਂ ਵਿੱਚ ਜੇ.ਐਂਡ.ਕੇ. ਵਿੱਚ ਰੋਂਦੇ ਬੱਚਿਆਂ ਨੂੰ ਚੁੱਪ ਕਰਵਾਉਣ ਵਾਸਤੇ ਸਰਦਾਰ ਹਰੀ ਸਿੰਘ ਨਲੂਆ ਦਾ ਨਾਂ ਲਿਆ ਜਾਂਦਾ ਸੀ, ਜੇ ਕਾਂਗਰਸ ਵਿੱਚ ਕੋਈ ਰੌਲਾ ਪਾਉਂਦਾ ਹੈ ਤਾਂ ਦਬਕਾ ਮਾਰਿਆ ਜਾਂਦਾ ਹੈ ਕਿ ਚੁੱਪ ਕਰ ਨਹੀਂ ਤਾਂ ਐਮ. ਪੀ. ਲਈ ਕੈਂਡੀਡੇਟ ਬਣਾ ਦਿਆਂਗੇ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਮੁਕਾਬਲਾ ਕਰਨਾ ਪਵੇਗਾ। ਫਿਰ ਕਾਂਗਰਸ ਪਾਰਟੀ ਦਾ ਉਹ ਮੈਂਬਰ ਦੁਬਾਰਾ ਬਿਆਨ ਦੇਣ ਤੋਂ ਵੀ ਹੱਟ ਜਾਂਦਾ ਹੈ। ਇਨ੍ਹਾਂ ਨੂੰ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦਾ ਇੰਨਾ ਡਰ ਹੈ ਔਰ ਸਾਡੇ ਜਰਨੈਲ ਸੁਖਬੀਰ ਸਿੰਘ ਜੀ ਬਾਦਲ ਜਿਹੜੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਵਿੱਚ ਪਾਰਟੀ ਨੂੰ ਲਗਾਤਾਰ ਜਿੱਤਾਂ ਵੱਲ ਲੈ ਕੇ ਚੱਲ ਰਹੇ ਹਨ, ਉਨ੍ਹਾਂ ਦਾ ਡਰ ਪਿਆ ਹੋਇਆ ਹੈ । ਸਾਨੂੰ ਹਾਸਾ ਆਉਂਦਾ ਹੈ, ਜਦੋਂ ਅਸੀਂ ਨਵੇਂ ਨਵੇਂ ਅਲਾਇੰਸ ਬਾਰੇ ਅਖਬਾਰਾਂ ਵਿੱਚ ਪੜ੍ਹਦੇ ਹਾਂ। ਕਾਂਗਰਸ ਪਾਰਟੀ ਕਿਸੇ ਵੇਲੇ ਨੈਸ਼ਨਲ ਪਾਰਟੀ ਸੀ ਪਰ ਅੱਜ ਕਾਂਗਰਸ ਪਾਰਟੀ ਦਾ ਅਲਾਇੰਸ ਕਿਸ ਨਾਲ ਹੋ ਰਿਹਾ ਹੈ ? ਇਹ ਪੰਜਾਬ ਪੀਪਲਜ਼ ਪਾਰਟੀ ਨਾਲ ਹੋ ਰਿਹਾ ਹੈ, ਜਿਸ ਦਾ ਪੰਜਾਬ ਵਿੱਚ ਕੋਈ ਕੌਂਸਲਰ ਨਹੀਂ, ਜਿਸ ਦਾ ਪੰਜਾਬ ਵਿੱਚ ਕੋਈ ਐਮ.ਐਲ.ਏ. ਨਹੀਂ, ਐਮ.ਪੀ. ਬਣਨਾ ਤਾਂ ਬਹੁਤ ਦੂਰ ਦੀ ਗੱਲ ਹੈ ਔਰ ਇਸ ਵੇਲੇ ਬਚਾਉ ਵਾਸਤੇ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਗਠਜੋੜ ਦਾ ਮੁਕਾਬਲਾ ਕਰਨ ਵਾਸਤੇ ਇਸ ਪੱਧਰ ਤੱਕ ਕੋਸ਼ਿਸ਼ਾਂ ਹੋ ਰਹੀਆਂ ਹਨ ਕਿ ਕਦੇ ਪੀ.ਪੀ.ਪੀ. ਨਾਲ ਤੇ ਕਦੇ ਆਮ ਆਦਮੀ ਪਾਰਟੀ ਨਾਲ ਸਮਝੌਤੇ ਦੀ ਗੱਲ ਚਲਾ ਰਹੇ ਹਨ ਜਦੋਂ ਕਿ ਇਹ ਪਾਰਟੀਆਂ ਅਜੇ ਨਵੀਆਂ ਨਵੀਆਂ ਹੀ ਬਣੀਆਂ ਹਨ। ਉਨ੍ਹਾਂ ਨਾਲ ਸਮਝੌਤੇ ਦੀ ਗੱਲ ਚੱਲ ਰਹੀ ਹੈ ਪਰ ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਾਰੇ ਸਮਝੌਤੇ, ਸਾਰੇ ਅਲਾਇੰਸ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਅਲਾਇੰਸ ਦੇ ਸਾਹਮਣੇ ਨਹੀਂ ਖੜ੍ਹ ਸਕਦੇ ਕਿਉਂਕਿ ਇਹ ਲੋਕ ਹਾਲੇ ਆਮ

**Not recorded as ordered by the Chair.

ਆਦਮੀ ਦੀ ਗੱਲ ਕਰਦੇ ਹਨ ਲੇਕਿਨ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਅੱਜ ਤੋਂ ਸੱਤ ਸਾਲ ਪਹਿਲਾਂ ਇਸ ਨੂੰ ਗਰੀਬ ਆਦਮੀ ਦੀ ਪਾਰਟੀ ਬਣਾਇਆ ਸੀ। ਜੇ ਕਿਸੇ ਗਰੀਬ ਦਾ ਭਲਾ, ਇਸ ਪੰਜਾਬ ਵਿੱਚ ਕੀਤਾ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਕੀਤਾ ਹੈ। ਚਾਹੇ ਆਟੇ-ਦਾਲ ਦੀ ਪੰਜਾਬ ਵਿੱਚ ਕਿਸੇ ਨੂੰ ਜ਼ਰੂਰਤ ਸੀ ਤਾਂ ਉਹ ਵੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਦਿੱਤਾ । (ਥੰਪਿੰਗ) ਜੇ ਗਰੀਬ ਨੂੰ ਐਜੂਕੇਸ਼ਨ ਦੀ ਲੋੜ ਸੀ ਤਾਂ ਉਹ ਫਰੀ ਐਜੂਕੇਸ਼ਨ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਦਿੱਤੀ । (ਥੰਪਿੰਗ) ਜੇ ਗਰੀਬ ਦਲਿਤ ਦੀ ਧੀ ਨੂੰ ਸ਼ਗਨ ਦੀ ਜ਼ਰੂਰਤ ਸੀ ਤਾਂ ਉਹ ਵੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਦਿੱਤਾ ਤੇ ਜੇ ਪੈਨਸ਼ਨਾਂ ਦੀ ਜ਼ਰੂਰਤ ਸੀ ਤਾਂ ਉਹ ਵੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਦਿੱਤੀਆਂ । (ਥੰਪਿੰਗ) 'ਗਰੀਬ ਦਾ ਮੂੰਹ, ਗੁਰੂ ਕੀ ਗੋਲਕ,' ਇਹ ਜਿਹੜਾ ਕੰਮ ਹੈ, ਇਹ ਸਾਡੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਸੱਤ ਸਾਲ ਪਹਿਲਾਂ ਕਰ ਦਿੱਤਾ ਸੀ । ਇਸ ਕਰਕੇ ਜਿਹੜੇ ਨਵੇਂ ਨਾਅਰੇ ਹਨ, ਇਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਦਾ ਕੁਝ ਨਹੀਂ ਵਿਗਾੜ ਸਕਦੇ। ਅੱਜ ਜਦੋਂ ਮੈਂ ਸਦਨ ਵਿੱਚ ਆਇਆ ਸੀ, ਉਸ ਵੇਲੇ ਬਿਜਲੀ ਗਈ ਹੋਈ ਸੀ ਤੇ ਸਾਡੇ ਮਾਨਯੋਗ ਮਿੱਤਲ ਸਾਹਿਬ ਪੁੱਛ ਰਹੇ ਸੀ ਕਿ ਅੱਜ ਹਨੇਰਾ ਕਿਉਂ ਹੈ? ਅਸੀਂ ਕਿਹਾ ਕਿ ਸੀ ਹਨੇਰਾ ਨਹੀਂ, ਇਲੈਕਸ਼ਨ ਕਮਿਸ਼ਨ ਕਾਨਫਰੰਸ ਸ਼ੁਰੂ ਕਰਨ ਲੱਗਾ ਹੈ ਤੇ ਜਦੋਂ ਕਾਨਫਰੰਸ ਸ਼ੁਰੂ ਹੋਈ ਤੇ ਉਦੋਂ ਹੀ ਬੱਤੀ ਆ ਗਈ ਜਿਸ ਦਾ ਮਤਲਬ ਕਿ ਦੇਸ਼ ਵਿੱਚ ਨਵੇਂ ਸਿਰੇ ਤੋਂ ਚਾਨਣ ਵਿੱਚ ਹੋਣ ਵਾਲਾ ਹੈ। (ਥੰਪਿੰਗ) ਇਸ ਕਰਕੇ ਇਲੈਕਸ਼ਨਾਂ ਸ਼ੁਰੂ ਹੋਈਆਂ ਹਨ। ਮੈਂ ਸਮਝਦਾ ਹਾਂ ਕਿ ਉਹ ਜਿਹੜਾ ਹਨੇਰਾ ਹੈ, ਉਹ ਖਤਮ ਹੋਣ ਵਾਲਾ ਹੈ ।

*11.50 ਵਜੇ ਪੂਰਵ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਧੰਨਵਾਦ ਕਰਦਾ ਹਾਂ, ਮਾਨਯੋਗ ਗਵਰਨਰ ਸਾਹਿਬ ਦਾ ਕਿ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਜਿੱਥੇ ਸਰਕਾਰ ਦੀ ਹਰ ਪ੍ਰਾਪਤੀ ਨੂੰ ਬੜੀ ਬਰੀਕੀ ਨਾਲ ਲਿਆ ਹੈ ਉਥੇ ਸਾਫ ਤੌਰ ਤੇ ਅਤੇ ਉਚੇਚੇ ਤੌਰ ਤੇ ਜ਼ਿਕਰ ਕੀਤਾ ਹੈ ਕਿ ਪੰਜਾਬ ਵਿੱਚ ਪਿਛਲੇ ਸੱਤ ਸਾਲ ਤੋਂ ਮੁਕੰਮਲ ਅਮਨ ਤੇ ਸ਼ਾਂਤੀ, ਭਾਈਚਾਰਕ ਸਾਂਝ ਤੇ ਸਾਂਝੀਵਾਲਤਾ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਔਰ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਸਾਹਿਬ ਦੇ ਬਤੌਰ ਹੋਮ ਮਨਿਸਟਰ ਮਿਹਨਤ ਕਰਕੇ ਬਣੀ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪ੍ਰਾਪਤੀਆਂ ਕੋਈ ਐਵੇਂ ਨਹੀਂ ਹੋ ਗਈਆਂ, ਇਸ ਵਾਸਤੇ ਬੜੀ ਬਰੀਕੀ ਨਾਲ ਸੂਬੇ ਨੂੰ ਅਤੇ ਸੂਬੇ ਦੀਆਂ ਲੋੜਾਂ ਨੂੰ ਸਮਝਿਆ ਗਿਆ ਹੈ । ਪਹਿਲੀ ਗੱਲ ਹੈ, ਲੋਕਾਂ ਵਿੱਚ ਬੇਚੈਨੀ ਉਦੋਂ ਹੁੰਦੀ ਹੈ ਜਦੋਂ ਸਰਕਾਰ ਤੱਕ ਲੋਕਾਂ ਦੀ ਪਹੁੰਚ ਨਾ ਹੋਵੇ । ਲੇਕਿਨ ਸਾਨੂੰ ਖੁਸ਼ੀ ਹੈ ਕਿ ਸਾਡੇ ਮੰਤਰੀ ਸਾਹਿਬਾਨ ਤਾਂ ਕੀ, ਸਾਡੇ ਮੁੱਖ ਮੰਤਰੀ ਸਾਹਿਬ ਵੀ ਸੰਗਤ ਦਰਸ਼ਨ ਕਰਕੇ, ਆਪ ਜਾ ਕੇ ਇਕੱਲੇ ਇਕੱਲੇ ਪਿੰਡ ਵਿੱਚ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹਨ ਤੇ ਇਸ ਤੋਂ ਵੱਧ ਐਕਸੈਸੀਬਲ ਗੌਰਮਿੰਟ ਹੋਰ ਕੋਈ ਸਾਰੇ ਦੇਸ਼ ਵਿੱਚ ਨਹੀਂ ਹੋ ਸਕਦੀ । ਇਹ ਵੀ ਬਹੁਤ ਵੱਡਾ ਫੈਕਟਰ ਹੈ ਜਿਸ ਨਾਲ ਪੰਜਾਬ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰਕ ਏਕਤਾ ਕਾਇਮ ਕੀਤੀ

[ਡਾਕਟਰ ਦਲਜੀਤ ਸਿੰਘ ਚੀਮਾ]

ਹੈ । ਦੂਸਰੀ ਗੱਲ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਉਦੋਂ ਸ਼ਾਂਤੀ ਸਥਾਪਿਤ ਹੁੰਦੀ ਹੈ, ਜਦੋਂ ਲੋਕਾਂ ਨੂੰ ਇਨਸਾਫ ਮਿਲੇ। ਜੇ ਬੇਇਨਸਾਫੀ ਹੋਵੇ, ਉਦੋਂ ਵੀ ਲੋਕ ਬੇਚੈਨ ਹੋਣੇ ਸ਼ੁਰੂ ਹੋ ਜਾਂਦੇ ਹਨ ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਵਿੱਚ ਕਸਟੋਡੀਅਨ ਡੈਥਸ ਦਾ ਦੌਰ ਖਤਮ ਹੋ ਚੁੱਕਾ ਹੈ ਅਤੇ ਵੈਨਡੈਟਾ ਪਾਲਿਟਿਕਸ ਵੀ ਖਤਮ ਹੋ ਚੁੱਕੀ ਹੈ। ਅੱਜ ਔਰਤ ਨੂੰ ਵੀ ਪੰਜਾਬ ਦੇ ਵਿੱਚ ਥਾਣੇ ਸੱਦਣ ਤੋਂ ਮਨਾਹੀ ਹੋ ਚੁੱਕੀ ਹੈ। ਇਹ ਫੈਕਟਰ ਹਨ ਜਿਨ੍ਹਾਂ ਕਰਕੇ ਇਸ ਸਰਕਾਰ ਨੇ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਅਗਲੀ ਵੱਡੀ ਲੋੜ ਧਾਰਮਿਕ ਭਾਵਨਾਵਾਂ ਨੂੰ ਸਮਝਣ ਦੀ ਹੁੰਦੀ ਹੈ । ਇਸ ਸੂਬੇ ਵਿੱਚ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ। ਸਾਰੇ ਵਰਗਾਂ ਦੇ ਲੋਕ ਰਹਿੰਦੇ ਹਨ। ਸਰਕਾਰ ਉਨ੍ਹਾਂ ਦੀਆਂ ਲੋੜਾਂ ਨੂੰ ਵੀ ਸਮਝੇ ਅਤੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਸਮਝੇ। ਮੈਂ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਚਾਹੇ ਮੁਸਲਮ ਭਾਈਚਾਰੇ ਦਾ ਈਦ ਦਾ ਤਿਉਹਾਰ ਹੋਵੇ ਤਾਂ ਸਾਡੇ ਮੁੱਖ ਮੰਤਰੀ ਸਾਹਿਬ ਉਥੇ ਆਪ ਹਾਜ਼ਰ ਹੁੰਦੇ ਹਨ। ਜੇ ਮਸੀਹ ਭਾਈਚਾਰੇ ਦਾ ਕ੍ਰਿਸਮਿਸ ਦਾ ਸਮਾਗਮ ਹੈ ਤਾਂ ਉਥੇ ਵੀ ਉਨ੍ਹਾਂ ਦੀਆਂ ਖੁਸ਼ੀਆਂ ਵਿੱਚ ਸਾਡੇ ਮੁੱਖ ਮੰਤਰੀ ਸਾਹਿਬ ਆਪ ਸ਼ਾਮਿਲ ਹੁੰਦੇ ਹਨ। ਜੇ ਭਗਵਾਨ ਪਰਸੂ ਰਾਮ ਜੀ ਦਾ ਦਿਹਾੜਾ ਹੈ ਤਾਂ ਉਥੇ ਵੀ ਮੁੱਖ ਮੰਤਰੀ ਸਾਹਿਬ ਪਹੁੰਚਦੇ ਹਨ। ਜੇ ਭਗਵਾਨ ਬਾਲਮੀਕਿ ਜੀ ਦਾ ਦਿਹਾੜਾ ਹੈ ਤਾਂ ਉਥੇ ਵੀ ਪਹੁੰਚਦੇ ਹਨ । ਭਗਵਾਨ ਬਾਲਮੀਕਿ ਜੀ ਦਾ ਤੀਰਥ ਅਸਥਾਨ ਜਿਹੜਾ ਹੈ, ਉਹ ਵੀ ਸਰਕਾਰ ਬਣਾ ਰਹੀ ਹੈ। ਜਦੋਂ ਗੁਰੂ ਰਵਿਦਾਸ ਜੀ ਦਾ ਦਿਹਾੜਾ ਆਉਂਦਾ ਹੈ ਤਾਂ ਉਥੇ ਵੀ ਮੁੱਖ ਮੰਤਰੀ ਸਾਹਿਬ ਪਹੁੰਚਦੇ ਹਨ। ਰਾਮਗੜ੍ਹ ਵਿੱਚ ਉਨ੍ਹਾਂ ਦੀ ਯਾਦ ਵਿੱਚ ਵੱਡੇ ਅਸਥਾਨ ਬਣਾਉਣ ਵਾਸਤੇ ਸਰਕਾਰ ਸਕੀਮਾਂ ਬਣਾ ਰਹੀ ਹੈ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਮਹਾਂਪੁਰਖਾਂ ਦੇ ਦਿਹਾੜੇ ਮਨਾਉਣੇ, ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ, ਜੇ ਕਿਸੇ ਨੇ ਦੇਸ਼ ਵਿੱਚ ਇਸ ਬਾਰੇ ਸਿੱਖਣਾ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਸਾਹਿਬ ਤੋਂ ਸਿੱਖਣਾ ਚਾਹੀਦਾ ਹੈ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਵੱਡੀ ਗੱਲ ਹੈ ਕਿ ਦੇਸ਼ ਅਤੇ ਸੂਬੇ ਵਿੱਚ ਲੋਕਾਂ ਦਾ ਭਰੋਸਾ ਜਿੱਤਣ ਵਾਸਤੇ ਫਰੀ ਐਂਡ ਫੇਅਰ ਇਲੈਕਸ਼ਨ ਕਰਵਾਉਣੀਆਂ ਵੀ ਅਮਨ ਅਤੇ ਸ਼ਾਂਤੀ ਦਾ ਬਹੁਤ ਵੱਡਾ ਹਿੱਸਾ ਹੁੰਦਾ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਵਾਹ-ਵਾਹ ਦੀਆਂ ਆਵਾਜ਼ਾਂ) ਜਿਥੇ ਤੁਹਾਡੀਆਂ ਸਰਕਾਰਾਂ ਸੀ, ਨਤੀਜੇ ਉਥੇ ਵੀ ਇਹੀ ਆਏ ਹਨ । ਇਸ ਕਰਕੇ ਵਾਹ-ਵਾਹ ਲਈ ਤੁਹਾਡਾ ਧੰਨਵਾਦ। ਇਨ੍ਹਾਂ ਚੀਜ਼ਾਂ ਤੋਂ ਸਾਨੂੰ ਸਿੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਕਿਸੇ ਵੀ ਸਦੀਵੀ ਅਮਨ ਅਤੇ ਸ਼ਾਂਤੀ ਦੀ ਸਥਾਪਤੀ ਵਾਸਤੇ ਜਿਹੜਾ ਸੋਸ਼ਿਓ-ਇਕਨਾਮਿਕ ਐਂਗਲ ਹੁੰਦਾ ਹੈ, ਉਸ ਨੂੰ ਵੀ ਸਰਕਾਰ ਨੇ ਕਿਸੇ ਪੱਖ ਤੋਂ ਇਗਨੋਰ ਨਹੀਂ ਕੀਤਾ। 'ਆਟਾ-ਦਾਲ ਸਕੀਮ' ਦੀ ਮੈਂ ਪਹਿਲਾਂ ਗੱਲ ਕੀਤੀ ਹੈ । ਇਸੇ ਤਰ੍ਹਾਂ ਇੰਪਲਾਇਮੈਂਟ ਵਾਸਤੇ ਐਜੂਕੇਸ਼ਨ ਨੂੰ ਜਾੱਬ ਓਰੀਐਂਟਿਡ ਬਣਾਇਆ ਹੈ। ਸਕਿੱਲ ਡਿਵੈਲਪਮੈਂਟ ਸੈਂਟਰ ਡਿਵੈਲਪ ਕੀਤੇ ਹਨ। ਐਨ.ਸੀ.ਸੀ.

ਅਕੈਡਮੀਜ਼ ਬਣਾਈਆਂ ਹਨ। 'ਮਹਾਰਾਜਾ ਰਣਜੀਤ ਸਿੰਘ ਅਕੈਡਮੀ' ਬਣਾਈ ਹੈ। ਇਹ ਸਾਰੀਆਂ ਚੀਜ਼ਾਂ ਇਸੇ ਕਰਕੇ ਮਿਲੀਆਂ ਹਨ ਕਿਉਂਕਿ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਫਿਕਰ ਹੈ ਕਿ ਜੇਕਰ ਸਾਡੇ ਬੱਚੇ ਅੱਛਾ ਰੁਜ਼ਗਾਰ ਹਾਸਲ ਕਰਨਗੇ ਤਾਂ ਹੀ ਸੂਬੇ ਦੇ ਵਿੱਚ ਅਮਨ-ਸ਼ਾਂਤੀ ਪੱਕੇ ਤੌਰ ਤੇ ਸਥਾਪਿਤ ਹੋ ਸਕਦੀ ਹੈ।

ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਨਸ਼ਿਆਂ ਦੀ ਗੱਲ ਹੋਈ ਹੈ ਕਿ ਨਸ਼ਿਆਂ ਦੇ ਖਿਲਾਫ ਬਹੁਤ ਵੱਡੀ ਮੁਹਿੰਮ ਇਸ ਸਰਕਾਰ ਨੇ ਚਲਾਈ ਹੈ । ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਕਾਫ਼ੀ ਕੰਮ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਕੀਤਾ ਗਿਆ ਹੈ । ਕਬੱਡੀ ਦੀ ਪਰਮੋਸ਼ਨ ਵਾਸਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀਆਂ ਵੱਡੀਆਂ ਕੋਸ਼ਿਸ਼ਾਂ ਹਨ । 'ਵਰਲਡ ਕੱਪ ਕਬੱਡੀ ਟੂਰਨਾਮੈਂਟ' ਕਰਵਾਇਆ ਜਾਂਦਾ ਹੈ । ਸਕੂਲਾਂ ਵਿੱਚ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਸਪੋਰਟਸ ਕਲੱਬ' ਦੀ ਗੱਲ ਹੈ ਜਾਂ ਸਪੋਰਟਸ ਦਾ ਇਨਫਰਾਸਟਰਕਚਰ ਬਣਾਉਣ ਦੀ ਗੱਲ ਹੈ ਜਾਂ ਖਿਡਾਰੀਆਂ ਨੂੰ ਵੱਡੀਆਂ ਨੌਕਰੀਆਂ ਦੇਣ ਦੀ ਗੱਲ ਹੈ, ਇਹ ਸਾਰੇ ਕੰਮ ਸਰਕਾਰ ਨੇ ਕੀਤੇ ਹਨ ਤਾਂ ਜਾ ਕੇ ਸਾਰੇ ਭਾਈਚਾਰੇ ਸੰਤੁਸ਼ਟ ਹਨ, ਸਾਰੇ ਧਰਮਾਂ ਦੇ ਲੋਕ ਸੰਤੁਸ਼ਟ ਹਨ ਔਰ ਇਸ ਕਰਕੇ ਰਾਜ ਵਿੱਚ ਅਮਨ-ਸ਼ਾਂਤੀ ਹੈ। ਮੈਂ ਧੰਨਵਾਦ ਕਰਦਾ ਹਾਂ ਗਵਰਨਰ ਸਾਹਿਬ ਦਾ ਕਿ ਉਨ੍ਹਾਂ ਨੇ ਇਸ ਇਸ਼ੂ ਨੂੰ ਬੜੇ ਤਰੀਕੇ ਦੇ ਨਾਲ ਟੱਚ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਦੂਜੀ ਵੱਡੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ । ਮੈਂ ਇਸ ਗੱਲ ਲਈ ਵੀ ਮਾਨਯੋਗ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਸਾਲ 1984 ਦਾ ਕਤਲੇਆਮ ਸਾਡੀ ਦੁਖਦੀ ਰਗ ਸੀ·ਜਿਸ ਵਿੱਚ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨ ਮਾਰੇ ਗਏ, ਜਿਸ ਵਿੱਚ ਹਜ਼ਾਰਾਂ ਬੀਬੀਆਂ ਬੇਪੱਤ ਹੋਈਆਂ ਹਨ ਔਰ ਇਸ ਤੋਂ ਵੱਡਾ ਘਿਨੌਣਾ ਕਾਰਨਾਮਾ ਦੇਸ਼ ਦੇ ਇਤਿਹਾਸ ਵਿੱਚ ਹੋ ਨਹੀਂ ਸਕਦਾ। ਇਸ ਦਾ ਜ਼ਿਕਰ ਮਾਨਯੋਗ ਗਵਰਨਰ ਸਾਹਿਬ ਨੇ ਆਪਣੀ ਸਪੀਚ ਵਿੱਚ ਵੀ ਕੀਤਾ ਲੇਕਿਨ ਸਾਨੂੰ ਅਫਸੋਸ ਇਸ ਗੱਲ ਦਾ ਹੈ ਕਿ ਦੋ ਕਮਿਸ਼ਨ ਵੀ ਬਣੇ, ਸੱਤ ਕਮੇਟੀਆਂ ਵੀ ਬਣੀਆਂ ਲੇਕਿਨ ਅਜੇ ਤੱਕ ਉਨ੍ਹਾਂ ਲੋਕਾਂ ਨੂੰ, ਪੀੜ੍ਹਤ ਪਰਿਵਾਰਾਂ ਨੂੰ ਇਨਸਾਫ ਨਹੀਂ ਮਿਲਿਆ ਕਿਉਂਕਿ ਇੱਕ ਯੋਜਨਾਬੱਧ ਢੰਗ ਦੇ ਨਾਲ, ਰਾਜਸੀ ਸਰਪ੍ਰਸਤੀ ਦੇ ਕੇ ਇਹ ਕਤਲੇਆਮ ਕਰਵਾਇਆ ਗਿਆ ਸੀ । ਇਸ ਤੋਂ ਇਲਾਵਾ ਇੱਕ ਯੋਜਨਾਬੱਧ ਢੰਗ ਤਰੀਕੇ ਨਾਲ ਦੋਸ਼ੀਆਂ ਨੂੰ ਬਚਾਉਣ ਵਾਸਤੇ ਬਹੁਤ ਵੱਡੇ ਹੱਥਕੰਡੇ ਕਾਂਗਰਸ ਪਾਰਟੀ ਵੱਲੋਂ ਅੱਜ ਤੱਕ ਵਰਤੇ ਗਏ ਹਨ ਜਿਸ ਦੀ ਮੈਂ ਪੁਰਜ਼ੋਰ ਨਿਖੇਧੀ ਕਰਦਾ ਹਾਂ। ਇਹ ਇੱਕ ਬਹੁਤ ਵੱਡਾ ਕਲੰਕ ਸਾਡੇ ਦੇਸ਼ ਦੇ ਲੋਕਾਂ ਉਤੇ ਲੱਗਿਆ ਹੋਇਆ ਹੈ ... ।

ਸ਼੍ਰੀ ਤਰਲੋਚਨ ਸਿੰਘ: ਮਾਨਯੋਗ ਡਿਪਟੀ ਸਪੀਕਰ ਸਾਹਿਬ, ਚੀਮਾ ਸਾਹਿਬ ਬੋਲ ਰਹੇ ਸਨ ਅਤੇ ਮੈਂ ਬਾਹਰ ਸੁਣ ਰਿਹਾ ਸੀ ਤਾਂ ਇਨ੍ਹਾਂ ਨੇ 'ਰਵਿਦਾਸ' ਸ਼ਬਦ ਯੂਜ਼ ਕੀਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਇਹ ਰਵਿਦਾਸ ਦਾ ਹੋਵੇ, ਇਨ੍ਹਾਂ ਨੇ ਗੁਰੂ ਰਵਿਦਾਸ ਨਹੀਂ ਕਿਹਾ ਹੈ। (ਵਿਘਨ) ਇਹ ਸਾਡੇ ਗੁਰੂਆਂ ਦੀ ਇਨਸਲਟ ਕਰ ਰਹੇ ਹਨ। (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਬੈਠ ਜਾਉ ਜੀ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸ਼੍ਰੀ ਤਰਲੋਚਨ ਸਿੰਘ ਅਤੇ ਸਰਦਾਰ ਅਜੀਤ ਇੰਦਰ ਸਿੰਘ ਮੋਫਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪ੍ਰੰਤੂ ਉਨ੍ਹਾਂ ਦਾ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ ਅਤੇ ਹਾਊਸ ਵਿਚ ਬਹੁਤ ਸ਼ੋਰ ਸੀ।)

ਮਾਨਯੋਗ ਡਿਪਟੀ ਸਪੀਕਰ : ਤੁਸੀਂ ਕਿਰਪਾ ਕਰਕੇ ਬੈਠ ਜਾਉ।

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਇਹ ਅੰਦਰ ਬੈਠ ਕੇ ਸੁਣਿਆ ਕਰਨ। (ਵਿਘਨ) (ਸ਼ੋਰ)

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਕੁਝ ਮਾਨਯੋਗ ਮੈਂਬਰ ਅਤੇ ਟ੍ਰੈਜ਼ਰੀ ਬੈਂਚਿਜ਼ ਦੇ ਕੁਝ ਮਾਨਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਬਿਨਾਂ ਆਗਿਆ ਤੋਂ ਖੜ੍ਹੇ ਹੋ ਕੇ ਬੋਲ ਰਹੇ ਸਨ ਜੋ ਕਿ ਹਾਊਸ ਵਿਚ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦਿੱਤਾ।)

ਸ਼੍ਰੀ ਤਰਲੋਚਨ ਸਿੰਘ : ਮਾਨਯੋਗ ਚੇਅਰਮੈਨ ਸਾਹਿਬ, ਤੁਸੀਂ ਇਸ ਸੰਬੰਧੀ ਰਿਕਾਰਡ ਕਢਵਾ ਕੇ ਵੇਖ ਲਵੋ, ਇਸ ਦੀ ਵੀਡਿਉ ਕਢਵਾ ਕੇ ਵੇਖ ਲਵੋ ਜੀ। (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਤੁਸੀਂ ਸ਼ੁਰੂ ਕਰੋ। ਹਾਂ ਜੀ, ਚੀਮਾ ਸਾਹਿਬ, ਤੁਸੀਂ ਬੋਲੋ ਜੀ। ਮੋਫਰ ਸਾਹਿਬ, ਤੁਸੀਂ ਬੈਠੋ।

ਡਾਕਟਰ ਦਲਜੀਤ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਮੈਂ ਸਪੱਸ਼ਟ ਕਰਦਾ ਹਾਂ ਕਿ ...(ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਸੀ।)

ਡਾਕਟਰ ਦਲਜੀਤ ਸਿੰਘ ਚੀਮਾ : ਸਰ, ਮੈਂ ਬੇਨਤੀ ਕਰਦਾ ਹਾਂ ਕਿ ਜੋ ਮੈਂ ਕਿਹਾ ਹੈ, ਉਹ ਰਿਕਾਰਡ ਦਾ ਹਿੱਸਾ ਹੈ, ਕਿਰਪਾ ਕਰਕੇ ਉਸ ਨੂੰ ਕਢਵਾ ਕੇ ਵੇਖ ਲਵੋ । ਜੇ ਇਨ੍ਹਾਂ ਦੀ ਗੱਲ ਝੂਠੀ ਹੈ ਤਾਂ ਸਾਰੇ ਬੈਠ ਕੇ ਮਾਫੀ ਮੰਗਣ (ਵਿਘਨ) (ਸ਼ੋਰ) ਜੇ ਇਨ੍ਹਾਂ ਦੀ ਗੱਲ ਝੂਠ ਨਿਕਲੀ ...(ਵਿਘਨ) (ਸ਼ੋਰ) ਮੈਂ ਜੋ ਕੁਝ ਕਿਹਾ ਹੈ, ਉਹ ਰਿਕਾਰਡ ਦਾ ਹਿੱਸਾ ਹੈ। (ਵਿਘਨ) (ਸ਼ੋਰ)

ਸ਼੍ਰੀ ਤਰਲੋਚਨ ਸਿੰਘ: ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਦੀ ਵੀਡਿਉ ਕਢਵਾ ਲਈ ਜਾਵੇ। (ਵਿਘਨ)(ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਕਹਿੰਦਾ ਹਾਂ ਕਿ ਇਸ ਦੀ ਚਾਹੇ ਵੀਡਿਉ ਕਢਵਾ ਲਵੋ, ਸਭ ਕੁਝ ਕਢਵਾ ਲਵੋ। (ਵਿਘਨ) (ਸ਼ੋਰ) ਜੇ ਮੈਂ ਝੂਠਾ ਹੋਇਆ ਤਾਂ ਮੈਂ ਮਾਫੀ

ਮੰਗ ਲਵਾਂਗਾ ਤੇ ਜੇ ਤੁਸੀਂ ਝੂਠੇ ਹੋਏ ਤਾਂ ਤੁਸੀਂ ਮਾਫੀ ਮੰਗਣਾ। ਇਹ ਗੱਲ ਠੀਕ ਹੈ। (ਵਿਘਨ)(ਸ਼ੋਰ) ਰਿਕਾਰਡ ਕਢਵਾ ਲਵੋ । ਕੋਈ ਗੱਲ ਨਹੀਂ ਹੈ...

ਸਰਦਾਰ ਕੁਲਜੀਤ ਸਿੰਘ ਨਾਗਰਾ: ਮਾਨਯੋਗ ਡਿਪਟੀ ਸਪੀਕਰ ਸਾਹਿਬ, ਗੁਰੂਆਂ ਦੇ ਨਾਂ ਉਤੇ ਜੇ ਮਾਫੀ ਮੰਗਣੀ ਹੋਵੇ ਤਾਂ ਇਸ ਵਿੱਚ ਕੀ ਹਰਜ ਹੈ, ਇਨ੍ਹਾਂ ਨੂੰ ਮਾਫੀ ਮੰਗ ਲੈਣੀ ਚਾਹੀਦੀ ਹੈ।

ਸ਼੍ਰੀ ਸੁਨੀਲ ਜਾਖੜ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਨਾਗਰਾ ਸਾਹਿਬ ਨੇ ਬਿਲਕੁਲ ਠੀਕ ਗੱਲ ਕੀਤੀ ਹੈ ਕਿ ਐਵੇਂ ਗੱਲ ਨੂੰ ਵਧਾਉਣ ਦੀ ਬਜਾਏ, ਜੇਕਰ ਕੋਈ unwillingly ਕੋਈ ਗੱਲ ਕਹੀ ਗਈ ਹੈ ਤਾਂ ਇਸ ਬਾਰੇ ਚੀਮਾ ਸਾਹਿਬ ਕਹਿ ਸਕਦੇ ਹਨ, ਇਸ ਵਿਚ ਇੰਨੀ ਵੱਡੀ ਕਿਹੜੀ ਗੱਲ ਹੈ । ਤੁਸੀਂ ਆਪਣੀ ਗੱਲ ਕਲੀਅਰ ਕਰ ਦਿਉ। ਇਸ ਵਿਚ ਬਹਿਸਬਾਜ਼ੀ ਕਰਨ ਵਾਲੀ ਕਿਹੜੀ ਗੱਲ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਕਲੀਅਰ ਕਰ ਦਿੰਦਾ ਹਾਂ। ਮੈਂ ਜੋ ਬੋਲਿਆ ਹਾਂ, ਉਹ ਬਿਲਕੁਲ ਸਹੀ ਬੋਲਿਆ ਹਾਂ। ਤੁਸੀਂ ਰਿਕਾਰਡ ਕਢਵਾ ਲਵੋ, ਜੇਕਰ ਮੈਂ ਝੂਠਾ ਹੋਵਾਂਗਾ ਤਾਂ ਮਾਫੀ ਮੰਗ ਲਵਾਂਗਾ । ਤੁਸੀਂ ਬਾਹਰੋਂ ਆ ਕੇ ਨਾ ਬੋਲੋ (ਵਿਘਨ)(ਸ਼ੋਰ) ਕੀ ਅਸੀਂ ਇਨ੍ਹਾਂ ਤੋਂ ਸਿੱਖਾਂਗੇ?

ਸ਼੍ਰੀ ਸੁਨੀਲ ਜਾਖੜ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਚੀਮਾ ਸਾਹਿਬ ਉਤੇ ਵੀ ਬੀ.ਜੇ.ਪੀ. ਵਾਲਿਆਂ ਦਾ ਰੰਗ ਚੜ੍ਹ ਗਿਆ ਹੈ, ਉਹ ਵੀ ਮੁਆਫੀ ਮੰਗਣ ਤੋਂ ਬੜਾ ਗੁਰੇਜ਼ ਕਰਦੇ ਹਨ। ਇੰਨਾ ਵੱਡਾ ਕਾਂਡ ਹੋ ਗਿਆ ਹੈ ਪਰ ਬੀ.ਜੇ.ਪੀ. ਵਾਲੇ ਮਾਫੀ ਨਹੀਂ ਮੰਗਦੇ । ਕਹਿੰਦੇ ਹਨ ਕਿ ਅਸੀਂ ਮੁਸਲਮਾਨਾਂ ਤੋਂ ਮੁਆਫੀ ਨਹੀਂ ਮੰਗਣੀ। (ਵਿਘਨ) ਸੀ. ਐਮ. ਸਾਹਿਬ ਦਾ ਬਿਆਨ ਰਿਕਾਰਡ ਉਤੇ ਹੈ ਕਿ ਪਲੀਜ਼, ਸੌਰੀ ਤੇ ਥੈਂਕ ਯੂ ਕਹਿਣ ਵਿਚ ਕੋਈ ਦੇਰੀ ਨਹੀਂ ਹੋਣੀ ਚਾਹੀਦੀ, ਫਿਰ ਇਸ ਨੂੰ ਕਿਉਂ ਵਧਾਈ ਜਾਂਦੇ ਹੋ। (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਂ 'ਗੁਰੂ ਰਵਿਦਾਸ' ਸ਼ਬਦ ਹੀ ਯੂਜ਼ ਕੀਤਾ ਸੀ ਪਰ ਇਨ੍ਹਾਂ ਨੇ ਨਹੀਂ ਸੁਣਿਆ। (ਵਿਘਨ) (ਸ਼ੋਰ) ...ਤੁਸੀਂ ਸੁਣੋ, ਤੁਸੀਂ ਸੁਣੋ...

ਮਾਨਯੋਗ ਡਿਪਟੀ ਸਪੀਕਰ : ਬਾਕੀ ਮੈਂਬਰਜ਼ ਸਾਹਿਬਾਨ ਬੈਠ ਜਾਣ । ਜੇਕਰ ਚੀਮਾ ਸਾਹਿਬ ਨੇ ਕੋਈ ਅਜਿਹੀ ਗੱਲ ਕੀਤੀ ਹੈ ਤਾਂ ਉਸ ਦਾ ਰਿਕਾਰਡ ਕਢਵਾ ਲੈਂਦੇ ਹਾਂ।

ਡਾਕਟਰ ਦਲਜੀਤ ਸਿੰਘ ਚੀਮਾ : ਤੁਸੀਂ ਮੇਰੇ ਮੂੰਹੋਂ ਵੀ ਗਲਤ ਨਾ ਕਹਾਓ । (ਵਿਘਨ)(ਸ਼ੋਰ) ਮੈਂ ਸ਼ਬਦ 'ਗੁਰੂ ਰਵਿਦਾਸ' ਹੀ ਯੂਜ਼ ਕੀਤਾ ਹੈ, ਬਿਲਕੁਲ ਠੀਕ ਕੀਤਾ ਹੈ, ਇਨ੍ਹਾਂ ਨੂੰ ਗਲਤ ਸੁਣਿਆ ਹੈ । (ਵਿਘਨ)(ਸ਼ੋਰ)

ਸ਼੍ਰੀ ਤਰਲੋਚਨ ਸਿੰਘ : ਇਸ ਸੰਬੰਧੀ ਰਿਕਾਰਡ ਕਢਵਾਇਆ ਜਾਵੇ ਜੀ।

ਡਾਕਟਰ ਦਲਜੀਤ ਸਿੰਘ ਚੀਮਾ : ਇਹ ਰਿਕਾਰਡ ਕਢਵਾ ਲਵੋ। (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਤੁਸੀਂ ਸ਼ੁਰੂ ਕਰੋ। (ਵਿਘਨ)

ਸਰਦਾਰ ਤੋਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਆਪਾਂ ਇੱਕ ਪਾਸੇ ਅਮਨ ਦੀਆਂ ਗੱਲਾਂ ਕਰਦੇ ਹਾਂ ਕਿ ਪੰਜਾਬ ਵਿੱਚ ਕੋਈ ਐਸੀ ਗੱਲ ਨਾ ਹੋ ਜਾਵੇ ਕਿ ਪਾੜਾ ਵਧੇ। ਇੱਕ ਪਾਸੇ ਮਾਮੂਲੀ ਗੱਲਾਂ ਨੂੰ ਆਪਾਂ ਬਹੁਤ ਉਛਾਲਦੇ ਹਾਂ...(ਵਿਘਨ) (ਸ਼ੋਰ) ਮੈਨੂੰ ਬੋਲ ਤਾਂ ਲੈਣ ਦਿਓ। ਬੋਲਣ ਦਾ ਹੱਕ ਤਾਂ ਮੈਨੂੰ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਐਮ.ਐਲ.ਏ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਬੋਲ ਤਾਂ ਲੈਣ ਦਿਓ ।

ਸਰਦਾਰ ਕੁਲਜੀਤ ਸਿੰਘ ਨਾਗਰਾ :ਇੰਨੀ ਵੱਡੀ ਗੱਲ ਨੂੰ ਇਹ ਮਾਮੂਲੀ ਕਹਿ ਰਹੇ ਹਨ।

ਸਰਦਾਰ ਤੋਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਦਾ ਜਵਾਬ ਦੇ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਸਾਡੇ ਮਨ ਵਿੱਚ ਇੰਨਾ ਸਤਿਕਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂਆਂ ਦੀ ਬਾਣੀ ਹੈ, 4 ਗੁਰਸਿੱਖਾਂ ਦੀ ਬਾਣੀ ਹੈ ਅਤੇ 15 ਭਗਤਾਂ ਦੀ ਬਾਣੀ ਹੈ । ਸਾਲ 1604 ਵਿੱਚ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਕੀਤਾ, ਉਸ ਪੁਰਬ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਸਾਲ 2004 ਵਿੱਚ ਮਨਾਇਆ ਗਿਆ । ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ 15 ਭਗਤਾਂ ਦੀ ਬਾਣੀ ਉਸ ਸਮੇਂ ਦਰਜ ਕੀਤੀ ਤਾਂ ਕਿ ਜਿਨ੍ਹਾਂ ਜਿਨ੍ਹਾਂ ਅਸਥਾਨਾਂ ਨੇ ਇਨ੍ਹਾਂ ਭਗਤਾਂ ਨੇ ਜਨਮ ਲਿਆ, ਉਨ੍ਹਾਂ ਜਨਮ ਅਸਥਾਨਾਂ ਦਾ ਸਤਿਕਾਰ ਕਾਇਮ ਰੱਖਿਆ ਜਾ ਸਕੇ । ਇਨ੍ਹਾਂ 15 ਭਗਤਾਂ ਵਿੱਚੋਂ ਸਭ ਤੋਂ ਵੱਡਾ ਸਤਿਕਾਰ ਭਗਤ ਰਵਿਦਾਸ ਜੀ ਦਾ ਕੀਤਾ ਗਿਆ । ਜਿਸ ਜਗ੍ਹਾ ਤੇ ਇਨ੍ਹਾਂ ਨੇ ਅਵਤਾਰ ਧਾਰਿਆ, ਵਾਰਨਾਸੀ, ਉਥੋਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਨਗਰ ਕੀਰਤਨ ਦੇ ਰੂਪ ਵਿੱਚ ਲੈ ਕੇ ਚੱਲਿਆ ਸੀ ਅਤੇ 10 ਦਿਨਾਂ ਵਿੱਚ ਅੰਮ੍ਰਿਤਸਰ ਪਹੁੰਚਿਆ ਸੀ। ਸ਼੍ਰੋਮਣੀ ਅਕਾਲੀ ਦਲ ਨੇ ਇੰਨਾ ਵੱਡਾ ਮਾਣ ਦਿੱਤਾ ਪਰ ਇਨ੍ਹਾਂ ਨੂੰ ਛੋਟੀਆਂ ਛੋਟੀਆਂ ਗੱਲਾਂ ਵਿੱਚ ਪੈਣਾ ਠੀਕ ਨਹੀਂ । ਅਸੀਂ ਪੂਰਾ ਸਤਿਕਾਰ ਕਰਦੇ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਤੁਸੀਂ ਜਾਰੀ ਰੱਖੋ ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਹਾਊਸ ਦਾ ਰਿਕਾਰਡ ਕਢਵਾ ਲਿਆ ਜਾਵੇ, ਮੈਂ 'ਗੁਰੂ ਰਵਿਦਾਸ' ਵਰਡ ਹੀ ਯੂਜ਼ ਕੀਤਾ ਹੈ।

ਮਾਨਯੋਗ ਡਿਪਟੀ ਸਪੀਕਰ : ਮਾਨਯੋਗ ਮੈਂਬਰ ਸਾਹਿਬ, ਇਸ ਗੱਲ ਦਾ ਰਿਕਾਰਡ ਕਢਵਾ ਲੈਂਦੇ ਹਾਂ। ਕੋਈ ਗੱਲ ਨਹੀਂ ਪਰ ਪਹਿਲਾਂ ਚੀਮਾ ਸਾਹਿਬ ਨੂੰ ਬੋਲ ਲੈਣ ਦਿਓ। (ਵਿਘਨ, ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਮੈਂ ਵਰਡ ਗੁਰੂ ਰਵਿਦਾਸ, ਹੀ ਯੂਜ਼ ਕੀਤਾ ਹੈ। ਜੇ ਮੈਂ ਝੂਠਾ ਹੋਵਾਂ ਤਾਂ ਇਹ ਹਾਊਸ ਮੈਨੂੰ ਜੋ ਮਰਜ਼ੀ ਸਜ਼ਾ ਦੇਵੇ। (ਵਿਘਨ (ਸ਼ੋਰ) ਮੈਂ ਬਿਲਕੁਲ ਸਪੱਸ਼ਟ ਕਰ ਦਿੰਦਾ ਹਾਂ ਕਿ ਜਦੋਂ ਮਰਜ਼ੀ ਰਿਕਾਰਡ ਕਢਵਾ ਕੇ ਦੇਖ ਲਿਆ ਜਾਵੇ ਪਰ ਮੈਂ ਇਸ ਗੱਲੋਂ ਹੈਰਾਨ ਹਾਂ, ਮੈਂ ਜਾਣਦਾ ਸੀ ਕਿ ਕਾਂਗਰਸ ਪਾਰਟੀ ਨੇ ਕਿਵੇਂ ਇਨ੍ਹਾਂ ਗੱਲਾਂ ਨੂੰ ਲੈ ਕੇ ਅੱਗਾਂ ਲਾਈਆਂ। ਮੇਰੀ ਹਰ ਗੱਲ ਰਿਕਾਰਡ ਵਿੱਚ ਹੈ। ਫਿਰ ਵੀ ਇਸ ਤਰੀਕੇ ਰੌਲਾ ਪਾ ਕੇ ਇਹ ਮੇਰੀ ਗੱਲ ਨੂੰ ਝੁਠਲਾਉਣ ਦੀ ਕੋਸ਼ਿਸ਼ ਕਰ ਰਹੇ ਹਨ । ਜਿਥੇ ਰਿਕਾਰਡ ਵਿੱਚ ਨਹੀਂ ਹੁੰਦਾ, ਉਥੇ ਤੁਸੀਂ ਕੀ ਕਰਦੇ ਹੋ, ਇਹ ਵੀ ਸਾਰਾ ਦੇਸ਼ ਜਾਣਦਾ ਹੈ। (ਵਿਘਨ) ਮੈਂ ਜੋ ਕਿਹਾ ਹੈ, ਇਹ ਰਿਕਾਰਡ ਵਿੱਚ ਹੈ ਅਤੇ ਜਦੋਂ ਮਰਜ਼ੀ ਰਿਕਾਰਡ ਕਢਵਾਇਆ ਜਾ ਸਕਦਾ ਹੈ।

ਮਾਨਯੋਗ ਡਿਪਟੀ ਸਪੀਕਰ : ਪਲੀਜ਼, ਬਾਕੀ ਮੈਂਬਰ ਸਾਹਿਬ ਬੈਠੋ।

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਰੌਲਾ ਸ਼ਬਦ ਦਾ ਨਹੀਂ ਹੈ, ਰੌਲਾ ਇਸ ਗੱਲ ਦਾ ਹੈ ਕਿ ਅੱਜ ਤੱਕ ਗੁਰੂ ਰਵਿਦਾਸ ਦੀ ਯਾਦਗਾਰ, ਜਿਸ ਦਾ ਮੁੱਦਾ ਇੰਨੀ ਦੇਰ ਤੋਂ ਚੱਲ ਰਿਹਾ ਹੈ ਪਰ ਇਹ ਇਨ੍ਹਾਂ ਕੋਲੋਂ ਨਹੀਂ ਬਣੀ ਸੀ, ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਬਣਾਉਣ ਜਾ ਰਹੇ ਹਨ । ਰੌਲਾ ਤਾਂ ਇਸ ਗੱਲ ਦਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਦਰਦ ਇਸ ਗੱਲ ਦਾ ਹੋ ਰਿਹਾ ਹੈ ਕਿ ਉਨ੍ਹਾਂ ਦੀ ਯਾਦਗਾਰ ਕਿਉਂ ਬਣ ਰਹੀ ਹੈ ? ਇਹ ਸਾਰੀ ਉਮਰ ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਨਾਂ ਤੇ ਲੋਕਾਂ ਨੂੰ ਇਸੇ ਤਰ੍ਹਾਂ ਹੀ ਗੁੰਮਰਾਹ ਕਰਦੇ ਰਹੇ ਲੇਕਿਨ ਅੱਜ ਜਦੋਂ ਯਾਦਗਾਰ ਬਣ ਰਹੀ ਹੈ... (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਪਲੀਜ਼ ਸਪੀਚ ਕਰੋ। (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇਕੱਲਾ ਗੁਰੂ ਰਵਿਦਾਸ ਹੀ ਨਹੀਂ ਬੋਲਿਆ, ਜਿਹੜੇ ਮੇਰੇ ਹੱਥ ਵਿੱਚ ਕਾਗਜ਼ ਫੜਿਆ ਹੋਇਆ ਹੈ ਉਸ ਵਿੱਚ ਵੀ ਗੁਰੂ ਰਵਿਦਾਸ ਸ਼ਬਦ ਹੀ ਲਿਖਿਆ ਹੋਇਆ ਹੈ । ਜਾਖੜ ਸਾਹਿਬ ਭਾਵੇਂ ਪੜ੍ਹ ਲੈਣ। ਇਹ ਕਾਗਜ਼ ਮੈਂ ਜਾਖੜ ਸਾਹਿਬ ਨੂੰ ਦੇ ਦਿੰਦਾ ਹਾਂ। ਇਹ ਹਾਊਸ ਵਿੱਚ ਪੜ੍ਹ ਕੇ ਦੱਸ ਦੇਣ।

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਤੁਸੀਂ ਸਮਾਂ ਬਰਬਾਦ ਨਾ ਕਰੋ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ 1984 ਦੇ ... (ਵਿਘਨ) (ਸ਼ੋਰ) ਮੈਂ ਇਨ੍ਹਾਂ ਦੀਆਂ ਗਲਤੀਆਂ ਦੀ ਵੀ ਮਾਫ਼ੀ ਮੰਗ ਲੈਂਦਾ ਹਾਂ, ਹੋਰ ਦੱਸੋ। ਜਿਹੜੀਆਂ ਇਹ ਗਲਤੀਆਂ ਕਰ ਰਹੇ ਹਨ, ਉਸ ਦੀ ਵੀ ਮਾਫ਼ੀ ਮੰਗਦਾ ਹਾਂ। ਧੰਨਵਾਦ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ 1984 ਦੇ ਕਤਲੇਆਮ ਦਾ ਜ਼ਿਕਰ ਕਰ

[ਡਾਕਟਰ ਦਲਜੀਤ ਸਿੰਘ ਚੀਮਾ]

ਰਿਹਾ ਸੀ ਲੇਕਿਨ ਮੈਨੂੰ ਅਫਸੋਸ ਹੈ ਇਸ ਗੱਲ ਦਾ ਕਿ ਅੱਜ ਵੀ ਸਾਡੇ ਲੀਡਰਾਂ ਵੱਲੋਂ, ਜਿਹੜੇ ਸਾਡੇ ਸਾਹਮਣੇ ਬੈਠਦੇ ਹਨ, ਜਿਹੜੇ ਸਾਬਕਾ ਮੁੱਖ ਮੰਤਰੀ ਵੀ ਰਹੇ ਹਨ, ਕਾਂਗਰਸ ਪਾਰਟੀ ਦੇ ਪ੍ਰਧਾਨ ਵੀ ਰਹੇ ਹਨ, ਉਨ੍ਹਾਂ ਵੱਲੋਂ ਵੀ ਇਸ ਇਸ਼ੂ ਉਤੇ ਗੁੰਮਰਾਹਕੁੰਨ ਬਿਆਨਬਾਜ਼ੀ ਕੀਤੀ ਜਾਂਦੀ ਹੈ । ਜਦੋਂ ਸਾਲ 1984 ਦੇ ਕਤਲੇਆਮ ਦਾ ਮੁੱਦਾ ਉਠਦਾ ਹੈ, ਸਾਡੇ ਮਾਨਯੋਗ ਮੁੱਖ ਮੰਤਰੀ..... (ਵਿਘਨ) (ਸ਼ੋਰ) ਮੈਨੂੰ ਗੱਲ ਕਰਨ ਦਿਉ, ਸੁਣ ਲਵੋ। ਗੱਲ ਸੁਣ ਲਵੋ।

ਰਾਣਾ ਗੁਰਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਇਸ ਮੁੱਦੇ ਨਾਲ ਛੇੜਛਾੜ ਨਾ ਕਰਨ । (ਵਿਘਨ) (ਸ਼ੋਰ) ਇਸ ਸਬੰਧੀ ਬਾਦਲ ਸਾਹਿਬ ਬਿਆਨ ਦੇਣ । (ਵਿਘਨ) ਇੱਕ ਵਾਰੀ ਵੀ ਉਨ੍ਹਾਂ ਦਾ ਇਸ ਮੁੱਦੇ ਸਬੰਧੀ ਬਿਆਨ ਨਹੀਂ ਆਇਆ । (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਕਹਿ ਰਿਹਾ ਹਾਂ ਕਿ ਹੁਣ ਗੱਲ ਸੁਣ ਲਵੋ। (ਵਿਘਨ)(ਸ਼ੋਰ)

ਸਰਦਾਰ ਕੁਲਜੀਤ ਸਿੰਘ ਨਾਗਰਾ : ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਸਬੰਧੀ ਬਾਦਲ ਸਾਹਿਬ ਬਿਆਨ ਦੇਣ ...(ਵਿਘਨ) (ਸ਼ੋਰ)....

ਡਾਕਟਰ ਦਲਜੀਤ ਸਿੰਘ ਚੀਮਾ : ਮੈਨੂੰ ਪਤਾ ਹੈ ਕਿ ਕਿਹੜੇ ਕਿਹੜੇ ਬੰਦੇ ਕੈਪਟਨ ਸਾਹਿਬ ਦੇ ਹਨ। ਤੁਹਾਡੀ ਹਾਜ਼ਰੀ ਲੱਗ ਗਈ ਹੈ । (ਵਿਘਨ)

ਮਾਨਯੋਗ ਡਿਪਟੀ ਸਪੀਕਰ : ਬਾਕੀ ਮੈਂਬਰ ਸਾਹਿਬਾਨ, ਬੈਠੋ, ਪਲੀਜ਼।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦਾ ਬਿਆਨ ਪਿੱਛੇ ਜਿਹੇ ਆਇਆ ਕਿ ਜਦੋਂ ਸਾਲ 1984 ਦਾ ਕਤਲੇਆਮ ਹੋਇਆ ਸੀ, ਮੈਂ ਉਸ ਵੇਲੇ ਦਿੱਲੀ ਵਿੱਚ ਸੀ (ਵਿਘਨ) (ਸ਼ੋਰ)

ਸਰਦਾਰ ਕੁਲਜੀਤ ਸਿੰਘ ਨਾਗਰਾ : ਤੁਸੀਂ ਫਿਰ ਉਹੀ ਕਹਿਣ ਲੱਗ ਪਏ ਹੋ । ਤੁਹਾਡੀ ਸਰਕਾਰ ਨੇ ਇੱਕ ਦਿਨ ਵੀ ਅਖਬਾਰ ਦੇ ਵਿੱਚ ਬਿਆਨ ਨਹੀਂ ਦਿੱਤਾ । (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ: ਮੈਂ ਇਹੀ ਦੱਸਣ ਲੱਗਾ ਹਾਂ । (ਵਿਘਨ)(ਸ਼ੋਰ)

ਸਰਦਾਰ ਕੁਲਜੀਤ ਸਿੰਘ ਨਾਗਰਾ : ਤੁਸੀਂ ਦੱਸਣ ਵਾਲੇ ਕੌਣ ਹੁੰਦੇ ਹੋ? ਇਸ ਸਬੰਧੀ ਬਾਦਲ ਸਾਹਿਬ ਦੱਸਣ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਰਾਣਾ ਗੁਰਜੀਤ ਸਿੰਘ : ਇਸ ਕੇਸ ਸਬੰਧੀ ਐਸ.ਆਈ.ਟੀ. ਬਿਠਾ ਦਿੱਤੀ ਜਾਵੇ। (ਵਿਘਨ)

ਮਾਨਯੋਗ ਡਿਪਟੀ ਸਪੀਕਰ : ਤੁਹਾਨੂੰ ਵੀ ਆਪਣੇ ਸਮੇਂ ਮੁਤਾਬਕ ਬੋਲਣ ਦਾ ਮੌਕਾ ਮਿਲਣਾ ਹੈ। ਮੈਂਬਰ ਸਾਹਿਬ ਸਮੇਂ ਦਾ ਧਿਆਨ ਰੱਖਣ ।

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦਾ ਬਿਆਨ ਆਇਆ ਕਿ... (ਵਿਘਨ)(ਸ਼ੋਰ)

ਸਰਦਾਰ ਕੁਲਜੀਤ ਸਿੰਘ ਨਾਗਰਾ : ਫਿਰ ਉਹੀ ਗੱਲ ਕਰਨ ਲੱਗ ਪਏ ਹੋ। ਜੇਕਰ ਜਵਾਬ ਦੇਣਾ ਹੈ ਤਾਂ ਬਾਦਲ ਸਾਹਿਬ ਦੇਣ । (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਤੁਹਾਡੀ ਮਰਜ਼ੀ ਮੁਤਾਬਕ ਥੋੜ੍ਹਾ ਬੋਲਣਾ ਹੈ। ਤੁਹਾਡੀ ਦੋਵਾਂ ਦੀ ਹਾਜ਼ਰੀ ਲੱਗ ਗਈ ਹੈ ਕਿ ਤੁਸੀਂ ਕੈਪਟਨ ਸਾਹਿਬ ਦੇ ਬੰਦੇ ਹੋ। ਅਸੀਂ ਤੁਹਾਨੂੰ ਕਦੀ ਬਾਜਵਾ ਸਾਹਿਬ ਦੇ ਕੈਂਪ ਨਾਲ ਨਹੀਂ ਜੋੜਿਆ, ਤੁਸੀਂ ਐਵੇਂ ਆਪਣੇ ਆਪ ਤੇ ਸ਼ੱਕ ਕਰੀ ਜਾਂਦੇ ਹੋ। (ਵਿਘਨ) (ਸ਼ੋਰ)

ਸਰਦਾਰ ਕੁਲਜੀਤ ਸਿੰਘ ਨਾਗਰਾ : ਤੁਹਾਨੂੰ ਕਿਸੇ ਨੇ ਮੰਤਰੀ ਨਹੀਂ ਬਣਾ ਦੇਣਾ। ਇਹ ਗੱਲਾਂ ਨਾ ਕਰੋ .... (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦਾ ਬਿਆਨ ਆਇਆ ਹੈ ਕਿ ਜਦੋਂ 1984 ਦਾ ਕਤਲੇਆਮ ਹੋਇਆ, ਮੈਂ ਉਸ ਵੇਲੇ ਦਿੱਲੀ ਦੀਆਂ ਗਲੀਆਂ ਵਿੱਚ ਸੀ । (ਵਿਘਨ) ਉਥੇ ਮੈਨੂੰ ਕੁਝ ਲੋਕਾਂ ਨੇ ਕਾਂਗਰਸੀਆਂ ਆਗੂਆਂ ਦਾ ਨਾਮ ਲੈ ਕੇ ਦੱਸਿਆ ਕਿ ਇਹ 1984 ਦੇ ਕਤਲੇਆਮ ਵਿੱਚ ਸ਼ਾਮਲ ਸੀ। ** ** ਦਾ ਨਾਮ ਉਨ੍ਹਾਂ ਨੇ ਲਿਆ। (ਵਿਘਨ) ਕਹੀ ਤਾਂ ਜਾਂਦੇ ਹਨ ਕਿ ਲਿਆ ਹੈ ਪਰ ਮੈਂ ਨਾਲ ਦੀ ਨਾਲ ਬੇਨਤੀ ਕਰ ਦੇਵਾਂ ਕਿ 30 ਸਾਲ ਬਾਅਦ ਜਦੋਂ ਆਪਰੇਸ਼ਨ ਬਲਿਊ ਸਟਾਰ ਸੰਬੰਧੀ ਇੱਕ ਬ੍ਰਿਟਿਸ਼ ਡਾਕੂਮੈਂਟ ਜੋ ਬਰਤਾਨੀਆਂ ਸਰਕਾਰ ਦੀ ਹੈਲਪ ਲੈਣ ਸੰਬੰਧੀ ਸੀ, ਦਾ ਨਵਾਂ ਮੁੱਦਾ ਉਠਿਆ, ਉਸ ਮੁੱਦੇ ਨੂੰ ਕਾਊਂਟਰ ਕਰਨ ਵਾਸਤੇ ਅਸੀਂ ਇਹ ਤਾਂ ਕਹਿ ਦਿੱਤਾ ਕਿ 30 ਸਾਲ ਪਹਿਲਾਂ ਮੈਂ ਵੀ ਇਸ ਗੱਲ ਦਾ ਗਵਾਹ ਹਾਂ ਕਿ ਕਾਂਗਰਸ ਦੇ ਲੀਡਰ ਸਾਲ 1984 ਦੇ ਕਤਲੇਆਮ ਦੇ ਦੋਸ਼ੀ ਹਨ ਪਰ ਤੁਸੀਂ ਉਨ੍ਹਾਂ ਨੂੰ ਪੁੱਛ ਕੇ ਨਾਂ ਦੱਸ ਦਿਉ, ਉਨ੍ਹਾਂ ਨੇ ਤਾਂ ਇੱਥੇ ਸੈਸ਼ਨ ਵਿੱਚ ਆਉਣਾ ਨਹੀਂ .....

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ...

ਮਾਨਯੋਗ ਡਿਪਟੀ ਸਪੀਕਰ : ਰਾਜਾ ਜੀ, ਤੁਸੀਂ ਬੈਠੋ, ਪਲੀਜ਼। ਤੁਹਾਨੂੰ ਵੀ ਮੌਕਾ ਮਿਲਣਾ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਮੈਂ ਕਹਿਣਾ ਚਾਹੁੰਦਾ ਹਾਂ ਕਿ 30 ਸਾਲ ਦੇ ਸਮੇਂ ਦੌਰਾਨ ਇੰਨੇ ਕਮਿਸ਼ਨ ਬਣੇ, ਇੰਨੀਆਂ ਕਮੇਟੀਆਂ ਬਣੀਆਂ, ਉਦੋਂ ਤੁਹਾਡੀ ਜ਼ਮੀਰ ਕਿੱਥੇ ਪਈ ਸੀ ? ਤੁਸੀਂ ਉਦੋਂ ਗਵਾਹ ਦੇ ਤੌਰ ਤੇ ਉਨ੍ਹਾਂ ਕਮੇਟੀਆਂ ਤੇ ਕਮਿਸ਼ਨਾਂ ਵਿੱਚ ਕਿਉਂ

**Not recorded as ordered by the Chair.

[ਡਾਕਟਰ ਦਲਜੀਤ ਸਿੰਘ ਚੀਮਾ]

ਪੇਸ਼ ਨਹੀਂ ਹੋਏ ? ਇਹ ਮੈਂ ਤੁਹਾਡੇ ਕੋਲੋਂ ਪੁੱਛਣਾ ਚਾਹੁੰਦਾ ਹਾਂ। ਤੁਸੀਂ ਦੋਵੇਂ ਹੀ ਪੁੱਛ ਕੇ ਦੱਸ ਦੇਣਾ।

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਮਾਨਯੋਗ ਡਿਪਟੀ ਸਪੀਕਰ : ਤੁਹਾਨੂੰ ਵੀ ਸਾਰਿਆਂ ਨੂੰ ਟਾਈਮ ਮਿਲਣਾ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਉਦੋਂ ਦੋ ਕਮਿਸ਼ਨ ਬਣੇ ਅਤੇ ਸੱਤ ਕਮੇਟੀਆਂ ਬਣੀਆਂ ਪਰ ਇਹ ਕਿਸੇ ਵੀ ਕਮਿਸ਼ਨ ਜਾਂ ਕਮੇਟੀ ਦੇ ਸਾਹਮਣੇ ਗਵਾਹ ਦੇ ਤੌਰ ਤੇ ਪੇਸ਼ ਨਹੀਂ ਹੋਏ । (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਇੱਕ ਮਿੰਟ ਚੀਮਾ ਸਾਹਿਬ, ਵੜਿੰਗ ਜੀ ਨੂੰ ਬੋਲ ਲੈਣ ਦਿਓ। ਹਾਂ ਜੀ, ਰਾਜਾ ਵੜਿੰਗ ਸਾਹਿਬ। (ਵਿਘਨ) (ਸ਼ੋਰ)

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਬਿਕਰਮ ਸਿੰਘ ਮਜੀਠੀਆ ਜੀ ਬੋਲੇ ਹਨ, ਉਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਜੀ ਬੋਲੇ ਹਨ, ਉਨ੍ਹਾਂ ਨੇ ਕਿਹਾ ਹੈ ਕਿ ਕੋਰਟ ਫੈਸਲਾ ਕਰੇਗੀ ਕਿ ਕੋਈ ਦੋਸ਼ੀ ਹੈ ਜਾਂ ਨਹੀਂ ਪਰ ਇਹ ਵਾਰ ਵਾਰ ਇਹੀ ਕਹੀ ਜਾ ਰਹੇ ਹਨ ਕਿ ਕਾਂਗਰਸ ਦੇ ਪ੍ਰਧਾਨ ਨੇ ਇਹ ਕਿਹਾ, ਕਾਂਗਰਸ ਦੇ ਪ੍ਰਧਾਨ ਨੇ ਉਹ ਕਿਹਾ । ਅਸੀਂ ਤਾਂ ਹੋਰ ਵੀ ਬਹੁਤ ਕੁਝ ਕਿਹਾ ਹੈ, ਉਸ ਬਾਰੇ ਤਾਂ ਬੋਲਦੇ ਨਹੀਂ। ਵਾਰ ਵਾਰ ਇੱਕੋ ਹੀ ਗੱਲ ਕਿ '84 ਦੇ ਦੰਗਿਆਂ ਲਈ ਕਾਂਗਰਸ ਹੀ ਦੋਸ਼ੀ ਹੈ । ਇਸ ਲਈ ਕਿਰਪਾ ਕਰਕੇ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਨਾਮ ਨਾ ਲੈਣ। ਜੇ ਕੋਈ ਦੋਸ਼ੀ ਹੈ ਤਾਂ ਉਸ ਨੂੰ ਕੋਰਟ ਸਜ਼ਾ ਦੇਵੇਗੀ। (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਠੀਕ ਹੈ ਜੀ, ਰਾਜਾ ਸਾਹਿਬ, ਬੈਠੋ। ਹਾਂ ਜੀ, ਚੀਮਾ ਸਾਹਿਬ। (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਇਹ ਵਾਰ ਵਾਰ ਮੇਰਾ ਟਾਈਮ ਖਰਾਬ ਕਰ ਰਹੇ ਹਨ। ਮੈਂ ਇਹ ਬੇਨਤੀ ਕਰ ਰਿਹਾ ਹਾਂ ਕਿ 30 ਸਾਲ ਇਨ੍ਹਾਂ ਨੇ ਇਸ ਗੱਲ ਦਾ ਰਾਜ਼ ਰੱਖਿਆ ਕਿ ਕਾਂਗਰਸ ਦੇ ਲੀਡਰ ਵੀ ਇਸ ਵਿੱਚ ਸ਼ਾਮਲ ਸੀ। (ਵਿਘਨ) (ਸ਼ੋਰ)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਡਿਪਟੀ ਸਪੀਕਰ ਸਾਹਿਬ,......... (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ: ਨਹੀਂ ਵਲਟੋਹਾ ਸਾਹਿਬ, ਤੁਸੀਂ ਬੈਠੋ, ਪਲੀਜ਼ ਬੈਠੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ

ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ, ਸ੍ਰੀ ਅਸ਼ਵਨੀ ਸੇਖੜੀ ਅਤੇ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਬਿਨਾਂ ਇਜਾਜ਼ਤ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ ਜਿਸ ਕਰਕੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਡਿਪਟੀ ਸਪੀਕਰ: ਮੈਂਬਰ ਸਾਹਿਬਾਨ, ਪਲੀਜ਼ ਬੈਠੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ, ਸ੍ਰੀ ਅਸ਼ਵਨੀ ਸੇਖੜੀ ਅਤੇ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਬਿਨਾਂ ਇਜਾਜ਼ਤ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ ਜਿਸ ਕਰਕੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ ਪਲੀਜ਼ ਬੈਠੋ। ਚੀਮਾ ਸਾਹਿਬ, ਤੁਸੀਂ ਸ਼ੁਰੂ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਕੁਲਜੀਤ ਸਿੰਘ ਨਾਗਰਾ, ਸਰਦਾਰ ਅਜੀਤ ਇੰਦਰ ਸਿੰਘ ਮੋਫਰ, ਸ੍ਰੀ ਅਸ਼ਵਨੀ ਸੇਖੜੀ ਅਤੇ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀਆਂ ਸੀਟਾਂ ਤੇ ਖੜ੍ਹ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਪਲੀਜ਼ ਬੈਠੋ।

ਸ੍ਰੀ ਸੁਨੀਲ ਜਾਖੜ : ਡਿਪਟੀ ਸਪੀਕਰ ਸਾਹਿਬ, ... (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਹਾਂ ਜੀ, ਜਾਖੜ ਸਾਹਿਬ, ਤੁਸੀਂ ਬੋਲੋ।

ਸ੍ਰੀ ਸੁਨੀਲ ਜਾਖੜ : ਡਿਪਟੀ ਸਪੀਕਰ ਸਾਹਿਬ, ... (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ... (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਹਾਂ ਜੀ, ਚੀਮਾ ਸਾਹਿਬ, ਤੁਸੀਂ ਬੋਲੋ । (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, '84 ਦੇ ਕਤਲੇਆਮ ਦੇ ਜ਼ਖਮ ਹਾਲੇ ਭਰੇ ਨਹੀਂ....... (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਅਤੇ ਆਪੋਜ਼ੀਸ਼ਨ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

ਮਾਨਯੋਗ ਡਿਪਟੀ ਸਪੀਕਰ : ਬੈਠੋ ਜੀ, ਬੈਠੋ ਜੀ। (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਅਤੇ ਆਪੋਜ਼ੀਸ਼ਨ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ

**Not recorded as ordered by the Chair.

ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ : ਇਹ ਸਿੱਖਾਂ ਦੇ ** ** ਹਨ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਖਿਲਾਫ ** ਨਾਅਰੇ ਲਗਾ ਰਹੇ ਸਨ।)

ਮਾਨਯੋਗ ਡਿਪਟੀ ਸਪੀਕਰ : ਬੈਠੋ ਵਲਟੋਹਾ ਸਾਹਿਬ। ਚੀਮਾ ਸਾਹਿਬ, ਤੁਸੀਂ ਜਾਰੀ ਰੱਖੋ ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ... (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਡਿਪਟੀ ਸਪੀਕਰ ਸਾਹਿਬ, ਇਹ ਤਾਂ ਗਵਾਂਢੀ ਹਨ (ਮਾਨਯੋਗ ਮੈਂਬਰ ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ਵੱਲ ਇਸ਼ਾਰਾ)। ਇਹ ਮੈਗਜ਼ੀਨ "ਟੈਰਰ ਐਂਡ ਪਾਲਿਟਿਕਸ" ਇਹ ਅੱਜ ਦੀ ਨਹੀਂ ਛਪੀ ਹੋਈ ਹੈ, ਇਹ ਤੁਹਾਡੇ ਪ੍ਰਧਾਨ ** ** ਬਾਰੇ ਛਪੀ ਹੈ ਕਿ ਤੁਹਾਡੇ ਮੌਜੂਦਾ ਪ੍ਰਧਾਨ ਦਾ ਖਾੜਕੂਆਂ ਨਾਲ ਹੱਥ ਸੀ...........(ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਮਜੀਠੀਆ ਜੀ, ਤੁਸੀਂ ਬੈਠੋ। (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਇਸ ਮੈਗਜ਼ੀਨ ਵਿੱਚ ਲਿਖਿਆ ਹੈ ਕਿ ਕੀ ਕੁਝ ਤੁਹਾਡੇ ਪ੍ਰਧਾਨ ਨੇ ਕੀਤਾ ਹੈ। (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਮਜੀਠੀਆ ਜੀ, ਤੁਸੀਂ ਬੈਠੋ। ਚੀਮਾ ਸਾਹਿਬ ਤੁਹਾਡਾ ਸਮਾਂ ਤਾਂ ਸਾਰਾ ਪੰਜ ਮਿੰਟ ਦਾ ਰਹਿ ਗਿਆ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਮੈਨੂੰ ਬੋਲਣ ਤਾਂ ਇਹ ਦਿੰਦੇ ਹੀ ਨਹੀਂ ਹਨ। ਇਹ ਤਾਂ ਜ਼ੀਰੋ ਆਵਰ ਤੋਂ ਵੀ ਵੱਧ ਬੋਲ ਗਏ ਹਨ ।

(ਇਸ ਸਮੇਂ ਟਰੇਜ਼ਰੀ ਅਤੇ ਆਪੋਜ਼ੀਸ਼ਨ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਤੁਸੀਂ ਬੋਲੋ।

**Not recorded as ordered by the Chair.

ਡਾਕਟਰ ਦਲਜੀਤ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਮੇਰੀ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਇਨ੍ਹਾਂ ਨੂੰ ਸਮਾਂ ਮਿਲਣਾ ਹੈ, ਇਹ ਮੇਰੇ ਪੁਆਇੰਟ ਨੋਟ ਕਰੀ ਜਾਣ। ਜਿਹੜੀ ਇਨ੍ਹਾਂ ਨੇ ਗੱਲ ਕਹਿਣੀ ਹੈ ਜਦੋਂ ਇਨ੍ਹਾਂ ਨੂੰ ਸਮਾਂ ਮਿਲੇ, ਇਹ ਕਿਰਪਾ ਕਰਕੇ ਉਸ ਵੇਲੇ ਕਹਿ ਲੈਣ । ਰੌਲੇ ਨਾਲ ਗੱਲ ਨਹੀਂ ਖਤਮ ਹੋਣੀ। ਮੈਂ ਤੱਥਾਂ ਦੇ ਆਧਾਰ ਤੇ ਗੱਲ ਕਰ ਰਿਹਾ ਹਾਂ। ਜਿਹੜੀ ਵੀ ਮੇਰੀ ਗੱਲ ਨੂੰ ਇਨ੍ਹਾਂ ਨੇ revert ਕਰਨਾ ਹੈ, ਇਹ ਨੋਟ ਕਰੀ ਜਾਣ...... (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਇਹ ਮੈਗਜ਼ੀਨ ਦੇ ਤੱਥ ਹਨ। ਇਹ ਮੈਗਜ਼ੀਨ ਮੈਂ ਨਹੀਂ ਛਾਪੀ ਹੈ। ਮੈਂ ਇੱਕ ਬੇਨਤੀ ਕਰਨਾ ਚਾਹੁੰਦਾ..... (ਵਿਘਨ..ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਤੁਸੀਂ ਬੈਠੋ, ਪਲੀਜ਼। (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਅਤੇ ਆਪੋਜ਼ੀਸ਼ਨ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

ਸ਼੍ਰੀ ਸੁਨੀਲ ਜਾਖੜ : ਡਿਪਟੀ ਸਪੀਕਰ ਸਾਹਿਬ, ... (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਜਾਖੜ ਸਾਹਿਬ, ਕੀ ਅਸੀਂ ਅੱਗ ਲਗਾ ਰਹੇ ਹਾਂ ? What are they talking ? He is an Hon'ble Member. What were the words used against him? ਉਹ ਅੱਗ ਲਾਉਣ ਵਾਲੀ ਗੱਲ ਨਹੀਂ ਹੈ। ਲੋਕਾਂ ਨੇ ਉਨ੍ਹਾਂ ਨੂੰ ਚੁਣ ਕੇ ਭੇਜਿਆ ਹੈ। ਦੂਜੀ ਵਾਰ ਤੁਹਾਡੇ ਸਾਬਕਾ ਮੰਤਰੀ ਨੂੰ ਹਰਾ ਕੇ ਆਏ ਹਨ। ਕੀ ਵਲਟੋਹੇ ਦੇ ਲੋਕਾਂ ਦਾ, ਬਾਰਡਰ ਦੇ ਲੋਕਾਂ ਦਾ ਕੋਈ ਮੁੱਲ ਨਹੀਂ ਹੈ ? ਬਾਰਡਰ ਦੇ ਲੋਕਾਂ ਨਾਲ ਕਾਂਗਰਸ ਪਾਰਟੀ ਨੇ ਬਹੁਤ ਮਾੜੀ ਕੀਤੀ ਹੈ। ਕਾਂਗਰਸ ਦੀ ਕੇਂਦਰ ਸਰਕਾਰ ਨੇ ਬਾਰਡਰ ਦੇ ਲੋਕਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ।

ਮਾਨਯੋਗ ਡਿਪਟੀ ਸਪੀਕਰ : ਮਜੀਠੀਆ ਜੀ, ਬੈਠੋ। (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਕੇਂਦਰ ਦੀ ਕਾਂਗਰਸ ਸਰਕਾਰ ਨੇ ਬਾਰਡਰ ਦੇ ਲੋਕਾਂ ਦੀ ਐਸੀ ਤੈਸੀ ਫੇਰੀ ਹੋਈ ਹੈ। ਬਾਰਡਰ ਦੇ ਲੋਕਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ ਹੈ । ਉਨ੍ਹਾਂ ਨੇ ਆਪਣਾ ਨੁਮਾਇੰਦਾ ਚੁਣਿਆ ਹੈ ਤੇ ਉਹ ਸਭ ਤੋਂ ਵੱਧ ਵੋਟਾਂ ਲੈ ਕੇ ਤਰਨਤਾਰਨ ਜ਼ਿਲ੍ਹੇ ਤੋਂ ਜਿੱਤ ਕੇ ਆਇਆ ਹੈ। ਉਨ੍ਹਾਂ ਨੂੰ ਇਹ ਕੀ ਕੁਝ ਕਹੀ ਜਾਂਦੇ ਹਨ । ਕੀ ਇਹ ਗੱਲਾਂ ਠੀਕ ਹਨ ? ਡਿਪਟੀ ਸਪੀਕਰ ਸਾਹਿਬ, kindly ਇਹ ਗੱਲਾਂ ਐਕਸਪੰਜ ਹੋਣ। He is the Hon'ble Member. You can't raise issues about him. He is an Hon'ble Member. ਉਨ੍ਹਾਂ ਦੇ ਖਿਲਾਫ ਕੋਈ ਅਜਿਹੀ ਗੱਲ ਨਹੀਂ ਹੈ।

[ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਈਤੀ ਊਰਜਾ ਤੇ ਐਨ.ਆਰ.ਆਈ. ਮਾਮਲੇ]

ਇਸ ਤਰ੍ਹਾਂ ਤੁਸੀਂ ਵਲਟੋਹਾ ਸਾਹਿਬ ਦੇ ਖਿਲਾਫ ਗੱਲਾਂ ਕਰਕੇ ਉਨ੍ਹਾਂ ਦੇ ਹਲਕੇ ਦੇ ਲੋਕਾਂ ਦੇ ਮਨਾਂ ਨੂੰ ਠੇਸ ਪਹੁੰਚਾ ਰਹੇ ਹੋ। It is not appreciable. ਜਾਖੜ ਸਾਹਿਬ, I fully endorse your views. ਕੋਈ ਅਜਿਹੀ ਗੱਲ ਨਹੀਂ ਹੋਣੀ ਚਾਹੀਦੀ ਹੈ, ਜਿਸ ਨਾਲ ਮਾਹੌਲ ਖਰਾਬ ਹੁੰਦਾ ਹੋਵੇ ਪਰ ਇੱਧਰ ਵਾਸਤੇ ਵੱਖਰੇ ਤੇ ਉੱਧਰ ਵਾਸਤੇ ਵੱਖਰੇ ਮਾਪਦੰਡ ਨਹੀਂ ਹੋਣੇ ਚਾਹੀਦੇ, ਜਿਹੜਾ ਉੱਧਰ ਗੱਲਾਂ ਕਰੀ ਜਾਂਦੇ ਹਨ ਕਿ ..... (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਇਹ ਕਿਸ ਨੇ ਮਰਵਾਏ ਹਨ, ਇਹ ਦੱਸੋ ? ਇਹ ਗੱਲਾਂ ਕਰ ਲਉ, ਇਨ੍ਹਾਂ ਗੱਲਾਂ ਦਾ ਕੋਈ ਫਾਇਦਾ ਨਹੀਂ। (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ.... (ਵਿਘਨ)

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਡਿਪਟੀ ਸਪੀਕਰ : ਰਾਜਾ ਜੀ, ਬੈਠੋ। ਹਾਂ ਜੀ, ਚੀਮਾ ਸਾਹਿਬ। (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਜੇਕਰ ਇਹ ਇਸ ਤਰ੍ਹਾਂ ਬੋਲਣਗੇ ਤਾਂ ਅਸੀਂ ਵੀ ਇਸੇ ਤਰ੍ਹਾਂ ਹੀ ਬੋਲਾਂਗੇ। (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਮੈਂ ਬੇਨਤੀ ਕਰਦਾ ਹਾਂ ਕਿ ਆਪਣੇ ਗਿਰੇਬਾਨ ਅੰਦਰ ਝਾਕ ਕੇ ਦੇਖੋ । ਇੱਕ ਜ਼ਮਾਨਾ ਸੀ ਜਦੋਂ ਫਾਦਰ ਆਫ ਨੇਸ਼ਨ ਦੇ ਸਿੱਕੇ ਚੱਲਦੇ ਸੀ । (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਤੁਸੀਂ ਸ਼ੁਰੂ ਕਰੋ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਮੈਨੂੰ ਹੈਰਾਨਗੀ ਹੈ ਕਿ ਅੱਜ ਤੁਹਾਡੇ ਪ੍ਰਧਾਨ ਨੇ ਕੋਈ ਮਾੜਾ ਕੰਮ ਛੱਡਿਆ ਹੋਵੇ । ਮੈਂ ਹੈਰਾਨ ਹਾਂ...... (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਤੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ

ਸੁਣਾਈ ਨਹੀਂ ਦੇ ਰਿਹਾ ਸੀ।)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਮੈਂ ਕਹਿੰਦਾ ਹਾਂ ਕਿ....(ਵਿਘਨ) You prove that. (interruption) You prove that. I open challenge to you। (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਮਜੀਠੀਆ ਜੀ, ਪਲੀਜ਼ ਬੈਠੋ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਕੋਈ ਸਰਟੀਫਿਕੇਟ ਦੀ ਲੋੜ ਨਹੀਂ, You prove it. (ਵਿਘਨ) (ਸ਼ੋਰ)

ਡਾਕਟਰ ਦਲਜੀਤ ਸਿੰਘ ਚੀਮਾ : ਜੇ ਇਨ੍ਹਾਂ ਦਾ ਕੋਈ ਪੁਆਇੰਟ ਆਫ ਆਰਡਰ ਹੈ, ਤਾਂ ਕਹਿ ਲੈਣ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਬਿਨਾਂ ਇਜਾਜ਼ਤ ਬੋਲ ਰਹੇ ਸਨ ।) (ਵਿਘਨ) (ਸ਼ੋਰ)

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਕਾਫੀ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਹੱਥ ਬੰਨ੍ਹ ਕੇ ਬੇਨਤੀ ਕਰ ਸਕਦਾ ਹਾਂ ਕਿ ਸਾਰੀ ਪ੍ਰੈਸ ਬੈਠੀ ਹੈ, ਗੈਲਰੀ ਭਰੀ ਪਈ ਹੈ, ਉਹ ਕੀ ਕਹਿੰਦੇ ਹੋਣਗੇ ਕਿ ਸਾਡੇ ਨੁਮਾਇੰਦੇ ਕੀ ਕਰਦੇ ਹਨ। ਜਿਹੜੀ ਬਹਿਸ ਆਪਾਂ ਗਵਰਨਰ ਐਡਰੈਸ ਤੇ ਕਰ ਰਹੇ ਹਾਂ, ਸਾਡੇ ਕੋਲ ਟਾਈਮ ਵੀ ਥੋੜ੍ਹਾ ਹੈ, ਇਸ ਲਈ ਆਪਾਂ ਵੈਲੂਏਬਲ ਗੱਲਾਂ ਕਰੀਏ। ਐਵੇਂ ਇੱਕ ਦੂਜੇ ਨੂੰ....(ਵਿਘਨ) (ਸ਼ੋਰ).... ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਬਹਿ ਜਾਉ। ਸਾਰਿਆਂ ਨੂੰ ਪਤਾ ਹੈ ਕਿ ਕੌਣ ਕੀ ਕੁਝ ਕਰਦਾ ਹੈ। ਪਬਲਿਕ ਸਾਰੀ ਜਾਣਦੀ ਹੈ ਭਾਵੇਂ ਮੈਂ ਚਿੱਟਾ ਦੁੱਧ ਬਣ ਜਾਵਾਂ, ਜਾਂ ਕੋਈ ਹੋਰ ਬਣ ਜਾਏ। (ਵਿਘਨ) (ਸ਼ੋਰ) ਮੇਰੀ ਗੱਲ ਸੁਣ ਲਉ, ਜਿਹੜਾ ਅੱਜ ਦਾ ਏਜੰਡਾ ਹੈ.....(ਵਿਘਨ) (ਸ਼ੋਰ) ਸਰਦਾਰ ਲਾਲ ਸਿੰਘ ਜੀ, ਇਨ੍ਹਾਂ ਨੂੰ ਸਮਝਾਉ। ਤੁਸੀਂ ਪੁਰਾਣੇ ਬੰਦੇ ਹੋ। ਹੁਣ ਕੋਈ ਗੱਲ ਤੁਰਨ ਤਾਂ ਦਿਉ । ਜੇ ਇਹੀ ਰੌਲਾ ਪਾਉਣਾ ਹੈ ਤਾਂ ਠੀਕ ਹੈ, ਕੰਮ ਕੱਲ੍ਹ ਨੂੰ ਮੁੱਕ ਜਾਵੇਗਾ। ਤੁਹਾਡੀ ਮਰਜ਼ੀ ਹੈ, ਮੈਂ ਕੀ ਕਰ ਸਕਦਾ ਹਾਂ। (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਹਾਂ ਜੀ, ਚੀਮਾ ਸਾਹਿਬ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ.....(ਵਿਘਨ) (ਸ਼ੋਰ)

ਮੁੱਖ ਮੰਤਰੀ : ਤੁਹਾਡੀ ਮਰਜ਼ੀ ਹੈ, ਜੇ ਇਹੀ ਕੁਝ ਕਰਨਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਪਲੀਜ਼ ਬੈਠ ਜਾਉ।

ਡਾਕਟਰ ਦਲਜੀਤ ਸਿੰਘ ਚੀਮਾ : ਕਾਂਗਰਸ ਥੋੜ੍ਹੀ ਦੇਰ ਤੱਕ ਖਤਮ ਹੋ ਜਾਣੀ ਹੈ, ਕਿਉਂ ਫਿਕਰ ਕਰੀ ਜਾਂਦੇ ਹੋ। (ਹਾਸਾ) ਐਵੇਂ ਚਿੰਤਾ ਕਰੀ ਜਾਂਦੇ ਹੋ, ਕੰਮ ਥੋੜ੍ਹੀ ਦੇਰ ਵਿੱਚ ਖਤਮ ਹੋ ਜਾਣਾ ਹੈ। ਫਿਰ ਕਿਸ ਨੇ ਯਾਦ ਕਰਨਾ ਹੈ ਕਾਂਗਰਸ ਨੂੰ ? (ਵਿਘਨ) (ਸ਼ੋਰ)

(ਇਸ ਸਮੇਂ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਮਾਨਯੋਗ ਡਿਪਟੀ ਸਪੀਕਰ : ਰਾਜਾ ਸਾਹਿਬ, ਬੈਠੋ। (ਵਿਘਨ) (ਸ਼ੋਰ) ਮੈਂਬਰ ਸਾਹਿਬ, ਬੈਠੋ। ਚੀਮਾ ਸਾਹਿਬ, ਤੁਸੀਂ ਆਪਣਾ ਸਮਾਂ ਖਰਾਬ ਕਰੀ ਜਾਂਦੇ ਹੋ। ਤੁਸੀਂ ਸਪੀਚ ਕਰੋ।

ਡਾਕਟਰ ਦਲਜੀਤ ਸਿੰਘ ਚੀਮਾ : ਸਰ, ਮੈਂ ਬੋਲਾਂ ਕਿਸ ਤਰ੍ਹਾਂ ਜੀ? ਤੁਸੀਂ ਹਾਊਸ ਦਾ ਆਰਡਰ ਤਾਂ ਰਿਸਟੋਰ ਕਰੋ। ਮੇਰਾ ਕੀ ਕਸੂਰ ਹੈ, ਦੱਸੋ। ਮੈਂ ਤਾਂ ਆਪਣੇ ਟਾਈਮ ਤੇ ਬੋਲ ਰਿਹਾ ਹਾਂ। ਮੇਰਾ ਕੀ ਕਸੂਰ ਹੈ? (ਵਿਘਨ) (ਸ਼ੋਰ) ਤੁਸੀਂ ਹਾਊਸ ਦਾ ਆਰਡਰ ਰਿਸਟੋਰ ਕਰੋ।

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਸ਼ੁਰੂ ਕਰੋ।

ਡਾਕਟਰ ਦਲਜੀਤ ਸਿੰਘ ਚੀਮਾ: ਮੈਂ ਬੇਨਤੀ ਕਰ ਰਿਹਾ ਸੀ ਕਿ ਹਾਲੇ 1984 ਦੇ ਕਤਲੇਆਮ ਦੇ ਜ਼ਖਮ ਭਰੇ ਨਹੀਂ ਹਨ ਪਰ ਜੋ ਕੁਝ ਪਿਛਲੇ ਦਿਨੀਂ.....(ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਅਜੀਤ ਇੰਦਰ ਸਿੰਘ ਮੋਫਰ ਆਪਣੀ ਸੀਟ ਤੇ ਖੜ੍ਹੇ ਬਿਨਾ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਡਿਪਟੀ ਸਪੀਕਰ : ਮੋਫਰ ਸਾਹਿਬ, ਬੈਠੋ। (ਵਿਘਨ) (ਸ਼ੋਰ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : 1997 ਵਿੱਚ ਤੁਹਾਡੀ ਐਨ.ਡੀ.ਏ. ਦੀ ਸਰਕਾਰ ਸੀ। ਤੁਸੀਂ ਕੀ ਕੀਤਾ? (ਵਿਘਨ) (ਸ਼ੋਰ)

ਸਰਦਾਰ ਕੁਲਜੀਤ ਸਿੰਘ ਨਾਗਰਾ : ਇਹ ਵੀ ਦੱਸੋ ਕਿ ** ** ਨੇ ਆਪਣੀ ਬੁੱਕ ਵਿੱਚ ਕੀ ਲਿਖਿਆ ਹੈ ? (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਵੀ ਦੱਸੋ ਕਿ ** ** ਕਿਉਂ ਨਹੀਂ ਬੋਲ ਕੇ ਗਏ ਕਿ ਸੁਪਰੀਮ ਕੋਰਟ ਵਿੱਚੋਂ ਕੇਸ ਵਾਪਸ ਲਵਾਂਗੇ। (ਵਿਘਨ) (ਸ਼ੋਰ) ਤੁਸੀਂ ਸਾਰਾ ਕੁਝ ਦੱਸੋ । (ਸ਼ੇਮ ਸ਼ੇਮ ਦੀਆਂ ਅਵਾਜ਼ਾਂ)

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਬੈਠੋ ।

**Not recorded as ordered by the Chair.

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ** ** ਕਹਿ ਕੇ ਗਏ ਹਨ ਕਿ ਜਿਹੜੇ ਵੀ ਅਫਸਰ ਦੀ ਗਲਤੀ ਹੈ, ਉਹ ਅਫਸਰ ਜਾਵੇਗਾ । ** ** ਕਲੀਅਰ ਬੋਲ ਕੇ ਗਏ ਹਨ । (ਵਿਘਨ) (ਸ਼ੋਰ)

ਮਾਨਯੋਗ ਡਿਪਟੀ ਸਪੀਕਰ : ਜੋਸ਼ੀ ਜੀ, ਤੁਸੀਂ ਬੈਠੋ, ਪਲੀਜ਼ । (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ** ** ਨੇ ਆਪਣੀ ਕਿਤਾਬ ਵਿੱਚ ਕੀ ਲਿਖਿਆ ਹੈ, ਉਹ ਵੀ ਦੱਸੋ ।

ਸਰਦਾਰ ਸੁਖਜਿੰਦਰ ਸਿੰਘ : ** ** ਨੇ ਕਿਹਾ ਸੀ ਕਿ ਪੰਜਾਬ ਵਿੱਚ ਫੌਜ ਭੇਜੋ ।

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਤੁਸੀਂ ਬੋਲੋ ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਨਾਗਰਾ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਅੱਜ ਪਤਾ ਨਹੀਂ ਕੀ ਖਾ ਕੇ ਆਏ ਹਨ ।

ਸਰਦਾਰ ਕੁਲਜੀਤ ਸਿੰਘ ਨਾਗਰਾ : ਅਸੀਂ ਮੁੱਦੇ ਤੇ ਗੱਲ ਸੁਣਾਂਗੇ । ਜੇ ਤੁਸੀਂ ਗਲਤ ਬਿਆਨਬਾਜ਼ੀ ਕੀਤੀ, ਅਸੀਂ ਬਿਲਕੁਲ ਨਹੀਂ ਸੁਣਾਂਗੇ ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਮੇਰੀ ਗੱਲ ਸੁਣ ਲੈਣ । ਪਤਾ ਨਹੀਂ ਅੱਜ ਕੀ ਖਾ ਕੇ ਆਏ ਹਨ। ਅੱਜ ਇਨ੍ਹਾਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਕਿਹੜੇ ਪ੍ਰਧਾਨ ਦੇ ਨਾਂ ਤੇ ਬੋਲਣਾ ਹੈ ਤੇ ਕਿਸ ਦੇ ਨਾਂ ਤੇ ਨਹੀਂ ਬੋਲਣਾ। ਇਨ੍ਹਾਂ ਨੇ ਦੋਵਾਂ ਪਾਸੇ ਤੋਂ ਨੰਬਰ ਕਟਵਾ ਲੈਣੇ ਹਨ । (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਜਿੱਥੇ ਇੱਕ ਪਾਸੇ ਹਾਲੇ 1984 ਦੇ ਕਤਲੇਆਮ ਦੇ ਜ਼ਖਮ ਅੱਲੇ ਹਨ, ... (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**Not recorded as ordered by the Chair.

ਮਾਨਯੋਗ ਡਿਪਟੀ ਸਪੀਕਰ : ਚੀਮਾ ਜੀ, ਤੁਸੀਂ ਬੋਲੋ ।

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਪਿੱਛੇ ਜਿਹੇ ਅਖਬਾਰਾਂ ਵਿੱਚ ਜੋ ਬ੍ਰਿਟਿਸ਼ ਸਰਕਾਰ ਦੇ ਸੀਕਰੇਟ ਡਾਕੂਮੈਂਟਸ ਲੀਕ ਹੋਏ, ਉਸ ਦੀਆਂ ਖਬਰਾਂ ਜਿਹੜੀਆਂ ਛਪੀਆਂ ਹਨ, ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਦੁਖਦਾਈ ਹਨ । ਸਾਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਯੂ. ਕੇ. ਦੀ ਸਰਕਾਰ ਨੇ ਉਸ ਤੇ ਇਨਕੁਆਰੀ ਆਰਡਰ ਕਰ ਦਿੱਤੀ ਔਰ ਉਸ ਇਨਕੁਆਰੀ ਦੀ ਰਿਪੋਰਟ ਵੀ ਉਥੋਂ ਦੇ ਫਾਰਨ ਸੈਕਟਰੀ ਵਿਲੀਅਮ ਹੇਗ ਨੇ ਹਾਊਸ ਆਫ ਕਾਮਨਜ਼ ਵਿੱਚ ਪੇਸ਼ ਕਰ ਦਿੱਤੀ। ਮੈਂ ਪੜ੍ਹ ਕੇ ਸੁਣਾਉਂਦਾ ਹਾਂ । ਉਨ੍ਹਾਂ ਨੇ ਉਸ ਰਿਪੋਰਟ ਵਿੱਚ ਜੋ ਜ਼ਿਕਰ ਕੀਤਾ ਹੈ, ਉਹ ਰਿਪੋਰਟ ਵੀ ਮੈਂ word to word ਪੜ੍ਹ ਕੇ ਦੱਸਦਾ ਹਾਂ । ਮੈਂ ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਇੱਕ ਇੰਟਰਨਲ ਸਿਕਿਉਰਟੀ ਦੇ ਮੁੱਦੇ ਉੱਪਰ ਇੱਕ ਵਿਦੇਸ਼ੀ ਸਰਕਾਰ ਦੀ ਮਦਦ ਲੈਣੀ, ਇਹ ਬਹੁਤ ਵੱਡਾ ਵਿਸ਼ਵਾਸਘਾਤ ਹੈ । (ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

ਸਰਦਾਰ ਕੁਲਜੀਤ ਸਿੰਘ ਨਾਗਰਾ : ** ** ਦੀ ਸਲਾਹ ਵੀ ਦੱਸੋ ।

ਡਾਕਟਰ ਦਲਜੀਤ ਸਿੰਘ ਚੀਮਾ : ਉਹ ਤੁਸੀਂ ਦੱਸਣਾ । ਤੁਹਾਨੂੰ ਟਾਈਮ ਦਿਆਂਗੇ । ਇਹ ਬਹੁਤ ਹੀ ਇੰਪਾਰਟੈਂਟ ਹੈ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜੀ ਰਿਪੋਰਟ ਉਨ੍ਹਾਂ ਨੇ ਹਾਊਸ ਆਫ ਕਾਮਨ ਦੇ ਵਿੱਚ ਪੇਸ਼ ਕੀਤੀ ਹੈ, ਉਹ ਮੈਂ ਕੋਟ ਕਰਨ ਲੱਗਿਆ ਹਾਂ -

> "The report concludes that the nature of the UK's assistance was purely advisory, limited and provided to the Indian government at an early stage in their planning."

ਸਰਦਾਰ ਕੁਲਜੀਤ ਸਿੰਘ ਨਾਗਰਾ : ਪੰਜਾਬੀ ਵਿੱਚ ਬੋਲੋ, ਅੱਧਿਆਂ ਨੂੰ ਸਮਝ ਨਹੀਂ ਲੱਗਣੀ।

ਡਾਕਟਰ ਦਲਜੀਤ ਸਿੰਘ ਚੀਮਾ : ਤੁਹਾਨੂੰ ਸਹੀ ਮਾਅਨਿਆਂ ਵਿੱਚ ਪੰਜਾਬੀ ਵਿੱਚ ਵੀ ਸਮਝ ਨਹੀਂ ਲੱਗਣੀ ..(ਹਾਸਾ)...(ਥੰਪਿੰਗ).....

> "A single British military adviser travelled to India between February 8 and 19,1984, to advise Indian intelligence services on contingency plans that they were drawing up for operations against the armed dissidence in the Golden Temple complex."

ਇਹ ਰਿਪੋਰਟ ਹਾਊਸ ਆਫ ਕਾਮਨ ਦੇ ਵਿੱਚ ਪੇਸ਼ ਕੀਤੀ ਗਈ ਹੈ। ਸਾਡੇ ਵਿਰੋਧੀ ਧਿਰ ਦੇ ਆਗੂ ਮਾਨਯੋਗ ਸ਼੍ਰੀ ਸੁਨੀਲ ਜਾਖੜ ਜੀ ਹਾਜ਼ਰ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿਉਂਕਿ ਅਸੀਂ ਸਾਰੇ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਹਾਂ, ਬਹੁਤ ਸਤਿਕਾਰ ਕਰਦੇ ਹਾਂ ......(ਵਿਘਨ)......(ਸ਼ੇਮ-ਸ਼ੇਮ ਦੀਆਂ ਆਵਾਜ਼ਾਂ)......

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਡਿਪਟੀ ਸਪੀਕਰ ਸਾਹਿਬ ......(ਵਿਘਨ)....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਮੈਂ ਇੱਕ ਬੇਨਤੀ ਕਰਾਂ ਕਿ ਤੁਸੀਂ ਤਾਂ ਨਾ ਬੋਲੋ.....(ਵਿਘਨ) .....(ਸ਼ੋਰ)....

ਮਾਨਯੋਗ ਡਿਪਟੀ ਸਪੀਕਰ : ਚੀਮਾ ਜੀ, ਤੁਸੀਂ ਹੁਣ ਬੈਠੋ ...(ਵਿਘਨ).... ਚੀਮਾ ਸਾਹਿਬ, ਜਲਦੀ ਖਤਮ ਕਰੋ।

ਡਾਕਟਰ ਦਲਜੀਤ ਸਿੰਘ ਚੀਮਾ : ਇਸ ਤਰ੍ਹਾਂ ਨਹੀਂ ਹੁੰਦਾ ਕਿ ਉਹ ਰੌਲਾ ਪਾਈ ਜਾਂਦੇ ਹਨ ਅਤੇ ਤੁਸੀਂ ਮੈਨੂੰ ਬੈਠਣ ਲਈ ਕਹਿ ਰਹੇ ਹੋ .....(ਵਿਘਨ)....... ਮੈਂ ਆਪਣੀ ਪਾਰਟੀ ਦੇ ਟਾਈਮ ਤੇ ਬੋਲ ਰਿਹਾ ਹਾਂ।

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਜਲਦੀ ਖਤਮ ਕਰੋ, ਬਾਕੀ ਮੈਂਬਰਾਂ ਨੇ ਵੀ ਬੋਲਣਾ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਪਹਿਲਾਂ ਮੈਨੂੰ ਕਨਕਲੂਡ ਕਰਨ ਦਿਓ, ਫਿਰ ਇਹ ਜਵਾਬ ਦੇ ਦੇਣ। ਮੈਂ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਰਿਪੋਰਟ ਹਾਊਸ ਆਫ ਕਾਮਨਜ਼ ਵਿੱਚ ਪੇਸ਼ ਹੋਈ ਹੈ, ਜਿਸ ਵਿੱਚ ਜ਼ਿਕਰ ਆਇਆ ਹੈ। ਇਹ ਬਹੁਤ ਸੈਂਸੇਟਿਵ ਮਸਲਾ ਹੈ। ਇਹ ਦੇਸ਼ ਦੀ ਪ੍ਰਭੂਸੱਤਾ ਦੇ ਨਾਲ ਬਹੁਤ ਵੱਡਾ ਸਮਝੌਤਾ ਹੈ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਆਪਣੀ ਸਰਕਾਰ ਤੋਂ, ਆਪਣੀ ਪਾਰਟੀ ਤੋਂ ਸਾਨੂੰ ਇਹ ਪਤਾ ਕਰ ਦੇਣ ਕਿ ਬ੍ਰਿਟਿਸ਼ ਦੀ ਇੰਟਰਵੈਨਸ਼ਨ ਇਨਵਾਈਟ ਕਰਨ ਤੋਂ ਪਹਿਲਾਂ ਦੇਸ਼ ਦੀ ਕੈਬਨਿਟ ਦੇ ਵਿੱਚ ਕੋਈ ਮੁੱਦਾ ਵਿਚਾਰਿਆ ਗਿਆ ਸੀ, ਜੇ ਵਿਚਾਰਿਆ ਗਿਆ ਸੀ ਤਾਂ ਉਸ ਵੇਲੇ ਗੌਰਮਿੰਟ ਆਫ ਇੰਡੀਆ ਦੀ ਮੀਟਿੰਗ ਦੇ ਮਿਨਿਟਸ ਕੀ ਹਨ। ਉਹ ਸਾਹਮਣੇ ਕੀਤੇ ਜਾਣ ਤਾਂ ਜੋ ਦੇਸ਼ ਦੇ ਲੋਕਾਂ ਨੂੰ ਪਤਾ ਲੱਗ ਸਕੇ ਕਿ ਕਿਹੜੇ ਕਿਹੜੇ ਲੀਡਰ ਨੇ ਉਸ ਵੇਲੇ ਦੇਸ਼ ਨਾਲ ਗਦਾਰੀ ਕੀਤੀ। ਇਹ ਕੋਈ ਇਕੱਲਾ ਸਿੱਖਾਂ ਦਾ ਮਸਲਾ ਨਹੀਂ ਹੈ। ਇਹ ਦੇਸ਼ ਦੇ 120 ਕਰੋੜ ਲੋਕਾਂ ਦੇ ਸਵੈ-ਮਾਣ ਦਾ ਸਵਾਲ ਹੈ .....(ਵਿਘਨ).... ਜਿਨ੍ਹਾਂ ਨੇ ਉਸ ਵੇਲੇ ਕੁਰਬਾਨੀਆਂ ਕੀਤੀਆਂ, ਜਿਨ੍ਹਾਂ ਦੀਆਂ ਲਾਸ਼ਾਂ ਅੱਜ ਵੀ ਬਰਾਮਦ ਹੋ ਰਹੀਆਂ ਹਨ.....(ਵਿਘਨ)....

ਸਰਦਾਰ ਕੁਲਜੀਤ ਸਿੰਘ ਨਾਗਰਾ : ਡਿਪਟੀ ਸਪੀਕਰ ਸਾਹਿਬ .....(ਵਿਘਨ)....

ਮਾਨਯੋਗ ਡਿਪਟੀ ਸਪੀਕਰ : ਨਾਗਰਾ ਸਾਹਿਬ, ਬੈਠੋ। ਕੀ ਤੁਸੀਂ ਹੀ ਬੋਲਣਾ ਹੈ ਤੇ ਕਿਸੇ ਹੋਰ ਨੇ ਨਹੀਂ ਬੋਲਣਾ? ਤੁਸੀਂ ਵਾਰ ਵਾਰ ਖੜ੍ਹੇ ਹੋ ਜਾਂਦੇ ਹੋ।

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਬ੍ਰਿਟਿਸ਼ ਹਕੂਮਤ ਦੀ ਮਦਦ ਲੈ ਕੇ ਦੇਸ਼ ਦੇ ਲੋਕਾਂ ਉਤੇ ਅਟੈਕ ਕਰਨਾ ਕਿਥੋਂ ਤੱਕ ਸਹੀ ਹੈ, ਇਹ ਜਵਾਬ

[ਡਾਕਟਰ ਦਲਜੀਤ ਸਿੰਘ ਚੀਮਾ]

ਮੈਂ ਆਪਣੇ ਵਿਰੋਧੀ ਧਿਰ ਦੇ ਆਗੂਆਂ ਤੋਂ ਮੰਗਦਾ ਹਾਂ। ਕਿਰਪਾ ਕਰਕੇ ਦੇਸ਼ ਦੇ ਸਾਹਮਣੇ ਇਹ ਸਾਰੀਆਂ ਚੀਜ਼ਾਂ ਰੱਖੀਆਂ ਜਾਣ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਦੀਆਂ ਬਾਕੀ ਜਿੰਨੀਆਂ ਵੀ ਪ੍ਰਾਪਤੀਆਂ ਹਨ, ਚਾਹੇ ਲੈਂਗੂਏਜ਼ ਦੇ ਬਾਰੇ ਹੈ, ਚਾਹੇ ਪਾਵਰ ਜੈਨਰੇਸ਼ਨ ਦੇ ਬਾਰੇ ਹੈ, ਚਾਹੇ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸੁਮਿਟ ਕਰਵਾਉਣ ਦੇ ਬਾਰੇ ਹੈ, ਚਾਹੇ ਖੇਤੀਬਾੜੀ ਦੇ ਬਾਰੇ ਹੈ, ਜਿਸ ਦਾ ਜ਼ਿਕਰ ਸਾਡੇ ਮਾਨਯੋਗ ਜਥੇਦਾਰ ਤੋਤਾ ਸਿੰਘ ਜੀ ਬਾਅਦ ਵਿੱਚ ਵਿਸਥਾਰ ਵਿੱਚ ਕਰਨਗੇ, ਚਾਹੇ ਸਮਾਜ ਸੇਵਾ ਦੀਆਂ ਸਕੀਮਾਂ ਦਾ ਸਬੰਧ ਹੈ, ਚਾਹੇ ਆਟਾ-ਦਾਲ ਸਕੀਮ ਹੈ, ਚਾਹੇ ਆਟਾ ਇੱਕ ਰੁਪਏ ਪ੍ਰਤੀ ਕਿੱਲੋ ਦੇਣ ਦੀ ਸਕੀਮ ਦਾ ਸਬੰਧ ਹੈ, ਇਨ੍ਹਾਂ ਸਾਰੀਆਂ ਸਕੀਮਾਂ ਬਾਰੇ ਮੈਂ ਵਿਸ਼ੇਸ਼ ਤੌਰ ਤੇ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਇਨ੍ਹਾਂ ਦਾ ਜ਼ਿਕਰ ਕਰਕੇ ਸਾਡਾ ਮਾਣ ਵਧਾਇਆ ਹੈ। ਵਿਸ਼ੇਸ਼ ਤੌਰ ਤੇ ਮੈਂ ਮਾਨਯੋਗ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਦੇਸ਼ ਵਿੱਚ ਫੈਡਰੇਲਿਜ਼ਮ ਨੂੰ ਸਹੀ ਲੀਹਾਂ ਤੇ ਪਾਉਣ ਦਾ ਮੁੱਦਾ ਆਪਣੇ ਭਾਸ਼ਣ ਦੇ ਵਿੱਚ ਰੱਖਿਆ ਹੈ, ਉਹ ਸਾਡੇ ਦੇਸ਼ ਦੀ ਰਾਜਨੀਤੀ ਦਾ ਬਹੁਤ ਵੱਡਾ ਮਾਰਗ ਦਰਸ਼ਨ ਕਰੇਗਾ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਆਪਾਂ ਸਾਰੇ ਇਸ ਗੱਲ ਨੂੰ ਮੰਨਦੇ ਹਾਂ ਕਿ ਸੂਬੇ ਜਿੰਨੇ ਮਜ਼ਬੂਤ ਹੋਣਗੇ, ਉਨਾ ਹੀ ਸਾਡਾ ਦੇਸ਼ ਵੱਧ ਮਜ਼ਬੂਤ ਹੋਵੇਗਾ ਔਰ ਸਾਡੇ ਸੰਵਿਧਾਨ ਦੇ ਜਿਹੜੇ ਨਿਰਮਾਤਾ ਸਨ, ਉਨ੍ਹਾਂ ਨੇ ਜਦੋਂ ਇਹ ਸੰਵਿਧਾਨ ਬਣਾਇਆ ਸੀ ਤਾਂ ਸਾਰੀਆਂ ਚੀਜ਼ਾਂ ਸੋਚ ਕੇ ਬਣਾਈਆਂ ਸੀ ਔਰ ਕੁਝ ਹੱਕ ਸੂਬਿਆਂ ਨੂੰ ਦਿੱਤੇ ਸੀ, ਕੁਝ ਹੱਕ ਕੇਂਦਰ ਸਰਕਾਰ ਨੂੰ ਦਿੱਤੇ ਸੀ। ਲੇਕਿਨ ਅੱਜ ਸਾਨੂੰ ਇਸ ਗੱਲ ਦਾ ਰੋਸ ਹੈ ਕਿ ਹੌਲੀ ਹੌਲੀ ਸੂਬਿਆਂ ਦੇ ਹੱਕਾਂ ਵਿੱਚ ਕੇਂਦਰ ਸਰਕਾਰ ਦੀ ਦਖਲ ਅੰਦਾਜ਼ੀ ਦਿਨੋ ਦਿਨ ਵਧਦੀ ਜਾ ਰਹੀ ਹੈ। ਜਿਹੜੇ ਸਟੇਟ ਸਬਜੈਕਟਸ ਹਨ, ਉਨ੍ਹਾਂ ਦੀਆਂ ਸ਼ਕਤੀਆਂ ਕੇਂਦਰ ਵੱਲੋਂ ਹਥਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲਾਅ ਐਂਡ ਆਰਡਰ ਸਟੇਟ ਸਬਜੈਕਟ ਹੈ, ਉਸ ਨੂੰ ਹਥਿਆਉਣ ਵਾਸਤੇ ਕਦੇ ਐਨ.ਸੀ.ਟੀ.ਸੀ. ਬਣਾਉਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਕਦੇ ਕਮਿਊਨਲ ਵਾਇਲੈਂਸ ਬਿਲ ਦੇ ਸਹਾਰੇ ਸੂਬਿਆਂ ਦੀ ਜਿਹੜੀ ਲਾਅ ਐਂਡ ਆਰਡਰ ਮੇਨਟੇਨ ਕਰਨ ਦੀ ਜ਼ਿੰਮੇਵਾਰੀ ਹੈ, ਉਸ ਵਿਚ ਦਖਲ ਅੰਦਾਜ਼ੀ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਸਭ ਤੋਂ ਵੱਡਾ ਮਸਲਾ ਜਿਹੜਾ ਮਾਨਯੋਗ ਗਵਰਨਰ ਸਾਹਿਬ ਨੇ ਚੁੱਕਿਆ ਹੈ, ਉਹ ਇਹ ਹੈ ਕਿ ਟੈਕਸਾਂ ਦੀ ਡੈਵੋਲਿਊਸ਼ਨ ਦਾ 38 ਪ੍ਰਤੀਸ਼ਤ ਸੂਬਿਆਂ ਨੂੰ ਦਿੱਤਾ ਜਾਂਦਾ ਹੈ । ਮੇਰੀ ਬੇਨਤੀ ਹੈ ਕਿ ਉਸ ਨੂੰ ਵਧਾ ਕੇ 50 ਪ੍ਰਤੀਸ਼ਤ ਕੀਤਾ ਜਾਵੇ । ਮੈਂ ਸਮਝਦਾ ਹਾਂ ਕਿ ਇਹ ਮੰਗ ਇਕੱਲੀ ਸਾਡੇ ਪੰਜਾਬ ਦੀ ਹੀ ਨਹੀਂ ਹੈ, ਇਸ ਵੇਲੇ ਸਾਰੇ ਹੀ ਦੇਸ਼ ਦੀ ਰਾਜਨੀਤੀ ਦੀ ਇਹ ਬਹੁਤ ਵੱਡੀ ਮੰਗ ਹੈ, ਜਿਸ ਦੀ ਸਾਨੂੰ ਸਾਰਿਆਂ ਨੂੰ ਹਮਾਇਤ ਕਰਨੀ ਚਾਹੀਦੀ ਹੈ । ਮੇਰੀ ਇਹ ਵੀ ਬੇਨਤੀ ਹੈ ਕਿ ਇਸ ਹਾਊਸ ਨੂੰ ਵੀ ਉਸ ਗੱਲ ਦਾ, ਉਸ ਮੱਦ ਦਾ ਸਮਰਥਨ ਕਰਨਾ ਚਾਹੀਦਾ ਹੈ ਤੇ ਕੇਂਦਰ ਸਰਕਾਰ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਜਦੋਂ ਸੂਬਿਆਂ ਦੀ ਮਰਜ਼ੀ ਦੇ ਉਲਟ ਕੋਈ ਵੱਡੇ ਆਰਥਿਕ ਫੈਸਲੇ ਲਏ ਜਾਂਦੇ ਹਨ ਤਾਂ ਸੂਬਿਆਂ ਉਤੇ ਵੀ ਉਨ੍ਹਾਂ ਆਰਥਿਕ ਫੈਸਲਿਆਂ ਦਾ ਅਸਰ ਬਹੁਤ ਮਾਰੂ ਤਰੀਕੇ ਨਾਲ ਪੈਂਦਾ ਹੈ । ਦੂਜੀ ਵੱਡੀ ਗੱਲ ਹੈ ਕਿ ਇਕੱਲੇ ਸਟੇਟ ਸਬਜੈਕਟ ਉਤੇ ਹੀ ਸੂਬਿਆਂ ਦੇ

ਵਿਚਾਰ ਨਹੀਂ ਲਏ ਜਾਣੇ ਚਾਹੀਦੇ ਸਗੋਂ ਜਿਹੜੇ ਸਬਜੈਕਟ ਯੂਨੀਅਨ ਲਿਸਟ ਵਿੱਚ ਹਨ, ਉਨ੍ਹਾਂ ਦੀ ਵੀ ਸਾਰੇ ਦੇਸ਼ ਵਾਸਤੇ ਇੱਕੋ ਜਿਹੀ ਵਰਤੋਂ ਹੋਵੇ, ਸੰਵਿਧਾਨ ਦੇ ਫੈਡਰੇਲਿਜ਼ਮ ਦੇ ਪ੍ਰਿੰਸੀਪਲ ਦੇ ਆਧਾਰ ਉਤੇ ਇਸ ਗੱਲ ਦੀ ਮੰਗ ਹੋਣੀ ਚਾਹੀਦੀ ਹੈ ਕਿ ਸਾਰੀਆਂ ਸਟੇਟਾਂ ਦੀ ਸੁਣਵਾਈ ਇੱਕੋ ਜਿਹੀ ਹੋਵੇ । ਲੇਕਿਨ ਅੱਜ ਜਿਹੜਾ ਦੇਸ਼ ਦਾ ਵਰਤਾਰਾ ਹੈ, ਉਹ ਇਹ ਹੈ ਕਿ ਰੇਲਵੇ ਵਿਭਾਗ ਭਾਵੇਂ ਯੂਨੀਅਨ ਲਿਸਟ ਵਿੱਚ ਹੈ ਤੇ ਇਹ ਯੂਨੀਅਨ ਗੌਰਮਿੰਟ ਦਾ ਸਬਜੈਕਟ ਹੈ ਲੇਕਿਨ ਰੇਲਵੇ ਡਿਪਾਰਟਮੈਂਟ ਬਾਰੇ ਵੇਖਣ ਵਿੱਚ ਆਇਆ ਹੈ ਕਿ ਜਿਸ ਸਟੇਟ ਦਾ ਕੋਈ ਰੇਲਵੇ ਮਨਿਸਟਰ ਬਣ ਜਾਂਦਾ ਹੈ ਤਾਂ ਰੇਲਵੇ ਉਸ ਸਟੇਟ ਦਾ ਹੀ ਸਟੇਟ ਸਬਜੈਕਟ ਬਣ ਕੇ ਰਹਿ ਜਾਂਦਾ ਹੈ । ਜੇ ਕਾਂਗਰਸ ਮਨਿਸਟਰੀ ਹੈ ਤਾਂ ਉਸ ਨੂੰ ਦਿੱਲੀ ਵਿਚ ਬੈਠਿਆਂ ਇਹ ਵੀ ਸੋਚਣਾ ਚਾਹੀਦਾ ਹੈ ਕਿ ਜਿੱਥੇ ਬਾਕੀ ਦੇਸ਼ ਵਿੱਚ ਵਪਾਰ ਤੇ ਧਿਆਨ ਦੇਣਾ ਹੈ ਉਥੇ ਇੰਡੋ-ਪਾਕਿ ਟਰੇਡ ਜਿਹੜਾ ਹੈ, ਉਹ ਵੀ ਪੰਜਾਬ ਵਰਗੇ ਸਰਹੱਦੀ ਸੂਬਿਆਂ ਵਾਸਤੇ ਉਨਾ ਹੀ ਇੰਪਾਰਟੈਂਟ ਹੈ। ਸੂਬਿਆਂ ਨਾਲ ਵਿਤਕਰਾ ਕਰਦਿਆਂ ਜਦੋਂ ਇਸ ਤਰ੍ਹਾਂ ਦੇ ਕੰਮ ਹੁੰਦੇ ਹਨ ਤਾਂ ਫਿਰ ਉਹ ਇਹ ਫੈਡਰੇਲਿਜ਼ਮ ਨੂੰ ਖੋਰਾ ਲਗਾਉਂਦੇ ਹਨ । ਇਸ ਲਈ ਇਨ੍ਹਾਂ ਗੱਲਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਜੇ ਸਿਵਲ ਏਵੀਏਸ਼ਨ ਮਨਿਸਟਰੀ ਹੈ ਤਾਂ ਉਸ ਨੂੰ ਸਾਰੇ ਦੇਸ਼ ਦੇ ਏਅਰਪੋਰਟਾਂ ਵੱਲ ਉਸੇ ਹੀ ਤਨਦੇਹੀ ਨਾਲ ਧਿਆਨ ਦੇਣਾ ਚਾਹੀਦਾ ਹੈ, ਜਿਸ ਤਰੀਕੇ ਨਾਲ ਦਿੱਲੀ ਦੇ ਏਅਰਪੋਰਟ ਜਾਂ ਮੁੰਬਈ ਦੇ ਏਅਰਪੋਰਟ ਵੱਲ ਧਿਆਨ ਦਿੱਤਾ ਜਾਂਦਾ ਹੈ। ਇਹ ਨਹੀਂ ਕਿ ਪੰਜਾਬ ਵਿੱਚ ਜੇ ਕੋਈ ਏਅਰਪੋਰਟ ਬਣ ਕੇ ਤਿਆਰ ਵੀ ਹੋ ਜਾਵੇ ਤੇ ਦਿੱਲੀ ਦੀ ਯੂ.ਪੀ.ਏ. ਸਰਕਾਰ ਦੇ ਮੰਤਰੀ ਉਦਘਾਟਨ ਦਾ ਸਮਾਂ ਵੀ ਨਾ ਦੇਣ । ਜੇ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਏਅਰਪੋਰਟ ਬਣ ਕੇ ਤਿਆਰ ਵੀ ਹੋ ਜਾਵੇ ਤੇ ਉਸ ਵਾਸਤੇ ਉਡਾਨਾਂ ਦਾ ਕੋਈ ਪ੍ਰਬੰਧ ਹੀ ਨਾ ਕੀਤਾ ਜਾਵੇ, ਅਜਿਹਾ ਨਹੀਂ ਹੋਣਾ ਚਾਹੀਦਾ। ਇਨ੍ਹਾਂ ਗੱਲਾਂ ਵਿੱਚ ਵੀ ਜੇ ਫੈਡਰੇਲਿਜ਼ਮ ਨੂੰ ਸਹੀ ਮਾਅਨਿਆਂ ਵਿਚ ਲਾਗੂ ਕਰਨਾ ਹੈ ਤਾਂ ਸਾਡੇ ਦੇਸ਼ ਦੀਆਂ ਜਿਹੜੀਆਂ ਸਰਕਾਰਾਂ ਹਨ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ। ਮੈਂ ਇਹ ਗੱਲ ਵੀ ਕਹਾਂਗਾ ਕਿ ਜਿਹੜੇ ਵੱਡੇ ਸੰਵੇਦਨਸ਼ੀਲ ਫੈਸਲੇ ਹਨ, ਉਹ ਫੈਸਲੇ ਲੈਣ ਤੋਂ ਪਹਿਲਾਂ ਸਟੇਟਾਂ ਦੀ ਜਿਹੜੀ ਲੈਜਿਸਲੇਚਰ ਹੈ, ਉਥੋਂ ਦੇ ਮੈਂਬਰਾਂ ਨੂੰ ਅਤੇ ਆਮ ਲੋਕਾਂ ਨੂੰ ਵਿਸ਼ਵਾਸ ਵਿੱਚ ਲਿਆ ਜਾਣਾ ਚਾਹੀਦਾ ਹੈ। ਪਿੱਛੇ ਜਿਹੇ ਤੇਲੰਗਾਨਾ ਸਟੇਟ ਦਾ ਫੈਸਲਾ ਹੋਇਆ ਹੈ ਲੇਕਿਨ ਜਿਸ ਕਦਰ ਉਹ ਫੈਸਲਾ ਲਿਆ ਗਿਆ, ਜੇ ਇਹੋ ਜਿਹੇ ਫੈਸਲੇ ਲਏ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਦੇਸ਼ ਵਾਸਤੇ ਗੰਭੀਰ ਖਤਰੇ ਪੈਦਾ ਹੋਣਗੇ ਕਿਉਂਕਿ ਸਾਰਿਆਂ ਦੀ ਭਾਵਨਾਵਾਂ ਨੂੰ ਸੰਤੁਸ਼ਟ ਕਰਕੇ ਚਲਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ ਲੇਕਿਨ ਸਾਨੂੰ ਅਫ਼ਸੋਸ ਹੈ ਕਿ ਹੌਲੀ ਹੌਲੀ ਕਨਸੈਂਸਿਜ਼ ਕਰੀਏਟ ਕਰਨ ਦੀ ਜਿਹੜੀ ਗੱਲ ਹੈ, ਸਟੇਟਾਂ ਨੂੰ ਵਿਸ਼ਵਾਸ ਵਿੱਚ ਲੈਣ ਦੀ ਜਿਹੜੀ ਗੱਲ ਹੈ, ਉਹ day by day ਖਤਮ ਹੋ ਰਹੀ ਹੈ।

ਸੋ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਉਚੇਚੇ ਤੌਰ ਤੇ ਇਹ ਗੱਲ ਕਹਿਣੀ ਚਾਹਾਂਗਾ ਕਿ ਪੰਜਾਬ ਦੀ ਇਹ ਬਹੁਤ ਵੱਡੀ ਖੁਸ਼ਕਿਸਮਤੀ ਹੈ ਕਿ ਇਸ ਵੇਲੇ ਪੰਜਾਬ ਕੋਲ ਸਰਦਾਰ ਪਰਕਾਸ਼ ਸਿੰਘ ਬਾਦਲ ਵਰਗੀ ਮਹਾਨ ਸਖਸ਼ੀਅਤ ਹੈ ਔਰ ਸਰਦਾਰ ਸੁਖਬੀਰ ਸਿੰਘ ਬਾਦਲ ਵਰਗੇ ਡਾਇਨੈਮਿਕ ਲੀਡਰ ਹਨ ਅਤੇ ਉਨ੍ਹਾਂ ਦੇ ਹੱਥਾਂ

[ਡਾਕਟਰ ਦਲਜੀਤ ਸਿੰਘ ਚੀਮਾ]

ਵਿੱਚ ਪੰਜਾਬ ਵਿਕਾਸ ਦੀਆਂ ਲੀਹਾਂ ਵੱਲ ਬਹੁਤ ਚੰਗੀ ਤਰ੍ਹਾਂ ਨਾਲ ਵੱਧ ਰਿਹਾ ਹੈ (ਥੰਪਿੰਗ) । ਪੰਜਾਬ ਵਿੱਚ ਜੋ ਉਨ੍ਹਾਂ ਦਾ ਰੋਲ ਹੈ, ਜੋ ਸਰਕਾਰ ਦੀ ਕਾਰਗੁਜ਼ਾਰੀ ਹੈ, ਜਿਸ ਦਾ ਜ਼ਿਕਰ ਹਰ ਲੈਵਲ ਉਤੇ ਮਾਨਯੋਗ ਗਵਰਨਰ ਸਾਹਿਬ ਨੇ ਕੀਤਾ ਹੈ, ਜਿੱਥੇ ਮੈਂ ਉਸ ਦੀ ਪ੍ਰਸ਼ੰਸਾ ਕਰਦਾ ਹਾਂ, ਉਥੇ ਮੈਂ ਇਸ ਗੱਲ ਦੀ ਚਿੰਤਾ ਵੀ ਕਰਦਾ ਹਾਂ ਕਿ ਸਾਡੇ ਨੈਸ਼ਨਲ ਲੈਵਲ ਉਤੇ ਜੋ ਹੋ ਰਿਹਾ ਹੈ, ਜਿਸ ਤਰੀਕੇ ਨਾਲ ਸਾਡੇ ਦੇਸ਼ ਦੀ ਪ੍ਰੈਸਟੀਜ਼ ਇਸ ਵੇਲੇ ਦੁਨੀਆਂ ਵਿੱਚ ਡਾਊਨ ਹੋਈ ਹੈ, ਜੋ ਹਾਲ ਇਸ ਵੇਲੇ ਸਾਡੇ ਦੇਸ਼ ਦੀ ਐਕਸਟਰਨਲ ਸਿਕਿਉਰਟੀ ਅਤੇ ਇੰਟਰਨਲ ਸਕਿਉਰਟੀ ਦਾ ਹੈ, ਸਾਡੇ ਜਵਾਨਾਂ ਦੇ ਸਿਰ ਕਲਮ ਕਰਕੇ ਦੂਜੇ ਦੇਸ਼ਾਂ ਦੇ ਲੋਕ ਲੈ ਕੇ ਚਲੇ ਜਾਂਦੇ ਹਨ, ਇਸ ਵੱਲ ਸਾਨੂੰ ਸਾਰਿਆਂ ਨੂੰ ਚਿੰਤਾ ਪ੍ਰਗਟ ਕਰਨੀ ਚਾਹੀਦੀ ਹੈ। ਸਭ ਤੋਂ ਵੱਡੀ ਗੱਲ, ਸਾਡੇ ਦੇਸ਼ ਦੀ ਸਰਕਾਰ ਨੇ ਅਖੀਰਲੇ ਸਮੇਂ ਲੋਕਪਾਲ ਬਿਲ ਲਿਆ ਕੇ ਬੜਾ ਵੱਡਾ ਮਾਅਰਕਾ ਮਾਰ ਲਿਆ...

ਮਾਨਯੋਗ ਡਿਪਟੀ ਸਪੀਕਰ : ਚੀਮਾ ਜੀ, ਸਮੇਂ ਦਾ ਧਿਆਨ ਰੱਖੋ।

ਡਾਕਟਰ ਦਲਜੀਤ ਸਿੰਘ ਚੀਮਾ : ਸਿਰਫ਼ ਦੋ ਮਿੰਟ ਜੀ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਕੁਰੱਪਸ਼ਨ ਕਰਕੇ ਸਰਕਾਰ ਦੀ ਕਰੈਡੇਬਿਲਟੀ ਡਾਊਨ ਹੈ ਅਤੇ ਕੋਈ ਵੀ ਉਸ ਸਕਰੀਨਿੰਗ ਕਮੇਟੀ ਨੂੰ ਹੈੱਡ ਕਰਨ ਨੂੰ ਤਿਆਰ ਨਹੀਂ ਹੈ, ਜਿਸ ਨੇ ਇਸ ਦੇਸ਼ ਦਾ ਲੋਕਪਾਲ ਬਣਾਉਣਾ ਹੈ। ਪਹਿਲਾਂ ਨਾਰੀਮਾਨ ਸਾਹਿਬ ਨੂੰ ਕਿਹਾ ਗਿਆ, ਉਨ੍ਹਾਂ ਨੇ ਜਵਾਬ ਦੇ ਦਿੱਤਾ। ਉਸ ਤੋਂ ਬਾਅਦ ਇੱਕ ਹੋਰ ਜੱਜ ਸਾਹਿਬ ਨੂੰ ਬੇਨਤੀ ਕੀਤੀ, ਉਨ੍ਹਾਂ ਨੇ ਮਨ੍ਹਾ ਕਰ ਦਿੱਤਾ। ਇਹ ਤੁਹਾਡੀ ਕਰੈਡੇਬਿਲਟੀ ਹੈ। ਨੈਸ਼ਨਲ ਲੈਵਲ ਤੇ ਸਕਰੀਨਿੰਗ ਕਮੇਟੀ ਨੂੰ ਹੈੱਡ ਕਰਨਾ ਬਹੁਤ ਵੱਡਾ ਆਨਰ ਹੁੰਦਾ ਹੈ, ਦੇਸ਼ ਦਾ ਲੋਕਪਾਲ ਬਣਾਉਣਾ ਹੈ ਲੇਕਿਨ ਕੋਈ ਬੰਦਾ ਇਹ ਰਿਸਕ ਲੈਣ ਨੂੰ ਤਿਆਰ ਨਹੀਂ ਹੈ। ਸਾਡੇ ਦੇਸ਼ ਦੀ ਸਰਕਾਰ ਦੀ ਇਸ ਵੇਲੇ ਦਿੱਖ ਦੁਨੀਆ ਵਿੱਚ ਇਹ ਬਣੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਕਈ ਅਨਕਾਂਸਟੀਚਿਊਸ਼ਨਲ ਕੰਮ ਅਖੀਰਲੇ ਸਮੇਂ ਤੇ ਆਪਣੀ ਡੁੱਬਦੀ ਹੋਈ ਬੇੜੀ ਨੂੰ ਬਚਾਉਣ ਵਾਸਤੇ ਕਰਨ ਦੀ ਕੋਸ਼ਿਸ਼ ਕੀਤੀ, ਕਈ ਤਰ੍ਹਾਂ ਦੇ ਆਰਡੀਨੈਂਸ ਰਾਤੋ-ਰਾਤ ਪਾਸ ਕਰਨ ਦੀ ਕੋਸ਼ਿਸ਼ ਕੀਤੀ ਪਰ ਮੈਂ ਸਮਝਦਾ ਹਾਂ ਕਿ ਦੇਸ਼ ਦੇ ਰਾਸ਼ਟਰਪਤੀ ਜੀ ਨੇ ਇਨ੍ਹਾਂ ਨੂੰ ਸਮਝਾ ਦਿੱਤਾ ਹੈ ਜਿਸ ਨਾਲ ਦੇਸ਼ ਵੱਡੀ ਸਮੱਸਿਆ ਵਿੱਚ ਲੈਂਡ ਕਰਨ ਤੋਂ ਬਚ ਗਿਆ ਨਹੀਂ ਤਾਂ ਇਹ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਦੇਸ਼ ਦੀ ਕੈਬਨਿਟ ਵਿੱਚ ਫੈਸਲੇ ਹੋਏ ਹੋਣ ਪਰੰਤੂ ਇਕੱਲਾ ਪਾਰਟੀ ਦਾ ਮੀਤ-ਪ੍ਰਧਾਨ ਉਨ੍ਹਾਂ ਫੈਸਲਿਆਂ ਨੂੰ ਰੱਦ ਕਰ ਦੇਵੇ। ਸਾਰੀ ਕੈਬਨਿਟ ਗੋਡੇ ਟੇਕ ਕੇ ਉਸ ਫੈਸਲੇ ਨੂੰ ਰਿਵਰਸ ਕਰ ਦੇਵੇ। ਇਹੋ ਜਿਹੀਆਂ ਗੱਲਾਂ ਮਾਨਯੋਗ ਡਿਪਟੀ ਸਪੀਕਰ ਸਾਹਿਬ, ਦੇਸ਼ ਨੂੰ ਕੁਝ ਨਹੀਂ ਦੇ ਸਕਦੀਆਂ ਅਤੇ ਖਾਸ ਕਰਕੇ ਸਾਡੇ ਪੰਜਾਬ ਨੂੰ, ਜਿਸ ਨਾਲ ਅਖੀਰਲੇ ਸਮੇਂ ਜਾਂਦੇ ਜਾਂਦੇ ਪੁਰਾਣੇ ਵਿਤਕਰੇ ਨੂੰ ਦੁਹਰਾਇਆ ਗਿਆ, ਐਕਸਾਈਜ਼ ਕਨਸੈਸ਼ਨਜ਼ ਜੋ ਸਾਡੇ ਗਵਾਂਢੀ ਸੂਬਿਆਂ ਨੂੰ ਦਿੱਤੀਆਂ ਜਾਂਦੀਆਂ ਸਨ ਉਨ੍ਹਾਂ ਨੂੰ ਸਾਲ 2017 ਤੱਕ ਐਕਸਟੈਂਡ ਕਰਕੇ ਪੰਜਾਬ ਤੇ ਇੱਕ ਹੋਰ ਜ਼ਖਮ ਕੀਤਾ ਗਿਆ ਹੈ। ਸੋ, ਮੈਂ ਇਹ ਕਹਿ ਸਕਦਾ ਹਾਂ ਕਿ ਇਹ ਸਾਰੇ ਕੰਮ ਇਸ ਗੱਲ ਦੀ ਮੰਗ ਕਰ ਸਕਦੇ ਹਨ ਕਿ ਇਸ ਵੇਲੇ ਤੰਦ ਨਹੀਂ ਸਗੋਂ ਦੇਸ਼ ਵਿੱਚ

ਨੈਸ਼ਨਲ ਲੈਵਲ ਤੇ ਤਾਣੀ ਵਿਗੜੀ ਹੋਈ ਹੈ। ਇਸ ਸਿਸਟਮ ਨੂੰ ਠੀਕ ਕਰਨ ਦਾ ਇੱਕੋ ਹੀ ਹੱਲ ਹੈ ਕਿ ਜਿਹੜੀ ਯੂ.ਪੀ.ਏ. ਦੀ ਕੁਰੱਪਟ ਸਰਕਾਰ ਹੈ, ਜਿਸ ਨੇ ਮਹਿੰਗਾਈ ਨੂੰ ਇੱਥੋਂ ਤੱਕ ਪਹੁੰਚਾਇਆ ਹੋਇਆ ਹੈ, ਕੁਦਰਤੀ ਮੈਂ ਇੱਥੋਂ ਇਹ ਬੋਲ ਰਿਹਾ ਹਾਂ ਅਤੇ ਦੇਸ਼ ਵਿੱਚ ਚੋਣਾਂ ਦਾ ਐਲਾਨ ਹੋਣ ਜਾ ਰਿਹਾ ਹੈ, ਮੈਂ ਸਾਰੇ ਹਾਊਸ ਵਿੱਚ ਬੇਨਤੀ ਕਰਾਂਗਾ, ਹਾਊਸ ਦੇ ਰਾਹੀਂ...

ਮਾਨਯੋਗ ਡਿਪਟੀ ਸਪੀਕਰ : ਚੀਮਾ ਜੀ, ਬੈਠੋ।

ਡਾਕਟਰ ਦਲਜੀਤ ਸਿੰਘ ਚੀਮਾ : ਚੋਣਾਂ ਦਾ ਐਲਾਨ ਹੋ ਗਿਆ ਹੈ, ਇਸ ਯੂ.ਪੀ.ਏ. ਦੀ ਕੁਰੱਪਟ ਸਰਕਾਰ ਨੂੰ ਚਲਦਾ ਕੀਤਾ ਜਾਵੇ।

ਮਾਨਯੋਗ ਡਿਪਟੀ ਸਪੀਕਰ : ਮੈਂ ਕਿਹਾ ਜੀ, ਬੈਠੋ। ਅਸ਼ਵਨੀ ਕੁਮਾਰ ਸ਼ਰਮਾ ਜੀ।

ਡਾਕਟਰ ਦਲਜੀਤ ਸਿੰਘ ਚੀਮਾ : ਇਸ ਦੇਸ਼ ਦੇ ਭਵਿੱਖ ਵਾਸਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮਜ਼ਬੂਤ ਗਠਜੋੜ ਨੂੰ ਇੱਕ ਵਾਰੀ ਫੇਰ ਪਾਰਲੀਮੈਂਟ ਵਿੱਚ ਚੰਗੀ ਤਰ੍ਹਾਂ ਜਿਤਾਇਆ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਮਾਨਯੋਗ ਗਵਰਨਰ ਸਾਹਿਬ ਨੇ ਜਿਹੜਾ ਭਾਸ਼ਣ ਇਸ ਹਾਊਸ ਵਿੱਚ ਦਿੱਤਾ ਸੀ, ਉਸ ਦਾ ਡੱਟ ਕੇ ਸਮਰਥਨ ਕਰਦਾ ਹੋਇਆ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਰਾਜਪਾਲ ਜੀ ਦਾ ਇੱਕ ਇੱਕ ਸ਼ਬਦ ਸਾਨੂੰ ਮਾਰਗ ਦਰਸ਼ਨ ਦੇਣ ਵਾਲਾ ਹੈ..........

ਮਾਨਯੋਗ ਡਿਪਟੀ ਸਪੀਕਰ : ਅਸ਼ਵਨੀ ਜੀ, ਬੋਲੋ।

ਡਾਕਟਰ ਦਲਜੀਤ ਸਿੰਘ ਚੀਮਾ : ਸਾਨੂੰ ਰਲ਼ ਕੇ ਇਹ ਧੰਨਵਾਦ ਮਤਾ ਪਾਸ ਕਰਨਾ ਚਾਹੀਦਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

ਮਾਨਯੋਗ ਡਿਪਟੀ ਸਪੀਕਰ : ਅਸ਼ਵਨੀ ਜੀ, ਤੁਹਾਡਾ 10 ਮਿੰਟ ਦਾ ਸਮਾਂ ਹੈ। ਥੋੜ੍ਹਾ ਸਮੇਂ ਦਾ ਧਿਆਨ ਰੱਖਿਓ ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਡਾਕਟਰ ਚੀਮਾ ਜੀ ਦੁਆਰਾ ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਤੇ ਜਿਹੜਾ ਧੰਨਵਾਦ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਰਾਜਪਾਲ ਜੀ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਕਰਦੇ ਹੋਏ ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ, ਸੰਪਰਦਾਇਕ ਏਕਤਾ ਜਿਹੜਾ ਕਿਸੇ ਵੀ ਰਾਜ ਦੀ ਉੱਨਤੀ, ਤਰੱਕੀ ਅਤੇ ਬਿਹਤਰੀ ਲਈ ਮੁੱਢਲੀ ਜ਼ਰੂਰਤ ਹੈ, ਉਸ ਲਈ ਸਰਕਾਰ ਦੀ ਪ੍ਰਸ਼ੰਸਾ ਵੀ ਕੀਤੀ ਹੈ ਅਤੇ ਉਨ੍ਹਾਂ ਨੇ ਅੱਗੇ ਆਪਣੀ ਗੱਲ ਦੀ ਸ਼ੁਰੂਆਤ ਕਰਦੇ ਹੋਏ ਇਹ ਵੀ ਕਿਹਾ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ 7 ਸਾਲਾਂ ਤੋਂ ਜਦੋਂ ਤੋਂ ਸਰਕਾਰ ਸੰਭਾਲੀ ਹੈ, ਉਦੋਂ ਤੋਂ ਹੀ ਪੰਜਾਬ ਅੰਦਰ ਇੱਕ ਨਵੇਂ ਦੌਰ ਦੀ ਸ਼ੁਰੂਆਤ ਹੋਈ ਹੈ । ਅਗਰ 7 ਸਾਲ ਪਹਿਲਾਂ ਰਾਜ ਵੱਲ ਝਾਤ ਮਾਰੀਏ, ਹੋ ਸਕਦਾ ਹੈ ਮੇਰੀ ਇਸ ਗੱਲ ਨਾਲ ਕਿਸੇ ਨੂੰ ਕਸ਼ਟ ਵੀ ਹੋਵੇ ਲੇਕਿਨ ਵਰਤਮਾਨ ਸਮੇਂ ਵਿੱਚ ਜੇਕਰ ਮੁਲਾਂਕਣ ਕਰਨਾ ਹੋਵੇ ਤਾਂ ਪਿਛੋਕੜ ਵੱਲ

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਝਾਤੀ ਮਾਰਨਾ ਬੜਾ ਜ਼ਰੂਰੀ ਹੁੰਦਾ ਹੈ। ਅੱਜ ਪੰਜਾਬ ਦੇ ਅੰਦਰ ਵਿਤਕਰੇ ਵਾਲੀ ਰਾਜਨੀਤੀ ਨਹੀਂ ਹੈ। ਵਿਚਾਰਾਂ ਦਾ ਅੰਤਰ ਹੋ ਸਕਦਾ ਹੈ, ਰਾਜਨੀਤਕ ਤੌਰ ਤੇ ਅਲੱਗ ਅਲੱਗ ਸੋਚ ਹੋ ਸਕਦੀ ਹੈ ਲੇਕਿਨ ਕਿਸੇ ਨਾਲ ਦਵੈਸ਼ ਨਹੀਂ ਹੈ, ਕਿਸੇ ਨਾਲ ਘਿਰਣਾ ਨਹੀਂ ਹੈ। ਉਹ ਵੀ ਸਮਾਂ ਸੀ ਜਦੋਂ ਪੰਜਾਬ ਵਿੱਚ ਬਦਲੇ ਦੀ ਰਾਜਨੀਤੀ ਚੱਲ ਪਈ ਸੀ। ਮਾਣ-ਮਰਿਆਦਾਵਾਂ ਟੁੱਟ ਰਹੀਆਂ ਸਨ, ਲੋਕਤੰਤਰ ਨੇ ਸਿਸਕੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਸਨ । ਬਾਦਲ ਸਾਹਿਬ ਨੇ ਲੋਕਤੰਤਰ ਨੂੰ ਇਸ ਰਸਤੇ ਵਿੱਚੋਂ ਕੱਢ ਕੇ ਭਾਈਚਾਰਕ ਏਕਤਾ ਵਿੱਚ ਲਿਆਂਦਾ, ਰਾਜਨੀਤਿਕ ਵਿਰੋਧਤਾ ਨੂੰ ਅਤੇ ਬਦਲੇ ਦੀ ਰਾਜਨੀਤੀ ਨੂੰ ਖਤਮ ਕੀਤਾ ਅਤੇ ਹਰ ਕਿਸੇ ਨੂੰ ਆਪਣੇ ਵਿਚਾਰਾਂ ਨੂੰ ਕਹਿਣ ਵਾਸਤੇ ਪੂਰੀ ਤਰ੍ਹਾਂ ਸਵਤੰਤਰਤਾ ਪ੍ਰਦਾਨ ਕੀਤੀ। ਇਹ ਕਿਸੇ ਵੀ ਸਰਕਾਰ ਦੀ ਕਾਮਯਾਬੀ ਦੀ ਜ਼ਰੂਰਤ ਹੁੰਦੀ ਹੈ। ਰਾਜਪਾਲ ਜੀ ਨੇ ਆਪਣੇ ਭਾਸ਼ਣ ਅੰਦਰ ਰਾਜ ਔਰ ਕੇਂਦਰ ਸਰਕਾਰ ਦੇ ਨਾਲ ਵਿਤਕਰੇ ਦੀ ਵੀ ਚਰਚਾ ਕੀਤੀ। ਉਸ ਦੀ ਚਰਚਾ ਹੁੰਦੇ ਹੋਏ ਐਨ.ਡੀ.ਏ. ਦੀ ਸਰਕਾਰ ਦਾ ਅਤੇ ਅਟੱਲ ਬਿਹਾਰੀ ਵਾਜਪਾਈ ਜੀ ਦਾ ਵੀ ਨਾਮ ਆਇਆ। ਜਦੋਂ ਐਨ.ਡੀ.ਏ. ਦੀ ਸਰਕਾਰ ਦਾ ਅਤੇ ਅਟੱਲ ਬਿਹਾਰੀ ਵਾਜਪਾਈ ਜੀ ਦਾ ਨਾਮ ਆਇਆ, ਉਦੋਂ ਬਠਿੰਡੇ ਦੀ ਰਿਫਾਈਨਰੀ ਦਾ ਨਾਮ ਵੀ ਆਇਆ। ਉਸ ਤੋਂ ਬਾਅਦ ਯੂ.ਪੀ.ਏ. ਦੀ ਸਰਕਾਰ ਦੁਆਰਾ ਪੰਜਾਬ ਨੂੰ ਕੁਝ ਵੀ ਨਹੀਂ ਦਿੱਤਾ ਗਿਆ। ਕੋਈ ਵੱਡਾ ਪ੍ਰਾਜੈਕਟ ਪੰਜਾਬ ਨੂੰ ਨਹੀਂ ਮਿਲਿਆ। ਪੰਜਾਬ ਸੀਮਾਵਰਤੀ ਅਤੇ ਸੰਵੇਦਨਸ਼ੀਲ ਪ੍ਰਦੇਸ਼ ਹੈ। ਇਸ ਦਾ ਧਿਆਨ ਰੱਖਣਾ ਜ਼ਰੂਰੀ ਹੈ । ਅਸੀਂ ਇਹ ਨਹੀਂ ਕਹਿੰਦੇ ਕਿ ਪੜੌਸੀ ਰਾਜਾਂ ਨੂੰ ਜਿਹੜੀਆਂ ਸੁਵਿਧਾਵਾਂ ਮਿਲਦੀਆਂ ਹਨ, ਉਹ ਉਨ੍ਹਾਂ ਨੂੰ ਨਾ ਦਿਉ। ਸਾਨੂੰ ਕਿਸੇ ਤੋਂ ਲੈਣਾ ਦੇਣਾ ਨਹੀਂ ਹੈ। ਅਸੀਂ ਤਾਂ ਕਹਿੰਦੇ ਹਾਂ ਕਿ:-

सर्वे भवन्तु सुखीना

ਸਾਰੇ ਸੁਖੀ ਰਹਿਣ ਤੇ ਸਾਰੇ ਸਮਰਿੱਧ ਹੋਣ। ਲੇਕਿਨ ਅਸੀਂ ਇਹ ਜ਼ਰੂਰ ਸੋਚਦੇ ਹਾਂ ਕਿ ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਵੇਖਦੇ ਹੋਏ ਤੇ ਸੀਮਾਵਰਤੀ ਰਾਜ ਹੋਣ ਦੇ ਕਾਰਨ ਇਸ ਨੂੰ ਵੀ ਇਹ ਸਹੂਲਤਾਂ ਦਿੱਤੀਆਂ ਜਾਣ। ਜੇਕਰ ਹਿਮਾਚਲ ਦਾ ਕਿਸੇ ਚੀਜ਼ ਤੇ ਅਧਿਕਾਰ ਹੈ, ਹਰਿਆਣੇ ਦਾ ਅਧਿਕਾਰ ਹੈ, ਜੇ.ਐਂਡ.ਕੇ. ਦਾ ਅਧਿਕਾਰ ਹੈ ਤਾਂ ਪੰਜਾਬ ਦਾ ਵੀ ਅਧਿਕਾਰ ਹੈ। ਦੇਸ਼ ਨੂੰ ਬਣਾਉਣ ਲਈ ਅਤੇ ਇਸ ਨੂੰ ਅੱਗੇ ਲੈ ਕੇ ਜਾਣ ਲਈ ਪੰਜਾਬ ਦੇ ਸੂਰਬੀਰਾਂ ਦਾ ਬਹੁਤ ਵੱਡਾ ਯੋਗਦਾਨ ਹੈ। ਭਾਵੇਂ ਕ੍ਰਿਸ਼ੀ ਦਾ ਖੇਤਰ ਹੋਵੇ ਜਾਂ ਕੋਈ ਹੋਰ ਖੇਤਰ ਹੋਵੇ, ਇਸ ਨੂੰ ਅੱਗੇ ਲਿਜਾਉਣ ਵਿੱਚ ਪੰਜਾਬ ਦਾ ਬੜਾ ਯੋਗਦਾਨ ਰਿਹਾ ਹੈ । ਇਸ ਲਈ ਪੰਜਾਬ ਨਾਲ ਜੋ ਵਿਤਕਰਾ ਹੋ ਰਿਹਾ ਹੈ, ਉਹ ਬੰਦ ਹੋਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਉਸੇ ਇਲਾਕੇ ਦੇ ਹੋ ਅਤੇ ਮੈਂ ਵੀ ਉਸੇ ਇਲਾਕੇ ਦਾ ਹਾਂ । ਮੇਰੀ ਬੇਨਤੀ ਹੈ ਕਿ ਸਾਡੇ ਉਥੇ ਇੰਡਸਟਰੀ ਵਾਸਤੇ ਬਹੁਤ ਵੱਡੇ ਖੇਤ ਖਾਲੀ ਪਏ ਹਨ, ਹਜ਼ਾਰਾਂ ਏਕੜ ਜਗ੍ਹਾ ਪਈ ਹੈ ਪਰ ਫਿਰ ਵੀ ਇੰਡਸਟਰੀ ਡਿਵੈਲਪ ਨਹੀਂ ਹੋ ਪਾ ਰਹੀ । ਇਹ ਕਿਉਂ ਨਹੀਂ ਹੋ ਪਾ ਰਹੀ ? ਕਾਰਨ ਇਹ ਹੈ ਕਿ ਉਥੋਂ 8 ਕਿਲੋਮੀਟਰ ਦੂਰੀ ਤੇ ਹਿਮਾਚਲ ਪ੍ਰਦੇਸ਼ ਹੈ ਅਤੇ 18 ਕਿਲੋਮੀਟਰ ਦੂਰੀ ਤੇ ਜੇ.ਐਂਡ.ਕੇ. ਹੈ। ਜੇ.ਐਡ.ਕੇ. ਵਿੱਚ ਸੁਵਿਧਾਵਾਂ ਹੋਰ ਹਨ, ਹਿਮਾਚਲ ਵਿੱਚ ਸੁਵਿਧਾਵਾਂ ਹੋਰ ਹਨ ਅਤੇ ਪੰਜਾਬ ਦੇ ਅੰਦਰ ਹੋਰ

ਹਨ। ਮੈਂ ਸੁਖਬੀਰ ਸਿੰਘ ਬਾਦਲ ਜੀ ਦਾ, ਬਾਦਲ ਸਾਹਿਬ ਦਾ ਅਤੇ ਇੰਡਸਟਰੀ ਮਨਿਸਟਰ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਨਵੈਸਟਰਜ਼ ਮੀਟ ਕਰਵਾਈ। ਇਹ ਬਹੁਤ ਵੱਡਾ ਪ੍ਰਯਾਸ ਹੈ, ਸਰਾਹੁਣਯੋਗ ਪ੍ਰਯਾਸ ਹੈ। ਇਸ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉਨੀ ਘੱਟ ਹੈ। ਆਪਣੇ ਦੇਸ਼ ਦੇ ਸਾਰੇ ਇੰਡਸਟਰੀਲਿਸਟ ਉਸ ਦਾ ਹਿੱਸਾ ਬਣੇ। ਇਸ ਲਈ ਵੀ ਸਰਕਾਰ ਆਪਣੀ ਪਿੱਠ ਥਪਥਪਾ ਸਕਦੀ ਹੈ। ਲੇਕਿਨ ਜਿੰਨੀ ਦੇਰ ਤੱਕ ਕੇਂਦਰ ਸਰਕਾਰ ਤੋਂ ਸੁਵਿਧਾਵਾਂ ਨਹੀਂ ਮਿਲਣਗੀਆਂ, ਇਹ ਸੁਪਨਾ ਸਾਕਾਰ ਕਰਨਾ ਔਖਾ ਹੈ। ਇਸ ਨੂੰ ਸਾਕਾਰ ਕਰਨ ਲਈ ਪਕਸ਼ ਤੇ ਵਿਪਕਸ਼ ਦੀ ਗੱਲ ਨਹੀਂ ਹੈ ਅਤੇ ਨਾ ਹੀ ਇਸ ਨੂੰ ਪੰਜਾਬ ਦੀ ਉੱਨਤੀ ਅਤੇ ਤਰੱਕੀ ਲਈ ਦੋਹਰੀ ਅੱਖ ਨਾਲ ਵੇਖਿਆ ਜਾ ਸਕਦਾ ਹੈ ਔਰ ਨਾ ਹੀ ਇਸ ਨੂੰ ਰਾਜਨੀਤਿਕ ਆਈਨੇ ਨਾਲ ਦੇਖਿਆ ਜਾ ਸਕਦਾ ਹੈ ।

ਸਰਦਾਰ ਲਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮੁੱਦਾ ਹੈ ਕਿ ਨਾਲ ਲੱਗਦੇ ਰਾਜਾਂ ਨੂੰ ਜਿਹੜੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ, ਮੈਂ ਇਨ੍ਹਾਂ ਨਾਲ ਸਹਿਮਤ ਹਾਂ ਕਿ ਕੇਂਦਰ ਦੀ ਸਰਕਾਰ ਨੇ ਸਾਡੇ ਨਾਲ ਵਿਤਕਰਾ ਕੀਤਾ ਹੈ ਪਰ ਉਦੋਂ ਕੇਂਦਰ ਵਿੱਚ ਕਿਹੜੀ ਸਰਕਾਰ ਸੀ । ਉਦੋਂ ਸਾਲ 2003 ਵਿੱਚ ਅਟੱਲ ਬਿਹਾਰੀ ਵਾਜਪਾਈ ਪ੍ਰਾਈਮ ਮਨਿਸਟਰ ਸੀ। ਇਹ ਅਕਾਲੀ ਦਲ ਵਾਲੇ ਉਸ ਕੈਬਨਿਟ ਵਿੱਚ ਹਿੱਸੇਦਾਰ ਸੀ, ਉਸ ਵੇਲੇ ਫੈਸਲਾ ਹੋਇਆ ਹੈ । ਉਦੋਂ ਤੁਸੀਂ ਕਿੱਥੇ ਸੁੱਤੇ ਪਏ ਸੀ ? ਹੁਣ ਤੁਹਾਨੂੰ ਕਿੱਥੋਂ ਸੁਪਨਾ ਯਾਦ ਆ ਗਿਆ? (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਸਾਲ 2003 ਵਿੱਚ ਐਨ.ਡੀ.ਏ. ਦੀ ਸਰਕਾਰ ਨੇ ਅਤੇ ਵਾਜਪਾਈ ਸਾਹਿਬ ਨੇ ਇਹ ਫੈਸਲਾ ਕੀਤਾ ਸੀ। ਉਦੋਂ ਤਾਂ ਤੁਹਾਡੇ ਵਿੱਚੋਂ ਕੋਈ ਨਹੀਂ ਬੋਲਿਆ ਤੇ ਤੁਸੀਂ ਹੁਣ ਰੌਲਾ ਪਾਉਂਦੇ ਹੋ ਕਿ ਇਸ ਵਾਸਤੇ ਕਾਂਗਰਸ ਸਰਕਾਰ ਜ਼ਿੰਮੇਵਾਰ ਹੈ ਪਰ ਹਕੀਕਤ ਇਹ ਹੈ ਕਿ ਇਸ ਵਾਸਤੇ ਐਨ.ਡੀ.ਏ. ਦੀ ਸਰਕਾਰ ਤੇ ਵਾਜਪਾਈ ਸਾਹਿਬ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਇਹ ਰਿਆਇਤਾਂ ਦਿੱਤੀਆਂ। ਜਦੋਂ ਤੁਹਾਨੂੰ ਪੰਜਾਬ ਦਾ....

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਤੁਹਾਡਾ ਵਿਸ਼ਾ ਆ ਗਿਆ ਹੈ। ਹੁਣ ਮੈਨੂੰ ਕੰਟੀਨਿਊ ਕਰਨ ਦਿਉ।

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਤੁਸੀਂ ਬੈਠੋ। ਇਨ੍ਹਾਂ ਨੂੰ ਬੋਲਣ ਦਿਉ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਡਿਪਟੀ ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਉਸ ਲਈ ਇੱਕ ਸੀਮਾ ਤੈਅ ਹੋਈ ਸੀ ਕਿ ਇਹ ਰਿਆਇਤਾਂ ਇੰਨੇ ਸਮੇਂ ਵਾਸਤੇ ਹਨ । ਫਿਰ ਉਨ੍ਹਾਂ ਰਿਆਇਤਾਂ ਦੀ ਐਕਸਟੈਨਸ਼ਨ ਕਿਸ ਨੇ ਦਿੱਤੀ ? ਉਸ ਨੂੰ ਅੱਗੇ ਕਿਸ ਨੇ ਵਧਾਇਆ ? ਡਿਪਟੀ ਸਪੀਕਰ ਸਾਹਿਬ, ਉਸ ਨੂੰ ਹੋਰ ਤੇਜ਼ੀ ਦੇਣ ਵਿੱਚ ਤੁਹਾਡਾ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਯੋਗਦਾਨ ਰਿਹਾ । ਇੱਕ ਸ਼ਾਇਰ ਨੇ ਕਿਹਾ ਹੈ:

ਤੂ ਇੱਧਰ ਉਧਰ ਕੀ ਬਾਤ ਨਾ ਕਰ, ਤੂ ਬਤਾ ਕੇ ਕਾਫਿਲਾ ਕਿਉਂ ਲੂਟਾ ।
ਹਮੇਂ ਰਾਹ ਜਨੋਂ ਸੇ ਗਰਜ ਨਹੀਂ, ਤੇਰੀ ਰਹਿਬਰੀ ਕਾ ਸਵਾਲ ਹੈ ।

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਰਹਿਬਰੀ ਕਿਸ ਦੀ ਸੀ, ਕੇਂਦਰ ਦੀ ? ਕੇਂਦਰ ਨੇ ਵੀ ਵਿਤਕਰਾ ਕੀਤਾ। ਤੁਸੀਂ ਤਾਂ ਹੁਣ ਜਾਣ ਵਾਲੇ ਹੋ, ਫਿਰ ਨਵੀਂ ਸਰਕਾਰ ਆਵੇਗੀ, ਨਵਾਂ ਸਵੇਰਾ ਆਵੇਗਾ, ਨਵੇਂ ਤਰੀਕੇ ਨਾਲ ਪੰਜਾਬ ਖਿਲੇਗਾ, ਨਵੇਂ ਤਰੀਕੇ ਨਾਲ ਪੰਜਾਬ ਤਰੱਕੀ ਕਰੇਗਾ। (ਥੰਪਿੰਗ) ਦੂਸਰਾ ਵਿਸ਼ਾ ਜੋ ਕਿ ਬੜਾ ਨਾਜ਼ੁਕ ਵਿਸ਼ਾ ਹੈ, ਉਹ ਕੋਈ ਰਾਜਨੀਤਿਕ ਵਿਸ਼ਾ ਨਹੀਂ ਹੈ ਬਲਕਿ ਉਹ ਵਿਸ਼ਾ ਹੈ, ਨਸ਼ਿਆਂ ਦਾ । ਨਸ਼ਾ ਇਕ ਅਜਿਹਾ ਵਿਸ਼ਾ ਹੈ ਕਿ ਜੇਕਰ ਅਸੀਂ ਇਸ ਨੂੰ ਰਾਜਨੀਤਕ ਆਈਨੇ ਨਾਲ ਦੇਖਾਂਗੇ ਤਾਂ ਪੰਜਾਬ ਦੀ ਜਵਾਨੀ ਨਾਲ, ਪੰਜਾਬ ਦੀ ਜਨਤਾ ਨਾਲ ਇਨਸਾਫ ਨਹੀਂ ਹੋਵੇਗਾ। ਇਥੇ ਇਹ ਗੱਲ ਨਹੀਂ ਚੱਲਣੀ ਚਾਹੀਦੀ ਕਿ ਤੇਰੀ ਚਾਦਰ ਤੇ ਦਾਗ ਹਨ ਪਰ ਮੇਰੀ ਚਾਦਰ ਚਿੱਟੀ ਹੈ। ਇਹ ਵਿਸ਼ਾ ਪੰਜਾਬ ਦੀ ਜਵਾਨੀ ਨਾਲ, ਪੰਜਾਬ ਦੇ ਵਿਰਸੇ ਨਾਲ ਜੁੜਿਆ ਹੋਇਆ ਹੈ। ਇਹ ਇਕੱਲੇ ਪੰਜਾਬ ਦਾ ਹੀ ਨਹੀਂ, ਦੇਸ਼ ਦਾ ਹੀ ਨਹੀਂ ਬਲਕਿ ਇਹ ਇੱਕ ਅੰਤਰਰਾਸ਼ਟਰੀ ਵਿਸ਼ਾ ਹੈ। ਸੀਮਾ ਦੀ ਚੌਕਸੀ ਹੋਣੀ ਚਾਹੀਦੀ ਹੈ ਪਰ ਕੇਵਲ ਲਾਅ ਐਂਡ ਆਰਡਰ ਨਾਲ ਇਹ ਸਮੱਸਿਆ ਹੱਲ ਨਹੀਂ ਹੋਣੀ। ਨਸ਼ਾ ਇਹ ਨਹੀਂ ਦੇਖਦਾ ਕਿ ਇਹ ਅਮੀਰ ਦਾ ਬੱਚਾ ਹੈ ਜਾਂ ਗਰੀਬ ਦਾ। ਇਸ ਲਈ ਸਾਨੂੰ ਇਸ ਦੀ ਜੜ੍ਹ ਵਿੱਚ ਜਾਣਾ ਪੈਣਾ ਹੈ। ਇਹ ਇੱਕ ਸਮਾਜਿਕ ਕੁਰੀਤੀ ਹੈ। ਨਸ਼ਾ ਕਿਉਂ ਹੈ, ਇਸ ਦੇ ਅਨੇਕਾਂ ਕਾਰਨ ਹਨ । ਛੋਟੇ ਪਰਿਵਾਰਾਂ ਦਾ ਹੋਣਾ, ਪਰਿਵਾਰਾਂ ਦਾ ਟੁੱਟਣਾ, ਮਾਂ-ਬਾਪ ਵੱਲੋਂ ਬੱਚਿਆਂ ਵੱਲ ਧਿਆਨ ਨਾ ਦੇਣਾ। ਇਸ ਤੇ ਸਾਨੂੰ ਬੈਠ ਕੇ ਚਿੰਤਨ ਕਰਨ ਦੀ ਲੋੜ ਹੈ। ਇਸ ਕਰਕੇ ਇਸ ਵਿਸ਼ੇ ਵਿੱਚ ਇਕ ਦੂਸਰੇ ਤੇ ਦੋਸ਼ ਲਗਾਉਣ ਦੀ ਬਜਾਏ ਇਸ ਪਾਸੇ ਕੋਈ ਪੁਖਤਾ ਨੀਤੀ ਬਣਾਉਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਰਾਜਪਾਲ ਜੀ ਨੇ ਨਿਰਵਿਘਨ ਬਿਜਲੀ ਸਪਲਾਈ ਦੀ ਗੱਲ ਕੀਤੀ ਹੈ। ਕੋਈ ਸਮਾਂ ਸੀ ਜਦੋਂ 7 ਸਾਲ ਪਹਿਲਾਂ ਪੁਰਾਣੀ ਸਰਕਾਰ ਨੇ ਦੁਪਹਿਰ ਦੇ ਸਮੇਂ ਤੇ ਆਫਿਸ ਵਿੱਚ ਏ.ਸੀ. ਲਗਾਉਣ ਤੋਂ ਮਨਾਹੀ ਕੀਤੀ ਸੀ। ਇੱਥੋਂ ਤੱਕ ਕਿ ਸ਼ਾਮ ਨੂੰ 7 ਵਜੇ ਦੁਕਾਨਾਂ ਬੰਦ ਕਰਨ ਦੇ ਹੁਕਮ ਸਨ । ਨਿਰਵਿਘਨ ਬਿਜਲੀ ਦੇਣਾ ਕਿਸੇ ਵੀ ਰਾਜ ਦੇ ਵਿਕਾਸ ਦਾ ਮੂਲ ਕਾਰਨ ਹੈ । ਇਹ ਵਾਅਦਾ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੂਰਾ ਕਰਕੇ ਦਿਖਾਇਆ ਹੈ। ਇਹ ਕੋਈ ਛੋਟੀ ਗੱਲ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਸਾਡੀ ਸਰਕਾਰ ਨੇ ਖੇਡਾਂ ਅਤੇ ਸਿੱਖਿਆ ਬਾਰੇ ਵੀ ਵਿਕਾਸ ਕੀਤਾ ਹੈ। ਨਵੀਆਂ ਯੂਨੀਵਰਸਿਟੀਆਂ, ਕਾਲਜ, ਸਕੂਲ ਖੋਲ੍ਹੇ ਜਾ ਰਹੇ ਹਨ। ਮਾਈ ਭਾਗੋ ਸਕੀਮ ਤਹਿਤ ਆਪਾਂ ਸਾਰੇ ਆਪਣੇ ਆਪਣੇ ਹਲਕਿਆਂ ਵਿਚ ਸਾਈਕਲ ਵੰਡ ਕੇ ਆਏ ਹਾਂ। ਜਦੋਂ ਬੇਟੀ ਨੂੰ ਸਾਈਕਲ ਮਿਲਦਾ ਹੈ ਤਾਂ ਉਸ ਵਿੱਚ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ। ਇਸ ਦੇਸ਼ ਵਿੱਚ ਬੇਟੀਆਂ ਲਈ ਕਿਹਾ ਜਾਂਦਾ ਹੈ ਕਿ -

यत्र नारी पुज्यन्ते तत्र रमन्ते देवता

ਦੋ-ਦੋ ਵਾਰ ਅਸੀਂ ਦੁਰਗਾ ਪੂਜਾ ਕਰਦੇ ਹਾਂ ਪਰ ਸਹੀਂ ਮਾਅਨਿਆਂ ਵਿਚ ਅਗਰ ਬੇਟੀ ਦਾ ਸਤਿਕਾਰ ਕੀਤਾ ਹੈ ਤਾਂ ਉਹ ਬਾਦਲ ਸਾਹਿਬ ਦੀ ਸਰਕਾਰ ਨੇ ਕੀਤਾ ਹੈ। ਜਦੋਂ ਉਸ ਨੂੰ ਸਾਈਕਲ ਮਿਲਦਾ ਹੈ ਤਾਂ ਉਸ ਵਿੱਚ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ। ਇਕ

ਬੇਟੀ ਦੇ ਪੜ੍ਹਨ ਨਾਲ ਦੋ ਪਰਿਵਾਰ ਪੜ੍ਹਦੇ ਹਨ ਔਰ ਉਹ ਆਪਣੀ ਪੜ੍ਹਾਈ ਵਿਚਾਲੇ ਨਹੀਂ ਛੱਡਦੀ। ਅਨੇਕਾਂ ਹੀ ਸਕੀਮਾਂ ਸਰਕਾਰ ਵਲੋਂ ਚਲਾਈਆਂ ਗਈਆਂ ਹਨ ਜਿਨ੍ਹਾਂ ਦਾ ਲਾਭ ਉਨ੍ਹਾਂ ਬੇਟੀਆਂ ਨੂੰ ਮਿਲ ਰਿਹਾ ਹੈ। ਕਈ ਵਾਰੀ ਇਹ ਵਿਚਾਰ ਆਉਂਦਾ ਹੈ ਕਿ ਜਿਹੜੇ ਆਪਣੀ ਸੰਸਕ੍ਰਿਤਕ ਵਿਰਾਸਤ ਨਾਲ ਜੁੜੇ ਹੋਏ ਮਾਮਲੇ ਹਨ ਚਾਹੇ ਸ੍ਰੀ ਅਨੰਦਪੁਰ ਸਾਹਿਬ ਦੇ ਵਿੱਚ ਖਾਲਸਾ ਵਿਰਾਸਤ ਬਣਾਈ ਹੈ, ਚਾਹੇ ਚੱਪੜਚਿੜੀ ਵਿਖੇ ਯਾਦਗਾਰ ਬਣਾਈ ਹੈ ਜਾਂ ਸ੍ਰੀ ਰਾਮ ਤੀਰਥ ਜੀ ਦਾ ਸਮਾਰਕ ਬਣਾਇਆ ਹੈ, ਚਾਹੇ ਜੰਗੇ-ਆਜ਼ਾਦੀ ਦਾ ਸਮਾਰਕ ਬਣਾਇਆ ਹੈ, ਇਹ ਸਾਰੇ ਸਮਾਰਕ ਅਤੇ ਯਾਦਗਾਰਾਂ ਸਾਡੀ ਸੰਸਕ੍ਰਿਤੀ ਨਾਲ ਸੰਬੰਧਿਤ ਹਨ । ਇੱਕ ਸ਼ਾਇਰ ਨੇ ਕਿਹਾ ਹੈ ਕਿ :

ਯੂਨਾਨ, ਮਿਸਰ, ਰੋਮ ਸਭ ਮਿਟ ਗਏ ਜਹਾਂ ਸੇ, ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ"

ਉਹ ਹਸਤੀ ਕੀ ਹੈ, ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਪਤਾ ਹੈ। ਜਿਹੜੀਆਂ ਕੌਮਾਂ ਆਪਣੀ ਸੰਸਕ੍ਰਿਤੀ, ਆਪਣੀ ਸਭਿਅਤਾ ਅਤੇ ਆਪਣੀ ਸੋਚ ਨੂੰ ਛੱਡ ਦਿੰਦੀਆਂ ਹਨ, ਉਹ ਕੌਮਾਂ ਬਹੁਤੀਆਂ ਲੰਮੀਆਂ ਨਹੀਂ ਚਲਦੀਆਂ। ਆਪਣੇ ਇਤਿਹਾਸ ਤੇ ਜਿਨ੍ਹਾਂ ਨੂੰ ਫਖ਼ਰ ਨਹੀਂ ਹੁੰਦਾ, ਜਿਨ੍ਹਾਂ ਨੂੰ ਆਪਣੀ ਸਭਿਅਤਾ ਨਾਲ ਪਿਆਰ ਨਹੀਂ ਹੁੰਦਾ, ਜਿਨ੍ਹਾਂ ਨੂੰ ਆਪਣੇ ਗੁਰੂਆਂ ਤੇ ਆਪਣੇ ਯੋਧਿਆਂ ਦਾ ਨਹੀਂ ਪਤਾ, ਤੁਸੀਂ ਅੱਜ ਆਪਣੇ ਘਰ ਜਾ ਕੇ ਪੁੱਛ ਲਵੋ ਕਿ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਕੌਣ ਸਨ ਸ਼ਾਇਦ ਕਿਸੇ ਨੂੰ ਨਾ ਪਤਾ ਹੋਵੇ ਲੇਕਿਨ ਕਿਸੇ ਵੀ ਫਿਲਮੀ ਐਕਟਰ ਦਾ ਜੇ ਨਾਮ ਪੁੱਛੋ ਤਾਂ ਉਹ ਦੱਸ ਦੇਣਗੇ। ਅਸੀਂ ਆਪਣੇ ਵਿਰਸੇ ਤੋਂ ਜਿਹੜਾ ਦੂਰ ਹੋ ਰਹੇ ਸੀ, ਉਸ ਨੂੰ ਘੱਟ ਕਰਨ ਲਈ ਬਾਦਲ ਸਾਹਿਬ ਨੇ ਬੜਾ ਪੁੰਨ ਦਾ ਕੰਮ ਕੀਤਾ। ਇਹ ਨੈਤਿਕ ਸਿੱਖਿਆ ਦਾ ਨਿਰਮਾਣ ਹੈ। ਇਹ ਜੋ ਮੁੱਢਲੀ ਜ਼ਰੂਰਤ ਹੈ, ਉਸ ਦਾ ਨਿਰਮਾਣ ਇਸ ਸਰਕਾਰ ਨੇ ਕੀਤਾ ਹੈ। ਸਮਾਂ ਬਹੁਤ ਘੱਟ ਹੈ । ਅੱਜ ਜਦੋਂ ਇਹ ਸਦਨ ਚੱਲ ਰਿਹਾ ਹੈ ਤੇ ਦੂਜੇ ਪਾਸੇ ਦੇਸ਼ ਦੇ ਚੁਨਾਵ ਅਨਾਊਂਸ ਹੋਏ ਹਨ, ਇਹ ਇੱਕ ਖੁਸ਼ਖਬਰੀ ਹੈ । ਚੁਨਾਵ ਤਾਂ ਬੜੀ ਦੇਰ ਤੋਂ ਚੱਲਦੇ ਪਏ ਹਨ। ਇਹ ਲੋਕਤਾਂਤਰਿਕ ਦੇਸ਼ ਹੈ। ਚੁਨਾਵ ਭਾਰਤ ਦੀ ਖੂਬਸੂਰਤੀ ਹੈ। ਲੇਕਿਨ ਇਸ ਵਾਰ ਦੀ ਚੁਨਾਵ ਦੀ ਘੋਸ਼ਣਾ ਦਾ ਇੰਤਜ਼ਾਰ ਲੋਕ ਬੜੀ ਆਤੁਰਤਾ ਨਾਲ ਕਰ ਰਹੇ ਸੀ। ਲੋਕ ਬੜੀ ਬੇਚੈਨੀ ਨਾਲ ਚੁਨਾਵ ਦਾ ਇੰਤਜ਼ਾਰ ਕਰ ਰਹੇ ਸੀ। ਲੋਕਾਂ ਨੂੰ ਲੱਗਦਾ ਸੀ....(ਵਿਘਨ) (ਸਰਦਾਰ ਸਾਧੂ ਸਿੰਘ ਧਰਮਸੋਤ ਵੱਲ ਇਸ਼ਾਰਾ ਕਰਦੇ ਹੋਏ) ਭਾਈ ਸਾਹਿਬ, ਮੈਂ ਕਦੇ ਕਿਸੇ ਨੂੰ ਰੋਕਿਆ ਨਹੀਂ, ਤੁਸੀਂ ਬਾਅਦ ਵਿੱਚ ਜ਼ਰੂਰ ਜਵਾਬ ਦੇ ਦੇਣਾ। ਮੈਂ ਕਦੀ ਕਿਸੇ ਨੂੰ ਇੰਟਰੱਪਟ ਨਹੀਂ ਕੀਤਾ। ਅਸੀਂ ਇਥੇ ਚੁਨਾਵ ਦੀਆਂ ਡੇਟਸ ਦੀਆਂ ਘੋਸ਼ਣਾ ਬਾਰੇ ਗੱਲ ਕਰ ਰਹੇ ਸੀ। ਲੋਕਾਂ ਨੇ ਸੁੱਖ ਦਾ ਸਾਹ ਲਿਆ। ਮੈਂ ਤਾਂ ਕਈ ਵਾਰ ਬੋਲਦਾ ਹੁੰਦਾ ਸੀ ਕਿ

ਗਮ ਕੀ ਅੰਧੇਰੀ ਰਾਤ ਮੇਂ ਤੂ ਦਿਲ ਕੋ ਬੇਕਰਾਰ ਨਾ ਕਰ ।

ਸੁਬਹ ਜ਼ਰੂਰ ਆਏਗੀ, ਤੂ ਸੁਬਹ ਕਾ ਇੰਤਜ਼ਾਰ ਕਰ ।

ਇਹ ਚੁਨਾਵ ਆਯੋਗ ਸੁਬਹ ਲੈ ਕੇ ਆਇਆ ਹੈ। ਕਾਰਨ ਇਹ ਕਿ 9 ਸਾਲ ਦੀ

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਰਜ਼ੀਮ ਦੇ ਅੰਦਰ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਸੀ। ਅੱਜ ਭ੍ਰਿਸ਼ਟਾਚਾਰ, ਮਹਿੰਗਾਈ, ਰਿਸ਼ਵਤਖੋਰੀ ਤੇ ਜਮ੍ਹਾਂਖੋਰੀ ਕਿੰਨੀ ਵਧ ਚੁੱਕੀ ਹੈ। ਜਿਸ ਦੇਸ਼ ਦੀਆਂ ਸੀਮਾਵਾਂ ਸੁਰੱਖਿਅਤ ਨਾ ਹੋਣ, ਉਥੋਂ ਦੇ ਹਾਲਾਤ ਸਮਝੋ ਕਿ ਕੀ ਹੋਣਗੇ। ਇਹ ਦੇਸ਼ ਰਹੇਗਾ ਤਾਂ ਹੀ ਅਸੀਂ ਲੋਕ ਰਾਜਨੀਤੀ ਕਰਾਂਗੇ । ਪਾਕਿਸਤਾਨ ਵਰਗਾ ਛੋਟਾ ਜਿਹਾ ਦੇਸ਼ ਸਾਡੇ ਦੇਸ਼ ਦੀ ਸੀਮਾ ਵਿੱਚ ਆਉਂਦਾ ਹੈ ਅਤੇ ਸੈਨਿਕਾਂ ਦੇ ਸਿਰ ਕੱਟ ਕੇ ਲੈ ਜਾਂਦਾ ਹੈ ਔਰ ਸਾਡੇ ਦੇਸ਼ ਦੇ ਮੰਤਰੀ ਪਾਕਿਸਤਾਨੀ ਅਧਿਕਾਰੀਆਂ ਦੇ ਨਾਲ ਬੈਠ ਕੇ ਬਿਰੀਆਨੀ ਖਾਂਦੇ ਹਨ। ਚੀਨ 15 ਕਿਲੋਮੀਟਰ ਦੀ ਦੂਰੀ ਤੱਕ ਸਾਡੇ ਦੇਸ਼ ਦੇ ਅੰਦਰ ਆ ਜਾਂਦਾ ਹੈ, ਉਹ ਚਰਚਾ ਕਰਦਾ ਹੈ ਪਰ ਅਸੀਂ ਹੱਥ ਜੋੜਦੇ ਹਾਂ ਕਿ ਤੂੰ ਪਿੱਛੇ ਜਾ । ਉਹ ਕਹਿੰਦਾ ਹੈ ਕਿ ਨਹੀਂ ਤੁਸੀਂ ਵੀ ਥੋੜ੍ਹਾ ਪਿੱਛੇ ਹੋਵੋ, ਫਿਰ ਮੈਂ ਪਿੱਛੇ ਹੋਵਾਂਗਾ। ਨਾ ਦੇਸ਼ ਦੀ ਆਰਥਿਕ ਨੀਤੀ ਰਹੀ, ਨਾ ਦੇਸ਼ ਦੀ ਵਿਦੇਸ਼ ਨੀਤੀ ਰਹੀ । ਕਈ ਵਾਰ ਤਾਂ ਅਜਿਹਾ ਮਹਿਸੂਸ ਹੁੰਦਾ ਹੈ ਕਿ ਕੀ ਕੇਂਦਰੀ ਸਰਕਾਰ ਹੈ ਵੀ ਹੈ ਜਾਂ ਨਹੀਂ, ਇਹ ਮਜ਼ਬੂਤ ਨਹੀਂ ਸਗੋਂ ਮਜਬੂਰ ਸਰਕਾਰ ਸੀ ਜਿਸ ਨੂੰ ਇਸ ਦੇਸ਼ ਨੇ ਸਹਿਆ ਹੈ। ਇਸ ਦੇਸ਼ ਨਾਲ ਮਹਿੰਗਾਈ ਦੇ ਨਾਂ ਉੱਤੇ ਵੀ ਮਜ਼ਾਕ ਹੋਇਆ ਹੈ। ਮੈਂ ਕਿਸੇ ਦਾ ਨਾਂ ਨਹੀਂ ਲਵਾਂਗਾ, ਮੈਂ ਮਰਿਆਦਾਵਾਂ ਤੋਂ ਬਾਹਰ ਨਹੀਂ ਜਾਵਾਂਗਾ ਕਿਉਂਕਿ ਇਹ ਚਿੜ੍ਹ ਜਾਣਗੇ ਜੇ ਮੈਂ ਨਾਮ ਲਵਾਂਗਾ । ਕਲਪਨਾ ਕਰੋ ਕਿ ਕਿਉਂ ਇਹ ਦੇਸ਼ ਚੁਨਾਵ ਦਾ ਇੰਤਜ਼ਾਰ ਕਰ ਰਿਹਾ ਸੀ। ਇਨ੍ਹਾਂ ਦੇ ਸਭ ਤੋਂ ਵੱਡੇ ਨੇਤਾ ਲੋਕਾਂ ਦੀ ਗਰੀਬੀ ਦਾ ਮਜ਼ਾਕ ਕਿਵੇਂ ਉਡਾਉਂਦੇ ਹਨ। ਸਰਕਾਰ ਉਨ੍ਹਾਂ ਦੀ, ਚਲਾਉਣ ਵਾਲੇ ਉਹ, ਸਭ ਕੁਝ ਕਰਨ ਵਾਲੇ ਉਹ ਹਨ ......

ਮਾਨਯੋਗ ਡਿਪਟੀ ਸਪੀਕਰ: ਅਸ਼ਵਨੀ ਜੀ, ਇੱਕ-ਦੋ ਮਿੰਟ ਵਿੱਚ ਖਤਮ ਕਰੋ ਜੀ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਹਾਂ ਜੀ, ਮੈਂ ਜਲਦੀ ਕਨਕਲੂਡ ਕਰਾਂਗਾ ਜੀ। ਉਨ੍ਹਾਂ ਦੀ ਕਾਂਗਰਸ ਪਾਰਟੀ ਦੀ ਇੱਕ ਮੀਟਿੰਗ ਚਲਦੀ ਹੈ। ਉਸ ਮੀਟਿੰਗ ਵਿੱਚ ਉਹ ਖੜ੍ਹੇ ਹੋ ਕੇ ਪ੍ਰਧਾਨ ਮੰਤਰੀ ਜੀ ਵੱਲ ਦੇਖ ਕੇ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਜੀ, ਇਸ ਦੇਸ਼ ਨੂੰ 9 ਨਹੀਂ 12 ਸਿਲੰਡਰ ਚਾਹੀਦੇ ਹਨ। ਇਸ ਪ੍ਰਕਾਰ ਦੇ ਹਾਸਾਪ੍ਰਸਤ ਬਿਆਨ ਆ ਰਹੇ ਹਨ। ਗਰੀਬ ਦੀ ਗਰੀਬੀ ਦਾ ਮਜ਼ਾਕ ਉਡਾਇਆ ਜਾਂਦਾ ਹੈ, ਨੌਜਵਾਨ ਠੱਗਿਆ ਹੋਇਆ ਹੈ, ਇਹ ਯੂ.ਪੀ.ਏ ਨਹੀਂ ਸੀ ਸਗੋਂ ਇਹ ਉਲਟਾ-ਪੁਲਟਾ ਗਠਬੰਧਨ ਸੀ। ਇਹ ਜਿਹੜਾ ਉਲਟਾ-ਪੁਲਟਾ ਐਲਾਨ ਸੀ, ਉਸ ਐਲਾਨ ਬਾਰੇ ਅੱਜ ਚੁਨਾਵ ਦੀ ਘੋਸ਼ਣਾ ਤੋਂ ਬਾਅਦ ਲੋਕਾਂ ਨੂੰ ਚੈਨ ਆਇਆ ਹੈ। ਲੋਕੀਂ ਇੰਤਜ਼ਾਰ ਕਰ ਰਹੇ ਸਨ। ਮੈਂ ਹੈਰਾਨ ਸੀ। ਇੱਥੇ ਇਹ ਚਰਚਾ ਹੋ ਰਹੀ ਸੀ ਕਿ ਜਿਹੜਾ ਇਸ ਹਾਊਸ ਵਿੱਚ ਨਹੀਂ ਹੈ, ਉਸ ਦਾ ਨਾਂ ਨਹੀਂ ਲੈਣਾ, ਲੇਕਿਨ ਫਿਰ ਵੀ ਮੋਦੀ ਦਾ ਨਾਂ ਲਏ ਬਿਨਾਂ ਨਹੀਂ ਰਹਿ ਸਕੇ। ਬੜੀ ਵਾਰ ਮੋਦੀ ਯਾਦ ਆਈ ਗਿਆ। ਮੈਨੂੰ ਤਾਂ ਲੱਗਦਾ ਹੈ ਕਿ ਚਾਹ ਪੀਂਦੇ ਹੋਏ ਵੀ ਉਹ ਯਾਦ ਆਉਂਦਾ ਹੈ । ਚਾਹ ਪੀਣੀ ਵੀ ਨਾ ਛੱਡ ਦਿੱਤੀ ਹੋਵੇ ਕਈਆਂ ਨੇ ਕਿਉਂਕਿ ਚਾਹ ਦੀ ਚੌਪਾਲ ਬੜੀ ਮਸ਼ਹੂਰ ਹੋਈ ਪਈ ਹੈ। ਮੋਦੀ ਦੇ ਖਵਾਬ ਆ ਰਹੇ ਹਨ । ਕਾਰਨ ? ਲੋਕਾਂ ਨੂੰ ਲੱਗਦਾ ਹੈ ਕਿ ਮੋਦੀ ਆਏਗਾ, ਮਹਿੰਗਾਈ ਜਾਏਗੀ, ਮੋਦੀ ਆਏਗਾ ਭ੍ਰਿਸ਼ਟਾਚਾਰ ਖਤਮ ਹੋਵੇਗਾ, ਮੋਦੀ

ਆਏਗਾ ਇਸ ਦੇਸ਼ ਦਾ ਸਵੈਭਿਮਾਨ ਵਧੇਗਾ, ਇਸ ਦੇਸ਼ ਦੀ ਗਰਦਨ ਉੱਚੀ ਹੋਵੇਗੀ। ਪਾਕਿਸਤਾਨ ਵਰਗਾ ਛੋਟਾ ਜਿਹਾ ਦੇਸ਼ ਇਸ ਦੇ ਸੈਨਿਕਾਂ ਦੇ ਸਿਰ ਕੱਟ ਕੇ ਨਹੀਂ ਲੈ ਜਾ ਸਕੇਗਾ। ਇਸ ਕਰਕੇ ਲੋਕ ਇਸ ਚੁਨਾਵ ਦਾ ਇੰਤਜ਼ਾਰ ਕਰ ਰਹੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਹੀ ਕਹਾਂਗਾ, ਕਿ ਤੁਸੀਂ ਦੂਸਰੀ ਵਾਰ ਫਿਰ ਨਾ ਕਹਿ ਦਿਉ, ਮੈਂ ਚੀਮਾ ਸਾਹਿਬ ਦੁਆਰਾ ਪ੍ਰਸਤੁਤ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ ਔਰ ਅਖੀਰ ਵਿੱਚ ਇਹੀ ਕਹਾਂਗਾ ਕਿ

ਆਉ ਜਲਾਏਂ ਦੀਪ ਯਹਾਂ,
ਯਹਾਂ ਅਭੀ ਭੀ ਅੰਧੇਰਾ ਹੈ,
ਯਹਾਂ ਅਭੀ ਭੀ ਅੰਧੇਰਾ ਹੈ।

ਜੈ ਭਾਰਤ, ਜੈ ਹਿੰਦ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸਰਦਾਰ ਤੋਤਾ ਸਿੰਘ (ਧਰਮਕੋਟ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ।

ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ) : ਡਿਪਟੀ ਸਪੀਕਰ ਸਾਹਿਬ, ਕਾਂਗਰਸ ਦਾ ਟਾਈਮ....

ਸਰਦਾਰ ਤੋਤਾ ਸਿੰਘ : ਜੇ ਤੁਸੀਂ ਬੋਲਣਾ ਚਾਹੁੰਦੇ ਹੋ ਤਾਂ ਬੋਲ ਲਉ, ਮੈਂ ਬਾਅਦ ਵਿੱਚ ਬੋਲ ਲਵਾਂਗਾ। ਮੇਰੇ ਤੋਂ ਪਹਿਲਾਂ ਬਹੁਤ ਹੀ ਸਤਿਕਾਰਯੋਗ ਚੀਮਾ ਸਾਹਿਬ ਨੇ ਮਤਾ ਪੇਸ਼ ਕੀਤਾ ਸੀ ਅਤੇ ਅਸ਼ਵਨੀ ਜੀ ਨੇ ਤਾਈਦ ਕੀਤੀ ਸੀ ਅਤੇ ਉਨ੍ਹਾਂ ਨੇ ਆਪਣੇ ਵਿਚਾਰ ਬੜੇ ਖੁੱਲ੍ਹ ਕੇ ਦਿੱਤੇ। ਮੈਂ ਕਿਸੇ ਕੰਟਰੋਵਰਸੀ ਵਿੱਚ ਨਹੀਂ ਪੈਣਾ ਚਾਹੁੰਦਾ। ਰਾਜਪਾਲ ਜੀ ਦਾ ਸਾਰਾ ਭਾਸ਼ਣ ਤੱਥਾਂ ਤੇ ਆਧਾਰਿਤ ਹੈ। ਇਹ 39 ਪੇਜ ਦਾ ਭਾਸ਼ਣ ਸੀ ਅਤੇ ਸਾਰੇ 39 ਪੇਜਾਂ ਵਿੱਚ ਸਾਡੀ ਪੰਜਾਬ ਸਰਕਾਰ ਜੋ ਕਿ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੀ ਹੈ, ਉਸ ਦੀਆਂ ਸਾਰੀਆਂ ਪ੍ਰਾਪਤੀਆਂ ਸਾਡੇ ਸਤਿਕਾਰਯੋਗ ਗਵਰਨਰ ਸਾਹਿਬ ਨੇ ਪੇਸ਼ ਕੀਤੀਆਂ ਹਨ। ਜਿੱਥੇ ਮੈਂ ਉਨ੍ਹਾਂ ਸਾਰੀਆਂ ਦੀ ਤਾਈਦ ਕਰਦਾ ਹਾਂ ਉਥੇ ਮੈਂ ਸਾਰੇ ਐਮ. ਐਲ.ਏਜ਼. ਨੂੰ ਕਹਾਂਗਾ ਕਿ ਸਾਨੂੰ ਸਰਬਸੰਮਤੀ ਨਾਲ ਇਹ ਮਤਾ ਪਾਸ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਖੇਤੀ ਖੇਤਰ ਬਾਰੇ ਗੱਲ ਕਰਾਂਗਾ। ਭਾਵੇਂ ਮੇਰਾ ਸਾਰੇ ਤੱਥਾਂ ਤੇ ਬੋਲਣ ਨੂੰ ਜੀਅ ਕਰਦਾ ਹੈ ਪਰ ਨਹੀਂ ਬੋਲ ਸਕਦਾ ਕਿਉਂਕਿ ਸਮਾਂ ਘੱਟ ਹੈ। ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ। ਉਸ ਸਬੰਧ ਵਿੱਚ ਮੈਂ ਆਪਣੇ ਵਿਚਾਰ ਦੇਣੇ ਚਾਹਾਂਗਾ ਕਿ ਅੱਜ ਅਸੀਂ ਕਿੱਥੇ ਖੜ੍ਹੇ ਹਾਂ ਅਤੇ ਸਾਨੂੰ ਕੀ ਕਰਨਾ ਚਾਹੀਦਾ ਹੈ। ਸੂਬੇ ਦੇ ਕੀ ਹਾਲਾਤ ਹਨ? ਇੱਕ ਦਿਨ ਸੀ ਜਦੋਂ ਅਸੀਂ ਅਮਰੀਕਾ ਤੋਂ ਪੀ.ਬੀ.18 ਕਣਕ ਮੰਗਵਾਉਂਦੇ ਸੀ। ਸਾਲ 1967 ਤੱਕ ਅਸੀਂ ਪੀ.ਬੀ.18 ਕਣਕ ਹਿੰਦੁਸਤਾਨ ਵਿੱਚ ਮੰਗਵਾਉਂਦੇ

[ਸਰਦਾਰ ਤੋਤਾ ਸਿੰਘ]

ਰਹੇ। ਉਹ ਲਾਲ ਕਿਸਮ ਦੀ ਕਣਕ ਸੀ ਅਤੇ ਕਿਸੇ ਦਾ ਖਾਣ ਨੂੰ ਜੀਅ ਨਹੀਂ ਕਰਦਾ ਸੀ । ਫਿਰ ਵੀ ਭੁੱਖੇ ਲੋਕ ਭੱਜ-ਭੱਜ ਕੇ ਕਣਕ ਲੈਂਦੇ ਸਨ। ਅਸੀਂ ਇਹ ਸਾਰਾ ਸੀਨ ਅੱਖੀਂ ਦੇਖਿਆ ਹੈ। ਮੈਂ ਵਧਾਈ ਦਿੰਦਾ ਹਾਂ ਉਸ ਵੇਲੇ ਦੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਅਤੇ ਸਾਰੀਆਂ ਜਿਹੜੀਆਂ ਨਾਲ ਪਾਰਟੀਆਂ ਸਨ, ਸਾਡੇ ਨਾਲ ਜਨ ਸੰਘ ਸੀ ਜਿਸ ਨੂੰ ਅੱਜ ਬੀ.ਜੇ.ਪੀ. ਕਹਿੰਦੇ ਹਾਂ । ਇਹ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਸਰਪ੍ਰਸਤੀ ਹੇਠ ਚੱਲੀ ਉਸ ਨੇ 76/- ਰੁਪਏ ਕਣਕ ਦਾ ਘੱਟੋ-ਘੱਟ ਭਾਅ ਮਿੱਥਿਆ। ਉਸ ਨਾਲ ਕਿਸਾਨਾਂ ਨੂੰ ਇੰਨਾ ਵੱਡਾ ਹੌਸਲਾ ਮਿਲਿਆ ਕਿ ਉਸ ਵੇਲੇ ਦੀ ਪੈਦਾਵਾਰ ਵੇਖੋ ਅਤੇ ਪਹਿਲਾਂ ਦੀ ਵੇਖੋ, ਕਿੰਨਾ ਪਾੜਾ ਵਧਿਆ। ਇੱਕ ਸਾਡੇ ਵੀਰ ਪਿੰਡ 'ਕਲਿਆਣ' ਦੇ ਹਨ ਤੇ ਪੰਜਾਬ ਯੂਨੀਵਰਸਿਟੀ ਵਿੱਚ ਉਸ ਵੇਲੇ ਉਨ੍ਹਾਂ ਨੇ 'ਕਲਿਆਣ' ਕਣਕ ਕੱਢੀ। ਭਾਵੇਂ ਬਾਅਦ ਵਿੱਚ ਉਸ ਨੂੰ ਯੂ.ਐਸ.ਏ. ਵਾਲੇ ਲੈ ਗਏ। ਉਸ ਕਲਿਆਣ ਕਣਕ ਨੇ ਸਾਡਾ ਬਹੁਤ ਸੁਧਾਰ ਕੀਤਾ ਅਤੇ ਉਸ ਦੀ ਐਵਰੇਜ 50 ਮਣ ਪ੍ਰਤੀ ਏਕੜ ਦੀ ਹੋਈ। ਮੇਰਾ ਕਹਿਣ ਤੋਂ ਭਾਵ ਹੈ ਕਿ ਇੰਨਾ ਵਾਧਾ ਫਸਲ ਵਿੱਚ ਹੋਇਆ। ਹਾਲਾਤ ਕੀ ਸਨ ਕਿ ਮੈਂ ਦੇਖਿਆ ਹੈ ਕਿ 1967 ਤੋਂ 1980 ਤੱਕ ਕਿਸਾਨ ਪੈਰਾਂ ਸਿਰ ਹੋ ਚੁੱਕਿਆ ਸੀ। ਕਾਰਨ ਕੀ ਸੀ ਕਿ ਫਸਲ ਦੇ ਭਾਅ ਸਹੀ ਮਿਲਦੇ ਸਨ ਅਤੇ ਖਰਚਾ ਘੱਟ ਸੀ। ਪਰ ਇਸ ਦੇਸ਼ ਵਿੱਚ ਹਾਲਾਤ ਐਸੇ ਬਣੇ ਕਿ ਖਰਚੇ ਵਧੀ ਗਏ ਅਤੇ ਸਾਡੀ ਜਿਣਸ ਦਾ ਭਾਅ ਸਹੀ ਨਾ ਮਿੱਥਿਆ ਗਿਆ, ਭਾਵੇਂ ਝੋਨਾ ਸੀ, ਕਣਕ ਸੀ ਜਾਂ ਕੁਝ ਹੋਰ ਸੀ।ਉਸ ਦਾ ਨੁਕਸਾਨ ਅੱਜ ਪੰਜਾਬ ਦਾ ਕਿਸਾਨ ਤਾਂ ਕੀ ਸਗੋਂ ਹਰਿਆਣੇ ਦਾ ਕਿਸਾਨ ਵੀ ਉਠਾ ਰਿਹਾ ਹੈ। ਅੱਜ ਖੁਦਕੁਸ਼ੀਆਂ ਹੋ ਰਹੀਆਂ ਹਨ। ਇਸ ਕਾਰਨ ਉਨ੍ਹਾਂ ਸੂਬਿਆਂ ਵਿੱਚ ਨੁਕਸਾਨ ਹੋਇਆ ਜਿਨ੍ਹਾਂ ਸੂਬਿਆਂ ਨੇ ਸਭ ਤੋਂ ਵੱਧ ਅਨਾਜ ਪੈਦਾ ਕੀਤਾ ਅਤੇ ਦੇਸ਼ ਦੀ ਭੁੱਖ ਮਿਟਾਈ। ਮੇਰਾ ਕਹਿਣ ਤੋਂ ਭਾਵ ਹੈ ਕਿ ਕਾਫ਼ੀ ਦੁੱਖਦਾਈ ਗੱਲਾਂ ਵਾਪਰੀਆਂ। ਅੱਜ ਅੰਕੜੇ ਲਈਏ, ਆਪੋਜ਼ੀਸ਼ਨ ਪਾਰਟੀ ਬੈਠੀ ਹੈ, ਰੂਲਿੰਗ ਪਾਰਟੀ ਵੀ ਬੈਠੀ ਹੈ, ਸਾਲ 1967 ਵਿੱਚ ਜਦੋਂ 76/- ਰੁਪਏ ਭਾਅ ਬੰਨ੍ਹਿਆ ਗਿਆ ਸੀ, ਉਦੋਂ ਹੋਰ ਜਿਣਸਾਂ ਦਾ ਭਾਅ ਕੀ ਸੀ, ਇਹ ਵੀ ਦੇਖੀਏ । ਉਦੋਂ 37/- ਪੈਸੇ ਪ੍ਰਤੀ ਲੀਟਰ ਡੀਜ਼ਲ ਦਾ ਰੇਟ ਸੀ। ਅੱਜ ਦੇਖੋ ਕਿ ਕਿੰਨਾ ਹੈ ? ਅੱਜ 56/- ਰੁਪਏ ਪ੍ਰਤੀ ਲੀਟਰ ਚੰਡੀਗੜ੍ਹ ਵਿੱਚ ਮਿਲਦਾ ਹੈ। ਜਿਹੜਾ 56/- ਪੈਸੇ ਰੇਟ ਸੀ, ਉਹ 56/- ਰੁਪਏ ਹੋ ਗਿਆ ਹੈ। ਉਦੋਂ 30/- ਰੁਪਏ ਦੀ 1000 ਇੱਟ ਸੀ, ਅੱਜ 5000/- ਰੁਪਏ ਦੀ ਹੈ। 7/- ਰੁਪਏ ਉਸ ਵੇਲੇ 'ਕਿਸਾਨ ਖਾਦ' ਦੀ ਬੋਰੀ ਦਾ ਰੇਟ ਸੀ ਪਰ ਅੱਜ ਕਿੱਥੇ ਹੈ। ਅੱਜ 1200/- ਰੁਪਏ ਦਾ ਇੱਕ ਥੈਲਾ ਡੀ.ਏ.ਪੀ. ਦਾ ਹੋ ਗਿਆ ਹੈ। ਮੇਰਾ ਕਹਿਣ ਤੋਂ ਭਾਵ ਹੈ ਕਿ ਦਵਾਈਆਂ ਦਾ ਵੱਖਰਾ ਖਰਚਾ ਹੈ। ਟਰੈਕਟਰ ਦੀ ਗੱਲ ਲੈ ਲਉ। ਉਦੋਂ ਅੱਠ ਤੋਂ ਨੌਂ ਹਜ਼ਾਰ ਰੁਪਏ ਦਾ ਟਰੈਕਟਰ ਮਿਲ ਜਾਂਦਾ ਸੀ ਜਿਹੜਾ ਅੱਜ 10-12 ਲੱਖ ਰੁਪਏ ਦਾ ਮਿਲ ਰਿਹਾ ਹੈ। ਟਰਾਲੀ ਉਸ ਵੇਲੇ 2000/- ਰੁਪਏ ਦੀ ਬਣ ਜਾਂਦੀ ਸੀ ਜਿਹੜੀ ਅੱਜ ਡੇਢ ਲੱਖ ਰੁਪਏ ਦੀ ਵੀ ਨਹੀਂ ਬਣ ਰਹੀ। ਉਸ ਵੇਲੇ ਜੇ ਟਿਊਬਵੈੱਲ ਲਗਾਉਂਦੇ ਸੀ ਤਾਂ ਸਾਡਾ 2000/- ਰੁਪਏ ਵਿੱਚ ਲੱਗ ਜਾਂਦਾ ਸੀ ਜਿਹੜਾ ਕਿ ਅੱਜ ਢਾਈ-ਤਿੰਨ ਲੱਖ ਰੁਪਏ ਵਿੱਚ ਲੱਗਦਾ ਹੈ। ਇਸ ਤਰ੍ਹਾਂ ਕਿਸਾਨ ਕਮਜ਼ੋਰ ਹੋਇਆ ਅਤੇ ਆਤਮ ਹੱਤਿਆ ਵਾਲੇ ਪਾਸੇ ਪੈ ਗਿਆ। ਜਿਹੜਾ 10-15 ਏਕੜ ਤੋਂ ਘੱਟ ਜ਼ਮੀਨ ਵਾਲਾ ਕਿਸਾਨ ਹੈ, ਉਹ ਬਹੁਤ ਘਾਟੇ ਵਾਲੇ ਪਾਸੇ

ਜਾ ਰਿਹਾ ਹੈ। ਜਿਸ ਕੋਲ ਕਿਸਾਨੀ ਨਾਲ ਕੋਈ ਹੋਰ ਸਾਧਨ ਹਨ, ਭਾਵੇਂ ਕੋਈ ਛੋਟਾ ਮੋਟਾ ਬਿਜ਼ਨਸ ਹੈ, ਉਹ ਮਾੜਾ ਮੋਟਾ ਪੈਰਾਂ ਤੇ ਖੜ੍ਹਾ ਹੈ ਜਾਂ ਕੋਈ ਮੁਲਾਜ਼ਮ ਖੇਤੀ ਕਰਦਾ ਹੈ, ਉਹ ਵੀ ਪੈਰਾਂ ਤੇ ਖੜ੍ਹਾ ਹੈ । ਅੱਜ ਆਮ ਕਿਸਾਨਾਂ ਦੇ ਹਾਲਾਤ ਕੀ ਹਨ ? ਪਹਿਲਾਂ ਨਾਅਰੇ ਲੱਗਦੇ ਸੀ :

ਉਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ

ਪਹਿਲਾਂ ਉਤਮ ਖੇਤੀ ਗਿਣੀ ਜਾਂਦੀ ਸੀ ਤੇ ਨੌਕਰੀ ਦਾ ਕੋਈ ਨਾਂ ਨਹੀਂ ਸੀ । ਅੱਜ ਉਤਮ ਨੌਕਰੀ ਹੈ । ਚਾਹੇ ਮੁਲਾਜ਼ਮ ਵੀਰ ਕਿੰਨੀਆਂ ਹੜਤਾਲਾਂ ਕਰਨ, ਧਰਨੇ ਮਾਰਨ ਪਰ ਅੱਜ ਦਸ ਏਕੜ ਵਾਲੀ ਜ਼ਮੀਨ ਦੇ ਮਾਲਕ ਦਾ ਪੁੱਤਰ ਵੀ ਕਹਿੰਦਾ ਹੈ ਕਿ ਮੈਨੂੰ ਚੌਕੀਦਾਰ ਲਗਾ ਦਿਓ । ਇੱਕ ਮਾਰਕੀਟ ਕਮੇਟੀ ਵਿੱਚ ਦੋ ਸੇਵਾਦਾਰ ਲੱਗਣੇ ਹੋਣ ਤਾਂ ਕਿੰਨੀ ਭੀੜ ਲੱਗ ਜਾਂਦੀ ਹੈ । ਇਸ ਦਾ ਕੀ ਮਤਲਬ ਹੈ ? ਖੇਤੀ ਨੂੰ ਘਾਟੇ ਵਾਲਾ ਧੰਦਾ ਸਮਝਿਆ ਜਾਂਦਾ ਹੈ ਤੇ ਸਰਵਿਸ ਨੂੰ ਲਾਹੇਵੰਦ ਧੰਦਾ ਸਮਝਿਆ ਜਾਂਦਾ ਹੈ । ਇਸ ਲਈ ਸਾਨੂੰ ਅੱਜ ਸੱਚ ਤੇ ਖੜ੍ਹਨਾ ਪਵੇਗਾ ਤੇ ਸੱਚ ਤੇ ਪਹਿਰਾ ਦੇਣਾ ਪਵੇਗਾ । ਸਾਨੂੰ ਸਾਰਿਆਂ ਨੂੰ ਇਕੱਠਾ ਹੋਣਾ ਪਵੇਗਾ ਕਿ ਪੰਜਾਬ ਨੂੰ ਕਿਵੇਂ ਬਚਾਉਣਾ ਹੈ, ਪੰਜਾਬ ਦੀ ਕਿਸਾਨੀ ਨੂੰ ਕਿਵੇਂ ਬਚਾਉਣਾ ਹੈ । ਕਿਸਾਨ ਜੇ ਤਕੜਾ ਹੋਵੇਗਾ ਤਾਂ ਦੁਕਾਨਦਾਰ ਤਕੜਾ ਹੋਵੇਗਾ। ਕਿਸਾਨ ਤਕੜਾ ਹੋਵੇਗਾ ਤਾਂ ਅਸੀਂ ਮੁਲਾਜ਼ਮ ਨੂੰ ਤਨਖਾਹ ਦੇ ਸਕਦੇ ਹਾਂ । ਅੱਜ ਪੰਜਾਬ ਵਿੱਚ ਹੋਰ ਕੋਈ ਸਾਧਨ ਨਹੀਂ । ਨਾ ਇੱਥੇ ਲੋਹਾ ਨਿਕਲਦਾ ਹੈ, ਨਾ ਕੋਲਾ ਨਿਕਲਦਾ ਹੈ, ਨਾ ਤੇਲ ਨਿਕਲਦਾ ਹੈ ਤੇ ਨਾ ਹੀ ਸਾਡੇ ਕੋਲ ਸਮੁੰਦਰ ਹੈ । ਸਾਡੇ ਕੋਲ ਕੀ ਹੈ ? ਖੇਤੀ ਦੀ ਪੈਦਾਵਾਰ ਹੈ ਤੇ ਖੇਤੀ ਦੇ ਸਿਰ ਉਤੇ ਹੀ ਅਸੀਂ ਮਾੜਾ ਮੋਟਾ ਪੈਰਾਂ ਸਿਰ ਹਾਂ । ਇਸ ਵਿੱਚ ਹੀ ਮਿਹਨਤ ਕਰ ਸਕਦੇ ਹਾਂ । ਭਾਵੇਂ ਸਾਡੇ ਕਿਸਾਨਾਂ ਤੇ 63000 ਕਰੋੜ ਤੋਂ ਉਤੇ ਕਰਜ਼ਾ ਹੋ ਗਿਆ ਹੈ । ਇਹ ਵੀ ਕਈ ਲੱਖ ਕਰੋੜ ਦਾ ਬਣ ਜਾਣਾ ਸੀ, ਜੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਮੁੱਖ ਮੰਤਰੀ ਨਾ ਹੁੰਦੇ ।ਸਾਡੀ ਬੜੀ ਨਿਖੇਧੀ ਕਰਨ ਦੀ ਕੋਸ਼ਿਸ਼ ਕੀਤੀ ਗਈ । ਜਦੋਂ ਅਸੀਂ ਸਾਲ 1997 ਦੀਆਂ ਇਲੈਕਸ਼ਨਾਂ ਵਿੱਚ ਪਿੰਡਾਂ ਵਿੱਚ ਫਿਰ ਰਹੇ ਸੀ, ਅਸੀਂ ਕਿਹਾ ਕਿ ਬਿਜਲੀ ਦੇ ਬਿਲ ਮਾਫ ਕਰਾਂਗੇ ਤੇ ਲੋਕ ਸਾਡੇ ਤੇ ਸਵਾਲ ਕਰਦੇ ਸੀ ਕਿ ਤੁਸੀਂ ਕਿਵੇਂ ਮਾਫ ਕਰ ਦਿਓਗੇ ? ਲੋਕ ਕਹਿੰਦੇ ਸਨ ਕਿ ਅਜਿਹਾ ਕਰ ਹੀ ਨਹੀਂ ਸਕਦੇ, ਸਵਾਲ ਹੀ ਨਹੀਂ ਪੈਦਾ ਹੁੰਦਾ । ਮੈਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦਾ ਧੰਨਵਾਦ ਕਰਦਾ ਹਾਂ, 1997 ਵਿੱਚ ਇਨ੍ਹਾਂ ਦੀ ਸਰਕਾਰ ਬਣੀ । ਡਾਟੇ ਕੱਢ ਕੇ ਦੇਖ ਲਓ ਕਿ ਨੈਸ਼ਨਲ ਪਾਰਟੀਆਂ ਦੀ ਨੀਤੀ ਕੀ ਹੈ। ਮੇਰੇ ਵੀਰ ਬੈਠੇ ਹਨ । ਹੁਣ ਹੀ ਰਿਆਇਤਾਂ ਦੇਣ ਲੱਗੇ ਹਨ, ਆਰਮੀ ਵਾਲਿਆਂ ਲਈ ਇੱਕ ਰੈਂਕ-ਇੱਕ ਪੈਨਸ਼ਨ ਦੀ ਸਹੂਲਤ ਹੁਣ ਦਿੱਤੀ ਹੈ। ਹੁਣ ਫਲਾਣੀ ਰਿਆਇਤ ਦੇ ਦਿਓ। ਸਾਲ 1997 ਵਿੱਚ ਸਰਦਾਰ ਬਾਦਲ ਸਾਹਿਬ ਨੇ ਸਰਕਾਰ ਸਾਂਭਣ ਸਾਰ ਪਹਿਲੀ ਕੈਬਨਿਟ ਵਿੱਚ ਹੀ ਪਾਸ ਕਰ ਦਿੱਤਾ ਸੀ ਕਿ ਕਿਸਾਨਾਂ ਦੀਆਂ ਮੋਟਰਾਂ ਦੇ ਬਿਲ ਮਾਫ ਕਰ ਦੇਣੇ ਹਨ। ਅੱਜ 9 ਲੱਖ ਤੋਂ ਉਪਰ ਮੋਟਰ ਕੁਨੈਕਸ਼ਨ ਹਨ ਔਰ ਤਕਰੀਬਨ 5000/- ਕਰੋੜ ਰੁਪਏ ਤੋਂ ਉਪਰ ਇੱਕ ਸਾਲ ਦੀ ਰਿਲੀਫ ਬਣ ਜਾਂਦੀ ਹੈ । ਅੰਦਾਜ਼ਾ ਲਗਾਓ ਕਿ, ਸਾਲ 1997 ਤੋਂ ਲੈ ਕੇ ਅੱਜ 2014 ਤੱਕ ਕਿੰਨੇ ਸਾਲ ਹੋ ਗਏ ਹਨ, 2-3 ਸਾਲ ਇਨ੍ਹਾਂ ਵੀਰਾਂ ਨੇ ਡੰਡੇ ਨਾਲ ਬਿਲ ਲਏ । ਲੋਕ ਉਠ ਖੜ੍ਹੇ ਹੋਏ ਤੇ ਇਨ੍ਹਾਂ ਨੇ ਵੋਟਾਂ ਦੇ

[ਸਰਦਾਰ ਤੋਤਾ ਸਿੰਘ]

ਨੇੜੇ ਆ ਕੇ ਫਿਰ ਬੰਦ ਕਰ ਦਿੱਤੇ ਕਿ ਬਿਲ ਨਾ ਲਓ । ਇਸ ਲਈ ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਸਾਲ 2007 ਵਿੱਚ ਬਾਦਲ ਸਾਹਿਬ ਨੇ ਫਿਰ ਸਰਕਾਰ ਸੰਭਾਲੀ । ਇਨ੍ਹਾਂ ਨੇ ਕਿਹਾ ਕਿ ਮੈਂ ਕਿਸਾਨਾਂ ਤੋਂ ਕੋਈ ਬਿਲ ਨਹੀਂ ਲੈਣਾ । ਨਹੀਂ ਤਾਂ ਜੇ ਕਿਤੇ ਕਿਸਾਨਾਂ ਤੋਂ ਬਿਲ ਲੈ ਲੈਂਦੇ, ਕਿਸਾਨਾਂ ਤੇ 60,000/- ਕਰੋੜ ਰੁਪਏ ਦਾ ਹੋਰ ਕਰਜ਼ਾ ਚੜ੍ਹ ਜਾਣਾ ਸੀ। ਫਿਰ ਕਿੰਨੇ ਹੀ ਹੋਰ ਕਿਸਾਨ ਆਤਮ ਹੱਤਿਆ ਕਰਦੇ । ਆਪਾਂ ਸਹੀ ਅੰਕੜਿਆਂ ਵਾਲੇ ਪਾਸੇ ਤੁਰੀਏ । ਇਸ ਲਈ ਮੇਰੇ ਕਹਿਣ ਤੋਂ ਭਾਵ ਕਿ ਇੱਥੇ ਕਿਸਾਨਾਂ ਨੂੰ ਬਚਾਉਣ ਲਈ ਜੇ ਕਿਸੇ ਦੀ ਦੇਣ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਹੈ । ਮੈਂ ਸਮਝਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਕੋਈ ਦੇਣ ਦੇ ਨਹੀਂ ਸਕਦਾ । ਅੱਜ ਇਸ ਦੀ ਰੀਸ ਹੋਰ ਸੂਬੇ ਵੀ ਕਰਨ ਲੱਗੇ ਹਨ । ਪੰਜਾਬ ਤੋਂ ਮਿਸਾਲ ਲੈ ਰਹੇ ਹਨ । ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਅੱਜ ਹਾਲਾਤ ਕੀ ਹਨ ? ਸਾਨੂੰ ਇਕੱਠਿਆਂ ਨੂੰ ਮਿਲ ਕੇ, ਚਾਹੇ ਸਾਡੇ ਪਾਰਲੀਮੈਂਟ ਮੈਂਬਰ ਹਨ ਤੇ ਚਾਹੇ ਰਾਜ ਸਭਾ ਮੈਂਬਰ ਹਨ, ਚਾਹੇ ਅਸੀਂ ਵਿਧਾਨ ਸਭਾ ਵਿੱਚ ਹਾਂ ਪਰ ਸਾਨੂੰ ਖੇਤੀ ਨੂੰ ਬਚਾਉਣ ਲਈ ਇਕੱਠਿਆਂ ਯਤਨ ਕਰਨੇ ਪੈਣਗੇ । ਖੇਤੀ ਸਾਡਾ ਧੁਰਾ ਹੈ, ਇਹ ਸਾਡੀ ਰੀੜ੍ਹ ਦੀ ਹੱਡੀ ਹੈ । ਇਸ ਨੂੰ ਬਚਾਉਣ ਲਈ ਉਦਮ ਕਰਨਾ ਚਾਹੀਦਾ ਹੈ । ਜੇ ਦਲਿਤ ਵੀਰਾਂ ਨੇ ਵੀ ਤਕੜਾ ਹੋਣਾ ਹੈ ਤਾਂ ਇਸ ਤੋਂ ਹੀ ਤਕੜਾ ਹੋਣਾ ਹੈ । ਜੇ ਕਿਸੇ ਹੋਰ ਵਰਗ ਨੇ ਤਕੜਾ ਹੋਣਾ ਹੈ ਤਾਂ ਵੀ ਇਸੇ ਤੋਂ ਹੀ ਹੋਣਾ ਹੈ । ਜੇ ਕੋਈ ਦੁਕਾਨ ਚੱਲਣੀ ਹੈ ਤਾਂ ਵੀ ਉਹ ਇੱਥੋਂ ਹੀ ਚੱਲਣੀ ਹੈ । ਇਸ ਲਈ ਪੰਜਾਬ ਵਿੱਚ ਹੋਰ ਕੋਈ ਸਾਧਨ ਨਹੀਂ । ਅਸੀਂ ਭਾਵੇਂ ਕਿੰਨੀਆਂ ਹੀ ਇੰਡਸਟਰੀ ਦੀਆਂ ਗੱਲਾਂ ਕਰ ਲਈਏ । ਇਹ ਠੀਕ ਹੈ, ਇੰਡਸਟਰੀ ਸਾਡੇ ਵਿਕਾਸ ਲਈ ਯੋਗਦਾਨ ਪਾ ਸਕਦੀ ਹੈ ਪਰ ਆਮ ਲੋਕਾਂ ਨੂੰ ਉਨਾ ਫਾਇਦਾ ਨਹੀਂ ਦੇ ਸਕਦੀ । ਇੰਡਸਟਰੀ ਦੇ ਖੇਤਰ ਵਿੱਚ ਵੀ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੇ ਬਹੁਤ ਵੱਡਾ ਉਦਮ ਕੀਤਾ ਹੈ । ਕੋਈ ਸੋਚ ਹੀ ਨਹੀਂ ਸਕਦਾ । ਮੇਰੇ ਵੀਰ ਪ੍ਰਚਾਰ ਕਰਦੇ ਸਨ ਕਿ ਪੰਜਾਬ ਵਿੱਚ ਤਾਂ ਇੰਡਸਟਰੀ ਲੱਗਣੀ ਨਹੀਂ । ਉਨ੍ਹਾਂ ਇੰਡਸਟਰੀਲਿਸਟਾਂ ਜਿਨ੍ਹਾਂ ਨੂੰ ਲੋਕ ਉਡੀਕਦੇ ਹਨ ਤੇ ਉਹ ਟਾਈਮ ਇੱਕ ਮਿੰਟ ਨਹੀਂ ਦਿੰਦੇ, ਉਨ੍ਹਾਂ ਨੇ ਮੁਹਾਲੀ ਵਿੱਚ ਕਿਹਾ ਕਿ ਪੰਜਾਬ ਇੰਡਸਟਰੀ ਲਗਾਉਣ ਲਈ ਸਭ ਤੋਂ ਵੱਧ ਸੂਟੇਬਲ ਹੈ । ਇੱਥੇ ਲਾਅ ਐਂਡ ਆਰਡਰ ਠੀਕ ਹੈ । ਇੱਥੇ ਅਮਨ-ਅਮਾਨ ਹੈ । ਮੈਂ ਲਾਅ ਐਂਡ ਆਰਡਰ ਦੀ ਗੱਲ ਕਰ ਰਿਹਾ ਸੀ । ਇਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਦੇਣ ਹੈ ਜਿਨ੍ਹਾਂ ਨੇ ਸਾਰੇ ਧਰਮਾਂ ਦਾ ਸਤਿਕਾਰ ਕੀਤਾ ਹੈ। ਹਰ ਕਿਸੇ ਨੂੰ ਨਾਲ ਲੈਣ ਦੀ ਕੋਸ਼ਿਸ਼ ਕੀਤੀ । ਆਪੋਜ਼ੀਸ਼ਨ ਨੂੰ ਨਾਲ ਲੈਣ ਦੀ ਕੋਸ਼ਿਸ਼ ਕੀਤੀ। ਹੁਣ ਭਾਵੇਂ ਇਹ ਕੁਝ ਕਹੀ ਜਾਣ । ਜੋ ਮੈਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਵਿੱਚ ਦੇਖਿਆ ਉਹ ਹੈ ਕਿ ਇਹ ਰੂਲਿੰਗ ਪਾਰਟੀ ਦੀ ਮਗਰੋਂ ਸੁਣਦੇ ਹਨ ਤੇ ਆਪੋਜ਼ੀਸ਼ਨ ਪਾਰਟੀ ਦੀ ਗੱਲ ਪਹਿਲਾਂ ਸੁਣਦੇ ਹਨ । ਇਨ੍ਹਾਂ ਨੇ ਪਿਆਰ ਦੇਣਾ ਹੈ । ਇਨ੍ਹਾਂ ਦੀ ਕੋਸ਼ਿਸ਼ ਹੈ ਕਿ ਮੈਂ ਹਰ ਕਿਸੇ ਨੂੰ ਨਾਲ ਲੈ ਕੇ ਚੱਲਾਂ। ਇਹ ਸੋਚ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਹੈ । ਸਾਨੂੰ ਇਨ੍ਹਾਂ ਦੀ ਰੀਸ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਦੀ ਸੋਚ ਅਪਨਾਉਣੀ ਚਾਹੀਦੀ ਹੈ । ਮੈਂ ਦੋ-ਤਿੰਨ ਘੰਟੇ ਤੋਂ ਦੇਖ ਰਿਹਾ ਹਾਂ, ਜੋ ਇੱਥੇ ਹਾਲ ਹੋਇਆ । ਕਿਸ ਨੂੰ ਨਹੀਂ ਪਤਾ ? ਜੋ ਕੁਝ ਹੋਇਆ, ਉਹ ਤਾਂ ਹਿਸਟਰੀ ਨੇ ਲਿਖ ਦਿੱਤਾ । ਜਿਸ ਨੇ ਰਾਜਸੀ ਫਾਇਦਾ ਲੈਣ ਲਈ

ਹਿੰਦੁਸਤਾਨ ਵਿੱਚ ਇਹ ਸਾਰਾ ਕੁਝ ਕਰਵਾਇਆ, ਉਸ ਦਾ ਇਤਿਹਾਸ ਲਿਖਿਆ ਗਿਆ, ਕਿਤਾਬਾਂ ਲਿਖੀਆਂ ਗਈਆਂ । ਲੋਕ ਢਾਡੀ ਵਾਰਾਂ ਤੇ ਗਾਇਆ ਕਰਨਗੇ ਤੇ ਕਿਸੇ ਦੇ ਆਖੇ ਲੱਗ ਕੇ ਕਿਸੇ ਨੇ ਰੁਕਣਾ ਨਹੀਂ । ਇਸ ਲਈ ਸਾਨੂੰ ਕਿਸੇ ਤੇ ਚਿੱਕੜ ਸੁੱਟਣ ਦੀ ਲੋੜ ਨਹੀਂ ਤੇ ਨਾ ਹੀ ਮੈਂ ਆਪਣੇ ਮੂੰਹ ਤੋਂ ਕਿਸੇ ਨੂੰ ਮਾੜਾ ਕਹਿਣਾ ਹੈ । ਅਸੀਂ ਤਾਂ ਕਹਿੰਦੇ ਹਾਂ ਕਿ ਜੋ ਕੁਝ ਪਹਿਲਾਂ ਹੋਇਆ ਹੈ, ਪਰਮਾਤਮਾ ਇਹੋ ਜਿਹਾ ਸਮਾਂ ਅਗਾਂਹ ਵਾਸਤੇ ਨਾ ਲੈ ਕੇ ਆਵੇ । ਇਸ ਵਿੱਚ ਮੈਂ ਕਹਿੰਦਾ ਹਾਂ, ਇਨ੍ਹਾਂ ਨੇ ਕਹਿ ਦਿੱਤਾ ਕਿ ਹਿੰਦੂ ਮਰਵਾ ਦਿੱਤੇ । ਇਨ੍ਹਾਂ ਨੇ ਕਹਿ ਦਿੱਤਾ ਕਿ ਸਿੱਖ ਮਰਵਾ ਦਿੱਤੇ । ਕੀ ਕਿਸੇ ਨੇ ਕਦੀ ਸੋਚਿਆ ਹੈ । ਇਨ੍ਹਾਂ ਮਾੜੇ ਦਿਨਾਂ ਵਿੱਚ ਪੰਜਾਬ ਵਿੱਚ 80% ਸਿੱਖ ਮਾਰੇ ਗਏ ਤੇ 20% ਹਿੰਦੂ ਮਾਰੇ ਗਏ । ਇਹ ਨਹੀਂ ਮਰਨੇ ਚਾਹੀਦੇ ਸੀ । ਆਪਣੇ ਆਪਣੇ ਜ਼ਿਲ੍ਹੇ, ਆਪਣੇ ਆਪਣੇ ਹਲਕੇ ਦੇ ਹੀ ਅੰਕੜੇ ਲੈ ਲਓ । ਇਸ ਹਾਲਤ ਵਿੱਚ ਸਾਡਾ ਇੰਨਾ ਵੱਡਾ ਨੁਕਸਾਨ ਹੋਇਆ ਹੈ। ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਉਦਮ ਕੀਤਾ ਹੈ, ਖੇਤੀ ਨੂੰ ਅੱਗੇ ਲੈ ਕੇ ਗਏ ਹਨ । ਹਰ ਵਰਗ ਨੂੰ ਸਹੂਲਤਾਂ ਦਿੱਤੀਆਂ ਗਈਆਂ ਹਨ । ਜੋ ਦਲਿਤ ਵੀਰਾਂ ਨੂੰ ਸਹੂਲਤਾਂ ਦਿੱਤੀਆਂ ਗਈਆਂ ਹਨ, ਕੀ ਕਿਸੇ ਹੋਰ ਸੂਬੇ ਵਿੱਚ ਦਿੱਤੀਆਂ ਗਈਆਂ ਹਨ ? ਕੋਈ ਆਟੇ-ਦਾਲ ਬਾਰੇ ਸੋਚ ਸਕਦਾ ਹੈ । ਇਹ ਕਹਿੰਦੇ ਸੀ ਕਿ ਕਿੱਥੋਂ ਦੇ ਦਿਆਂਗੇ । ਅੱਜ ਕਿੰਨੇ ਸੌ ਕਰੋੜ ਰੁਪਿਆ ਆਟਾ-ਦਾਲ ਸਕੀਮ ਤੇ ਲੱਗਦਾ ਹੈ । ਕੋਈ ਸੋਚ ਸਕਦਾ ਸੀ? ਸ਼ਗਨ ਸਕੀਮ ਤਹਿਤ ਪਹਿਲੇ ਸਾਲ ਹੀ 15,000 ਰੁਪਏ ਦੇਣੇ ਸ਼ੁਰੂ ਕਰ ਦਿੱਤੇ। ਕੋਈ ਕਮੀ ਰਹਿ ਜਾਂਦੀ ਹੈ, ਕੋਈ ਫਾਰਮ ਗਲਤ ਭਰਿਆ ਗਿਆ ਤਾਂ ਆਪਾਂ ਉਸੇ ਬਾਰੇ ਬੋਲਣ ਲੱਗ ਜਾਂਦੇ ਹਾਂ। ਕਈ ਵਾਰ ਸਾਡੇ ਸਾਹਮਣੇ ਬਿਜਲੀ ਦੇ ਬਿੱਲ ਕਰ ਦਿੰਦੇ ਹਨ ਕਿ ਬਿੱਲ ਇੰਨਾ ਆ ਗਿਆ। ਬਿੱਲ ਤਾਂ ਆਉਣਾ ਹੀ ਹੈ, ਇਹ ਰੁਕ ਨਹੀਂ ਸਕਦਾ। ਕਿਉਂਕਿ ਪਹਿਲਾਂ ਜਦੋਂ ਬਿਜਲੀ ਆਉਂਦੀ ਹੀ ਨਹੀਂ ਸੀ ਤਾਂ ਲੋਕ ਦਰਖਤਾਂ ਥੱਲੇ ਬੈਠੇ ਹੁੰਦੇ ਸੀ। ਨਾ ਪੱਖਾ ਚਲਦਾ ਸੀ, ਨਾ ਏ.ਸੀ. ਚਲਦਾ ਸੀ ਤਾਂ ਬਿੱਲ ਕਾਹਦਾ ਆਉਣਾ ਸੀ। ਹੁਣ 24 ਘੰਟੇ ਬਿਜਲੀ ਆਉਂਦੀ ਹੈ। ਕੀ ਕਦੇ ਪਿੰਡਾਂ ਵਿੱਚ ਕੱਟ ਲੱਗਿਆ ਹੈ? ਕਦੇ ਸ਼ਹਿਰ ਵਿੱਚ ਕੱਟ ਲੱਗਿਆ ਹੈ? ਆਪਣੇ ਜਵਾਕ ਟੀ.ਵੀ. ਚਲਾਈ ਜਾਂਦੇ ਹੁੰਦੇ ਹਨ, ਕਮਰਾ ਬੰਦ ਕੀਤਾ ਹੁੰਦਾ ਹੈ, ਲਾਈਟਾਂ ਜਲੀ ਜਾਂਦੀਆਂ ਹੁੰਦੀਆਂ ਹਨ, ਬੰਦ ਕੋਈ ਕਰਦਾ ਨਹੀਂ ਹੈ ਅਤੇ ਫਿਰ ਮੀਟਰ ਨੇ ਤਾਂ ਘੁੰਮੀ ਜਾਣਾ ਹੈ। ਫਿਰ ਕਹਿੰਦੇ ਹਨ ਕਿ ਸਾਡਾ ਪੰਜ ਹਜ਼ਾਰ ਰੁਪਿਆ ਮਹੀਨੇ ਦਾ ਬਿੱਲ ਆ ਗਿਆ, ਚਾਰ ਹਜ਼ਾਰ ਆ ਗਿਆ। ਜੇ ਅਸੀਂ ਸੰਕੋਚ ਕਰਾਂਗੇ, ਬਿਜਲੀ ਦੀ ਵਰਤੋਂ ਘੱਟ ਕਰਾਂਗੇ ਤਾਂ ਬਿੱਲ ਘੱਟ ਜਾਵੇਗਾ। ਪਰ ਇਹ ਤਾਂ ਗੁਣ ਹੈ ਨਾ ਕਿ ਪੰਜਾਬ ਸਰਕਾਰ ਨੇ ਕੱਟ ਨਹੀਂ ਲੱਗਣ ਦਿੱਤਾ, ਚਾਹੇ ਉਹ ਇੰਡਸਟਰੀ ਹੈ, ਚਾਹੇ ਉਹ ਘਰ ਹਨ। ਇਸ ਦਾ ਸਿਹਰਾ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਜਾਂਦਾ ਹੈ ਕਿ ਬਿਜਲੀ ਦੇ ਖੇਤਰ ਵਿੱਚ ਉਨ੍ਹਾਂ ਨੇ ਬਹੁਤ ਵੱਡਾ ਉਦਮ ਕਰਨ ਦੀ ਗੱਲ ਕੀਤੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੇਂਦਰ ਤੋਂ ਵੀ ਸਹਿਯੋਗ ਮਿਲਦਾ ਹੈ ਅਤੇ ਪੰਜਾਬ ਸਰਕਾਰ ਵੀ ਆਪਣਾ ਯੋਗਦਾਨ ਪਾਉਂਦੀ ਹੈ ਅਤੇ ਦਲਿਤ ਵੀਰਾਂ ਨੂੰ ਵਿੱਦਿਆ ਦੇ ਖੇਤਰ ਵਿੱਚ, ਮਿਨਾਰਟੀਜ਼ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਦੀਆਂ ਹਨ। ਇਸ ਪਾਸੇ ਹੋਰ ਕੰਮ ਕਰਨ ਦੀ ਲੋੜ ਹੈ ਪਰ ਅਸੀਂ ਰਾਜਨੀਤੀ

[ਸਰਦਾਰ ਤੋਤਾ ਸਿੰਘ]

ਖੇਡਣੋਂ ਨਹੀਂ ਹਟਦੇ। ਮੈਨੂੰ ਥੋੜ੍ਹੇ ਦਿਨ ਪਹਿਲਾਂ ਪਿੰਡ ਵਿੱਚ ਜਾਣਾ ਪੈ ਗਿਆ, ਚਾਹੇ ਸਰਬ ਸਿੱਖਿਆ ਅਭਿਆਨ ਵਿੱਚ ਕੇਂਦਰ ਦਾ ਵੀ ਸਹਿਯੋਗ ਹੈ, ਪੰਜਾਬ ਸਰਕਾਰ ਨੇ 65 ਲੱਖ ਰੁਪਿਆ ਉਥੇ ਲਗਾਇਆ ਤੇ ਹਾਈ ਸਕੂਲ ਦੀ ਬਿਲਡਿੰਗ ਬਣਾਈ। ਮੈਂ ਉਸ ਦਾ ਉਦਘਾਟਨ ਕਰਨ ਗਿਆ ਸੀ । ਉਥੇ ਇੱਕ ਬੀਬੀ ਉਠ ਕੇ ਬੋਲੀ ਕਿ ਸਾਨੂੰ ਗਰੀਬਾਂ ਨੂੰ ਤਾਂ ਬਿਲ ਮੁਆਫ ਨਹੀਂ, ਜੱਟਾਂ ਦੀਆਂ ਹੀ ਮੋਟਰਾਂ ਚੱਲੀ ਜਾਂਦੀਆਂ ਹਨ। ਮੈਂ ਕਿਹਾ ਬੀਬੀ, ਤੁਹਾਨੂੰ ਇਹ ਗੱਲ ਕਿਸ ਨੇ ਸਿਖਾਈ ਹੈ। ਫਿਰ ਪਤਾ ਲੱਗਿਆ ਕਿ ਸਾਡੇ ਜਿਹੜੇ ਵੀਰ ਹਨ, ਸਾਨੂੰ ਸੱਚ ਕਹਿਣਾ ਚਾਹੀਦਾ ਹੈ, ਜੇ ਜੱਟ ਦੇ ਘਰ ਜਾਂਦੇ ਹਨ ਤਾਂ ਉਥੇ ਜਾ ਕੇ ਕਹਿੰਦੇ ਹਨ ਕਿ ਬਾਦਲ ਸਾਹਿਬ ਨੇ ਆਟਾ-ਦਾਲ ਦੇ ਦਿੱਤਾ ਤਾਂ ਹੀ ਹੁਣ ਤੁਹਾਡੇ ਕੋਈ ਦਿਹਾੜੀਆ ਨਹੀਂ ਆਉਂਦਾ। ਜੇਕਰ ਦਲਿਤਾਂ ਦੇ ਘਰ ਜਾਂਦੇ ਹਨ ਤਾਂ ਕਹਿੰਦੇ ਹਨ ਕਿ ਬਾਦਲ ਸਾਹਿਬ ਨੇ ਸਾਡੇ ਤਾਂ ਇੱਕ ਬਲਬ ਦਾ ਬਿਲ ਮੁਆਫ ਨਹੀਂ ਕੀਤਾ, 1000 ਰੁਪਿਆ ਬਿੱਲ ਆ ਜਾਂਦਾ ਹੈ ਪਰ ਜੱਟਾਂ ਦੀਆਂ ਮੋਟਰਾਂ ਦੇ ਬਿਲ ਮੁਆਫ ਕਰ ਦਿੱਤੇ ਹਨ। ਮੈਂ ਹੈਰਾਨ ਹਾਂ ਕਿ ਬਾਦਲ ਸਾਹਿਬ ਨੇ ਤਾਂ ਸਾਰਿਆਂ ਨੂੰ ਰਿਆਇਤਾਂ ਦਿੱਤੀਆਂ ਹਨ, ਚਾਹੇ ਦਲਿਤ ਵੀਰ ਹਨ, ਕਰੋੜਾਂ ਰੁਪਿਆਂ ਦੀਆਂ ਰਿਆਇਤਾਂ ਉਨ੍ਹਾਂ ਨੂੰ ਵੀ ਦਿੱਤੀਆਂ ਹਨ। ਫਿਰ ਜਿਹੜਾ ਕਿਸਾਨ ਹੈ, ਉਹ ਇਕੱਲਾ ਜੱਟ ਹੀ ਨਹੀਂ ਹੈ। ਹਰ ਵਰਗ ਦਾ ਬੰਦਾ ਖੇਤੀ ਕਰਦਾ ਹੈ। ਮੇਰਾ 18 ਕਿਲੋਮੀਟਰ ਏਰੀਆ ਦਰਿਆ ਨਾਲ ਲਗਦਾ ਹੈ। ਸਭ ਤੋਂ ਵੱਧ ਦਲਿਤ ਵੀਰਾਂ ਕੋਲ ਉਥੇ ਜ਼ਮੀਨ ਹੈ। ਚਾਹੇ ਮੇਰੇ ਰਾਏ ਸਿੱਖ ਵੀਰ ਹਨ, ਚਾਹੇ ਮਜ਼ਬੀ ਸਿੱਖ ਵੀਰ ਹਨ। ਸਭ ਤੋਂ ਵੱਧ ਖੇਤੀ ਉਹ ਕਰਦੇ ਹਨ। ਉਨ੍ਹਾਂ ਕੋਲ ਜ਼ਮੀਨਾਂ ਵੀ ਹਨ, ਉਹ ਜ਼ਮੀਨਾਂ ਦੇ ਮਾਲਕ ਵੀ ਹਨ। ਜੇ ਮਲੇਰਕੋਟਲੇ ਜਾਓ ਤਾਂ ਮੁਸਲਮਾਨ ਵੀਰ ਖੇਤੀ ਕਰਦੇ ਹਨ, ਉਹ ਸਬਜ਼ੀ ਬਹੁਤ ਬੀਜਦੇ ਹਨ। ਜੇ ਦੁਆਬੇ ਜਾਓ ਤਾਂ ਭਗਤ ਰਵੀਦਾਸ ਦੇ ਪੈਰੋਕਾਰਾਂ ਕੋਲ ਬਥੇਰੀਆਂ ਜ਼ਮੀਨਾਂ ਹਨ। ਉਨ੍ਹਾਂ ਕੋਲ ਸਾਧਨ ਹਨ। ਤੁਸੀਂ ਅਬੋਹਰ ਜਾਓ, ਜਾਖੜ ਸਾਹਿਬ ਨੂੰ ਪਤਾ ਹੈ ਕਿ ਹਿੰਦੂ ਵੀਰ ਚੌਧਰੀਆਂ ਕੋਲ ਕਿੰਨੀਆਂ ਜ਼ਮੀਨਾਂ ਹਨ। ਹਰ ਵਰਗ ਦਾ ਬੰਦਾ ਖੇਤੀ ਕਰਦਾ ਹੈ। ਇਕੱਲੇ ਜੱਟ ਹੀ ਖੇਤੀ ਨਹੀਂ ਕਰਦੇ। ਜਿਹੜਾ ਵੀ ਕੋਈ ਖੇਤੀ ਕਰਦਾ ਹੈ, ਉਸ ਨੂੰ ਆਪਾਂ ਕਿਸਾਨ ਕਹਿੰਦੇ ਹਾਂ। ਕਿਸਾਨ ਦੀ ਕੋਈ ਜਾਤ ਨਹੀਂ ਹੁੰਦੀ। ਹਰ ਵਰਗ ਦਾ ਬੰਦਾ ਕਿਸਾਨ ਬਣ ਸਕਦਾ ਹੈ। ਇਹ ਖੇਤੀ ਦਾ ਪੱਖ ਸੀ।

ਦੂਸਰਾ ਪੱਖ ਕੋਆਪ੍ਰੇਟਿਵ ਸੈਕਟਰ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਇਸ ਨੂੰ ਅੱਗੇ ਲੈ ਕੇ ਜਾਣ ਦੀ ਬੜੀ ਕੋਸ਼ਿਸ਼ ਕੀਤੀ ਹੈ।

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਥੋੜ੍ਹਾ ਸਮੇਂ ਦਾ ਧਿਆਨ ਰੱਖੋ ਜੀ।

ਸਰਦਾਰ ਤੋਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਤੁਸੀਂ ਫਿਰ ਸਮਾਂ ਦੱਸ ਦਿਓ ਜੀ । ਉਂਜ ਤਾਂ ਤੁਸੀਂ ਦੋ ਘੰਟੇ ਖਰਾਬ ਕਰ ਦਿੱਤੇ ਪਰ ਮੈਂ ਜੇ ਸਹੀ ਬੋਲਦਾ ਹਾਂ ਤਾਂ ਕਹਿੰਦੇ ਹੋ ਕਿ ਸਮੇਂ ਦਾ ਖਿਆਲ ਰੱਖੋ। ਸਮਾਂ ਫਿਰ ਦੱਸ ਦਿਓ ਜੀ।

ਮਾਨਯੋਗ ਡਿਪਟੀ ਸਪੀਕਰ : ਇੱਕ-ਦੋ ਮਿੰਟ ਵਿੱਚ ਖਤਮ ਕਰੋ।

ਸਰਦਾਰ ਤੋਤਾ ਸਿੰਘ : ਇੱਕ-ਦੋ ਮਿੰਟ ਨਹੀਂ, ਫਿਰ ਮੈਂ ਬੋਲਦਾ ਹੀ ਨਹੀਂ। ਡਿਪਟੀ ਸਪੀਕਰ ਸਾਹਿਬ, ਸਾਡਾ ਟਾਈਮ ਦੇਖੋ ਕੀ ਹੈ। ਅਜੇ ਮੈਨੂੰ ਸਾਰੇ ਦਸ ਮਿੰਟ ਤਾਂ ਬੋਲਦੇ ਨੂੰ ਨਹੀਂ ਹੋਏ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜੇਕਰ ਕੋਈ ਉਸਾਰੂ ਗੱਲ ਕਰਦੇ ਹਾਂ ਜੋ ਕਿ ਲੋਕਾਂ ਦੇ ਫਾਇਦੇ ਵਿੱਚ ਹੋਵੇ ਤਾਂ ਟਾਈਮ ਖੁਲ੍ਹ ਕੇ ਦੇਣਾ ਚਾਹੀਦਾ ਹੈ। ਸਾਡਾ ਟਾਈਮ ਬਣਦਾ ਹੈ। ਮੈਂ ਸਾਰੇ ਪੱਖਾਂ ਤੇ ਬੋਲਣਾ ਹੈ। ਮੈਂ ਕਿਸੇ ਦੀ ਨਿੰਦਾ ਨਹੀਂ ਕਰਨੀ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਰਲ ਮਿਲ ਕੇ ਇੱਕ ਦੂਜੇ ਨੂੰ ਜੋ ਸਹਿਯੋਗ ਦਿੰਦੇ ਹਾਂ, ਮੈਂ ਉਨ੍ਹਾਂ ਪ੍ਰਾਪਤੀਆਂ ਦੀ ਗੱਲ ਕਰ ਰਿਹਾ ਹਾਂ। ਜੋ ਇਸ ਸਮੇਂ ਦੀ ਮੰਗ ਕਰਨ ਦੀ ਲੋੜ ਹੈ। ਅੱਜ ਮੈਂ ਟਿਊਬਵੈਲ ਕੁਨੈਕਸ਼ਨਾਂ ਦੀ ਗੱਲ ਕਰਦਾ ਹਾਂ, 70,000 ਕੁਨੈਕਸ਼ਨ ਦੇਣਾ ਹੈ, ਕੋਈ ਮਾੜੀ ਗੱਲ ਨਹੀਂ ਹੈ। 31 ਮਾਰਚ, 2007 ਤੱਕ ਜਿਨ੍ਹਾਂ ਦੀਆਂ ਐਪਲੀਕੇਸ਼ਨਜ਼ ਆਈਆਂ ਹਨ, ਉਨ੍ਹਾਂ ਨੂੰ ਦੇਣਾ ਹੈ । 31 ਦਸੰਬਰ, 2013 ਤੱਕ ਜਿਨ੍ਹਾਂ ਢਾਈ ਏਕੜ ਜ਼ਮੀਨ ਵਾਲਿਆਂ ਦੀਆਂ ਐਪਲੀਕੇਸ਼ਨਜ਼ ਆਈਆਂ ਹਨ, ਉਨ੍ਹਾਂ ਦੇ ਡਿਮਾਂਡ ਨੋਟਿਸ ਬਣੀ ਜਾਂਦੇ ਹਨ ਪਰ ਇਹ ਪ੍ਰਚਾਰ ਕਰੀ ਜਾਂਦੇ ਹਨ ਕਿ ਛੋਟਿਆਂ ਨੂੰ ਨਹੀਂ ਦਿੰਦੇ। ਮੈਂ ਪਬਲਿਕ ਸੈਕਟਰ ਦੀ ਗੱਲ ਕਰ ਰਿਹਾ ਸੀ। ਪਬਲਿਕ ਸੈਕਟਰ ਵਿੱਚ ਕਿਸ ਤਰ੍ਹਾਂ ਸਬਸਿਡੀ ਦੇਣੀ ਸ਼ੁਰੂ ਕੀਤੀ ਹੈ, ਇਹ ਤੁਹਾਡੇ ਸਾਹਮਣੇ ਹੈ। ਅੱਜ ਹਾਲਾਤ ਕੀ ਹਨ, ਪੰਜਾਬ ਉਜੜਿਆ ਕਿਉਂ ਹੈ। ਟਰੈਕਟਰ ਖਰੀਦਣ ਦੀ ਰੀਸ ਪੈ ਗਈ ਹੈ। ਅੱਜ ਮੰਡੀਆਂ ਵਿੱਚ ਜਾ ਕੇ ਦੇਖੋ, ਸਾਡੇ ਮੋਗੇ ਐਤਵਾਰ ਨੂੰ 10,000 ਟਰੈਕਟਰ ਵਿਕਣ ਵਾਸਤੇ ਖੜ੍ਹਾ ਹੁੰਦਾ ਹੈ। ਕਿਸਾਨ ਟੁੱਟ ਚੁੱਕਿਆ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸੋਚ ਹੈ ਕਿ ਮੈਂ ਟਰੈਕਟਰਾਂ ਦੀ ਗਿਣਤੀ ਘਟਾਵਾਂ। ਅੱਜ ਪੰਜਾਬ ਵਿੱਚ ਸਾਢੇ ਚਾਰ ਲੱਖ ਟਰੈਕਟਰ ਹਨ। ਜਿੰਨੀ ਸਾਡੀ ਜ਼ਮੀਨ ਹੈ, ਉਸ ਹਿਸਾਬ ਨਾਲ ਇੱਕ ਲੱਖ ਟਰੈਕਟਰ ਨਾਲ ਸਰ ਸਕਦਾ ਹੈ। ਇਹ ਸਰ ਕਿਵੇਂ ਸਕਦਾ ਹੈ, ਜੇਕਰ ਅਸੀਂ ਕੋਆਪ੍ਰੇਟਿਵ ਸੁਸਾਇਟੀਆਂ ਨੂੰ ਸਤਿਕਾਰ ਦੇਵਾਂਗੇ। ਮੈਂ ਮਾਨਯੋਗ ਆਪੋਜ਼ੀਸ਼ਨ ਦੇ ਲੀਡਰ ਨੂੰ ਵੀ ਬੇਨਤੀ ਕਰਾਂਗਾ ਅਤੇ ਰੂਲਿੰਗ ਪਾਰਟੀ ਦੇ ਵੀਰਾਂ ਨੂੰ ਵੀ ਕਹਾਂਗਾ ਕਿ ਆਪਾਂ ਪੰਜਾਬ ਵਿੱਚ ਐਸਾ ਦੌਰ ਸਿਰਜੀਏ ਕਿ ਜਿਹੜੀਆਂ ਸਾਡੀਆਂ ਕੋਆਪ੍ਰੇਟਿਵ ਸੁਸਾਇਟੀਆਂ ਹਨ, ਉਹ ਸਰਬਸੰਮਤੀ ਨਾਲ ਚੁਣੀਆਂ ਜਾਣ। ਜੇਕਰ ਪਿੰਡ ਦੀ ਸੁਸਾਇਟੀ ਸਰਬਸੰਮਤੀ ਨਾਲ ਚੁਣੀ ਜਾਂਦੀ ਹੈ ਤਾਂ ਉਸ ਦਾ ਲੋਕਾਂ ਨੂੰ ਸਭ ਤੋਂ ਵੱਡਾ ਆਸਰਾ ਮਿਲਦਾ ਹੈ। ਮੈਂ ਆਪਣੇ ਮੋਗੇ ਵਿੱਚ ਸਰਬਸੰਮਤੀਆਂ ਨਾਲ ਸੁਸਾਇਟੀਆਂ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਉਸ ਦਾ ਸਿੱਟਾ ਕੀ ਨਿਕਲਿਆ ਕਿ ਅੱਜ ਇੱਕ ਸੁਸਾਇਟੀ ਕੋਲ ਹੀ ਚਾਰ ਚਾਰ ਸਾਧਨ ਹਨ । ਅੱਜ ਪੰਜਾਬ ਵਿੱਚ ਜੇ ਪਹਿਲੇ ਤਿੰਨ ਇਨਾਮ ਮਿਲਦੇ ਹਨ ਤਾਂ ਉਹ ਸਾਡੇ ਮੋਗੇ ਜ਼ਿਲ੍ਹੇ ਨੂੰ ਮਿਲਦੇ ਹਨ, ਚਾਹੇ ਉਹ ਸ਼ੇਖਾ ਪਿੰਡ ਹੈ, ਚਾਹੇ ਉਹ ਮਾਲਾ ਪਿੰਡ ਹੈ, ਚਾਹੇ ਉਹ ਦਾਸਵਾਲਾ ਪਿੰਡ ਹੈ, ਚਾਹੇ ਬੋਕਰੀ ਕਲਾਂ ਪਿੰਡ ਹੈ, ਇਹ ਉਨ੍ਹਾਂ ਦੇ ਸਾਰੇ ਸਾਧਨਾਂ ਨੂੰ ਵੇਖ ਕੇ ਹੀ ਉਨ੍ਹਾਂ ਨੂੰ ਇਨਾਮ ਮਿਲਦਾ ਹੈ ਕਿ ਵਾਕਿਆ ਹੀ ਖੇਤੀ ਦੇ ਸੰਦ ਜੋ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਹੁਰਾਂ ਨੇ ਸਬਸਿਡੀ ਉਤੇ ਦਿੱਤੇ ਹਨ, ਉਹ ਉਨ੍ਹਾਂ ਨੇ ਵਰਤੇ ਹਨ । ਇਸ ਤੋਂ ਇਲਾਵਾ ਪੰਜ ਏਕੜ ਤੋਂ ਘੱਟ ਵਾਲੇ ਜਿਹੜੇ ਕਿਸਾਨ ਹਨ, ਉਹ ਇਸ ਵੇਲੇ ਟਰੈਕਟਰ ਖਰੀਦਣਾ ਹੀ ਨਹੀਂ ਚਾਹੁੰਦੇ, ਉਹ ਸੁਸਾਇਟੀ ਤੋਂ ਕਿਰਾਏ ਉਤੇ ਟਰੈਕਟਰ ਲੈ ਕੇ ਆਪਣੀ ਜ਼ਮੀਨ ਕਲਟੀਵੇਟ ਕਰਵਾਉਣਾ ਚਾਹੁੰਦੇ ਹਨ। ਇਹ

[ਸਰਦਾਰ ਤੋਤਾ ਸਿੰਘ]
ਸਾਰਾ ਕੁਝ ਸੁਸਾਇਟੀ ਕੋਲ ਹੈ, ਸੀਡ ਡਰਿਲ ਹੈ, ਰੋਟਾਵੇਟਰ ਹੈ, ਸਾਰੇ ਸਾਧਨ ਉਨ੍ਹਾਂ ਕੋਲ ਹਨ । ਟਰਾਲੀ ਉਨ੍ਹਾਂ ਕੋਲ ਹੈ ਪਰ ਜੇਕਰ ਕਿਸੇ ਗਰੀਬ ਨੂੰ ਘੰਟੇ ਵਾਸਤੇ ਟਰਾਲੀ ਦੀ ਲੋੜ ਪੈਂਦੀ ਹੈ ਤਾਂ ਉਹ ਵੀ ਮੰਗ ਕੇ ਲੈ ਜਾਂਦਾ ਹੈ। ਇਸ ਲਈ ਸਾਨੂੰ ਕੋਆਪਰੇਟਿਵ ਸੈਕਟਰ ਨੂੰ ਤਕੜਾ ਕਰਨਾ ਚਾਹੀਦਾ ਹੈ। ਜੇ ਆਪਾਂ ਛੋਟੇ ਕਿਸਾਨ ਨੂੰ ਬਚਾਉਣਾ ਹੈ ਤਾਂ ਜਿੰਨੇ ਆਪਣੀਆਂ ਸਾਰੀਆਂ ਪਾਰਟੀਆਂ ਦੇ ਸਤਿਕਾਰਯੋਗ ਮੈਂਬਰ ਚੁਣੇ ਗਏ ਹਾਂ, ਅਸੀਂ ਧੜੇ ਬਾਜ਼ੀ ਤੋਂ ਉਪਰ ਉਠ ਕੇ ਕੋਆਪ੍ਰੇਟਿਵ ਸੁਸਾਇਟੀ ਦੀਆਂ ਚੋਣਾਂ ਕਰਵਾਈਏ । ਇਹ ਮੇਰੀ ਹੱਥ ਜੋੜ ਕੇ ਬੇਨਤੀ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਡਰੱਗਜ਼ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇੱਥੇ ਕਿਸੇ ਨੂੰ ਲੱਖ ਨਿੰਦੀ ਜਾਈਏ, ਪਰ ਹਾਲਾਤ ਕੀ ਹਨ, ਆਪਾਂ ਨੂੰ ਸਾਰਿਆਂ ਨੂੰ ਪਤਾ ਹੈ ਕਿ ਜਿਹੜੇ ਸਾਡੇ ਗਵਾਂਢੀ ਦੇਸ਼ ਹਨ ਉਹ ਆਪਾਂ ਨੂੰ, ਪੰਜਾਬ ਨੂੰ, ਹਿੰਦੁਸਤਾਨ ਨੂੰ ਕੋਈ ਬਰਦਾਸ਼ਤ ਨਹੀਂ ਕਰਦੇ । ਉਹ ਵੀ ਸਮਝਦੇ ਹਨ ਕਿ ਪੰਜਾਬ ਇਕ ਮਜ਼ਬੂਤ ਸੂਬਾ ਹੈ ਤੇ ਪੰਜਾਬ ਸੂਬੇ ਨੇ ਕਿੰਨੀਆਂ ਲੜਾਈਆਂ ਲੜੀਆਂ ਹਨ, ਚਾਹੇ ਉਹ ਪਾਕਿਸਤਾਨ ਨਾਲ ਸਾਲ 1948 ਦੀ ਲੜਾਈ ਹੋਈ ਹੋਵੇ, ਚਾਹੇ ਉਹ ਚੀਨ ਨਾਲ ਸਾਲ 1962 ਦੀ ਲੜਾਈ ਹੋਈ, ਚਾਹੇ 1971 ਦੀ ਲੜਾਈ ਹੋਈ ਹੋਵੇ। ਇਨ੍ਹਾਂ ਲੜਾਈਆਂ ਵਿੱਚ ਜੇ-ਉਨ੍ਹਾਂ ਦੇ ਦੰਦ ਖੱਟੇ ਕੀਤੇ ਹਨ ਤਾਂ ਪੰਜਾਬੀਆਂ ਨੇ ਕੀਤੇ ਹਨ। ਇਥੋਂ ਉਨ੍ਹਾਂ ਨੂੰ ਘਾਟਾ ਪਿਆ ਹੈ, ਉਹ ਸਮਝਦੇ ਹਨ ਕਿ ਹੁਣ ਲੜਾਈ ਨਾਲ ਇਨ੍ਹਾਂ ਨੂੰ ਕਮਜ਼ੋਰ ਨਹੀਂ ਕਰ ਸਕਦੇ, ਇਨ੍ਹਾਂ ਨੂੰ ਹੁਣ ਅਸੀਂ ਨਸ਼ਿਆਂ ਦੇ ਨਾਲ ਹੀ ਕਮਜ਼ੋਰ ਕਰ ਸਕਦੇ ਹਾਂ। ਸਾਰੇ ਹਿੰਦੁਸਤਾਨ ਨੂੰ ਕਮਜ਼ੋਰ ਕਰ ਸਕਦੇ ਹਾਂ ਤੇ ਸਾਰੇ ਪੰਜਾਬ ਨੂੰ ਕਮਜ਼ੋਰ ਕਰ ਸਕਦੇ ਹਾਂ। ਉਸ ਦਾ ਸਿੱਟਾ ਇਹ ਹੈ ਕਿ ਅਸੀਂ ਬਾਰਡਰ ਉਤੇ ਵਾਪਰਦੀਆਂ ਘਟਨਾਵਾਂ ਟੀ.ਵੀ. ਉਤੇ ਰੋਜ਼ ਵੇਖਦੇ ਹਾਂ । ਤੁਹਾਡੇ ਸਾਹਮਣੇ ਦੋ ਲੜੀ ਤਾਰ ਲੱਗੀ ਹੋਈ ਹੈ । ਉਸ ਉਤੇ ਰਾਤ ਨੂੰ ਕੀੜੀ ਜਾਂਦੀ ਵੀ ਦਿੱਸਦੀ ਹੈ ਪਰ ਇਸ ਦੇ ਬਾਵਜੂਦ ਵੀ ਜਦੋਂ ਬੀ.ਐਸ.ਐਫ. ਵਾਲੇ ਅੱਗੇ ਪਿੱਛੇ ਹੁੰਦੇ ਹਨ, ਚਾਹੇ ਉਹ ਮਿਲੀਭੁਗਤ ਨਾਲ ਹੁੰਦਾ ਹੈ, ਇਹ ਤਾਂ ਰੱਬ ਜਾਣੇ, ਚਾਹੇ ਪਲਾਸਟਿਕ ਦੀਆਂ ਪਾਈਪਾਂ ਹਨ, ਉਹ ਕਿਵੇਂ ਪਾਈਪਾਂ ਵਿੱਚ ਸਮਾਨ ਪਾ ਕੇ ਇੱਧਰ ਸੁੱਟ ਦਿੰਦੇ ਹਨ । ਇਹ ਅਸੀਂ ਰੋਜ਼ਾਨਾ ਟੀ.ਵੀ. ਉਤੇ ਵੇਖਦੇ ਹਾਂ ਕਿ ਕਿਵੇਂ ਕਦੇ ਪੰਜ ਕਿਲੋ ਡਰੱਗਜ਼ ਸੁੱਟ ਦਿੱਤੀ ਅਤੇ ਕਦੇ ਦਸ ਕਿਲੋ ਸੁੱਟ ਦਿੱਤੀ। ਮੇਰੇ ਸਤਿਕਾਰਯੋਗ ਮੀਡੀਆ ਵਾਲੇ ਖਬਰਾਂ ਵਿੱਚ ਦਿਖਾਉਂਦੇ ਹਨ । ਮੈਂ ਤਾਂ ਮੀਡੀਆ ਵਾਲਿਆਂ ਦਾ ਬੜਾ ਸਤਿਕਾਰ ਕਰਦਾ ਹਾਂ । ਉਸ ਵਿੱਚ ਸਾਡੇ ਆਪਣੇ ਅਫਸਰ ਬਿਆਨ ਦੇਣੋਂ ਨਹੀਂ ਹਟਦੇ ਕਿ ਇੱਕ ਕਿਲੋ ਸਮੈਕ ਇੱਕ ਕਰੋੜ ਦੀ ਫੜੀ ਗਈ, ਪੰਜ ਕਿਲੋ ਪੰਜ ਕਰੋੜ ਦੀ ਫੜੀ ਗਈ, ਦਸ ਕਰੋੜ ਦੀ ਫੜੀ ਗਈ ਤਾਂ ਸਮਗਲਿੰਗ ਵਾਲਿਆਂ ਦੀਆਂ ਲਾਲਾਂ ਡਿੱਗ ਪੈਂਦੀਆਂ ਹਨ । ਜਦੋਂ ਇੰਨਾ ਪ੍ਰਚਾਰ ਹੋ ਜਾਂਦਾ ਹੈ ਤਾਂ ਉਹ ਸੋਚਦੇ ਹਨ ਕਿ ਇੱਕ ਗੇੜਾ ਲੱਗ ਗਿਆ ਤਾਂ ਮੌਜ ਕਰਾਂਗੇ । ਚਾਹੇ ਇੰਨੀ ਕੀਮਤ ਹੁੰਦੀ ਹੈ ਜਾਂ ਨਹੀਂ ਪਰ ਪ੍ਰਚਾਰ ਇੰਨਾ ਹੋ ਜਾਂਦਾ ਹੈ ਕਿ ਇਸ ਸਮਗਲਿੰਗ ਦੇ ਕਿੱਤੇ ਨੂੰ ਵਧਾਉਣ ਵਾਸਤੇ ਇਹ ਪ੍ਰਚਾਰ ਵੀ ਇੱਕ ਕਾਰਨ ਬਣਦਾ ਹੈ। ਇਸ ਲਈ ਮੇਰੇ ਕਹਿਣ ਦਾ ਭਾਵ ਹੈ ਕਿ ਜੇਕਰ ਅਸੀਂ ਸੋਚੀਏ ਕਿ ਇਸ ਨੂੰ ਇਕੱਲੀ ਬੀ.ਐਸ.ਐਫ. ਜਾਂ ਇਕੱਲੀ ਪੰਜਾਬ ਪੁਲਿਸ ਰੋਕ ਲਵੇਗੀ ਤਾਂ ਇਹ ਪੂਰੀ ਤਰ੍ਹਾਂ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਇਹ ਵੱਸ ਸਾਡੇ ਵੀ ਹੈ ਅਤੇ ਸਮਾਜ

ਦੇ ਵੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਪਿੰਡਾਂ ਵਿੱਚ ਸੁਸਾਇਟੀਆਂ ਬਣਾਉਣੀਆਂ ਸ਼ੁਰੂ ਕੀਤੀਆਂ । ਮੈਂ ਹਰ ਗੁਰਦੁਆਰਾ ਸਾਹਿਬ ਜਾਂਦਾ ਹਾਂ, ਚਾਹੇ ਖੁਸ਼ੀ ਤੇ ਜਾਵਾਂ ਜਾਂ ਗਮੀ ਤੇ ਜਾਵਾਂ । ਮੈਂ ਕਹਿੰਦਾ ਹਾਂ ਕਿ ਜੇ ਆਪਣੇ ਜੁਆਕ ਬਚਾਉਣੇ ਹਨ ਤਾਂ ਬਚਾ ਲਵੋ ਨਹੀਂ ਤਾਂ ਮਨ ਵਿੱਚੋਂ ਭੁਲੇਖਾ ਕੱਢ ਦਿਉ ਕਿ ਜਿਸ ਦਾ ਬੱਚਾ ਸਮੈਕ ਖਾਣ ਲੱਗ ਗਿਆ ਤਾਂ ਉਹ ਪਰਿਵਾਰ ਬਚ ਜਾਵੇਗਾ। ਉਹ ਪਰਿਵਾਰ ਤਾਂ ਖਤਮ ਹੋ ਜਾਵੇਗਾ। ਇਸ ਲਈ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਹਰ ਇੱਕ ਪਿੰਡ ਵਿੱਚ ਇੱਕ 11 ਮੈਂਬਰੀ ਕਮੇਟੀ ਬਣਾਈ ਜਾਵੇ। ਉਹ ਕਮੇਟੀ ਸਾਡੇ ਨਾਲ ਜੁੜੇ ਤੇ ਦੱਸੇ ਕਿ ਫਲਾਣਾ ਵਿਅਕਤੀ ਨਸ਼ੇ ਵੇਚਦਾ ਹੈ ਤਾਂ ਅਸੀਂ ਉਸ ਦੇ ਖਿਲਾਫ ਡੱਟ ਕੇ ਚੱਲਾਂਗੇ । ਜਦ ਤੱਕ ਪਿੰਡ ਦੇ ਬੰਦੇ ਆਪਸੀ ਏਕਤਾ ਕਾਇਮ ਨਹੀਂ ਕਰਦੇ ਉਤਨਾ ਚਿਰ ਸਮੱਗਲਿੰਗ ਨੂੰ ਰੋਕ ਨਹੀਂ ਸਕਦੇ। ਜਿਵੇਂ ਸਾਡੀਆਂ ਐਗਰੀਕਲਚਰ ਦੀਆਂ ਸੁਸਾਇਟੀਆਂ ਬਣੀਆਂ ਹਨ, ਉਸੇ ਤਰ੍ਹਾਂ ਹਰ ਇੱਕ ਪਿੰਡ ਵਿੱਚ ਨਸ਼ਾ ਰਹਿਤ ਸੁਸਾਇਟੀਆਂ ਬਣਾਉਣੀਆਂ ਪੈਣਗੀਆਂ। ਇਸ ਤੋਂ ਇਲਾਵਾ ਪਹਿਲਾਂ ਆਪਣੇ ਘਰਾਂ ਨੂੰ ਨਸ਼ਾ ਰਹਿਤ ਕਰਨਾ ਪਵੇਗਾ ਔਰ ਆਪਣੇ ਲੀਡਰਾਂ ਨੂੰ ਨਸ਼ਾ ਰਹਿਤ ਹੋਣਾ ਪਵੇਗਾ। (ਥੰਪਿੰਗ) ਆਪਾਂ ਆਪ ਅਜਿਹਾ ਕਰੀਏ ਤਾਂ ਹੀ ਫਿਰ ਕਿਸੇ ਨੂੰ ਕਹਿ ਸਕਦੇ ਹਾਂ। ਇਸ ਲਈ ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਆਪਾਂ ਆਪਣੇ ਉਤੇ ਵੀ ਕੰਟਰੋਲ ਕਰੀਏ ਕਿ ਸਾਡੇ ਘਰੇ ਕਿਸੇ ਕਿਸਮ ਦਾ ਨਸ਼ਾ ਨਾ ਹੋਵੇ, ਅਸੀਂ ਆਪਣੇ ਘਰ ਨਸ਼ਾ ਨਹੀਂ ਵੜਨ ਦੇਣਾ ਹੈ ਤਾਂ ਜਾ ਕੇ ਡਰੱਗ ਨੂੰ ਕੰਟਰੋਲ ਕਰ ਸਕਾਂਗੇ, ਨਹੀਂ ਤਾਂ ਸਾਨੂੰ ਵੇਖ ਕੇ ਹੋਰ ਦੂਜੇ ਵੀ ਲੱਗਦੇ ਹਨ।

ਡਿਪਟੀ ਸਪੀਕਰ ਸਾਹਿਬ, ਤੀਸਰੀ ਗੱਲ ਹੈ ਕਿ ਹਮੇਸ਼ਾ ਉਹ ਕੌਮਾਂ ਜਿਊਂਦੀਆਂ ਹਨ, ਉਹ ਦੇਸ਼ ਅੱਗੇ ਵੱਧਦਾ ਹੈ ਜਿਹੜਾ ਆਪਣੀਆਂ ਯਾਦਾਂ ਨੂੰ ਕਾਇਮ ਰੱਖਦਾ ਹੈ। ਡਿਪਟੀ ਸਪੀਕਰ ਸਾਹਿਬ, ਸਰਦਾਰ ਲਾਲ ਸਿੰਘ ਜੀ ਸਾਡੇ ਵੱਡੇ ਵੀਰ ਇੱਥੋਂ ਚਲੇ ਗਏ ਹਨ, ਇਨ੍ਹਾਂ ਦੀ ਕਮਾਂਡ ਥੱਲੇ ਅਸੀਂ ਚਾਰ ਅਕਾਲੀ ਮੈਂਬਰ ਤੇ ਪੰਜ ਕਾਂਗਰਸ ਦੇ ਮੈਂਬਰ ਆਸਟਰੇਲੀਆ ਵੀ ਗਏ, ਨਿਊਜ਼ੀਲੈਂਡ ਵੀ ਗਏ ਪਰ ਆਸਟਰੇਲੀਆ ਜਾ ਕੇ ਮੈਂ ਵੇਖਿਆ ਤੇ ਹੈਰਾਨ ਹੋ ਗਿਆ। ਉਨ੍ਹਾਂ ਦੀ ਰਾਜਧਾਨੀ ਵਿੱਚ ਗਏ ਤਾਂ ਉਥੇ ਬਹੁਤ ਵੱਡਾ ਹਾਲ ਬਣਿਆ ਹੋਇਆ ਹੈ । ਉਸ ਹਾਲ ਵਿੱਚ ਜਿੰਨੀਆਂ ਵੀ ਲੜਾਈਆਂ ਹੋਈਆਂ, ਉਸ ਵਿੱਚ ਉਨ੍ਹਾਂ ਸਾਰੀਆਂ ਲੜਾਈਆਂ ਦਾ ਨਾਂ ਲਿਖਿਆ ਹੋਇਆ ਹੈ ਅਤੇ ਇੱਕ ਸਿਪਾਹੀ ਤੋਂ ਲੈ ਕੇ ਜਨਰਲ ਤੱਕ ਉਸ ਦਾ ਨਾਂ ਲਿਖਿਆ ਹੋਇਆ ਹੈ ਕਿ ਕਿਹੜਾ ਕਿਹੜੀ ਕਿਹੜੀ ਲੜਾਈ ਵਿਚ ਸ਼ਹੀਦ ਹੋਇਆ ਹੈ। ਉਨ੍ਹਾਂ ਦੇ ਸਾਰੇ ਪੂਰੇ ਨਾਮ ਮੈਂ ਪੜ੍ਹ ਕੇ ਆਇਆ ਹਾਂ ਤੇ ਇਸ ਦੀ ਡਾਇਰੈਕਟਰੀ ਬਣਾ ਕੇ ਲਿਆਇਆ ਹਾਂ । ਮੇਰੇ ਉਥੇ ਸੱਤ-ਅੱਠ ਘੰਟੇ ਲੱਗੇ ਪਰ ਮੈਂ ਉਥੇ ਸਾਰਾ ਕੁਝ ਨਹੀਂ ਦੇਖ ਸਕਿਆ, ਭਾਵੇਂ ਮੈਂ ਆਪਣੀ ਪੂਰੀ ਕੋਸ਼ਿਸ਼ ਕੀਤੀ । ਇਸ ਲਈ ਮੇਰਾ ਕਹਿਣ ਤੋਂ ਭਾਵ ਹੈ ਕਿ ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਵਧਾਈ ਦਿੰਦਾ ਹਾਂ ਕਿ ਕਰਨਾ ਤਾਂ ਹਿੰਦੁਸਤਾਨ ਸਰਕਾਰ ਨੂੰ ਚਾਹੀਦਾ ਸੀ ਪਰ ਉਸ ਦੀ ਅਗਵਾਈ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਵਿੱਚ ਕੀਤੀ । ਸਾਡੇ ਵਾਰ ਹੀਰੋ ਜਿਨ੍ਹਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ, ਆਪਣੇ ਪਰਿਵਾਰ ਵਾਰ ਦਿੱਤੇ ਉਨ੍ਹਾਂ ਜਰਨੈਲਾਂ ਦਾ, ਉਨ੍ਹਾਂ ਸਿਪਾਹੀਆਂ ਦਾ ਜਿਹੜਾ ਮਿਊਜ਼ੀਅਮ ਬਣਨਾ ਹੈ, ਉਹ ਸਾਨੂੰ ਬਹੁਤ ਵੱਡੀ ਸ਼ਕਤੀ ਦੇਵੇਗਾ ਅਤੇ ਸਾਡੇ

[ਸਰਦਾਰ ਤੋਤਾ ਸਿੰਘ]

ਦੇਸ਼ ਵਾਸਤੇ ਤੇ ਸਾਡੇ ਸੂਬੇ ਵਾਸਤੇ ਵੀ ਇਹ ਇੱਕ ਮਾਣ ਦੀ ਗੱਲ ਬਣੇਗਾ । ਦੂਜਾ ਸਾਡੀ ਆਪਣੀ ਕੌਮ ਦੇ ਵਿਰਸੇ ਨੂੰ ਜਿਊਂਦਾ ਰੱਖਣ ਲਈ ਜੋ ਇਤਿਹਾਸਕ ਯਾਦਗਾਰਾਂ ਬਣੀਆਂ ਹਨ, ਉਹ ਚਾਹੇ ਅਨੰਦਪੁਰ ਸਾਹਿਬ ਹੈ, ਚਾਹੇ ਬੰਦਾ ਸਿੰਘ ਬਹਾਦਰ ਦੀ ਯਾਦ ਵਿੱਚ ਆਪਣੇ ਗਵਾਂਢ ਮੁਹਾਲੀ ਵਿੱਚ ਚੱਪੜਚਿੜੀ ਵਿਖੇ ਹੈ, ਚਾਹੇ ਵੱਡਾ ਘੱਲੂਘਾਰਾ ਯਾਦਗਾਰ ਹੈ, ਚਾਹੇ ਛੋਟਾ ਘੱਲੂਘਾਰਾ ਯਾਦਗਾਰ ਹੈ, ਇਹ ਗੱਲਾਂ ਬਹੁਤ ਵੱਡੀਆਂ ਹਨ, ਇਹ ਸੋਚੀਆਂ ਵੀ ਨਹੀਂ ਜਾ ਸਕਦੀਆਂ ਸਨ ਜੋ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਬਣਾਈਆਂ ਹਨ । ਇਸ ਵਿੱਚ ਆਪਾਂ ਸਾਰਿਆਂ ਨੂੰ ਬਹੁਤ ਵੱਡਾ ਮਾਣ ਮਿਲਣਾ ਹੈ ਔਰ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਗੁਰੂ ਸਾਹਿਬ ਨੇ ਇਸ ਗੱਲ ਦਾ ਮਾਣ ਦਿੱਤਾ ਵੀ ਹੈ ਕਿਉਂਕਿ ਦੁਬਾਰਾ ਸਰਕਾਰ ਬਣਨ ਵਿੱਚ ਇਸ ਗੱਲ ਦਾ ਬਹੁਤ ਵੱਡਾ ਯੋਗਦਾਨ ਹੈ । ਇਨ੍ਹਾਂ ਨੇ ਇਹੋ ਜਿਹੀਆਂ ਗੱਲਾਂ ਕੀਤੀਆਂ ਜਿਨ੍ਹਾਂ ਦਾ ਲੋਕਾਂ ਦੇ ਮਨਾਂ ਵਿੱਚ ਬਹੁਤ ਵੱਡਾ ਅਸਰ ਸੀ। ਇਸ ਲਈ ਮੇਰਾ ਕਹਿਣ ਤੋਂ ਭਾਵ ਹੈ ਕਿ ਅੱਜ ਸਾਨੂੰ ਸਾਰਿਆਂ ਨੂੰ ਇਸ ਪਾਸੇ ਜੁੜਨਾ ਚਾਹੀਦਾ ਹੈ ਅਤੇ ਡਰੱਗਜ਼ ਦੇ ਮਸਲੇ ਸੰਬੰਧੀ ਸਾਨੂੰ ਆਪਣੀ ਜ਼ੁੰਮੇਵਾਰੀ ਸਮਝ ਕੇ ਇਸ ਦਾ ਰਲ ਮਿਲ ਕੇ ਖਾਤਮਾ ਕਰਨਾ ਚਾਹੀਦਾ ਹੈ ਤੇ ਇੱਕ ਦੂਜੇ ਨੂੰ ਮਿਹਣੇ ਨਹੀਂ ਦੇਣੇ ਚਾਹੀਦੇ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਖੇਤੀਬਾੜੀ ਦੇ ਕਿੱਤੇ ਨੂੰ ਕਾਇਮ ਰੱਖਣ ਸੰਬੰਧੀ ਇਹ ਭੁਲੇਖਾ ਕੱਢ ਦਿਓ ਕਿ ਫਸਲੀ ਬਦਲ ਨਾਲ ਸਾਰ ਲਵਾਂਗੇ । ਫਸਲੀ ਬਦਲ ਬਾਰੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕੋਸ਼ਿਸ਼ ਕੀਤੀ ਹੈ, ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੋਸ਼ਿਸ਼ ਕੀਤੀ ਸੀ ਪਰ ਸਫਲ ਨਹੀਂ ਹੋ ਸਕੇ। ਇਹ ਕਿਵੇਂ ਪਤਾ ਲੱਗਿਆ ਕਿ ਸਫਲ ਨਹੀਂ ਹੋ ਸਕੇ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਗੰਨਾ ਮਿੱਲਾਂ ਲਾਈਆਂ, ਕੀ ਕੋਈ ਚੱਲੀ ? ਸਭ ਨਿਲਾਮ ਹੋਈ ਜਾਂਦੀਆਂ ਹਨ। ਸਿਰਫ਼ ਦੋ ਮਿੱਲਾਂ ਇੱਕ ਨਵਾਂਸ਼ਹਿਰ ਅਤੇ ਦੂਜੀ ਮੋਰਿੰਡੇ ਵਿਖੇ ਹੀ ਚੱਲ ਰਹੀਆਂ ਹਨ । ਬਾਕੀ ਸਾਰੀਆਂ ਫੇਲ੍ਹ ਹੋ ਗਈਆਂ ਹਨ। ਤੁਹਾਡੀ ਰੈਲੀ ਕਰਕੇ ਜਗਰਾਉਂ ਵਾਲੀ ਮਿੱਲ ਵੇਚਣੀ ਪਈ। ਤੁਹਾਡੇ ਸਾਹਮਣੇ ਜ਼ੀਰੇ ਵਾਲੀ ਮਿੱਲ ਫੇਲ੍ਹ ਹੋਈ, ਚਾਹੇ ਫਰੀਦਕੋਟ ਦੀ ਮਿੱਲ ਹੈ, ਉਹ ਵੀ ਫੇਲ੍ਹ ਹੋਈ। ਨੌਸ਼ਹਿਰਾ ਪੰਨੂਆਂ ਕੋਲ ਫੈਕਟਰੀ ਲੱਗੀ, ਉਹ ਵੀ ਫੇਲ੍ਹ ਹੋਈ ਹੈ, ਲੋਕਾਂ ਨੂੰ ਇਹ ਮਿੱਲ ਲਾਉਣ ਦਾ ਕਿੰਨਾ ਚਾਅ ਸੀ, ਉਨ੍ਹਾਂ ਨੇ ਗੰਨਾ ਬੀਜਿਆ, ਮੁੜ ਕੇ ਮਿੱਲ ਫਿਰ ਫੇਲ੍ਹ ਹੋ ਗਈ ਅਤੇ ਲੋਕਾਂ ਨੂੰ ਗੰਨੇ ਨੂੰ ਅੱਗ ਲਾਉਣੀ ਪਈ। ਮਿੱਲਾਂ ਨੇ ਟਾਈਮ ਤੇ ਗੰਨਾ ਨਹੀਂ ਚੁੱਕਿਆ। ਇਸ ਲਈ ਮੇਰਾ ਕਹਿਣ ਤੋਂ ਭਾਵ ਹੈ ਕਿ ਬਦਲ ਕਰਨ ਦਾ ਹਰ ਇਕ ਦਾ ਜੀਅ ਕਰਦਾ ਹੈ ਪਰ ਇਹ ਕਾਮਯਾਬ ਤਾਂ ਹੀ ਹੋ ਸਕਦਾ ਹੈ ਕਿ ਜੇਕਰ ਕੇਂਦਰ ਸਰਕਾਰ ਇਸ ਵਿੱਚ ਸਹਿਯੋਗ ਦੇਵੇ ਪਰ ਖੇਤੀ ਨੂੰ ਅੱਗੇ ਲਿਜਾਉਣ ਵਾਸਤੇ ਕੇਂਦਰ ਸਰਕਾਰ ਦਾ ਕੋਈ ਸਹਿਯੋਗ ਨਹੀਂ ਮਿਲਦਾ।

ਡਿਪਟੀ ਸਪੀਕਰ ਸਾਹਿਬ, ਇਸ ਸਬੰਧ ਵਿੱਚ ਦੂਜੀ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਇਸ ਦਾ ਦੂਜਾ ਬਦਲ ਲੋਕਾਂ ਨੇ ਆਲੂ ਲੱਭਿਆ ਸੀ । ਲੋਕਾਂ ਨੇ ਆਲੂ ਲਾਉਣੇ ਸ਼ੁਰੂ ਕੀਤੇ । ਜਦ ਤੱਕ ਆਲੂ ਦੀ ਮਿਨੀਮਮ ਸਪੋਰਟ ਪ੍ਰਾਈਸ ਫਿਕਸ ਨਹੀਂ ਹੁੰਦੀ ਉਤਨਾ ਚਿਰ ਇਹ ਬਚ ਨਹੀਂ ਸਕਦਾ। ਅੱਜ ਕਣਕ ਅਤੇ ਝੋਨੇ ਦੀ ਮਿਨੀਮਮ ਸਪੋਰਟ

ਪ੍ਰਾਈਸ ਫਿਕਸ ਕੀਤੀ ਹੋਈ ਹੋਣ ਕਰਕੇ ਬਚੇ ਹੋਏ ਹਨ । ਜੇਕਰ ਇਹ ਨਾ ਹੋਵੇ ਤਾਂ ਅੱਜ ਤੁਹਾਡੇ ਸਾਹਮਣੇ ਇਨ੍ਹਾਂ ਫ਼ਸਲਾਂ ਦੀ ਖਰੀਦ ਹੀ ਨਾ ਹੋਵੇ। ਆਲੂ ਦਾ ਹਾਲ ਕੀ ਹੈ ? ਜਦੋਂ ਯੂ.ਪੀ. ਵਿੱਚ ਕੋਰਾ ਪੈ ਜਾਂਦਾ ਹੈ ਤਾਂ ਪੰਜਾਬ ਵਿੱਚ ਆਲੂਆਂ ਦਾ ਭਾਅ ਵੱਧ ਮਿਲਣ ਲੱਗ ਜਾਂਦਾ ਹੈ। ਐਤਕੀਂ 8-9 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ। ਜਦੋਂ ਯੂ.ਪੀ. ਵਿੱਚ ਵਧੀਆ ਫਸਲ ਹੋ ਜਾਂਦੀ ਹੈ ਤਾਂ ਕੋਈ ਆਲੂ ਨੂੰ ਇੱਕ ਰੁਪਏ ਵਿੱਚ ਵੀ ਨਹੀਂ ਚੁੱਕਦਾ ਜਿਸ ਕਾਰਨ ਸਾਨੂੰ ਇਹ ਸੜਕਾਂ ਤੇ ਸੁੱਟਣਾ ਪੈਂਦਾ ਹੈ ਕਿਉਂਕਿ ਪੰਜਾਬ ਵਾਲੇ ਇੰਨਾ ਆਲੂ ਨਹੀਂ ਖਾ ਸਕਦੇ। ਇਹ ਜਾਣਾ ਤਾਂ ਉਥੇ ਹੀ ਹੈ ਜਿਹੜੇ ਸੂਬਿਆਂ ਵਿੱਚ ਅਬਾਦੀ ਦੀ ਬਹੁਗਿਣਤੀ ਹੈ। ਇਸ ਕਰਕੇ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜੇਕਰ ਮਿਨੀਮਮ ਸਪੋਰਟ ਪ੍ਰਾਈਸ ਹੋਵੇ ਅਤੇ ਸਰਕਾਰ ਦੀ ਜ਼ਿੰਮੇਵਾਰੀ ਹੋਵੇ ਕਿ ਅਸੀਂ ਆਲੂ ਇਸ ਰੇਟ ਤੇ ਚੁੱਕਾਂਗੇ ਤਾਂ ਹੀ ਕਿਸਾਨਾਂ ਨੂੰ ਆਲੂ ਬੀਜਣ ਦਾ ਫਾਇਦਾ ਹੈ । ਅੱਜ ਤੋਂ ਦੋ ਸਾਲ ਪਹਿਲਾਂ ਆਲੂਆਂ ਨਾਲ ਕੀ ਹੋਇਆ ਸੀ ? ਇਸ ਸਾਲ 8-9 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ ਕਿਉਂਕਿ ਯੂ.ਪੀ. ਵਿੱਚ ਆਲੂ ਕੋਰੇ ਨਾਲ ਮਰ ਗਿਆ ਹੈ। ਅਸੀਂ ਇਹ ਨਹੀਂ ਚਾਹੁੰਦੇ ਕਿ ਕੋਰਾ ਪਵੇ, ਅਸੀਂ ਚਾਹੁੰਦੇ ਹਾਂ ਕਿ ਦਿੱਲੀ ਵਿੱਚ, ਕੇਂਦਰ ਵਿੱਚ ਚਾਹੇ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਉਹ ਮਿਨੀਮਮ ਸਪੋਰਟ ਪ੍ਰਾਈਸ ਫਿਕਸ ਕਰੇ ਕਿ ਇਸ ਦਾ ਘਾਟਾ ਅਸੀਂ ਝੱਲਾਂਗੇ। ਫਿਰ ਜਾ ਕੇ ਇਨ੍ਹਾਂ ਫਸਲਾਂ ਨੇ ਸਫਲ ਹੋਣਾ ਹੈ। ਡਿਪਟੀ ਸਪੀਕਰ ਸਾਹਿਬ, ਮੇਰਾ ਕਹਿਣ ਦਾ ਭਾਵ ਇਹ ਹੈ ਕਿ ਬਦਲ ਵਾਸਤੇ ਲੋਕਾਂ ਨੇ ਗੰਨਾ ਬੀਜਣਾ ਸ਼ੁਰੂ ਕੀਤਾ ਸੀ ਪਰ ਅਸੀਂ ਇਸ ਵਿੱਚ ਫੇਲ੍ਹ ਹੋ ਗਏ । ਫਿਰ ਆਲੂ ਬੀਜਣੇ ਸ਼ੁਰੂ ਕੀਤੇ ਸਨ, ਇਹ ਕਦੇ ਤਾਂ ਅਸੀਂ ਲੋੜ ਨਾਲੋਂ ਦੁੱਗਣੇ ਆਲੂ ਬੀਜ ਲੈਂਦੇ ਹਾਂ ਕਿਉਂਕਿ ਉਨ੍ਹਾਂ ਦੇ ਰੇਟ ਅਤੇ ਲੋੜ ਦਾ ਅੰਦਾਜ਼ਾ ਪਹਿਲਾਂ ਨਹੀਂ ਲੱਗਦਾ ਪਰ ਇਸ ਵਿੱਚ ਵੀ ਅਸੀਂ ਫੇਲ੍ਹ ਹੋਏ । ਜੇਕਰ ਕੋਈ ਹੋਰ ਫਸਲ ਹੈ ਤਾਂ ਉਹ ਬਾਸਮਤੀ ਹੈ। ਇਸ ਵੇਲੇ ਜੇਕਰੰ ਕੋਈ ਫ਼ਸਲ ਸਾਨੂੰ ਬਚਾ ਸਕਦੀ ਹੈ ਤਾਂ ਉਹ ਬਾਸਮਤੀ ਹੈ ਕਿਉਂਕਿ ਉਸ ਦਾ ਪੱਕਣ ਦਾ ਟਾਈਮ ਬਹੁਤ ਘੱਟ ਹੈ। ਜਿਹੜਾ ਪੂਸਾ ਝੋਨਾ ਹੈ, ਇਹ ਚਾਰ ਮਹੀਨਿਆਂ ਵਿੱਚ ਪੱਕਦਾ ਹੈ ਅਤੇ ਪਾਣੀ ਜ਼ਿਆਦਾ ਖਾਂਦਾ ਹੈ, ਬਿਜਲੀ ਜ਼ਿਆਦਾ ਖਾਂਦਾ ਹੈ, ਜ਼ਮੀਨ ਬਰਬਾਦ ਕਰਦਾ ਹੈ, 4-4 ਬੋਰੀਆਂ ਯੂਰੀਆ ਖਾਂਦਾ ਹੈ, ਡੀ.ਏ.ਪੀ. ਦੀਆਂ ਬੋਰੀਆਂ ਖਾਂਦਾ ਹੈ ਜਦ ਕਿ ਬਾਸਮਤੀ ਦਾ ਖੇਤ ਇੱਕ ਬੋਰੀ ਯੂਰੀਏ ਨਾਲ ਤਿਆਰ ਹੋ ਜਾਂਦਾ ਹੈ ਅਤੇ ਢਾਈ ਮਹੀਨਿਆਂ ਵਿੱਚ ਪੱਕ ਵੀ ਜਾਂਦਾ ਹੈ। ਇਸ ਲਈ ਮੇਰਾ ਕਹਿਣ ਤੋਂ ਭਾਵ ਹੈ ਕਿ ਜੇਕਰ ਬਾਸਮਤੀ ਹੀ ਬੀਜ ਲਈ ਜਾਵੇ ਤਾਂ ਠੀਕ ਰਹੇਗਾ। ਕਿਸਾਨ ਆਪ ਕਹਿੰਦੇ ਹਨ ਕਿ ਇਸ ਦਾ ਮਿਨੀਮਮ ਸਪੋਰਟ ਪ੍ਰਾਈਸ 2000/- ਰੁਪਿਆ ਪ੍ਰਤੀ ਕੁਇੰਟਲ ਹੀ ਕਰ ਦਿਓ। ਆਪਾਂ ਕਹਿੰਦੇ ਹਾਂ ਕਿ ਇਸ ਵਾਰ 3500/- ਜਾਂ 4000/- ਰੁਪਏ ਪ੍ਰਤੀ ਕੁਇੰਟਲ ਵਿਕ ਗਈ ਪਰ ਇਸ ਦਾ ਸਿੱਟਾ ਕੀ ਨਿਕਲਿਆ? ਤੁਸੀਂ ਹੈਰਾਨ ਹੋਵੋਗੇ ਕਿ ਵਪਾਰੀ ਖੰਨੇ ਦੀ ਮੰਡੀ ਦਾ 70 ਕਰੋੜ ਰੁਪਿਆ ਨਹੀਂ ਦੇ ਰਹੇ, ਆੜ੍ਹਤੀ ਉਵੇਂ ਹੀ ਫਿਰਦੇ ਹਨ। ਮੋਗੇ ਦੀ ਮੰਡੀ ਦਾ 10-12 ਕਰੋੜ ਰੁਪਿਆ ਬਕਾਇਆ ਹੈ। ਵਪਾਰੀ ਬਾਸਮਤੀ ਖਰੀਦ ਕੇ ਲੈ ਗਏ, ਹੁਣ ਲੋਕ ਰੋਂਦੇ ਫਿਰਦੇ ਹਨ। ਜੇਕਰ ਸਰਕਾਰ ਵੱਲੋਂ ਮਿਨੀਮਮ ਸਪੋਰਟ ਪ੍ਰਾਈਸ ਫਿਕਸ ਕੀਤੀ ਹੁੰਦੀ ਤਾਂ ਇਸ ਦਾ ਸਿੱਟਾ ਕਿੰਨਾ ਵਧੀਆ ਨਿਕਲਦਾ। ਭਾਵੇਂ ਉਹ 3000/- ਰੁਪਏ ਦੀ ਬਜਾਏ 2800/- ਰੁਪਏ ਪ੍ਰਤੀ ਕੁਇੰਟਲ ਹੀ ਵਿਕਦੀ ਪਰ ਕਿਸਾਨ ਨੂੰ ਪੈਸੇ ਤਾਂ ਮਿਲਦੇ।

[ਸਰਦਾਰ ਤੋਤਾ ਸਿੰਘ]

ਕਿਸਾਨ ਆੜ੍ਹਤੀਆਂ ਮਗਰ ਤੁਰੇ ਫਿਰਦੇ ਹਨ ਅਤੇ ਜਿਹੜੇ ਆੜ੍ਹਤੀਏ ਹਨ, ਉਹ ਵਪਾਰੀ ਮਗਰ ਤੁਰੇ ਫਿਰਦੇ ਹਨ, ਜਿਨ੍ਹਾਂ ਦੋਹਾਂ-ਚਹੁੰਆਂ ਨੇ ਇਸ ਨੂੰ ਖਰੀਦਿਆ ਹੈ। ਇਸ ਕਰਕੇ ਸਾਨੂੰ ਰਲ-ਮਿਲ ਕੇ ਇਸ ਪਾਸੇ ਧਿਆਨ ਦੇਣਾ ਪਵੇਗਾ ਕਿ ਬਾਸਮਤੀ ਦੀ ਮਿਨੀਮਮ ਸਪੋਰਟ ਪ੍ਰਾਈਸ ਫਿਕਸ ਹੋਣੀ ਚਾਹੀਦੀ ਹੈ, ਫਿਰ ਹੀ ਬਚਾਅ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਪੂਸਾ ਝੋਨਾ ਬੀਜਣ ਤੋਂ ਬਚ ਜਾਵਾਂਗੇ, ਇਸ ਨਾਲ ਪਾਣੀ ਦਾ ਵੀ ਬਚਾਅ ਹੋ ਸਕਦਾ ਹੈ, ਬਿਜਲੀ ਵੀ ਬਚਾਅ ਲਵਾਂਗੇ ਅਤੇ ਸੂਬਾ ਵੀ ਅੱਗੇ ਵੱਧ ਸਕਦਾ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਪੰਜਾਬ ਨੂੰ ਬਹੁਤ ਵੱਡੀ ਦੇਣ ਹੈ, ਜੋ ਮਾਨਯੋਗ ਗਵਰਨਰ ਸਾਹਿਬ ਨੇ 147 ਪੇਜ਼ ਦਾ ਆਪਣਾ ਭਾਸ਼ਣ ਦਿੱਤਾ ਹੈ, ਇਸ ਸਬੰਧੀ ਸਾਰੀਆਂ ਗੱਲਾਂ ਉਸ ਵਿੱਚ ਦਰਜ ਕੀਤੀਆਂ ਗਈਆਂ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਹ ਮਤਾ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ । ਤੁਹਾਡਾ ਬਹੁਤ ਬਹੁਤ ਧੰਨਵਾਦ ।

ਮਾਨਯੋਗ ਡਿਪਟੀ ਸਪੀਕਰ : ਧੰਨਵਾਦ । ਸ਼੍ਰੀ ਸੁਨੀਲ ਜਾਖੜ ਜੀ।

ਸ਼੍ਰੀ ਸੁਨੀਲ ਜਾਖੜ (ਅਬੋਹਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਅਭਾਰੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। (ਮਾਨਯੋਗ ਚੀਫ਼ ਮਨਿਸਟਰ ਵੱਲੋਂ ਥੰਪਿੰਗ) ਨਾਲ ਹੀ ਮੈਂ ਧੰਨਵਾਦੀ ਹਾਂ ਕਿ ਮਾਨਯੋਗ ਚੀਫ਼ ਮਨਿਸਟਰ ਸਾਹਿਬ ਦਾ ਕਿ ਉਨ੍ਹਾਂ ਨੇ ਨੇ ਹੌਸਲਾ ਅਫ਼ਜ਼ਾਈ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਕੋਈ ਵਜੂਹਾਤ ਸੀ। It was not against the person or the position which H.E. the Governor holds, but because of the circumstances ਜਿਸ ਕਿਸਮ ਦਾ ਮਾਹੌਲ ਪੰਜਾਬ ਵਿੱਚ ਹੈ, ਉਸ ਦਾ ਪ੍ਰੋਟੈਸਟ ਜ਼ਾਹਰ ਕਰਨ ਵਾਸਤੇ ਅਸੀਂ ਵਾਕ-ਆਊਟ ਕੀਤਾ। ਮੈਂ ਗਵਰਨਰ ਐਡਰੈਸ ਦਾ ਪੈਰ੍ਹਾ ਗ੍ਰਾਫ ਨੰਬਰ 174 ਕੋਟ ਕਰਦਾ ਹਾਂ । I am sorry to say that ਜਿਹੜਾ ਚੀਮਾ ਸਾਹਿਬ ਧੰਨਵਾਦ ਦਾ ਪ੍ਰਸਤਾਵ ਲੈ ਕੇ ਆਏ ਹਨ, ਅਸੀਂ ਉਸ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਭਾਵੇਂ ਬਹੁਤ ਸਾਰੀਆਂ ਗੱਲਾਂ ਇਸ ਵਿੱਚ ਕਹੀਆਂ ਗਈਆਂ ਹਨ ਪਰ ਇਸ ਤੋਂ ਵੀ ਬਹੁਤ ਜ਼ਿਆਦਾ ਗੱਲਾਂ ਇਸ ਵਿੱਚੋਂ ਛੱਡ ਦਿੱਤੀਆਂ ਗਈਆਂ ਹਨ। ਪੰਜਾਬ ਦੀ ਹੋਂਦ ਤੋਂ ਲੈ ਕੇ ਅਤੇ ਪੰਜਾਬੀਅਤ ਨਾਲ ਸੰਬੰਧਿਤ ਅੱਜ ਵੀ ਲੋਕਾਂ ਦੇ ਜਿਹੜੇ ਭਾਵਨਾਤਮਕ ਮੁੱਦੇ ਹਨ, ਉਹ ਇਸ ਸਦਨ ਵਿੱਚ ਇੱਥੇ ਉਠਾਏ ਗਏ ਹਨ ਪਰ ਇੱਕ ਜਿਹੜਾ ਬਿਲਕੁਲ ਕਰੰਟ ਇਸ਼ੂ ਹੈ, ਉਹ ਇਹ ਸੀ ਕਿ ਅੱਜ ਜੋ ਸਾਡੇ ਪੰਜਾਬੀ ਭਰਾ ਗੁਜਰਾਤ ਵਿੱਚ ਬੈਠੇ ਹਨ, ਉਨ੍ਹਾਂ ਵਾਸਤੇ ਕਿਤੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਤੇ ਨਾ ਹੀ ਉਨ੍ਹਾਂ ਵਾਸਤੇ ਕੋਈ ਕਨਸਰਨ ਸ਼ੋਅ ਕੀਤਾ ਗਿਆ ਹੈ । ਸਿਰਫ ਇਹੀ ਨਹੀਂ ਕਿ ਕੇਵਲ ਇੱਥੇ ਹੀ ਆਪਾਂ ਕਨਸਰਨ ਹੀ ਸ਼ੋਅ ਨਹੀਂ ਕੀਤਾ ਬਲਕਿ ਗੌਰਮਿੰਟ ਦੀ ਵਿੱਲ ਅਤੇ ਸਿਨਸਿਅਰਟੀ ਆਫ ਪਰਪਜ਼ ਤਾਂ ਉਦੋਂ ਕਲੀਅਰ ਹੋਣੀ ਸੀ ਜਦੋਂ ਇਨ੍ਹਾਂ ਦੇ ਸੋਕਾਲਡ ਪ੍ਰਾਈਮਨਿਸਟਰੀਅਲ ਕੈਂਡੀਡੇਟ ਇੱਥੇ ਪੰਜਾਬ ਆਏ ਸਨ ਜਿਨ੍ਹਾਂ ਦੀ ਸਟੇਟ ਵਿੱਚ ਹੀ ਸਾਡੇ ਪੰਜਾਬੀਆਂ ਨੂੰ ਉਥੋਂ ਉਜਾੜਨ ਦੀ ਗੱਲ ਹੋ ਰਹੀ ਹੈ ਤੇ ਉਨ੍ਹਾਂ ਵਾਸਤੇ ਸੀ.ਐਮ. ਸਾਹਿਬ ਨੇ ਉਥੇ ਗੱਲ ਰੱਖੀ ਅਤੇ ਇਨ੍ਹਾਂ ਨੇ ਉਥੇ ਹੋਰ ਵੀ ਗੱਲਾਂ ਰੱਖੀਆਂ ਪਰ ਮੈਨੂੰ ਕਹਿੰਦਿਆਂ ਅਫਸੋਸ ਹੁੰਦਾ ਹੈ ਕਿ ਨਾ ਤਾਂ ਇਸ ਗੱਲ ਦਾ ਇੱਥੇ ਜ਼ਿਕਰ ਕੀਤਾ ਗਿਆ,

ਨਾ ਹੀ ਉਦੋਂ ਜ਼ਿਕਰ ਕੀਤਾ ਗਿਆ and that Prime Ministerial candidate not only ignored our Hon'ble Chief Minister's demands ਸਗੋਂ ਉਨ੍ਹਾਂ ਨੇ ਪੂਰੇ ਪੰਜਾਬ ਦੀ ਤੌਹੀਨ ਕੀਤੀ ਹੈ । ਉਹ ਕਿਸੇ ਗੱਲ ਤੇ ਤਾਂ ਆਉਂਦੇ। ਪੰਜਾਬ ਦੇ ਬਾਰੇ ਕੋਈ ਗੱਲ ਤਾਂ ਕਹਿੰਦੇ ਕਿ ਪੰਜਾਬ ਦੇ ਕਿਹੜੇ ਕਿਹੜੇ ਇਸ਼ੂਜ਼ ਹਨ। ਇੱਥੇ ਚੀਫ ਮਨਿਸਟਰ ਸਾਹਿਬ ਬੈਠੇ ਹਨ। ਮੈਂ ਤਾਂ ਅਜੇ ਵੀ ਇਹ ਮਹਿਸੂਸ ਕਰਦਾ ਹਾਂ ਭਾਵੇਂ ਹੁਣ ਤਾਂ ਚੈਪਟਰ ਕਲੋਜ਼ ਹੋ ਗਿਆ ਹੈ, but I feel that your rightful place is in the Parliament. Cheema Sahib was saying that ਉਥੇ ਜਾ ਕੇ ਇਹ ਗੱਲਾਂ ਕਹਿਣਾ। He was talking about Federalism ਕਿ ਸਾਡਾ ਕਾਂਸਟੀਚਿਊਸ਼ਨ ਕੀ ਹੈ। ਸਾਡੇ ਕਾਂਸਟੀਚਿਊਸ਼ਨਲ ਅਖਤਿਆਰਾਤ ਕੀ ਹਨ, devolution of funds from central grants ਬਾਰੇ ਉਹ ਗੱਲ ਕਰ ਰਹੇ ਸਨ ਪਰ ਰੀਜ਼ਨਲ ਪਾਰਟੀ ਹੋਣ ਦੇ ਨਾਤੇ ਮੈਂ ਸੋਚਦਾ ਹਾਂ, being a regional party it is the prerogative of this party that they can put forward the interest of the State. ਇੱਕ ਨੈਸ਼ਨਲ ਪਾਰਟੀ ਹੋਣ ਦੇ ਨਾਤੇ ਸਾਡੀ ਨੈਸ਼ਨਲ ਪਾਰਟੀ ਦੀ ਤਾਕਤ ਬਹੁਤ ਹੁੰਦੀ ਹੈ। ਸਾਡੇ ਕਈ ਕੰਸਟਰੇਂਟਸ ਵੀ ਹੁੰਦੇ ਹਨ ਪਰ ਇਹ ਤਾਂ ਆਪਣੀ ਗੱਲ ਉਥੇ ਉਨ੍ਹਾਂ ਦੇ ਸਾਹਮਣੇ ਰੱਖ ਸਕਦੇ ਸੀ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਅਜੇ ਵੀ ਜਾ ਕੇ ਇਨ੍ਹਾਂ ਇਸ਼ਜ਼ੂ ਤੇ ਗੱਲ ਕਰਨੀ ਚਾਹੀਦੀ ਹੈ। ਸਾਡੇ ਬਿਹਾਰ ਦੇ ਚੀਫ਼ ਮਨਿਸਟਰ ਹਨ, ਉਹ ਕਹਿੰਦੇ ਹਨ ਕਿ ਮੈਂ ਸਮਝੌਤਾ ਹੀ ਉਸ ਪਾਰਟੀ ਨਾਲ ਕਰਾਂਗਾ ਜਿਹੜੀ ਪਾਰਟੀ ਬਿਹਾਰ ਨੂੰ ਸਪੈਸ਼ਲ ਸਟੇਟੱਸ ਦੇਵੇਗੀ। He is very clear. ਉਹ ਆਈਡੋਲੌਜੀ ਦੇ ਚੱਕਰ ਵਿੱਚ ਨਹੀਂ ਪੈਂਦੇ, ਉਹ ਕਹਿੰਦੇ ਹਨ ਕਿ My ideology starts and begins with Bihar ਮਤਲਬ ਕਿ ਜਿਹੜਾ ਬਿਹਾਰ ਲਈ ਫਾਇਦੇ ਦੀ ਗੱਲ ਕਰੇਗਾ, ਮੈਂ ਉਸ ਦੇ ਨਾਲ ਖੜ੍ਹਾ ਹਾਂ। ਇੱਥੇ ਇੱਕ ਵਿਅਕਤੀ ਆਏ, ਆਪਣੀ ਸਾਰਿਆਂ ਦੀ ਗੱਲ ਅਣਸੁਣੀ ਕਰਕੇ ਕਹਿ ਗਿਆ ਕਿ ਮੈਂ ਤਾਂ ਆਪਣੀ ਮਰਜ਼ੀ ਕਰਾਂਗਾ। All it takes ਇਹ ਸੁਪਰੀਮ ਕੋਰਟ ਵਿੱਚੋਂ ਆਪਣੀ ਰਿੱਟ ਚੁੱਕ ਲੈਣ ਅਤੇ ਹਾਈ ਕੋਰਟ ਨੇ ਤਾਂ ਜ਼ਿਮੀਦਾਰਾਂ ਦੇ ਹੱਕ ਵਿੱਚ ਫੈਸਲਾ ਕੀਤਾ ਹੀ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਇਸੇ ਤਰ੍ਹਾਂ ਜਿਹੜੀ ਆਪਾਂ 50 ਫੀਸਦੀ ਫੰਡਜ਼ ਦੀ ਮੰਗ ਕਰਦੇ ਹਾਂ, ਇਹ ਕਿਉਂ ਨਹੀਂ ਮਸਲਾ ਉਥੇ ਰੱਖਿਆ ਗਿਆ ਕਿ ਸਾਨੂੰ 50 ਫੀਸਦੀ ਸ਼ੇਅਰ ਮਿਲਣਾ ਚਾਹੀਦਾ ਹੈ, ਉਥੇ ਇਹ ਗੱਲ ਕਿਉਂ ਨਹੀਂ ਕੀਤੀ ਗਈ। ਅਜੇ ਵੀ ਪੇਸ਼ ਕਰ ਦਿਓ ਕਿ ਅਸੀਂ ਤਾਂ ਉਸ ਫਰੰਟ ਦੇ ਨਾਲ ਖੜ੍ਹਾਂਗੇ ਜਿਹੜਾ ਸਾਡੀਆਂ ਇਹ ਗੱਲਾਂ ਮੰਨੇਗਾ।

*1.22 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮੇਰੇ ਕਹਿਣ ਦਾ ਭਾਵ ਹੈ ਕਿ ਇੱਥੇ ਆਪਾਂ ਮੇਨ ਮੁੱਦੇ ਨੂੰ ਡਾਈਵਰਟ ਕਰਨ ਵਾਸਤੇ ਦੂਜੇ ਪਾਸੇ ਚੱਲ ਪੈਂਦੇ ਹਾਂ। ਜਿਨ੍ਹਾਂ ਦੀ ਗੱਲ ਕਰਨੀ ਚਾਹੀਦੀ ਸੀ, ਉਨ੍ਹਾਂ ਬਾਰੇ ਗੱਲ ਕੀਤੀ ਨਹੀਂ ਜਾਂਦੀ । ਤੁਹਾਡੇ ਇੱਥੇ ਬਹੁਤ ਸਾਰੇ ਆਪਣੇ ਗਰੱਜਿਜ਼ ਸੈਂਟਰ ਗੌਰਮਿੰਟ ਨਾਲ ਹਨ, ਵਾਰ ਵਾਰ ਉਨ੍ਹਾਂ ਸਬੰਧੀ ਮੈਨਸ਼ਨ ਕੀਤਾ ਹੈ। But Speaker Sahib, Are we not ignoring certain fact ? ਯੂ.ਪੀ.ਏ. ਗੌਰਮਿੰਟ ਦੇ 10 ਸਾਲ ਪੂਰੇ ਹੋਏ। U.P.A Govt.

[ਸ਼੍ਰੀ ਸੁਨੀਲ ਜਾਖੜ]

headed by Dr. Manmohan Singh, ਕੀ ਕਿਤੇ ਉਨ੍ਹਾਂ ਬਾਰੇ ਕੋਈ ਜ਼ਿਕਰ ਕੀਤਾ ਗਿਆ ਹੈ ? Such a great personality, I would say he is not only a Punjabi, but a great Indian, ਜਿਨ੍ਹਾਂ ਦਾ ਲੋਹਾ ਸਾਰੇ ਵਰਲਡ ਵਿੱਚ ਮੰਨਿਆ ਜਾਂਦਾ ਹੈ, ਕੀ ਇੱਕ ਲਾਈਨ ਵੀ ਉਨ੍ਹਾਂ ਬਾਰੇ ਪਾਈ ਹੈ ਕਿ ਅਸੀਂ ਉਨ੍ਹਾਂ ਦੇ ਅਭਾਰੀ ਹਾਂ। He has been generous for the economy of this country. ਉਨ੍ਹਾਂ ਨੇ ਦੇਸ਼ ਦੀ ਇਕਾਨਮੀ ਨੂੰ ਖੜ੍ਹਾ ਕੀਤਾ ਹੈ, ਉਨ੍ਹਾਂ ਦਾ ਪੰਜਾਬ ਦੇ ਨਾਲ ਲਗਾਅ ਸੀ, ਇੱਥੇ ਸੀ.ਐਮ. ਸਾਹਿਬ ਖੁਦ ਬੈਠੇ ਹਨ, ਇਨ੍ਹਾਂ ਨੇ ਇੱਕ ਵਾਰੀ ਇਸ ਹਾਊਸ ਵਿੱਚ ਕਿਹਾ ਸੀ ਕਿ ਮੈਨੂੰ ਤੁਹਾਡੀ ਕਾਂਗਰਸੀਆਂ ਦੀ ਲੋੜ ਨਹੀਂ ਹੈ, ਮੇਰੀ ਗੱਲ ਤਾਂ ਡਾਕਟਰ ਮਨਮੋਹਨ ਸਿੰਘ ਮੋੜਦੇ ਹੀ ਨਹੀਂ। ਕੀ ਉਨ੍ਹਾਂ ਗੱਲਾਂ ਨੂੰ ਹੁਣ ਭੁੱਲ ਗਏ ਹੋ? ਉਨ੍ਹਾਂ ਨੇ ਜੋ ਕੁਝ ਕੀਤਾ ਹੈ, ਪੰਜਾਬ ਦੇ ਫਾਇਦੇ ਵਾਸਤੇ ਕੀਤਾ ਹੈ, ਸ਼ਾਹਪੁਰ ਕੰਢੀ ਦਾ ਪ੍ਰਾਜੈਕਟ ਵੀ ਬਣਾਇਆ ਹੈ। ਸਰਦਾਰ ਤੋਤਾ ਸਿੰਘ ਜੀ ਨੇ ਸਹੀ ਸਹੀ ਗੱਲਾਂ ਕੀਤੀਆਂ ਹਨ। ਇਨ੍ਹਾਂ ਨੇ ਕਿਸਾਨਾਂ ਬਾਰੇ ਗੱਲ ਕੀਤੀ ਹੈ ਕਿ ਇਸ ਪ੍ਰੋਜੈਕਟ ਨਾਲ 5000 ਹੈਕਟੇਅਰ ਰਕਬਾ ਇਰੀਗੇਟ ਹੋਵੇਗਾ। 260 ਮੈਗਾਵਾਟ ਪਾਵਰ ਅਲੱਗ ਮਿਲੇਗੀ। ਜਦੋਂ ਉਨ੍ਹਾਂ ਨਾਲ ਜਾ ਕੇ ਗੱਲ ਕੀਤੀ ਗਈ, ਉਨ੍ਹਾਂ ਨੇ ਇਸ ਨੂੰ ਨੈਸ਼ਨਲ ਪ੍ਰਾਜੈਕਟ ਡਿਕਲੇਅਰ ਕੀਤਾ। ਇਹ ਤਕਰੀਬਨ 2200 ਕਰੋੜ ਰੁਪਏ ਦਾ ਪ੍ਰਾਜੈਕਟ ਹੈ। ਇਸ ਬਾਰੇ ਕਿਤੇ ਮੈਨਸ਼ਨ ਹੀ ਨਹੀਂ ਕੀਤਾ ਗਿਆ। ਇਸ ਬਾਰੇ ਕਿਤੇ ਧੰਨਵਾਦ ਨਹੀਂ ਕੀਤਾ ਗਿਆ। ਸੇਮ ਦਾ ਮਸਲਾ ਸਾਰੇ ਪੰਜਾਬ ਦਾ ਸੀ, ਇਹ ਵੀ 2200 ਕਰੋੜ ਰੁਪਏ ਦਾ ਹੈ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਮੈਨੂੰ ਨਾਲ ਲੈ ਕੇ ਗਏ ਪਰ ਜਿਸ ਬੰਦੇ ਦਾ ਅਸਲ ਵਿੱਚ ਵਡੱਪਣ ਹੈ ਕਿ ਉਨ੍ਹਾਂ ਨੇ ਪੰਜਾਬ ਦੀ ਗੱਲ ਨੂੰ ਮੰਨਿਆ, ਉਨ੍ਹਾਂ ਬਾਰੇ ਜ਼ਿਕਰ ਕਰਨਾ ਬਣਦਾ ਸੀ। (ਆਪੋਜ਼ੀਸ਼ਨ ਬੈਂਚਿੰਜ ਵੱਲੋਂ ਥੰਪਿੰਗ) ਪਰ ਇਹ ਹੁਣ ਗੱਲ ਕਰਦੇ ਹਨ, at the fag end of its tenure. ਸਪੀਕਰ ਸਾਹਿਬ, ਮੇਰੇ ਕੋਲ 10 ਸਤੰਬਰ, 2010 ਦਾ ਇਹ ਮਤਾ ਪਿਆ ਹੈ । ਇਸ ਵਿੱਚ ਲਿਖਿਆ ਹੋਇਆ ਹੈ, "Official resolution regarding expressing deep gratitude to the Union Minister Shri Jai Ram Ramesh for giving wholesome support for the scheme to make the State of Punjab pollution free." ਮੋਫਰ ਸਾਹਿਬ, ਜਿਹੜੀ ਤੁਸੀਂ ਘੱਗਰ ਦੀ ਸਫਾਈ ਦੀ ਗੱਲ ਕਹਿ ਰਹੇ ਸੀ, ਖੁਦ ਬਾਦਲ ਸਾਹਿਬ ਨੇ in his own speech, in his own resolution ਇਨ੍ਹਾਂ ਨੇ ਕਿਹਾ ਹੈ ਕਿ ਪੂਰੇ ਹਿੰਦੁਸਤਾਨ ਵਿੱਚ ਜਿੰਨੇ ਫੰਡਜ਼ ਦਿੱਤੇ ਗਏ ਹਨ, ਉਸ ਦਾ 22 ਫੀਸਦੀ ਇਕੱਲਾ ਪੰਜਾਬ ਨੂੰ ਦਿੱਤਾ ਗਿਆ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਕੀ ਇਹ ਯੂ.ਪੀ.ਏ. ਸਰਕਾਰ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਵੱਲੋਂ ਨਹੀਂ ਹੋਇਆ ? ਸੈਂਟਰਲ ਯੂਨੀਵਰਸਟੀ ਚਾਹੇ ਅੰਮ੍ਰਿਤਸਰ ਵਾਸਤੇ ਦਿੱਤੀ ਗਈ, ਚਾਹੇ ਬਠਿੰਡੇ ਵਾਸਤੇ ਦਿੱਤੀ ਗਈ, ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਟੱਡੀਜ਼ ਵਾਸਤੇ ਇੱਕ ਸੈਂਟਰ ਖੋਲ੍ਹਿਆ ਹੈ ਜਿਸ ਵਾਸਤੇ 44 ਕਰੋੜ ਰੁਪਏ ਸੈਂਕਸ਼ਨ ਕੀਤੇ ਗਏ ਪਰ ਇਸ ਦਾ ਵੀ ਗਵਰਨਰ ਐਡਰੈਸ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ। Since we are so sensitive ਆਪਣਾ ਇੱਕ ਅੰਗ ਹੈ ਧਰਮ ਦਾ, ਪੰਜ ਧਾਮਾਂ ਵਾਸਤੇ ਹੁਣ ਰੇਲ ਗੱਡੀ ਸ਼ੁਰੂ ਕੀਤੀ ਹੈ ਭਾਵੇਂ ਸਰਕਾਰਾਂ ਤਾਂ ਪਹਿਲਾਂ ਵੀ ਰਹੀਆਂ ਹਨ ਪਰ ਕਿਸੇ

ਨੇ ਇਹ ਉਪਰਾਲਾ ਨਹੀਂ ਕੀਤਾ ਜਿਹੜਾ ਹੁਣ ਕੀਤਾ ਗਿਆ ਹੈ ਪਰ ਇਸ ਦਾ ਵੀ ਕੋਈ ਜ਼ਿਕਰ ਨਹੀਂ ਕੀਤਾ ਗਿਆ । ਇਸੇ ਹਾਊਸ ਵਿੱਚ ਗੱਲ ਹੋਈ ਸੀ ਕਿ ਨਾਂਦੇੜ ਸਾਹਿਬ ਤੇ 1100 ਕਰੋੜ ਰੁਪਿਆ ਲੱਗਿਆ ਹੈ ਔਰ ਅੱਜ ਉਥੇ ਜਾ ਕੇ ਦੇਖੋ, ਉਸ ਨਗਰ ਦੀ ਠਾਠ ਦੇਖੋ ਪਰ ਅੱਜ ਗਵਰਨਰ ਐਡਰੈੱਸ ਵਿੱਚ ਡਾਕਟਰ ਮਨਮੋਹਨ ਸਿੰਘ ਦੀ ਗੱਲ ਹੀ ਨਹੀਂ ਆਈ। ਉਨ੍ਹਾਂ ਨੇ ਆਪਾਂ ਨੂੰ ਕਿੰਨੇ ਹੀ ਇੰਸਟੀਚਿਊਟਸ ਵੀ ਦਿੱਤੇ ਹਨ । ਮੁਹਾਲੀ ਵਿੱਚ ਕੈਂਸਰ ਹਸਪਤਾਲ ਦਿੱਤਾ। ਰੇਲ ਕੋਚ ਫੈਕਟਰੀ ਦੀ ਗੱਲ ਲੈ ਲਓ, ਉਨ੍ਹਾਂ ਨੇ ਆਪ ਕਿਹਾ ਕਿ ਮੇਰੇ ਕੋਲੋਂ ਆਪਣੇ ਵਾਸਤੇ ਪ੍ਰਾਜੈਕਟ ਲੈ ਲਓ। ਤੁਸੀਂ ਮੰਨਿਆ ਵੀ ਹੈ ਕਿ ਜਿਹੜਾ ਨੇ ਬਰਿੰਗ ਸਟੇਟਸ ਵਾਸਤੇ ਸਟੇਟਸ ਲਿਆ ਹੈ, ਉਸ ਕਰਕੇ ਪੰਜਾਬ ਨੂੰ ਨੁਕਸਾਨ ਹੋਇਆ ਹੈ। ਅਸੀਂ ਜ਼ਮੀਨ ਹੀ ਨਹੀਂ ਪ੍ਰੋਵਾਈਡ ਕਰਵਾ ਸਕੇ। ਉਹ ਪ੍ਰਾਜੈਕਟ ਹਰਿਆਣੇ ਵਾਲੇ ਲੈ ਗਏ । ਉਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਕਿਹਾ ਸੀ ਕਿ ਮੇਰੇ ਤੋਂ ਰੇਲ ਕੋਚ ਫੈਕਟਰੀ ਵਾਸਤੇ ਪ੍ਰਾਜੈਕਟ ਲੈ ਲਓ। ਇਸ ਤੋਂ ਇਲਾਵਾ ਸਰਦਾਰ ਤੋਤਾ ਸਿੰਘ, ਚੀਮਾ ਸਾਹਿਬ ਅਤੇ ਸ਼ਰਮਾ ਜੀ ਨੇ ਵੀ ਗੱਲ ਕੀਤੀ, ਇਨ੍ਹਾਂ ਨੇ ਵਾਜਪਾਈ ਸਾਹਿਬ ਦਾ ਨਾਂ ਲਿਆ, ਉਹ ਵੀ ਸਾਡੇ ਲਈ ਬਹੁਤ ਸਤਿਕਾਰਯੋਗ ਹਨ। ਮੈਡਮ ਬਰਾੜ ਨੇ ਵੀ ਉਸ ਦਿਨ ਗੱਲ ਕੀਤੀ ਸੀ ਕਿ ਬਠਿੰਡਾ ਰਿਫਾਈਨਰੀ ਦਾ ਜਿਹੜਾ ਸਾਈਨ ਹੋਇਆ ਹੈ, it was done during the tenure of Sardar Harcharan Singh Brar, ਉਹ ਪੰਜਾਬ ਦਾ ਮਸਲਾ ਸੀ, ਸਾਰਿਆਂ ਦਾ ਸਾਂਝਾ ਮਸਲਾ ਹੈ, ਸਾਰਿਆਂ ਨੇ ਉਸ ਵਿੱਚ ਕੰਟਰੀਬਿਊਟ ਕੀਤਾ ਤੇ ਉਸ ਵਿੱਚ ਵਾਜਪਾਈ ਸਾਹਿਬ ਨੇ ਵੀ ਕੰਟਰੀਬਿਊਟ ਕੀਤਾ ਹੈ। Speaker Sahib, but is it not the fact that only one time exception has been made in the rule ਕਿਤੇ ਵੀ ਸਰਕਾਰ ਦੀ ਜਿਹੜੀ ਪੈਟਰੋਲੀਅਮ ਕੰਪਨੀ ਹੈ, ਉਹ 75 ਫੀਸਦੀ ਤੋਂ ਘੱਟ ਨਹੀਂ ਆਉਂਦੀ। They do not collaborate with an equal partner, not within this country. ਐਚ.ਪੀ.ਸੀ.ਐਲ. ਨਾਲ ਬਰਾਬਰ ਤੇ ਭਾਵ 49-49 ਫੀਸਦੀ ਤੇ ਮਿੱਤਲ ਸਾਹਿਬ ਨੇ ਮਨ੍ਹਾ ਕਰ ਦਿੱਤਾ ਕਿ ਮੈਂ ਇਸ ਪ੍ਰਾਜੈਕਟ ਤੇ ਕੋਈ ਪੈਸਾ ਨਹੀਂ ਲਗਾਉਣਾ । ਮੈਂ ਇਸ ਪ੍ਰਾਜੈਕਟ ਤੇ ਪੈਸਾ ਉਦੋਂ ਲਗਾਵਾਂਗਾ ਜਦੋਂ ਪੂਰਾ ਕੰਟਰੋਲ ਮੇਰੇ ਕੋਲ ਆਵੇਗਾ। ਫਿਰ ਮਕੈਨਿਜ਼ਮ ਬਣਿਆ। ਨਾਰਮਲੀ ਜੋ ਹੁੰਦਾ ਹੈ 49-51 ਫੀਸਦੀ ਪਰ ਇਸ ਤੇ ਵੀ ਮਿੱਤਲ ਸਾਹਿਬ ਨਹੀਂ ਮੰਨੇ। 49% to the government and 49% to Mr. Mittal ਅਤੇ 2 ਫੀਸਦੀ ਸ਼ੇਅਰ ਉਨ੍ਹਾਂ ਨੇ ਬਾਹਰ ਕੱਢ ਦਿੱਤੇ, Is it not worth mentioning? ਮੈਨੂੰ ਅਫਸੋਸ ਹੈ ਕਿ ਚੀਮਾ ਸਾਹਿਬ ਨੇ ਗੱਲ ਕੀਤੀ ਹੈ ਕਿ at the fag end of the tenure ਕਿ ਇਹ ਆਰਡੀਨੈਂਸ ਕੱਢ ਰਹੇ ਹਨ ਪਰ ਤੁਸੀਂ ਵੀ ਪਤਾ ਨਹੀਂ ਰਾਤ ਨੂੰ ਕਿਹੜੇ ਕਿਹੜੇ ਆਰਡੀਨੈਂਸ ਕੱਢੇ ਹਨ । ਉਨ੍ਹਾਂ ਨੂੰ 'ਜਾਟ' ਯਾਦ ਆ ਗਏ, ਤੁਹਾਨੂੰ 'ਜੱਟ' ਯਾਦ ਆ ਗਏ। ਕਿਉਂ ਲੋਕਾਂ ਦਾ ਫਰਕ ਪਾਉਂਦੇ ਹੋ, ਆਪਾਂ ਸਾਰੇ ਇਕੱਠੇ ਹਾਂ ਪਰ ਤੁਹਾਨੂੰ ਇਹ ਯਾਦ ਨਹੀਂ ਆਇਆ ਕਿ ਚਾਰ ਦਿਨਾਂ ਤੋਂ ਸਾਰੀ ਸਰਕਾਰ ਭੱਜੀ ਫਿਰਦੀ ਹੈ। ਸਪੀਕਰ ਸਾਹਿਬ, ਇੱਕ ਇੱਕ ਦਿਨ ਵਿੱਚ 20-20 ਨੀਂਹ ਪੱਥਰ ਰੱਖੇ ਜਾ ਰਹੇ ਹਨ। 'Jawahar Lal Nehru Urban Renewal Mission' ਦੇ ਤਹਿਤ Small and Medium Enterprises ਦੇ ਵਾਸਤੇ ਅਰਬਨ ਪ੍ਰਾਜੈਕਟ ਆਏ ਹਨ। ਸਪੀਕਰ ਸਾਹਿਬ, ਚਾਰ ਹਜ਼ਾਰ ਕਰੋੜ ਰੁਪਿਆ ਅਰਬਨ ਡਿਵੈਲਪਮੈਂਟ

[ਸ਼੍ਰੀ ਸੁਨੀਲ ਜਾਖੜ]

ਵਾਸਤੇ ਦਿੱਤਾ ਹੈ, ਗੁਰੂ ਨਗਰੀ ਵਾਸਤੇ ਦਿੱਤਾ ਹੈ ਅਤੇ ਲੁਧਿਆਣੇ ਵਾਸਤੇ ਵੀ ਪ੍ਰਾਜੈਕਟ ਬਣਾ ਕੇ ਦਿੱਤਾ ਹੈ। ਉਨ੍ਹਾਂ ਦਾ ਆਪਾਂ ਕਿਤੇ ਜ਼ਿਕਰ ਹੀ ਨਹੀਂ ਕੀਤਾ । ਸਪੀਕਰ ਸਾਹਿਬ, ਕਹਿਣਾ ਬੜਾ ਸੌਖਾ ਹੈ । ਇਹ ਕਹਿੰਦੇ ਹਨ ਕਿ ਕੇਂਦਰ ਸਰਕਾਰ ਸਾਡੇ ਨਾਲ ਵਿਤਕਰਾ ਕਰਦੀ ਹੈ। ਤੁਸੀਂ ਕਾਨੂੰਨ ਪੜ੍ਹ ਕੇ ਦੇਖਿਓ, ਉਸ ਵਿੱਚ ਲਿਖਿਆ ਹੈ: The grant can only be released to elected local bodies. ਆਪਣੀਆਂ ਜਿਹੜੀਆਂ ਲੋਕਲ ਬਾਡੀਜ਼ ਹਨ, ਉਹ ਸਾਰੀਆਂ ਭੰਗ ਪਈਆਂ ਹਨ। ਸਾਲ ਹੋ ਗਿਆ ਹੈ, ਉਨ੍ਹਾਂ ਦੇ ਇਲੈਕਸ਼ਨ ਨਹੀਂ ਹੋਏ। ਅਸੀਂ ਵੀ ਆਪਣਾ ਬਕਸਾ ਚੁੱਕ ਕੇ ਬਹਿ ਜਾਂਦੇ ਹਾਂ । ਸਾਡੇ ਸ਼ਹਿਰ ਅਬੋਹਰ ਦਾ ਕੀ ਹਾਲ ਹੈ। ਇਸ ਦੀ ਹਾਲਤ ਠੀਕ ਕਰੋ। ਕਹਿੰਦੇ ਜੀ, We can't help you, an exception has been made, Atleast it should be recognized here. ਡਿਪਟੀ ਸੀ. ਐਮ ਸਾਹਿਬ ਇੰਨੇ ਨੀਂਹ ਪੱਥਰ ਰੱਖ ਕੇ ਆਏ ਹਨ, ਕਿਤੇ ਇੱਕ ਵਾਰ ਤਾਂ ਕਹਿ ਦਿੰਦੇ ਕਿ ਮੈਂ ਸ਼੍ਰੀ ਕਮਲ ਨਾਥ ਜੀ ਦਾ ਅਤੇ ਦੀਪਾਦਾਸ ਮੁਨਸ਼ੀ ਜੀ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਸਾਨੂੰ ਐਕਸੈਪਸ਼ਨ ਦਿੱਤੀ ਹੈ ਕਿ ਐਫੀਡੈਵਿਟ ਦੇ ਦਿਓ, ਛੇ ਮਹੀਨਿਆਂ ਵਿੱਚ ਇਹ ਇਲੈਕਸ਼ਨ ਕਰਵਾ ਦਿਓਗੇ ਤੇ ਅਸੀਂ ਤੁਹਾਨੂੰ ਪੈਸੇ ਦੇ ਦਿਆਂਗੇ, not a single word, sir. ਸਪੀਕਰ ਸਾਹਿਬ, ਸਾਡੇ ਬਾਗੜੀਆ ਵਿੱਚ ਇਹ ਕਹਾਵਤ ਹੈ, ਪਤਾ ਨਹੀਂ ਇਹ ਪਾਰਲੀਮੈਂਟਰੀ ਹੈ ਕਿ ਨਹੀਂ ਪਰ ਜਿਆਨੀ ਸਾਹਿਬ ਬਿਲਕੁਲ ਸਮਝ ਜਾਣਗੇ, ਕਹਿੰਦੇ ਹਨ ਕਿ:

"ਮਾਲ ਖਾਵੇ ਖਸਮ ਕੇ, ਗੀਤ ਗਾਵੇ ਵੀਰਾਂ ਕੇ"

(ਹਾਸਾ) ਬਈ ਗੀਤ ਗਾਉਣੇ ਭਰਾਵਾਂ ਦੇ ਤੇ ਮਾਲ ਖਾਣਾ ਖਸਮ ਦਾ । ਮੈਂ ਆਨਰੇਬਲ ਮਨਿਸਟਰ ਸਾਹਿਬ ਨਾਲ ਬਿਲਕੁਲ ਸਹਿਮਤ ਹਾਂ ਕਿ ਇਹ ਪੈਸਾ ਨਾ ਤਾਂ ਯੂ.ਪੀ.ਏ ਗੌਰਮਿੰਟ ਦਾ ਹੈ, ਨਾ ਇਹ ਪੈਸਾ ਐਨ.ਡੀ.ਏ ਦਾ ਹੈ, ਨਾ ਇਹ ਪੈਸਾ ਤੁਹਾਡਾ ਹੈ ਅਤੇ ਨਾ ਹੀ ਮੇਰਾ ਹੈ। ਇਹ ਤਾਂ ਲੋਕਾਂ ਦਾ ਪੈਸਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜੇ ਕਰ ਦਿੱਤਾ ਹੈ ਤਾਂ ਕੋਈ ਅਹਿਸਾਨ ਨਹੀਂ ਕੀਤਾ ਪਰ ਇੱਕ ਪੰਜਾਬੀ ਹੋਣ ਦੇ ਨਾਤੇ ਕੀ ਸਾਡਾ ਫਰਜ਼ ਨਹੀਂ ਬਣਦਾ ਕਿ ਇੱਕ ਰੈਜ਼ੋਲਿਊਸ਼ਨ ਲੈ ਕੇ ਆਈਏ ਕਿ ਅਸੀਂ ਡਾਕਟਰ ਮਨਮੋਹਨ ਸਿੰਘ ਜੀ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਪੰਜਾਬ ਵਾਸਤੇ ਇੰਨਾ ਕੁਝ ਕੀਤਾ ਹੈ। ਇੱਥੇ ਲਈ 22 ਟਰੇਨਾਂ ਚਲਾਈਆਂ ਹਨ। ਸਪੀਕਰ ਸਾਹਿਬ, ਪੰਜਾਬ ਵਾਸਤੇ ਉਨ੍ਹਾਂ ਨੇ ਕਾਫੀ ਕੁਝ ਕੀਤਾ ਹੈ, ਕੋਈ ਇਨਫਰਾਸਟਰਕਚਰ ਪਲਾਨ ਲੈ ਲਓ, ਪੀ.ਜੀ.ਆਈ ਦਾ ਸੈਟੇਲਾਈਟ ਸੈਂਟਰ ਵੀ ਖੋਲ੍ਹ ਰਹੇ ਹਨ, ਇੱਕ ਕੈਂਸਰ ਦਾ ਇੰਸਟੀਚਿਊਟ ਵੀ ਖੁੱਲ੍ਹ ਰਿਹਾ ਹੈ, ਇਹ ਤਾਂ ਸਾਡੀ ਕਮਜ਼ੋਰੀ ਰਹਿ ਗਈ ਹੈ, ਬਾਕੀ ਉਨ੍ਹਾਂ ਵੱਲੋਂ ਕੋਈ ਘਾਟ ਨਹੀਂ ਹੈ ।I would say through you, ਅਸੀਂ ਚੀਫ ਮਨਿਸਟਰ ਸਾਹਿਬ ਦਾ ਵਡੱਪਣ ਮੰਨਾਂਗੇ, ਇਹ ਇਸ ਹਾਊਸ ਵਿੱਚ ਇਸ ਸਬੰਧੀ ਇੱਕ ਰੈਜ਼ੋਲਿਊਸ਼ਨ ਲੈ ਕੇ ਆਉਣ ਕਿ ਜੋ ਕੁਝ ਉਨ੍ਹਾਂ ਨੇ ਕੀਤਾ ਹੈ, ਮੈਂ ਉਸ ਵਾਸਤੇ ਧੰਨਵਾਦੀ ਹਾਂ। As a gentleman, a thorough gentleman, an economist, as Indian and Punjabi ਸਾਡੇ ਪ੍ਰਧਾਨ ਮੰਤਰੀ ਜੀ ਨੇ ਜੋ ਕੁਝ ਕੀਤਾ ਹੈ, ਅਸੀਂ ਉਨ੍ਹਾਂ ਦਾ ਕਦੇ ਦੇਣਾ ਨਹੀਂ ਦੇ ਸਕਦੇ। ਉਨ੍ਹਾਂ ਵਾਸਤੇ ਧੰਨਵਾਦ ਦਾ ਮਤਾ ਪਾਸ ਹੋਣਾ ਬਹੁਤ ਜ਼ਰੂਰੀ ਹੈ।

ਬਹੁਤ ਜ਼ਰੂਰੀ ਹੈ।

ਸਪੀਕਰ ਸਾਹਿਬ, ਬਹੁਤ ਸਾਰੇ ਇਸ਼ੂ ਮਿਲਾ ਕੇ ਜੇ ਦੇਖੀਏ ਤਾਂ ਇੱਕ ਇੱਕ ਇਸ਼ੂ ਪੰਜਾਬ ਦਾ ਬੜਾ ਗੰਭੀਰ ਹੈ ਜਿਸ ਬਾਰੇ ਮੈਂ ਸਮਝਦਾ ਹਾਂ ਕਿ ਸਾਹਮਣੇ ਬੈਠੇ ਵੀਰਾਂ ਦੀ ਮਤ ਅੱਡ ਹੈ ਅਤੇ ਸਾਡੀ ਅੱਡ ਹੈ । ਸਾਡਾ ਕਿਹਾ ਹੋਇਆ ਤਾਂ ਸਾਰਾ ਹੀ ਰੁਲ ਜਾਵੇਗਾ । ਇੰਨਾ ਰੌਲਾ ਪਿਆ ਹੋਇਆ ਹੈ। ਇਸ ਲਈ ਵਿਧਾਨ ਸਭਾ ਵਿੱਚ ਸਾਡੀ ਕਹੀ ਹੋਈ ਗੱਲ ਲੋਕਾਂ ਵਿੱਚ ਤਾਂ ਜਾਵੇ । ਮੈਨੂੰ ਤਾਂ ਇਹ ਵੀ ਪਤਾ ਲੱਗਿਆ ਹੈ ਕਿ ਤੁਸੀਂ ਜਿਹੜੀਆਂ ਸੀਟਾਂ ਪ੍ਰੈਸ ਵਾਲਿਆਂ ਨੂੰ ਦਿੰਦੇ ਹੋ, ਉਸ ਵਿੱਚ ਵੀ ਕਿਤੇ ਨਾ ਕਿਤੇ ਵਿਤਕਰਾ ਕਰਦੇ ਹੋ ਕਿ ਕੋਈ vernacular press ਹੈ, ਉਸ ਨੂੰ ਦੇ ਦਿੱਤੀ ਤੇ ਫਲਾਣੇ ਨੂੰ ਸੀਟ ਨਹੀਂ ਦਿੱਤੀ। ਸਪੀਕਰ ਸਾਹਿਬ, ਇੰਜ ਤਾਂ ਨਾ ਕਰੋ। ਜੇ ਕੱਲ੍ਹ ਨੂੰ ਤੁਸੀਂ ਆਨਰੇਬਲ ਸੀ.ਐਮ. ਸਾਹਿਬ ਦਾ ਜਵਾਬ ਟੈਲੀਕਾਸਟ ਕਰਵਾਉਗੇ ਤਾਂ ਸਾਡਾ ਜਵਾਬ ਵੀ ਕਮ-ਜ਼-ਕਮ ਕਲਮ ਨਾਲ ਹੀ ਹੋ ਜਾਵੇ ਪਰ ਲੋਕਾਂ ਵਿੱਚ ਤਾਂ ਜਾਵੇ । ਇੰਨਾ ਸਖਤ ਵਿਵਹਾਰ ਤਾਂ ਤੁਸੀਂ ਨਾ ਕਰੋ। ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ ਕਿ ਹੁਣ ਤਾਂ ਵਜ਼ਨ ਉੱਤਰ ਗਿਆ, ਹੁਣ ਤਾਂ ਜੱਜ ਸਾਹਿਬ ਵੀ ਤਿਆਰ ਸੀ, ਜੱਜ ਸਾਹਿਬ ਨੇ ਵੀ ਅਚਕਨ ਬਣਾ ਰੱਖੀ ਸੀ ਕਿ ਇੱਥੇ ਆਵਾਂਗੇ। ਹੁਣ ਤਾਂ ਇੱਥੇ ਆਪਾਂ ਹੀ ਹਾਂ। You are the authority. You should govern it with a firm hand. ਜਾਂ ਤਾਂ ਸਭ ਕੁਝ ਉਸ ਹਿਸਾਬ ਨਾਲ ਕਰੋ। ਇਹ ਕੀ ਮਤਲਬ ਹੋਇਆ ਕਿ ਜੇਕਰ ਤੁਹਾਡੇ ਖਿਲਾਫ ਜੇ ਕਿਸੇ ਨੇ ਖਬਰ ਲਗਾ ਦਿੱਤੀ ਤਾਂ ਤੁਸੀਂ ਉਸ ਦੀ ਕੁਰਸੀ ਪੁੱਟ ਦਿੱਤੀ। This is I personally think, ਇਹ ਤੌਹੀਨ ਹੈ, ਸਾਡਾ ਤਾਂ ਹੱਕ ਬਣਦਾ ਹੈ। In a democracy to walk out and to protest. ਕਹਿੰਦੇ ਹਨ ਕਿ :

"ਗੈਰੋਂ ਕੋ ਸੁਨਾਨੇ ਕੇ ਲੀਏ ਊਚਾ ਬੋਲਨਾ ਪੜਤਾ ਹੈ"

ਸਾਨੂੰ ਆਪਣੀ ਗੱਲ ਕਹਿਣੀ ਪੈਂਦੀ ਹੈ but we expect fairness from you and we expect great thing from you while you are in this Chair. ਸਪੀਕਰ ਸਾਹਿਬ, ਸ਼ਰਮਾ ਜੀ ਬੋਲ ਰਹੇ ਸੀ, he is very learned man, ਇਨ੍ਹਾਂ ਨੇ ਬੜੀਆਂ ਗੱਲਾਂ ਦੱਸੀਆਂ ਕਿ nucleus character of the family structure ਜਿਹੜਾ ਹੈ, ਉਹ ਖਤਮ ਹੁੰਦਾ ਜਾ ਰਿਹਾ ਹੈ। ਜਿਹੜੀ ਮੇਨ ਗੱਲ ਤੁਸੀਂ ਭੁੱਲ ਗਏ ਹੋ, ਉਹ ਹੈ unemployment. Unemployment is the concern of the day. ਉਸ ਦੇ ਉੱਤੇ ਡਿਬੇਟ ਮੰਗੋ, ਇਸ ਇਸ਼ੂ ਨੂੰ ਲੈ ਕੇ ਬਿਲਕੁਲ ਸਾਡੇ ਸੈਂਟੀਮੈਂਟਸ ਹਨ। I will come to that, ਮੈਂ ਉਸ ਉੱਤੇ ਵੀ ਆਵਾਂਗਾ ਪਰ ਮੇਰੇ ਕੋਲ ਸਦਨ ਦਾ ਜਵਾਬ ਪਿਆ ਹੈ। ਹੁਣ ਮੈਂ ਖਿਲਾਰਾ ਬਹੁਤ ਪਾਇਆ ਹੋਇਆ ਹੈ, ਮੇਰੇ ਕਾਗਜ਼ ਇੱਧਰ ਉੱਧਰ ਹੋ ਗਏ ਹਨ, the reply I have got ਕਿ ਸਰਕਾਰ ਨੇ ਮੰਨਿਆ ਹੈ ਕਿ ਸਾਡੇ ਪੰਜਾਬ ਵਿੱਚ unemployed youth ਦੀ ਤਿੰਨ ਲੱਖ ਦੀ ਸੰਖਿਆ ਹੈ । ਜਦੋਂ ਮੈਂ ਆਨਰੇਬਲ ਡਿਪਟੀ ਸੀ.ਐਮ. ਨੂੰ ਇਸ ਦਾ ਜਵਾਬ ਪੁੱਛਿਆ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਜਿਨ੍ਹਾਂ ਨੇ ਆਪਣੇ ਨਾਂ employment exchange ਵਿੱਚ register ਕਰਵਾਏ ਹਨ, We are going by the data. ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ 16 ਦਸੰਬਰ ਦਾ ਅਖਬਾਰ ਲਈ ਫਿਰਦਾ ਹਾਂ because this is the only

[ਸ਼੍ਰੀ ਸੁਨੀਲ ਜਾਖੜ]

documentary evidence. ਬਾਕੀ ਸਾਰਾ ਕੁਝ ਤਾਂ ਸਰਕਾਰ ਕੋਲ ਪਿਆ ਹੈ। ਸਪੀਕਰ ਸਾਹਿਬ, ਆਨਰੇਬਲ ਸੀ.ਐਮ. ਸਾਹਿਬ ਅਤੇ ਸਾਰੇ ਮੈਂਬਰ ਸਾਹਿਬਾਨ ਖੁਸ਼ ਹੋ ਰਹੇ ਹਨ, but it is a matter of great shame for our so called progressive State ਕਿ 360 ਪੋਸਟਾਂ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਨੇ ਕੱਢੀਆਂ ਸਨ। ਉਸ ਦਿਨ ਚੰਡੀਗੜ੍ਹ ਵਿੱਚ ਅਤੇ ਪੰਜਾਬ ਵਿੱਚ ਕੀ ਹੋਇਆ ਸੀ ? ਇਹ ਕਹਿੰਦੇ ਹਨ ਕਿ ਗੁੱਡ ਗਵਰਨੈਂਸ ਦੇ ਨਾਂ ਤੇ ਜਾ ਕੇ ਵੋਟਾਂ ਮੰਗਾਂਗੇ। ਚੀਮਾ ਸਾਹਿਬ, ਤੁਸੀਂ ਦੱਸ ਦਿਉ। I will conclude here only. Is this a sign of good governance, ਸਾਢੇ ਤਿੰਨ ਲੱਖ ਬੰਦੇ ਇੰਟਰਵਿਊ ਵਾਸਤੇ ਚੰਡੀਗੜ੍ਹ ਬੁਲਾ ਲਏ। ਕੀ ਸ਼ਰਮ ਨਹੀਂ ਆਈ ਕਿਸੇ ਨੂੰ ? ਉਨ੍ਹਾਂ ਅਫ਼ਸਰਾਂ ਨੂੰ ਸ਼ਰਮ ਨਹੀਂ ਆਈ ਜਿਨ੍ਹਾਂ ਨੇ ਕੈਂਡੀਡੇਟਸ ਨੂੰ ਕਿਹਾ ਕਿ ਤੁਸੀਂ ਇੱਥੇ ਆ ਕੇ ਇੰਟਰਵਿਊ ਦਿਉ। ਅਜੇ ਵੀ ਤੁਹਾਡੀ ਸਰਕਾਰ ਦੀਆਂ ਅੱਖਾਂ ਬੰਦ ਪਈਆਂ ਹਨ। ਸਾਨੂੰ ਕਹਿ ਰਹੇ ਹੋ ਕਿ we are on the path to progress. Is this the progress ? ਸਪੀਕਰ ਸਾਹਿਬ, ਇੱਕ -ਇੱਕ ਸੀਟ ਵਾਸਤੇ 10-10 ਹਜ਼ਾਰ ਬੰਦੇ ਆਏ ਹਨ। How do you expect us to behave in the decorum in this August House ? ਸਪੀਕਰ ਸਾਹਿਬ, ਮਜੀਠੀਆ ਸਾਹਿਬ ਹੁਣ ਜਾਂਦੇ ਰਹੇ ਹਨ। I strongly object, I think you should set the tradition. ਅਸੀਂ ਬਿਲਕੁਲ ਕਹਿੰਦੇ ਹਾਂ ਕਿ that should be called honourable. ਪਰ ਇਹ ਖਤਮ ਕਰੋ ਜੇ ਚੁਣ ਕੇ ਆ ਗਏ ਤਾਂ we cannot be entitled to be called honourable just because ਅਸੀਂ ਵੋਟਾਂ ਲੈ ਕੇ ਇੱਥੇ ਆ ਗਏ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮਾਨਯੋਗ ਮੈਂਬਰ ਡਾਕਟਰ ਦਲਜੀਤ ਸਿੰਘ ਚੀਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਸ਼੍ਰੀ ਸੁਨੀਲ ਜਾਖੜ : ਚੀਮਾ ਸਾਹਿਬ, ਪਲੀਜ਼, ਹੁਣ ਸੁਣ ਲਵੋ। ਤੁਹਾਨੂੰ ਮੈਂ ਆਨਰੇਬਲ ਕਹਿ ਦਿਆਂਗਾ। ਤੁਹਾਡੀ ਆਨਰੇਬਿਲਿਟੀ ਵਿੱਚ ਫਰਕ ਨਹੀਂ ਪਾਉਂਦਾ। ਸਪੀਕਰ ਸਾਹਿਬ, we are honourable by our deeds.

ਮਾਨਯੋਗ ਸਪੀਕਰ : ਇੱਕ ਮਿੰਟ, ਉਨ੍ਹਾਂ ਦਾ ਪੁਆਇੰਟ ਆਫ ਆਰਡਰ ਸੁਣ ਲਈਏ।

ਡਾਕਟਰ ਦਲਜੀਤ ਸਿੰਘ ਚੀਮਾ : ** **

Mr. Speaker : No, this is not a point of order.

ਡਾਕਟਰ ਦਲਜੀਤ ਸਿੰਘ ਚੀਮਾ : ** **

Mr. Speaker : No, this is not a point of order.

ਡਾਕਟਰ ਦਲਜੀਤ ਸਿੰਘ ਚੀਮਾ : ਜਿਹੜੀ ਰਿਕਰੂਟਮੈਂਟ ਹੈ, ਉਹ ਚੱਲ ਰਹੀ

**Not recorded as ordered by the Chair.

ਹੈ। ਰਿਕਰੂਟਮੈਂਟ ਵਿੱਚ ਕੋਈ ਖਾਮੀ ਹੈ ਤਾਂ ਉਹ ਪੁਆਇੰਟ ਆਊਟ ਕਰੋ। (ਵਿਘਨ) (ਸ਼ੋਰ) ਤੁਸੀਂ ਆਪਣੇ ਟਾਈਮ ਤੇ ਭਰਤੀ ਬੰਦ ਰੱਖੀ.....

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, this is the problem ਕਿ ਆਪਾਂ ਆਪਣੀ ਕਮਜ਼ੋਰੀ ਨੂੰ ਮੰਨਣਾ ਹੀ ਨਹੀਂ। Unless and until you recognize the problem, how can it be resolved ? ਮੈਂ ਤੁਹਾਡੇ ਤੇ ਕੋਈ ਇਲਜ਼ਾਮ ਨਹੀਂ ਲਗਾਇਆ। Could it not be done in a proper way ? ਕੀ ਉਨ੍ਹਾਂ ਲਈ ਜ਼ਿਲ੍ਹਿਆਂ ਵਿੱਚ ਕੋਈ ਸੈਂਟਰ ਨਹੀਂ ਬਣ ਸਕਦਾ ਸੀ ? ਚੁਣ ਤਾਂ ਪਹਿਲਾਂ ਹੀ ਲਏ ਹੋਣੇ ਹਨ, ਪਤਾ ਨਹੀਂ ਕਿੰਨਾ ਕੁ ਫੇਅਰ ਹੋਇਆ ਹੋਣਾ ਹੈ। ਸਾਢੇ ਤਿੰਨ ਲੱਖ ਬੰਦੇ ਉਥੇ ਆਏ, ਇਸ ਨਾਲ ਘੱਟੋ-ਘੱਟ ਤੁਹਾਡਾ ਝੂਠ ਤਾਂ ਪਰੂਵ ਹੋ ਗਿਆ ਕਿ ਪੰਜਾਬ ਵਿੱਚ ਬੰਦੇ ਕੁੱਲ ਤਿੰਨ ਲੱਖ ਬੇਰੁਜ਼ਗਾਰ ਹਨ। Speaker Sahib, I am carrying this paper. ਸਾਢੇ ਤਿੰਨ ਲੱਖ ਬੰਦਾ ਉਸ ਦਿਨ ਚੰਡੀਗੜ੍ਹ ਅਤੇ ਪੰਚਕੂਲਾ ਵਿੱਚ ਆ ਕੇ ਟੈਸਟ ਦੇ ਗਿਆ ਜਿਵੇਂ ਕਿ ਇੱਥੇ ਕੋਈ ਮਹਾਂਕੁੰਭ ਹੋ ਰਿਹਾ ਸੀ ? This is the sad state of the SAD-BJP Government. Too much sadness is around. ਇੱਕ ਉਂਝ ਸੈਡਨੈੱਸ ਹੈ, ਇੱਕ ਇੱਥੇ ਸੈਡ ਕਰ ਰੱਖਿਆ ਹੈ। What can we expect, Speaker Sahib ? ਸਪੀਕਰ ਸਾਹਿਬ, ਮੈਂ ਫਿਰ ਉਸ ਗੱਲ ਤੇ ਆਉਣਾ ਨਹੀਂ ਚਾਹੁੰਦਾ। ਇਸ ਦੇ ਨਾਲ ਹੀ ਰਿਲੇਟਿਡ ਇੱਕ ਹੋਰ ਮਸਲਾ ਹੈ, ਜਿਹੜਾ ਇਨ੍ਹਾਂ ਨੇ ਕਿਹਾ ਸੀ ਕਿ ਇੱਕ ਹਜ਼ਾਰ ਰੁਪਿਆ ਇੰਪਲਾਇਮੈਂਟ ਅਲਾਊਂਸ ਦਿਆਂਗੇ, ਇਨ੍ਹਾਂ ਨੇ ਪ੍ਰਾਮਿਸ ਕੀਤੇ ਸੀ। ਮੈਂ ਹੁਣ ਉਸ ਪਹਿਲੀ ਗੱਲ ਤੇ ਨਹੀਂ ਆਉਂਦਾ ਕਿਉਂਕਿ ਉਸ ਤੋਂ ਬੜਾ ਚਿੜ੍ਹ ਜਾਂਦੇ ਹਨ। ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿੱਚ ਇੰਪਲਾਇਮੈਂਟ ਅਲਾਊਂਸ ਦੀ ਹੈਡਲਾਈਨ ਹੋਰ ਦਿੱਤੀ ਸੀ ਪਰ ਅੰਦਰ ਅਸਲੀ ਗੱਲ ਕੁਝ ਹੋਰ ਸੀ। This is precisely what the charges are. "ਹਾਥੀ ਕੇ ਦਾਂਤ ਦਿਖਾਣੇ ਕੇ ਹੋਰ, ਖਾਣੇ ਕੇ ਹੋਰ" ਪਰ ਉਸ ਦਾ ਹੱਲ ਕਿਵੇਂ ਹੋਵੇਗਾ ? (ਵਿਘਨ) (ਸ਼ੋਰ) They are very serious. But they are not here. ਜੇਕਰ ਡਿਪਟੀ ਸੀ. ਐਮ. ਸਾਹਿਬ ਬੈਠੇ ਹੁੰਦੇ ਤਾਂ ਮੈਂ ਸੌਖਾ ਹੋ ਜਾਂਦਾ ਹਾਂ ਕਿ ਕੋਈ ਗੱਲ ਕਰਨੀ ਹੈ। ਮੈਂ ਸਮਝਦਾ ਹਾਂ ਕਿ ਸਾਡੇ ਸੀ.ਐਮ. ਇੰਨੇ ਮਾਨਯੋਗ ਹਨ, ਇਨ੍ਹਾਂ ਦੀ ਸ਼ਾਨ ਵਿੱਚ ਕੋਈ ਗੁਸਤਾਖੀ ਨਾ ਹੋ ਜਾਵੇ। ਮੈਂ ਸੌਖਾ ਹੁੰਦਾ ਹਾਂ, ਜਦੋਂ ਸੁਖਬੀਰ ਜੀ ਬੈਠੇ ਹੋਣ। ਮੈਂ ਉਨ੍ਹਾਂ ਨੂੰ ਵਧਾਈ ਦੇਣਾ ਚਾਹੁੰਦਾ ਸੀ। ਤੁਸੀਂ ਤਾਂ ਜਵਾਬ ਦੇ ਦਿੱਤਾ he can recognize the problem.

ਸਪੀਕਰ ਸਾਹਿਬ, ਹੁਣ ਮੈਂ ਖੇਤੀ ਵਾਲਾ ਵਿਸ਼ਾ ਲੈਂਦਾ ਹਾਂ। ਸਰਦਾਰ ਤੋਤਾ ਸਿੰਘ ਜੀ, ਹੁਣ ਖੇਤੀ ਨਾਲ ਜੁਆਕ ਉਥੇ ਨਹੀਂ ਰਹਿਣੇ। ਜਿਹੜੀ ਉੱਤਮ ਖੇਤੀ ਵਾਲੀ ਗੱਲ ਹੈ, ਹੁਣ ਜੁਆਕ ਸੁਣਨ ਨੂੰ ਤਿਆਰ ਨਹੀਂ। ਸਾਰੇ ਸ਼ਹਿਰਾਂ ਵਿੱਚ ਭੱਜੀ ਜਾ ਰਹੇ ਹਨ। ਸ਼ਹਿਰਾਂ ਵਿੱਚ ਤਾਂ ਖੇਤੀ ਹੋਣੀ ਨਹੀਂ, ਉਨ੍ਹਾਂ ਨੂੰ ਕੰਮ ਕੀ ਕਰਾਵਾਂਗੇ ? He recognizes this problem that I think it is a big achievement on his part ਕਿ ਜਦੋਂ ਤੱਕ ਇੰਡਸਟਰੀ ਨਹੀਂ ਆਉਂਦੀ ਉਦੋਂ ਤੱਕ ਇੱਥੇ ਕੁਝ ਨਹੀਂ ਹੁੰਦਾ। ਮੈਂ ਉਨ੍ਹਾਂ ਨੂੰ ਕੰਪਲੀਮੈਂਟ ਵੀ ਕੀਤਾ when he called the investment summit. But the summit is not

[ਸ਼੍ਰੀ ਸੁਨੀਲ ਜਾਖੜ]

only the answer. ਜਿਹੜੇ ਪੇਪਰ ਇਨ੍ਹਾਂ ਨੇ ਦਿੱਤੇ, ਇੱਥੇ ਪੇਸ਼ ਕੀਤੇ ਪਰ ਅਸਲ ਵਿੱਚ ਉਲਟਾ ਹੋ ਰਿਹਾ ਹੈ । Can the problem be solved ? With the fudging of papers, would the problem be solved ? ਸਪੀਕਰ ਸਾਹਿਬ, ਬਿਲਕੁਲ ਨਹੀਂ। ਇੱਥੇ ਸਾਡੇ ਪਾਰਟੀ ਪ੍ਰਧਾਨ ਜੀ ਦਾ ਨਾਂ ਵਾਰ ਵਾਰ ਲੈ ਰਹੇ ਸਨ । ਉਨ੍ਹਾਂ ਨੇ ਇੱਕ ਸਵਾਲ ਆਰ. ਟੀ. ਆਈ. ਦੇ ਥਰੂ ਪੁੱਛਿਆ ਸੀ ਕਿ ਤੁਸੀਂ ਇੰਡਸਟਰੀ ਲੈ ਕੇ ਤਾਂ ਆ ਰਹੇ ਹੋ ਪਰ ਪਿਛਲੇ ਸੱਤ ਸਾਲਾਂ ਵਿੱਚ ਇੱਥੋਂ ਇੰਡਸਟਰੀ ਗਈ ਕਿੰਨੀ ਹੈ ? It is shocking, Sir. 18,870 ਇੰਸਡਟਰੀ ਦਾ ਕਲੋਜ਼ਰ ਹੋਇਆ ਹੈ, 18,870 ਇੰਡਸਟਰੀ ਬੰਦ ਹੋ ਗਈ । ਪੀ.ਐਚ.ਡੀ ਨੇ ਇੱਕ ਪੇਪਰ ਕੱਢਿਆ ਸੀ ਜਿਸ ਵਿੱਚ ਲਿਖਿਆ ਗਿਆ ਸੀ ਕਿ 44,000 ਕਰੋੜ ਰੁਪਏ ਦੀ ਇਨਵੈਸਟਮੈਂਟ ਆਈ ਹੈ ਤੇ 18,870 ਇੰਡਸਟਰੀ ਯੂਨਿਟ ਬੰਦ ਹੋ ਗਏ ਹਨ ਤੇ 56,000 ਕਰੋੜ ਰੁਪਏ ਦੀ ਉਸ ਇੰਡਸਟਰੀ ਦੀ ਕਾਸਟ ਸੀ ਜਿਹੜੀ ਇੱਥੋਂ ਚਲੀ ਗਈ ਹੈ । ਇਹ ਸਾਲ 2007 ਤੋਂ ਲੈ ਕੇ ਹੁਣ ਤੱਕ ਦੀ ਫਿਗਰ ਹੈ। (ਵਿਘਨ)

ਮੁੱਖ ਮੰਤਰੀ : ਮੈਂ ਸਾਰੇ ਮੈਂਬਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਜਾਖੜ ਸਾਹਿਬ ਦੇ ਸਾਰੇ ਪੁਆਇੰਟਸ ਦਾ ਜਵਾਬ ਮੈਂ ਦਿਆਂਗਾ । ਇੱਕ ਇੱਕ ਚੀਜ਼ ਮੈਂ ਲਿਖ ਰਿਹਾ ਹਾਂ ਤੇ ਤੁਸੀਂ ਮਿਹਰਬਾਨੀ ਕਰਕੇ ਜਾਖੜ ਸਾਹਿਬ ਨੂੰ ਚੁੱਪ ਕਰ ਕੇ ਸੁਣੋ।

ਸ਼੍ਰੀ ਸੁਨੀਲ ਜਾਖੜ : ਅਸੀਂ ਆਪਸ ਵਿੱਚ ਤਾਂ ਕਰ ਲੈਂਦੇ ਹਾਂ ਪਰ ਜਦੋਂ ਬਾਦਲ ਸਾਹਿਬ ਖੜ੍ਹੇ ਹੋ ਕੇ ਇਹੋ ਜਿਹੀ ਗੱਲ ਕਰ ਦਿੰਦੇ ਹਨ ਤੇ ਫਿਰ ਕੀ ਕਹੀਏ । ਕੁਝ ਕਹਿਣ ਨੂੰ ਗੱਲ ਹੀ ਨਹੀਂ ਛੱਡਦੇ । 56,000 ਕਰੋੜ ਰੁਪਏ ਦੀ ਇੰਡਸਟਰੀ ਇੱਥੋਂ ਬੰਦ ਹੋ ਕੇ ਗਈ । ਇਸ ਤੋਂ ਬਾਅਦ ਪੇਪਰ ਵਿੱਚ ਵੀ ਲੱਗਿਆ because that is all imaginary. ਉਨ੍ਹਾਂ ਨੇ ਵੀ ਫਿਗਰਾਂ ਦਿੱਤੀਆਂ ਕਿ ਇੱਕ ਇੰਡਸਟਰੀ ਵਿੱਚ ਕਿੰਨੇ ਬੰਦੇ ਕੰਮ ਕਰਦੇ ਸਨ । ਘੱਟੋ-ਘੱਟ 50 ਬੰਦੇ ਤਾਂ ਕੰਮ ਕਰਦੇ ਹੋਣਗੇ । But the fact of the matter is this ਕਿ ਇੱਥੋਂ ਇੰਡਸਟਰੀ ਗਈ ਹੈ। ਇੱਥੋਂ ਲੋਕਾਂ ਨੂੰ ਬੇਰੁਜ਼ਗਾਰੀ ਮਿਲੀ। This is the fact which you can't deny. ਮੰਡੀ ਗੋਬਿੰਦਗੜ੍ਹ ਦਾ ਕੀ ਹਾਲ ਹੋਇਆ ਪਿਆ ਹੈ ? 116 ਇੰਡਸਟਰੀਆਂ ਇੱਥੋਂ ਬੰਦ ਹੋ ਗਈਆਂ । ਅਰੋੜਾ ਸਾਹਿਬ ਦੱਸਣਗੇ ਕਿ ਸ਼ਹਿਰੀਆਂ ਨਾਲ ਕੀ ਕੀ ਗੱਲਾਂ ਹੋਈਆਂ ਹਨ । ਮੈਂ ਤਾਂ ਤੁਹਾਡੇ ਨਾਲ ਮੋਟੀ ਮੋਟੀ ਜਨਰਲ ਗੱਲ ਕਰਨ ਲੱਗਾ ਹਾਂ । I think it would have been much better. ਸਮਿਟ ਵਿੱਚ ਇੰਨੇ ਸਾਰੇ ਲੋਕ ਬੁਲਾਏ ਗਏ । ਉਹ ਆਏ। ਮਿੱਤਲ ਸਾਹਿਬ ਨੇ ਵੀ ਬੜੀਆਂ ਤਾਰੀਫਾਂ ਕੀਤੀਆਂ । Of course, ਉਨ੍ਹਾਂ ਨੂੰ ਪੈਸਾ ਦੇਣਾ ਕੀਤਾ ਹੈ ਕਿ ਤੁਹਾਨੂੰ 250 ਕਰੋੜ ਰੁਪਿਆ ਦਿਆਂਗਾ ਔਰ ਬਿਨਾਂ ਵਿਆਜ ਤੇ ਦਿਆਂਗਾ, but at the end of the day, ਦੋ ਵਾਰੀ ਸਵਾਲ ਇੱਥੇ ਆ ਗਿਆ ਹੈ । ਉਸ ਨਾਲ ਪੰਜਾਬ ਨੂੰ ਕਿੰਨਾ ਫਾਇਦਾ ਹੋਵੇਗਾ ਅਤੇ ਕਦੋਂ ਹੋਣਾ ਸ਼ੁਰੂ ਹੋਵੇਗਾ ? ਜਿਹੜੇ ਆਪਾਂ tax waivers ਦਿੱਤੇ ਹਨ, but when that will percolate down to the lowest level ਜਿਹੜੀ ਗਰੀਬ ਦੀ ਗੱਲ ਕਰ ਰਹੇ ਹਨ, ਚੀਮਾ ਸਾਹਿਬ, when would that percolate ? ਉਥੇ ਕਿੰਨੇ ਬੰਦੇ ਕੰਮ ਕਰਦੇ ਹਨ । ਮੇਰਾ ਖਿਆਲ ਹੈ ਕਿ ਇਨ੍ਹਾਂ ਦੱਸਿਆ ਸੀ ਕਿ 800 ਬੰਦੇ ਹਨ। ਸਾਰਾ ਟੈਕਨੀਕਲ ਸਟਾਫ

ਹੈ, ਸਾਰਾ ਬਾਹਰੋਂ ਆਇਆ ਹੈ । ਸਪੀਕਰ ਸਾਹਿਬ, ਸਾਡੇ ਵਾਲੇ ਬੰਦੇ ਜਿਹੜੇ ਸੈਮੀ ਸਕਿਲਡ ਹਨ, ਉਨ੍ਹਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ, what I am trying to make is, this is not only for the entire country, this is also for our State that we need manufacturing industry, Sir. ਇਹ ਜਿਹੜੀਆਂ ਇੰਡਸਟਰੀਆਂ ਬੰਦ ਹੋ ਗਈਆਂ ਹਨ, it is not a matter ਕਿ 56000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। It is not a matter of 56000 crores. It is a matter, short of ਰੁਜ਼ਗਾਰ ਬੇਸਡ ਹੈ । ਉਥੇ ਲੋਕ ਹੱਥ ਨਾਲ ਕੰਮ ਕਰਦੇ ਸੀ । ਕੋਈ ਮਕੈਨਿਕ ਹੈ, ਕੋਈ ਫੋਰਮੈਨ ਹੈ, ਕੋਈ ਓਪਰੇਟਰ ਹੈ । ਉਨ੍ਹਾਂ ਨੂੰ ਆਪਾਂ ਭਜਾ ਰਹੇ ਹਾਂ ਤੇ ਬਾਹਰੋਂ ਇੰਜੀਨੀਅਰ ਲਿਆਈ ਜਾ ਰਹੇ ਹਾਂ । ਕੋਈ ਹੈਦਰਾਬਾਦ ਤੋਂ ਆਇਆ ਹੈ, ਕੋਈ ਬੰਬਈ ਤੋਂ ਆਇਆ ਹੈ, ਉਹ ਉਥੇ ਕੰਮ ਲੱਗੇ ਹਨ। ਅਸੀਂ ਆਪਣਾ ਟੈਕਸ ਰੈਵੀਨਿਊ ਵੇਵ ਕਰੀ ਬੈਠੇ ਹਾਂ, ਉਹ ਕਦੋਂ ਆਉਣਗੇ। ਸਾਨੂੰ ਵੈਲਕਮ ਹੈ ਕਿ ਇੰਡਸਟਰੀ ਲੱਗੀ ਹੈ ।

ਸਪੀਕਰ ਸਾਹਿਬ, ਇੱਕ ਗੱਲ ਵਿੱਚੇ ਹੀ ਰਹਿ ਗਈ, ਪਾਈਪ ਲਾਈਨ ਵੀ ਡਾਕਟਰ ਮਨਮੋਹਨ ਸਿੰਘ ਜੀ ਨੇ ਦਿੱਤੀ ਹੈ, ਪਾਨੀਪਤ ਰਾਹੀਂ ਆ ਰਹੀ ਹੈ । ਉਸ ਪਾਈਪ ਲਾਈਨ ਦਾ ਪੈਸਾ ਵੀ ਇੱਥੇ ਲੱਗਣਾ ਹੈ । ਇਸ ਦਾ ਵੀ ਧੰਨਵਾਦ ਹੈ but where is the employment, Speaker Sahib ? Have we done any survey ? ਕਿਤੇ ਮਾੜਾ-ਮੋਟਾ ਸਰਵੇ ਹੀ ਕਰਵਾ ਲੈਂਦੇ । ਜੋਸ਼ੀ ਸਾਹਿਬ ਹੁਣ ਬੈਠੇ ਨਹੀਂ ਹਨ । ਉਹ ਕਹਿੰਦੇ ਹੋਣਗੇ ਕਿ ਸੁਨੀਲ ਫਿਰ ਨਾ ਕਿਤੇ ਚਾਲੂ ਹੋ ਜਾਵੇ । I am not after him personally. It is matter of principles, Speaker Sahib. It is a matter of principle that he should have been here. ਇਹ ਦੱਸ ਦੇਣ ਕਿ ਅਸੀਂ ਜਿਹੜੇ ਇੰਨੇ ਬੋਰਡ ਬਣਾਏ ਹਨ, ਇੰਨੇ ਚੇਅਰਮੈਨ ਲਗਾਏ ਹਨ, ਉਨ੍ਹਾਂ ਨੇ ਸਾਨੂੰ ਕੀ ਸੁਝਾਅ ਦਿੱਤਾ ਹੈ । ਇੰਡਸਟਰੀ ਬੰਦ ਕਿਉਂ ਹੋਈ ? ਸਾਡੇ ਕਈ ਵਾਰ ਕਹਿੰਦੇ ਹਨ ਕਿ ਬੁੜੀ ਮਰੀ ਕਿਉਂ ? ਕਹਿੰਦੇ ਕਿ ਸਾਹ ਨਹੀਂ ਆ ਰਿਹਾ ਸੀ । ਉਸ ਨੂੰ ਸਾਹ ਆਉਣੋਂ ਰਹਿ ਗਿਆ । ਸਪੀਕਰ ਸਾਹਿਬ, ਜਿਹੜੇ ਰੇਟ ਹਨ, ਮੰਡੀ ਗੋਬਿੰਦਗੜ੍ਹ ਦੀ ਗੱਲ ਕਰ ਲਓ । 4.75% ਉਥੇ ਟੈਕਸ ਲਗਾ ਰੱਖਿਆ ਸੀ । ਅਜੇ ਵੀ ਉਥੇ 2.75% ਟੈਕਸ ਹੈ । ਸਾਡੇ ਬਰਾਬਰ ਵਾਲੇ ਪੜੌਸੀ ਜਿਹੜੇ ਰਾਜ ਹਨ, ਉਥੇ ਟੈਕਸ 2% ਹੈ। ਇੰਡਸਟਰੀਲਿਸਟ ਕਿਉਂ ਇੱਥੇ ਇੰਡਸਟਰੀ ਲਗਾਉਣਗੇ। ਉਸ ਇੰਡਸਟਰੀਅਲ ਸਮਿਟ ਦੇ ਵਿੱਚ ਸਾਡੇ ਆਪਣੇ ਲੁਧਿਆਣੇ ਤੋਂ ਹੀਰੋ ਕੰਪਨੀ ਦੇ ਮਾਲਕ ਆਏ ਸੀ। Of course he was all praise for our Govt. that I have been approached by anybody. ਬੜਾ ਇਨ੍ਹਾਂ ਦਾ ਸਵਾਗਤ ਕਰਦੇ ਹਾਂ। He felt very comfortable with Sardar Sukhbir Singh ji, because of age. ਜਿਹੜੇ ਇਨ੍ਹਾਂ ਦਾ ਸਤਿਕਾਰ ਕਰਦੇ ਹਨ, ਉਨ੍ਹਾਂ ਨਾਲ ਇਹ ਕੰਫਰਟੇਬਲ ਮਹਿਸੂਸ ਕਰਦੇ ਹਨ ਪਰ ਰੱਖੜਾ ਸਾਹਿਬ, ਜਦੋਂ ਪੈਸੇ ਲਗਾਉਣ ਦਾ ਵਕਤ ਆਇਆ ਤਾਂ ਪੈਸੇ ਕਿੱਥੇ ਜਾ ਰਹੇ ਹਨ। ਕੱਲ੍ਹ ਤੁਸੀਂ ਅਖਬਾਰਾਂ ਵਿੱਚ ਪੜ੍ਹਿਆ ਹੋਣਾ ਹੈ, ਖਬਰ ਵੀ ਲੱਗੀ ਸੀ ਕਿ Hero company is going to start manufacturing chassis for the BMW ਪਰ ਪਲਾਂਟ ਕਿੱਥੇ ਲੱਗ ਰਿਹਾ ਹੈ ? ਪਲਾਂਟ ਚੇਨਈ ਵਿੱਚ ਲੱਗ ਰਿਹਾ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ

| ਸ਼੍ਰੀ ਸੁਨੀਲ ਜਾਖੜ |

ਦੀਆਂ ਅਵਾਜ਼ਾਂ) ਆਪਾਂ ਕਹਿ ਰਹੇ ਹਾਂ ਕਿ ਪਾਵਰ ਸਰਪਲੱਸ ਕਰ ਦਿੱਤਾ ਹੈ। So, the problems lies not only with the lack of ability.

ਮੁੱਖ ਮੰਤਰੀ (ਬੈਠੇ-ਬੈਠੇ) : ਇਹ ਸ਼ੇਮ ਕਿਸ ਨੂੰ ਆਖਦੇ ਹਨ। ....(ਹਾਸਾ)....

ਸ਼੍ਰੀ ਸੁਨੀਲ ਜਾਖੜ : ਬਿਜਲੀ ਦੀ ਗੱਲ ਕਰਦੇ ਹਨ। ਸ਼ਰਮਾ ਜੀ ਤਾਂ ਘੱਟੋ ਘੱਟ ਬੈਠੇ ਹਨ। ਕੋਈ ਤਾਂ ਇਥੇ ਵਾਲੀਵਾਰਸ ਬਣੇਗਾ। ਸਾਡੇ ਪੰਜਾਬ ਵਿੱਚ ਜਿਹੜਾ ਡੋਮੈਸਟਿਕ ਪਾਵਰ ਰੇਟ ਹੈ, before I get into this I would like to know from your office, ਕੱਲ੍ਹ ਜਿਹੜੇ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਆਏ ਹਨ, ਕੀ ਉਨ੍ਹਾਂ ਵਿੱਚ ਸਾਡਾ ਬਿਜਲੀ ਵਾਲਾ ਰੈਜ਼ੋਲਿਊਸ਼ਨ ਲਿਆ ਹੈ। We asked for separate discussion on power rates. ਜੇਕਰ ਹੈ ਤਾਂ ਫਿਰ ਮੈਂ ਇਹ ਵਿਸ਼ਾ ਛੱਡ ਦਿੰਦਾ ਹਾਂ, ਕੱਲ੍ਹ ਕਰ ਲਵਾਂਗੇ।

ਮਾਨਯੋਗ ਸਪੀਕਰ : ਮੈਨੂੰ ਪਤਾ ਨਹੀਂ, ਅਜੇ ਮੈਂ ਦੇਖਿਆ ਨਹੀਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਫਿਰ ਮੈਂ ਦੱਸ ਹੀ ਦਿੰਦਾ ਹਾਂ। ਸਾਡੇ ਪੰਜਾਬ ਵਿੱਚ ਡੋਮੈਸਟਿਕ ਬਿਜਲੀ 100 ਯੂਨਿਟ ਤੱਕ 4.56 ਰੁਪਏ ਹੈ। ਇਹ ਉਸ ਲਈ ਹੈ ਜਿਹੜਾ ਗਰੀਬ ਆਦਮੀ 100 ਰੁਪਏ ਦਾ ਲਾਟੂ ਬਾਲਦਾ ਹੈ। ਮੈਂ ਬੀ.ਜੇ.ਪੀ. ਦਾ ਮੈਨੀਫੈਸਟੋ ਲਈ ਫਿਰਦਾ ਹਾਂ, ਜਿਹੜੇ ਹੁਣੇ ਦਿੱਲੀ ਵਿੱਚ ਇਲੈਕਸ਼ਨ ਹੋ ਚੁੱਕੇ ਹਨ, ਬੀ.ਜੇ.ਪੀ. ਨੇ ਕਿਹਾ ਹੈ ਕਿ ਦਿੱਲੀ ਵਿੱਚ ਸਾਡੀ ਸਰਕਾਰ ਬਣੇਗੀ ਤਾਂ ਅਸੀਂ ਬਿਜਲੀ ਤੇ 30 ਪ੍ਰਤੀਸ਼ਤ ਸਬਸਿਡੀ ਕਰਾਂਗੇ, 30 ਪ੍ਰਤੀਸ਼ਤ ਰਿਡਿਊਸ ਕਰਾਂਗੇ ਪਰ ਇਹ ਇੱਥੇ ਨਹੀਂ ਬੋਲਦੇ। BJP is equal partner in this. ਸਪੀਕਰ ਸਾਹਿਬ, 4.56 ਰੁਪਏ ਨੂੰ ਕੰਪੇਅਰ ਕਰੋ। ਦਿੱਲੀ ਵਿੱਚ 200 ਯੂਨਿਟ ਤੱਕ 2.70 ਰੁਪਏ ਪ੍ਰਤੀ ਯੂਨਿਟ ਹੈ, ਹਰਿਆਣੇ ਵਿੱਚ 40 ਯੂਨਿਟ ਤੱਕ 2.98 ਰੁਪਏ ਪ੍ਰਤੀ ਯੂਨਿਟ ਅਤੇ 40 ਤੋਂ ਲੈ ਕੇ 250 ਯੂਨਿਟ ਤੱਕ 4.75 ਰੁਪਏ ਪ੍ਰਤੀ ਯੂਨਿਟ ਬਿਜਲੀ ਦਾ ਰੇਟ ਹੈ। ਗਰੀਬ ਆਦਮੀ 200-250 ਯੂਨਿਟ ਇਸਤੇਮਾਲ ਕਰਦਾ ਹੈ। ਸਾਡੇ ਵੱਡਿਆਂ ਦੇ ਤਾਂ ਏ.ਸੀ. ਚਲਦੇ ਹਨ। ਉਨ੍ਹਾਂ ਨੂੰ ਤਾਂ ਫਰਕ ਹੀ ਨਹੀਂ ਪੈਂਦਾ। ਉਨ੍ਹਾਂ ਦਾ ਵੀ ਸੁਣ ਲਵੋ। 100 ਤੋਂ 300 ਸਲੈਬ ਤੱਕ ਸਾਡੇ 6.02 ਰੁਪਏ ਪ੍ਰਤੀ ਯੂਨਿਟ ਬਿਜਲੀ ਦਾ ਰੇਟ ਹੈ। ਦਿੱਲੀ ਵਿੱਚ 200 ਤੋਂ ਲੈ ਕੇ 400 ਯੂਨਿਟ ਤੱਕ 5.00 ਰੁਪਏ ਪ੍ਰਤੀ ਯੂਨਿਟ ਹੈ ਅਤੇ ਹਰਿਆਣੇ ਵਿੱਚ 5.60 ਰੁਪਏ ਪ੍ਰਤੀ ਯੂਨਿਟ ਬਿਜਲੀ ਦਾ ਰੇਟ ਹੈ। ਇਹ ਫਿਰ ਵੀ ਆਪਣੇ ਪੰਜਾਬ ਨਾਲੋਂ 80 ਫੀਸਦੀ ਘੱਟ ਹੈ। ਇੰਡਸਟਰੀ ਦੀ ਸੁਣ ਲਵੋ। ਸੌਰੀ, ਅਰੋੜਾ ਸਾਹਿਬ, ਸ਼ਾਇਦ ਤੁਸੀਂ ਵੀ ਇਸ ਨੂੰ ਕਵਰ ਕਰਨਾ ਸੀ। ਫਰਨਿਸ ਲਈ ਪੰਜਾਬ ਵਿੱਚ 6.33 ਰੁਪਏ ਪਰ ਯੂਨਿਟ ਹੈ। ਹਰਿਆਣੇ ਵਿੱਚ 5.30 ਰੁਪਏ ਪ੍ਰਤੀ ਯੂਨਿਟ ਰੇਟ ਹੈ। ਜੇ ਤੁਸੀਂ ਇੰਡਸਟਰੀਲਿਸਟ ਹੋਵੋ ਤਾਂ ਕੀ ਤੁਸੀਂ ਪੰਜਾਬ ਵਿੱਚ ਇੰਡਸਟਰੀ ਲਗਾਵੋਗੇ ਜਾਂ ਹਰਿਆਣੇ ਵਿੱਚ ਇੰਡਸਟਰੀ ਲਗਾਵੋਗੇ? It is as simple as that. ਬਿਜਲੀ ਤੁਸੀਂ ਸਰਪਲੱਸ ਕਰ ਦਿੱਤੀ but at what cost ? ਜਦੋਂ ਹੋਵੇਗੀ ਉਦੋਂ ਦੇਖਾਂਗੇ but at what cost. ਅਸੀਂ ਵਾਰੀ ਵਾਰੀ ਕਹਿ ਰਹੇ ਹਾਂ ਕਿ this MoU route, which you are taking is going to prove very costly. ਉਹ ਠੱਗੀ ਕੀ ਹੋ ਰਹੀ ਹੈ ? And, that is

why we have asked for a separate debate. ਜਿਹੜੇ ਇਨ੍ਹਾਂ ਦੇ ਆਪਣੇ ਲਾਸਿਜ਼ ਹਨ, ਇੱਕ ਤਾਂ ਇਨ੍ਹਾਂ ਨੇ ਬਿਜਲੀ ਖਰੀਦਣ ਦੀ ਕੁਮਿਟਮੈਂਟ ਕਰ ਰੱਖੀ ਸੀ, ਉਹ annual ਕਰ ਰਹੇ ਹਨ। ਉਨ੍ਹਾਂ ਨੂੰ ਉਥੇ ਵੀ ਡਬਲ ਪੈਸਾ ਦੇਣਾ ਪੈ ਰਿਹਾ ਹੈ। ਪੈਸਾ ਇਨ੍ਹਾਂ ਨੂੰ ਵੀ ਦੇਣਾ ਪਵੇਗਾ। ਅਗਰਵਾਲ ਸਾਹਿਬ, ਆਹ ਜਿਹੜੇ ਰੋਜ਼ ਪਲਾਂਟ ਲੱਗ ਰਹੇ ਹਨ, ਜਿਹੜੇ ਰੋਜ਼ ਜਾ ਕੇ ਫੀਤੀਆਂ ਕੱਟ ਰਹੇ ਹਨ, they have come at a very high cost. ਇਹ ਕਾਸਟ ਨਾ ਤਾਂ ਸੀ. ਐਮ. ਸਾਹਿਬ ਤੇ ਪੈਣੀ ਹੈ ਅਤੇ ਨਾ ਮੇਰੇ ਪੈਣੀ ਹੈ, that cost will translate into one of the most expensive power rates. ਉਸ ਦਾ ਫਰਕ ਕੀ ਹੋ ਰਿਹਾ ਹੈ। ਬਿਲਕੁਲ ਤੋਤਾ ਸਿੰਘ ਜੀ ਨੇ ਠੀਕ ਕਿਹਾ ਹੈ ਕਿ ਅਸੀਂ ਜ਼ਿਮੀਂਦਾਰਾਂ ਨੂੰ ਫਰੀ ਬਿਜਲੀ ਦੇ ਰਹੇ ਹਾਂ। ਬਿਲਕੁਲ ਤੁਸੀਂ ਦੇ ਰਹੇ ਹੋ, ਫਰੀ ਬਿਜਲੀ ਦੇ ਰਹੇ ਹੋ। ਹੁਣ ਇਹ 6000 ਕਰੋੜ ਰੁਪਏ ਦੀ ਸਬਸਿਡੀ ਦਾ ਬਿੱਲ ਹੈ। But what is happening ? ਇੱਕ ਕਹਾਵਤ ਹੈ give a dog a bad name and kill him. ਮਾੜਾ ਮਾੜਾ ਕਹਿਕੇ ਉਸ ਨੂੰ ਠੁੱਡੇ ਮਾਰ ਕੇ ਮਾਰ ਦਿੰਦੇ ਹਾਂ। ਹੋ ਕੀ ਰਿਹਾ ਹੈ ? Punjab is divided into so many factions. ਹੁਣ ਇੱਕ ਨਵੀਂ ਕਲਾਸੀਫਿਕੇਸ਼ਨ ਹੋ ਰਹੀ ਹੈ ਕਿ ਜਿਹੜਾ ਟਰੇਡਰ ਵਰਗ ਹੈ, ਜਿਹੜਾ ਸ਼ਹਿਰੀ ਵਰਗ ਹੈ, ਉਨ੍ਹਾਂ ਨੂੰ ਭੜਕਾਇਆ ਜਾ ਰਿਹਾ ਹੈ ਕਿ ਇਹ ਜਿਹੜੇ ਪਿੰਡਾਂ ਵਿਚ ਬੈਠੇ ਜ਼ਿਮੀਂਦਾਰ ਹਨ, ਬਿਜਲੀ ਤਾਂ ਉਹ ਲਈ ਜਾਂਦੇ ਹਨ ਤੇ ਪੈਸੇ ਤੁਸੀਂ ਦੇ ਰਹੇ ਹੋ । It is a very grave issue, Something that needs to be thoroughly looked into. ਇਸ ਤੇ ਗੌਰ ਕੀਤਾ ਜਾਵੇ ਕਿ ਇਸ ਵਿਚ ਹੋ ਕੀ ਰਿਹਾ ਹੈ ? ਖਬਰ ਇੰਨੀ ਵੱਡੀ ਲੱਗੀ ਸੀ, ਉਸ ਦੇ ਉਤੇ ਡਿਬੇਟ ਕਰਵਾਓ । ਅਸੀਂ ਤਾਂ ਤੁਹਾਡੇ ਕੋਲੋਂ ਉਮੀਦ ਕਰਦੇ ਸੀ ਕਿ ਤੁਸੀਂ ਵੀ ਪਾਰਲੀਮੈਂਟ ਵਾਂਗ ਕੋਈ ਸਟੈਂਡਿੰਗ ਕਮੇਟੀ ਬਣਾਉਗੇ ਤਾਂ ਕਿ ਇਨ੍ਹਾਂ ਗੱਲਾਂ ਨੂੰ ਅਸੀਂ ਵੇਖੀਏ। ਹੁਣ ਟੈਕਨੀਕਲ ਗੱਲਾਂ ਹਨ, ਜਿਹੜਾ ਪੈਸਾ ਲਾਈਨ ਲਾਸਿਜ਼ ਦਾ ਹੈ ਜਾਂ ਅਦਰਵਾਈਜ਼ ਜਿਹੜਾ ਇਨ੍ਹਾਂ ਉਤੇ ਬੋਝ ਪਿਆ ਹੈ, ਉਹ ਸਬਸਿਡੀ ਵਿੱਚ ਠੋਕੀ ਜਾਂਦੇ ਹਨ। ਸਬਸਿਡੀ ਨੂੰ ਵਧਾਈ ਜਾਂਦੇ ਹਨ ਕਿ ਇੱਥੇ ਖੁੱਲ੍ਹਾ ਖਾਤਾ ਹੈ ਤੇ ਇਸ ਵਿੱਚ 800-900 ਕਰੋੜ ਰੁਪਿਆ ਮੁਆਫ ਕਰ ਦਿਉ। ਪਹਿਲਾਂ 800 ਕਰੋੜ ਰੁਪਿਆ ਵੀ ਡਾਕਟਰ ਮਨਮੋਹਨ ਸਿੰਘ ਜੀ ਹੁਰਾਂ ਨੇ ਮੁਆਫ ਕੀਤਾ ਸੀ ਜਦੋਂ ਕਿਹਾ ਸੀ ਕਿ ਸਾਡੇ ਸੋਕਾ ਪੈ ਗਿਆ ਤੇ ਕਹਿੰਦੇ ਸੀ ਕਿ ਸਾਡੇ ਬਿਜਲੀ ਦਾ ਬਿਲ ਜ਼ਿਆਦਾ ਆ ਗਿਆ ਤਾਂ ਉਸ ਵੇਲੇ 800 ਕਰੋੜ ਰੁਪਿਆ ਦਿੱਤਾ ਸੀ, ਉਨ੍ਹਾਂ ਦਾ ਧੰਨਵਾਦ ਕਰਨਾ ਵੀ ਅਜੇ ਬਕਾਇਆ ਪਿਆ ਹੈ। ਉਹ 800 ਕਰੋੜ ਰੁਪਿਆ ਉਥੋਂ ਆ ਗਿਆ ਪਰ ਇਨ੍ਹਾਂ ਨੇ ਆਪਣੇ ਖਰਚੇ ਇਸ ਵਿੱਚ ਪਾ ਲਏ ਤੇ ਇਸ ਵਿੱਚ ਬਦਨਾਮ ਕੌਣ ਹੋ ਗਿਆ? ਇਸ ਵਿਚ ਪੰਜਾਬ ਦਾ ਕਿਸਾਨ ਬਦਨਾਮ ਹੋ ਗਿਆ । ਮੈਂ ਇਸ ਕਰਕੇ ਕਹਿ ਰਿਹਾ ਸੀ ਕਿ ਤੁਸੀਂ ਅੱਜ ਸਰਦਾਰ ਤੋਤਾ ਸਿੰਘ ਜੀ ਨੂੰ ਬੋਲਣ ਦਿਉ ਕਿਉਂਕਿ ਉਨ੍ਹਾਂ ਨੇ ਵੀ ਬੜੀਆਂ ਸਹੀ ਗੱਲਾਂ ਕੀਤੀਆਂ ਹਨ, He has spoken from the heart. ਸਰਦਾਰ ਤੋਤਾ ਸਿੰਘ ਜੀ, ਤੁਸੀਂ ਬਿਲਕੁਲ ਬਹੁਤ ਸਹੀ ਗੱਲਾਂ ਕੀਤੀਆਂ ਹਨ, ਮੈਂ ਤੁਹਾਡੇ ਨਾਲ ਬਿਲਕੁਲ ਸਹਿਮਤ ਹਾਂ । ਤੁਸੀਂ ਮਿੱਟੀ ਦਾ ਤੇਲ 67 ਪੈਸੇ ਪ੍ਰਤੀ ਲੀਟਰ ਵੇਖਿਆ ਹੋਵੇਗਾ ਤੇ ਮੈਂ ਇੱਕ ਰੁਪਏ ਵੇਖਿਆ ਹੋਵੇਗਾ । ਚਾਹੇ ਕਹਿਣ ਨੂੰ ਆਪਾਂ ਕਹਿ ਦੇਈਏ ਕਿ ਬਾਸਮਤੀ ਕਰਕੇ ਫਾਇਦਾ ਹੋ ਰਿਹਾ ਹੈ ਪਰ Is it not the UPA

[ਸ਼੍ਰੀ ਸੁਨੀਲ ਜਾਖੜ]

Government's Policy ? ਅੱਜ ਜਿਸ ਘਰੇ ਬਾਸਮਤੀ ਲੱਗੀ ਹੋਈ ਸੀ ਤਾਂ ਉਹ ਜ਼ਿਮੀਂਦਾਰ ਇੱਕ ਲੱਖ ਰੁਪਿਆ ਇੱਕ ਕਿੱਲੇ ਦਾ ਲੈ ਕੇ ਆਇਆ ਹੈ । ਅੱਜ ਬਾਸਮਤੀ ਵਿੱਚ ਪੰਜਾਬ ਦਾ ਕਿਸਾਨ ਜੇ ਸੌਖਾ ਹੈ ਤਾਂ ਉਹ ਡਾਕਟਰ ਮਨਮੋਹਨ ਸਿੰਘ ਕਰਕੇ ਹੈ । ਤੁਹਾਡੀ 2002 ਤੋਂ ਲੈ ਕੇ 2007 ਤੱਕ ਸਰਕਾਰ ਸੀ ਤੇ ਪੰਜਾਬ ਵਿੱਚ ਨਰਮਾ ਹੋਣੋਂ ਰਹਿ ਗਿਆ ਸੀ । ਤੁਸੀਂ ਕਹਿ ਰਹੇ ਹੋ ਕਿ ਅਬੋਹਰ, ਫਾਜ਼ਿਲਕਾ ਵਾਲੇ ਪਾਸੇ ਬੜੇ ਵੱਡੇ ਵੱਡੇ ਚੌਧਰੀ ਬੈਠੇ ਹਨ ਪਰ ਚੌਧਰੀਆਂ ਦੇ ਖਾਤੇ ਤੁਸੀਂ ਆਪ ਜਾ ਕੇ ਫਰੋਲ ਲਵੋ । ਤੁਸੀਂ ਤਾਂ ਆਪ ਜਾਣੂੰ ਹੋ । ਸਾਰਿਆਂ ਦੇ ਖਾਤਿਆਂ ਉਤੇ ਲਾਲ ਲਕੀਰਾਂ ਲੱਗੀਆਂ ਹਨ । ਉਹ ਸਿਰਫ ਚਿੱਟੀ ਚਾਦਰ ਲਈ ਫਿਰਦੇ ਹਨ ਪਰ ਉਨ੍ਹਾਂ ਕੋਲ ਅਗਾਂਹ ਪਿਛਾਂਹ ਕੁਝ ਵੀ ਨਹੀਂ ਹੈ । ਉਹ ਸਾਰੇ ਕਰਜ਼ਈ ਹਨ, ਇਹ ਉਥੇ ਕਿਉਂ ਕਰਜ਼ਈ ਹਨ ਕਿਉਂਕਿ ਸਾਡੇ ਉਥੇ ਝੋਨਾ ਨਹੀਂ ਹੁੰਦਾ ਤੇ ਜਿਨ੍ਹਾਂ ਦੇ ਝੋਨਾ ਹੁੰਦਾ ਹੈ, ਉਨ੍ਹਾਂ ਦੀ ਠਾਠ ਹੋ ਗਈ । ਇਹ ਤਾਂ ਡਾਕਟਰ ਮਨਮੋਹਨ ਸਿੰਘ ਜੀ ਦਾ ਅਤੇ ਯੂ. ਪੀ. ਏ. ਸਰਕਾਰ ਦਾ ਧੰਨਵਾਦ ਹੈ ਕਿ ਬੀ. ਟੀ. ਕਾਟਨ ਆ ਗਈ। ਬੀ. ਟੀ. ਕਾਟਨ ਬਾਰੇ ਵੀ ਉਨ੍ਹਾਂ ਦਾ ਧੰਨਵਾਦ ਕਰੋ ਕਿ ਉਨ੍ਹਾਂ ਨੇ ਬੀ. ਟੀ. ਕਾਟਨ ਨੂੰ ਅਲਾਊ ਕੀਤਾ ਤੇ ਸਾਡੇ ਕੈਪਟਨ ਅਮਰਿੰਦਰ ਸਿੰਘ ਜੀ ਉਥੋਂ ਲੜ ਕੇ ਲੈ ਕੇ ਆਏ, ਸ਼ਰਦ ਪਵਾਰ ਜੀ ਦੀਆਂ ਪਤਾ ਨਹੀਂ ਕੀ ਮਜਬੂਰੀਆਂ ਸਨ, ਉਨ੍ਹਾਂ ਨੇ ਕਹਿ ਦਿੱਤਾ ਕਿ I cannot do it on my own. ਮੈਨੂੰ ਭਾਵੇਂ ਫਾਹੇ ਟੰਗ ਦਿਓ । ਬੀ. ਟੀ. ਕਾਟਨ ਆਈ ਤਾਂ ਅੱਜ ਫਿਰ ਅਸੀਂ ਉਥੇ ਮਾੜਾ-ਮੋਟਾ ਤੁਰਨ-ਫਿਰਨ ਵਾਲੇ ਹੋ ਗਏ ਹਾਂ। ਉਨ੍ਹਾਂ ਦਾ ਵੀ ਧੰਨਵਾਦ ਕਰੋ।

ਸਪੀਕਰ ਸਾਹਿਬ, ਜਿਹੜਾ ਬਿਜਲੀ ਦਾ ਮਸਲਾ ਹੈ ਜਦੋਂ ਤੱਕ ਇਸ ਨੂੰ ਆਪਾਂ ਐਡਰੈਸ ਨਹੀਂ ਕਰਾਂਗੇ, I think ਕਿ ਇਸ ਤਰ੍ਹਾਂ ਸਾਡੀ ਇੰਡਸਟਰੀ ਇੱਥੇ ਰੁਕ ਜਾਵੇਗੀ। ਇਸ ਦੇ ਨਾਲ ਹੀ ਮੈਂ ਮੀਡੀਅਮ ਸਕੇਲ ਦਾ ਵੀ ਦੱਸ ਦਿਆਂ ਜੀ। ਬਲਕ ਸਪਲਾਈ ਪੰਜਾਬ ਵਿਚ 6 ਰੁਪਏ 29 ਪੈਸੇ ਪਰ ਯੂਨਿਟ ਹੈ, ਹਰਿਆਣਾ ਵਿਚ 5/- ਰੁਪਏ ਪਰ ਯੂਨਿਟ ਹੈ। ਫਿਰ ਇੱਥੇ ਜਦੋਂ ਕੋਈ ਕਹਿੰਦਾ ਹੈ ਕਿ ਆਪਣੇ ਲੈਵਲ ਤੇ ਮੈਂ ਬਾਹਰੋਂ ਬਿਜਲੀ ਪਰਚੇਜ਼ ਕਰਨੀ ਹੈ ਤਾਂ ਉਸ ਤੇ ਆਪਾਂ ਸੈੱਸ ਲਗਾ ਦਿੰਦੇ ਹਾਂ, ਉਸ ਨੂੰ ਵੀ ਇਹ ਅਲਾਓ ਨਹੀਂ ਕਰਦੇ । ਮੈਂ ਲੁਧਿਆਣਾ ਗਿਆ ਤਾਂ ਜਿੰਨੇ ਵੀ ਸਮਾਲ ਇੰਡਸਟਰੀ ਵਾਲੇ ਸਨ, ਉਹ ਸਾਰੇ ਇਕੱਠੇ ਹੋ ਕੇ ਆਏ ਤੇ ਕਹਿੰਦੇ ਕਿ ਸਾਡੇ ਕੋਲੋਂ ਸਬਸਿਡੀ ਦਾ ਪੈਸਾ ਐਡਵਾਂਸ 14-14 ਹਜ਼ਾਰ, 40-40 ਹਜ਼ਾਰ ਰੁਪਏ ਭਰਵਾਓ ਕਿਉਂਕਿ ਗੌਰਮਿੰਟ ਸਬਸਿਡੀ ਦਾ ਪੈਸਾ ਰਿਲੀਜ਼ ਕਰਦੀ ਨਹੀਂ ਹੈ ਤਾਂ ਉਹ ਸਾਨੂੰ ਕਹਿ ਦਿੰਦੇ ਹਨ ਕਿ ਪਹਿਲਾਂ ਐਡਵਾਂਸ ਕੰਜਪਸ਼ਨ ਡਿਪਾਜ਼ਿਟ ਵਿੱਚ ਬਿਲ ਜਮ੍ਹਾਂ ਕਰਵਾਓ । ਕੀ ਇਸ ਤਰੀਕੇ ਨਾਲ ਕੋਈ ਸਰਕਾਰਾਂ ਚਲਦੀਆਂ ਹੁੰਦੀਆਂ ਹਨ ? It is not a developing State nor a so called progressive State. ਮੀਡੀਅਮ ਸਕੇਲ ਇੰਡਸਟਰੀ ਦਾ ਜੇ ਇੱਕ ਵੀ ਬੰਦਾ ਛੱਡਿਆ ਹੋਵੇ। 6 ਰੁਪਏ 26 ਪੈਸੇ ਪਰ-ਯੂਨਿਟ ਪੰਜਾਬ ਵਿੱਚ ਰੇਟ ਹੈ, ਹਰਿਆਣਾ ਵਿਚ 5 ਰੁਪਏ 10 ਪੈਸੇ ਹੈ, ਮੈਨੂੰ ਤਾਂ ਕੋਈ ਇੱਥੇ ਇੰਡਸਟਰੀ ਬਾਰੇ ਲਗਦਾ ਨਹੀਂ ਕਿ ਆਵੇਗੀ, ਆਪਾਂ ਕਿੰਨੀਆਂ ਵੀ ਇਨਵੈਸਟਮੈਂਟ ਸਮਿਟਸ ਕਰੀ ਜਾਈਏ ਕਿ ਇੰਡਸਟਰੀ ਵਾਲੇ ਆ ਜਾਣਗੇ, ਚਾਹੇ ਜਿਹੜੇ ਇੰਡਸਟਰੀ ਵਾਲੇ ਹਨ ਇਨ੍ਹਾਂ ਤੋਂ ਕੁਝ ਵੀ ਅਖਵਾ ਲਵੋ ਪਰ

ਆਉਣਗੇ ਨਹੀਂ ਕਿਉਂਕਿ ਇਕ ਖੌਫ਼ ਬਣਾਇਆ ਹੋਇਆ ਹੈ ।

ਸਪੀਕਰ ਸਾਹਿਬ, ਹੁਣ ਪੰਜਾਬ ਦੀ ਅਮਨ-ਸ਼ਾਂਤੀ ਬਾਰੇ ਗੱਲ ਕਰਦਾ ਹਾਂ। ਸਾਰਿਆਂ ਤੋਂ ਵੱਡਾ ਸਾਡਾ ਜਿਹੜਾ ਸਰਮਾਇਆ ਸੀ ਉਹ ਇਹ ਸੀ ਕਿ ਪੰਜਾਬ ਵਿਚ ਅਮਨ-ਸ਼ਾਂਤੀ ਹੈ । ਜਿਹੜੀ ਗੱਲ ਮੈਂ ਉਸ ਤੋਂ ਪਹਿਲਾਂ ਕਹਿ ਰਿਹਾ ਸੀ ਕਿ ਅਜਿਹੇ ਅਨਸਰ ਇਕੱਠੇ ਹੋਏ ਹਨ ਜਿਨ੍ਹਾਂ ਨੂੰ ਕਿ there is a patronage from the highest quarters of the treasury benches. ਲੁਧਿਆਣੇ ਵਰਗੇ ਸ਼ਹਿਰ ਦੇ ਅੰਦਰ 200 ਗੋਲੀਆਂ ਫਾਇਰ ਹੋਣ, ਇਸ ਤੋਂ ਕੀ ਅੰਦਾਜ਼ਾ ਲਗਾਓਗੇ ? ਕਾਰਗਿਲ ਵਿੱਚ ਪਤਾ ਲੱਗਦਾ ਹੈ ਜਦੋਂ ਰਾਤ ਨੂੰ ਖੜਕੇ ਹੁੰਦੇ ਹਨ, ਬਾਰਡਰ ਦੀ ਗੱਲ ਕਰਦੇ ਹੋ ਤੇ ਉਥੇ ਗਿਣੇ ਜਾਂਦੇ ਹਨ ਕਿ ਇੰਨੇ ਫਾਇਰ ਹੋਏ । 200 ਫਾਇਰ ਤਾਂ ਉਥੇ ਵੀ ਨਹੀਂ ਹੁੰਦੇ, ਜਦੋਂ ਪਾਕਿਸਤਾਨ ਦੀ ਚੌਂਕੀ ਵਿਚ ਗੋਲੀਬਾਰੀ ਹੁੰਦੀ ਹੈ। ਮੈਂ ਕਹਿ ਰਿਹਾ ਹਾਂ ਕਿ law has to apply to everybody. ਲੁਧਿਆਣੇ ਵਿੱਚ ਐਸ.ਪੀ. ਕੁੱਟਿਆ । ਕਿਸ ਨੇ ? Because they are close to somebody. ਅੰਮ੍ਰਿਤਸਰ ਵਿੱਚ ਇੱਕ ਸਬ ਇੰਸਪੈਕਟਰ ਨੂੰ ਆਪਣੀ ਬੱਚੀ ਨੂੰ ਬਚਾਉਂਦੇ ਹੋਏ ਨੂੰ ਗੋਲੀ ਮਾਰੀ ਗਈ, ਉਸ ਬਾਰੇ ਇਹ ਕਹਿੰਦੇ ਕਿ ਉਹ ਸਾਡੇ ਐਸ.ਓ.ਆਈ. ਜਾਂ ਯੂਥ ਦਲ ਦਾ ਮੈਂਬਰ ਹੀ ਨਹੀਂ ਹੈ। ਖੰਨੇ ਵਿੱਚ ਮਰਡਰ ਹੋਇਆ, ਪਟਿਆਲੇ ਵਿੱਚ ਕੇਸ ਚੱਲ ਰਿਹਾ ਹੈ। ਕਿਹੜੇ ਕਿਹੜੇ ਕੇਸ ਗਿਣਾਵਾਂ ? ਸਪੀਕਰ ਸਾਹਿਬ, this is what I want to bring to your notice. This is not a matter of criticizing anybody. ਤੁਹਾਡੇ ਧਿਆਨ ਵਿੱਚ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਟੋਲਿਆਂ ਤੇ ਨਕੇਲ ਪਾ ਲਓ। ਅੱਜ ਤਾਂ ਬੜੇ ਚੰਗੇ ਲੱਗਦੇ ਹਨ ਕਿ ਸਾਡੇ ਇਲੈਕਸ਼ਨ ਜਿਤਾ ਦੇਣਗੇ। Last time also I have spoken about criminal economy. This is the criminal economy which is the only avenue left to the youth ਕਿ ਇੱਧਰ ਪੈਸਾ ਬਣਦਾ ਹੈ, ਇੱਧਰ ਆ ਜਾਓ। ਕਿਸੇ ਨੂੰ ਜਾ ਕੇ ਮਰੋੜ ਦਿਆਂਗੇ ਜਾਂ ਕਿਸੇ ਨੂੰ ਜਾ ਕੇ ਘੁਰਕਾ ਦਿਆਂਗੇ। ਉਹ ਸੋਚਦੇ ਹਨ ਕਿ ਇੱਥੇ ਕਿਹੜਾ ਕੋਈ ਪ੍ਰਾਜੈਕਟ ਲੱਗਣ ਲੱਗਿਆ ਹੈ ? ਪ੍ਰਾਜੈਕਟ ਵਿੱਚ ਇੰਪਲਾਇਮੈਂਟ ਕਿੱਥੇ ਹੈ? ਪੈਸੇ ਕਮਾਉਣ ਦਾ ਤਰੀਕਾ ਤਾਂ ਇਹ ਹੀ ਹੈ।

ਸਪੀਕਰ ਸਾਹਿਬ, ਜਿਹੜੀ ਗੱਲ ਮੈਂ ਕੀਤੀ ਸੀ ਕਿ ਸਾਡੇ 65,000 ਕਰੋੜ ਦੇ ਐਗਰੀਮੈਂਟ ਸਾਈਨ ਹੋਏ ਹਨ, I wish ਕਿ ਇਨ੍ਹਾਂ ਦੀ ਸਾਰੀ ਗੱਲ ਸਹੀ ਹੁੰਦੀ ਅਤੇ ਅਸੀਂ ਇਨ੍ਹਾਂ ਨਾਲ ਸਹਿਮਤ ਹੁੰਦੇ ਪਰ ਇਸ ਵਿੱਚ ਬਹੁਤ ਸਾਰੇ ਅਜਿਹੇ ਪ੍ਰਾਜੈਕਟ ਹਨ, ਜਿਨ੍ਹਾਂ ਦੀ ਐਮ.ਓ.ਯੂ. ਵੀ ਸਾਈਨ ਨਹੀਂ ਹੋਈ। ਮੈਂ ਮਾਨਯੋਗ ਸੀ.ਐਮ. ਸਾਹਿਬ ਨਾਲ ਬਿਲਕੁਲ ਸਹਿਮਤ ਹਾਂ because when he said, Speaker Sahib, there is no substitute of experience. ਉਹ ਨਾਲੇਜਏਬਲ ਹੋਣੇ ਹਨ, ਇੰਡਸਟਰੀ ਦਾ ਬਹੁਤ ਗਿਆਨ ਹੋਣਾ ਹੈ ਅਤੇ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਵੀ ਕਰ ਲੈਂਦੇ ਹਨ। ਮੈਂ ਇੰਡਸਟਰੀ ਸਮਿੱਟ ਵਿੱਚ ਇਨ੍ਹਾਂ ਨੂੰ ਦੇਖਿਆ, I watched it very closely. ਮੈਂ ਟੀ.ਵੀ. ਤੇ ਸਾਰਾ ਦੇਖਿਆ ਹੈ, ਬਾਦਲ ਸਾਹਿਬ ਨੂੰ ਵੀ ਸੁਣਿਆ ਅਤੇ ਸੁਖਬੀਰ ਜੀ ਨੂੰ ਵੀ ਸੁਣਿਆ ਹੈ, ਮਿੱਤਲ ਸਾਹਿਬ ਵੀ ਬੈਠੇ ਸੀ, ਉਹ ਕਹਿਣ ਲੱਗਾ I want to know what is this MoU? ਇਹ ਐਮ.ਓ.ਯੂ. ਕੀ ਹੈ? I want it to be called as memorandum of commitment.

[ਸ਼੍ਰੀ ਸੁਨੀਲ ਜਾਖੜ]

Where is that commitment? ਪੈਸਾ ਕਿੱਧਰ ਗਿਆ? ਪੈਸਾ ਤਾਂ ਇੱਧਰ ਤੁਰਿਆ ਫਿਰਦਾ ਹੈ। ਜਿਹੜੀਆਂ ਇੰਡਸਟਰੀਆਂ ਸਮਿਟ ਦੇ ਥਰੂ ਆਈਆਂ ਹਨ, ਓਮੈਕਸ ਲਿਮਟਿਡ, ਮੁੱਲਾਂਪੁਰ ਵਿੱਚ ਇੰਪਲਾਇਮੈਂਟ 1500 ਵਿਅਕਤੀਆਂ ਨੂੰ ਮਿਲੀ ਪਰ ਉਥੇ ਆਲਰੇਡੀ ਕੰਮ ਚੱਲ ਰਿਹਾ ਹੈ, ਨੋਟ ਵੀ ਲੱਗਿਆ ਹੈ, ਇਹ already existing project ਹੈ। ਓਮੈਕਸ ਲਿਮਟਿਡ, ਬਠਿੰਡਾ, housing 500, employment 500, already existing projects. ਇਹ ਵੀ ਪਹਿਲਾਂ ਤੋਂ ਚਲਿਆ ਆ ਰਿਹਾ ਪ੍ਰੋਜੈਕਟ ਹੈ।

ਸਪੀਕਰ ਸਾਹਿਬ, ਇੱਕ ਬੜੀ ਗਲੇਰਿੰਗ ਐਗਜ਼ਾਂਪਲ ਹੈ ਜਿਹੜੀ ਮੈਂ ਹਾਊਸ ਵਿੱਚ ਵੀ ਦੇ ਦੇਵਾਂਗਾ। There is something called a 3G, ਬੜੇ ਗੌਰ ਨਾਲ ਸੁਣੋ, 3G entertainment private limited miniplex, with two cinema screens, shopping complex and a cafeteria. ਸਰਦਾਰ ਲਾਲ ਸਿੰਘ ਜੀ, ਇਸ ਵਿੱਚ ਲਿਖਿਆ ਹੈ ਕਿ all across Punjab sector housing investment 400 crore, employment 10,000 (interruption) ਇਹੀ ਮੈਂ ਪੁੱਛਣ ਲੱਗਿਆ ਹਾਂ, I still believe ਕਿ ਇੱਥੇ ਕਿਤੇ ਨਾ ਕਿਤੇ ਟਾਈਪਿੰਗ ਮਿਸਟੇਕ ਹੋ ਗਈ ਹੈ ਪਰ ਇੱਕ ਜ਼ੀਰੋ ਵੀ ਕੱਟ ਦਿਓ। ਸਕਰੀਨਾਂ ਤਾਂ ਬਥੇਰੀਆਂ ਦੇਖੀਆਂ ਹਨ, ਮਲਟੀਪਲੈਕਸ ਵੀ ਬਥੇਰੇ ਚਲਦੇ ਦੇਖੇ ਹਨ ਪਰ 10,000 ਬੰਦੇ ਨੌਕਰੀ ਲਗਦੇ ਮੈਂ ਕਿਤੇ ਨਹੀਂ ਦੇਖੇ। Is this how we are going to solve this problem? ਕਿਵੇਂ ਇੰਡਸਟਰੀ ਨੂੰ ਲੈ ਕੇ ਆਵਾਂਗੇ ਅਤੇ ਕਿਵੇਂ ਇਨ੍ਹਾਂ ਪ੍ਰਾਜੈਕਟਾਂ ਨੂੰ ਚਲਾਵਾਂਗੇ ? Already existing projects are in the pipeline ਜਿਨ੍ਹਾਂ ਬਾਰੇ ਐਮ.ਓ.ਯੂ. ਸਾਈਨ ਹੋ ਰਹੇ ਹਨ, ਕਿਸੇ ਦੀ ਹਾਲੇ ਜ਼ਮੀਨ ਲੈਣੀ ਹੈ, ਕਿਸੇ ਵਾਸਤੇ ਹਾਲੇ ਅਲਾਟ ਕਰਨੀ ਹੈ ਪਰ he was wise enough to point out then and there. ਕਈ ਗੱਲਾਂ ਕਹਿ ਨਹੀਂ ਸਕਦੇ ਪਰ ਇਨ੍ਹਾਂ ਨੇ ਬਰੀਕੀ ਨਾਲ ਗੱਲ ਸਮਝਾ ਦਿੱਤੀ ਕਿ is there a commitment ? ਜੇ ਕਿਤੇ ਮਾੜੀ-ਮੋਟੀ ਕੁਮਿਟਮੈਂਟ ਹੁੰਦੀ ਹੈ ਤਾਂ ਆਪਾਂ ਅਜਿਹੇ ਸੀਨ ਕ੍ਰਿਏਟ ਕਰ ਦਿੰਦੇ ਹਾਂ, ਜਿਥੇ 200-200 ਫਾਇਰ ਹੋਣ ਉਥੇ ਫਿਰ ਇੰਡਸਟਰੀ ਕਿਉਂ ਆਵੇਗੀ? ਫੇਰ ਸ਼ਰਮਾ ਜੀ, ਸ਼ਾਈਨਿੰਗ ਗੁਜਰਾਤ ਬਣਾ ਲਓ, ਫੇਰ ਉਧਰ ਹੀ ਸਾਰੇ ਤੁਰ ਕੇ ਜਾਣਗੇ, ਪੰਜਾਬੀ ਵੀ ਜਾਂਦੇ ਹਨ, ਮੱਧ ਪ੍ਰਦੇਸ਼ ਨੂੰ ਵੀ ਤੁਰੇ ਜਾਂਦੇ ਹਨ। ਓਸਵਾਲ ਜੀ ਬੜੇ ਹੀ ਸੁਲਝੇ ਹੋਏ ਪੁਰਾਣੇ ਵਪਾਰੀ ਹਨ, ਉਹ ਮੱਧ ਪ੍ਰਦੇਸ਼ ਤੁਰ ਗਏ, ਟ੍ਰਾਈਡੈਂਟ ਵਾਲੇ ਉਥੇ ਤੁਰ ਗਏ ਅਤੇ ਜਦੋਂ ਇੱਥੋਂ ਦਬਾਅ ਪਿਆ ਤਾਂ ਕਹਿੰਦੇ ਅਸੀਂ ਇੱਥੇ ਵੀ ਲਾਵਾਂਗੇ। ਠੀਕ ਹੈ ਲਗਾਓ। ਉਹ ਵੀ ਖੁਸ਼ ਹੋਣਗੇ, ਦੂਜੀ ਸਟੇਟ ਵਿੱਚ ਕਿਉਂ ਜਾਣਗੇ? They will be happy if we can provide them something. ਮੈਂ ਇਹ ਸਭ ਕਿਉਂ ਕਹਿ ਰਿਹਾ ਹਾਂ? ਗਰੀਬ ਨੌਜਵਾਨ ਕਿੱਥੇ ਜਾਵੇਗਾ? ਜਦੋਂ ਨੌਕਰੀ ਨਹੀਂ ਮਿਲਣੀ ਤੇ ਫਿਰ ਉਹ ਦੇਖਦਾ ਹੈ ਕਿ ਇਹ ਡਰੱਗਾਂ ਵਾਲਾ ਕੰਮ ਬੜਾ ਸੌਖਾ ਹੈ, ਇੱਕ ਕਿਲੋ ਲੰਘਾ ਦੇਈਏ ਅਤੇ ਜਾਂਦਿਆਂ ਨੂੰ ਕਰੋੜਾਂ ਦੀ ਹੋ ਜਾਵੇਗੀ। (ਵਿਘਨ) ਸ਼ਾਇਦ ਇਸੇ ਕਰਕੇ ਬਾਦਲ ਸਾਹਿਬ ਕਹਿ ਰਹੇ ਸੀ ਕਿ ਕਿਸੇ ਸਿਆਣੇ ਬੰਦੇ ਨੂੰ ਪਾਇਓ। ਮੈਂ ਤਾਂ ਇੰਨਾ ਕਹਿਣਾ ਚਾਹੁੰਦਾ ਹਾਂ, what I know ਕਿ ਜਿਹੜਾ ਪੁਰਾਣਾ ਨਸ਼ਾ ਸੀ, ਰਾਜਸਥਾਨ ਨਾਲ ਆਪਾਂ ਹਮੇਸ਼ਾ ਲੜਦੇ ਰਹੇ ਹਾਂ, ਤੁਸੀਂ ਵੀ ਬਾਰਡਰ ਤੇ ਬੈਠੇ ਹੋ ਅਤੇ ਅਸੀਂ ਵੀ ਬਾਰਡਰ ਤੇ ਬੈਠੇ ਹਾਂ। ਉਧਰੋਂ ਭੁੱਕੀ, ਪੋਸਤ ਅਤੇ ਅਫੀਮ ਆਉਂਦੀ

ਹੈ। ਇਸ ਬਾਰੇ ਡਾਕਟਰ ਸਾਹਿਬ ਦੱਸ ਸਕਦੇ ਹਨ, ਇੱਥੇ ਮੈਡਮ ਬੈਠੇ ਹਨ, ਉਹ ਦੱਸ ਦੇਣਗੇ। She would bear me out. Are these natural opiates not better than these synthetic durgs?. ਜਿਹੜੇ ਕਿ ਆਪਾਂ ਮੁਹਾਲੀ ਅਤੇ ਬੱਦੀ ਤੋਂ ਫੜ੍ਹ ਕੇ ਲਿਆਏ ਹਾਂ। ਭੁੱਕੀ, ਪੋਸਤ ਅਤੇ ਅਫੀਮ ਨਾਲ ਬੰਦਾ ਹੈਲਿਊਸੀਨੇਟ ਤਾਂ ਨਹੀਂ ਹੁੰਦਾ। ਬੰਦਾ ਮਰਦਾ ਤਾਂ ਨਹੀਂ, ਭਾਵੇਂ ਇਹ ਅੰਦਰੋਂ ਵਿਅਕਤੀ ਨੂੰ ਕੈਂਸਰ ਦੀ ਤਰ੍ਹਾਂ ਖਾ ਜ਼ਰੂਰ ਜਾਂਦੀ ਹੈ, ਇਸ ਨੂੰ ਮਿੱਠਾ ਕੀੜਾ ਕਿਹਾ ਜਾਂਦਾ ਹੈ। ਜਥੇਦਾਰ ਤੋਤਾ ਸਿੰਘ ਜੀ, ਆਪਣੇ ਪੰਜਾਬ ਵਿੱਚ ਵੀ ਪਹਿਲਾਂ ਜੱਟ ਆਪਣੇ ਕਾਮਿਆਂ ਨੂੰ ਚਾਹ ਵਿੱਚ ਇਸ ਨੂੰ ਥੋੜ੍ਹਾ ਜਿਹਾ ਪਾ ਕੇ ਦੇ ਦਿੰਦੇ ਸੀ ਕਿ ਇਸ ਨੂੰ ਖਾ ਕੇ ਵਾਢੀ ਚੰਗੀ ਕਰੇਗਾ, ਨਰਮਾ ਸੁਹਣਾ ਚੁਗੇਗਾ। ਆਪਾਂ ਉਹ ਲੜਾਈ ਤਾਂ ਲੜੇ ਨਹੀਂ, ਇੰਟਰਨੈਸ਼ਨਲ ਬਾਰਡਰ ਦੀ ਗੱਲ ਕਰੀ ਜਾਂਦੇ ਹਨ। ਫਿਰ ਮੈਂ ਤੁਹਾਡੇ ਵਾਲੇ ਮੈਨੀਫੈਸਟੋ ਨੂੰ ਚੁੱਕ ਲਵਾਂਗਾ। ਉਸ ਦੇ ਵਿੱਚ ਲਿਖਿਆ ਹੈ: since this drug trade has international ramifications. That is why, we want national level agency. ਜਦੋਂ ਅਸੀਂ ਸੀ.ਬੀ.ਆਈ. ਦੀ ਗੱਲ ਕਰਦੇ ਹਾਂ, ਤੁਸੀਂ ਕਹਿੰਦੇ ਹੋ ਕਿ ਸਾਡੇ ਮਗਰ ਪਏ ਹੋਏ ਹੋ। ਤੁਸੀਂ ਗੱਲ ਤਾਂ ਇੰਟਰਨੈਸ਼ਨਲ ਬਾਰਡਰ ਦੀ ਕਰਦੇ ਹੋ, ਮੈਂ ਕਹਿੰਦਾ ਹਾਂ ਕਿ ਇਹ ਬੱਦੀ ਹੈ, ਇਹ ਸਿੰਥੈਟਿਕ ਡਰੱਗ ਇੱਥੋਂ ਬਣਾ ਕੇ ਆਪਣੇ ਲੋਕ ਹੀ ਐਕਸਪੋਰਟ ਕਰ ਰਹੇ ਹਨ, ਇੱਥੋਂ ਹੀ ਬਣ ਕੇ ਕੈਨੇਡਾ ਅਤੇ ਅਮਰੀਕਾ ਵਿੱਚ ਜਾ ਰਹੀ ਹੈ। ਇਹ ਦੇਖੋ ਕਿ ਕੌਣ ਅਜਿਹਾ ਕਰ ਰਿਹਾ ਹੈ। ਇਹ ਉਹੀ ਲੜਕੇ ਕਰ ਰਹੇ ਹਨ ਜਿਨ੍ਹਾਂ ਨੂੰ ਪੈਟਰੋਨਾਈਜ਼ ਦਿੱਤਾ ਹੈ, ਮੈਂ ਇਹ ਗੱਲ ਅੱਜ ਵੀ ਕਹੀ ਸੀ ਕਿ ਇਨ੍ਹਾਂ ਮਾੜੇ ਬੰਦਿਆਂ ਨਾਲ ਯਾਰੀ ਠੀਕ ਨਹੀਂ, ਇਹ ਕਿਸੇ ਦੇ ਪ੍ਰੀਤਵਾਨ ਨਹੀਂ ਹਨ, ਤੁਸੀਂ ਚਾਹੇ ਇਨ੍ਹਾਂ ਨਾਲ ਕਿੰਨੀ ਵੀ ਸਕੀਰੀ ਪਾ ਲਵੋ। ਇਨ੍ਹਾਂ ਤੇ ਨਕੇਲ ਪਾਈ ਜਾਵੇ। This cannot be allowed. They have to be curtailed. ਸਪੀਕਰ ਸਾਹਿਬ, ਬਿਲਕੁਲ ਤੁਹਾਡੇ ਬੀ.ਜੇ.ਪੀ. ਦੇ ਮੈਨੀਫੈਸਟੋ ਵਿੱਚ ਲਿਖਿਆ ਹੈ, We will deal it with iron-hand. ਹੁਣ ਤਾਂ ਤੁਸੀਂ ਪਹਿਲਾਂ ਨਾਲੋਂ ਤਕੜੇ ਹੋਣ ਲੱਗੇ ਹੋ, ਕੋਈ ਮਾੜੀ ਮੋਟੀ ਇਖਲਾਕ ਲੈ ਕੇ ਆਉ, ਤੁਸੀਂ ਤਾਂ ਜਮ੍ਹਾਂ ਹੀ ਗੋਡੀਆਂ ਲਗਾ ਦਿੱਤੀਆਂ। ਕੁਝ ਤਾਂ ਦੇਵੋ, ਤੁਸੀਂ ਵੀ ਕਿਹਾ ਸੀ ਕਿ ਸਮਾਲ ਸਕੇਲ ਇੰਡਸਟਰੀ ਵਾਸਤੇ ਸਬਸਿਡੀ ਦੇਵਾਂਗੇ। ਤੁਸੀਂ ਕਿਹਾ ਸੀ ਇਕੱਲੇ ਐਗਰੀਕਲਚਰ ਵਾਲੇ ਤਾਂ ਕੀ ਮੰਗਦੇ ਹਨ, ਅਸੀਂ ਇੰਡਸਟਰੀ ਲਈ ਵੀ ਸਬਸਿਡੀ ਦੇਵਾਂਗੇ ਪਰ ਕੁਝ ਦਿਉ ਤਾਂ ਸਹੀ। ਕਿਤੇ ਸਬਸਿਡੀ ਦਿਵਾਉ ਤਾਂ ਸਹੀ।

ਸਪੀਕਰ ਸਾਹਿਬ, ਚੀਮਾ ਸਾਹਿਬ ਨੇ ਬੜੀ ਤਫ਼ਸੀਲ ਵਿੱਚ ਦੱਸਿਆ ਕਿ ਇੱਕ ਰੁਪਏ ਪ੍ਰਤੀ ਕਿਲੋ ਕਣਕ ਦੇਣ ਲੱਗੇ ਹਾਂ। ਮੈਂ ਇਸ ਸਬੰਧੀ ਸਵਾਲ ਵੀ ਲਗਾਇਆ ਸੀ ਮੇਰੇ ਕੋਲ ਇਨਫਰਮੇਸ਼ਨ ਆਈ ਨਹੀਂ। ਮੈਂ ਛੋਟਾ ਜਿਹਾ ਸਵਾਲ ਲਗਾਇਆ ਸੀ ਕਿ What is the financial burden on the Punjab Government to provide this @ Rs. 1 per Kg, ਇਸ,ਦੀਆਂ ਡਿਟੇਲਜ਼ ਕੀ ਹਨ। ਕੇਂਦਰ ਸਰਕਾਰ ਜਿਸ ਨੂੰ ਪਾਣੀ ਪੀ ਪੀ ਕੇ ਕੋਸਦੇ ਹਾਂ, ਜ਼ਿਮੀਂਦਾਰ ਨੂੰ ਤਾਂ 1400/- ਰੁਪਏ ਹੀ ਮਿਲਦੇ ਹੋਣਗੇ, ਉਨ੍ਹਾਂ ਨੂੰ 25/- ਰੁਪਏ ਪ੍ਰਤੀ ਕਿਲੋ ਪੈਂਦੀ ਹੈ, ਉਸ ਦੀ ਹੈਂਡਲਿੰਗ, ਉਸ ਦੀ ਟਰਾਂਸਪੋਰਟੇਸ਼ਨ, ਉਸ ਦੀ ਬੈਗਿੰਗ ਅਤੇ ਉਸ ਦੇ ਝਾੜ ਦਾ ਖਰਚਾ, ਆੜ੍ਹਤੀਆਂ ਵਾਲਾ ਕਮਿਸ਼ਨ ਅਤੇ ਸੈੱਸ ਵਗੈਰਾ ਸਾਰਾ ਕੁਝ ਲਗਾ ਕੇ

[ਸ਼੍ਰੀ ਸੁਨੀਲ ਜਾਖੜ]

ਇਹ 25/- ਰੁਪਏ ਪ੍ਰਤੀ ਕਿਲੋ ਪੈਂਦੀ ਹੈ। 25/- ਰੁਪਏ ਖਰਚੇ ਵਾਲਾ ਸਮਾਨ ਉਥੋਂ ਭੇਜਿਆ ਹੈ ਕਿ ਇਸ ਨੂੰ ਦੋ ਰੁਪਏ ਵਿੱਚ ਦਿਉ। ਜਿਵੇਂ ਕਹਿੰਦੇ ਹਨ ਕਿ ਚੀਚੀ ਕੱਟ ਕੇ ਤਿਲਕ ਲਗਾ ਲਿਆ। ਤੁਸੀਂ ਕਹਿੰਦੇ ਹੋ ਕਿ ਇੱਕ ਰੁਪਏ ਵਿੱਚ ਇਸ ਨੂੰ ਵੰਡਣ ਲੱਗੇ ਹਾਂ। ਸਰ, ਬਿਲਕੁਲ ਵੰਡੋ। ਇਹ ਚੰਗੀ ਗੱਲ ਹੈ। ਅੱਜ ਕੈਰੋਂ ਸਾਹਿਬ ਵੀ ਨਹੀਂ ਬੈਠੇ। ਕੋਈ ਗੱਲ ਬਣੀ ਨਹੀਂ, ਮੈਂ ਉਨ੍ਹਾਂ ਤੋਂ ਕੁਝ ਪੁੱਛਣਾ ਚਾਹੁੰਦਾ ਸੀ। Why is it ? Why is there competition ? ਇਹ ਸਾਨੂੰ ਕਹਿੰਦੇ ਹਨ ਕਿ ਕਾਂਗਰਸ ਵਾਲੇ ਐਵੇਂ ਕਰੈਡਿਟ ਲੈਂਦੇ ਫਿਰਦੇ ਹਨ ਕਿ ਕੰਮ ਮੈਂ ਕਰਵਾਇਆ ਹੈ । ਮੈਂ ਕਹਿੰਦਾ ਹਾਂ ਕਿ ਕਰੈਡਿਟ ਦਾ ਰੌਲਾ ਤਾਂ ਤੁਹਾਡੇ ਵਿੱਚ ਪਿਆ ਹੋਇਆ ਹੈ। ਤੁਹਾਡੇ ਤਾਂ ਸਕੀਮਾਂ ਹੀ ਦੋ ਬਣੀਆਂ ਖੜ੍ਹੀਆਂ ਹਨ। ਇੱਕ ਕੈਰੋਂ ਸਾਹਿਬ ਲਈ ਫਿਰਦੇ ਹਨ, ਇੱਕ ਸਕੀਮ ਸੁਖਬੀਰ ਹੋਰੀਂ ਲੈ ਲੈਂਦੇ ਹਨ ਪਰ ਮੇਰਾ ਕੁਐਸਚਨ ਹੈ, which relates to a common man's problem is ਕਿ ਜਿਹੜੀ ਉਸ ਦੀ ਪੈਕਿੰਗ ਕਰਵਾਉਗੇ, ਜਿਹੜੀ ਉਸ ਪੈਕਿੰਗ ਤੇ ਫੋਟੋ ਲਗਵਾਉਣ ਦਾ ਕੰਮ ਕਰਵਾ ਰਹੇ ਹੋ, ਉਸ ਦੀ ਕਾਸਟ ਕਿੰਨੀ ਹੈ ? Without going through the details, I can say ਕਿ ਉਹ ਇੱਕ ਰੁਪਏ ਨਾਲੋਂ ਫਾਲਤੂ ਪਵੇਗੀ। ਇੱਕ ਰੁਪਏ ਨਾਲੋਂ ਵੱਧ ਇਸ ਤੇ ਖਰਚਾ ਆਵੇਗਾ। ਫਿਰ ਮੁਫਤ ਵਿੱਚ ਹੀ ਕਣਕ ਦੇ ਦਿਉ। ਫਿਰ ਰੌਲਾ ਕੀ ਹੈ ? ਦੂਜਾ ਮੇਰਾ ਸਵਾਲ ਹੈ, ਆਨਰੇਬਲ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਮੈਂ ਕੱਲ੍ਹ ਨੂੰ ਸਾਰੇ ਜਵਾਬ ਦਿਆਂਗਾ। ਹੁਣ ਤੁਸੀਂ ਕਹਿ ਰਹੇ ਹੋ ਕਿ 15.40 ਲੱਖ ਲੋਕਾਂ ਨੂੰ ਅਸੀਂ ਇੱਕ ਰੁਪਏ ਵਿੱਚ ਕਣਕ ਦੇਵਾਂਗੇ, ਜਦੋਂ ਕਿ ਸੈਂਟਰ ਸਰਕਾਰ ਦੋ ਰੁਪਏ ਕਿਲੋ ਕਣਕ ਦੇ ਰਹੀ ਹੈ। ਤੁਸੀਂ ਇਹ ਵੀ ਕਹਿੰਦੇ ਹੋ ਕਿ 15.60 ਲੱਖ ਹੋਰ ਬੰਦਿਆਂ ਨੂੰ ਪਾ ਕੇ ਇਨ੍ਹਾਂ ਦੀ ਗਿਣਤੀ 31 ਲੱਖ ਕਰਨ ਲੱਗੇ ਹਾਂ। ਇਹ ਬਹੁਤ ਅੱਛੀ ਗੱਲ ਹੈ। ਮੈਂ ਇਸ ਨੂੰ ਐਪਰੀਸ਼ੀਏਟ ਕਰਦਾ ਹਾਂ। ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਕਿ ਤੁਸੀਂ ਡਾਕਟਰ ਮਨਮੋਹਨ ਸਿੰਘ ਨਾਲੋਂ ਵੀ ਅੱਗੇ ਨਿਕਲ ਗਏ ਹੋ ਪਰ ਮੈਨੂੰ ਇਹ ਦੱਸ ਦਿਉ ਕਿ ਜਿਹੜੇ ਬਾਕੀ 15.60 ਲੱਖ ਲੋਕ ਹਨ, ਉਨ੍ਹਾਂ ਦੇ ਘਰੇ ਕੀ ਗੰਢਿਆਂ ਨਾਲ ਰੋਟੀ ਖਾਂਦੇ ਹਨ ? ਕੀ ਉਨ੍ਹਾਂ ਦੇ ਦਾਲ ਨਹੀਂ ਪੱਕਦੀ ? ਕਿਉਂਕਿ ਇਸ ਵਿੱਚ ਲਾਈਨ ਨਾਲ ਲਿਖੀ ਹੈ ਕਿ 'Dal' will be given only to the exsiting card holders. (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਹ ਤਾਂ ਤੁਸੀਂ ਲੋਕਾਂ ਵਿੱਚ ਫਰਕ ਪਾਉਣ ਲੱਗੇ ਹੋ। Why cannot you be generous with them ? ਉਨ੍ਹਾਂ ਨੂੰ ਵੀ ਦਾਲ ਦੇ ਦਿਉ। ਹੋਰ ਕੁਝ ਵੀ ਜੋ ਦੇਣਾ ਹੈ, ਉਹ ਬਿਲਕੁਲ ਦਿਉ।

ਸਪੀਕਰ ਸਾਹਿਬ, ਮੈਂ ਮਾਨਯੋਗ ਚੀਫ਼ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਤੁਸੀਂ ਡਾਕਟਰ ਹਰਗੋਬਿੰਦ ਖੁਰਾਣਾ ਜੀ ਦੇ ਨਾਂ ਤੇ ਸਕੀਮ ਚਲਾਈ ਹੈ ਕਿ ਬੱਚਿਆਂ ਨੂੰ 30,000 ਰੁਪਏ ਵਜ਼ੀਫਾ ਦਿਆਂਗੇ। It is a very welcome step. ਅਸੀਂ ਇਸ ਬਾਰੇ ਚੰਗਾ ਕਹਿੰਦੇ ਹਾਂ ਪਰ ਜੋ ਸਹੀ ਗੱਲ ਹੈ, ਉਸ ਨੂੰ ਸਹੀ ਕਹਾਂਗੇ, ਵੈਲਕਮ ਕਰਾਂਗੇ But what happened to SC/BC scholarships. ਹੁਣ ਦਸੰਬਰ ਵਿੱਚ 281 ਕਰੋੜ ਰੁਪਿਆ ਆਇਆ till the last-time. I checked, not a penny has been sent. ਹੁਣ 5-4 ਦਿਨਾਂ ਵਿਚ ਕੋਈ 10-20 ਕਰੋੜ ਰੁਪਏ ਦੇ ਦਿੱਤਾ ਹੋਣਾ ਹੈ। ਮਿਨਿਆਰਟੀਜ਼ ਦੇ ਸਕਾਲਰਸ਼ਿਪ ਕੇਂਦਰ ਸਰਕਾਰ ਤੋਂ ਆਉਂਦੇ ਰਹੇ ਹਨ । ਮਿਨਿਆਰਟੀਜ਼ ਸਕਾਲਰਸ਼ਿਪ,

ਸਾਰੇ ਉਸ ਵਿਚ ਐਨਟਾਈਟਲਡ ਹਨ। Sikhs are 'minority, ਜਿਹੜਾ ਕਰਾਈਟੇਰੀਆ ਹੈ, ਉਸ ਹਿਸਾਬ ਨਾਲ ਤਾਂ ਹਰੇਕ ਬੱਚੇ ਨੂੰ ਪੈਸੇ ਆਉਣੇ ਚਾਹੀਦੇ ਸੀ ਪਰ ਇੰਨੇ ਸਾਲਾਂ ਦਾ ਕੋਈ ਖਾਤਾ ਹੀ ਨਹੀਂ ਹੈ। ਉਹ ਕਿਤੇ ਮੈਨਸ਼ਨ ਨਹੀਂ ਕੀਤਾ ਗਿਆ । Just saying that they are being distributed ਉਸ ਵਿੱਚ ਇਹ ਲਿਖਿਆ ਹੈ ਕਿ they are being distributed. What had happened ? ਇਸੇ ਹਾਊਸ ਵਿੱਚ ਦੋ-ਤਿੰਨ ਵਾਰੀ ਇੱਥੇ ਬਿਆਨ ਦਿੱਤਾ ਹੈ, ਢੀਂਡਸਾ ਸਾਹਿਬ ਵੀ ਬੈਠੇ ਨਹੀਂ, ਉਨ੍ਹਾਂ ਨੇ ਕਿਹਾ ਸੀ ਕਿ ਮੈਂ ਪੈਸਾ ਟਰਾਂਸਫਰ ਕਰ ਦਿੱਤਾ ਹੈ। That is also a breach of privilege. ਉਹ ਪੈਸੇ ਤਾਂ ਲਾਭਪਾਤਰੀਆਂ ਤੱਕ ਪਹੁੰਚੇ ਨਹੀਂ । ਮੇਰੀ ਹੰਬਲ ਸਬਮਿਸ਼ਨ ਇਹ ਹੈ ਕਿ when Hon'ble Chief Minister gets up to answer, he should not only speak ..... (ਘੰਟੀ) ਸਪੀਕਰ ਸਾਹਿਬ, ਤੁਸੀਂ ਘੰਟੀ ਨਾ ਵਜਾਓ । ਮੈਂ ਬਸ ਖਤਮ ਕਰਨ ਲੱਗਾ ਹਾਂ। ਮੈਂ ਜਵਾਬ ਦੇਣ ਲੱਗਾ ਹਾਂ, ਵਧਾਈ ਤਾਂ ਤੁਸੀਂ ਲਈ ਹੈ ਪਰ ਇਹ ਦੱਸ ਦਿਓ ਕਿ ਕਦੋਂ ਤੱਕ ਉਸ ਬੱਚੇ ਨੂੰ ਵਜ਼ੀਫਾ ਮਿਲਦਾ ਰਹੇਗਾ। till when ਇਹ ਨਾ ਹੋਵੇ ਕਿ ਇੱਕ ਸਾਲ ਵਜ਼ੀਫਾ ਦੇ ਦਿੱਤਾ ਜਾਵੇ, ਉਹ ਕਿਤੇ ਜਾ ਕੇ ਕਾਲਜ ਵਿੱਚ ਦਾਖਲਾ ਲੈ ਲਵੇ ਤੇ ਤੁਸੀਂ ਸਵੇਰੇ ਕਹਿ ਦਿਓ ਕਿ ਅਸੀਂ ਤਾਂ ਕਿਹਾ ਸੀ ਕਿ its only for one year. ਉਨ੍ਹਾਂ ਬੱਚਿਆਂ ਨੂੰ ਪਰਮੋਟ ਕਰੋ। Do something and make them employable, not just degrees alone. ਇਹ ਜਿਹੜੀ ਆਈ.ਆਈ.ਟੀ. ਰੋਪੜ ਆਈ ਹੈ, this is more than a temple ਜਦੋਂ ਭਾਖੜਾ ਡੈਮ ਬਣਿਆ ਸੀ ਉਦੋਂ ਮੇਰੇ ਵਰਗੇ ਕਹਿੰਦੇ ਹੁੰਦੇ ਸੀ ਕਿ ਪਾਣੀ ਵਿੱਚੋਂ ਬਿਜਲੀ ਕੱਢੀ ਹੋਈ ਹੈ, ਐਵੇਂ ਫੋਕਾ ਪਾਣੀ ਲੋਕਾਂ ਨੂੰ ਦੇ ਰਹੇ ਹਨ। ਪੰਜਾਬ ਵਾਸਤੇ ਇਹ ਸਭ ਤੋਂ ਵੱਡਾ ਤੋਹਫਾ ਹੈ ਜਿਹੜੀ ਆਈ.ਆਈ.ਟੀ. ਰੋਪੜ ਆਈ ਹੈ। This is something which you should applaud. ਸਾਰਿਆਂ ਨੂੰ ਖੜ੍ਹੇ ਹੋ ਕੇ ਸੈਂਟਰ ਗੌਰਮਿੰਟ ਦਾ ਧੰਨਵਾਦ ਕਰਨਾ ਚਾਹੀਦਾ ਹੈ। ਪਹਿਲਾਂ ਸਾਰੇ ਭੱਜੇ ਫਿਰਦੇ ਸਨ ਕਿ ਸਾਡੇ ਇੱਥੇ ਆਈ.ਆਈ.ਟੀ. ਆ ਜਾਵੇ। ਉਨ੍ਹਾਂ ਦੇ ਬੱਚੇ ਜਾ ਕੇ 2-4 ਲੱਖ ਰੁਪਏ ਦੀ ਨੌਕਰੀ ਲਗਦੇ ਹਨ। This is what I mean ਕਿ ਜੇ ਪੰਜਾਬ ਨੂੰ ਵਾਕਿਆ ਹੀ ਪ੍ਰੋਗਰੈਸਿਵ ਬਣਾਉਣਾ ਹੈ ਤਾਂ ਇਹ ਜ਼ਰੂਰੀ ਹੈ। ਸਪੀਕਰ ਸਾਹਿਬ, ਫਾਈਨਲੀ ਮੈਂ ਹੁਣ ਸੁਣਾਵਾਂ ਕਿਸ ਨੂੰ, ਕੋਈ ਇੱਥੇ ਬੈਠਾ ਹੀ ਨਹੀਂ ਹੈ।

ਮੁੱਖ ਮੰਤਰੀ (ਬੈਠੇ-ਬੈਠੇ) : ਇਹ ਸਾਰੇ ਹੀ ਬੈਠੇ ਹਨ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਆਪਣੇ ਅਜ਼ੀਜ਼ ਮਜੀਠੀਆ ਸਾਹਿਬ ਨੂੰ ਕਹਿਣਾ ਚਾਹੁੰਦਾ ਸੀ, I wanted to talk to him and I wanted to tell him something, ਮੈਂ ਉਮਰ ਵਿਚ ਉਸ ਤੋਂ ਵੱਡਾ ਹਾਂ, ਉਹ ਮੈਨੂੰ ਕਿੰਨਾ ਹੀ ਮਾੜਾ ਚੰਗਾ ਸਮਝੇ ਪਰ I have definitely a soft-corner for him because I saw in him a great potential. ਜਿਸ ਦਿਨ ਪਿਛਲੀ ਅਸੈਂਬਲੀ ਵਿੱਚ ਉਹ ਆਏ, ਸਾਥੀਆਂ ਨੂੰ ਤਾਂ ਨਹੀਂ ਧਿਆਨ ਪਰ I still remember his speech, I also remember his first speech ਜਦੋਂ ਮੰਤਰੀ ਬਣ ਕੇ ਪਹਿਲੀ ਸਪੀਚ ਦੇਣ ਲੱਗੇ ਸੀ, ਉਨ੍ਹਾਂ ਨੇ ਕਿਹਾ ਸੀ ਕਿ ਜਾਖੜ ਸਾਹਿਬ ਨਜ਼ਰੀਆ ਬਦਲੋ, ਨਜ਼ਾਰੇ ਬਦਲ ਜਾਏਂਗੇ। ਮੈਂ ਅੱਜ ਉਨ੍ਹਾਂ ਨੂੰ ਯਾਦ ਕਰਵਾਉਣਾ ਚਾਹੁੰਦਾ ਸੀ ਕਿ ਨਜ਼ਰੀਆ ਬਦਲੋ, ਨਜ਼ਾਰੇ ਬਦਲ ਜਾਏਂਗੇ। ਅਸੀਂ ਤੁਹਾਡੇ ਖਿਲਾਫ ਨਹੀਂ ਹਾਂ, ਹੋ

[ਸ੍ਰੀ ਸੁਨੀਲ ਜਾਖੜ]

ਸਕਦਾ ਹੈ ਕਿ we are the only 'hiteshi' of yours. ਪਿੱਛੇ ਜਾ ਕੇ ਝਾਤੀ ਮਾਰ ਕੇ ਦੇਖੋ 6 ਜਨਵਰੀ ਦੀ ਤਾਰੀਕ ਵੱਲ, ਕਦੋਂ ਤੋਂ ਇਨ੍ਹਾਂ ਦਾ ਨਾਮ ਆਉਣ ਲੱਗਿਆ ਹੈ ? ਇਨ੍ਹਾਂ ਦਾ ਨਾਮ ਉਸ ਦਿਨ ਤੋਂ ਆਉਣ ਲਗਿਆ ਜਿਸ ਦਿਨ prime accused came to Mohali court, every journalist was informed prior to his appearing ਕਿ ਅੱਜ ਭੋਲਾ ਜੀ ਆਉਣਗੇ, ਕੋਰਟ ਵਿੱਚ ਪੇਸ਼ ਕਰਾਂਗੇ and he will make an important announcement. Is he somebody who should be advertised? Do the police give a right to such an accused of a heinous crime ? He held a press-conference right there on the court premises and he accused him. ਅੱਜ ਕਹਿੰਦੇ ਹਨ ਕਿ ਤੁਹਾਡੇ ਬੇਲੀਆਂ ਨਾਲ ਉਨ੍ਹਾਂ ਦੇ ਲਿੰਕ ਹਨ । ਜੇ ਸਾਡੇ ਬੇਲੀਆਂ ਦੇ ਲਿੰਕ ਹੁੰਦੇ ਤਾਂ ਕੀ ਇਨ੍ਹਾਂ ਨੇ ਮਰਨਾ ਸੀ, ਉਨ੍ਹਾਂ ਦਾ ਨਾਮ ਲੈ ਕੇ। He was may be, I am saying 'may be', he was offered some incentive to name him. But I wanted to tell him. Majithia Sahib there is something fishy. There is somebody in the establishment who is not happy with your potential (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਅਸੀਂ ਰੋਜ਼ ਦੇਖਦੇ ਹਾਂ, ਤੁਸੀਂ ਕਦੇ ਉਸ ਦੀ ਫੋਟੋ ਦੇਖੋ। ਹਾਈਕੋਰਟ ਨੇ ਮਨ੍ਹਾਂ ਕੀਤਾ ਹੈ ਕਿ ਕਿਸੇ ਵੀ ਅਕਿਉਜ਼ਡ ਨੂੰ ਹੱਥਕੜੀ ਪਾ ਕੇ ਨਹੀਂ ਲੈ ਕੇ ਆਉਣਾ ਪਰ ਆਪਣੀ ਪੰਜਾਬ ਪੁਲਿਸ ਤਾਂ ਇਸ ਤਰ੍ਹਾਂ ਘੜੀਸੀ ਫਿਰਦੀ ਹੈ, ਜਿਵੇਂ ਡੰਗਰ ਬੰਨੇ ਹੁੰਦੇ ਹਨ। ਉਸ ਨੂੰ ਬਕਾਇਦਾ ਐਸਕੋਰਟ ਕਰਕੇ ਲੈ ਕੇ ਆਉਂਦੇ ਹਨ। ਜੇ ਖੁਦਾ ਨਾ ਖਾਸਤਾ ਕੋਈ ਕਿਸੇ ਮੰਤਰੀ ਦਾ ਜਾਂ ਕਿਸੇ ਪਾਵਰਫੁਲ ਆਦਮੀ ਦਾ ਨਾਂ ਲੈ ਦੇਵੇ, ਇਹ ਪੰਜਾਬ ਪੁਲਿਸ ਹੈ, ਮਾਰ ਕੇ ਉਤੇ ਕੰਬਲ ਤੇ ਜਿਪਸੀ ਵਿੱਚ ਨਾਲ ਦੀ ਨਾਲ ਪਾ ਕੇ ਸੁੱਟ ਦੇਣਾ ਸੀ ਕਿ ਤੈਨੂੰ ਅਸੀਂ ਦੱਸਦੇ ਹਾਂ ਕਿ ਕਿਵੇਂ ਨਾਂ ਲਈਦਾ ਹੁੰਦਾ ਹੈ। But he held a conference there and he is accused. ਪੂਰਾ ਉਸ ਨੂੰ ਟਾਈਮ ਦਿੱਤਾ, ਇਸ ਕਰਕੇ ਅਸੀਂ ਕਹਿ ਰਹੇ ਸੀ ਕਿ ਸੀ.ਬੀ.ਆਈ. ਨੂੰ ਜਾਂਚ ਦਿਓ this is a smoke screen being created. ਇਸ ਦੇ ਵਿੱਚ ਚੁਣ ਚੁਣ ਕੇ ਫਸਾਏ ਜਾਣਗੇ। ਸਾਨੂੰ ਖਦਸ਼ਾ ਹੈ ਕਿ ਜਿਸ ਦਾ ਵੀ ਦਿਮਾਗ ਦਰੁਸਤ ਕਰਨਾ ਚਾਹੁੰਦੇ ਹਨ ਕਿ ਸੁਨੀਲ ਬੋਲਦਾ ਹੈ, ਆਪਣੇ ਵੜਿੰਗ ਸਾਹਿਬ ਬੋਲਦੇ ਹਨ, ਇਸ ਵਿੱਚ ਆਪਣੀ ਮਰਜ਼ੀ ਦੇ ਨਾਮ ਨਾ ਕਿਤੇ ਪਾ ਦਿੱਤੇ ਜਾਣ। ਸਪੀਕਰ ਸਾਹਿਬ, ਸਾਨੂੰ ਇਹ ਖਤਰਾ ਹੈ। ਅਸੀਂ ਕਿਸੇ ਦੇ ਮਗਰ ਨਹੀਂ ਲੱਗੇ, ਅਸੀਂ ਤਾਂ ਕਹਿ ਰਹੇ ਹਾਂ ਕਿ Is this the way how the Punjab Police is behaving ? These are serious questions and one does not need rocket science to figure out ਕਿ ਇਹ ਹੋ ਕੀ ਰਿਹਾ ਹੈ। ਸਾਡੇ ਭਰਾ ਨੂੰ ਇਵੇਂ ਹੀ ਭੁਲੇਖਾ ਪਾ ਦਿੱਤਾ ਕਿ ਮੇਰੇ ਮਗਰ ਕਾਂਗਰਸੀ ਲੱਗੇ ਹਨ, may be they are saying to me. ਸੋ, ਮੇਰੀ ਗੁਜ਼ਾਰਿਸ਼ ਹੈ ਕਿ once again ਕਿਸੇ ਦਾ ਵੀ ਹੱਥ ਹੋਵੇ, ਕੋਈ ਵੀ ਇਸ ਦੇ ਪਿੱਛੇ ਹੋਵੇ, ਸਪੀਕਰ ਸਾਹਿਬ, ਮੈਂ ਸਾਡੇ ਆਨਰੇਬਲ ਚੀਫ ਮਨਿਸਟਰ ਸਾਹਿਬ ਤੋਂ ਉਮੀਦ ਰੱਖਦਾ ਹਾਂ that if they are insisting on this Police Enquiry, its report should be made timebound. ਛੇਤੀ ਇਨਕੁਆਰੀ ਕਰਵਾ ਕੇ ਰਿਪੋਰਟ ਪੇਸ਼ ਕਰੋ। ਫਿਰ ਪਤਾ

ਨਹੀਂ ਕੌਣ ਕੌਣ ਜਾਂ ਫਿਰ ਸਾਰਾ ਯੂਥ ਲਿਬੇੜਿਆ ਜਾਵੇਗਾ। I do not agree with this motion but I will still request not only the Chief Minister but I will request the Hon'ble House to pass a resolution thanking Doctor Manmohan Singh for his contribution to Punjab's development. ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ । (Thumping by the Opposition Benches).

ਮਾਨਯੋਗ ਸਪੀਕਰ : ਹਾਂ ਜੀ, ਚਰਨਜੀਤ ਸਿੰਘ ਚੰਨੀ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ ਪਰ ਸਾਡੇ ਸੀ.ਐਲ.ਪੀ. ਲੀਡਰ ਸਾਹਿਬ ਨੇ ਇਨ੍ਹਾਂ ਨੂੰ (ਸਰਦਾਰ ਬਲਬੀਰ ਸਿੰਘ ਸਿੱਧੂ ਵੱਲ ਇਸ਼ਾਰਾ) ਬੋਲਣ ਲਈ ਪਹਿਲਾਂ ਕਿਹਾ ਸੀ, ਜੇਕਰ ਤੁਸੀਂ ਇਜ਼ਾਜਤ ਦਿਓ ਤਾਂ ਇਹ ਬੋਲ ਲੈਣ। (ਸ਼ੋਰ)

ਮਾਨਯੋਗ ਸਪੀਕਰ : ਤੁਹਾਡੇ ਪਾਰਟੀ ਲੀਡਰ ਨੇ ਜੋ ਲਿਸਟ ਦਿੱਤੀ ਹੈ, ਇਹ ਉਸ ਮੁਤਾਬਿਕ ਹੈ and not more than 10 minutes, ਤੁਹਾਡੇ ਲਈ ਹਨ। ਤੁਸੀਂ ਆਪ ਹੀ ਲਿਸਟ ਦਿੱਤੀ ਹੈ। ਉਨ੍ਹਾਂ ਨੂੰ ਵੀ ਟਾਈਮ ਦਿਆਂਗੇ। ਉਧਰੋਂ ਤਿੰਨ ਬੋਲੇ ਹਨ । ਇਸੇ ਕਰਕੇ ਤੁਹਾਨੂੰ ਦੂਸਰੇ ਨੰਬਰ ਤੇ ਬੁਲਾਇਆ ਜਾ ਰਿਹਾ ਹੈ ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਠੀਕ ਹੈ ਜੀ। ਰਾਜਪਾਲ ਜੀ ਨੇ ਜੋ ਭਾਸ਼ਣ ਪੜ੍ਹਿਆ ਹੈ, ਇਸ ਨੂੰ ਸਰਕਾਰ ਨੇ ਲਿਖਿਆ ਹੈ। ਇਸ ਗਵਰਨਰ ਐਡਰੈੱਸ ਤੋਂ ਕੁਝ ਆਸਾਂ ਉਮੀਦਾਂ ਸੀ ਲੇਕਿਨ ਇਸ ਵਿੱਚ ਨਾ ਕੋਈ ਦਿਸ਼ਾ ਹੈ, ਨਾ ਸਰਕਾਰ ਨੇ ਇਹ ਦੱਸਿਆ ਹੈ ਕਿ ਆਉਣ ਵਾਲੇ ਸਾਲ ਵਿੱਚ ਕਿਸ ਤਰੀਕੇ ਦੀ ਪਾਲਿਸੀ ਲੈ ਕੇ ਆ ਰਹੇ ਹਨ ਜਾਂ ਕਿਸ ਤਰ੍ਹਾਂ ਪੰਜਾਬ ਨੂੰ ਚਲਾਉਣਗੇ। ਕੁਝ ਵੀ ਇਸ ਵਿੱਚ ਐਸਾ ਸਾਰਥਕ ਨਹੀਂ ਹੈ ਜਿਸ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰ ਸਕਾਂ ਲੇਕਿਨ ਇਸ ਵਿੱਚ ਕਿਹਾ ਗਿਆ ਹੈ ਕਿ ਰਾਜ ਵਿੱਚ ਸ਼ਾਂਤੀ ਅਤੇ ਅਮਨ ਨੂੰ ਕਾਇਮ ਰੱਖਣ ਲਈ ਸਾਡੀ ਸਰਕਾਰ ਦੀ ਇੱਕ ਵੱਡੀ ਭਾਰੀ ਸਫਲਤਾ ਹੈ। ਮੈਂ ਆਪ ਜੀ ਦੇ ਰਾਹੀਂ ਸਾਹਮਣੇ ਬੈਠੇ ਭਰਾਵਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕਿਸਾਨ ਐਜੀਟੇਸ਼ਨ ਕਰ ਰਹੇ ਸਨ ਤਾਂ ਕੀ ਉਨ੍ਹਾਂ ਨੂੰ ਧੂਹ ਧੂਹ ਕੇ ਮਾਰਨਾ ਜਾਇਜ਼ ਹੈ ? ਅੰਮ੍ਰਿਤਸਰ ਵਿੱਚ ਇੱਕ ਕਿਸਾਨ ਦਾ ਪੁਲਿਸ ਨੇ ਕਤਲ ਕੀਤਾ ਹੈ। ਕੀ ਇਹ ਸ਼ਾਂਤੀ ਪੰਜਾਬ ਵਿੱਚ ਹੈ ? ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਟੀਚਰਜ਼ ਬਠਿੰਡੇ ਵਿੱਚ ਧਰਨੇ ਤੇ ਬੈਠੀਆਂ ਕਿਉਂਕਿ ਉਹ ਵਿਚਾਰੀਆਂ ਵਕਤ ਦੀਆਂ ਮਾਰੀਆਂ ਹਨ, ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ, ਉਨ੍ਹਾਂ ਨੂੰ ਪੱਕੇ ਨਹੀਂ ਕਰ ਰਹੇ, ਉਨ੍ਹਾਂ ਨੂੰ ਉਥੇ ਰਾਤ ਪੈ ਗਈ, ਇੱਕ ਟੀਚਰ ਬੱਚੇ ਨੂੰ ਨਾਲ ਲੈ ਆਈ ਕਿਉਂਕਿ ਬੱਚਾ ਸਾਂਭਣ ਨੂੰ ਕੋਈ ਘਰ ਨਹੀਂ ਸੀ ਪਰ ਰਾਤ ਨੂੰ ਠੰਡ ਵਿੱਚ ਪੁਲਿਸ ਨੇ ਉਨ੍ਹਾਂ ਦੀਆਂ ਰਜਾਈਆਂ ਖੋਹ ਲਈਆਂ ਔਰ ਠੰਡ ਵਿੱਚ ਰਾਤ ਨੂੰ ਬੱਚਾ ਮਰ ਗਿਆ, ਕੀ ਇਹ ਇਸ ਤਰ੍ਹਾਂ ਦੀ ਅਮਨ ਸ਼ਾਂਤੀ ਦੇ ਰਹੇ ਹਨ ? ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਸ਼ਡਿਊਲਡ ਕਾਸਟ ਲੜਕੀ ਨੂੰ ਤਰਨਤਾਰਨ ਵਿੱਚ ਚਾਰੇ ਪਾਸੇ ਤੋਂ ਪੁਲਿਸ ਧੂਹ ਧੂਹ ਕੇ ਕੁੱਟ ਰਹੀ ਹੈ, ਕੀ ਇਹ ਅਮਨ ਸ਼ਾਂਤੀ ਦੇ ਰਹੇ ਹਨ ? ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਪੁਲਿਸ ਦੇ ਏ.ਐਸ.ਆਈ.

[ਸਰਦਾਰ ਚਰਨਜੀਤ ਸਿੰਘ ਚੰਨੀ]

ਦੀ ਧੀ ਹੋਵੇ, ਉਹ ਆਪਣੀ ਲੜਕੀ ਨੂੰ ਯੂਥ ਅਕਾਲੀ ਦਲ ਦੇ ਗੁੰਡਿਆਂ ਤੋਂ ਬਚਾਉਣ ਲਈ ਜਾਵੇ ਤਾਂ ਉਸ ਦੀ ਛਾਤੀ ਤੇ ਪੈਰ ਰੱਖ ਕੇ ਸ਼੍ਰੋਮਣੀ ਅਕਾਲੀ ਦਲ ਦੇ ਨਾਅਰੇ ਮਾਰ ਕੇ ਉਸ ਦੇ ਗੋਲੀ ਮਾਰ ਦਿੱਤੀ ਜਾਵੇ ਤੇ ਕੀ ਇਹ ਸਾਨੂੰ ਅਮਨ ਸ਼ਾਂਤੀ ਦੇ ਰਹੇ ਹਨ ? ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਪੁਲਿਸ ਅਫਸਰ ਨੂੰ ਸ਼ਰ੍ਹੇਆਮ ਅਕਾਲੀ ਦਲ ਦੇ ਬੰਦੇ ਲੁਧਿਆਣੇ ਵਿੱਚ ਕੁੱਟਣ, ਉਸ ਦੀ ਲੱਤ ਤੋੜ ਦੇਣ ਅਤੇ ਉਹ ਬੰਦੇ ਸ਼੍ਰੋਮਣੀ ਅਕਾਲੀ ਦਲ ਦੇ ਨਾਅਰੇ ਮਾਰਨ, ਕੀ ਇਹ ਸਾਨੂੰ ਸ਼ਾਂਤੀ ਦੇ ਰਹੇ ਹਨ? ਪੰਜਾਬ ਵਿੱਚ ਕਿਸ ਤਰੀਕੇ ਦੀ ਸ਼ਾਂਤੀ ਹੈ, ਇਹ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਫਿਰ ਅੱਜ ਇਹ ਕਹਿ ਰਹੇ ਹਨ ਕਿ ਕੋਈ ਵੈਨਡੈੱਟਾ ਨਹੀਂ। ਇੱਥੇ ਵਿਧਾਨ ਸਭਾ ਵਿੱਚ ਪਿਛਲੀ ਵਾਰ 6 ਐਮ.ਐਲ.ਏ. ਤੇ ਝੂਠਾ ਪਰਚਾ ਦਰਜ ਹੋਇਆ। ਪੁਲਿਸ ਦੇ ਇੱਕ ਕਰਮਚਾਰੀ ਤੋਂ ਇਹ ਕਹਾਇਆਂ ਗਿਆ ਕਿ ਤੂੰ ਇਹ ਕਹਿ ਕਿ ਉਥੇ ਹਜ਼ੂਮ ਵਿੱਚ ਐਮ.ਐਲ.ਏ. ਨੇ ਮੈਨੂੰ ਇਹ ਕਿਹਾ ਕਿ ਇਹ ਸ਼ਡਿਊਲਿਡ ਕਾਸਟ ਹੈ, ਮੈਨੂੰ ਜਾਤੀ ਸੂਚਕ ਸ਼ਬਦ ਵਰਤੇ ਹਨ ਅਤੇ ਮੈਂ ਇਸ ਕਰਕੇ ਪਰਚਾ ਦਰਜ ਕਰਵਾਉਣਾ ਚਾਹੁੰਦਾ ਹਾਂ। ਪਰਚਾ ਇਹ ਦਰਜ ਕੀਤਾ ਕਿ ਮੈਨੂੰ ਜਾਤੀ ਸੂਚਕ ਸ਼ਬਦ ਬੋਲੇ ਹਨ। ਸਾਡੇ 6 ਐਮ.ਐਲ.ਏਜ਼. ਉਸ ਵਿੱਚ ਪੇਸ਼ੀਆਂ ਭੁਗਤ ਰਹੇ ਹਨ। ਕੀ ਇਹ ਵੈਨਡੈੱਟਾ ਨਹੀਂ ਹੈ ? ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਾਡੇ ਪਾਰਟੀ ਦਫਤਰ ਤੇ ਅਟੈਕ ਕਰਵਾਇਆ, ਪੁਲਿਸ ਦੇ ਕਾਫੀ ਬੰਦੇ ਖੜ੍ਹੇ ਹੋਣ ਤਾਂ ਕੀ ਪਤਾ ਲਗਦਾ ਹੈ ਕਿ ਕੌਣ ਕਿਹੜੀ ਜਾਤ ਦਾ ਹੈ। ਤੁਸੀਂ ਇੰਨੇ ਬੰਦੇ ਬੈਠੇ ਹੋ, ਕੋਈ ਦੱਸ ਦੇਵੇਗਾ ਕਿ ਇਨ੍ਹਾਂ ਦੀ ਕਿਹੜੀ ਕਿਹੜੀ ਜਾਤ ਹੈ। ਉਸ ਕੇਸ ਵਿੱਚ ਸਾਡੇ ਐਮ.ਐਲ.ਏ. ਦੇ ਖਿਲਾਫ ਪਰਚਾ ਦਰਜ ਕਰ ਰਹੇ ਹਨ ਕਿ ਜਾਤੀ ਸੂਚਕ ਸ਼ਬਦ ਬੋਲੇ ਹਨ। ਇਹ ਵੈਨਡੈੱਟਾ ਨਹੀਂ ਹੈ ਤਾਂ ਹੋਰ ਕੀ ਹੈ?

ਸਪੀਕਰ ਸਾਹਿਬ, ਸਾਡੇ ਪੰਜਾਬ ਵਿੱਚ ਅੱਜ ਜਿੰਨੇ ਥਾਣੇ ਹਨ, ਸਾਰੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜਾਂ ਨੇ ਸੰਭਾਲੇ ਹੋਏ ਹਨ। ਪੁਲਿਸ ਅਕਾਲੀ ਦਲ ਦੇ ਵਰਕਰਾਂ ਦਾ ਕੰਮ ਕਰ ਰਹੀ ਹੈ। ਕੀ ਇਹ ਵੈਨਡੈੱਟਾ ਨਹੀਂ ਹੈ ? ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨੀ ਅੱਜ ਪੰਜਾਬ ਵਿੱਚ ਹਾਹਾਕਾਰ ਮਚੀ ਹੋਈ ਹੈ, ਇੰਨੀ ਪਹਿਲਾਂ ਕਦੇ ਨਹੀਂ ਸੀ। ਜਿੰਨਾ ਅੱਜ ਪੰਜਾਬ ਦਾ ਹਰ ਵਰਗ ਦੁਖੀ ਹੈ, ਇੰਨਾ ਪਹਿਲਾਂ ਕਦੇ ਨਹੀਂ ਸੀ। ਜਦੋਂ ਵੀ ਵੋਟਾਂ ਆਉਂਦੀਆਂ ਹਨ ਤਾਂ ਸਾਡੇ ਵੀਰਾਂ ਨੂੰ 1984 ਦੇ ਦੰਗੇ, ਬਲਿਊ ਸਟਾਰ ਆਪਰੇਸ਼ਨ ਅਤੇ ਅੰਮ੍ਰਿਤਸਰ ਵਿੱਚ ਜਿਹੜਾ ਗੋਲੀ ਕਾਂਡ ਹੋਇਆ, ਉਦੋਂ ਹੀ ਯਾਦ ਆਉਂਦਾ ਹੈ, ਉਸ ਤੋਂ ਅੱਗੇ ਪਿੱਛੇ ਕਦੇ ਨਹੀਂ ਯਾਦ ਆਉਂਦਾ। 1984 ਦੇ ਦੰਗੇ ਹੋਏ, ਹਰ ਕਿਸੇ ਨੂੰ ਇਸ ਗੱਲ ਦਾ ਦੁੱਖ ਹੈ। ਇਹ ਗਲਤ ਹੋਇਆ ਲੇਕਿਨ ਬਾਦਲ ਸਾਹਿਬ ਉਸ ਤੋਂ ਬਾਅਦ ਕਿੰਨੀ ਵਾਰ ਮੁੱਖ ਮੰਤਰੀ ਬਣੇ ਹਨ? ਅਕਾਲੀ ਦਲ ਦਾ ਕਿੰਨੀ ਵਾਰ ਰਾਜ ਆਇਆ ਹੈ। ਐਨ.ਡੀ.ਏ.. ਦੀ ਸਰਕਾਰ ਦਿੱਲੀ ਵਿੱਚ ਕਿੰਨੀ ਦੇਰ ਰਹੀ ਹੈ। ਐਨ.ਡੀ.ਏ. ਦੀ ਸਰਕਾਰ ਨੇ ਅੱਜ ਤੱਕ ਕਿਹੜੀ ਐਸ.ਆਈ.ਟੀ. ਬਿਠਾਈ ਹੈ? ਬਾਦਲ ਸਾਹਿਬ, ਬਾਦਲ ਸਾਹਿਬ ਦੇ ਬੇਟਾ ਜੀ, ਪੰਜਾਬ ਦੇ ਹੋਰ ਲੀਡਰ ਉਥੇ ਜਾ ਕੇ ਮੰਤਰੀ ਬਣਦੇ ਰਹੇ, ਉਦੋਂ ਕਿਉਂ ਨਹੀਂ 1984 ਦੇ ਦੰਗੇ ਯਾਦ ਆਏ? ਸਪੀਕਰ ਸਾਹਿਬ, ਮੈਂ ਇੱਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਸੱਚਮੁੱਚ ਹੀ ਉਨ੍ਹਾਂ ਲੋਕਾਂ ਦੇ ਹਮਦਰਦ ਹਨ ਜਿਨ੍ਹਾਂ ਨੇ 1984 ਦੇ ਦੰਗਿਆਂ ਵਿੱਚ

ਨੁਕਸਾਨ ਝੱਲਿਆ ਤਾਂ ਸਾਲ 1997 ਤੋਂ 2002 ਤੱਕ 1984 ਦੇ ਜਿਹੜੇ ਅਫੈਕਟਿਡ ਵਿਅਕਤੀ ਹਨ, ਉਨ੍ਹਾਂ ਦੇ ਭਲੇ ਲਈ ਕੀਤੀ ਗਈ ਕੋਈ ਇੱਕ ਗੱਲ ਸੁਣਾਉ, ਜਿਹੜੀ ਤੁਸੀਂ ਕੀਤੀ ਹੋਵੇ। ਤੁਸੀਂ ਦੱਸੋ ਕਿ ਉਨ੍ਹਾਂ ਨੂੰ ਪੰਜਾਬ ਵਿੱਚ ਰੀਹੈਬਲੀਟੇਟ ਕਰਨ ਵਾਸਤੇ ਕੀ ਕਦੇ ਇੱਕ ਪੈਸਾ ਵੀ ਦਿੱਤਾ ਹੈ? ਕੋਈ ਇੱਕ ਨੌਕਰੀ ਦੱਸੋ, ਜਿਹੜੀ ਉਨ੍ਹਾਂ ਨੂੰ ਇਸ ਕਰਕੇ ਦਿੱਤੀ ਕਿ ਤੁਹਾਡਾ ਬੰਦਾ ਉਥੇ ਮਾਰਿਆ ਗਿਆ ਸੀ। ਉਹ ਵੀ ਪੰਜਾਬ ਦੇ ਧੀਆਂ-ਪੁੱਤਰ ਹੀ ਹਨ। ਇੱਥੋਂ ਗਏ ਸੀ ਤੇ ਉਥੇ ਵਸੇ ਸੀ। ਕੀ ਸਾਡਾ ਉਨ੍ਹਾਂ ਵਾਸਤੇ ਕੋਈ ਫਰਜ਼ ਨਹੀਂ ਬਣਦਾ ? ਕੀ ਅਸੀਂ ਉਨ੍ਹਾਂ ਦੇ ਸਿਵਿਆਂ ਤੇ ਰਾਜਨੀਤੀ ਕਰਾਂਗੇ? ਉਨ੍ਹਾਂ ਦੇ ਸਿਵੇ ਸੇਕ ਕੇ, ਹਰ ਵਾਰ ਰਾਜ ਲੈਣ ਵਾਸਤੇ ਹੀ ਉਨ੍ਹਾਂ ਨੂੰ ਵਰਤਾਂਗੇ? ਕਿਉਂ ਉਨ੍ਹਾਂ ਗਰੀਬ ਲੋਕਾਂ ਦੇ ਨਾਲ ਅਸੀਂ ਅਨਿਆਂ ਕਰ ਰਹੇ ਹਾਂ ? ਅਸੀਂ ਹਰ ਵਾਰ ਉਨ੍ਹਾਂ ਨੂੰ ਵਰਤ ਰਹੇ ਹਾਂ। ਇਸ ਸਮੇਂ ਮੇਰੀ ਪੁਜ਼ੀਸ਼ਨ ਇਹ ਹੈ ਕਿ ਮੈਂ ਬੋਲ ਨਹੀਂ ਪਾ ਰਿਹਾ। ਮੈਨੂੰ ਇਨ੍ਹਾਂ ਦੇ ਹਾਲਾਤ ਤੇ ਰੋਣਾ ਆ ਰਿਹਾ ਹੈ। ਪੰਜਾਬ ਦੇ ਹਜ਼ਾਰਾਂ ਸਿੱਖ ਮਰ ਗਏ ਅਤੇ ਉਨ੍ਹਾਂ ਨੂੰ ਸਿਰਫ ਤੇ ਸਿਰਫ ਵੋਟਾਂ ਵਾਸਤੇ ਵਰਤਿਆ ਜਾਵੇ, ਕਿਉਂ? ਕਿਉਂ ਉਨ੍ਹਾਂ ਵਾਸਤੇ ਕੁਝ ਕਰਦੇ ਨਹੀਂ ? ਮੈਂ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਖੜ੍ਹੇ ਹੋਵੋ ਅਤੇ ਜਿੰਨੇ ਬੰਦੇ ਉਥੇ ਮਰੇ ਹਨ, ਉਨ੍ਹਾਂ ਦੇ ਵਾਰਸਾਂ ਨੂੰ ਐਲਾਨ ਕਰੋ ਕਿ ਸਭ ਨੂੰ ਇੱਕ-ਇੱਕ ਨੌਕਰੀ ਮਿਲੇਗੀ। ਇਹ ਐਲਾਨ ਕਰਨ। ਨਹੀਂ ਕਰ ਸਕਦੇ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਕਰੋ ਐਲਾਨ ਕਿ ਉਨ੍ਹਾਂ ਨੂੰ ਰੀਹੈਬਿਲੀਟੇਟ ਕਰਨ ਵਾਸਤੇ 20-20 ਲੱਖ ਰੁਪਏ ਦਿੰਦੇ ਹਾਂ ਕਿ ਜਿਨ੍ਹਾਂ ਦੇ ਬੰਦੇ ਉਥੇ ਮਰੇ ਹਨ, ਉਹ ਇੱਥੇ ਆ ਕੇ ਵਸਣ। ਕਿਉਂ ਨਹੀਂ ਕਰਦੇ ? ਪਰ ਨਹੀਂ ਕਰ ਸਕਦੇ ਕਿਉਂਕਿ ਇਹ ਸਿਰਫ ਤੇ ਸਿਰਫ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਪੰਜਾਬ ਵਿੱਚ ਜੋ ਅੱਤਵਾਦ ਫੈਲਿਆ, ਮੈਨੂੰ ਬੜਾ ਦੁੱਖ ਹੁੰਦਾ ਹੈ ਜਦੋਂ ਵਲਟੋਹਾ ਸਾਹਿਬ ਉਥੇ ਖੜ੍ਹੇ ਹੋ ਕਹਿੰਦੇ ਹਨ ਕਿ ਮੈਨੂੰ ਮਾਣ ਹੈ, ਮੈਨੂੰ ਬੜਾ ਦੁੱਖ ਹੁੰਦਾ ਹੈ, ਜਦੋਂ ਵਲਟੋਹਾ ਸਾਹਿਬ ਖੜ੍ਹੇ ਹੋ ਕੇ ਕਹਿੰਦੇ ਹਨ ਕਿ ਮੈਨੂੰ ਮਾਣ ਹੈ ਕਿ ** **

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਇਹ ਆਪਣੇ ਲਫਜ਼ ਵਾਪਸ ਲੈਣ । ** ** (ਵਿਘਨ)

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਇਹ ਲਫਜ਼ ਕੋਈ ਵਾਪਸ ਲੈਣ ਵਾਲੇ ਨਹੀਂ ਹਨ । ** ** ** ** ਸਪੀਕਰ ਸਾਹਿਬ, ਬਲਿਊ ਸਟਾਰ ਅਪਰੇਸ਼ਨ ਹੋਇਆ। ਸਭ ਨੂੰ ਦੁੱਖ ਹੈ ਲੇਕਿਨ ਸਾਡੇ ਲੀਡਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਸਵਾਲ ਕੀਤਾ ਸੀ ਕਿ ਬਾਦਲ ਸਾਹਿਬ, ਤੁਹਾਡਾ ਕੀ ਰੋਲ ਹੈ ? ਕੀ ਇਨ੍ਹਾਂ ਨੇ ਕਦੀ ਜਵਾਬ ਦੇਣ ਦੀ ਕੋਸ਼ਿਸ਼ ਕੀਤੀ? ਜੋ ਮੇਰੇ ਪਾਸ ਵਾਈਟ ਪੇਪਰ ਹੈ, ਮੈਂ ਦਿੱਲੀ ਤੋਂ ਕਢਵਾ ਕੇ ਲਿਆਇਆ ਹਾਂ । ਇਸ ਵਿੱਚ ਬਾਦਲ ਸਾਹਿਬ ਦੀ ਕਾਰਗੁਜ਼ਾਰੀ ਲਿਖੀ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਲੋਕਾਂ ਨੇ ਮਰਜੀਵੜੇ ਤਿਆਰ ਕੀਤੇ ਅਤੇ ਪੰਜਾਬ ਦੇ ਹਾਲਾਤ ਖਰਾਬ ਕੀਤੇ । ਸਰਦਾਰ ਤੋਤਾ ਸਿੰਘ ਜੀ ਨੇ ਇਕੱਲੇ ਹੀ ਕਿਹਾ, ਸਹੀ ਕਿਹਾ ਕਿ ਕੇਵਲ ਹਿੰਦੂ ਹੀ ਨਹੀਂ

**Not recorded as ordered by the Chair.

[ਸਰਦਾਰ ਚਰਨਜੀਤ ਸਿੰਘ ਚੰਨੀ]

ਮਰੇ, ਸਿੱਖ ਵੀ ਮਰੇ । ਲੇਕਿਨ ਉਸ ਲਈ ਜ਼ੁੰਮੇਵਾਰ ਕੌਣ ਹੈ ? ਉਸ ਵਾਸਤੇ ਇਹ ਲੋਕ ਜ਼ੁੰਮੇਵਾਰ ਹਨ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਗਲਤ ਰਾਹ ਤੇ ਤੋਰਿਆ, ਜਿਨ੍ਹਾਂ ਨੇ ਪੰਜਾਬ ਵਿੱਚ ਅੱਤਵਾਦ ਪੈਦਾ ਕੀਤਾ ਜਿਸ ਕਰਕੇ ਬਲਿਊ ਸਟਾਰ ਅਪਰੇਸ਼ਨ ਹੋਇਆ । ਦਿੱਲੀ ਵਿੱਚ ਗੱਲਾਂ ਹੋਈਆਂ ਕਿ ਉਥੋਂ ਅੱਤਵਾਦੀਆਂ ਨੂੰ ਕੱਢੋ ।

ਉਦਯੋਗ ਤੇ ਵਣ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਇਸ ਸਮੇਂ ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ, ਉਸ ਵਿੱਚ ਕਿਤੇ ਅੱਤਵਾਦ ਦੀ ਗੱਲ ਨਹੀਂ ਆਈ। ਇਹ ਮੈਨੂੰ ਸਮਝ ਨਹੀਂ ਆ ਰਹੀ ਕਿ ਇਹ ਅੱਤਵਾਦ ਦੀਆਂ ਗੱਲਾਂ ਕਿਉਂ ਛੇੜਦੇ ਹਨ? ਜਾਂ ਤਾਂ ਇਨ੍ਹਾਂ ਨੇ ਅੱਤਵਾਦ ਦੇਖਿਆ ਨਹੀਂ। ਫਿਰ ਉਸ ਵਿੱਚ ਪਿਛਲਾ ਸਾਰਾ ਇਤਿਹਾਸ ਦੱਸਣਾ ਪਵੇਗਾ ਕਿ ਗੋਲਡਨ ਟੈਂਪਲ ਵਿੱਚ ਪੁਲਿਸ ਫੋਰਸ ਕਿਵੇਂ ਜਾਂਦੀ ਸੀ? ਹਥਿਆਰ ਕਿਸ ਦੇ ਹੁਕਮ ਨਾਲ ਜਾਂਦੇ ਸੀ ? ਔਰ ਦਿੱਲੀ ਤੋਂ ਕੌਣ ਕੌਣ ਉਨ੍ਹਾਂ ਨੂੰ ਸਪੋਰਟ ਕਰਦਾ ਸੀ ? ਔਰ ਕਾਂਗਰਸ ਦਾ ਇੱਕ ਲੀਡਰ ਜਿਸ ਨੇ ਇੱਕ ਪੰਜਾਬੀ ਮੰਤਰੀ ਦੇ ਘਰ ਇਹ ਸਾਰੀ ਗੁਫਤਗੂ ਹੁੰਦੀ ਦੇਖੀ, ਉਸ ਨੇ ਕਿਹਾ ਕਿ ਮੈਂ ਇਸ ਦੀ ਸ਼ਿਕਾਇਤ ਕਰਾਂਗਾ, ਉਹ ਆਪਣੇ ਘਰ ਨਹੀਂ ਪਹੁੰਚ ਸਕਿਆ ਤੇ ਰਸਤੇ ਵਿੱਚ ਹੀ ਉਸ ਨੂੰ ਸਣੇ ਕਾਰ ਜਲਾ ਕੇ ਮਾਰ ਦਿੱਤਾ ਗਿਆ । (ਵਿਘਨ) (ਸ਼ੋਰ) ਪਹਿਲਾਂ ਤੁਸੀਂ ਆਪਣੀਆਂ ਗੱਲਾਂ ਕਰ ਲਓ । ** ** ਦੀਆਂ ਤਾਂ ਮੈਂ ਬਾਅਦ ਵਿੱਚ ਦੱਸਾਂਗਾ । ਇਸ ਕਰਕੇ ਇਹ ਅੱਤਵਾਦ ਦੀਆਂ ਗੱਲਾਂ ਕਰਦੇ ਹਨ । ਅੱਤਵਾਦ ਇਨ੍ਹਾਂ ਨੇ ਕਰੀਏਟ ਕੀਤਾ ਔਰ ਜਿਹੜਾ ਅੱਤਵਾਦ ਦਾ ਸਭ ਤੋਂ ਵੱਡਾ ਲੀਡਰ ਗੋਲਡਨ ਟੈਂਪਲ ਵਿੱਚ ਵਾੜਿਆ, ਉਹ ਇਨ੍ਹਾਂ ਨੇ ਵਾੜਿਆ । ਸਰਕਾਰੀ ਗੱਡੀ ਵਿੱਚ ਦਿੱਲੀ ਤੋਂ ਉਹ ਆਇਆ । ਦਿੱਲੀ ਤੋਂ ਹਿਸਾਰ ਦੇ ਜ਼ਰੀਏ ਮੂਨਕ ਤੱਕ ਹਰਿਆਣੇ ਦੀ ਗੱਡੀ ਵਿੱਚ ਆਇਆ । ਉਸ ਵਕਤ ਪੰਜਾਬ ਵਿੱਚ ਇਨ੍ਹਾਂ ਦੀ ਸਰਕਾਰ ਸੀ ਤੇ ਮੂਨਕ ਤੋਂ ਇਨ੍ਹਾਂ ਦੇ ਪੀ.ਸੀ.ਐਸ. ਅਫਸਰ ਅਤੇ ਡੀ.ਐਸ.ਪੀ. ਜੀਪ ਵਿੱਚ ਲਿਜਾ ਕੇ ਅੰਮ੍ਰਿਤਸਰ ਛੱਡ ਕੇ ਆਏ । ਇਸ ਕਰਕੇ ਮੇਰਾ ਖਿਆਲ ਹੈ ਕਿ ਤੁਸੀਂ ਉਹ ਇਤਿਹਾਸ ਨਾ ਛੇੜੋ । ਜਿਹੜੇ ਲੋਕ ਉਸ ਵਕਤ ਦੇ ਹਨ, ਉਹ ਸਾਨੂੰ ਇਹ ਗੱਲ ਕਹਿੰਦੇ ਸੀ ਕਿ ਤੁਸੀਂ ਗੱਲ ਕਰੋ । ਜੇ ਅਸੀਂ ਬੋਲਾਂਗੇ ਤੇ ਸਾਡੇ ਗਲ ਇਨ੍ਹਾਂ ਨੇ ਪੈ ਜਾਣਾ ਹੈ ਕਿ ਅੱਤਵਾਦ ਤਾਂ ਤੁਸੀਂ ਪੈਦਾ ਕੀਤਾ ਹੈ । ਇਸ ਕਰਕੇ ਹੋਰ ਬਹੁਤ ਗੱਲਾਂ ਹਨ, ਉਹ ਤੁਸੀਂ ਕਰੋ । ਅਸੀਂ ਕੁਝ ਨਹੀਂ ਕਹਿੰਦੇ ।

ਮਾਨਯੋਗ ਸਪੀਕਰ : ਸਰਦਾਰ ਚਰਨਜੀਤ ਸਿੰਘ ਚੰਨੀ ਜੀ, ਮੇਰਾ ਖਿਆਲ ਹੈ ਕਿ ਤੁਸੀਂ ਉਸ ਸਮੇਂ ਬੱਚੇ ਹੋਵੋਗੇ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਬਿਲਕੁਲ ਗਵਰਨਰ ਐਡਰੈਸ ਤੇ ਹੀ ਬੋਲ ਰਿਹਾ ਹਾਂ। ਜੇ ਇਨ੍ਹਾਂ ਨੇ 1984 ਦੇ ਦੰਗਿਆਂ ਦੀ ਗੱਲ ਨਾ ਕੀਤੀ ਹੁੰਦੀ ਤੇ ਮੈਂ ਇਸ ਤੇ ਨਹੀਂ ਬੋਲਣਾ ਸੀ। ਮੈਂ ਰਾਜਪਾਲ ਜੀ ਦੇ ਭਾਸ਼ਣ ਵਿੱਚੋਂ ਹੀ ਬੋਲ ਰਿਹਾ ਹਾਂ। ਮੈਂ ਮੰਤਰੀ ਜੀ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਅਡਵਾਨੀ ਜੀ ਦੀ ਕਿਤਾਬ ਹੈ,

**Not recorded as ordered by the Chair.

ਮੈਂ ਹੁਣੇ ਹੀ ਇਨ੍ਹਾਂ ਨੂੰ ਦੇ ਦਿੰਦਾ ਹਾਂ, ਉਸ ਵਿੱਚ 430 ਨੰਬਰ ਪੇਜ਼ ਤੇ ਉਨ੍ਹਾਂ ਨੇ ਕਿਹਾ ਹੈ ਕਿ ** ** ਨੂੰ ਅਸੀਂ ਮਜਬੂਰ ਕੀਤਾ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਤੇ ਅਟੈਕ ਕਰੇ । (ਸ਼ੇਮ ਸ਼ੇਮ ਦੀਆਂ ਅਵਾਜ਼ਾਂ)

ਉਦਯੋਗ ਤੇ ਵਣ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ : ਤੁਹਾਡੇ ਪ੍ਰਧਾਨ ਮੰਤਰੀ ਨੇ ** ** ਨੂੰ ਚੰਡੀਗੜ੍ਹ ਵਿੱਚ ਆ ਕੇ ਕਿਹਾ ਕਿ He is a saint ਔਰ ਇੱਕ ਮਹੀਨੇ ਬਾਅਦ ਤੁਸੀਂ ਹਮਲਾ ਕਰ ਦਿੱਤਾ । ਇੱਕ ਮਹੀਨਾ ਪਹਿਲਾਂ ਤੁਸੀਂ saint ਕਿਹਾ । ਉਹ ਤੁਹਾਡਾ ਬਣਾਇਆ ਹੋਇਆ ਸੀ ਤੇ ਤੁਹਾਡੇ ਹੀ ਕੰਟਰੋਲ ਤੋਂ ਬਾਹਰ ਹੋ ਗਏ ।

ਮਾਨਯੋਗ ਸਪੀਕਰ : ਮੈਂ ਇਸੇ ਕਰਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਚੰਨੀ ਸਾਹਿਬ, ਤੁਸੀਂ ਉਸ ਵੇਲੇ ਬੱਚੇ ਸੀ। ਤੁਸੀਂ ਇਹ ਪੁਆਇੰਟ ਟੱਚ ਨਾ ਕਰੋ ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਇਹ ਪੁਆਇੰਟ ਛੱਡ ਦਿੰਦਾ ਹਾਂ ਜੀ । ਮੈਂ ਇਹ ਨਹੀਂ ਕਹਿੰਦਾ ਕਿ ਇਹ ਜ਼ੁੰਮੇਵਾਰ ਹਨ । ਗੁਰੂ ਨਾਨਕ ਸਾਹਿਬ ਦਾ ਇੱਕ ਸ਼ਬਦ ਹੈ :

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ।।

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ।।

ਇਹ ਲੋਕ ਵਾਅਦੇ ਹੋਰ ਕਰਦੇ ਹਨ ਤੇ ਲੋਕਾਂ ਨੂੰ ਗੁੰਮਰਾਹ ਕਰਕੇ ਸਰਕਾਰਾਂ ਬਣਾਉਂਦੇ ਹਨ। ਜਦੋਂ ਇਲੈਕਸ਼ਨਾਂ ਹੁੰਦੀਆਂ ਹਨ ਤਾਂ ਗੱਲਾਂ ਹੋਰ ਕਰਦੇ ਹਨ ਅਤੇ ਬਾਅਦ ਦੇ ਵਿੱਚ ਹੋਰ ਗੱਲਾਂ ਕਰਦੇ ਹਨ। ਸਪੀਕਰ ਸਾਹਿਬ, ਮੇਰੇ ਕੋਲ ਇਨ੍ਹਾਂ ਦਾ ਮੈਨੀਫੈਸਟੋ ਹੈ। ਇਹ ਮੈਨੀਫੈਸਟੋ ਹੈ ਜੋ ਇਨ੍ਹਾਂ ਨੇ ਵਾਅਦੇ ਕੀਤੇ ਹਨ। ਇਹ ਬਿਲਕੁਲ ਓਰੀਜੀਨਲ ਹੈ, ਕਹਿ ਕੇ ਲਿਆ ਹੈ। ਇਸ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਬੁਢਾਪਾ ਪੈਨਸ਼ਨ ਦੁੱਗਣੀ ਕਰ ਦੇਵਾਂਗੇ। 250/- ਰੁਪਏ ਤੋਂ 500/- ਰੁਪਏ ਕਰਾਂਗੇ। ਇਸ ਵਿੱਚ ਬੁੜ੍ਹੇ ਨੂੰ 500-500 ਰੁਪਏ ਦੇ ਨੋਟ ਦਿੰਦੇ ਦੀ ਫੋਟੋ ਉਤਾਰੀ ਹੋਈ ਹੈ। 250 ਰੁਪਿਆ ਪੈਨਸ਼ਨ ਹੈ ਅਤੇ ਬਾਬਾ 500-500 ਰੁਪਏ ਦੇ ਨੋਟ ਗਿਣ ਰਿਹਾ ਹੈ ਪਰ ਅਸਲ ਵਿੱਚ ਕੁਝ ਨਹੀਂ ਕੀਤਾ ਗਿਆ। ਉਸ ਤੋਂ ਬਾਅਦ ਕਹਿੰਦੇ ਕਿ ਮਾਮਾ ਬਣ ਕੇ 31,000 ਰੁਪਏ ਦਾ ਸ਼ਗਨ ਗਰੀਬ ਲੜਕੀਆਂ ਦੀ ਸ਼ਾਦੀ ਦੇ ਮੌਕੇ ਤੇ ਦਿਆ ਕਰਾਂਗੇ। ਸ਼ਗਨ ਸਕੀਮ 15,000 ਰੁਪਏ ਤੋਂ 31,000 ਰੁਪਿਆ ਕਰਾਂਗੇ। ਪੰਜਾਬ ਦੀਆਂ ਧੀਆਂ ਮਾਮਿਆਂ ਨੂੰ ਉਡੀਕ ਰਹੀਆਂ ਹਨ। ਸਾਡੀਆਂ ਧੀਆਂ-ਭੈਣਾਂ ਨਾਲ ਦੇਖੋ ਮਜ਼ਾਕ ਕੀ ਕੀਤਾ ਕਿ ਸਾਡੇ ਜਥੇਦਾਰ ਮਾਮਾ ਬਣ ਕੇ 31,000 ਰੁਪਏ ਦਾ ਸ਼ਗਨ ਦੇਣ ਆਇਆ ਕਰਨਗੇ ਪਰ ਪਿਛਲੇ ਇੱਕ ਸਾਲ ਤੋਂ 15,000 ਰੁਪਿਆ ਵੀ ਨਹੀਂ ਮਿਲ ਰਿਹਾ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਫਿਰ ਇਨ੍ਹਾਂ ਨੇ ਨੌਜਵਾਨਾਂ ਨਾਲ ਵਾਅਦਾ ਕੀਤਾ ਕਿ ਬੇਰੁਜ਼ਗਾਰਾਂ ਨੂੰ 1000 ਰੁਪਿਆ ਪ੍ਰਤੀ ਮਹੀਨਾ ਦਿਆ ਕਰਾਂਗੇ। ਅੱਜ 24 ਮਹੀਨੇ ਹੋ ਗਏ ਹਨ, ਚੌਵੀ ਚੌਵੀ ਹਜ਼ਾਰ ਬਣ ਗਿਆ ਹੈ ਅਤੇ

**Not recorded as ordered by the Chair.

[ਸਰਦਾਰ ਚਰਨਜੀਤ ਸਿੰਘ ਚੰਨੀ]

ਕਿਸੇ ਨੂੰ ਕੁਝ ਨਹੀਂ ਦਿੱਤਾ। ਫਿਰ, ਸਪੀਕਰ ਸਾਹਿਬ, ਇਹ ਕਹਿੰਦੇ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਨੂੰ 21 ਗੈਸ ਕੁਨੈਕਸ਼ਨ ਮੁਫਤ ਦਿਆਂਗੇ। ਉਹ ਉਡੀਕ ਰਹੇ ਹਨ। ਚੁਲ੍ਹਿਆਂ ਉਤੇ ਬੁੜ੍ਹੀਆਂ ਬੈਠੀਆਂ ਫੂਕਾਂ ਮਾਰ ਰਹੀਆਂ ਹਨ ਕਿ ਬਾਦਲ ਸਾਹਿਬ ਨੇ ਕੁਨੈਕਸ਼ਨ ਭੇਜਣਾ ਹੈ। ਇੱਕ-ਇੱਕ ਕੁਨੈਕਸ਼ਨ ਕਿੱਥੋਂ ਦਿਆਂਗੇ, ਹੁਣ ਇਹ ਭੁੱਲ ਗਏ ਹਨ। ਹੁਣ ਵੋਟਾਂ ਵਿੱਚ ਅਗਲੀ ਵਾਰ ਹੋਰ ਗੱਲ ਕਰਨਗੇ।

ਸਪੀਕਰ ਸਾਹਿਬ, ਉਸ ਤੋਂ ਬਾਅਦ ਇਨ੍ਹਾਂ ਨੇ ਕਿਹਾ ਕਿ ਹਰ ਪਿੰਡ ਵਿੱਚ ਖੇਡ ਸਟੇਡੀਅਮ ਬਣਾ ਕੇ ਦਿਆਂਗੇ। ਕਿਹੜੇ ਪਿੰਡ ਵਿੱਚ ਖੇਡ ਸਟੇਡੀਅਮ ਬਣਿਆ ਹੈ ਜੀ? ਸਾਡੇ ਮੁੰਡਿਆਂ ਨੂੰ ਕੌਡੀ ਖੇਡਣ ਦੀ ਜਗ੍ਹਾ ਨਹੀਂ ਮਿਲ ਰਹੀ ਪਰ ਕਬੱਡੀ ਦਾ ਟੂਰਨਾਮੈਂਟ ਕਰਵਾਉਂਦੇ ਹਨ। ਕਰੋੜਾਂ ਰੁਪਿਆ ਉਸ ਤੇ ਖਰਚਦੇ ਹਨ। ਸਪੀਕਰ ਸਾਹਿਬ, ਗਰਾਸ ਰੂਟ ਤੇ ਕਿਸੇ ਨੌਜਵਾਨ ਨੂੰ ਖੇਡਣ ਵਾਸਤੇ ਇੱਕ ਪੰਜੀ ਨਹੀਂ ਦਿੰਦੇ। ਪੀ.ਟੀ.ਸੀ. ਚੈਨਲ ਜਿਹੜਾ ਇਨ੍ਹਾਂ ਦਾ ਆਪਣਾ ਹੈ, ਕਬੱਡੀ ਕੱਪ ਕਰਕੇ ਪਰਾਪਰਟੀ ਡੀਲਰਾਂ ਦੀ ਧੌਣ ਤੇ ਗੋਡਾ ਰੱਖ ਰੱਖ ਕੇ ਉਸ ਨੂੰ ਪ੍ਰਤੀ ਡੀਲਰ 33 ਲੱਖ ਰੁਪਏ ਦੀ ਐਡ ਦਿਵਾਈ ਹੈ। ਕਰੋੜਾਂ ਰੁਪਏ ਦੀ ਉਸ ਨੂੰ ਐਡ ਦਿੱਤੀ ਗਈ ਹੈ। ਕਬੱਡੀ ਦੇ ਟੂਰਨਾਮੈਂਟ ਵਿੱਚ ਗਾਉਣ ਵਾਲੇ ਅਤੇ ਗਾਉਣ ਵਾਲੀਆਂ ਐਕਟਰੈਸ ਬਾਹਰੋਂ ਲਿਆ ਕੇ, ਰੌਲਾ ਜਿਹਾ ਪਾ ਕੇ, ਹੁਰਲ-ਹੁਰਲ ਕਰਕੇ ਚਲੋ ਜੀ, ਘਰ ਨੂੰ ਆ ਗਏ। ਸਰਕਾਰ ਦਾ ਕਰੋੜਾਂ ਰੁਪਿਆ ਖਰਚ ਕਰ ਦਿੱਤਾ। ਉਹ ਕਿਸੇ ਖਾਤੇ ਵਿੱਚ ਨਹੀਂ ਜਾਂਦਾ ਕਿਉਂਕਿ ਟੋਟਲ ਖਰਚਾ ਪਰਲ ਗਰੁੱਪ ਕਰਦਾ ਹੈ। ਟੂਰਨਾਮੈਂਟ ਦਾ ਟੋਟਲ ਖਰਚਾ ਭਾਵੇਂ ਪਰਲ ਗਰੁੱਪ ਦਾ ਹੈ ਲੇਕਿਨ ਸਰਕਾਰ ਦਾ ਪੈਸਾ ਅਤੇ ਲੋਕਾਂ ਤੋਂ ਜਿਹੜਾ ਪੈਸਾ ਇਕੱਠਾ ਕਰਦੇ ਹਨ, ਉਹ ਵੀ ਹਜ਼ਾਰਾਂ-ਕਰੋੜ ਰੁਪਿਆ ਇਕੱਠਾ ਕਰਦੇ ਹਨ।

ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਟਾ-ਦਾਲ ਸਕੀਮ ਇਨ੍ਹਾਂ ਨੇ ਸ਼ੁਰੂ ਕੀਤੀ। ਪਿੰਡਾਂ ਵਿੱਚ ਬੁੜ੍ਹੀਆਂ ਉਡੀਕ ਰਹੀਆਂ ਹਨ ਕਿ ਆਟਾ ਲੈ ਕੇ ਆਉਣਗੇ ਪਰ 6 ਮਹੀਨੇ ਤੋਂ ਕੋਈ ਆਟਾ ਨਹੀਂ ਮਿਲਿਆ। ਸਾਡੇ ਲੀਡਰ ਸਾਹਿਬ ਦੱਸ ਚੁੱਕੇ ਹਨ ਕਿ ਜਿਹੜੀ ਸੈਂਟਰ ਤੋਂ ਫੂਡ ਸਿਕਿਉਰਟੀ ਬਿਲ ਤਹਿਤ ਬਣਾਈ ਸਕੀਮ ਅਧੀਨ ਕਣਕ ਆਉਣੀ ਹੈ, ਉਸ ਨੂੰ ਲਿਫਾਫਿਆਂ ਵਿੱਚ ਪਾ ਕੇ ਦੇਣਾ ਹੈ। ਇਨ੍ਹਾਂ ਨੇ ਇੱਕ ਵਾਅਦਾ ਕੀਤਾ ਹੋਇਆ ਹੈ, ਉਸ ਮੁਤਾਬਿਕ ਆਪਣੀ ਆਟਾ-ਦਾਲ ਸਕੀਮ ਵੱਖਰੀ ਰੱਖਣੀ ਚਾਹੀਦੀ ਹੈ। ਜਿਹੜਾ ਸਮਾਨ ਕੇਂਦਰ ਸਰਕਾਰ ਦੀ ਸਕੀਮ ਤਹਿਤ ਲੋਕਾਂ ਲਈ ਆ ਰਿਹਾ ਹੈ, ਉਸਨੂੰ ਵੱਖਰਾ ਰੱਖਣਾ ਚਾਹੀਦਾ ਹੈ। ਇਹ ਉਸ ਨੂੰ ਇਕੱਠਾ ਕਿਉਂ ਕਰਕੇ ਦੇ ਰਹੇ ਹਨ? ਸਿਰਫ ਲੋਕਾਂ ਨੂੰ ਬੇਵਕੂਫ ਬਣਾਉਣ ਵਾਸਤੇ, ਆਪਣੀ ਫੋਟੋ ਚਮਕਾਉਣ ਵਾਸਤੇ ਅਤੇ ਵੋਟਾਂ ਲੈਣ ਵਾਸਤੇ ਅਜਿਹਾ ਕਰ ਰਹੇ ਹਨ। ਗਰੀਬ ਆਦਮੀ ਦਾ ਕਿਉਂ ਸੋਸ਼ਣ ਹੋ ਰਿਹਾ ਹੈ? ਆਟਾ-ਦਾਲ ਸਕੀਮ ਦੇ ਤਹਿਤ ਜ਼ਿਆਦਾ ਤੋਂ ਜ਼ਿਆਦਾ ਕਿੰਨਾ ਫਾਇਦਾ ਹੋ ਰਿਹਾ ਹੈ? 200 ਕੁ ਰੁਪਿਆ ਮਹੀਨਾ ਇੱਕ ਪਰਿਵਾਰ ਨੂੰ ਜਾ ਰਿਹਾ ਹੈ, ਬਾਕੀ ਤਾਂ ਉਨ੍ਹਾਂ ਤੋਂ ਪੈਸੇ ਲੈ ਲੈਂਦੇ ਹਨ। 200/- ਰੁਪਏ ਵਿੱਚ ਅਡੰਬਰ ਰਚ ਦਿੱਤਾ ਕਿ ਆਟਾ-ਦਾਲ ਸਕੀਮ ਸਾਡੀ ਸਰਕਾਰ ਨੇ ਦੁਬਾਰਾ ਬਣਾ ਕੇ ਫਿਰ ਦਿੱਤੀ ਹੈ।

ਸਪੀਕਰ ਸਾਹਿਬ, ਕਰਮਚਾਰੀਆਂ ਦੀ ਹਾਲਤ ਦਾ ਤੁਹਾਨੂੰ ਮੇਰੇ ਨਾਲੋਂ ਜ਼ਿਆਦਾ

ਪਤਾ ਹੈ। ਕੱਲ੍ਹ ਵੀ ਮੈਂ ਆ ਰਿਹਾ ਸੀ, ਇਸ ਪਾਸਿਓਂ ਵੀ ਰਸਤਾ ਰੁਕਿਆ ਸੀ ਅਤੇ ਉਸ ਪਾਸਿਓਂ ਵੀ ਰਸਤਾ ਰੁਕਿਆ ਸੀ। ਮੈਂ ਹੱਥ ਬੰਨ ਕੇ ਆਇਆ ਕਿ ਮੈਂ ਤੁਹਾਡੀ ਗੱਲ ਵਿਧਾਨ ਸਭਾ ਵਿੱਚ ਕਰਾਂਗਾ, ਤੁਸੀਂ ਮੈਨੂੰ ਚਲੇ ਜਾਣ ਦਿਓ। ਕਰਮਚਾਰੀ ਟੈਂਕੀਆਂ ਲੱਭ ਰਹੇ ਹਨ ਕਿ ਟੈਂਕੀਆਂ ਖਾਲੀ ਕਿਹੜੀਆਂ ਹਨ। ਕਰਮਚਾਰੀਆਂ ਨੂੰ ਚੜ੍ਹਨ ਵਾਸਤੇ ਪੰਜਾਬ ਵਿੱਚ ਖਾਲੀ ਟੈਂਕੀਆਂ ਨਹੀਂ ਮਿਲਦੀਆਂ। ਪਾਣੀ ਟੈਂਕੀ ਵਿੱਚ ਬੇਸ਼ੱਕ ਨਾ ਹੋਵੇ ਪਰ ਕਰਮਚਾਰੀ ਬੈਠੇ ਹਨ। ਦੇਖੋ, ਪੜ੍ਹੇ ਲਿਖੇ ਬੰਦਿਆਂ ਦਾ ਇਹ ਕਿੰਨਾ ਸੋਸ਼ਣ ਕਰ ਰਹੇ ਹਨ। ਪਹਿਲਾਂ ਤਾਂ ਉਨ੍ਹਾਂ ਨੂੰ ਠੇਕੇ ਤੇ ਰੱਖਦੇ ਹਨ ਤਾਂ ਕਿ 5000-10,000 ਪ੍ਰਤੀ ਮਹੀਨਾ ਤੋਂ ਜ਼ਿਆਦਾ ਤਨਖਾਹ ਨਾ ਹੋ ਜਾਵੇ। ਫਿਰ ਉਨ੍ਹਾਂ ਨਾਲ ਜੋ ਵਾਅਦੇ ਕੀਤੇ ਹੁੰਦੇ ਹਨ, ਉਹ ਵੀ ਨਹੀਂ ਪੂਰੇ ਕਰਦੇ। ਕਿਸੇ ਨੂੰ ਦੁਬਾਰਾ ਪੱਕਾ ਨਹੀਂ ਕਰਦੇ। ਉਸ ਵਿੱਚ ਰਿਜ਼ਰਵੇਸ਼ਨ ਨਹੀਂ ਮਿਲਦੀ। ਜੇਕਰ ਮੈਂ ਗਿਣਾਵਾਂ ਤਾਂ ਮੇਰਾ ਟਾਈਮ ਖਤਮ ਹੋ ਜਾਣਾ ਹੈ, ਹਰ ਤਰ੍ਹਾਂ ਦਾ ਕਰਮਚਾਰੀ ਅੱਜ ਰੋਡ ਤੇ ਹੈ। ਡੀ.ਏ. ਬਾਰੇ ਮੈਂ ਪਿਛਲੀ ਵਾਰ ਬਹੁਤ ਰੌਲਾ ਪਾਇਆ ਸੀ, ਅਜੇ ਤੱਕ ਉਹ ਵੀ ਪੂਰਾ ਨਹੀਂ ਮਿਲਿਆ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ..

ਮਾਨਯੋਗ ਸਪੀਕਰ: ਧੰਨਵਾਦ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ: ਸ਼ਡਿਊਲਡ ਕਾਸਟ ਦਾ ਬੈਕਲਾਗ, 85ਵੀਂ ਅਮੈਂਡਮੈਂਟ ਇਨ੍ਹਾਂ ਨੇ ਕਦੇ ਉਸ ਦੀ ਕੋਈ ਗੱਲ ਨਹੀਂ ਕੀਤੀ। ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ, ਮੈਂ ਫਿਰ ਕੱਲ੍ਹ ਨੂੰ ਕਾਂਟੀਨਿਊ ਕਰ ਲਵਾਂਗਾ...

ਮਾਨਯੋਗ ਸਪੀਕਰ: ਹੁਣ ਸਦਨ ਵੀਰਵਾਰ, ਮਿਤੀ 6 ਮਾਰਚ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।

*2.30 ਵਜੇ
ਬਾਅਦ ਦੁਪਹਿਰ

(*ਇਸ ਸਮੇਂ ਸਦਨ ਵੀਰਵਾਰ, ਮਿਤੀ 6 ਮਾਰਚ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

APPENDIX
TO
PUNJAB VIDHAN SABHA DEBATES

Wednesday, the 5th March, 2014

Vol. VII No. 2

STARRED QUESTION AND ANSWER

ਘੱਗਰ ਦਰਿਆ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ

***1199. ਸਰਦਾਰ ਅਜੀਤ ਸਿੰਘ ਮੋਫਰ ਐਮ.ਐਲ.ਏ.:** ਕੀ ਸਿੰਚਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਘੱਗਰ ਦਰਿਆ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ:

(ਅ) ਅਪ੍ਰੈਲ, 2007 ਤੋਂ ਉਪਰੋਕਤ ਪ੍ਰੋਜੈਕਟ ਤੇ ਕੁੱਲ ਕਿੰਨਾ ਫੰਡ ਖਰਚ ਕੀਤਾ ਗਿਆ ਹੈ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : (ੳ) ਘੱਗਰ ਦਰਆ ਦੇ ਪਾਣੀ ਦੀ ਕੁਆਲਿਟੀ ਹਿਮਾਚਲ ਅਤੇ ਹਰਿਆਣਾ ਵੱਲੋਂ ਘਰੇਲੂ ਅਤੇ ਸਨਅਤੀ ਉਤਪਰਵਾਹਾਂ ਦੇ ਸੁੱਟਣ ਕਰਕੇ ਪ੍ਰਭਾਵਿਤ ਹੁੰਦੀ ਹੈ ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਕਿਸੇ ਵੀ ਸਨਅਤ ਨੂੰ ਆਪਣਾ ਉਤਪਰਵਾਹ ਘੱਗਰ ਦਰਿਆ ਜਾਂ ਕੋਈ ਹੋਰ ਡਰੇਨ/ਨਾਲਾ ਜੋ ਕਿ ਘੱਗਰ ਦਰਿਆ ਵਿੱਚ ਜਾਂਦਾ ਹੋਵੇ, ਦੇ ਵਿੱਚ ਸੁੱਟਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਸਖਤ ਚੌਕਸੀ ਨਾਲ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਪੰਜਾਬ ਦੀ ਕਿਸੇ ਵੀ ਨਅਤ ਦਾ ਉਤਪਰਵਾਹ ਘੱਗਰ ਦਰਿਆ ਵਿੱਚ ਸਿੱਧੇ ਜਾਂ ਅਸਿੱਧੇ ਤੌਰ ਤੇ ਨਾ ਪਵੇ। ਪੰਜਾਬ ਰਾਜ ਦੇ ਕੁੱਝ ਕਸਬਿਆਂ ਜਿਨ੍ਹਾਂ ਦਾ ਸੀਵੇਜ਼/ਸੱਲੇਜ਼ ਘੱਗਰ ਦਰਆਿ ਵਿੱਚ ਸਿੱਧੇ ਤੌਰ ਤੇ ਜਾਂ ਡਰੇਨਾਂ ਰਾਹੀ਼ ਪਾਇਆ ਜਾਂਦਾ ਹੈ, ਲਈ ਰਾਜ ਨੇ 21 ਕਸਬਿਆਂ ਵਿੱਚ ਸੀਵਰੇਜ਼ ਸਿਸਟਮ ਅਤੇ ਐਸ.ਟੀ.ਪੀ. ਲਗਾਉਣ ਦਾ ਵਿਸਤ੍ਰਿਤ ਪ੍ਰਾਜੈਕਟ ਤਿਆਰ ਕੀਤਾ ਹੈ। ਇਨ੍ਹਾਂ ਵਿਚੋਂ ਪੰਜ ਕਸਬਿਆਂ ਵਿੱਚ ਐਸ.ਟੀ.ਪੀ. ਲੱਗ ਚੁੱਕਿਆ ਹੈ ਅਤੇ ਬਾਕੀ ਦੇ ਕਸਬਿਆਂ ਵਿੱਚ ਕੰਮ ਚੱਲ ਰਿਹਾ ਹੈ। ਇਸ ਤੋਂ ਇਲਾਵਾ ਐਸ.ਟੀ.ਪੀ. ਤੇ਼ ਸੋਧਿਆ ਹੋਇਆ ਸੀਵੇਜ ਜ਼ਮੀਨ ਤੇ ਸਿੰਚਾਈ ਲਈ ਵਰਤਣ ਲਈ ਪ੍ਰਾਜੈਕਟ ਤਿਆਰ ਕੀਤੇ ਗਏ ਹਨ।

(ਅ) ਘੱਗਰ ਦਰਿਆ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਅਪ੍ਰੈਲ 2007 ਤੋਂ ਹੁਣ ਤੱਕ ਸੀਵਰੇਜ ਅਤੇ ਸੀਵੇਜ ਟਰੀਟਮੈਂਟ ਪਲਾਂਟ (ਐਸ.ਟੀ.ਪੀ.) ਲਈ ਸਥਾਨਕ ਸਰਕਾਰ ਵਿਭਾਗ ਰਾਹੀਂ 206.97 ਕਰੋੜ ਰੁਪਏ ਚਰਚ ਹੋ ਚੁੱਕੇ ਹਨ।

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8290/03-2014(1)

PUNJAB VIDHAN SABHA

DEBATES

Thursday, the 6th March, 2014

Vol. VII- No.3

OFFICIAL REPORT

CONTENTS

Punjab Vidhan Sabha Secretariat, Chandigarh

Price: Rs. ....

PUNJAB VIDHAN SABHA

Thursday, the 6th March, 2014

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ : ਪ੍ਰਸ਼ਨ ਕਾਲ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1200

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਭਲਾਈ ਪੈਨਸ਼ਨਾਂ ਦੇ ਫੰਡਾਂ ਵਿੱਚ ਗਬਨ

*1275. **ਸ਼੍ਰੀ ਤਰਲੋਚਨ ਸਿੰਘ** : ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਭਲਾਈ ਪੈਨਸ਼ਨ ਲਈ ਰੱਖੇ ਗਏ ਫੰਡਾਂ ਵਿੱਚ ਕੋਈ ਗਬਨ ਦੇ ਕੇਸ ਪਾਏ ਗਏ ਹਨ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਸਬੰਧ ਵਿੱਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਹਾਂ ਜੀ, ਇਸ ਦਾ ਵੇਰਵਾ 'ਅਨੁਲੱਗ ੳ' ਤੇ ਦਿੱਤਾ ਗਿਆ ਹੈ ਜੀ।

ਅਨੁਲੱਗ 'ੳ'

1. ਜ਼ਿਲ੍ਹਾ ਤਰਨਤਾਰਨ ਵਿੱਚ 71.42 ਲੱਖ ਰੁਪਏ ਦਾ ਗਬਨ ਹੋਇਆ ਹੈ। ਜਗਤਾਰ ਸਿੰਘ ਕਲਰਕ ਵਲੋਂ ਅਣਵੰਡੀ ਪੈਨਸ਼ਨ ਰਾਸ਼ੀ ਦਾ ਗਬਨ ਕੀਤਾ ਹੈ। ਇਸ ਕੰਮ ਵਿੱਚ ਸਰਵਣ ਸਿੰਘ, ਸੇਵਾਦਾਰ ਵੀ ਸ਼ਾਮਲ ਪਾਇਆ ਗਿਆ। ਇਨ੍ਹਾਂ ਦੋਨੋਂ ਕਰਮਚਾਰੀਆਂ ਵਿਰੁੱਧ ਐਫ.ਆਈ. ਆਰ. ਦਰਜ ਹੋ ਚੁੱਕੀ ਹੈ। ਇਹ ਦੋਨੋਂ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇਸ ਸਮੇਂ ਨਿਆਇਕ ਹਿਰਾਸਤ ਵਿੱਚ ਹਨ। ਜਗਤਾਰ ਸਿੰਘ ਕਲਰਕ ਕੋਲੋਂ 13,10,880/-ਰੁਪਏ ਦੀ ਰਾਸ਼ੀ ਬਰਾਮਦ ਕਰ ਲਈ ਹੈ ਜੋ ਕਿ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ।

[ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ]

2. ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਫਿਰੋਜ਼ਪੁਰ ਵੱਲੋਂ 2,88,750/-ਰੁਪਏ ਅਣਵੰਡੀ ਰਾਸ਼ੀ ਦੀ ਦੁਰਵਰਤੋਂ ਬਾਰੇ ਵਿਭਾਗ ਦੇ ਨੋਟਿਸ ਵਿੱਚ ਲਿਆਉਣ ਉਪਰੰਤ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਗ੍ਰਾਮ ਪੰਚਾਇਤ ਚੱਕ ਜਮੀਤ ਸਿੰਘ ਵਾਲਾ ਵਿਰੁੱਧ ਐਫ.ਆਈ.ਆਰ. ਦਰਜ ਹੋ ਚੁੱਕੀ ਹੈ। ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ।

3. ਉਪਰੋਕਤ ਦੋਨੋਂ ਜ਼ਿਲ੍ਹਿਆਂ ਦਾ ਆਡਿਟ ਕਰਨ ਲਈ ਵਿਭਾਗ ਵੱਲੋਂ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਦੀ ਨਿਗਰਾਨੀ ਹੇਠ 2 ਸੈਕਸ਼ਨ ਅਫ਼ਸਰਾਂ ਦੀ ਡਿਊਟੀ ਲਗਾਈ ਗਈ ਹੈ ਤਾਂ ਜੋ ਸਹੀ ਸਥਿਤੀ ਸਪੱਸ਼ਟ ਹੋ ਸਕੇ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਇਹ ਪੜ੍ਹ ਕੇ ਦੱਸ ਦੇਣ ਕਿ ਕਿੱਥੇ ਕਿੱਥੇ ਬੁਢਾਪਾ ਪੈਨਸ਼ਨ ਦੇ ਕੇਸਾਂ ਵਿੱਚ ਘਪਲੇ ਹੋਏ ਹਨ ਤਾਂ ਕਿ ਹਾਊਸ ਨੂੰ ਪਤਾ ਲੱਗ ਜਾਵੇ ਕਿ ਕਿਹੜੇ ਕਿਹੜੇ ਜ਼ਿਲ੍ਹੇ ਵਿੱਚ ਬੁਢਾਪਾ ਪੈਨਸ਼ਨ ਵਿੱਚ ਘਪਲਾ ਹੋਇਆ ਹੈ।

ਮਾਨਯੋਗ ਸਪੀਕਰ : ਨਹੀਂ ਜੀ, ਪੜ੍ਹਨਾ ਤੁਸੀਂ ਹੈ।

ਸ਼੍ਰੀ ਤਰਲੋਚਨ ਸਿੰਘ : ਮੈਂ ਪੜ੍ਹ ਲਿਆ ਹੈ ਜੀ। ਇਹ ਜ਼ਰਾ ਜ਼ਿਲ੍ਹਿਆਂ ਦੇ ਨਾਂ ਦੱਸ ਦੇਣ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਜ਼ਿਲ੍ਹਿਆਂ ਵਿੱਚ ਬੁਢਾਪਾ ਪੈਨਸ਼ਨ ਵਿੱਚ ਘਪਲਾ ਹੋਇਆ ਹੈ, ਉਨ੍ਹਾਂ ਦੇ ਨਾਂ ਦੱਸ ਦੇਣ ਅਤੇ ਇਹ ਵੀ ਦੱਸ ਦੇਣ ਕਿ ਬੁਢਾਪਾ ਪੈਨਸ਼ਨਾਂ ਦਾ ਕਿੰਨੇ ਲੱਖ ਰੁਪਏ ਦਾ ਘਪਲਾ ਹੋਇਆ ਹੈ ?

ਮਾਨਯੋਗ ਸਪੀਕਰ : ਉਨ੍ਹਾਂ ਨੇ ਤੁਹਾਨੂੰ ਟੋਟਲ ਫਿਗਰ ਦੇ ਦਿੱਤੀ ਹੈ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਇਹ ਮੇਰਾ ਸਪਲੀਮੈਂਟਰੀ ਹੈ ਕਿ ਸਰਕਾਰ ਨੇ ਉਨ੍ਹਾਂ ਮੁਲਾਜ਼ਮਾਂ ਦੇ ਖਿਲਾਫ਼ ਕੀ ਐਕਸ਼ਨ ਲਿਆ ਹੈ, ਜਿਨ੍ਹਾਂ ਨੇ ਬਜ਼ੁਰਗਾਂ ਦੀਆਂ ਪੈਨਸ਼ਨਾਂ ਖਾ ਲਈਆਂ ਜਿਹੜੇ 250 ਰੁਪਏ ਨੂੰ ਉਡੀਕਦੇ ਪਏ ਸਨ। ਜੇਕਰ ਹਾਊਸ ਨੂੰ ਇਸ ਬਾਰੇ ਪਤਾ ਲੱਗ ਜਾਵੇ ਕਿ ਕਿਹੜੇ ਕਿਹੜੇ ਜ਼ਿਲ੍ਹੇ ਵਿੱਚ ਕਿੰਨੇ ਕਿੰਨੇ ਲੱਖ ਦਾ ਘਪਲਾ ਹੋਇਆ ਹੈ ਤਾਂ ਇਹ ਕੋਈ ਮਾੜੀ ਗੱਲ ਨਹੀਂ ਹੈ। ਸਪੀਕਰ ਸਾਹਿਬ, ਇਹ ਮੇਰੀ ਸਪਲੀਮੈਂਟਰੀ ਹੈ।

ਮਾਨਯੋਗ ਸਪੀਕਰ : ਸਿਰਫ਼ ਇੱਕ ਸਪਲੀਮੈਂਟਰੀ ਪੁੱਛੋ ਜੀ। ਮੰਤਰੀ ਜੀ, ਦੱਸੋ ਇਨ੍ਹਾਂ ਕਰਮਚਾਰੀਆਂ ਖਿਲਾਫ਼ ਕੀ ਐਕਸ਼ਨ ਲਿਆ ਹੈ ?

ਮੰਤਰੀ : ਸਪੀਕਰ ਸਾਹਿਬ, ਤਰਨਤਾਰਨ ਵਿੱਚ 73.42 ਲੱਖ ਰੁਪਏ ਦਾ ਘਪਲਾ ਹੋਇਆ ਹੈ। ਇਸ ਸਬੰਧ ਵਿੱਚ ਮੁਲਾਜ਼ਮ ਫੜ ਕੇ ਅੰਦਰ ਕੀਤੇ ਗਏ ਹਨ ਅਤੇ ਹਾਲੇ ਤੱਕ ਅੰਦਰ ਹੀ ਹਨ। ਐਫ.ਆਈ.ਆਰ. ਦਰਜ ਕਰਵਾ ਦਿੱਤੀ ਗਈ

ਹੈ। ਜਗਤਾਰ ਸਿੰਘ ਕਲਰਕ ਕੋਲੋਂ 13,10,880 ਰੁਪਏ ਦੀ ਉਗਰਾਹੀ ਵੀ ਕਰ ਲਈ ਗਈ ਹੈ। ਪਰਚਾ ਦਰਜ ਕਰਵਾ ਕੇ ਇਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਚੱਲ ਰਹੀ ਹੈ। ਦੂਜਾ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਇੱਕ ਪਿੰਡ ਵਿੱਚ 2,88,750 ਰੁਪਏ ਦਾ ਘਪਲਾ ਹੋਇਆ ਹੈ। ਇਸ ਸਬੰਧ ਵਿੱਚ ਵੀ ਦੋਸ਼ੀਆਂ ਤੇ ਕਾਰਵਾਈ ਕਰਕੇ ਐਫ.ਆਈ.ਆਰ. ਦਰਜ ਕਰਵਾ ਦਿੱਤੀ ਗਈ ਹੈ।

ਸ਼੍ਰੀ ਤਰਲੋਚਨ ਸਿੰਘ : ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਸਰਕਾਰ ਨੇ ਆਪਣੇ ਮੈਨੀਫੈਸਟੋ ਵਿੱਚ ਲਿਖਿਆ ਸੀ ਕਿ ਬੁਢਾਪਾ ਪੈਨਸ਼ਨ 250 ਰੁਪਏ ਤੋਂ ਵਧਾ ਕੇ 500 ਰੁਪਏ ਕਰੇਗੀ, ਕੀ ਸਰਕਾਰ ਦੀ ਅਜਿਹੀ ਕੋਈ ਸਕੀਮ ਹੈ ?

ਮਾਨਯੋਗ ਸਪੀਕਰ : ਨਹੀਂ ਜੀ, ਇਹ ਸਪਲੀਮੈਂਟਰੀ ਨਹੀਂ ਬਣਦੀ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਇਹ ਮੇਰੀ ਸਪਲੀਮੈਂਟਰੀ ਹੈ ਕਿ ਕੀ ਸਰਕਾਰ ਬੁਢਾਪਾ ਪੈਨਸ਼ਨ ਵਧਾਉਣਾ ਚਾਹੁੰਦੀ ਹੈ ?

ਮਾਨਯੋਗ ਸਪੀਕਰ : ਇਹ ਸਪਲੀਮੈਂਟਰੀ ਨਹੀਂ ਬਣਦੀ। ਇਸ ਵਾਸਤੇ ਵੱਖਰਾ ਕੁਐਸਚਨ ਦੇ ਦਿਓ।

ਸ਼੍ਰੀ ਤਰਲੋਚਨ ਸਿੰਘ : ਇਹ ਅਲੱਗ ਗੱਲ ਹੈ ਕਿ ਸਰਕਾਰ ਕੋਲ ਪੈਸਾ ਨਹੀਂ ਹੈ। ਬਸ, ਸਰਕਾਰ ਲਾਰੇ ਲਗਾ ਕੇ ਆ ਗਈ ਜਦ ਕਿ ਸਰਕਾਰ ਕੋਲ ਦੇਣ ਨੂੰ ਕੁਝ ਨਹੀਂ ਹੈ।

ਮਾਨਯੋਗ ਸਪੀਕਰ : ਨਹੀਂ ਜੀ। ਨੈਕਸਟ ਕੁਐਸਚਨ, ਸ਼੍ਰੀਮਤੀ ਕਰਨ ਕੌਰ ਜੀ।

ਹਲਕਾ ਸ੍ਰੀ ਮੁਕਤਸਰ ਸਾਹਿਬ ਵਿਚ ਸ਼ਗਨ ਸਕੀਮ ਅਧੀਨ ਪੈਂਡਿੰਗ ਕੇਸ

***1270. ਸ਼੍ਰੀਮਤੀ ਕਰਨ ਕੌਰ ਬਰਾੜ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ੍ਰੀ ਮੁਕਤਸਰ ਸਾਹਿਬ ਵਿਚ ਅਦਾਇਗੀ ਲਈ ਸ਼ਗਨ ਸਕੀਮ ਅਧੀਨ ਪੈਡਿੰਗ ਪਏ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ ?

ਸਰਦਾਰ ਗੁਲਜਾਰ ਸਿੰਘ ਰਣੀਕੇ : ਹਲਕਾ ਸ੍ਰੀ ਮੁਕਤਸਰ ਸਾਹਿਬ ਵਿਚ ਸ਼ਗਨ ਸਕੀਮ ਅਧੀਨ ਅਦਾਇਗੀ ਲਈ 54 ਕੇਸ ਪੈਡਿੰਗ ਹਨ। ਜਿਨ੍ਹਾਂ ਦੀ ਅਦਾਇਗੀ...

ਮਾਨਯੋਗ ਸਪੀਕਰ : ਜਿਹੜਾ ਤੁਸੀਂ ਜਵਾਬ ਲਿਖਤੀ ਦਿੱਤਾ ਹੈ ਪਹਿਲਾਂ ਉਹ ਪੜ੍ਹ ਦਿਓ ਫੇਰ ਸਪਲੀਮੈਂਟਰੀ ਦਾ ਜਵਾਬ ਦੇ ਦੇਣਾ।

ਮੰਤਰੀ : ਸਰ, ਮੈਂ ਉਹੀ ਦੱਸਣ ਲੱਗਾ ਹਾਂ। ਹਲਕਾ ਸ੍ਰੀ ਮੁਕਤਸਰ ਸਾਹਿਬ ਵਿੱਚ ਸ਼ਗਨ ਸਕੀਮ ਅਧੀਨ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ।

ਸ਼੍ਰੀਮਤੀ ਕਰਨ ਕੌਰ ਬਰਾੜ : ਸਪਲੀਮੈਂਟਰੀ, ਸਪੀਕਰ ਸਾਹਿਬ। ਮੇਰੇ ਹਲਕੇ ਦੇ ਹਰ ਪਿੰਡ ਵਿੱਚ ਪੈਂਡਿੰਗ ਕੇਸ ਪਏ ਹਨ ਅਤੇ ਮੇਰਾ ਖਿਆਲ ਹੈ ਕਿ ਮੰਤਰੀ ਸਾਹਿਬ ਨੂੰ ਕਿਸੇ ਨੇ ਜਵਾਬ ਠੀਕ ਨਹੀਂ ਦਿੱਤਾ ਹੈ। ਇਸ ਦੀ ਪੜਤਾਲ ਕੀਤੀ ਜਾਵੇ। ਮੈਂ ਇਸ ਦੀ ਗੁਜਾਰਿਸ਼ ਕਰਦੀ ਹਾਂ ਅਤੇ ਇਸ ਦੇ ਨਾਲ ਹੀ ਇਹ ਪੁੱਛਦੀ ਹਾਂ ਕਿ ਇਨ੍ਹਾਂ ਨੂੰ ਇਹ ਫਿਗਰਜ਼ ਕਿਥੋਂ ਮਿਲੇ ਹਨ? ਸਾਡੇ ਹਰੇਕ ਪਿੰਡ ਵਿੱਚ ਕੇਸ ਪੈਂਡਿੰਗ ਪਏ ਹਨ।

ਮਾਨਯੋਗ ਸਪੀਕਰ : ਤੁਸੀਂ ਪੁੱਛਣਾ ਕੀ ਚਾਹੁੰਦੇ ਹੋ? ਉਨ੍ਹਾਂ ਕੋਲ ਫਿਗਰਜ਼ ਸਰਕਾਰੀ ਹਨ। ਤੁਸੀਂ ਸਵਾਲ ਦੇ ਸਬੰਧ ਵਿੱਚ ਸਪਲੀਮੈਂਟਰੀ ਪੁੱਛੋ।

ਸ਼੍ਰੀਮਤੀ ਕਰਨ ਕੌਰ ਬਰਾੜ : ਸਪਲੀਮੈਂਟਰੀ ਹੀ ਪੁੱਛ ਰਹੀ ਹਾਂ ਕਿ ਇਨ੍ਹਾਂ ਨੂੰ ਇਹ ਫਿਗਰਜ਼ ਕਿਥੋਂ ਮਿਲੀਆਂ ਹਨ ?

ਮਾਨਯੋਗ ਸਪੀਕਰ : ਨਹੀਂ ਜੀ, ਇਹ ਸਪਲੀਮੈਂਟਰੀ ਨਹੀਂ ਬਣਦੀ।

ਸ਼੍ਰੀਮਤੀ ਕਰਨ ਕੌਰ ਬਰਾੜ : ਇਹ ਫਿਗਰਜ਼ ਗਲਤ ਹਨ।

ਸ਼੍ਰੀ ਸੁਨੀਲ ਜਾਖੜ : ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ statement on the Floor of the House ਦੇ ਦਿੱਤੀ ਹੈ। ਅਗਰ ਕੱਲ੍ਹ ਆਨਰੇਬਲ ਮੈਂਬਰ ਸਾਹਿਬਾਨ ਇਨ੍ਹਾਂ ਬਕਾਇਆ ਪਏ ਕੇਸਾਂ ਦੀਆਂ ਫਿਗਰਜ਼ ਲਿਆ ਕੇ ਦੇ ਦਿੰਦੇ ਹਨ, would he then be agreeable to face a privilege motion ? ਮੰਤਰੀ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਕੱਲ੍ਹ ਇਹ ਪ੍ਰਿਵਿਲੇਜ ਬਣ ਜਾਵੇਗੀ। ਉਥੇ ਦੁਬਾਰਾ ਚੈੱਕ ਕਰਵਾ ਲਉ। ਸਾਡੇ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਹ ਪੈਸੇ ਨਹੀਂ ਗਏ। ਜੇਕਰ ਪੈਸੇ ਨਾ ਗਏ ਹੋਏ ਤਾਂ ਕੀ ਤੁਸੀਂ ਪ੍ਰੀਵਿਲੇਜ਼ ਮੋਸ਼ਨ ਕੰਸਿਡਰ ਕਰੋਗੇ ?

ਮਾਨਯੋਗ ਸਪੀਕਰ: ਇਸ ਨੂੰ ਦੁਬਾਰਾ ਚੈੱਕ ਕਰਵਾ ਲਉ ਜੀ।

ਮੰਤਰੀ : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਤੁਹਾਡੇ ਧਿਆਨ ਵਿੱਚ ਕੋਈ ਬਕਾਇਆ ਕੇਸ ਰਹਿੰਦਾ ਹੈ ਤਾਂ ਉਹ ਦੱਸ ਦਿਉ। ਵੈਸੇ ਇਹ ਪੈਸੇ ਚਲੇ ਗਏ ਹਨ, ਅਸੀਂ ਦਫ਼ਤਰੋਂ ਸਭ ਪਤਾ ਕਰਕੇ ਦੱਸਿਆ ਹੈ। ਫਿਰ ਵੀ ਅਗਰ ਤੁਹਾਡੇ ਹਲਕੇ ਵਿੱਚ ਕੋਈ ਕੇਸ ਰਹਿ ਗਿਆ ਹੈ ਅਤੇ ਤੁਹਾਡੇ ਧਿਆਨ ਵਿੱਚ ਹੈ ਤਾਂ ਦੱਸ ਦਿਉ, ਅਸੀਂ ਉਹ ਕਰਵਾ ਦਿਆਂਗੇ।

ਸ਼੍ਰੀਮਤੀ ਕਰਨ ਕੌਰ ਬਰਾੜ : ਮਿਹਰਬਾਨੀ ਜੀ।

ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਟਿੱਬੀ ਕਲਾਂ ਵਿੱਚ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨਾ

*1175. **ਸਰਦਾਰ ਜੋਗਿੰਦਰ ਸਿੰਘ ਜਿੰਦੂ** : ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਟਿੱਬੀ ਕਲਾਂ ਦੀ ਗ੍ਰਾਮ ਪੰਚਾਇਤ ਨੇ ਸਾਲ 2011 ਵਿੱਚ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨ ਲਈ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਦੇ ਨਾਂ ਤੇ 3 ਏਕੜ ਜ਼ਮੀਨ ਤਬਦੀਲ ਕੀਤੀ ਸੀ; ਜੇਕਰ ਅਜਿਹਾ ਹੋਵੇ ਤਾਂ ਉਕਤ ਸੰਸਥਾ ਸਥਾਪਿਤ ਕਰਨ ਦੀ ਅਜੋਕੀ ਸਥਿਤੀ ਕੀ ਹੈ ?

ਸ਼੍ਰੀ ਮਦਨ ਮੋਹਨ ਮਿੱਤਲ : ਹਾਂ ਜੀ, ਨੈਸ਼ਨਲ ਸਕਿਲ ਡਿਵੈਲਪਮੈਂਟ ਮਿਸ਼ਨ ਤਹਿਤ ਵਿਭਾਗ ਵੱਲੋਂ ਆਈ.ਟੀ.ਆਈ. ਸਥਾਪਿਤ ਕਰਨ ਲਈ ਭਾਰਤ ਸਰਕਾਰ ਨੂੰ ਪਹੁੰਚ ਕੀਤੀ ਹੋਈ ਹੈ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2011 ਵਿੱਚ ਇਹ ਜ਼ਮੀਨ ਪੰਚਾਇਤ ਵੱਲੋਂ ਦਿੱਤੀ ਗਈ। ਇਸ ਨੂੰ ਦਿੱਤਿਆਂ ਚਾਰ ਸਾਲ ਹੋ ਗਏ ਹਨ, ਕੀ ਮੰਤਰੀ ਜੀ ਦੱਸਣਗੇ ਕਿ ਇਹ ਆਈ.ਟੀ.ਆਈ. ਕਦੋਂ ਤੱਕ ਸ਼ੁਰੂ ਕਰਵਾ ਦਿੱਤੀ ਜਾਵੇਗੀ ?

ਮਾਨਯੋਗ ਸਪੀਕਰ: ਇਹ ਮਸਲਾ ਸੈਂਟਰ ਗੌਰਮਿੰਟ ਨਾਲ ਸਬੰਧਤ ਹੈ। ਇਹ ਕੀ ਕਰਵਾ ਦੇਣਗੇ।

ਮੰਤਰੀ : ਸਰ, ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਅਸੀਂ ਕੇਸ ਭੇਜਿਆ ਹੋਇਆ ਹੈ, ਜਦੋਂ ਹੀ ਉਪਰੋਂ ਮਨਜ਼ੂਰੀ ਆਵੇਗੀ, ਅਸੀਂ ਸਟਾਰਟ ਕਰ ਦੇਵਾਂਗੇ।

ਮਾਨਯੋਗ ਸਪੀਕਰ : ਇਹ ਮਸਲਾ ਸੈਂਟਰ ਸਰਕਾਰ ਤੇ ਨਿਰਭਰ ਕਰਦਾ ਹੈ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਧੰਨਵਾਦ ਜੀ।

ਹਲਕਾ ਗਿੱਦੜਬਾਹਾ ਵਿੱਚ ਸੰਗਤ ਦਰਸ਼ਨ ਦੌਰਾਨ ਦਿੱਤਾ ਗਿਆ ਪੈਸਾ

*1222. **ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਸੰਬਰ, 2013 ਅਤੇ ਜਨਵਰੀ, 2014 ਵਿੱਚ ਕੀਤੇ ਗਏ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਹਲਕਾ ਗਿੱਦੜਬਾਹਾ ਦੇ ਹਰੇਕ ਪਿੰਡ ਵਿੱਚ ਕਿੰਨਾ-ਕਿੰਨਾ ਪੈਸਾ ਕਿਸ-ਕਿਸ ਕੰਮ ਲਈ ਦਿੱਤਾ ਗਿਆ ਅਤੇ ਉਪਰੋਕਤ ਪੈਸਾ ਕੇਂਦਰ ਅਤੇ ਰਾਜ ਸਰਕਾਰ ਦੀ ਕਿਸ-ਕਿਸ ਯੋਜਨਾ ਤਹਿਤ ਦਿੱਤਾ ਗਿਆ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸੰਗਤ ਦਰਸ਼ਨ ਦੌਰਾਨ ਦਸੰਬਰ, 2013 ਅਤੇ ਜਨਵਰੀ, 2014 ਵਿੱਚ ਹਲਕਾ ਗਿੱਦੜਬਾਹਾ ਦੇ ਪਿੰਡਾਂ ਵਿੱਚ ਦਿੱਤੇ ਗਏ ਪੈਸੇ ਦਾ ਵੇਰਵਾ ਅਨੁਲੱਗ 'ੳ' ਤੇ ਉਪਲਬਧ ਹੈ । ਇਹ ਸਾਰੇ ਫੰਡਜ਼ ਰਾਜ ਸਰਕਾਰ ਦੇ ਹਨ ਅਤੇ ਸਕੀਮਾਂ ਦਾ ਵੇਰਵਾ ਅਨੁਲੱਗ 'ੳ' ਵਿੱਚ ਹੀ ਉਪਲਬਧ ਹੈ।

ਅਨੁਲੱਗ 'ੳ'

ਸੰਗਤ ਦਰਸ਼ਨ ਦੌਰਾਨ ਮਹੀਨਾ ਦਸੰਬਰ, 2013 ਅਤੇ ਜਨਵਰੀ, 2014 ਦੌਰਾਨ ਦਿੱਤੇ ਗਏ ਫੰਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਲੜੀ ਨੰ:	ਪਿੰਡ ਦਾ ਨਾਂ	ਕੰਮ ਦਾ ਨਾਂ	ਰਕਮ	ਸਕੀਮ ਦਾ ਨਾਂ
1.	ਕਰਨੀਵਾਲਾ	ਬਾਲਮੀਕ ਧਰਮਸ਼ਾਲਾ ਵਿੱਚ ਛੱਤ ਤੇ ਫਰਸ਼, ਰੰਗ ਰੋਗਨ, ਬਾਥਰੂਮ ਤੇ ਗੇਟ ਲਈ	42000	ਸੋਸ਼ਲ ਇਨਫਰਾਸਟਰਕਚਰ ਫੰਡ
2.	ਕਰਨੀਵਾਲਾ	ਐਸ.ਸੀ. ਧਰਮਸ਼ਾਲਾ ਦੀ ਰਿਪੇਅਰ	267000	ਸੋਸ਼ਲ ਇਨਫਰਾਸਟਰਕਚਰ ਫੰਡ
3.	ਕਰਨੀਵਾਲਾ	10 ਬਿਜਲੀ ਦੇ ਮੀਟਰਾਂ ਲਈ	15500	ਆਰ.ਡੀ.ੳ.ਐਸ.3
4.	ਕਰਨੀਵਾਲਾ	ਸਮਸ਼ਾਨਘਾਟ ਦੀ ਚਾਰਦੀਵਾਰੀ, ਸ਼ੈਡ, ਥੜੀਆਂ ਤੇ ਖੜਵੰਜਾ	653000	ਸੋਸ਼ਲ ਇਨਫਰਾਸਟਰਕਚਰ ਫੰਡ
5.	ਕਰਨੀਵਾਲਾ	ਖੂਹ ਦੀ ਰਿਪੇਅਰ ਕਰਨ ਲਈ	50000	ਸੋਸ਼ਲ ਇਨਫਰਾਸਟਰਕਚਰ ਫੰਡ
6.	ਕਰਨੀਵਾਲਾ	ਛੱਪੜ ਲਈ ਮੋਟਰ ਤੇ ਲਿਫਟਿੰਗ ਪੰਪ	60000	ਸੋਸ਼ਲ ਇਨਫਰਾਸਟਰਕਚਰ ਫੰਡ
7.	ਕਰਨੀਵਾਲਾ	ਪ੍ਰਾਇਮਰੀ ਸਕੂਲ ਦੀ ਚਾਰਦੀਵਾਰੀ ਅਤੇ ਰਿਪੇਅਰ	100000	ਸਿੱਖਿਆ ਫੰਡ
			1187500	
1.	ਭੱਟੀਵਾਲਾ	ਆਸਾ ਬੁੱਟਰ ਵਾਲੀ ਧਰਮਸ਼ਾਲਾ ਵਿੱਚ ਸ਼ੈਡ	180000	ਸੋਸ਼ਲ ਇਨਫਰਾਸਟਰਕਚਰ ਫੰਡ
2.	ਭੱਟੀਵਾਲਾ	ਕਾਲੋਨੀਵਾਲੀ ਧਰਮਸ਼ਾਲਾ ਵਿੱਚ ਫਰਸ਼, ਚਾਰਦੀਵਾਰੀ ਦੀ ਰਿਪੇਅਰ	148000	ਸੋਸ਼ਲ ਇਨਫਰਾਸਟਰਕਚਰ ਫੰਡ
3.	ਭੱਟੀਵਾਲਾ	ਖੋਖਰ ਰੋਡ ਰਾਮਦਾਸੀਆ ਵਾਲੀ ਧਰਮਸ਼ਾਲਾ ਦੀ ਰਿਪੇਅਰ	59000	ਸੋਸ਼ਲ ਇਨਫਰਾਸਟਰਕਚਰ ਫੰਡ

4.	ਭੱਟੀਵਾਲਾ	40 ਬਿਜਲੀ ਦੇ ਮੀਟਰਾਂ ਲਈ	62000	ਆਰ.ਡੀ.ਓ.ਐਸ.3
5.	ਭੱਟੀਵਾਲਾ	ਇੱਕ ਸੈਟ ਟੈਂਟ ਮੁਕੰਮਲ	160444	ਵਿਵੇਕੀ ਗ੍ਰਾਂਟ
6.	ਭੱਟੀਵਾਲਾ	ਵਾਲੀਬਾਲ ਗਰਾਊਂਡ ਲਈ ਲੋਹੇ ਦਾ ਜਾਲ	355000	ਸਪੋਰਟਸ ਫੰਡ
7.	ਭੱਟੀਵਾਲਾ	ਪ੍ਰਾਇਮਰੀ ਸਕੂਲ ਵਿੱਚ ਫਰਨੀਚਰ ਲਈ	130000	ਸਿੱਖਿਆ ਫੰਡ
8.	ਭੱਟੀਵਾਲਾ	ਪ੍ਰਾਇਮਰੀ ਸਕੂਲ ਵਿੱਚ ਆਰ.ਓ. ਸਿਸਟਮ ਲਈ	30000	ਸਿੱਖਿਆ ਫੰਡ
9.	ਭੱਟੀਵਾਲਾ	ਹਾਈ ਸਕੂਲ ਵਿੱਚ ਫਰਨੀਚਰ	50000	ਸਿੱਖਿਆ ਫੰਡ
10.	ਭੱਟੀਵਾਲਾ	ਹਾਈ ਸਕੂਲ ਦੀ ਚਾਰਦੀਵਾਰੀ ਦੀ ਉਸਾਰੀ ਕਰਨ ਲਈ	345000	ਸਿੱਖਿਆ ਫੰਡ
11.	ਭੱਟੀਵਾਲਾ	ਬਲਵਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਦੀ ਢਾਣੀ ਥਾਂਦੇਵਾਲਾ ਰੋਡ ਕੱਕਖੜਵੰਜਾ	257000	ਮੰਡੀ ਬੋਰਡ ਫੰਡ
12.	ਭੱਟੀਵਾਲਾ	ਗਰਿਡ ਦੇ ਕੋਲ ਗੁਰਤੇਜ ਸਿੰਘ, ਗੁਰਜੰਟ ਸਿੰਘ ਦੀ ਢਾਣੀ ਨੂੰ ਖੜਵੰਜਾ	1425000	ਮੰਡੀ ਬੋਰਡ ਫੰਡ
13.	ਭੱਟੀਵਾਲਾ	ਸ਼ਮਸ਼ਾਨਘਾਟ ਵਿੱਚ ਫਰਸ਼ ਅਤੇ ਥੜੀਆਂ	393000	ਸੋਸ਼ਲ ਇਨਫਰਾਸਟਰਕਚਰ ਫੰਡ
14.	ਭੱਟੀਵਾਲਾ	ਜਸਕਰਨ ਸਿੰਘ ਮੈਂਬਰ ਵਾਲੀ ਗਲੀ ਅਤੇ ਤਰਸੇਮ ਸਿੰਘ ਪੁੱਤਰ ਸੰਤ ਸਿੰਘ ਵਾਲੀ ਗਲੀ	398000	ਸੋਸ਼ਲ ਇਨਫਰਾਸਟਰਕਚਰ ਫੰਡ
15.	ਭੱਟੀਵਾਲਾ	ਗੁਰੂਸਰ ਵਾਲੇ ਛੱਪੜ ਤੇ ਡੱਗ ਬਣਾਉਣ ਲਈ	100000	ਸੋਸ਼ਲ ਇਨਫਰਾਸਟਰਕਚਰ ਫੰਡ
16.	ਭੱਟੀਵਾਲਾ	ਮੇਜਰ ਸਿੰਘ ਦੇ ਘਰ ਨੂੰ 24 ਘੰਟੇ ਬਿਜਲੀ ਦੀ ਸਪਲਾਈ	120000	ਆਰ.ਡੀ.ਓ.ਐਸ.3
			4212444	
1.	ਲੋਹਾਰਾ	ਗਰੀਬਾਂ ਦੀ ਧਰਮਸ਼ਾਲਾ ਦੇ ਵਿਹੜੇ ਵਿੱਚ ਫਰਸ਼	200000	ਸੋਸ਼ਲ ਇਨਫਰਾਸਟਰਕਚਰ ਫੰਡ
2.	ਲੋਹਾਰਾ	20 ਬਿਜਲੀ ਦੇ ਮੀਟਰਾਂ ਲਈ	31000	ਆਰ.ਡੀ.ਓ ਐਸ-3
3.	ਲੋਹਾਰਾ	ਜਿੰਮ ਕਮਰੇ (ਬਾਬਾ ਭੀਖਣ ਸ਼ਾਹ ਦੇ ਐਸ.ਸੀ. ਕਲੱਬ) ਦੀ ਉਸਾਰੀ ਕਰਨ ਲਈ	300000	ਸਪੋਰਟਸ ਫੰਡ
4.	ਲੋਹਾਰਾ	ਪ੍ਰਾਇਮਰੀ ਸਕੂਲ ਦੀ ਮੇਜਰ ਰਿਪੇਅਰ	70000	ਸਿੱਖਿਆ ਫੰਡ

[ਵਿੱਤ ਤੇ ਯੋਜਨਾ ਮੰਤਰੀ]

5.	ਲੋਹਾਰਾ	ਮਿਡਲ ਸਕੂਲ ਵਿੱਚ ਫਰਨੀਚਰ	40000	ਸਿੱਖਿਆ ਫੰਡ
6.	ਲੋਹਾਰਾ	ਮਿਡਲ ਸਕੂਲ ਵਿੱਚ ਆਰ.ਓ. ਸਿਸਟਮ	30000	ਸਿੱਖਿਆ ਫੰਡ
7.	ਲੋਹਾਰਾ	ਬੰਤਾ ਸਿੰਘ ਦੇ ਘਰ ਤੋਂ ਲੈ ਕੇ ਦਰਬਾਰਾ ਸਿੰਘ ਦੇ ਘਰ ਦੇ ਕੋਲ ਠਾਣਾ ਸਿੰਘ ਦੇ ਘਰ ਤੱਕ ਪਾਈਪ ਲਾਈਨ ਪਾਉਣ ਲਈ	76000	ਜਲ ਸਪਲਾਈ. ਅਤੇ ਸੈਨੀਟੇਸ਼ਨ ਵਿਭਾਗ
8.	ਲੋਹਾਰਾ	ਬੱਸ ਸਟੈਂਡ ਤੋਂ ਕਰਨੈਲ ਸਿੰਘ ਦੀ ਢਾਣੀ ਤੱਕ ਖੜਵੰਜਾ	50400	ਮੰਡੀ ਬੋਰਡ ਫੰਡ
9.	ਲੋਹਾਰਾ	ਲੋਹਾਰਾ ਤੋਂ ਸੁਖਨੇ ਵਾਲੀ ਸੜਕ ਤੋਂ ਜਗਪਾਲ ਸਿੰਘ ਦੇ ਘਰ ਤੱਕ ਖੜਵੰਜਾ	808000	ਮੰਡੀ ਬੋਰਡ ਫੰਡ
10.	ਲੋਹਾਰਾ	ਗੁਰਦੁਆਰਾ ਸਾਹਿਬ ਤੋਂ ਲੈ ਕੇ ਫਿਰਨੀ ਤੱਕ ਸੜਕ ਦਾ ਟੋਟਾ ਪੱਕਾ ਕਰਨ ਲਈ	75000	ਮੰਡੀ ਬੋਰਡ ਫੰਡ
11.	ਲੋਹਾਰਾ	ਜਨਰਲ ਗਲੀਆਂ-ਨਾਲੀਆਂ ਦੀ ਉਸਾਰੀ ਕਰਨ ਲਈ	200000	ਸੋਸ਼ਲ ਇਨਫਰਾਸਟਰਕਚਰ ਫੰਡ
12.	ਲੋਹਾਰਾ	ਜ਼ਿਮੀਦਾਰਾ ਧਰਮਸ਼ਾਲਾ ਦੀ ਰਿਪੇਅਰ	300000	ਸੋਸ਼ਲ ਇਨਫਰਾਸਟਰਕਚਰ ਫੰਡ
			263400	
1.	ਧੂਲਕੋਟ	ਐਸ.ਸੀ.ਧਰਮਸਾਲਾ ਦੀ ਰਿਪੇਅਰ ਮੱਲਣਵਾਲੇ ਅੱਡੇ ਤੇ	110000	ਸੋਸ਼ਲ ਇਨਫਰਾਸਟਰਕਚਰ ਫੰਡ
2.	ਧੂਲਕੋਟ	1 ਸੈਟ ਟੈਂਟ ਮੁਕੰਮਲ	160444	ਵਿਵੇਕੀ ਗਰਾਂਟ
3.	ਧੂਲਕੋਟ	ਵੱਡੇ ਜਿੰਮ ਕਮਰੇ ਦੀ ਉਸਾਰੀ ਕਰਨ ਲਈ	500000	ਸਪੋਰਟਸ ਫੰਡ
4.	ਧੂਲਕੋਟ	ਮੰਦਰ ਸਿੰਘ ਸਰਪੰਚ ਦੇ ਘਰ ਨੂੰ ਜਾਣ ਵਾਲੀ ਗਲੀ ਵਿੱਚ ਪਾਈਪ ਲਾਈਨ ਪਾਉਣ ਲਈ	38000	ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ
5.	ਧੂਲਕੋਟ	ਵਾਟਰ ਵਰਕਸ ਦੇ ਪਾਣੀ ਲਈ 500 ਫੁੱਟ ਪਾਈਪ ਲਾਈਨ ਪਾਉਣ ਲਈ	114000	ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ
6.	ਧੂਲਕੋਟ	ਢਾਣੀਆਂ ਨੂੰ ਜਾਂਦੇ ਰਸਤਿਆਂ ਤੇ ਖੜਵੰਜਾ ਬਣਾਉਣ ਲਈ	1786000	ਮੰਡੀ ਬੋਰਡ ਫੰਡ

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ, ਮੈਂ ਸਾਰੇ ਪਿੰਡਾਂ ਦਾ ਪੁੱਛਿਆ ਸੀ ਕਿ ਕਿੱਥੇ ਕਿੱਥੇ ਸੰਗਤ ਦਰਸ਼ਨ ਤੇ ਕਿੰਨਾ ਕਿੰਨਾ ਪੈਸਾ ਹਰੇਕ ਪਿੰਡ ਵਿੱਚ ਕਿਸ ਕਿਸ ਕੰਮ ਲਈ ਦਿੱਤਾ

ਗਿਆ ਹੈ। ਮੇਰਾ ਖਿਆਲ ਹੈ ਕਿ ਮੇਰੇ ਹਲਕੇ ਵਿੱਚ ਲਗਭਗ ਸਾਰੇ ਹੀ ਪਿੰਡਾਂ ਵਿੱਚ ਸੰਗਤ ਦਰਸ਼ਨ ਪ੍ਰੋਗਰਾਮ ਹੋਇਆ ਹੈ। ਇਨ੍ਹਾਂ ਨੇ ਕੇਵਲ ਚਾਰ ਪਿੰਡਾਂ ਭੱਟੀਵਾਲਾ, ਲੋਹਾਰਾ, ਧੂਲਕੋਟ ਅਤੇ ਕਰਨੀਵਾਲਾ ਬਾਰੇ ਹੀ ਵੇਰਵਾ ਦਿੱਤਾ ਹੈ। ਇਨ੍ਹਾਂ ਨੇ ਮੈਨੂੰ ਤਕਰੀਬਨ 50 ਪਿੰਡਾਂ ਵਿੱਚੋਂ ਕੇਵਲ ਚਾਰ ਪਿੰਡਾਂ ਦਾ ਵੇਰਵਾ ਹੀ ਦਿੱਤਾ ਹੈ। ਫਿਰ ਮੇਰੇ ਸਵਾਲ ਵਿੱਚ ਇਹ ਵੀ ਲਿਖਿਆ ਹੋਇਆ ਹੈ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀ ਕਿਸ ਕਿਸ ਸਕੀਮ ਦਾ ਪੈਸਾ ਦਿੱਤਾ ਗਿਆ ਹੈ। ਇਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ ਹੀ ਨਹੀਂ ਦਿੱਤਾ, ਇਹ ਜਵਾਬ ਪੜ੍ਹ ਲਉ ਜੀ। ਇਨ੍ਹਾਂ ਨੇ ਜਵਾਬ ਵਿੱਚ ਸਿੱਖਿਆ ਫੰਡ, ਮੰਡੀ ਬੋਰਡ ਫੰਡ ਅਤੇ ਸ਼ੋਸ਼ਲ ਇਨਫਰਾਸਟ੍ਰਕਚਰ ਫੰਡ ਲਿਖ ਦਿੱਤਾ ਹੈ ਅਤੇ ਕੇਵਲ ਚਾਰ ਪਿੰਡਾਂ ਦਾ ਹੀ ਵੇਰਵਾ ਭੇਜਿਆ ਗਿਆ ਹੈ। ਕੀ ਸੰਗਤ ਦਰਸ਼ਨ ਕੇਵਲ ਚਾਰ ਪਿੰਡਾਂ ਵਿੱਚ ਹੀ ਕੀਤਾ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਦਸੰਬਰ, 2013 ਅਤੇ ਜਨਵਰੀ, 2014 ਵਿੱਚ ਹਲਕਾ ਗਿੱਦੜਬਾਹਾ ਵਿੱਚ ਕੀਤੇ ਸੰਗਤ ਦਰਸ਼ਨ ਦਾ ਵੇਰਵਾ ਪੁੱਛਿਆ ਸੀ। ਅਸੀਂ ਡਿਪਟੀ ਕਮਿਸ਼ਨਰ, ਮੁਕਤਸਰ ਤੋਂ ਇਨਫਰਮੇਸ਼ਨ ਮੰਗੀ ਸੀ। ਉਨ੍ਹਾਂ ਨੇ ਸਾਨੂੰ ਇਹ ਜਵਾਬ ਭੇਜਿਆ ਹੈ ਕਿ ਪਿਛਲੇ ਦੋ ਮਹੀਨਿਆਂ ਦੌਰਾਨ ਇਹ ਜਿਹੜੇ ਪਿੰਡ ਹਨ, ਇਨ੍ਹਾਂ ਚਾਰ ਪਿੰਡਾਂ ਵਿੱਚ ਹੀ ਸੰਗਤ ਦਰਸ਼ਨ ਪ੍ਰੋਗਰਾਮ ਹੋਇਆ ਹੈ। ਜੋ ਇਨਫਰਮੇਸ਼ਨ ਸਾਨੂੰ ਡਿਪਟੀ ਕਮਿਸ਼ਨਰ ਤੋਂ ਮਿਲੀ ਹੈ, ਉਸ ਮੁਤਾਬਕ ਤਾਂ ਦੋ ਮਹੀਨਿਆਂ ਵਿੱਚ ਚਾਰ ਪਿੰਡਾਂ ਵਿੱਚ ਹੀ ਸੰਗਤ ਦਰਸ਼ਨ ਪ੍ਰੋਗਰਾਮ ਹੋਇਆ ਹੈ। ਜੇ ਮੈਂਬਰ ਸਾਹਿਬ ਨੂੰ ਇਸ ਵਿੱਚ ਕੋਈ ਫਰਕ ਲਗਦਾ ਹੈ ਤਾਂ ਅਸੀਂ ਦੁਬਾਰਾ ਇਸ ਦਾ ਚੈੱਕਅੱਪ ਕਰਵਾ ਦਿੰਦੇ ਹਾਂ ਤੇ ਦੂਜੀ ਗੱਲ ਜਿਹੜੀ ਫੰਡਜ਼ ਬਾਰੇ ਪੁੱਛੀ ਹੈ, ਇਹ ਸਾਰੇ ਫੰਡਜ਼ ਪੰਜਾਬ ਸਰਕਾਰ ਦੇ ਆਪਣੇ ਸੈੱਟਅੱਪ ਕੀਤੇ ਹੋਏ ਹਨ, ਵੱਖ ਵੱਖ ਡਿਪਾਰਟਮੈਂਟਸ ਵਿੱਚ ਵੱਖ ਵੱਖ ਅਸੈੱਸਿਜ਼ ਜਿਹੜੇ ਪੰਜਾਬ ਸਰਕਾਰ ਕਰਦੀ ਹੈ, ਉਸ ਦੇ ਵਿੱਚੋਂ ਇਹ ਫੰਡਜ਼ ਹਨ ਅਤੇ ਜਿਹੜੇ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਦੀ ਡਿਸਪੋਜ਼ਲ ਤੇ ਫੰਡਜ਼ ਹਨ, ਉਨ੍ਹਾਂ ਦੀ ਚੇਅਰਮੈਨਸ਼ਿਪ ਦੇ ਵਿੱਚ ਇਨ੍ਹਾਂ ਦੀ ਡਿਸਟ੍ਰੀਬਿਊਸ਼ਨ ਕੀਤੀ ਜਾਂਦੀ ਹੈ। ਉਨ੍ਹਾਂ ਵਿੱਚੋਂ ਇਹ ਪੈਸਾ ਦਿੱਤਾ ਗਿਆ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ, ਮਾਨਯੋਗ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਡਿਪਟੀ ਕਮਿਸ਼ਨਰ ਸਾਹਿਬ ਨੇ ਰਿਪੋਰਟ ਕੀਤੀ ਹੈ ਕਿ ਦੋ ਮਹੀਨਿਆਂ ਵਿੱਚ ਚਾਰ ਪਿੰਡਾਂ ਵਿੱਚ ਹੋਏ ਸੰਗਤ ਦਰਸ਼ਨ ਦਾ ਹੀ ਵੇਰਵਾ ਸਾਡੇ ਕੋਲ ਹੈ, ਚਾਰ ਪਿੰਡਾਂ ਦੀ ਬਜਾਏ ਪੰਜਾਹ ਪਿੰਡਾਂ ਵਿੱਚ ਪਿਛਲੇ ਦੋ ਮਹੀਨਿਆਂ ਵਿੱਚ ਸੰਗਤ ਦਰਸ਼ਨ ਕੀਤਾ ਗਿਆ ਹੈ, ਇਨ੍ਹਾਂ ਦੇ ਡਿਪਟੀ ਕਮਿਸ਼ਨਰ ਵੱਲੋਂ 50 ਪਿੰਡਾਂ ਵਿੱਚੋਂ ਕੇਵਲ 4 ਪਿੰਡਾਂ ਦਾ ਹੀ ਵੇਰਵਾ ਕਿਉਂ ਦਿੱਤਾ ਗਿਆ ਹੈ। ਵੇਰਵਾ 50 ਪਿੰਡਾਂ ਦਾ ਦੇਣਾ ਸੀ। ਕੀ ਮੰਤਰੀ ਸਾਹਿਬ ਇਹ ਮੈਨੂੰ ਵਿਸ਼ਵਾਸ ਦਿਵਾਉਣਗੇ ਕਿ ਜੇਕਰ ਡਿਪਟੀ ਕਮਿਸ਼ਨਰ ਨੇ ਗਲਤ ਰਿਪੋਰਟ ਦਿੱਤੀ ਹੋਈ ਤਾਂ ਕੀ ਡਿਪਟੀ ਕਮਿਸ਼ਨਰ ਨੂੰ ਇਸ ਮਸਲੇ ਵਿੱਚ ਅਕਾਊਂਟੇਬਲ ਬਣਾਉਗੇ। ਦੂਜੀ ਗੱਲ, ਜਿਹੜਾ ਇਨ੍ਹਾਂ ਨੇ ਲਿਖਿਆ ਹੈ ਕਿ ਪੰਜਾਬ ਸਰਕਾਰ ਦਾ ਪੈਸਾ ਹੈ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਸਿੱਖਿਆ ਫੰਡ ਬਾਰੇ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]
ਕਿਹਾ ਹੈ ਕਿ ਇਹ ਪੰਜਾਬ ਸਰਕਾਰ ਦਾ ਪੈਸਾ ਹੈ। ਕਿਰਪਾ ਕਰਕੇ ਮੈਂ ਇਹੀ ਡਿਟੇਲ ਪੁੱਛਣਾ ਚਾਹੁੰਦਾ ਸੀ ਕਿ ਰਮਸਾ ਦਾ, ਸਰਬ ਸਿੱਖਿਆ ਅਭਿਆਨ ਦਾ ਜਿਹੜਾ ਪੈਸਾ ਹੈ, ਕਿਉਂਕਿ ਮੇਰੇ ਕੋਲ ਇੱਕ ਲਿਸਟ ਹੈ, ਮੈਂ ਉਹ ਤੁਹਾਨੂੰ ਦੇ ਦਿੰਦਾ ਹਾਂ, ਜਿਸਦੇ ਮੁਤਾਬਕ ਜੇਕਰ 7 ਲੱਖ ਰੁਪਿਆ ਆਉਂਦਾ ਹੈ, ਉਹ ਰਮਸਾ ਨੇ ਦਿੱਤਾ ਹੈ। ਜੇਕਰ ਸਰਬ ਸਿੱਖਿਆ ਅਭਿਆਨ ਦਾ ਪੈਸਾ ਹੈ ਤਾਂ ਉਹ ਅਲੱਗ ਤੌਰ ਤੇ ਕੇਂਦਰ ਸਰਕਾਰ ਦੀ ਸਕੀਮ ਦਾ ਪੈਸਾ ਹੈ। ਇਹੀ ਮੇਰਾ ਸਵਾਲ ਸੀ। ਇਹ ਅਲੱਗ ਤੌਰ ਤੇ ਕੇਂਦਰ ਸਰਕਾਰ ਦੀ ਸਕੀਮ ਦਾ ਪੈਸਾ ਸੀ। ਮੇਰਾ ਇਹੀ ਸਵਾਲ ਸੀ ਪਰ ਮੈਨੂੰ ਲਗਦਾ ਹੈ ਕਿ ਮੇਰੇ ਸਵਾਲ ਦਾ ਕੋਈ ਤਸੱਲੀਬਖਸ਼ ਉੱਤਰ ਨਹੀਂ ਮਿਲਿਆ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਮੇਰੇ ਸਵਾਲ ਦਾ ਕੋਈ ਸਹੀ ਉੱਤਰ ਦੇਣ।

ਮਾਨਯੋਗ ਸਪੀਕਰ : ਇਹ ਤਾਂ ਕੋਈ ਸਪਲੀਮੈਂਟਰੀ ਬਣੀ ਨਹੀਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ ....(ਵਿਘਨ...ਸ਼ੋਰ)......

ਮਾਨਯੋਗ ਸਪੀਕਰ : ਉਨ੍ਹਾਂ ਨੇ ਕੁਝ ਪੁੱਛਿਆ ਤਾਂ ਹੈ ਨਹੀਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਬੜਾ ਸੀਰੀਅਸ ਮੈਟਰ ਹੈ।

ਮਾਨਯੋਗ ਸਪੀਕਰ : ਨਹੀਂ ਜੀ, ਜੇਕਰ ਉਨ੍ਹਾਂ ਕੋਈ ਪ੍ਰਸ਼ਨ ਪੁੱਛਿਆ ਹੈ ਤਾਂ ਦੱਸੋ।

ਸ਼੍ਰੀ ਸੁਨੀਲ ਜਾਖੜ : ਚਲੋ, ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰ ਦਿੰਦਾ ਹਾਂ।ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਪੈਸੇ ਸੀ.ਐਮ. ਸਾਹਿਬ ਦੇ ਡਿਸਕਰੀਸ਼ਨਰੀ ਫੰਡ ਵਿਚੋਂ ਹੁੰਦੇ ਹਨ he can give it anyway. ਬਾਕੀ ਜਿਵੇਂ ਰਾਜਾ ਵੜਿੰਗ ਸਾਹਿਬ ਨੇ ਕਿਹਾ ਹੈ ਕਿ ਰਮਸਾ ਤੋਂ ਪੈਸੇ ਆਏ, ਕੇਂਦਰ ਦੀਆਂ ਗਰਾਂਟਾਂ ਸਨ, even otherwise ਸਰਕਾਰ ਦੇ ਵੱਖ ਵੱਖ ਅਦਾਰੇ ਹਨ, are there certain norms under which this money has to be distributed? Is there any need for some kind of detailed project report to be submitted before funds are granted ? ਉਹ ਪੈਸੇ ਵੀ ਡਿਸਕਰੀਸ਼ਨਰੀ ਕਰ ਦਿੰਦੇ ਹੋ।

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ ਸਾਰੇ ਫੰਡਜ਼ ਹਨ, ਉਨ੍ਹਾਂ ਦੇ ਪਰਾਪਰ ਰੂਲ ਬਣੇ ਹੋਏ ਹਨ, ਜਿਨ੍ਹਾਂ ਤਹਿਤ ਇਹ ਪੈਸਾ ਦਿੱਤਾ ਜਾ ਸਕਦਾ ਹੈ। ਉਹ ਨਾਰਮਜ਼ ਦੇ ਤਹਿਤ ਹੀ ਇਹ ਪੈਸਾ ਡਿਸਟਰੀਬਿਊਟ ਕੀਤਾ ਜਾਂਦਾ ਹੈ। ਇਹ ਜਿਹੜਾ ਪੈਸਾ ਦਿੱਤਾ ਹੈ, ਇਨ੍ਹਾਂ ਵਿਚ ਸਰਵ ਸਿੱਖਿਆ ਅਭਿਆਨ ਦਾ ਕੋਈ ਪੈਸਾ ਨਹੀਂ ਹੈ। ਉਹ ਸਾਰਾ ਐਜੂਕੇਸ਼ਨ ਸੈੱਸ ਵਿਚੋਂ ਪੈਸਾ ਦਿੱਤਾ ਗਿਆ ਹੈ।

ਜ਼ਿਲ੍ਹਾ ਸੰਗਰੂਰ ਵਿਚ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਵਲੋਂ ਰੋਕ ਲਗਾਉਣਾ

*1192. **ਸਰਦਾਰ ਇਕਬਾਲ ਸਿੰਘ ਝੂੰਦਾਂ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਵੱਲੋਂ ਪੀਣ ਵਾਲੇ ਪਾਣੀ ਨੂੰ ਛੱਡ ਕੇ ਹੇਠਲੇ ਪਾਣੀ ਤੇ ਬੋਰ ਕਰਨ ਅਤੇ ਹੋਰ ਕੰਮਾਂ ਲਈ ਸਮੁੱਚੇ ਸੰਗਰੂਰ ਜ਼ਿਲ੍ਹੇ ਵਿਚ ਰੋਕ ਲਗਾਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਇਹ ਮਸਲਾ ਕੇਂਦਰ ਸਰਕਾਰ ਨਾਲ ਉਠਾਉਣ ਅਤੇ ਇਸ ਦਾ ਹੱਲ ਕਰਨ ਲਈ ਕੋਈ ਉਪਰਾਲੇ ਕੀਤੇ ਗਏ ਹਨ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਨਹੀਂ ਜੀ, ਸਾਰੇ ਸੰਗਰੂਰ ਜ਼ਿਲ੍ਹੇ ਦੇ 10 ਬਲਾਕਾਂ ਵਿਚੋਂ 7 ਬਲਾਕ (ਸੰਗਰੂਰ, ਮਲੇਰਕੋਟਲਾ, ਧੂਰੀ, ਸੁਨਾਮ, ਭਵਾਨੀਗੜ੍ਹ ਅਤੇ ਸ਼ੇਰਪੁਰ) ਨੂੰ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਵੱਲੋਂ ਧਰਤੀ ਹੇਠ ਪੀਣ ਵਾਲੇ ਪਾਣੀ ਨੂੰ ਛੱਡ ਕੇ ਹੋਰ ਪਾਣੀ ਨੂੰ ਕੱਢਣ ਲਈ ਕਿਸੇ ਵੀ ਤਰ੍ਹਾਂ ਦਾ ਢਾਂਚਾ ਲਗਾਉਣ ਲਈ ਮਨਾਹੀ ਕੀਤੀ ਗਈ ਹੈ। ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਵੀ ਕੇਂਦਰੀ ਜਲ ਸਾਧਨ ਮੰਤਰੀ ਨਾਲ ਮਸਲਾ ਉਠਾਇਆ ਗਿਆ ਹੈ। ਸਰਕਾਰੀ ਪੱਧਰ ਤੇ ਵੀ ਇਸ ਮਾਮਲੇ ਨੂੰ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਨਾਲ ਹੱਲ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਇਹ ਪੰਜਾਬ ਦੀ ਕਿਸਾਨੀ ਨਾਲ ਜੁੜਿਆ ਹੋਇਆ ਬਹੁਤ ਅਹਿਮ ਮਸਲਾ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਪਾਣੀ ਇਕ ਸਟੇਟ ਸਬਜੈਕਟ ਹੈ। ਸੈਂਟਰ ਸਰਕਾਰ ਨੇ ਇਨਵਾਇਰਨਮੈਂਟ ਪ੍ਰਾਟੈਕਸ਼ਨ ਤੋਂ ਇਹ ਪਾਵਰਜ਼ ਡਰਾਈਵ ਕਰਕੇ ਨੋਟੀਫਿਕੇਸ਼ਨ ਕਰਕੇ ਸਮੁੱਚੇ ਪੰਜਾਬ ਦੇ ਕਿਸਾਨਾਂ ਨੂੰ ਮੁਸ਼ਕਿਲ ਵਿਚ ਪਾ ਦਿੱਤਾ ਹੈ। ਇਨ੍ਹਾਂ ਨੇ ਤਿੰਨ ਨੋਟੀਫਿਕੇਸ਼ਨਾਂ ਕੀਤੀਆਂ ਹਨ। ਇਕ ਤਾਂ 30-09-03 ਦੀ ਨੋਟੀਫਿਕੇਸ਼ਨ ਹੈ ਅਤੇ ਦੋ ਹੋਰ ਹਨ। ਇਸ ਨਾਲ ਪੰਜਾਬ ਦੇ 45 ਬਲਾਕ ਡਿਕਲੇਅਰ ਕਰ ਦਿੱਤੇ ਹਨ ਜਿਥੇ ਕਿਸਾਨ ਸੈਂਟਰ ਵਾਟਰ ਅਥਾਰਟੀ ਦੀ ਮਨਜ਼ੂਰੀ ਤੋਂ ਬਿਨਾਂ ਬੋਰ ਨਹੀਂ ਕਰ ਸਕਦਾ। ਸਾਡੇ ਤੇ ਮੁੱਖ ਮੰਤਰੀ ਜੀ ਨੇ ਬਹੁਤ ਕਿਰਪਾ ਕੀਤੀ ਹੈ ਕਿ ਪੰਜਾਬ ਦੇ ਹਜ਼ਾਰਾਂ ਕਿਸਾਨਾਂ ਨੂੰ ਜਿਹੜੇ 2007 ਤੋਂ 2013 ਤੱਕ ਬਿਜਲੀ ਦੇ ਕੁਨੈਕਸ਼ਨ ਜਾਰੀ ਕੀਤੇ ਹਨ ਅਤੇ ......

ਸਰਦਾਰ ਚਰਨਜੀਤ ਸਿੰਘ ਚੰਨੀ (ਬੈਠੇ-ਬੈਠੇ) : ਪੈਸੇ ਲੈ ਕੇ ਦਿੱਤੇ ਹਨ। (ਵਿਘਨ...ਸ਼ੋਰ)

Mr. Speaker : Please silence.

ਸਰਦਾਰ ਇਕਬਾਲ ਸਿੰਘ ਝੂੰਦਾਂ : ਪੰਜਾਬ ਦੇ ਹਜ਼ਾਰਾਂ ਕਿਸਾਨਾਂ ਨੂੰ ਉਨ੍ਹਾਂ ਦੀ ਰੋਜ਼ੀ-ਰੋਟੀ ਕਮਾਉਣ ਲਈ ਸਹੂਲਤ ਦਿੱਤੀ ਹੈ ਪਰ ਕੇਂਦਰ ਸਰਕਾਰ ਨੇ ਆਪਣੇ ਐਕਟ ਵਿਚ ਇਹ ਸ਼ਰਤ ਰੱਖੀ ਹੈ ਕਿ ਬੋਰ ਕਰਨ ਲਈ ਅੰਡਰ ਗਰਾਉਂਡ ਵਾਟਰ ਅਥਾਰਟੀ ਤੋਂ ਐਨ. ਓ. ਸੀ. ਲੈ ਕੇ ਦਿਓ। ਇਹ ਐਨ.ਓ.ਸੀ. ਦੇ ਨਹੀਂ ਰਹੇ

[ਸਰਦਾਰ ਇਕਬਾਲ ਸਿੰਘ ਝੂੰਦਾਂ]
ਅਤੇ ਸੈਂਟਰ ਵਾਲੇ ਐਨ.ਓ.ਸੀ. ਮੰਗ ਰਹੇ ਹਨ। ਇਸ ਨਾਲ ਸਾਰੇ ਕਿਸਾਨ ਬੜੀ ਸਮੱਸਿਆ ਵਿਚ ਹਨ। ਕਈ ਸਟੇਟਾਂ ਹਨ ਜਿਵੇਂ ਹਿਮਾਚਲ ਪ੍ਰਦੇਸ਼, ਤਾਮਿਲਨਾਡੂ ਅਤੇ ਕਰਨਾਟਕਾ ਹੈ, ਉਨ੍ਹਾਂ ਨੇ ਆਪਣੀਆਂ ਸਟੇਟ ਵਾਟਰ ਅਥਾਰਟੀਆਂ ਬਣਾਈਆਂ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਵੀ ਆਪਣੀ ਵਾਟਰ ਅਥਾਰਟੀ ਬਣਾਏਗਾ ਤਾਂ ਜੋ ਕਿਸਾਨਾਂ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕੇ। ਇਕ ਤਾਂ ਮੇਰੀ ਇਹ ਬੇਨਤੀ ਹੈ ਅਤੇ ਦੂਸਰਾ ਕੀ ਬਿਜਲੀ ਬੋਰਡ ਨੂੰ ਕੋਈ ਹਦਾਇਤ ਕੀਤੀ ਜਾਵੇਗੀ ਕਿ ਜਿਹੜੀ ਇਹ ਸ਼ਰਤ ਹੈ, ਉਹ ਹਟਾ ਲੈਣ। ਇਸ ਦੇ ਬਾਰੇ ਮੰਤਰੀ ਜੀ ਕੋਈ ਭਰੋਸਾ ਦੇਣ।

Mr. Speaker : One supplementary at one time.

ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਮਸਲਾ ਹੈ, ਉਹ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਕੋਲ ਹੈ। ਇਸ ਦੇ ਵਿੱਚ ਵਾਟਰ ਅਥਾਰਟੀ ਨੂੰ ਵਾਰ ਵਾਰ ਚੀਫ ਮਨਿਸਟਰ ਸਾਹਿਬ ਵੱਲੋਂ ਵੀ, ਚੀਫ ਸੈਕਟਰੀ ਵੱਲੋਂ ਵੀ, ਇਰੀਗੇਸ਼ਨ ਡਿਪਾਰਟਮੈਂਟ ਵੱਲੋਂ ਵੀ ਪਹੁੰਚ ਕੀਤੀ ਗਈ ਹੈ ਪਰ ਉਨ੍ਹਾਂ ਦਾ ਨਾਂਹ ਦੇ ਵਿੱਚ ਹੀ ਜਵਾਬ ਮਿਲਿਆ ਹੈ। ਬਲਕਿ ਇਸ ਤੋਂ ਵੀ ਉੱਪਰ ਇੱਕ ਗਰੀਨ ਟ੍ਰੀਬਿਊਨਲ ਬਣਾ ਦਿੱਤਾ ਗਿਆ ਹੈ। ਉਹ ਵੀ ਇਸ ਸੈਂਟਰਲ ਵਾਟਰ ਕਮਿਸ਼ਨ ਅਥਾਰਟੀ ਨੂੰ ਵਾਚ ਕਰ ਰਿਹਾ ਹੈ। ਮੇਰਾ ਖਿਆਲ ਹੈ ਇਹ ਸਾਡਾ ਪਿੱਛੇ ਜਿਹੇ ਕੇਸ ਵੀ ਲੱਗਿਆ ਹੋਇਆ ਹੈ। ਚੀਫ ਸੈਕਟਰੀ ਨੂੰ ਵੀ ਇਸ ਸਿਲਸਿਲੇ ਵਿੱਚ ਤਲਬ ਕੀਤਾ ਹੋਇਆ ਹੈ। ਸੋ, ਵਾਰ ਵਾਰ ਪਹੁੰਚ ਕਰਨ ਦੇ ਬਾਵਜੂਦ ਵੀ ਇਹ ਮਸਲਾ ਹੱਲ ਨਹੀਂ ਹੋਇਆ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਮੈਂ ਡਿਪਟੀ ਸੀ. ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਵੱਲੋਂ ਪਾਵਰਕੌਮ ਨਾਲ ਇਹ ਮਸਲਾ ਟੇਕ-ਅੱਪ ਕਰਕੇ ਕਿਸਾਨਾਂ ਦਾ ਇਹ ਮਸਲਾ ਹੱਲ ਕੀਤਾ ਜਾਵੇ ਤਾਂ ਕਿ ਕਿਸਾਨਾਂ ਨੂੰ ਜਿਹੜੇ ਕੁਨੈਕਸ਼ਨ ਮਿਲੇ ਹਨ, ਉਹ ਡੀਲੇਅ ਨਾ ਹੋਣ ਔਰ ਕਿਸਾਨਾਂ ਨੂੰ ਜਿਹੜੀ ਵੱਡੀ ਰਾਹਤ ਤੁਸੀਂ ਦਿੱਤੀ ਹੈ, ਉਹ ਸਹੀ ਮਾਅਨਿਆਂ ਵਿੱਚ ਕਿਸਾਨਾਂ ਤੱਕ ਪਹੁੰਚ ਸਕੇ। ਸਰਕਾਰ ਇਸ ਬਾਰੇ ਜ਼ਰੂਰ ਕੋਈ ਉਪਰਾਲਾ ਕਰੇ। ਇਹੀ ਮੇਰੀ ਰਿਕੁਐਸਟ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਵਿੱਚ ਤੁਹਾਡਾ ਮਹਿਕਮਾ ਇਨ੍ਹਾਂ ਵਜੂਆਤ ਨਾਲ ਵੀ ਬਿਲਕੁਲ ਵਾਕਫ ਹੋਵੇਗਾ ਕਿ ਕਿਨ੍ਹਾਂ ਵਜੂਆਤ ਕਾਰਨ ਇਹ ਬੰਦ ਕੀਤਾ ਗਿਆ ਹੈ। ਸਰਕਾਰ ਡਾਈਵਰਸੀਫਿਕੇਸ਼ਨ ਵਾਸਤੇ ਕੀ ਉਪਰਾਲੇ ਕਰ ਰਹੀ ਹੈ। ਅੱਜ ਤਾਂ ਝੂੰਦਾਂ ਸਾਹਿਬ ਨੇ ਇਥੇ ਕਿਹਾ ਕਿ ਇਹ ਸਟੇਟ ਸਬਜੈਕਟ ਹੈ। This is also a basic subject and basic necessity for

everybody. ਜੇਕਰ ਪੀਣ ਦਾ ਪਾਣੀ ਹੀ ਨਹੀਂ ਹੋਵੇਗਾ ਤਾਂ ਫਿਰ ਅਸੀਂ ਇਸ ਨੂੰ ਕਿੱਥੋਂ ਕੱਢਾਂਗੇ। ਸਰਕਾਰ recharging the ground water level ਅਤੇ ਡਾਈਵਰਸਿਫਿਕੇਸ਼ਨ ਵਾਸਤੇ ਕੀ ਉਪਰਾਲੇ ਕਰ ਰਹੀ ਹੈ। ਅੱਠ ਹਜ਼ਾਰ ਕਰੋੜ ਦੀ ਮੰਗ ਕੀਤੀ ਸੀ, ਸਪੀਕਰ ਸਾਹਿਬ, ਆਨਰੇਬਲ ਚੀਫ ਮਨਿਸਟਰ ਇਲਜ਼ਾਮ ਲਗਾ ਦਿੰਦੇ ਹਨ ਕਿ ਸਾਨੂੰ ਸਿਰਫ ਢਾਈ ਸੌ ਕਰੋੜ ਰੁਪਿਆ ਮਿਲਿਆ ਹੈ। But I am sorry to say ਕਿ ਉਸ ਢਾਈ ਸੌ ਕਰੋੜ ਰੁਪਏ ਵਿੱਚੋਂ ਡਾਈਵਰਸੀਫਿਕੇਸ਼ਨ ਵਾਸਤੇ ਇੱਕ ਵੀ ਪੈਸਾ ਖਰਚ ਨਹੀਂ ਹੋਇਆ। ਸਰਕਾਰ ਗਰਾਊਂਡ ਵਾਟਰ ਲੈਵਲ ਦੀ ਰੀਚਾਰਜਿੰਗ ਵਾਸਤੇ ਤੁਹਾਡੇ ਪੱਧਰ ਤੇ ਕੀ ਉਪਰਾਲੇ ਕਰ ਰਹੀ ਹੈ ਤਾਂ ਕਿ ਪੀਣ ਨੂੰ ਕੁਝ ਪਾਣੀ ਤਾਂ ਰਹਿ ਜਾਵੇ।

ਮੰਤਰੀ : ਸਪੀਕਰ ਸਾਹਿਬ, ਇਹ ਸਾਰੇ ਪੰਜਾਬ ਦਾ ਮਸਲਾ ਹੈ। ਜਿਸ ਦੇ ਵਿੱਚੋਂ 10 ਜਿਹੜੇ ਬਲਾਕ ਹਨ, ਉਹ ਇਸ ਅਥਾਰਟੀ ਨੇ ਬੈਨ ਕਰ ਦਿੱਤੇ ਕਿ ਇਥੋਂ ਪਾਣੀ ਨਹੀਂ ਕੱਢ ਸਕਦੇ। ਇਸ ਦੇ ਵਾਸਤੇ ਚੀਫ ਸੈਕਟਰੀ ਸਾਹਿਬ ਦੇ ਲੈਵਲ ਤੇ ਪੰਜ ਵਰਕਿੰਗ ਗਰੁੱਪ ਬਣਾਏ ਗਏ ਹਨ। ਉਦਯੋਗਿਕ, ਖੇਤੀਬਾੜੀ, ਸ਼ਹਿਰੀ ਵਿਕਾਸ, ਜਲ ਸਾਧਨ ਤੇ ਕਾਨੂੰਨੀ ਪੱਖੋਂ ਇਸ ਨੂੰ ਕਾਬੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਦੇ ਵਿੱਚ ਡਾਈਵਰਸੀਫਿਕੇਸ਼ਨ ਵੀ ਹੈ।

ਸ਼੍ਰੀ ਸੁਨੀਲ ਜਾਖੜ : ਰੀਚਾਰਜਿੰਗ ਵਾਸਤੇ ਕੀ ਉਪਰਾਲੇ ਕਰ ਰਹੇ ਹਨ। ਡਾਰਕ ਜ਼ੋਨ ਕਿਉਂ ਡਿਕਲੇਅਰ ਕੀਤਾ ਗਿਆ ਹੈ। ਉਸ ਦੇ ਉਤੇ ਤਾਂ ਚਾਨਣਾ ਪਾ ਨਹੀਂ ਰਹੇ ਹੋ। ਗਰੁੱਪ ਬਣਾ ਦਿੱਤੇ ਹਨ। ਬਿਲਕੁਲ ਠੀਕ ਹੈ, ਪਰ ਹਾਊਸ ਦੇ ਥਰੂ ਪੰਜਾਬ ਦੇ ਲੋਕਾਂ ਨੂੰ ਪਤਾ ਤਾਂ ਚੱਲੇ ਕਿ ਕਿਉਂ ਡਾਰਕ ਜ਼ੋਨ ਡਿਕਲੇਅਰ ਕੀਤੇ ਗਏ ਹਨ। ਆਪਾਂ ਇਵੇਂ ਹੀ ਸੈਂਟਰ ਗੌਰਮਿੰਟ ਨੂੰ ਨਿੰਦੀ ਜਾ ਰਹੇ ਹਾਂ। ਕੋਈ ਤਾਂ ਕਾਰਨ ਹੋਣਗੇ। ਪਾਣੀ ਕਿਹੜੇ ਲੈਵਲ ਤੋਂ ਕਿੱਥੇ ਜਾ ਰਿਹਾ ਹੈ, ਇਸ ਬਾਰੇ ਸਰਦਾਰ ਤੋਤਾ ਸਿੰਘ ਜੀ ਦੱਸ ਦੇਣਗੇ।

ਮੰਤਰੀ : ਸਪੀਕਰ ਸਾਹਿਬ, ਇਸ ਕਰਕੇ ਕਿਉਂਕਿ ਇਹ ਧਰਤੀ ਹੇਠਲਾ ਪਾਣੀ ਜਿੰਨਾ ਚਾਹੀਦਾ ਸੀ, ਉਸ ਤੋਂ ਵੱਧ ਅਸੀਂ ਕੱਢ ਰਹੇ ਹਾਂ।

ਮਾਨਯੋਗ ਸਪੀਕਰ : ਸਰਦਾਰ ਤੋਤਾ ਸਿੰਘ ਜੀ ....(ਵਿਘਨ....ਸ਼ੋਰ).....

ਸਰਦਾਰ ਤੋਤਾ ਸਿੰਘ : ਜਾਖੜ ਸਾਹਿਬ, ਮੈਂ ਤੁਹਾਡੇ ਗਿਆਨ ਵਿੱਚ ਹੋਰ ਵਾਧਾ ਕਰਨਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਤੋਤਾ ਸਿੰਘ ਜੀ, ਇਹ ਤਾਂ ਤੁਹਾਡਾ ਸਵਾਲ ਹੀ ਨਹੀਂ ਹੈ ?

ਸ਼੍ਰੀ ਸੁਨੀਲ ਜਾਖੜ : ਜਿਹੜਾ ਵੀ ਬੰਦਾ, ਸਪੀਕਰ ਸਾਹਿਬ, ਪਾਣੀ ਪੀਂਦਾ ਹੈ, ਇਹ ਉਸ ਦਾ ਮਸਲਾ ਹੈ।

ਸਰਦਾਰ ਤੋਤਾ ਸਿੰਘ : ਸਪਲੀਮੈਂਟਰੀ ਹੈ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਦੋ ਕਿਸਮ ਦੇ ਟਿਊਬਵੈੱਲ ਲੱਗ ਰਹੇ ਹਨ। ਇੱਕ ਕੈਪਟੀ ਹੈ ਅਤੇ ਇੱਕ ਫਿਲਟਰ ਸਿਸਟਮ ਹੈ। ਜਿਥੇ ਪਾਂਡੂ ਆ ਜਾਂਦੀ ਹੈ ਅਤੇ ਥੱਲੇ ਰੇਤਾ ਨਿਕਲ ਆਉਂਦਾ ਹੈ, ਉਸ ਨੂੰ ਅਸੀਂ ਕੈਪਟੀ ਕਹਿ ਦਿੰਦੇ ਹਾਂ। ਜਿਥੇ ਅਸੀਂ ਪਾਂਡੂ ਨੂੰ ਪਾੜ ਕੇ ਫਿਲਟਰ ਸੌ ਜਾਂ ਡੇਢ ਸੌ ਫੁੱਟ ਪਾ ਦਿੰਦੇ ਹਾਂ ਉਸ ਤੇ ਫਿਲਟਰ ਪਾਉਣਾ ਪੈਂਦਾ ਹੈ। ਹਾਲਤ ਇਹ ਬਣ ਗਏ ਕਿ ਫਿਲਟਰ ਦੀ ਮਿਆਦ ਹੀ 15 -20 ਸਾਲਾਂ ਤੋਂ ਵੱਧ ਨਹੀਂ ਹੈ। ਕਈ ਵਾਰ ਤਾਂ ਕੈਪਟੀ ਵੀ ਪ੍ਰੈਸ਼ਰ ਦੇ ਨਾਲ ਡਿੱਗ ਪੈਂਦੀ ਹੈ ਅਤੇ ਜਿਹੜੇ ਇਹ ਬੋਰ ਡਿੱਗਦੇ ਹਨ, ਇਹ ਅੱਜ ਤੋਂ 30 ਸਾਲ ਪਹਿਲਾਂ ਦੇ ਲੱਗੇ ਹੋਏ ਹਨ। ਇਸ ਨੂੰ ਜੇਕਰ ਅਸੀਂ ਇੱਕ ਖਸਰਾ ਨੰਬਰ ਤੋਂ ਪੁੱਟ ਕੇ ਦੂਸਰੇ ਖਸਰਾ ਨੰਬਰ ਤੇ ਲਗਾਉਂਦੇ ਹਾਂ ਤਾਂ 100 ਫੁੱਟ ਉੱਤੇ ਜਾ ਕੇ ਲਾਉਣਾ ਪੈਂਦਾ ਹੈ। ਜੇ ਸੌ ਫੁੱਟ ਤੋਂ ਪਹਿਲਾ ਲਾ ਦੇਈਏ ਤਾਂ ਉਹ ਬੋਰ ਕਾਮਯਾਬ ਨਹੀਂ ਰਹਿੰਦਾ। ਅਸੀਂ 100 ਫੁੱਟ ਦੀ ਦੂਰੀ ਤੇ ਹੀ ਦੋਨੋਂ ਫਿਲਟਰ ਲਗਾਉਂਦੇ ਹਾਂ । ਮੈਂ ਉਸ ਦੇ ਬਾਰੇ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਨਵੀਂ ਕੇਬਲ ਕੁਨੈਕਸ਼ਨ ਪਾਉਣੀ ਹੈ ਅਤੇ ਉਥੋਂ ਟਰਾਂਸਫਰ ਚੇਂਜ ਹੋਣਾ ਹੈ ਤਾਂ ਬਿਜਲੀ ਵਾਲੇ ਕਹਿੰਦੇ ਹਨ ਕਿ ਸਾਨੂੰ ਸਰਟੀਫਿਕੇਟ ਦਿਓ। ਉਸ ਤੇ ਇਹ ਲਾਗੂ ਨਹੀਂ ਹੋਣਾ ਚਾਹੀਦਾ। ਜਿਹੜੇ ਬਲਾਕ ਬਲੈਕ ਹੋਏ ਹਨ ਅਤੇ ਜਿਨ੍ਹਾਂ ਦਾ ਪਾਣੀ ਥੱਲੇ ਗਿਆ ਹੈ, ਉਨ੍ਹਾਂ ਤੇ ਲਾਗੂ ਹੈ ਦੂਜਿਆਂ ਤੇ ਨਹੀਂ। ਉਸ ਵਿੱਚ ਬਿਜਲੀ ਵਾਲੇ ਕਹਿੰਦੇ ਹਨ, ਦੂਜਿਆਂ ਵਿੱਚ ਨਹੀਂ ਕਹਿੰਦੇ।

ਮਾਨਯੋਗ ਸਪੀਕਰ : ਨਹੀਂ ਜਥੇਦਾਰ ਜੀ, ਸਪਲੀਮੈਂਟਰੀ ਬਣਦੀ ਨਹੀਂ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 7 ਸਾਲਾਂ ਤੋਂ ਇਹ ਇਰੀਗੇਸ਼ਨ ਮਨਿਸਟਰ ਹਨ ਔਰ ਮੈਂ ਦੇਖਦਾ ਹਾਂ ਕਿ ਜਦੋਂ ਸਰਦੀਆਂ ਵਿੱਚ ਬਰਸਾਤਾਂ ਪੈਂਦੀਆਂ ਹਨ, ਆਲੂ ਡੁੱਬ ਜਾਂਦੇ ਹਨ ਅਤੇ 25-30% ਫਸਲ ਖਰਾਬ ਹੋ ਜਾਂਦੀ ਹੈ। ਵੇਖੋ, ਹੁਣ ਸੈਂਟਰ ਸਰਕਾਰ ਚਿੰਤਤ ਹੈ ਕਿ ਥੱਲੇ ਦਾ ਪਾਣੀ ਖਤਮ ਹੋ ਰਿਹਾ ਹੈ। ਅਸੀਂ ਇਸ ਦੀ maximum effective utilization ਕਿਸ ਤਰ੍ਹਾਂ ਕਰਨੀ ਹੈ। ਇਹ ਨਹੀਂ ਕਿ ਵੇਸਟ ਕਰੀਏ। ਇਸੇ ਕਰਕੇ ਹੀ ਕਾਨੂੰਨ ਬਣਾਇਆ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਜਿਹੜੀ ਜ਼ਿਮੀਂਦਾਰਾਂ ਦੀ ਫਸਲ ਡੁੱਬਦੀ ਹੈ ਜਾਂ ਖਰਾਬ ਹੁੰਦੀ ਹੈ, ਉਹ ਬਚੇਗੀ। ਕੀ ਸਾਡੀ ਸਰਕਾਰ ਨੂੰ ਇਸ ਸਬੰਧੀ ਕੋਈ ਚਿੰਤਾ ਹੈ ਅਤੇ ਵਾਟਰ ਰੀਚਾਰਜ਼ਿੰਗ ਦੀ ਕੋਈ ਯੋਜਨਾ ਬਣਾਈ ਹੈ ?

ਮਾਨਯੋਗ ਸਪੀਕਰ : ਹਾਂ ਜੀ, ਜਨਮੇਜਾ ਸਿੰਘ ਸੇਖੋਂ ਜੀ, ਅਜਿਹੀ ਕੋਈ ਪਾਲਿਸੀ ਬਣਾਈ ਹੈ ?

ਰਾਣਾ ਗੁਰਜੀਤ ਸਿੰਘ : ਸਰ, ਜੇ ਨਾ ਹੋਵੇ ਤਾਂ ਇੱਕ ਮੌਕਾ ਸਪਲੀਮੈਂਟਰੀ ਦਾ ਹੋਰ ਦੇ ਦਿਉ, ਸੁਝਾਅ ਮੈਂ ਦੇ ਦੇਵਾਂਗਾ।

(**ਇੱਕ ਆਵਾਜ਼** : ਇਹ ਆਪ ਰੀਚਾਰਜ ਹੋ ਜਾਂਦੇ ਹਨ ਜੀ।)

ਮੰਤਰੀ : ਸਪੀਕਰ ਸਾਹਿਬ, 2-3 ਬਲਾਕਾਂ ਵਿੱਚ ਅਸੀਂ ਰੀਚਾਰਜਿੰਗ ਸਕੀਮ ਸ਼ੁਰੂ ਕੀਤੀ ਹੈ ਜਿਵੇਂ ਕਿ ਮੋਗਾ ਬਲਾਕ ਹੈ। .....(ਵਿਘਨ......ਸ਼ੋਰ).....

ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ) : ਟੋਟਲ ਬਲਾਕ ਕਿੰਨੇ ਹਨ।

ਰਾਣਾ ਗੁਰਜੀਤ ਸਿੰਘ : ਇਨ੍ਹਾਂ ਨੂੰ ਤਾਂ ਪਤਾ ਨਹੀਂ ਲੱਗਣਾ। ਮੰਤਰੀ ਜੀ ਨੂੰ ਮੈਂ ਸੁਝਾਅ ਦੇ ਦਿਆਂਗਾ।

ਮਾਨਯੋਗ ਸਪੀਕਰ : ਤੁਸੀਂ ਸੁਝਾਅ ਲਿਖ ਕੇ ਭੇਜ ਦਿਉ।

ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ) : ਇਹ ਅਸਤੀਫਾ ਤਾਂ ਨਹੀਂ ਮੰਗ ਰਹੇ, ਸੁਝਾਅ ਦੇ ਰਹੇ ਹਨ। ਸੁਝਾਅ ਤਾਂ ਲੈ ਲਉ।

(ਇਸ ਸਮੇਂ ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਬਿਨਾ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਰਾਣਾ ਜੀ, ਬੈਠ ਜਾਉ। ਤੁਸੀਂ ਆਪਣਾ ਸੁਝਾਅ ਲਿਖ ਕੇ ਭੇਜ ਦਿਉ, ਕੰਸਿਡਰ ਕਰ ਲਵਾਂਗੇ।

ਮੰਤਰੀ : ਜੇ ਆਨਰੇਬਲ ਮੈਂਬਰ ਕੋਲ ਕੋਈ ਸੁਝਾਅ ਹੈ ਤਾਂ ਮੈਨੂੰ ਦੇ ਦੇਣ....

ਮਾਨਯੋਗ ਸਪੀਕਰ : ਅਗਲਾ ਸਵਾਲ, ਸਰਦਾਰ ਗੁਰਚਰਨ ਸਿੰਘ ਬੋਪਾਰਾਏ।

ਰਾਏਕੋਟ ਸਿਵਲ ਹਸਪਤਾਲ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ

*1181. **ਸਰਦਾਰ ਗੁਰਚਰਨ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਏਕੋਟ ਵਿਖੇ ਸਿਵਲ ਹਸਪਤਾਲ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਸ਼੍ਰੇਣੀ-ਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿੱਚੋਂ ਭਰੀਆਂ/ਖਾਲੀ ਅਸਾਮੀਆਂ ਦੇ ਵੇਰਵੇ ਕੀ ਹਨ ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਲੋੜੀਂਦੀ ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ ਜੀ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਅਨੁਲੱਗ 'ੳ'

ਸਬ ਡਵੀਜ਼ਨਲ ਹਸਪਤਾਲ, ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿਖੇ ਕੈਟਾਗਰੀ-ਵਾਈਜ਼ ਮਨਜ਼ੂਰਸ਼ੁਦਾ ਅਤੇ ਭਰੀਆਂ ਅਸਾਮੀਆਂ : -

ਲੜੀ ਨੰ:	ਕੈਟਾਗਰੀ	ਮਨਜ਼ੂਰਸ਼ੁਦਾ ਅਸਾਮੀਆਂ	ਭਰੀਆਂ ਅਸਾਮੀਆਂ	ਖਾਲੀ ਅਸਾਮੀਆਂ
1.	ਸੀਨੀਅਰ ਮੈਡੀਕਲ ਅਫਸਰ	1	1	0
2.	ਮੈਡੀਕਲ ਅਫਸਰ (ਮਾਹਰ)	9	8	1
3.	ਮੈਡੀਕਲ ਅਫਸਰ (ਜਨਰਲ)	5	1	4
4.	ਮੈਡੀਕਲ ਅਫਸਰ (ਡੈਂਟਲ)	1	1	0
5.	ਸਟਾਫ ਨਰਸ	10	8	2
6.	ਫਾਰਮਾਸਿਸਟ	3	3	0
7.	ਅਪਥਾਲਮਿਕ ਅਫਸਰ	1	1	0
8.	ਲੈਬ ਟੈਕਨੀਸ਼ੀਅਨ	4	0	4
9.	ਰੇਡੀਓਗ੍ਰਾਫਰ	2	1	1
10.	ਅਕਾਊਂਟੈਂਟ	1	0	1
11.	ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ)	1	0	1
12.	ਮਲਟੀਪਰਪਜ਼ ਹੈਲਥ ਵਰਕਰ (ਫੀਮੇਲ)	1	1	0
13.	ਆਪਰੇਸ਼ਨ ਥਿਏਟਰ ਸਹਾਇਕ	1	0	1
14.	ਦਰਜਾ-4	20	8	12
	ਕੁੱਲ ਜੋੜ	60	33	27

ਸਰਦਾਰ ਗੁਰਚਰਨ ਸਿੰਘ : ਮੰਤਰੀ ਸਾਹਿਬ ਦੱਸਣ ਕਿ ਅਸਾਮੀਆਂ ਕਦੋਂ ਤੋਂ ਖਾਲੀ ਪਈਆਂ ਹਨ ਅਤੇ ਕਦੋਂ ਤੱਕ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਇਸ ਨਾਲ 40-50 ਪਿੰਡ ਜੁੜੇ ਹੋਏ ਹਨ। ਕੀ ਮੰਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਇਹ ਬਾਦਲ ਸਾਹਿਬ ਦਾ ਧੰਨਵਾਦ ਕਰਨ। ਇਹ ਲਿਸਟ ਦੇਖਣ। ਇਨ੍ਹਾਂ ਦੇ ਇੱਕ ਡਾਕਟਰ ਦੀ ਘਾਟ ਹੈ, ਬਾਕੀ ਥੋੜ੍ਹਾ ਸਟਾਫ ਘੱਟ ਹੈ, ਉਹ ਬਾਦਲ ਸਾਹਿਬ ਦੀ ਰਹਿਨੁਮਾਈ ਵਿੱਚ ਬੜੀ ਜਲਦੀ ਹੀ ਪੂਰੇ ਕਰ ਦਿੱਤੇ ਜਾਣਗੇ। (ਥੰਪਿੰਗ) ਹੁਣੇ ਜਿਹੇ ਹੀ 328 ਡਾਕਟਰਾਂ ਦਾ ਪੀ.ਪੀ.ਐਸ.ਸੀ. ਰਾਹੀਂ ਟੈਸਟ ਹੋ ਚੁੱਕਿਆ ਹੈ ਔਰ ਅਗਲੇ ਮਹੀਨੇ ਡਾਕਟਰ ਮਿਲ ਜਾਣੇ ਹਨ ਅਤੇ ਬਾਦਲ ਸਾਹਿਬ ਦੀ ਕਿਰਪਾ ਨਾਲ ਕਿਤੇ ਵੀ ਕਮੀ ਨਹੀਂ ਰਹਿਣੀ। ....(ਵਿਘਨ ..... ਸ਼ੋਰ).....

ਸਰਦਾਰ ਗੁਰਚਰਨ ਸਿੰਘ : ਸਪਲੀਮੈਂਟਰੀ, ਸਰ। ਇਨ੍ਹਾਂ ਨੇ ਕਿਹਾ ਹੈ ਕਿ ਕੁੱਲ ਅਸਾਮੀਆਂ 60 ਹਨ, ਜਿਸ ਵਿੱਚੋਂ 33 ਭਰੀਆਂ ਹਨ ਅਤੇ 27 ਖਾਲੀ ਹਨ। ਇਹ ਕਹਿੰਦੇ ਹਨ ਕਿ 1 ਖਾਲੀ ਹੈ। ਇਨ੍ਹਾਂ ਦਾ ਆਪਣਾ ਹੀ ਜਵਾਬ ਹੈ।

ਮੰਤਰੀ : ਟੋਟਲ 60 ਹਨ ਅਤੇ 33 ਭਰੀਆਂ ਹਨ, 27 ਖਾਲੀ ਹਨ। ਡਾਕਟਰ ਪੂਰੇ ਹਨ ਅਤੇ ਕੰਮ ਤੁਹਾਡੇ ਬਹੁਤ ਅੱਛਾ ਚੱਲ ਰਿਹਾ ਹੈ। ਬਾਕੀ ਵੀ ਭਰ ਦਿੱਤੇ ਜਾਣਗੇ।

ਸਰਦਾਰ ਗੁਰਚਰਨ ਸਿੰਘ : ਕੀ ਬਾਕੀ ਸਟਾਫ ਦੀ ਜ਼ਰੂਰਤ ਨਹੀਂ ਹੁੰਦੀ। ਇਕੱਲੇ ਡਾਕਟਰ ਹੀ ਸਾਰੇ ਕੰਮ ਕਰ ਲੈਣਗੇ। .....(ਵਿਘਨ .... ਸ਼ੋਰ) .....

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਮਦੋਟ ਜ਼ਿਲ੍ਹਾ ਫਿਰੋਜ਼ਪੁਰ ਨੂੰ ਸਹੂਲਤਾਂ ਦੇਣਾ

*1174. **ਸਰਦਾਰ ਜੋਗਿੰਦਰ ਸਿੰਘ ਜਿੰਦੂ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ, ਵਿਚ ਕੋਈ ਖੇਡ ਮੈਦਾਨ ਅਤੇ ਹੋਰ ਸਹੂਲਤਾਂ ਉਪਲਬਧ ਨਹੀਂ ਹਨ। ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਪੰਚਾਇਤ ਵੱਲੋਂ ਜ਼ਮੀਨ ਮੁਹੱਈਆ ਕਰਵਾਉਣ ਤੋਂ ਬਾਅਦ ਉਥੇ ਨਵੀਂ ਇਮਾਰਤ ਉਸਾਰੇਗੀ ?

ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸਰਵਨ ਸਿੰਘ ਫਿਲੌਰ) : ਇਹ ਠੀਕ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਮਦੋਟ (ਲੜਕੇ) ਜ਼ਿਲ੍ਹਾ ਫਿਰੋਜ਼ਪੁਰ ਵਿਚ ਕੋਈ ਖੇਡ ਦਾ ਮੈਦਾਨ ਨਹੀਂ ਹੈ ਪ੍ਰੰਤੂ ਸਕੂਲ ਦੀ ਖੇਤੀਬਾੜੀ ਨਾਲ ਸਬੰਧਿਤ ਤਿੰਨ ਏਕੜ ਜ਼ਮੀਨ ਤੇ ਪੰਚਾਇਤੀ ਰਾਜ ਵੱਲੋਂ ਉਸਾਰੇ ਸਟੇਡੀਅਮ ਦੀ ਵਰਤੋਂ ਸਕੂਲ ਦੇ ਬੱਚੇ ਖੇਡ ਕਿਰਿਆਵਾਂ ਲਈ ਕਰ ਸਕਦੇ ਹਨ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮਮਦੋਟ ਏਰੀਆ ਬਾਰਡਰ ਏਰੀਏ ਦਾ ਇਲਾਕਾ ਹੈ। ਉਸ ਵਿੱਚ 1050 ਲੜਕੇ ਲੜਕੀਆਂ ਪੜ੍ਹਦੇ ਹਨ ਔਰ ਮੇਰੇ ਖਿਆਲ ਵਿੱਚ ਉਹ ਸਕੂਲ ਦੋ ਕਨਾਲ ਵਿੱਚ ਹੈ। ਇਹ ਸਕੂਲ ਬਹੁਤ ਹੀ ਵਧੀਆ ਚੱਲ ਰਿਹਾ ਹੈ ਲੇਕਿਨ ਉਥੇ ਬੱਚਿਆਂ ਦੇ ਬੈਠਣ ਲਈ ਨਾ ਤਾਂ ਕੋਈ ਬੈਂਚ ਹੈ ਤੇ ਨਾ ਹੀ ਕੁਝ ਹੋਰ ਹੈ। ਇਹ ਸਕੂਲ ਦੋ ਕਨਾਲ ਵਿੱਚ ਹੈ। ਮੇਰੀ ਪ੍ਰਿੰਸੀਪਲ ਨਾਲ ਇਸ ਸੰਬੰਧੀ ਗੱਲ ਵੀ ਹੋਈ ਸੀ ....

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ। ਜੋ ਤੁਸੀਂ ਕਹਿ ਰਹੇ ਹੋ, ਉਹ ਇਸ ਕੁਐਸਚਨ ਨਾਲ ਸੰਬੰਧਿਤ ਨਹੀਂ ਹੈ।

ਸਰਦਾਰ ਜੋਗਿੰਦਰ ਸਿੰਘ ਜਿੰਦੂ : ਸਪੀਕਰ ਸਾਹਿਬ, ਮੈਂ ਸਵਾਲ ਵਿੱਚ ਇਸ ਬਾਰੇ ਲਿਖਿਆ ਹੋਇਆ ਹੈ ਕਿ ਉਥੇ ਬਿਲਡਿੰਗ ਨਹੀਂ ਹੈ ਤੇ ਇਸ ਸਕੂਲ ਦੀ ਪਰਾਪਰ ਬਿਲਡਿੰਗ ਬਣਨੀ ਚਾਹੀਦੀ ਹੈ। ਇਹ ਬਹੁਤ ਹੀ ਵਧੀਆ ਸਕੂਲ ਹੈ ਪਰ ਅੱਜ ਤੱਕ ਉਥੇ ਗੌਰ ਹੀ ਨਹੀਂ ਕੀਤੀ ਗਈ। ਉਥੇ ਬਹੁਤ ਵਧੀਆ ਬੱਚਿਆਂ ਦੀ ਸਟਰੈਂਥ ਹੈ। ਦੋ ਕਨਾਲ ਵਿੱਚ ਇਹ ਸਕੂਲ ਜੋ ਬਣਿਆ ਹੈ, ਇਹ ਗਲਤ ਬਣਿਆ ਹੋਇਆ ਹੈ। ਉਥੋਂ ਦੀ ਪੰਚਾਇਤ ਜਗ੍ਹਾ ਦੇਣ ਵਾਸਤੇ ਤਿਆਰ ਹੈ। ਕਿਰਪਾ ਕਰਕੇ ਮੰਤਰੀ ਜੀ ਦੱਸਣਗੇ ਕਿ ਇਸ ਸਕੂਲ ਦਾ ਕਦੋਂ ਤੱਕ ਕੰਮ ਕਰਵਾ ਦਿੱਤਾ ਜਾਵੇਗਾ? ਪੰਚਾਇਤ ਜਗ੍ਹਾ ਦੇਣ ਲਈ ਤਿਆਰ ਹੈ। ਜਿੰਨੀ ਜ਼ਮੀਨ ਚਾਹੀਦੀ ਹੈ, ਅਸੀਂ ਜ਼ਮੀਨ ਦੇਣ ਲਈ ਤਿਆਰ ਹਾਂ ।

ਮਾਨਯੋਗ ਸਪੀਕਰ : ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਜਗ੍ਹਾ ਦੇਣ ਲਈ ਤਿਆਰ ਹਾਂ । ਇਸ ਲਈ ਕੀ ਤੁਸੀਂ ਉਥੇ ਸਕੂਲ ਦੀ ਉਸਾਰੀ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਵਿਚਾਰ ਲਵਾਂਗੇ ਜੀ ।

ਅਹਿਮਦਗੜ੍ਹ ਸ਼ਹਿਰ ਵਿੱਚ ਸੀਵਰੇਜ ਪਾਉਣਾ

*1191. **ਸਰਦਾਰ ਇਕਬਾਲ ਸਿੰਘ ਝੂੰਦਾਂ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਹਿਮਦਗੜ੍ਹ ਸ਼ਹਿਰ ਵਿੱਚ ਸੀਵਰੇਜ ਪਾਉਣ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸ਼੍ਰੀ ਅਨਿਲ ਜੋਸ਼ੀ : ਹਾਂ ਜੀ, ਅਹਿਮਦਗੜ੍ਹ ਸ਼ਹਿਰ ਵਿੱਚ ਸੀਵਰੇਜ ਪਾਉਣ ਲਈ ਅਰਬਨ ਇਨਫਰਾਸਟ੍ਰਕਚਰ ਡਿਵੈਲਪਮੈਟ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨ-2 (ਯੂ.ਆਈ.ਡੀ.ਐੱਸ.ਐੱਸ.ਐੱਮ.ਟੀ.-2) ਅਧੀਨ 25.43 ਕਰੋੜ ਰੁਪਏ ਲਾਗਤ ਦੀ ਸਕੀਮ ਵਿਚਾਰ ਅਧੀਨ ਹੈ। ਇਹ ਸਕੀਮ ਜੂਨ, 2014 ਤੱਕ ਪ੍ਰਵਾਨ ਹੋਣ ਦੀ ਆਸ ਹੈ ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਜੂਨ 2014 ਤੱਕ ਇਸ ਸਕੀਮ ਦੇ ਲਾਗੂ ਹੋਣ ਦਾ ਭਰੋਸਾ ਦਿਵਾਇਆ ਹੈ ਪਰ ਇਸ ਦੇ ਨਾਲ ਹੀ ਮੈਂ ਮੰਤਰੀ ਸਾਹਿਬ ਦੀ ਨਾਲੇਜ ਵਿੱਚ ਲਿਆਉਣਾ ਚਾਹੁੰਦਾ ਹਾਂ ......

ਮਾਨਯੋਗ ਸਪੀਕਰ : ਨਾਲੇਜ ਵਾਲੀ ਗੱਲ ਨਹੀਂ। ਤੁਸੀਂ ਸਪਲੀਮੈਂਟਰੀ ਪੁੱਛੋ ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਮੈਂ ਸਵਾਲ ਪੁੱਛ ਲੈਂਦਾ ਹਾਂ। ਸਪੀਕਰ ਸਾਹਿਬ, ਅਹਿਮਦਗੜ੍ਹ ਇੱਕ ਐਸਾ ਸ਼ਹਿਰ ਹੈ ਜਿਸ ਦੀ 40,000 ਦੀ ਅਬਾਦੀ ਹੈ ਔਰ ਉਥੇ 'ਬੀ' ਕਲਾਸ ਮਿਊਂਸਿਪਲ ਕਮੇਟੀ ਹੈ ਪਰ ਉਥੇ ਨਿਕਾਸ ਦਾ ਕੋਈ ਵੀ ਪ੍ਰਬੰਧ ਨਹੀਂ ਹੈ। ਆਪਾਂ ਆਮ ਦੇਖਦੇ ਹਾਂ ਕਿ ਸ਼ਹਿਰਾਂ ਦਾ ਨਿਕਾਸ ਡਰੇਨਾਂ ਵਿੱਚ ਹੁੰਦਾ ਹੈ ਜਾਂ ਨਾਲਿਆਂ ਵਿੱਚ ਨਿਕਲ ਜਾਂਦਾ ਹੈ। ਸਾਡੇ ਕੋਲ ਸਿਰਫ ਤਿੰਨ ਏਕੜ ਦਾ ਟੋਭਾ ਹੈ, ਜਿਸ ਵਿੱਚ 40,000 ਦੀ ਆਬਾਦੀ ਦਾ ਪਾਣੀ ਪੈ ਰਿਹਾ ਹੈ ਔਰ ਸੱਤ ਏਕੜ ਜ਼ਮੀਨ ਅਸੀਂ ਕਿਸਾਨਾਂ ਤੋਂ ਕਿਰਾਏ ਤੇ ਲਈ ਹੈ। 10 ਏਕੜ ਵਿੱਚ ਸਾਰੇ ਸ਼ਹਿਰ ਦਾ ਪਾਣੀ ਪੈ ਰਿਹਾ ਹੈ ਔਰ ਮੇਰਾ ਖਿਆਲ ਹੈ ਕਿ 10 ਏਕੜ ਵਿੱਚ ਤਾਂ ਪਿੰਡ ਦਾ ਟੋਭਾ ਹੀ ਹੁੰਦਾ ਹੈ। ਜਦੋਂ ਬਾਰਸ਼ ਪੈ ਜਾਂਦੀ ਹੈ ਤਾਂ ਦੋ-ਦੋ ਦਿਨ ਪਾਣੀ ਸੜਕਾਂ ਤੇ ਖੜ੍ਹਾ ਰਹਿੰਦਾ ਹੈ। ਸੋ, ਮੇਰੀ ਬੇਨਤੀ ਹੈ ਕਿ ਜੇ ਕੁਝ ਹੋਰ ਨਹੀਂ ਹੋ ਸਕਦਾ ਤਾਂ ਤਿੰਨ ਏਕੜ ਵਿੱਚ ਐਸ. ਟੀ. ਪੀ. (ਸੀਵਰੇਜ ਟਰੀਟਮੈਂਟ ਪਲਾਂਟ) ਲਗਾ ਕੇ ਚਾਰ ਕਿਲੋਮੀਟਰ ਦੀ ਡਰੇਨ ਜੋ ਉਥੇ ਮੌਜੂਦ ਹੈ, ਉਸ ਵਿੱਚ ਪਾਣੀ ਪਾ ਦਿੱਤਾ ਜਾਵੇ। ਇਹ ਸਾਰਾ ਹੀ ਪੰਜ-ਛੇ ਕਰੋੜ ਦਾ ਖਰਚਾ ਹੈ ਤੇ ਬਾਕੀ ਸੀਵਰੇਜ ਲਈ ਪੈਸੇ ਬਾਅਦ ਵਿੱਚ ਦੇ ਦਿੱਤੇ ਜਾਣ ਤਾਂ ਕਿ ਸ਼ਹਿਰ ਵਿੱਚ ਜੋ ਪਾਣੀ ਬਾਰਸ਼ਾਂ ਦੇ ਦਿਨਾਂ ਵਿੱਚ ਖੜ੍ਹਦਾ ਹੈ, ਉਸ ਤੋਂ ਲੋਕਾਂ ਨੂੰ ਨਿਜਾਤ ਮਿਲ ਸਕੇ। ਇੱਥੇ ਬਹੁਤ ਹੀ ਬੁਰੀ ਹਾਲਤ ਹੈ। ਸਪੀਕਰ ਸਾਹਿਬ, ਤੁਸੀਂ ਆਪ ਵੀ ਦੇਖਿਆ ਹੈ, ਤੁਸੀਂ ਅਹਿਮਦਗੜ੍ਹ ਜਾਂਦੇ ਰਹੇ ਹੋ। ਇਹ ਛੋਟਾ ਪ੍ਰਾਜੈਕਟ ਹੈ। ਇਸ ਲਈ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਐਸ.ਟੀ.ਪੀ. ਲਗਾ ਕੇ ਡਰੇਨ ਵਿੱਚ ਪਾਣੀ ਪਾਉਣ ਦਾ ਕੋਈ ਉਪਰਾਲਾ ਮੰਤਰੀ ਜੀ ਕਰਨਗੇ ਤਾਂ ਕਿ ਆਉਣ ਵਾਲੀ ਬਰਸਾਤ ਤੋਂ ਪਹਿਲਾਂ ਪਹਿਲਾਂ ਸਾਨੂੰ ਕੁਝ ਨਿਜਾਤ ਮਿਲ ਸਕੇ ?

ਮਾਨਯੋਗ ਸਪੀਕਰ : ਜੋਸ਼ੀ ਸਾਹਿਬ, ਆਪਾਂ ਕੁਝ ਮਦਦ ਕਰ ਸਕਦੇ ਹਾਂ। ਹਾਲਤ ਤਾਂ ਉਥੇ ਬਹੁਤ ਮਾੜੀ ਹੈ। ਇਸ ਲਈ ਆਪਾਂ ਕੀ ਕੋਈ ਮਦਦ ਕਰ ਸਕਦੇ ਹਾਂ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਟੋਟਲ ਪ੍ਰਾਜੈਕਟ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ ਵੀ ਸ਼ਾਮਲ ਹੈ। ਬਾਕੀ ਅਫਸਰ ਭੇਜ ਕੇ ਐਗਜ਼ਾਮਿਨ ਕਰਵਾ ਲਵਾਂਗੇ। ਜੇ ਕੋਈ ਇੰਤਜ਼ਾਮ ਇਸ ਤਰ੍ਹਾਂ ਦਾ ਹੁੰਦਾ ਹੋਇਆ ਤਾਂ ਉਹ ਜ਼ਰੂਰ ਕਰਨ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਤੇ ਮੇਰੀ ਬੇਨਤੀ ਹੈ ਕਿ ਇਹ ਟੀਮ ਭੇਜ ਕੇ ਜ਼ਰੂਰ ਜਾਇਜ਼ਾ ਲੈ ਲੈਣ ।

ਸ਼੍ਰੀ ਸੁਨੀਲ ਜਾਖੜ : ਮਾਨਯੋਗ ਸਪੀਕਰ ਸਾਹਿਬ, ਜਿਹੜੀ ਅਹਿਮਦਗੜ੍ਹ ਵਾਲੀ ਸਕੀਮ ਹੈ, ਸਮਾਲ ਐਂਡ ਮੀਡੀਅਮ ਟਾਊਨਜ਼ ਦੀ ਪਰਪੋਜ਼ਲ ਦੀ ਗੱਲ ਕੀਤੀ ਹੈ ਕਿ ਜੂਨ, 2014 ਤੱਕ ਸੈਂਟਰ ਗੌਰਮਿੰਟ ਤੋਂ ਕਲੀਅਰ ਹੋ ਕੇ ਆ ਜਾਵੇਗੀ । Is it a part of this entire package ਜਿਹੜੇ ਨੀਂਹ ਪੱਥਰ ਮਾਨਯੋਗ ਡਿਪਟੀ ਸੀ. ਐਮ. ਸਾਹਿਬ ਨੇ ਮਗਰਲੇ ਦਿਨਾਂ ਵਿੱਚ ਰੱਖੇ ਹਨ or is it something separate ਜਾਂ ਉਹ ਹੀ ਹਨ ?

Mr. Speaker : This is not a supplementary.

ਸ਼੍ਰੀ ਸੁਨੀਲ ਜਾਖੜ : ਪੱਥਰ ਪਹਿਲਾਂ ਹੀ ਰੱਖ ਦਿੱਤੇ ....(ਵਿਘਨ)... ਸੈਕਿੰਡ ਸਰ, ...(ਵਿਘਨ)... ਸਪੀਕਰ ਸਾਹਿਬ, ਮੇਰਾ ਬੇਸਿਕ ਕੁਐਸਚਨ ਹੈ ...

ਮਾਨਯੋਗ ਸਪੀਕਰ : ਨਹੀਂ ਜੀ।

ਉਪ ਮੁੱਖ ਮੰਤਰੀ : ਜਾਖੜ ਸਾਹਿਬ ....(ਵਿਘਨ)...

ਸ਼੍ਰੀ ਸੁਨੀਲ ਜਾਖੜ : ਮੈਂ ਤੁਹਾਡਾ ਧੰਨਵਾਦੀ ਹਾਂ ਜਿਹੜਾ ਤੁਸੀਂ ਅਬੋਹਰ ਦਾ ਕਰਕੇ ਆਏ ਹੋ।

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਮੈਂ ਤੁਹਾਡੇ ਨਾਲ ਅਬੋਹਰ ਦੇ ਵਿੱਚ ਕੁਮਿਟਮੈਂਟ ਕੀਤੀ ਸੀ and I went specially to get it cleared.

Shri Sunil Jakhar : Precisely, Speaker Sahib, my point is this only. ਮੈਂ ਕੋਲ ਬਹਿ ਕੇ ਕਰਵਾ ਕੇ ਲਿਆਇਆ ਹਾਂ, thank you anyway, ...(ਵਿਘਨ)... ਮੈਂ ਧੰਨਵਾਦ ਕਰਦਾ ਹਾਂ।

ਉਪ ਮੁੱਖ ਮੰਤਰੀ : ਦਿਲ ਤੇ ਹੱਥ ਰੱਖ ਕੇ ਕਹੋ, ਤੁਹਾਨੂੰ ਤਾਂ ਬਾਅਦ ਵਿੱਚ ਪਤਾ ਲੱਗਿਆ ਜਦੋਂ ਸੈਂਕਸ਼ਨ ਹੋ ਗਿਆ।

ਸ਼੍ਰੀ ਸੁਨੀਲ ਜਾਖੜ : ਨਾ ਨਾ ਜੀ, ਮੈਂ ਸਾਰੇ ਜੁਆਇੰਟ ਸੈਕਟਰੀ ਤੱਕ ਖੰਘਾਲ ਦਿੱਤੇ .....(ਵਿਘਨ)....I have done it from NPCC... (interruption)..

ਮਾਨਯੋਗ ਸਪੀਕਰ : ਜਾਖੜ ਸਾਹਿਬ .....(ਵਿਘਨ)... ਜਾਖੜ ਸਾਹਿਬ, ਮੈਂ ਕੱਲ੍ਹ ਵੀ ਬੇਨਤੀ ਕੀਤੀ ਸੀ ਅਤੇ ਅੱਜ ਵੀ ਕਰਦਾ ਹਾਂ ਕਿ please address to the Chair ਅਤੇ ਜਦੋਂ ਬੋਲਣਾ ਹੈ, ਚੇਅਰ ਨੂੰ ਪੁੱਛ ਕੇ ਬੋਲਣਾ ਹੈ। ਇਹ ਨਹੀਂ ਕਿ ਜਦੋਂ ਮਰਜੀ ਉਠ ਕੇ ਖੜ੍ਹੇ ਹੋ ਜਾਵੋ।

ਸ਼੍ਰੀ ਸੁਨੀਲ ਜਾਖੜ : ਸੌਰੀ, ਸਪੀਕਰ ਸਾਹਿਬ, ਕਿਉਂਕਿ ਡਿਪਟੀ ਸੀ.ਐਮ. ਸਾਹਿਬ ਨਾਲ ਗੱਲ ਕਰਨ ਲੱਗ ਗਿਆ ਸੀ, I appreciate your ruling. Your intervention is most welcome ਜੋ ਤੁਸੀਂ ਦੱਸਿਆ ਹੈ। I respect your judgement. ਸਪੀਕਰ ਸਾਹਿਬ, ਮੇਰਾ ਇੱਕ ਬੇਸਿਕ ਫੰਡਾਮੈਂਟਲ ਕੁਐਸਚਨ ਹੈ। I am sorry, I am not aware of the rules ਪਰ ਅੱਜ ਜਿਹੜੇ ਆਪਾਂ ਹਾਊਸ ਦੇ ਵਿੱਚ ਬੈਠ ਕੇ ਇਸ ਕਿਸਮ ਦੇ ਪਰਾਮਿਸਿਜ਼ ਕਰ ਰਹੇ ਹਾਂ ਕਿ ਕਰ ਦਿਆਂਗੇ ਨਹੀਂ ਕਰ ਦਿਆਂਗੇ, Are we not violating Election Code of Conduct. ਤੁਸੀਂ ਚੈੱਕ ਕਰਵਾ ਲਵੋ।

ਮਾਨਯੋਗ ਸਪੀਕਰ : ਨਹੀਂ।

ਸ਼੍ਰੀ ਸੁਨੀਲ ਜਾਖੜ : ਤੁਸੀਂ ਚੈੱਕ ਕਰਵਾ ਲਵੋ, I am just saying ਕਿ ਕੱਲ੍ਹ ਨੂੰ ਕਿਤੇ ਇਲੈਕਸ਼ਨ ਕਮਿਸ਼ਨ ਵਾਲੇ ਆਪਣੇ ਮਗਰ ਪੈ ਜਾਣ। Of course ਲੋਕਾਂ ਦੀਆਂ ਮੰਗਾਂ ਲੈ ਕੇ ਆਪਾਂ ਇਥੇ ਆਏ ਹਾਂ। ਤੁਸੀਂ ਆਪ ਪਹਿਲਾਂ ਕਿਹਾ ਸੀ, reason which you gave to change the schedule of sitting was that ਜਿਸ ਦਿਨ ਕੋਡ ਆਫ ਕੰਡਕਟ ਲੱਗ ਜਾਵੇਗਾ, ਅਸੀਂ ਕੋਈ ਬਿੱਲ ਪਾਸ ਨਹੀਂ ਕਰਵਾ ਸਕਾਂਗੇ but we are making promises on the Floor of the House. Are we in violation ? Is this House in violation of the Code of Conduct ? Speaker Sahib, I am not knowledgeable.

ਮਾਨਯੋਗ ਸਪੀਕਰ : ਜੇ ਉਹ ਪੁਆਇੰਟ-ਆਊਟ ਕਰਨਗੇ ਤਾਂ ਹੈ।

Shri Sunil Jakhar : Speaker Sahib, I am saying I am not knowledgeable, ਇਨ੍ਹਾਂ ਸੈਕਟਰੀ ਸਾਹਿਬ ਨੂੰ ਪੁੱਛੋ।

ਮਾਨਯੋਗ ਸਪੀਕਰ : ਜੇ ਇਹ ਹੁਣ ਕਰਨਗੇ ਤਾਂ ਹੀ ਆਪਾਂ ਗੱਲ ਕਰਾਂਗੇ।

Shri Sunil Jakhar : Speaker Sahib, to promise something is violation of Code of Conduct, I cannot help it, these are rules ਮੇਰੀ ਹੰਬਲ ਸਬਮਿਸ਼ਨ ਸਿਰਫ ਇੰਨੀ ਹੈ ਕਿ I am not aware of this. I have not the knowledge.

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਇਸ ਦਾ ਇਲਾਜ ਬਹੁਤ ਸੌਖਾ ਹੈ, ਤੁਸੀਂ ਕੁਐਸਚਨ ਨਾ ਪੁੱਛੋ, ਅਸੀਂ ਜਵਾਬ ਨਹੀਂ ਦਿੰਦੇ ....(ਹਾਸਾ).....

ਮਾਨਯੋਗ ਸਪੀਕਰ : ਨੈਕਸਟ ਜੀ, ਸਰਦਾਰ ਗੁਰਚਰਨ ਸਿੰਘ ਬੋਪਾਰਾਏ।

ਜ਼ਿਲ੍ਹਾ ਲੁਧਿਆਣਾ ਦੇ ਬੀ.ਡੀ.ਪੀ.ਓ. ਦਫਤਰਾਂ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ

* 1180. **ਸਰਦਾਰ ਗੁਰਚਰਨ ਸਿੰਘ** : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿਚ ਰਾਏਕੋਟ, ਪੱਖੋਵਾਲ ਅਤੇ ਸੁਧਾਰ ਵਿਕਾਸ ਬਲਾਕਾਂ ਵਿੱਚ ਬੀ.ਡੀ.ਪੀ.ਓ. ਦਫਤਰਾਂ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਸ਼੍ਰੇਣੀ-ਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਉਕਤ ਦਫਤਰਾਂ ਵਿੱਚ ਖਾਲੀ/ਭਰੀਆਂ ਹੋਈਆਂ ਅਸਾਮੀਆਂ ਦੇ ਵੇਰਵੇ ਕੀ ਹਨ ?

ਸਰਦਾਰ ਸੁਰਜੀਤ ਸਿੰਘ ਰੱਖੜਾ : ਜ਼ਿਲ੍ਹਾ ਲੁਧਿਆਣਾ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ/ਕਾਰਜ ਸਾਧਕ ਅਫਸਰ, ਪੰਚਾਇਤ ਸੰਮਤੀ ਰਾਏਕੋਟ, ਪੱਖੋਵਾਲ ਅਤੇ ਸੁਧਾਰ ਦੇ ਦਫਤਰਾਂ ਵਿਚ ਕ੍ਰਮਵਾਰ 17, 39 ਅਤੇ 40 ਕੁੱਲ 96 ਅਸਾਮੀਆਂ ਪ੍ਰਵਾਨਿਤ ਹਨ, ਜਿਨ੍ਹਾਂ ਵਿਚੋਂ ਕ੍ਰਮਵਾਰ 7, 13 ਅਤੇ 18 ਅਸਾਮੀਆਂ ਇਸ ਸਮੇ ਭਰੀਆਂ ਹੋਈਆਂ ਹਨ ਅਤੇ 10, 26 ਅਤੇ 22 ਅਸਾਮੀਆਂ ਖਾਲੀ ਹਨ। ਇਹਨਾਂ ਅਸਾਮੀਆਂ ਦਾ ਸ਼੍ਰੇਣੀ-ਵਾਰ ਵੇਰਵਾ ਨਾਲ ਨੱਥੀ ਅਨੁਲੱਗ 'ਏ' ਵਿੱਚ ਹੈ।

ਅਨੁਲੱਗ-ਏ

ਲੜੀ ਨੰ:	ਅਸਾਮੀ ਦਾ ਨਾਮ	ਪ੍ਰਵਾਨਤ ਅਸਾਮੀਆਂ	ਭਰੀਆਂ ਅਸਾਮੀਆਂ	ਖਾਲੀ ਅਸਾਮੀਆਂ
	ਬਲਾਕ ਰਾਏਕੋਟ			
1.	ਬੀ.ਡੀ.ਪੀ.ਓ.	1	1	0
2.	ਸੀਨੀਅਰ ਸਹਾਇਕ (ਲੇਖਾ)	1	0	1
3.	ਲੇਖਾ ਕਲਰਕ-ਕਮ-ਕਲਰਕ	1	0	1
4.	ਸੁਪਰਡੰਟ (ਸੰਮਤੀ)	1	1	0
5.	ਪੰਚਾਇਤ ਸਕੱਤਰ(ਸੰਮਤੀ)	9	5	4
6.	ਪੰਚਾਇਤ ਅਫਸਰ(ਸੰਮਤੀ)	1	0	1
7.	ਕਲਰਕ-ਕਮ-ਟੈਕਸ ਕੁਲੈਕਟਰ	1	0	1
8.	ਸੰਮਤੀ ਕਲਰਕ-ਕਮ-ਕੰਪਿਊਟਰ ਅਸਿਸਟੈਂਟ	1	0	1
9.	ਸੇਵਾਦਾਰ(ਸੰਮਤੀ)	1	0	1
	ਕੁੱਲ	**17**	**7**	**10**
	ਬਲਾਕ ਪੱਖੋਵਾਲ			
1.	ਬੀ.ਡੀ.ਪੀ.ਓ.	1	1	0
2.	ਐਸ.ਈ.ਪੀ.ਓ.	1	1	0
3.	ਜੂਨੀਅਰ ਇੰਜ:	1	1	0
4.	ਲੇਖਾਕਾਰ	1	0	1

5.	ਲੇਖਾ ਕਲਰਕ	1	0	1
6.	ਸਟੈਨੋ	1	0	1
7.	ਗਰਾਮ ਸੇਵਕ	10	2	8
8.	ਡਰਾਈਵਰ	1	1	0
9	ਸੇਵਾਦਾਰ	2	2	0
10	ਸੁਪਰਡੰਟ (ਸੰਮਤੀ)	1	1	0
11.	ਪੰਚਾਇਤ ਅਫਸਰ (ਸੰਮਤੀ	1	0	1
12	ਪੰਚਾਇਤ ਸਕੱਤਰ (ਸੰਮਤੀ)	10	2	8
13.	ਕਲਰਕ (ਸੰਮਤੀ)	2	0	2
14.	ਸਿਲਾਈ ਟੀਚਰ (ਸੰਮਤੀ)	3	0	3
15.	ਸੇਵਾਦਾਰ (ਸੰਮਤੀ)	2	2	0
16.	ਮਾਲੀ-ਕਮ-ਚੌਕੀਦਾਰ	1	0	1
	ਕੁੱਲ	39	13	26
	ਬਲਾਕ ਸੁਧਾਰ			
1.	ਬੀ.ਡੀ.ਪੀ.ਓ.	1	1	0
2.	ਐਸ.ਈ.ਪੀ.ਓ.	1	0	1
3.	ਜੂਨੀਅਰ ਇੰਜ:	1	1	0
4.	ਲੇਖਾਕਾਰ	1	1	0
5.	ਲੇਖਾ ਕਲਰਕ	1	0	1
6.	ਸਟੈਨੋ	1	0	1
7.	ਗਰਾਮ ਸੇਵਕ	10	4	6
8.	ਡਰਾਈਵਰ	1	1	0
9	ਸੇਵਾਦਾਰ	2	2	0
10.	ਸੁਪਰਡੰਟ (ਸੰਮਤੀ)	1	1	0
11.	ਕਲਰਕ(ਸੰਮਤੀ)	2	1	1
12.	ਪੰਚਾਇਤ ਅਫਸਰ (ਸੰਮਤੀ)	1	0	1
13.	ਪੰਚਾਇਤ ਸਕੱਤਰ (ਸੰਮਤੀ)	10	3	7
14.	ਟੈਕਸ ਕੁਲੈਕਟਰ (ਸੰਮਤੀ)	1	0	1
15.	ਸਿਲਾਈ ਟੀਚਰ (ਸੰਮਤੀ)	3	0	3
16.	ਪਟਵਾਰੀ (ਸੰਮਤੀ)	1	1	0
17.	ਸੇਵਾਦਾਰ (ਸੰਮਤੀ)	2	2	0
18.	ਮਾਲੀ-ਕਮ-ਚੌਕੀਦਾਰ	1	1	0
	ਕੁੱਲ	40	18	22

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਰਾਏਕੋਟ ਬਲਾਕ ਵਿੱਚ ਕੁੱਲ ਅਸਾਮੀਆਂ 17 ਹਨ ਅਤੇ 10 ਖਾਲੀ ਹਨ। ਇਹ ਇਨ੍ਹਾਂ ਦਾ ਆਪਣਾ ਹੀ ਜਵਾਬ ਹੈ। ਬਲਾਕ ਪੱਖੋਕੇ ਵਿੱਚ ਕੁੱਲ 39 ਅਸਾਮੀਆਂ ਹਨ ਅਤੇ 26 ਖਾਲੀ ਹਨ। ਬਲਾਕ ਸੁਧਾਰ ਵਿੱਚ 40 ਅਸਾਮੀਆਂ ਵਿਚੋਂ 22 ਖਾਲੀ ਹਨ। ਇਹ ਪਿੰਡਾਂ ਨਾਲ ਸਬੰਧਿਤ ਮਹਿਕਮਾ ਹੈ ਅਤੇ ਇਸ ਤਰ੍ਹਾਂ ਕੰਮ ਕਿਵੇਂ ਚੱਲੇਗਾ ? ਕੀ ਮੰਤਰੀ ਸਾਹਿਬ ਦੱਸਣਗੇ ਕਿ ਕਦੋਂ ਤੱਕ ਇਹ ਅਸਾਮੀਆਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ ? ਸਾਡੇ ਬਲਾਕਾਂ ਦਾ ਸਾਰਾ ਕੰਮ ਰੁਕਿਆ ਹੋਇਆ ਹੈ।

ਮੰਤਰੀ : ਸਪੀਕਰ ਸਾਹਿਬ, ਇਹ ਅਸੀਂ ਛੇਤੀ ਭਰ ਦਿਆਂਗੇ ਜੀ। ਅਸੀਂ ਟੀਚਰਾਂ ਦੀਆਂ ਅਸਾਮੀਆਂ ਕੱਢ ਦਿੱਤੀਆਂ ਹਨ, ਬੀ.ਡੀ.ਓ. ਭਰਤੀ ਕਰ ਲਏ, ਜੇ.ਈ. ਭਰਤੀ ਕਰ ਲਏ ਹਨ, ਉਹ ਟਰੇਨਿੰਗ ਤੇ ਗਏ ਹਨ। ਇਲੈਕਸ਼ਨਾਂ ਤੋਂ ਬਾਅਦ ਅਸੀਂ ਐਡ ਕੱਢ ਕੇ ਇਹ ਛੇਤੀ ਭਰ ਦਿਆਂਗੇ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਇੱਕ ਬੀ.ਡੀ.ਓ. ਦੀਆਂ ਪੰਜ-ਪੰਜ ਵਾਰ ਤਾਂ ਬਦਲੀਆਂ ਕਰਦੇ ਹਨ, ਇਨ੍ਹਾਂ ਨੂੰ ਗੋਲਡ ਮੈਡਲ ਦੇਣਾ ਚਾਹੀਦਾ ਹੈ।

ਮਾਨਯੋਗ ਸਪੀਕਰ : ਨਹੀਂ ਜੀ, please sit down. Mofar ji, this is not a supplementary. ਅਗਲਾ ਸਵਾਲ, ਤੋਤਾ ਸਿੰਘ ਜੀ।

ਲੁਧਿਆਣਾ ਤੋਂ ਤਲਵੰਡੀ ਭਾਈ ਸੜਕ ਨੂੰ ਚਹੁੰ-ਮਾਰਗੀ ਕਰਨਾ

*1228. **ਸਰਦਾਰ ਤੋਤਾ ਸਿੰਘ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਤੋਂ ਤਲਵੰਡੀ ਭਾਈ (ਵਾਇਆ ਮੋਗਾ) ਚਹੁੰ-ਮਾਰਗੀ ਸੜਕ ਦਾ ਕੰਮ ਇਸ ਵੇਲੇ ਬੰਦ ਪਿਆ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦਾ ਕੰਮ ਮੁੜ ਸ਼ੁਰੂ ਕਰਕੇ ਇਸ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਲੁਧਿਆਣਾ-ਮੋਗਾ-ਤਲਵੰਡੀ ਸੜਕ ਜੋ ਕਿ ਨੈਸ਼ਨਲ ਹਾਈਵੇ 95 ਦਾ ਹਿੱਸਾ ਹੈ, ਨੂੰ ਚਹੁੰ-ਮਾਰਗੀ ਕਰਨ ਦਾ ਕੰਮ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਬੀ.ਓ.ਟੀ. ਦੇ ਅਧਾਰ ਤੇ ਕਰਵਾਇਆ ਜਾ ਰਿਹਾ ਹੈ। ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਜਲੰਧਰ ਜੋ ਕਿ ਇਸ ਕੰਮ ਦੇ ਇੰਚਾਰਜ ਹਨ, ਨੇ ਸੂਚਿਤ ਕੀਤਾ ਹੈ ਕਿ ਇਹ ਕੰਮ ਲਗਭਗ ਪਿਛਲੇ 5 ਮਹੀਨੇ ਬੰਦ ਰਿਹਾ ਹੈ ਪ੍ਰੰਤੂ ਹੁਣ ਏਜੰਸੀ ਨੇ ਇਹ ਕੰਮ ਮੁੜ ਸ਼ੁਰੂ ਕਰ ਦਿੱਤਾ ਹੈ। ਇਹ ਕੰਮ ਸਤੰਬਰ, 2014 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਪਿਛਲੀ ਵਾਰ ਇਸੇ ਹਾਊਸ ਵਿੱਚ ਪਹਿਲਾਂ ਵੀ ਜਵਾਬ ਦਿੱਤਾ ਗਿਆ ਸੀ ਕਿ 31 ਮਾਰਚ, 2014 ਤੱਕ ਇਸ ਸੜਕ ਨੂੰ ਪੂਰਾ ਕਰ ਦਿਆਂਗੇ। ਮੈਂ ਉਦੋਂ ਹੀ ਸਵਾਲ ਕੀਤਾ ਸੀ ਕਿ ਨਹੀਂ ਹੋ ਸਕਦਾ ਕਿਉਂਕਿ ਜਿਹੜੀ ਕੰਪਨੀ ਨੂੰ ਪਹਿਲਾਂ ਸਬ-ਲੈਟ ਕੀਤਾ ਗਿਆ ਸੀ, ਉਸ ਨੇ ਬੜੀ ਤੇਜ਼ੀ ਨਾਲ ਕੰਮ ਸ਼ੁਰੂ ਕੀਤਾ ਸੀ, ਉਹ ਮੈਦਾਨ ਵਿਚੋਂ ਭੱਜ ਗਏ ਹਨ। ਉਹ ਸਾਰਾ ਸਮਾਨ ਵੀ ਚੁੱਕੀ ਜਾਂਦੇ ਹਨ, ਬਜਰੀ ਵੀ ਚੁੱਕੀ ਜਾਂਦੇ ਹਨ, ਲੋਹਾ ਵੀ ਚੁੱਕ ਕੇ ਲੈ ਗਏ ਹਨ। ਮੈਂ ਉਦੋਂ ਵੀ ਕਿਹਾ ਸੀ ਪਰ ਇਨ੍ਹਾਂ ਨੇ ਉਦੋਂ ਕਿਹਾ ਸੀ ਕਿ ਸਾਡੀ ਉਨ੍ਹਾਂ ਨਾਲ ਗੱਲ ਚਲ ਰਹੀ ਹੈ, ਮੀਟਿੰਗ ਹੋ ਗਈ ਹੈ, ਇਹ ਕੰਮ ਹੋ ਜਾਵੇਗਾ। ਹੁਣ ਇਹ ਕਹਿੰਦੇ ਹਨ ਕਿ ਸਤੰਬਰ ਤੱਕ ਹੋ ਜਾਵੇਗਾ, ਸਤੰਬਰ ਵਿੱਚ ਤਾਂ ਛੇ ਮਹੀਨੇ ਰਹਿ ਗਏ ਹਨ। ਅਜੇ ਤਾਂ ਉਥੇ ਕੰਮ ਸ਼ੁਰੂ ਹੀ ਨਹੀਂ ਹੋਇਆ। ਮੈਂ ਉਥੋਂ ਹੀ ਆਇਆ ਹਾਂ, ਮੈਂ ਉਥੋਂ ਦੀ ਰੋਜ਼ ਲੰਘਦਾ ਹਾਂ, ਸਭ ਤੋਂ ਵੱਧ ਟਰੈਫਿਕ ਉਸ ਸੜਕ ਉਤੇ ਹੈ। ਮਾਨਯੋਗ ਸਪੀਕਰ ਸਾਹਿਬ, ਤੁਸੀਂ ਵੀ ਉਸ ਸੜਕ ਦੀ ਇੰਪਾਰਟੈਂਸ ਨੂੰ ਜਾਣਦੇ ਹੋ, ਲੁਧਿਆਣਾ ਤੋਂ ਤਲਵੰਡੀ ਭਾਈ ਸੜਕ ਉਤੇ ਸਭ ਤੋਂ ਵੱਧ ਟਰੈਫਿਕ ਹੈ। ਅਸੀਂ ਬੜੇ ਦੁਖੀ ਹਾਂ, ਲੋਕ ਸਾਡੇ ਉਤੇ ਬੜੇ ਸਵਾਲ ਕਰਦੇ ਹਨ। ਅਸੀਂ ਕਹਿੰਦੇ ਹਾਂ ਕਿ ਸਾਨੂੰ ਉਹ ਹੀ ਜਵਾਬ ਦਿੱਤਾ ਜਾਵੇ ਜਿਹੜਾ ਪੂਰਾ ਹੋਵੇ। ਭਾਵੇਂ ਛੇ ਮਹੀਨੇ ਦੀ ਬਜਾਏ ਇਸ ਨੂੰ ਸਾਲ ਵਿਚ ਬਣਾ ਦਿਉ ਪਰ ਇਕ ਵਾਰੀ ਇਸ ਦਾ ਲਾਂਘਾ ਸਹੀ ਕਰ ਦਿਉ। ਜਿਹੜੇ ਬਰੇਕ ਪਏ ਹੋਏ ਹਨ, ਬਰੇਕ ਟੁੱਟ ਜਾਣ। ਇਸ ਲਈ ਜਿਹੜੇ ਪੁਲ ਹਨ ਉਹ ਕਿਵੇਂ ਛੇ ਮਹੀਨਿਆਂ ਵਿਚ ਬਣ ਜਾਣਗੇ।

ਮਾਨਯੋਗ ਸਪੀਕਰ : ਜਥੇਦਾਰ ਜੀ, ਕੋਈ ਸਪਲੀਮੈਂਟਰੀ ਕਰੋ।

ਸਰਦਾਰ ਤੋਤਾ ਸਿੰਘ : ਇਸ ਲਈ ਸਹੀ ਟਾਈਮ ਦੱਸਿਆ ਜਾਵੇ, ਮੈਂ ਇਹ ਹੀ ਤੁਹਾਡੇ ਕੋਲੋਂ ਜਾਣਨਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਕੋਈ ਸਪਲੀਮੈਂਟਰੀ ਤਾਂ ਕੀਤੀ ਨਹੀਂ, no supplementary.

ਸਰਦਾਰ ਤੋਤਾ ਸਿੰਘ : ਮੇਰੀ ਸਪਲੀਮੈਂਟਰੀ ਹੈ ਕਿ ਮੈਂ ਸਹੀ ਜਾਣਕਾਰੀ ਲੈਣੀ ਚਾਹੁੰਦਾ ਹਾਂ, ਸਾਨੂੰ ਸਹੀ ਡੇਟ ਦਿੱਤੀ ਜਾਵੇ।

ਮਾਨਯੋਗ ਸਪੀਕਰ: ਨਹੀਂ ਜੀ, ਨਹੀਂ। ਤੁਸੀਂ ਕੋਈ ਕੁਐਸਚਨ ਕਰੋ ਤਾਂ ਹੀ ਜਵਾਬ ਦੇਣਗੇ।

ਸਰਦਾਰ ਤੋਤਾ ਸਿੰਘ : ਮੇਰਾ ਕੁਐਸਚਨ ਹੈ ਕਿ ਇਸ ਸੜਕ ਨੇ 6 ਮਹੀਨਿਆਂ ਵਿਚ ਨਹੀਂ ਬਣਨਾ, ਸਾਨੂੰ ਸਮਾਂ ਦੱਸੋ, ਅਜੇ ਕੰਮ ਵੀ ਸ਼ੁਰੂ ਨਹੀਂ ਹੋਇਆ। ਭਾਵੇਂ ਇਹ ਬੰਦੇ ਭੇਜ ਕੇ ਵੇਖ ਲੈਣ।

Mr. Speaker : No.

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਮੇਰੀ ਬੇਨਤੀ ਇਹੋ ਹੀ ਹੈ ਕਿ ਜਿਹੜਾ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ, ਇਹ ਐਕਚੂਅਲੀ ਜੈਨੂਅਨ ਸਮੱਸਿਆ ਹੈ। ਜਿਹੜੀ ਸੜਕ ਜਾਂ ਪੁਲ ਬੀ.ਓ.ਟੀ. ਤੇ ਆਪਾਂ ਬਣਾ ਕੇ ਦੇ ਦਿੰਦੇ ਹਾਂ, ਉਹ ਸਾਰੇ ਰਿਪੇਅਰ ਨਹੀਂ ਹੁੰਦੇ ਹਨ, ਲੋਕਾਂ ਉਤੇ ਬੋਝ ਪਾਇਆ ਜਾਂਦਾ ਹੈ ਤੇ ਉਨ੍ਹਾਂ ਪਾਸੋਂ ਟੈਕਸਾਂ ਦੇ ਰੂਪ ਵਿਚ ਪੈਸਾ ਵਸੂਲ ਕੀਤਾ ਜਾਂਦਾ ਹੈ...

Mr. Speaker : No, ਇਹ ਕੋਈ ਸਪਲੀਮੈਂਟਰੀ ਨਹੀਂ ਹੈ।

ਸਰਦਾਰ ਰਣਦੀਪ ਸਿੰਘ ਨਾਭਾ : ਕੀ ਸਰਕਾਰ ਕੋਈ ਅਜਿਹੀ ਪਾਲਿਸੀ ਬਣਾਏਗੀ ਕਿ ਘੱਟ ਤੋਂ ਘੱਟ ਜਾਂ ਤਾਂ ਉਹ ਕੈਂਸਲ ਹੋ ਜਾਣ ਜਾਂ ਉਨ੍ਹਾਂ ਉਤੇ ਕੋਈ ਸਖਤ ਕਾਰਵਾਈ ਹੋ ਸਕੇ। ਇਸ ਲਈ ਚਾਹੇ ਬਿਲ ਵੀ ਪਾਸ ਕਰਨਾ ਪਵੇ ਜਾਂ ਕੈਬਨਿਟ ਵਿਚ ਨੋਟੀਫਿਕੇਸ਼ਨ ਲਿਆਉਣਾ ਪਵੇ, ਲਿਆਉਣਾ ਚਾਹੀਦਾ ਹੈ। ਇਸ ਨਾਲ ਘੱਟੋ-ਘੱਟ ਲੋਕਾਂ ਤੱਕ ਰਾਹਤ ਪਹੁੰਚਣੀ ਸ਼ੁਰੂ ਹੋ ਜਾਵੇ, ਉਨ੍ਹਾਂ ਲਈ ਮੈਨਡੇਟਰੀ ਹੋ ਜਾਵੇ ਤੇ ਇਨ੍ਹਾਂ ਦੀ ਰਿਪੇਅਰ ਹੋ ਸਕੇ।

Mr. Speaker : Thank you. ਇਸ ਕੁਐਸਚਨ ਦਾ ਇਸ ਨਾਲ ਸਬੰਧ ਨਹੀਂ ਹੈ ਨਹੀਂ ਤਾਂ ਮੈਂ ਤੁਹਾਨੂੰ ਜ਼ਰੂਰ ਅਲਾਓ ਕਰ ਦਿੰਦਾ। ਅਗਲਾ ਸਵਾਲ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

ਸ਼ਗਨ ਸਕੀਮ ਦੀ ਰਕਮ ਵਿਚ ਵਾਧਾ ਕਰਨਾ

*1221. **ਸਰਦਾਰ ਚਰਨਜੀਤ ਸਿੰਘ ਚੰਨੀ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਗਨ ਸਕੀਮ ਤਹਿਤ ਦਿੱਤੀ ਜਾਣ ਵਾਲੀ ਰਕਮ ਨੂੰ 31000/- ਰੁਪਏ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸਰਦਾਰ ਗੁਲਜਾਰ ਸਿੰਘ ਰਣੀਕੇ : ਸ਼ਗਨ ਸਕੀਮ ਤਹਿਤ ਦਿੱਤੀ ਜਾਣ ਵਾਲੀ ਰਕਮ ਨੂੰ 31000/-ਰੁਪਏ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਜਿਹੜੀ 15000/- ਰੁਪਏ ਦੀ ਸ਼ਗਨ ਸਕੀਮ ਹੈ, ਉਹ ਜਿਸ ਦਿਨ ਤੋਂ ਇਹ ਸਾਡੀ ਅਸੈਂਬਲੀ ਵਿਚ ਜਿੱਤ ਕੇ ਆ ਗਏ ਹਨ, ਉਸ ਦਿਨ ਤੋਂ ਕਿਸੇ ਨੂੰ ਮਿਲੀ ਨਹੀਂ ਹੈ। ਜਿਸ ਦਿਨ ਤੋਂ ਦੁਬਾਰਾ ਸਰਕਾਰ ਬਣੀ ਹੈ, ਉਸ ਦਿਨ ਤੋਂ ਸ਼ਗਨ ਸਕੀਮ ਦਾ ਸਾਡੇ ਇਲਾਕੇ ਵਿਚ ਕਿਸੇ ਨੂੰ ਕੋਈ ਪੈਸਾ ਨਹੀਂ ਮਿਲਿਆ, ਬਲਕਿ ਪੰਜਾਬ ਵਿਚ ਹੀ ਨਹੀਂ ਮਿਲ ਰਿਹਾ। ਦੂਸਰੀ ਗੱਲ ਇਹ ਹੈ ਕਿ ਡਿਪਟੀ ਸੀ.ਐਮ. ਸਾਹਿਬ ਆ ਗਏ ਹਨ, ਇਨ੍ਹਾਂ ਦਾ ਆਹ ਘੋਸ਼ਣਾ ਪੱਤਰ, ਜਿਹੜਾ ਇਨ੍ਹਾਂ ਨੇ ਕੱਢਿਆ ਸੀ ਕਿ ਅਸੀਂ ਕੀ ਕੀ ਕਰਾਂਗੇ ..

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ, ਜੇ ਕੋਈ ਹੈ ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਉਹੀ ਗੱਲ ਕਰ ਰਿਹਾ ਹਾਂ ਕਿ 15,000/- ਤੋਂ 31,000/- ਰੁਪਏ ਕਰਨ ਦਾ ਇਨ੍ਹਾਂ ਦਾ ਗਰੀਬ ਲੋਕਾਂ ਦੇ ਨਾਲ ਵਾਅਦਾ ਸੀ, ਹਾਲਾਂ ਕਿ ਮੈਂ ਕੱਲ੍ਹ ਦਸਦਾ ਸੀ ਕਿ ਮਾਮੇ ਬਣ ਕੇ ਇਨ੍ਹਾਂ ਨੇ ਆਉਣਾ ਸੀ, ਪੈਸੇ ਦੇਣੇ ਸਨ ਸ਼ਗਨ ਦੇ..

ਮਾਨਯੋਗ ਸਪੀਕਰ : ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਅਜੇ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਇਹ ਪੁੱਛ ਰਿਹਾ ਹਾਂ ਕਿ ਕਿਉਂ ਗਰੀਬ ਆਦਮੀ ਨਾਲ ਇਨ੍ਹਾਂ ਨੇ ਵੋਟਾਂ ਲੈਣ ਖਾਤਰ ਧੋਖਾ ਕੀਤਾ ਹੈ ਅਤੇ ਅੱਜ ਕੀ ਕਾਰਨ ਹੈ ਕਿ ਇਹ ਉਸ ਨੂੰ ਪੂਰਾ ਨਹੀਂ ਕਰ ਰਹੇ? ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਕਰਨਗੇ ?

ਮਾਨਯੋਗ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ। ਨਹੀਂ। This is not supplementary. ਇਹ ਸਪਲੀਮੈਂਟਰੀ ਨਹੀਂ ਹੈ। ਨੈਕਸਟ ਹਰਪ੍ਰੀਤ ਕੌਰ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਤੁਸੀਂ ਆਪ ਗਰੀਬ ਪਰਿਵਾਰ ਵਿਚੋਂ ਆਏ ਹੋ, ** ** **

ਇਕ ਅਵਾਜ਼ : ਹੁਣ ਇਹ ਗਰੀਬ ਨਹੀਂ ਰਹੇ।

ਮਾਨਯੋਗ ਸਪੀਕਰ : ਜੇ ਸਪਲੀਮੈਂਟਰੀ ਕਰੋ ਤਾਂ ਮੈਂ ਅਲਾਓ ਕਰਦਾ। ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਅਜੇ ਵਿਚਾਰ ਅਧੀਨ ਨਹੀਂ ਹੈ। ਅਗਲਾ ਸਵਾਲ ਹਰਪ੍ਰੀਤ ਕੌਰ ਜੀ। ....(ਵਿਘਨ).... ਤੁਸੀਂ ਸਪਲੀਮੈਂਟਰੀ ਕਰਦੇ ਤਾਂ ਮੈਂ ਉਨ੍ਹਾਂ ਨੂੰ ਜਵਾਬ ਦੇਣ ਵਾਸਤੇ ਕਹਿੰਦਾ। ਤੁਸੀਂ ਸਪਲੀਮੈਂਟਰੀ ਕੋਈ ਨਹੀਂ ਕੀਤੀ ਤਾਂ what can I do.

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਡਿਪਟੀ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ਼ਗਨ ਸਕੀਮ ਦੀ ਰਾਸ਼ੀ 15,000/- ਰੁਪਏ ਤੋਂ 31,000/- ਰੁਪਏ ਕਦੋਂ ਤੱਕ ਕੀਤੀ ਜਾਵੇਗੀ? ਇਨ੍ਹਾਂ ਦਾ ਗਰੀਬ ਲੋਕਾਂ ਨਾਲ ਵਾਅਦਾ ਸੀ ਕਿ ਤੁਸੀਂ ਸਾਨੂੰ ਵੋਟਾਂ ਪਾਉ, ਅਸੀਂ ਤੁਹਾਨੂੰ 31,000/- ਰੁਪਏ ਸ਼ਗਨ ਸਕੀਮ ਦੇ ਦਿਆਂਗੇ।

Mr. Speaker : Thank you.

** Expunged as per Ruling by the Chair dated 13.03.2013

ਲੜਕੀਆਂ ਲਈ ਸਿਲਾਈ ਸੈਂਟਰ ਖੋਲ੍ਹਣਾ

*1239. **ਸ਼੍ਰੀਮਤੀ ਹਰਪ੍ਰੀਤ ਕੌਰ** : ਕੀ ਤਕਨੀਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਪਿੰਡਾਂ ਵਿਚ ਲੜਕੀਆਂ ਵਾਸਤੇ ਸਿਲਾਈ ਸੈਂਟਰ ਖੋਲ੍ਹਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸ਼੍ਰੀ ਮਦਨ ਮੋਹਨ ਮਿੱਤਲ : ਨਹੀਂ ਜੀ।

ਸ਼੍ਰੀਮਤੀ ਹਰਪ੍ਰੀਤ ਕੌਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਵੇਂ ਲੜਕੀਆਂ ਦੀ ਸਿੱਖਿਆ, ਪੜ੍ਹਾਈ ਹੈ, ਉਸ ਨੂੰ ਬਹੁਤ ਜ਼ਰੂਰੀ ਕੀਤਾ ਗਿਆ ਹੈ। ਇਸੇ ਤਰ੍ਹਾਂ ਪਿੰਡਾਂ ਵਿਚ ਜਿਹੜੀਆਂ ਲੜਕੀਆਂ ਹਨ, ਉਨ੍ਹਾਂ ਵਾਸਤੇ ਸਿਲਾਈ ਸੈਂਟਰ ਖੋਲ੍ਹਣੇ ਬਹੁਤ ਜ਼ਰੂਰੀ ਹਨ। ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਲੜਕੀਆਂ ਦੀ ਸਭ ਤੋਂ ਵੱਡੀ ਡਿਮਾਂਡ ਹੁੰਦੀ ਹੈ ਕਿ ਸਾਡੇ ਸਿਲਾਈ ਸੈਂਟਰ ਖੋਲ੍ਹੇ ਜਾਣ। ਸੋ, ਮੰਤਰੀ ਜੀ ਨੇ ਨਾਂਹ ਦੇ ਵਿੱਚ ਜਵਾਬ ਦਿੱਤਾ ਹੈ ਪਰ ਮੈਂ ਮੰਤਰੀ ਜੀ ਨੂੰ ਇਹ ਗੱਲ ਪੁੱਛਦੀ ਹਾਂ ਕਿ ਇਸ ਉਤੇ ਵਿਚਾਰ ਕਰਕੇ ਸਾਨੂੰ ਦੱਸਿਆ ਜਾਵੇ ਕਿ ਕਦੋਂ ਤੱਕ ਪਿੰਡਾਂ ਵਿਚ ਸਿਲਾਈ ਸੈਂਟਰ ਖੋਲ੍ਹੇ ਜਾਣਗੇ।

ਮੰਤਰੀ : ਸਪੀਕਰ ਸਾਹਿਬ, ਪੰਜਾਬ ਵਿੱਚ ਆਲਰੇਡੀ ਕੁਝ ਇੰਸਟੀਚਿਊਸ਼ਨ ਐਸੇ ਹਨ, ਜਿਹੜੇ ਵੂਮੈਨ ਨੂੰ ਐਕਸਕਲੂਸਿਵਲੀ ਨੀਡਲ ਅਤੇ ਸਿਉਇੰਗ ਦਾ ਕੰਮ ਸਿਖਾਉਂਦੇ ਹਨ। ਕੁਝ ਕੋ-ਐਜੂਕੇਸ਼ਨਾਂ ਵਿੱਚ ਇਹ ਐਡੀਸ਼ਨਲ ਸਬਜੈਕਟ ਹੈ। ਸੋ, ਇਸ ਹਿਸਾਬ ਨਾਲ ਬਹੁਤ ਸਾਰੇ ਬੱਚੇ ਇਸ ਸਬੰਧ ਵਿੱਚ ਟ੍ਰੇਨਿੰਗ ਲੈ ਰਹੇ ਹਨ। ਇਸ ਲਈ ਕੇਵਲ ਸਿਲਾਈ ਸੈਂਟਰ ਦੇ ਤੌਰ ਤੇ ਕੋਈ ਇੰਸਟੀਚਿਊਸ਼ਨ ਖੋਲ੍ਹਣਾ ਵਿਚਾਰ ਅਧੀਨ ਨਹੀਂ ਹੈ। ਅਗਰ ਕਿਤੇ ਬਹੁਤ ਜ਼ਿਆਦਾ ਲੋੜ ਹੋਵੇਗੀ ਤਾਂ ਬਾਦਲ ਸਰਕਾਰ ਕੰਸਿਡਰ ਕਰ ਸਕਦੀ ਹੈ।

ਸ਼੍ਰੀਮਤੀ ਹਰਪ੍ਰੀਤ ਕੌਰ : ਧੰਨਵਾਦ ਜੀ।

ਡੂੰਘੇ ਟਿਊਬਵੈਲ ਲਗਾਉਣਾ

*1242. **ਸ਼੍ਰੀਮਤੀ ਹਰਪ੍ਰੀਤ ਕੌਰ** : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਘਨੌਰ ਦੇ ਜੀ.ਟੀ. ਰੋਡ ਦੇ ਦੋਹਾਂ ਪਾਸੇ ਲਗਦੇ ਪਿੰਡਾਂ ਵਿੱਚ ਸਿੰਜਾਈ ਲਈ ਡੂੰਘੇ ਟਿਊਬਵੈਲ ਲਗਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਨਹੀਂ ਜੀ। ਹਲਕਾ ਘਨੌਰ ਦੇ ਜੀ.ਟੀ. ਰੋਡ ਦੇ ਦੋਹਾਂ ਪਾਸੇ ਲੱਗਦੇ ਪਿੰਡਾਂ ਵਿਚ ਫਿਲਹਾਲ ਸਿੰਜਾਈ ਲਈ ਡੂੰਘੇ ਟਿਊਬਵੈਲ ਲਗਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸ਼੍ਰੀਮਤੀ ਹਰਪ੍ਰੀਤ ਕੌਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਹਲਕਾ ਘਨੌਰ ਵਿੱਚ ਜੀ.ਟੀ. ਦੇ ਦੋਵੇਂ ਪਾਸੇ ਸਿੰਜਾਈ ਲਈ ਕੋਈ ਵੀ ਸਾਧਨ ਨਹੀਂ ਹੈ। ਜਿਹੜੇ ਲੋਕਾਂ ਨੇ ਉਥੇ ਬੋਰ ਲਗਾਏ ਹੋਏ ਹਨ ਉਨ੍ਹਾਂ ਦਾ ਪਾਣੀ ਖਾਰਾ ਹੋ ਚੁੱਕਿਆ ਹੈ ਅਤੇ ਮੈਨੂੰ ਲਗਦਾ ਹੈ ਕਿ ਜਿਹੜੀ ਉਥੇ ਹਜ਼ਾਰਾਂ ਏਕੜ ਜ਼ਮੀਨ ਹੈ, ਉਹ ਬੰਜਰ ਹੋ ਜਾਣੀ ਹੈ। ਸਵਰਗਵਾਸੀ ਕੈਪਟਨ ਕੰਵਲਜੀਤ ਸਿੰਘ ਜੀ ਨੇ ਆਪਣੇ ਹਲਕੇ ਵਿੱਚ ਕਾਫ਼ੀ ਬੋਰ ਲਗਵਾਏ ਸਨ ਪਰ ਉਸ ਸਮੇਂ ਵੀ ਸਾਡੇ ਹਲਕੇ ਘਨੌਰ ਵਿੱਚ ਕੋਈ ਬੋਰ ਨਹੀਂ ਲੱਗਿਆ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜੇਕਰ ਉਹ ਡੂੰਘੇ ਬੋਰ ਨਹੀਂ ਲਗਵਾ ਸਕਦੇ ਤਾਂ ਕੀ ਉਥੇ ਜ਼ਿਮੀਂਦਾਰਾਂ ਵਾਸਤੇ ਸਿੰਜਾਈ ਲਈ ਹੋਰ ਪ੍ਰਬੰਧ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਸਾਡੇ ਕੋਲ ਫਾਰਮਰਜ਼ ਵੱਲੋਂ ਅਜਿਹੀ ਕੋਈ ਡਿਮਾਂਡ ਨਹੀਂ ਆਈ ਹੈ ਕਿ ਇਥੇ ਡੂੰਘੇ ਟਿਊਬਵੈੱਲ ਲਗਵਾਏ ਜਾਣ। ਜਦੋਂ ਡਿਮਾਂਡ ਆ ਜਾਵੇਗੀ, ਕਿਸਾਨ ਸਾਨੂੰ 16 ਮਰਲੇ ਜ਼ਮੀਨ ਦੇ ਦੇਣ, ਅਸੀਂ ਟਿਊਬਵੈੱਲ ਲਗਾ ਦੇਵਾਂਗੇ। ਕਸੌਟੀ ਡਿਮਾਂਡ ਹੈ।

ਕੁਝ ਅਵਾਜ਼ਾਂ : ਡਿਮਾਂਡ ਤਾਂ ਆ ਗਈ ਹੈ।

ਮੰਤਰੀ : ਅਸੀਂ ਇਸ ਤੇ ਵਿਚਾਰ ਕਰ ਲੈਂਦੇ ਹਾਂ।

ਮਾਨਯੋਗ ਸਪੀਕਰ : ਠੀਕ ਹੈ ਜੀ। ਨੈਕਸਟ ਕੁਐਸਚਨ।

ਨਵੇਂ ਸਕੂਲ ਖੋਲ੍ਹਣ ਲਈ ਨਿਰਧਾਰਤ ਵਿੱਥ ਦੀਆਂ ਸ਼ਰਤਾਂ ਵਿੱਚ ਢਿੱਲ ਦੇਣਾ

*1300. **ਸਰਦਾਰ ਰਣਜੀਤ ਸਿੰਘ ਢਿੱਲੋਂ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਭਾਗ ਵੱਲੋਂ ਨਵੇਂ ਸਕੂਲ ਖੋਲ੍ਹਣ ਲਈ ਸਕੂਲਾਂ ਵਿੱਚ ਨਿਰਧਾਰਤ ਵਿੱਥ ਦੀਆਂ ਸ਼ਰਤਾਂ ਤਹਿਤ ਲੁਧਿਆਣਾ ਸ਼ਹਿਰ ਦੀ ਸੰਘਣੀ ਅਬਾਦੀ ਦੇ ਮੱਦੇ-ਨਜ਼ਰ ਕੋਈ ਢਿੱਲ ਦੇਣ ਲਈ ਸਰਕਾਰ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕੀ ਵੇਰਵੇ ਹਨ ?

ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸਰਵਨ ਸਿੰਘ ਫਿਲੌਰ) : ਨਹੀਂ ਜੀ, ਅਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਰਣਜੀਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਵਿਧਾਨ ਸਭਾ ਹਲਕਾ ਪੂਰਬੀ ਵਿੱਚ 220 ਦੇ ਕਰੀਬ ਕਲੋਨੀਆਂ ਹਨ। ਪੂਰੇ ਹਲਕੇ ਵਿੱਚ ਸਿਰਫ਼ 7 ਪ੍ਰਾਇਮਰੀ ਸਕੂਲ, 2 ਮਿਡਲ ਸਕੂਲ ਅਤੇ ਇਕ ਹਾਈ ਸਕੂਲ ਹੈ। ਜਿਹੜੀ ਇਨ੍ਹਾਂ ਦੀ ਨਿਰਧਾਰਤ ਵਿੱਥ ਹੈ, ਇਸ ਨੂੰ ਚੇਂਜ ਕਰਨ ਦੀ ਜ਼ਰੂਰਤ ਹੈ ਤਾਂ ਜੋ ਉਸ ਹਲਕੇ ਵਿੱਚ ਹੋਰ ਸਕੂਲ ਖੋਲ੍ਹੇ ਜਾ ਸਕਣ ਅਤੇ ਜਿਹੜਾ ਸਰਕਾਰ ਵਿਦਿਆ ਦਾ ਪਸਾਰ ਕਰਨਾ ਚਾਹੁੰਦੀ ਹੈ, ਉਹ ਵਧੀਆ ਤਰੀਕੇ ਨਾਲ ਹੋ ਸਕੇ।

ਮਾਨਯੋਗ ਸਪੀਕਰ : ਤੁਸੀਂ ਕੁਐਸਚਨ ਪੁੱਛੋ।

ਸਰਦਾਰ ਰਣਜੀਤ ਸਿੰਘ ਢਿੱਲੋਂ : ਮੈਂ ਪੁੱਛਣਾ ਚਾਹੁੰਦਾ ਹਾਂ ਕਿ, ਜਿਹੜੀ ਨਿਰਧਾਰਤ ਵਿੱਥ ਹੈ, ਇਹ ਕਦੋਂ ਤੱਕ ਚੇਂਜ ਕੀਤੇ ਜਾਣ ਦੀ ਸੰਭਾਵਨਾ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜੇ ਸਕੂਲ ਹਨ, ਉਹ ਗੁਣਵੱਤਾ ਅਤੇ ਅਨੁਪਾਤਤਾ ਦੇ ਅਧਾਰ ਤੇ ਖੋਲ੍ਹੇ ਜਾਂਦੇ ਹਨ ਪਰ ਫੇਰ ਵੀ ਸ਼ਹਿਰ ਦੀ ਅਬਾਦੀ ਜੇਕਰ ਵੱਧ ਹੋ ਜਾਵੇ, ਸੰਘਣੀ ਹੋ ਜਾਵੇ ਤਾਂ ਅਸੀਂ ਜਿਹੜੇ ਸਕੂਲਾਂ ਵਿੱਚ ਜਗ੍ਹਾ ਅਵੇਲੇਬਲ ਹੈ, ਉਥੇ ਕਪੈਸਿਟੀ ਵਧਾ ਸਕਦੇ ਹਨ। ਵਾਧੂ ਸਟਾਫ਼ ਅਤੇ ਇਨਫ੍ਰਾਸਟ੍ਰਕਚਰ ਵੀ ਮੁਹੱਈਆ ਕਰਵਾ ਸਕਦੇ ਹਾਂ। ਇਸੇ ਦੇ ਤਹਿਤ ਮਾਨਯੋਗ ਮੁੱਖ ਮੰਤਰੀ ਜੀ ਨੇ ਉਥੇ 4 ਸਕੂਲਾਂ ਵਿੱਚ ਇਸ ਤਰ੍ਹਾਂ ਕਪੈਸਿਟੀ ਵੀ ਵਧਾਈ ਹੈ ਅਤੇ ਸਟਾਫ਼ ਵੀ ਮੁਹੱਈਆ ਕੀਤਾ ਹੈ ਅਤੇ ਹੋਰ ਕੰਮ ਵੀ ਚੱਲ ਰਿਹਾ ਹੈ।

ਮਾਨਯੋਗ ਸਪੀਕਰ : ਮੈਂਬਰ ਸਾਹਿਬ, ਆਪਾਂ ਕੋਈ ਜਗ੍ਹਾ ਦੇ ਸਕਦੇ ਹਾਂ ?

ਸਰਦਾਰ ਰਣਜੀਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਅਬਾਦੀ ਸੰਘਣੀ ਹੈ ਅਤੇ ਉਹ ਗਰੀਬ ਲੋਕ ਹਨ, ਇਸ ਲਈ ਜਗ੍ਹਾ ਪ੍ਰੋਵਾਈਡ ਨਹੀਂ ਕਰਵਾ ਸਕਦੇ। ਜਿਨ੍ਹਾਂ ਨੇ ਕਲੋਨੀਆਂ ਕੱਟੀਆਂ ਹਨ, ਉਨ੍ਹਾਂ ਨੇ ਅਜਿਹੀ ਕੋਈ ਜਗ੍ਹਾ ਨਹੀਂ ਛੱਡੀ ਹੋਈ, ਇਸ ਕਰਕੇ ਇਹ ਉਸ ਇਲਾਕੇ ਦੀ ਜ਼ਰੂਰਤ ਹੈ।

ਮਾਨਯੋਗ ਸਪੀਕਰ : ਜ਼ਰੂਰਤ ਤਾਂ ਹੈ ਪਰ ਸਕੂਲ ਕਿਵੇਂ ਬਣੇਗਾ?

ਸਰਦਾਰ ਰਣਜੀਤ ਸਿੰਘ ਢਿਲੋਂ : ਸਰ, ਜਗ੍ਹਾ ਕੋਈ ਨਹੀਂ ਹੈ।

ਮਾਨਯੋਗ ਸਪੀਕਰ : ਠੀਕ ਹੈ ਜੀ। ਨੈਕਸਟ ਕੁਐਸਚਨ।

ਸਿਟੀ ਬੱਸ ਸਰਵਿਸ ਸ਼ੁਰੂ ਕਰਨਾ

***1279. ਸ੍ਰੀ ਦੀਪ ਮਲਹੋਤਰਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਫਰੀਦਕੋਟ ਵਿੱਚ ਮੈਡੀਕਲ ਕਾਲਜ, ਸੁਧਾਰ ਘਰ ਅਤੇ ਟਿੱਲਾ ਬਾਬਾ ਫਰੀਦ ਮਾਈ ਗੋਦੜੀ ਸਾਹਿਬ ਜਾਣ ਲਈ ਜਨਤਾ ਦੀ ਸਹੂਲਤ ਲਈ ਸਿਟੀ ਬੱਸ ਸਰਵਿਸ ਸ਼ੁਰੂ ਕਰਨ ਲਈ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਕਦੋਂ ਤੱਕ ?

ਸ੍ਰੀ ਅਨਿਲ ਜੋਸ਼ੀ : ਫਰੀਦਕੋਟ ਵਿੱਚ ਮੈਡੀਕਲ ਕਾਲਜ, ਸੁਧਾਰ ਘਰ ਅਤੇ ਟਿੱਲਾ ਬਾਬਾ ਫਰੀਦ ਮਾਈ ਗੋਦੜੀ ਸਾਹਿਬ ਜਾਣ ਲਈ ਜਨਤਾ ਦੀ ਸਹੂਲਤ ਲਈ ਸਿਟੀ ਬੱਸ ਸਰਵਿਸ ਸ਼ੁਰੂ ਕਰਨ ਲਈ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਸ੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਬਾਬਾ ਫਰੀਦ ਯੂਨੀਵਰਸਿਟੀ ਕਿੰਨੀ ਵੱਡੀ ਖੁੱਲ੍ਹੀ ਹੈ,

ਜਿਸ ਵਿੱਚ 1800 ਤੋਂ ਲੈ ਕੇ 2000 ਤੱਕ ੳ.ਪੀ.ਡੀ. ਪੇਸ਼ੈਂਟ ਰੋਜ਼ ਆਉਂਦਾ ਹੈ। ਇੱਕ ਸੁਧਾਰ ਘਰ ਉਥੇ ਨਵਾਂ ਬਣਿਆ ਹੈ, ਜਿਸ ਦੇ ਵਿੱਚ 400-500 ਲੋਕ ਰੋਜ਼ ਜਾਂਦੇ ਹਨ। ਇੱਕ ਉਥੇ ਬਾਬਾ ਫਰੀਦ ਜੀ ਦੀ ਯਾਦ ਵਿੱਚ ਗੋਦੜੀ ਸਾਹਿਬ ਨਵੀਂ ਪਵਿੱਤਰ ਜਗ੍ਹਾ ਬਣੀ ਹੈ, ਜਿੱਥੇ ਬਹੁਤ ਲੋਕਾਂ ਨੇ ਜਾਣਾ ਹੁੰਦਾ ਹੈ। ਅੱਜ ਡਿਪਟੀ ਸੀ.ਐਮ. ਸਾਹਿਬ ਨੇ ਸਾਰੇ ਸ਼ਹਿਰ ਵਿੱਚ ਸੌ ਕਰੋੜ ਰੁਪਿਆ ਲਗਾ ਕੇ ਸੀਵਰੇਜ ਦੀ ਸਹੂਲਤ ਦੇ ਦਿੱਤੀ ਹੈ, ਇਸ ਵਾਸਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਇਹ ਸਿਰਫ ਦੋ ਬੱਸਾਂ ਲਗਾਉਣ ਦਾ ਮਸਲਾ ਹੈ, ਇਸ ਦਾ ਕੋਈ ਹੱਲ ਕੀਤਾ ਜਾਵੇ। ਇਹ ਲੋਕਾਂ ਦੀ ਇੱਕ ਜ਼ਰੂਰਤ ਹੈ ਔਰ ਗਰੀਬ ਲੋਕਾਂ ਨੇ ਹਸਪਤਾਲ ਅਤੇ ਸੁਧਾਰ ਘਰ ਵਿੱਚ ਜਾਣਾ ਹੁੰਦਾ ਹੈ। ਜੇਕਰ ਉਥੇ ਦੋ ਲੋਕਲ ਬੱਸਾਂ ਲੱਗ ਜਾਣ ਤਾਂ ਇਸ ਸਮੱਸਿਆ ਦਾ ਹੱਲ ਹੋ ਜਾਵੇਗਾ ਔਰ ਆਪਾਂ ਲੋਕਾਂ ਤੋਂ ਟੈਕਸ ਲੈਂਦੇ ਹਾਂ। ਉਥੇ ਯੂਨੀਵਰਸਿਟੀ ਇੰਨੀ ਵੱਡੀ ਹੈ, ਉਹ ਵੀ ਮਿਉਂਸਿਪਲ ਕਮੇਟੀ ਨੂੰ ਟੈਕਸ ਦਿੰਦੀ ਹੈ। ਤੁਹਾਨੂੰ ਦੋ ਬੱਸਾਂ ਦਾ ਪ੍ਰਬੰਧ ਕਰਕੇ ਲੋਕਾਂ ਨੂੰ ਫੈਸਿਲਟੀ ਦੇਣੀ ਚਾਹੀਦੀ ਹੈ ਜਾਂ ਫਿਰ ਲੋਕਲ ਬੱਸਾਂ ਦੀ ਫੈਸਿਲਟੀ ਦੇ ਬੰਦੋਬਸਤ ਬਾਰੇ ਦੱਸੋ ਕਿ ਕਦੋਂ ਤੱਕ ਹੋਵੇਗਾ ?

ਮੰਤਰੀ : ਸਪੀਕਰ ਸਾਹਿਬ, ਹਾਲੇ ਨਗਰ ਨਿਗਮਾਂ ਜਿਹੜੀਆਂ ਹਨ, ਉਨ੍ਹਾਂ ਵਿੱਚ ਸਿਟੀ ਬੱਸ ਦਾ ਸਿਸਟਮ ਸ਼ੁਰੂ ਕਰ ਰਹੇ ਹਾਂ। ਅੰਮ੍ਰਿਤਸਰ ਵਿੱਚ ਵੀ ਹੁਣੇ ਹੁਣੇ ਇਹ ਸਿਸਟਮ ਸ਼ੁਰੂ ਹੋਇਆ ਹੈ। ਬਾਕੀ ਇਹ ਹੈ ਕਿ ਇੱਥੇ ਜੇਕਰ ਦੋ ਕੁ ਬੱਸਾਂ ਦੀ ਹੀ ਜ਼ਰੂਰਤ ਹੈ ਤਾਂ ਅਸੀਂ ਪੰਜਾਬ ਰੋਡਵੇਜ਼ ਡਿਪਾਰਟਮੈਂਟ ਨੂੰ ਬੇਨਤੀ ਕਰ ਦਿੰਦੇ ਹਾਂ ਅਤੇ ਉਨ੍ਹਾਂ ਤੋਂ ਇਹ ਬੱਸਾਂ ਲਗਵਾ ਦਿੰਦੇ ਹਾਂ।

ਮਾਨਯੋਗ ਸਪੀਕਰ : ਮੈਂ ਇਸ ਦੇ ਨਾਲ ਹੋਰ ਵੀ ਕਹਿਣਾ ਚਾਹੁੰਦਾ ਹਾਂ। ਇਹ ਕੇਵਲ ਇਨ੍ਹਾਂ ਦਾ ਹੀ ਮਸਲਾ ਨਹੀਂ ਹੈ, ਮੇਰਾ ਮਸਲਾ ਵੀ ਨਾਲ ਹੀ ਸਬੰਧਿਤ ਹੈ। ਉਹ ਇਹ ਹੈ ਕਿ ਸਾਹਨੇਵਾਲ ਤੱਕ ਬੱਸ ਖੜ੍ਹਦੀ ਹੈ, ਅੱਗੇ 5-7 ਕਿਲੋਮੀਟਰ ਦੀ ਦੂਰੀ ਤੇ ਦੋਰਾਹਾ ਹੈ। ਕੀ ਤੁਸੀਂ ਥੋੜ੍ਹਾ ਜਿਹਾ ਏਰੀਆ ਅੱਗੇ ਐਕਸਟੈਂਡ ਕਰਨ ਲਈ ਤਿਆਰ ਹੋ ਕਿ ਹੋਰ ਏਰੀਆ ਅੱਗੇ ਵਧਾਇਆ ਜਾਵੇ। ਸਾਹਨੇਵਾਲ ਤੱਕ ਤਾਂ ਬੱਸਾਂ ਜਾਂਦੀਆਂ ਹਨ।

ਮੰਤਰੀ : ਸਿਟੀ ਬੱਸ ਦਾ ਪ੍ਰਬੰਧ ਤਾਂ ਅੱਗੇ ਹੀ ਹੈ ਜੀ।

ਮਾਨਯੋਗ ਸਪੀਕਰ : ਸਿਟੀ ਬੱਸ ਬਾਰੇ ਹੀ ਮੈਂ ਕਹਿ ਰਿਹਾ ਹਾਂ।

ਮੰਤਰੀ : ਇਹ ਫਰੀਦਕੋਟ ਵਿੱਚ ਨਹੀਂ ਹੈ ਜੀ। ਬਾਕੀ ਰੋਡਵੇਜ਼ ਡਿਪਾਰਟਮੈਂਟ ਨੂੰ ਅਸੀਂ ਬੇਨਤੀ ਕਰ ਦਿੰਦੇ ਹਾਂ।

ਮਾਨਯੋਗ ਸਪੀਕਰ : ਮੇਰੇ ਕਹਿਣ ਦਾ ਭਾਵ ਹੈ ਕਿ ਜਿਵੇਂ ਉਹ ਕਹਿੰਦੇ ਹਨ, ਉਨ੍ਹਾਂ ਦਾ ਮਸਲਾ ਇਹ ਹੈ ਕਿ ਕੋਈ ਏਰੀਆ ਵਧਾ ਕੇ ਆਲਰੈਡੀ ਜਿਹੜੀਆਂ ਬੱਸਾਂ ਚਲਦੀਆਂ ਹਨ, ਉਹੀ ਬੱਸਾਂ ਅੱਗੇ ਖੜ੍ਹੋ ਸਕਣ।

ਮੰਤਰੀ : ਨਹੀਂ ਜੀ। ਹਾਲੇ ਇਨ੍ਹਾਂ ਸ਼ਹਿਰਾਂ ਵਿੱਚ ਉਥੇ ਰੋਡਵੇਜ਼ ਦਾ ਸਿਸਟਮ ਹੀ ਚੱਲ ਸਕਦਾ ਹੈ।

ਮਾਨਯੋਗ ਸਪੀਕਰ : ਜਿਹੜੀ ਮੈਂ ਗੱਲ ਕਰ ਰਿਹਾ ਹਾਂ, ਇਹ ਮਸਲਾ ਸਿਟੀ ਬੱਸ ਸਰਵਿਸਿਜ ਨਾਲ ਸਬੰਧਿਤ ਹੈ। ਜਿਵੇਂ ਇਨ੍ਹਾਂ ਦਾ ਮਸਲਾ ਹੈ, ਉਵੇਂ ਹੀ ਸਾਡੇ ਦੋਰਾਹੇ ਦਾ ਮਸਲਾ ਹੈ।

ਮੰਤਰੀ : ਸਰ, ਕੀ ਤੁਸੀਂ ਲੁਧਿਆਣੇ ਦੀ ਗੱਲ ਕਰ ਰਹੇ ਹੋ ਜੀ ? 10 ਕਿਲੋਮੀਟਰ ਦੀ ਹੀ ਦੂਰੀ ਹੋਣੀ ਹੈ।

ਮਾਨਯੋਗ ਸਪੀਕਰ : ਹਾਂ ਜੀ।

ਮੰਤਰੀ : ਸਰ, ਲੁਧਿਆਣੇ ਦਾ ਮੈਟਰ ਵੀ ਰੋਡਵੇਜ਼ ਦੇ ਨਾਲ ਹੀ ਸਬੰਧਿਤ ਹੈ। ਕਿਉਂਕਿ ਪ੍ਰਾਈਵੇਟ ਅਤੇ ਦੂਜੀਆਂ ਬੱਸਾਂ ਕਾਰਨ ਇਨ੍ਹਾਂ ਦੀ ਕੋਈ ਲਿਮਿਟ ਹੁੰਦੀ ਹੈ। ਇਹ ਲਿਮਿਟ ਵੇਖਣੀ ਪਵੇਗੀ। ਅਸੀਂ ਇਸ ਬਾਰੇ ਵਿਚਾਰ ਕਰਕੇ ਦੇਖ ਲਵਾਂਗੇ, ਜੇਕਰ ਲਿਮਿਟ ਵਧਾ ਸਕਦੇ ਹੋਏ ਤਾਂ ਜ਼ਰੂਰ ਵਧਾਵਾਂਗੇ ਜੀ।

ਸ਼੍ਰੀ ਦੀਪ ਮਲਹੋਤਰਾ : ਸਰ, ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਸਾਡੇ ਸ਼ਹਿਰ ਦੀ ਇੱਕ ਇੱਕ ਚੀਜ਼ ਬਾਰੇ ਪਤਾ ਹੈ। ਇਹ ਇੱਕ ਬੜਾ ਜ਼ਰੂਰੀ ਮਸਲਾ ਹੈ। ਇਸ ਦੇ ਵਾਸਤੇ ਸਾਨੂੰ ਟਾਈਮ ਬਾਊਂਡ ਐਸ਼ੋਰੈਂਸ ਦੇ ਦਿਉ, ਈਵਨ ਜੇਕਰ ਮਿਉਂਸਿਪਲ ਕਮੇਟੀ ਵੱਲੋਂ ਕੋਈ ਸ਼ੇਅਰ ਤੁਸੀਂ ਪੁਆਉਣਾ ਚਾਹੁੰਦੇ ਹੋ ਤਾਂ ਉਹ ਅਜਿਹਾ ਕਰ ਦੇਵੇਗੀ। ਮਤਲਬ ਕਿ ਇਸ ਬਾਰੇ ਕੋਈ ਸਿਸਟਮ ਬਣਾ ਦਿਉ ਜੀ, ਜਿਸ ਦੇ ਨਾਲ ਸਾਨੂੰ ਡੇਟ ਬਾਊਂਡ ਕੋਈ ਚੀਜ਼ ਜ਼ਰੂਰ ਮਿਲ ਜਾਵੇ ।

ਮਾਨਯੋਗ ਸਪੀਕਰ : ਹਾਂ ਜੀ, ਜੋਸ਼ੀ ਸਾਹਿਬ, ਕੀ ਅਜਿਹਾ ਕਰ ਸਕਦੇ ਹੋ ? ਜਿਵੇਂ ਕਿ ਉਹ ਟਾਈਮ ਬਾਊਂਡ ਕਰਨ ਬਾਰੇ ਕਹਿੰਦੇ ਹਨ।

ਮੰਤਰੀ : ਸਰ, ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ, ਹਾਲੇ ਕਾਰਪੋਰੇਸ਼ਨਾਂ ਵਿੱਚ ਸਿਟੀ ਬੱਸ ਸਰਵਿਸ ਸ਼ੁਰੂ ਕਰਨ ਦਾ ਸਿਸਟਮ ਹੈ। ਛੋਟੇ ਸ਼ਹਿਰਾਂ ਵਿੱਚ ਜਦੋਂ ਵੀ ਸ਼ੁਰੂ ਕਰਾਂਗੇ ਤਾਂ ਇੱਥੇ ਸਭ ਤੋਂ ਪਹਿਲਾਂ ਕਰਵਾ ਦਿਆਂਗੇ। ਬਾਕੀ ਰੋਡਵੇਜ਼ ਨੂੰ ਬੇਨਤੀ ਕਰ ਦਿਆਂਗੇ, ਉਹ ਉਥੇ 2-3 ਬੱਸਾਂ ਲਗਵਾ ਦੇਣਗੇ।

ਬਲਾਕ ਗਿੱਦੜਬਾਹਾ ਦੇ ਪਿੰਡਾਂ ਵਿਚ ਵੱਖ-ਵੱਖ ਸਕੀਮਾਂ ਤਹਿਤ ਦਿੱਤਾ ਗਿਆ ਪੈਸਾ

*1223. **ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2008 ਤੋਂ 2013 ਦੌਰਾਨ ਬਲਾਕ ਗਿੱਦੜਬਾਹਾ ਦੇ ਦੋਦਾ, ਕਾਉਣੀ, ਭਲਾਈਆਣਾ, ਮਧੀਰ, ਧੂਲਕੋਟ, ਦੌਲਾ ਆਦਿ ਪਿੰਡਾਂ ਵਿਚ ਕੁੱਲ ਕਿੰਨਾ ਪੈਸਾ ਕਿਸ ਕਿਸ ਸਕੀਮ ਤਹਿਤ ਅਤੇ ਕਿਸ ਕਿਸ ਕੰਮ ਲਈ ਦਿੱਤਾ ਗਿਆ, ਵੇਰਵੇ ਸਹਿਤ ਦੱਸਿਆ ਜਾਵੇ ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ੍ਰੀਮਾਨ ਜੀ, ਸਾਲ 2008 ਤੋਂ 2013 ਦੌਰਾਨ ਬਲਾਕ ਗਿੱਦੜਬਾਹਾ ਦੇ ਦੋਦਾ, ਕਾਉਣੀ, ਭਲਾਈਆਣਾ, ਮਧੀਰ, ਧੂਲਕੋਟ, ਦੌਲਾ ਆਦਿ ਪਿੰਡਾਂ ਵਿਚ ਵੱਖ ਵੱਖ ਸਕੀਮਾਂ ਤਹਿਤ ਜਾਰੀ ਕੀਤੇ ਗਏ ਕੰਮਾਂ ਦਾ ਵੇਰਵਾ *ਅਨੁਲੱਗ "ੳ" ਤੇ ਨੱਥੀ ਕੀਤਾ ਜਾਂਦਾ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਪਿੰਡਾਂ ਦੇ ਪੈਸਿਆਂ ਦਾ ਵੇਰਵਾ ਇਹ ਦਿੱਤਾ ਗਿਆ ਹੈ, ਕੀ ਇਹ ਸਾਰਾ ਪੈਸਾ ਹੁਣ ਤੱਕ ਲੱਗ ਗਿਆ ਹੈ ?

ਮੰਤਰੀ : ਇਹ ਤਕਰੀਬਨ ਤਕਰੀਬਨ ਲੱਗ ਗਿਆ ਹੈ ਜੀ। ਸਿਰਫ 5-10% ਹੀ ਰਹਿੰਦਾ ਹੈ। ਬਾਕੀ ਤਕਰੀਬਨ ਸਾਰਾ ਪੈਸਾ ਲਗ ਗਿਆ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੀ ਜਾਣਕਾਰੀ ਮੁਤਾਬਕ ਇਹ 2008 ਤੋਂ ਸਾਲ 2012 ਤੱਕ ਦਾ ਜਿਹੜਾ ਤੁਹਾਡੇ ਕੋਲੋਂ ਪਿੰਡਾਂ ਦਾ ਹਿਸਾਬ-ਕਿਤਾਬ ਮੰਗਿਆ ਹੈ, ਇਹ ਪੰਜ ਪਿੰਡਾਂ ਦੀ ਰਿਪੋਰਟ ਮੰਗੀ ਸੀ, ਜਿਨ੍ਹਾਂ ਪਿੰਡਾਂ ਦੀ ਅਬਾਦੀ 2600 ਤੋਂ ਲੈ ਕੇ 4000 ਤੋਂ ਵੱਧ ਨਹੀਂ, ਕਿਸੇ ਦੀ ਅਬਾਦੀ 2600 ਹੈ, ਕਿਸੇ ਦੀ 3000 ਹੈ ਅਤੇ ਕਿਸੇ ਦੀ 4000 ਹੈ। ਮੈਕਸੀਮਮ 4000 ਦੀ ਅਬਾਦੀ ਵਾਲੇ ਇਹ ਪਿੰਡ ਹਨ। ਜਿਨ੍ਹਾਂ ਵਿੱਚ ਮੇਰੇ ਕੋਲ ਵੇਰਵਾ ਦਿੱਤਾ ਹੈ ਕਿ ਇੱਕ ਪਿੰਡ ਦੇ ਉਤੇ ਡੇਢ ਕਰੋੜ, ਦੋ ਕਰੋੜ, ਢਾਈ ਕਰੋੜ ਤੇ ਦੋ ਕਰੋੜ ਪੈਂਹਠ ਲੱਖ ਦੀ ਗ੍ਰਾਂਟ ਜਾਰੀ ਹੋਈ ਹੈ। ਮੈਂ ਹੁਣ ਇਸ ਨੂੰ ਅਲੱਗ ਅਲੱਗ ਬਾਈਫਰਕੇਟ ਕਰ ਰਿਹਾ ਸੀ, ਇਸ ਵਿੱਚ ਮਨਰੇਗਾ ਦੇ ਪੈਸੇ ਵੀ ਨਾਲ ਜੋੜੇ ਹਨ ਲੇਕਿਨ ਮੈਂ ਮਨਰੇਗਾ ਦਾ ਪੈਸਾ ਤਕਰੀਬਨ 18-18 ਅਤੇ 19-19 ਲੱਖ ਰੁਪਿਆ ਅਲੱਗ ਕੱਢ ਲਿਆ ਹੈ। ਇੱਕ ਕਰੋੜ, ਡੇਢ ਡੇਢ ਕਰੋੜ ਅਤੇ ਦੋ ਦੋ ਕਰੋੜ ਰੁਪਏ ਤੋਂ ਵੱਧ ਜਿਹੜੇ ਸਰਕਾਰ ਨੇ ਪੈਸੇ ਗ੍ਰਾਂਟਾਂ ਵਜੋਂ ਦਿੱਤੇ ਹਨ, ਉਨ੍ਹਾਂ ਪੈਸਿਆਂ ਵਿੱਚੋਂ ਬਹੁਤ ਵੱਡਾ ਘਪਲਾ ਇਨ੍ਹਾਂ ਪਿੰਡਾਂ ਦੇ ਵਿੱਚ ਹੋਇਆ ਹੈ। ਟਰਮ ਪੂਰੀ ਹੋ ਗਈ, ਨਵੀਆਂ ਸਰਪੰਚੀਆਂ ਆ ਗਈਆਂ। ਨਵੀਆਂ ਗਰਾਂਟਾਂ ਆ ਗਈਆਂ। ਤੁਸੀਂ ਕਹਿੰਦੇ ਹੋ ਕਿ ਤਕਰੀਬਨ ਹੁਣ ਤੱਕ ਲਗ ਗਿਆ ਹੈ। ਟਰਮ ਤਾਂ ਪੂਰੀ ਹੋ ਗਈ ਹੈ, ਇਸ ਵਿਚ ਬਹੁਤ ਵੱਡਾ ਘਪਲਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਘਪਲੇ ਦੀ ਕੋਈ ਇਨਕੁਆਰੀ ਕਰਵਾਉਣਗੇ ਅਤੇ ਜੇ ਕਰਵਾਉਣਗੇ ਤਾਂ ਕਿੰਨੀ ਦੇਰ ਵਿੱਚ ਇਹ ਅਸਲੀਅਤ ਪਤਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਾਡੇ ਕੋਲ ਕੋਈ ਸ਼ਿਕਾਇਤ ਆ ਜਾਵੇ ਤਾਂ ਅਸੀਂ ਇਨਕੁਆਰੀ ਕਰਵਾ ਦੇਵਾਂਗੇ। (ਵਿਘਨ...ਸ਼ੋਰ) ਜਿਹੜੇ ਕੰਮ ਦੀ ਸ਼ਿਕਾਇਤ ਆਵੇਗੀ, ਉਸ ਦੀ ਇਨਕੁਆਰੀ ਕਰਾਵਾਂਗੇ। ਜੇਕਰ ਮੈਂਬਰ ਸਾਹਿਬ ਨੂੰ ਕੋਈ ਸ਼ਿਕਾਇਤ ਹੈ ਤਾਂ ਮੈਨੂੰ ਦੇ ਦੇਣ, ਮੈਂ ਪੂਰੀ ਇਨਕੁਆਰੀ ਕਰਾਵਾਂਗਾ।

---

* Placed in the Revisor's branch.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਵਾਰ ਵਾਰ ਸ਼ਿਕਾਇਤ ਕਰਨ ਤੋਂ ਬਾਅਦ ਅਸੀਂ ਡੀ.ਸੀ. ਸਾਹਿਬ ਅਤੇ ਅਫਸਰਾਂ ਕੋਲ ਜਾਂਦੇ ਹਾਂ ਅਤੇ ਉਹ ਸਾਨੂੰ ਇਹ ਜਵਾਬ ਦਿੰਦੇ ਹਨ ਕਿ ਅਸੀਂ ਇਨਕੁਆਰੀ ਨਹੀਂ ਕਰ ਸਕਦੇ ਕਿਉਂਕਿ ਜਿਹੜਾ ਸਰਪੰਚ ਹੈ, ਉਸ ਦੀ ਕੁਰਸੀ ਮੁੱਖ ਮੰਤਰੀ ਸਾਹਿਬ ਨਾਲ ਗੱਠੀ ਹੋਈ ਹੈ ਅਤੇ ਮੈਂ ਉਸ ਦੀ ਇਨਕੁਆਰੀ ਕਰਕੇ ਮਰਨਾ ਹੈ। ਇਸ ਲਈ ਮੈਂ ਆਪਣੀ ਸ਼ਿਕਾਇਤ ਮੰਤਰੀ ਸਾਹਿਬ ਦੀ ਟੇਬਲ ਤੇ ਰੱਖ ਦਿੰਦਾ ਹਾਂ। ਇਨ੍ਹਾਂ ਪਿੰਡਾਂ ਵਿਚ ਬਹੁਤ ਵੱਡਾ ਘਪਲਾ ਹੈ। ਕਿਰਪਾ ਕਰਕੇ ਇਹ ਸਦਨ ਨੂੰ ਦੱਸਣ ਕਿ ਕਦੋਂ ਇਹ ਇਨਕੁਆਰੀ ਕਰਨਗੇ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਕਦੇ ਵੀ ਕਿਸੇ ਦੋਸ਼ੀ ਨੂੰ ਬਖਸ਼ਣ ਵਾਸਤੇ ਨਹੀਂ ਕਿਹਾ ਸਗੋਂ ਉਹ ਤਾਂ ਹਮੇਸ਼ਾ ਇਹੀ ਕਹਿੰਦੇ ਹਨ ਕਿ ਆਪਾਂ ਹਮੇਸ਼ਾ ਸਹੀ ਕੰਮ ਕਰਨਾ ਹੈ। ਮੈਂ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂਬਰ ਸਾਹਿਬ ਜਿਹੜੇ ਵੀ ਕੰਮ ਦੀ ਸ਼ਿਕਾਇਤ ਕਰਨਗੇ, ਅਸੀਂ ਉਸ ਦੀ ਪੂਰੀ ਇਨਕੁਆਰੀ ਕਰਾਵਾਂਗੇ।

ਫਗਵਾੜਾ-ਨਵਾਂਸ਼ਹਿਰ ਸੜਕ ਨੂੰ ਚਹੁੰ-ਮਾਰਗੀ ਕਰਨਾ

*1198. **ਸ੍ਰੀ ਤਰਲੋਚਨ ਸਿੰਘ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਫਗਵਾੜਾ-ਨਵਾਂਸ਼ਹਿਰ ਸੜਕ ਨੂੰ ਚਹੁੰ-ਮਾਰਗੀ ਬਣਾਉਣ ਲਈ ਸਰਕਾਰ ਦੀ ਕੋਈ ਤਜਵੀਜ਼ ਹੈ;

(ਅ) ਉਪਰੋਕਤ ਸੜਕਾਂ ਨੂੰ ਜੁੜਨ ਵਾਲੀਆਂ ਸੜਕਾਂ ਸਬੰਧੀ ਸਰਕਾਰ ਦੀ ਕੀ ਨੀਤੀ ਹੈ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, (ੳ) ਜੀ ਹਾਂ, ਫਗਵਾੜਾ-ਨਵਾਂ ਸ਼ਹਿਰ ਸੜਕ ਨੂੰ ਚਹੁੰ-ਮਾਰਗੀ ਬਣਾਉਣ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

(ਅ) ਉਪਰੋਕਤ ਸੜਕ ਨੂੰ ਜੁੜਨ ਵਾਲੀਆਂ ਸੜਕਾਂ ਦੀ ਅੱਪਗ੍ਰੇਡੇਸ਼ਨ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਜ਼ਮੀਨਾਂ ਸੜਕ ਨੂੰ ਚੌੜਾ ਕਰਨ ਵਾਸਤੇ ਐਕਵਾਇਰ ਕੀਤੀਆਂ ਜਾਣਗੀਆਂ ਔਰ ਜਿਹੜੇ ਲੋਕਾਂ ਦੇ ਘਰ ਹਨ, ਉਹ ਵੀ ਢਾਹੇ ਜਾਣੇ ਹਨ। ਮੰਤਰੀ ਸਾਹਿਬ ਇਹ ਦੱਸਣ ਕਿ ਕੀ ਬੰਗਾ ਸ਼ਹਿਰ ਦੇ ਵਿਚ ਇਹ ਐਲੀਵੇਟਿਡ ਸੜਕ ਬਣਾਉਣਾ ਚਾਹੁੰਦੇ ਹਨ ਅਤੇ ਕੀ ਦੁਕਾਨਦਾਰਾਂ ਦਾ ਉਜਾੜਾ ਕਰਨਾ ਚਾਹੁੰਦੇ

ਹਨ? ਜੇਕਰ ਦੁਕਾਨਦਾਰਾਂ ਦਾ ਉਜਾੜਾ ਕੀਤਾ ਜਾਵੇਗਾ ਤਾਂ ਉਨ੍ਹਾਂ ਨੂੰ ਕਿਸ ਰੇਟ ਤੇ ਮੁਆਵਜ਼ਾ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਸ ਦਾ ਸਰਵੇ ਹੋ ਰਿਹਾ ਹੈ। ਸਰਵੇ ਦੀ ਰਿਪੋਰਟ ਆਉਣ ਤੋਂ ਬਾਅਦ ਪੂਰੀ ਪਲੈਨਿੰਗ ਨਾਲ ਇਹ ਕੰਮ ਕੀਤਾ ਜਾਵੇਗਾ। ਜਿਸ ਦੀ ਵੀ ਜ਼ਮੀਨ ਜਾਂ ਦੁਕਾਨ ਰਸਤੇ ਵਿਚ ਆਵੇਗੀ, ਅਸੀਂ ਉਨ੍ਹਾਂ ਦੀ ਕੋਈ ਹਰਾਸਮੈਂਟ ਨਹੀਂ ਕਰਾਂਗੇ। ਪਬਲਿਕ ਦੀ ਮਰਜ਼ੀ ਨਾਲ ਹੀ ਸਭ ਕੁਝ ਕੀਤਾ ਜਾਵੇਗਾ।

ਸ੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਿਸਾਨਾਂ ਦੀਆਂ ਜ਼ਮੀਨਾਂ ਐਕਵਾਇਰ ਕੀਤੀਆਂ ਜਾਣਗੀਆਂ, ਕੀ ਉਨ੍ਹਾਂ ਨੂੰ ਡੀ.ਸੀ. ਰੇਟ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ ਜਾਂ ਚਾਰ ਗੁਣਾ ਰੇਟ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਹਿੰਦੁਸਤਾਨ ਦੇ ਵਿਚ ਸਭ ਤੋਂ ਪਹਿਲਾਂ ਸਾਡੇ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇਹ ਪਾਸ ਕੀਤਾ ਹੈ ਕਿ ਮਾਰਕਿਟ ਵੈਲਿਯੂ ਨੂੰ ਲਿਆ ਗਿਆ ਹੈ ਔਰ ਕੋਈ ਡੀ.ਸੀ. ਰੇਟ ਨਹੀਂ ਲਿਆ। ਇਸ ਲਈ ਬਕਾਇਦਾ ਕਮੇਟੀਆਂ ਬਣਾਈਆਂ ਗਈਆਂ ਹਨ। ਲੋਕਲ ਐਮ.ਐਲ.ਏ., ਪੰਚ, ਸਰਪੰਚ, ਬਲਾਕ ਸੰਮਤੀ ਮੈਂਬਰ ਵੀ ਕਮੇਟੀ ਵਿਚ ਹਨ। ਜਿਹੜਾ ਵੀ ਸਹੀ ਮੁੱਲ ਬਣਦਾ ਹੋਵੇਗਾ, ਉਹ ਦਿੱਤਾ ਜਾਵੇਗਾ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਨਤਾ ਪ੍ਰਾਪਤ ਸਕੂਲਾਂ ਨੂੰ ਸਿੱਧਾ ਸਿੱਖਿਆ ਵਿਭਾਗ ਅਧੀਨ ਕਰਨਾ

*1232. **ਸਰਦਾਰ ਤੋਤਾ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਤੋਂ ਮਾਨਤਾ ਪ੍ਰਾਪਤ ਜ਼ਿਲ੍ਹਾ ਮੋਗਾ ਦੇ ਕੁਝ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਇਲਾਕੇ ਦੀਆਂ ਸਬੰਧਤ ਪੰਚਾਇਤਾਂ, ਪੀ.ਟੀ.ਏ. ਸਕੀਮ ਅਧੀਨ ਪੈਸਾ ਇਕੱਠਾ ਕਰਕੇ ਚਲਾ ਰਹੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਹੋ ਜਿਹੇ ਸਕੂਲਾਂ ਦਾ ਸਾਰਾ ਪ੍ਰਬੰਧ ਤੇ ਵਿੱਤੀ ਬੋਝ ਸਿੱਧਾ ਸਿੱਖਿਆ ਵਿਭਾਗ ਦੇ ਅਧੀਨ ਕਰਨ ਬਾਰੇ ਕੋਈ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਨ੍ਹਾਂ ਨੂੰ ਕਦੋਂ ਤੱਕ ਸਿੱਧਾ ਸਿੱਖਿਆ ਵਿਭਾਗ ਦੇ ਅਧੀਨ ਕਰ ਦੇਵੇਗੀ ?

ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸਰਵਨ ਸਿੰਘ ਫਿਲੌਰ) : ਨਹੀਂ ਜੀ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਨਤਾ ਪ੍ਰਾਪਤ ਸਕੂਲਾਂ ਦਾ ਮੁਕੰਮਲ ਪ੍ਰਬੰਧ ਉਸ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਅਧੀਨ ਹੁੰਦਾ ਹੈ। ਅਜਿਹੇ ਸਕੂਲਾਂ ਦਾ ਰਲੇਵਾਂ ਕਿਸੇ ਵੀ ਤਰ੍ਹਾਂ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਅਧੀਨ ਨਹੀਂ ਹੋ ਸਕਦਾ।

ਸਰਦਾਰ ਤੋਤਾ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੇਰਾ ਇਹ ਸਵਾਲ ਸਮਝ ਨਹੀਂ ਸਕੇ। ਇਨ੍ਹਾਂ ਨੇ ਉਸ ਦਾ ਜਵਾਬ ਐਜੂਕੇਸ਼ਨ ਬੋਰਡ ਵੱਲੋਂ ਮਾਨਤਾ ਪ੍ਰਾਪਤ ਪਬਲਿਕ ਸਕੂਲ ਵਾਲਾ ਦੇ ਦਿੱਤਾ ਹੈ। ਇਸ ਦੇ ਵਿੱਚ ਮੈਂ ਸਪੱਸ਼ਟ ਲਿਖਿਆ ਹੈ ਕਿ ਕਈ ਥਾਈਂ ਮਿਡਲ ਸਕੂਲ ਹਨ। ਬੱਚੇ ਬਹੁਤੇ ਹਨ। ਮਿਡਲ ਸਕੂਲ ਇਨ੍ਹਾਂ ਦਾ ਆਪਣਾ ਹੈ ਪਰ 9ਵੀਂ 10ਵੀਂ ਦੀਆਂ ਕਲਾਸਾਂ ਪਿੰਡ ਵਾਲੇ ਆਪਣੇ ਕੋਲੋਂ ਪੈਸੇ ਦੇ ਕੇ ਟੀਚਰ ਰੱਖ ਕੇ ਚਲਾ ਰਹੇ ਹਨ। ਅਸੀਂ ਉਨ੍ਹਾਂ ਦੇ ਇਮਤਿਹਾਨ ਦਿਵਾਉਣ ਵਾਸਤੇ ਬੋਰਡ ਤੋਂ ਮਾਨਤਾ ਲਈ ਹੈ। 10ਵੀਂ ਦੇ ਇਸ ਤਰ੍ਹਾਂ ਦੇ 7 ਸਕੂਲ ਮੇਰੇ ਹਲਕੇ ਵਿੱਚ ਚੱਲ ਰਹੇ ਹਨ। 11ਵੀਂ ਅਤੇ 12ਵੀਂ ਦੀਆਂ ਕਲਾਸਾਂ ਨੂੰ ਮੈਨੇਜਿੰਗ ਕਮੇਟੀ ਪੀ.ਟੀ.ਏ ਆਪਣੇ ਕੋਲੋਂ ਪੈਸੇ ਦੇ ਕੇ ਚਲਾ ਰਹੀ ਹੈ, ਪੰਜ ਸਾਲ ਲਈ, ਸੱਤ ਸਾਲ ਲਈ, ਦੋ ਸਾਲ ਲਈ, ਇਸ ਤੋਂ ਬਾਅਦ ਕੋਈ ਸਕੂਲ ਅਪਗਰੇਡ ਨਹੀਂ ਹੋਇਆ ਹੈ। ਆਬਾਦੀ ਵੱਧ ਗਈ ਹੈ। ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਮੈਂ ਇਹ ਨਹੀਂ ਕਹਿੰਦਾ ਕਿ ਪਬਲਿਕ ਸਕੂਲ, ਮੈਂ ਤਾਂ ਤੁਹਾਡੇ ਆਪਣੇ ਸਕੂਲਾਂ ਦੀ ਗੱਲ ਕਰਦਾ ਹਾਂ, ਸਿੱਖਿਆ ਵਿਭਾਗ ਦੇ, ਐਜੂਕੇਸ਼ਨ ਦੇ ਸਕੂਲਾਂ ਦੀ ਗੱਲ ਕਰਦਾ ਹਾਂ। ਜਿਵੇਂ ਅਸੀਂ 11ਵੀਂ ਅਤੇ 12ਵੀਂ ਦੇ ਸਕੂਲ ਚਲਾਉਂਦੇ ਹਾਂ। ਤੁਸੀਂ ਨੀਤੀ ਵੀ ਦਿੱਤੀ ਹੈ ਕਿ ਜੇਕਰ ਪੰਜ ਹਜ਼ਾਰ ਇੱਕ ਪਿੰਡ ਦੀ ਆਬਾਦੀ ਹੈ ਅਤੇ ਪੰਜ ਪਿੰਡਾਂ ਦੇ ਬੱਚੇ ਉਥੇ ਇੱਕ ਸਕੂਲ ਵਿੱਚ ਜਾਂਦੇ ਹਨ ਤਾਂ ਤੁਸੀਂ ਕਿਹਾ ਸੀ ਕਿ ਉਨ੍ਹਾਂ ਨੂੰ ਅਸੀਂ ਪਲਸ-ਟੂ ਕਰਾਂਗੇ, ਦੂਸਰਿਆਂ ਨੂੰ ਹਾਈ ਸਕੂਲ ਕਰਾਂਗੇ। ਇਸ ਦੇ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਪੁੱਛਿਆ ਹੈ ਕਿ ਮਾਨਤਾ ਪ੍ਰਾਪਤ ਸਕੂਲ, ਉਸ ਦੇ ਵਿੱਚ ਤਾਂ ਪ੍ਰਾਈਵੇਟ ਮੈਨੇਜਮੈਂਟ ਕਮੇਟੀਆਂ ਹੁੰਦੀਆਂ ਹਨ, ਉਹ ਚਲਾਉਂਦੀਆਂ ਹਨ ਅਤੇ ਉਨ੍ਹਾਂ ਦਾ ਸਰਕਾਰ ਨਾਲ ਕੋਈ ਸਰੋਕਾਰ ਨਹੀਂ ਹੁੰਦਾ।

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਮੈਂ ਆਪ ਐਜੂਕੇਸ਼ਨ ਬੋਰਡ ਤੋਂ ਮਾਨਤਾ ਦਿਵਾਈ ਹੈ ਜਿਨ੍ਹਾਂ ਦਾ 11ਵੀਂ ਅਤੇ 12ਵੀਂ ਦਾ ਪੇਪਰ ਬੋਰਡ ਵਾਲੇ ਲੈਂਦੇ ਹਨ। 10ਵੀਂ ਦੇ ਟੀਚਰ ਤੁਸੀਂ ਰੱਖੇ ਹਨ, 11ਵੀਂ 12ਵੀਂ ਦੇ ਟੀਚਰ ਅਸੀਂ ਰੱਖੇ ਹਨ। 12ਵੀਂ ਦਾ ਇਮਤਿਹਾਨ ਬੋਰਡ ਲੈਂਦਾ ਹੈ। ਉਹ ਮਾਨਤਾ ਪ੍ਰਾਪਤ ਹਨ। ....(ਵਿਘਨ)....

ਮਾਨਯੋਗ ਸਪੀਕਰ : ਮੰਤਰੀ ਜੀ ਵੀ ਜਵਾਬ ਠੀਕ ਦੇ ਰਹੇ ਹਨ। ਤੁਸੀਂ ਸੁਣ ਲਓ ਜੀ।

ਮੰਤਰੀ : ਸਪੀਕਰ ਸਾਹਿਬ, ਜਿਹੜੇ ਪ੍ਰਾਈਵੇਟ ਇੰਸਟੀਚਿਊਸ਼ਨਜ਼ ਹੁੰਦੇ ਹਨ, ਮਾਨਤਾ ਤਾਂ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਪਰ ਮੈਨੇਜਿੰਗ ਕਮੇਟੀਆਂ ਉਨ੍ਹਾਂ ਦੀਆਂ ਆਪਣੀਆਂ ਚਲਾਉਂਦੀਆਂ ਹਨ। ਉਨ੍ਹਾਂ ਮੈਨੇਜਿੰਗ ਕਮੇਟੀਆਂ ਦਾ ਸਰਕਾਰ ਨਾਲ ਕੋਈ ਤੁਅੱਲਕਾਤ ਨਹੀਂ ਹੈ।

ਬੁਢਾਪਾ ਪੈਨਸ਼ਨ ਨੂੰ ਦੁੱਗਣਾ ਕਰਨਾ

*1220. **ਸਰਦਾਰ ਚਰਨਜੀਤ ਸਿੰਘ ਚੰਨੀ** : ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੁਢਾਪਾ ਪੈਨਸ਼ਨ ਦੀ ਰਕਮ ਨੂੰ ਦੁੱਗਣਾ ਕਰਨ ਬਾਰੇ ਸਰਕਾਰ ਕੋਈ ਵਿਚਾਰ ਕਰ ਰਹੀ ਹੈ: ਜੇਕਰ ਹਾਂ ਤਾਂ ਕਦੋਂ ਤੱਕ ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਜੀ ਨਹੀਂ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਬੁਢਾਪਾ ਪੈਨਸ਼ਨ ਢਾਈ ਸੌ ਰੁਪਿਆ ਦਿੱਤੀ ਜਾਂਦੀ ਹੈ। ਹਿਮਾਚਲ ਵਾਲੇ ਸਾਢੇ ਸੱਤ ਸੌ ਰੁਪਏ ਦਿੰਦੇ ਹਨ। ਹਰਿਆਣੇ ਵਾਲੇ ਇੱਕ ਹਜ਼ਾਰ ਰੁਪਿਆ ਦਿੰਦੇ ਹਨ। ਸਾਰੀਆਂ ਸਟੇਟਾਂ ਸਾਡੇ ਨਾਲੋਂ ਜ਼ਿਆਦਾ ਦਿੰਦੀਆਂ ਹਨ। ਇਨ੍ਹਾਂ ਦਾ ਵਾਅਦਾ ਸੀ ਕਿ ਜੀ ਅਸੀਂ ਡਬਲ ਕਰਾਂਗੇ।...(ਵਿਘਨ)... ਹੁਣ ਮੈਨੂੰ ਬਜ਼ੁਰਗਾਂ ਦੇ ਮਾਮਲੇ ਵਿੱਚ ਤੁਸੀਂ ਨਾ ਰੋਕਣਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੈਸੇ ਡਬਲ ਕਰਨ ਦਾ ਵਾਅਦਾ ਕੀਤਾ ਸੀ, ਉਹ ਹੁਣ ਤੱਕ ਪੂਰਾ ਕਿਉਂ ਨਹੀਂ ਕੀਤਾ ਗਿਆ ਹੈ। ਢਾਈ ਸੌ ਰੁਪਏ ਨਾਲ ਤਾਂ ਇੱਕ ਦਿਨ ਦੀ ਦਵਾਈ ਵੀ ਨਹੀਂ ਆਉਂਦੀ। ਬਜ਼ੁਰਗਾਂ ਦੀ ਪੈਨਸ਼ਨ ਵਧਾਉਣ ਵਾਸਤੇ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ। ਬਜ਼ੁਰਗਾਂ ਦਾ ਲਿਹਾਜ਼ ਕਰਦੇ ਹੋਏ ਉਨ੍ਹਾਂ ਦੀ ਆਰਥਿਕ ਹਾਲਤ ਅਤੇ ਬੁਢਾਪੇ ਨੂੰ ਦੇਖਦੇ ਹੋਏ ਉਨ੍ਹਾਂ ਦੀ ਪੈਨਸ਼ਨ ਡਬਲ ਕਰ ਦਿੱਤੀ ਜਾਵੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਉਂ ਨਹੀਂ ਉਨ੍ਹਾਂ ਦੀ ਪੈਨਸ਼ਨ ਵਧਾ ਰਹੇ ਅਤੇ ਆਪਣੇ ਮੈਨੀਫੈਸਟੋ ਦੇ ਵਿੱਚ ਜੋ ਵਾਇਦਾ ਕੀਤਾ ਸੀ, ਉਸ ਨੂੰ ਤੁਸੀਂ ਪੂਰਾ ਨਹੀਂ ਕਰ ਰਹੇ ਹੋ।

ਮੰਤਰੀ : ਸਪੀਕਰ ਸਾਹਿਬ, ਜੋ ਵਾਅਦੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਲੋਕਾਂ ਨਾਲ ਕੀਤੇ ਹਨ, ਉਹ ਸਾਰੇ ਦੇ ਸਾਰੇ ਹੀ ਪੂਰੇ ਕੀਤੇ ਹਨ ਔਰ ਕੋਈ ਵੀ ਵਾਅਦਾ ਨਹੀਂ ਛੱਡਿਆ। ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਸਹੂਲਤ ਦੇਣ ਵਾਸਤੇ ਹਜ਼ਾਰ ਰੁਪਏ ਜੋ ਆਮਦਨ ਸੀ, ਉਸ ਨੂੰ ਦੋ ਹਜ਼ਾਰ ਰੁਪਿਆ ਕਰ ਦਿੱਤਾ ਹੈ। ਜੋੜੇ ਦੀ 1500 ਰੁਪਏ ਆਮਦਨ ਸੀ, ਉਸ ਨੂੰ 3000 ਰੁਪਏ ਕਰ ਦਿੱਤਾ ਹੈ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਲੋਕ ਇਸ ਦਾ ਫਾਇਦਾ ਲੈ ਸਕਣ। ਹੋਰ ਵੀ ਜੋ ਵਾਅਦੇ ਕੀਤੇ ਹਨ, ਉਹ ਵੀ ਪੂਰੇ ਕਰ ਦਿਆਂਗੇ, ਅਜੇ ਸਾਡੇ ਕੋਲ ਟਾਈਮ ਪਿਆ ਹੈ। ਅੱਗੇ ਵੀ ਸਾਡਾ ਟਾਈਮ ਆਉਣਾ ਹੈ ....(ਵਿਘਨ) .....ਛੱਜ ਤਾਂ ਬੋਲੇ ਛਾਣਨੀ ਕੀ ਬੋਲੇ ...(ਵਿਘਨ)... ਇਨ੍ਹਾਂ ਨੇ ਕਦੇ ਕੋਈ ਵਾਅਦਾ ਪੂਰਾ ਕੀਤਾ ਹੈ। ਇਨ੍ਹਾਂ ਨੇ ਛੋਟੇ ਤੋਂ ਛੋਟਾ ਵਾਅਦਾ ਵੀ ਪੂਰਾ ਨਹੀਂ ਕੀਤਾ ਹੈ। ਇਨ੍ਹਾਂ ਨੇ ਕਿਸਾਨਾਂ ਨੂੰ ਕਿਹਾ ਸੀ ਕਿ ਆਪਣੀਆਂ ਪਰਚੀਆਂ ਸਾਂਭ ਕੇ ਰੱਖੋ, ਅਸੀਂ 30 ਰੁਪਏ ਬੋਨਸ ਦਿਆਂਗੇ। ਇਨ੍ਹਾਂ ਨੇ ਤਾਂ ਉਹ ਵੀ ਪੂਰਾ ਨਹੀਂ ਕੀਤਾ। ਕਿਸਾਨਾਂ ਨੇ ਧਰਨੇ ਦਿੱਤੇ , ਜਲੂਸ ਕੱਢੇ। .....(ਵਿਘਨ).....

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਧੰਨਵਾਦ ਤੁਹਾਡਾ। ਜਿਵੇਂ ਕਿ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਅਸੀਂ ਵਾਅਦੇ ਪੂਰੇ ਕੀਤੇ ਹਨ ਔਰ ਕਿਸਾਨਾਂ ਦੀ ਗੱਲ ਕੀਤੀ। ਮੈਂ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ

[ਸਰਦਾਰ ਕੁਲਜੀਤ ਸਿੰਘ ਨਾਗਰਾ]
ਸਰਕਾਰ ਕੇਂਦਰ ਦੇ ਵਿੱਚ 6 ਸਾਲ ਰਹੀ ਔਰ ਇਨ੍ਹਾਂ ਨੇ 6 ਸਾਲਾਂ ਦੇ ਵਿੱਚ 40 ਰੁਪਏ ਮੁੱਲ ਵਧਾਇਆ ਔਰ ਸਾਡੇ ਪਿਛਲੇ 10 ਸਾਲਾਂ ਵਿੱਚ ਪੰਜ ਸੌ ਤੋਂ ਲੈ ਕੇ 1400 ਰੁਪਿਆ ਰੇਟ ਕੀਤਾ।

ਮਾਨਯੋਗ ਸਪੀਕਰ : ਇਹ ਪ੍ਰਸ਼ਨ ਰੀਲੇਟ ਨਹੀਂ ਕਰਦਾ। ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲੈਂਦੇ ਹਾਂ।

WRITTEN ANSWERS TO STARRED QUESTIONS LISTED FOR 6TH MARCH, 2014 (AFTERNOON SITTING) TREATED AS UNSTARRED QUESTIONS UNDER RULE 38

ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ

1306. **ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰਾਜ ਵਿੱਚ ਵਿਰਾਸਤੀ ਇਮਾਰਤਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ;

(ਅ) ਉਕਤ ਇਮਾਰਤਾਂ ਦੀ ਸਾਂਭ-ਸੰਭਾਲ/ ਮੁਰੰਮਤ ਲਈ ਸਰਕਾਰ ਦੀ ਕੀ ਨੀਤੀ ਹੈ ?

ਸਰਦਾਰ ਸਰਵਨ ਸਿੰਘ ਫਿਲੌਰ : (ੳ) ਪੰਜਾਬ ਸਰਕਾਰ ਵੱਲੋਂ "ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤੱਤਵੀ ਥਾਵਾਂ ਅਤੇ ਅਵਸ਼ੇਸ਼ ਐਕਟ, 1964" ਅਧੀਨ 71 ਵਿਰਾਸਤੀ ਇਮਾਰਤਾਂ ਨੂੰ ਸੁਰੱਖਿਅਤ ਘੋਸ਼ਿਤ ਕੀਤਾ ਹੋਇਆ ਹੈ। ਜਿਨ੍ਹਾਂ ਦਾ ਵੇਰਵਾ ਅਨੁਲੱਗ 'ੳ' ਤੇ ਸ਼ਾਮਿਲ ਹੈ ਜੀ।

(ਅ) ਪੰਜਾਬ ਸਰਕਾਰ ਵਲੋਂ ਸੁਰੱਖਿਅਤ ਸਮਾਰਕਾਂ ਦੀ ਸਾਂਭ ਸੰਭਾਲ/ਕੰਜਰਵੇਸ਼ਨ ਲਈ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਬਜਟ ਦਾ ਢੁੱਕਵਾਂ ਉਪਬੰਧ ਕੀਤਾ ਜਾਂਦਾ ਹੈ। ਇਨ੍ਹਾਂ ਸਮਾਰਕਾਂ ਦੀ ਸਾਂਭ-ਸੰਭਾਲ/ਕੰਜਰਵੇਸ਼ਨ ਲਈ ਸਾਲ 2010-11 ਤੋਂ 2014-15 ਤੱਕ 100 ਕਰੋੜ ਰੁਪਏ ਦੀ ਰਾਸ਼ੀ ਖਰਚੀ ਜਾਵੇਗੀ ।

ਅਨੁਲੱਗ ੳ

ਪੰਜਾਬ ਵਿੱਚ ਸਥਿਤ ਸੁਰੱਖਿਅਤ ਸਮਾਰਕਾਂ ਦੀ ਸੂਚੀ

ਲੜੀ ਨੰ:	ਸਮਾਰਕ ਦਾ ਨਾਂ	ਅਧਿਸੂਚਨਾ ਨੰ: ਅਤੇ ਮਿਤੀ	ਨੋਟੀਫਾਇਡ ਏਰੀਆ
	i) ਜ਼ਿਲ੍ਹਾ ਅੰਮ੍ਰਿਤਸਰ		
1	ਪੁਰਾਣੀ ਤਹਿਸੀਲ, ਅਜਨਾਲਾ	ਨੰ: 12-82-92-4ਟੀ.ਸੀ/1812 ਮਿਤੀ: 16-8-93	3 ਕਨਾਲ 12 ਮਰਲੇ
2	ਪੁਲ ਕੰਜਰੀ, ਪਿੰਡ ਧਨੋਆ ਕਲਾ, ਅੰਮ੍ਰਿਤਸਰ।	ਅਧਿਸੂਚਨਾ ਨੰ: 10/57/2010-4ਯਸ/3234, ਮਿਤੀ: 31-12-10-ਸੋਧ ਪੱਤਰ ਨੰ: 10/57/2010- 4ਯਸ/809, ਮਿਤੀ: 27-04-11	8 ਕਨਾਲ 02 ਮਰਲਾ
	ii) ਜ਼ਿਲ੍ਹਾ ਫਿਰੋਜ਼ਪੁਰ		
3	ਐਂਗਲੋ ਸਿੱਖਵਾਰ ਮੈਮੋਰੀਅਲ, ਸਭਰਾਉਂ	ਨੰ: 1397-3 ਟੀ.ਸੀ.-78/18505 ਮਿਤੀ: 29-5-78	1 ਕਨਾਲ 16 ਮਰਲੇ
4	ਐਂਗਲੋ ਸਿੱਖਵਾਰ ਮੈਮੋਰੀਅਲ, ਫਿਰੋਜ਼ਸ਼ਾਹ	ਨੰ: 4531-4ਟੀ.ਸੀ.-75/1681	2 ਕਨਾਲ 5 ਮਰਲੇ
5	ਐਂਗਲੋ ਸਿੱਖਵਾਰ ਮੈਮੋਰੀਅਲ, ਮਿਸਰੀਵਾਲਾ	ਨੰ:862-3 ਟੀ.ਸੀ.-78/17035 ਮਿਤੀ: 16-5-78	ਕਨਾਲ 9 ਮਰਲੇ
6	ਐਂਗਲੋ ਸਿੱਖਵਾਰ ਮੈਮੋਰੀਅਲ, ਮੁਦਕੀ	ਨੰ: 1/17/78-4 ਟੀ.ਸੀ ਐਂਡ ਸੀ/35716 ਮਿਤੀ: 3-10-78	3 ਕਨਾਲ 7 ਮਰਲੇ
	iii) ਜ਼ਿਲ੍ਹਾ ਫਤਿਹਗੜ੍ਹ ਸਾਹਿਬ		
7	ਆਮਖਾਸ ਬਾਗ, ਸਰਹਿੰਦ	ਨੰ: 2740/4 ਟੀ.ਸੀ.-76/15186 ਮਿਤੀ: 7-6-76	332 ਕਨਾਲ 5 ਮਰਲੇ
8	ਮਕਬਰਾ, ਉਸਤਾਦ, ਪਿੰਡ ਤਲਾਣੀਆਂ, ਸਰਹਿੰਦ।	ਨੰ: 362- ਟੀ.ਸੀ-76/19434 ਮਿਤੀ: 15-7-76	2 ਕਨਾਲ 4 ਮਰਲੇ

[ਸਭਿਆਚਾਰਕ ਮਾਮਲੇ ਮੰਤਰੀ]

9	ਮਕਬਰਾ, ਸ਼ਗਿਰਦ, ਪਿੰਡ ਤਲਾਣੀਆਂ, ਸਰਹਿੰਦ।	ਨੰ: 362- ਟੀ.ਸੀ-76/19434 ਮਿਤੀ: 15-7-76	2 ਕਨਾਲ 14 ਮਰਲੇ
10	ਮਕਬਰਾ, ਅਮੀਰ ਅਲੀ, ਪਿੰਡ ਡੇਰਾ ਮੀਰ ਮੀਰਾਂ, ਸਰਹਿੰਦ।	ਨੰ: 3484-3 ਟੀ.ਸੀ/77/28528 ਮਿਤੀ: 4-11-77	5 ਕਨਾਲ 2 ਮਰਲੇ
11	ਮਸੀਤ ਭਗਤ ਸਦਨਾ ਕਸਾਈ, ਸਰਹਿੰਦ	ਨੰ: 10/8/88-4 ਟੀ.ਸੀ/118 ਮਿਤੀ 18-1-89	3 ਕਨਾਲ 8 ਮਰਲੇ
12	ਜਹਾਜੀ ਹਵੇਲੀ, ਟੋਡਰ ਮੱਲ, ਸਰਹਿੰਦ ਬੀਬੀ ਹੱਜ ਉਨ ਨਿਸ਼ਾ	ਨੰ: 12/139/02-4 ਟੀ.ਸੀ./2068 ਮਿਤੀ: 17-6-03	2 ਕਨਾਲ 17 ਮਰਲੇ
13	ਬੀਬੀ-ਹੱਜ-ਉਨ ਨਿਸ਼ਾ	ਨੰ: 10-85-2013-4 ਟੀ.ਸੀ/ 138457/1 ਮਿਤੀ: 19-12-2013	3 ਕਨਾਲ 10 ਮਰਲੇ ਗੈਰ ਮੁਮਕਿਨ ਮਕਬਰਾ
14	ਬੀਬੀ ਤਾਜ ਉਨ ਨਿਸ਼ਾ	ਨੰ: 10/85/2013-4ਟੀ.ਸੀ./138457/1 ਮਿਤੀ: 19-12-2013	09 ਮਰਲੇ ਗੈਰ ਮੁਮਕਿਨ ਮਕਬਰਾ ਕੋਠਾ (ਮਕਬਰਾ)
	iv) ਜ਼ਿਲ੍ਹਾ ਫਰੀਦਕੋਟ		
15	ਪੁਰਾਣਾ ਥਾਣਾ ਸਮਾਰਕ, ਜੈਤੋਂ	ਨੰ: 3/12/94-4 ਟੀ.ਸੀ/55 ਮਿਤੀ: 17-01-94	643.16 ਵਰਗ ਫੁੱਟ
	v) ਜ਼ਿਲ੍ਹਾ ਹੁਸ਼ਿਆਰਪੁਰ		
16	ਝੰਡੇ ਵਾਲਾ ਮੰਦਿਰ, ਢੋਲਬਾਹਾ	ਨੰ: 3688-1 ਐਲ.ਜੀ-70/29932 ਮਿਤੀ: 18-11-70	15 ਕਨਾਲ 13 ਮਰਲੇ
17	ਖੁਦਾਈ ਵਿਚੋਂ ਪ੍ਰਾਪਤ ਮੰਦਿਰ, ਢੋਲਬਾਹਾ	-ਉਹੀ-	3 ਮਰਲੇ
18	ਮਨਸਾ ਦੇਵੀ ਮੰਦਿਰ, ਢੋਲਬਾਹਾ	-ਉਹੀ-	2 ਕਨਾਲ 18 ਮਰਲੇ
19	ਪ੍ਰਾਚੀਨ ਮੰਦਿਰ, ਢੋਲਬਾਹਾ	-ਉਹੀ-	5 ਕਨਾਲ 12 ਮਰਲੇ
20	ਅਸ਼ਟਭੁਜੀ ਖੂਹ, ਢੋਲਬਾਹਾ	-ਉਹੀ-	1 ਕਨਾਲ 10 ਮਰਲੇ

21	ਮੰਦਿਰ ਹਰੀ ਦੇਵੀ, ਭਵਾਨੀਪੁਰ	ਨੰ: 1010-3 ਟੀ.ਸੀ ਐਂਡ ਸੀ-78/10659 ਮਿਤੀ: 19-4-78	2 ਕਨਾਲ 19 ਮਰਲੇ
22	ਮੰਦਰ/ਠਾਕੁਰਦੁਆਰਾ, ਪਿੰਡ ਰਾਮਟਟਵਾਲੀ	ਨੰ:10/38/2011-4ਟੀ.ਸੀ./1703, 24-10-11	5 ਕਨਾਲ
	vi) ਜ਼ਿਲ੍ਹਾ ਜਲੰਧਰ		
23	ਕਮਿਸ਼ਨਰ ਦੀ ਰਿਹਾਇਸ਼, ਜਲੰਧਰ	ਨੰ: 12/127/2000-4 ਟੀ.ਸੀ/742-50 ਮਿਤੀ: 12-4-2001	338 ਕਨਾਲ
	vii) ਜ਼ਿਲ੍ਹਾ ਕਪੂਰਥਲਾ		
24	ਮੂਰਿਸ਼ ਮਸਜਿਦ, ਕਪੂਰਥਲਾ	ਨੰ: 1(9)4 ਟੀਸੀ-81/134 ਮਿਤੀ: 20-1-82	20 ਕਨਾਲ 5 ਮਰਲੇ
25	ਹੰਦੀਰਾ, ਸੁਲਤਾਨਪੁਰ ਲੋਧੀ	ਨੰ: 1/18/78-4 ਟੀਸੀ-1188 ਮਿਤੀ: 22-6-79	3 ਕਨਾਲ 17 ਮਰਲੇ
26	ਗੋਲ ਕੋਠੀ, ਕਪੂਰਥਲਾ	ਨੰ: 12/154/02-4 ਟੀਸੀ-61 ਮਿਤੀ: 16-1-03 ਨੰ12/154-02/4 ਟੀਸੀ/2544, ਮਿਤੀ: 21-10-2005	9 ਕਨਾਲ 9 ਮਰਲੇ
	viii) ਜ਼ਿਲ੍ਹਾ ਲੁਧਿਆਣਾ		
27	ਮੁਗਲ ਸਰਾਏ, ਦੋਰਾਹਾ	ਨੰ: 12/87/95/43 ਟੀਸੀ-2493 ਮਿਤੀ: 20-9-95	41 ਬਿੱਘੇ 12 ਬਿਸਵਾ
28	ਐਂਗਲੋ ਸਿੱਖਵਾਰ ਮੈਮੋਰੀਅਲ, ਅਲੀਵਾਲ ਸਮੇਤ ਪਹੁੰਚ ਰਸਤਾ	ਨੰ: 1-8-78-4 ਟੀਸੀ-1549 ਮਿਤੀ: 24-3-79	1 ਕਨਾਲ 16 ਮਰਲੇ
29	ਜੱਦੀ ਘਰ ਲਾਲਾ ਲਾਜਪਤ ਰਾਏ ਸਮੇਤ ਪਹੁੰਚ ਰਸਤਾ ਅਤੇ ਘਰ ਅੱਗੇ ਪਲਾਟ, ਜਗਰਾਉਂ	ਨੰ: 15(45)81-4 ਟੀਸੀ-1670 ਮਿਤੀ: 11-8-82	62 ਵਰਗ ਗਜ, ਪਲਾਟ 151 ਵਰਗ ਗਜ
30	ਜੱਦੀ ਘਰ, ਸ਼ਹੀਦ ਕਰਤਾਰ ਸਿੰਘ, ਪਿੰਡ ਸਰਾਭਾ	ਨੰ: 12/124/97-4 ਟੀਸੀ-2331-42 ਮਿਤੀ: 21-11-97	1175 ਵਰਗ ਫੁੱਟ

[ਸਭਿਆਚਾਰਕ ਮਾਮਲੇ ਮੰਤਰੀ]

31	ਜੱਦੀ ਘਰ, ਸ਼ਹੀਦ ਸੁਖਦੇਵ ਥਾਪਰ, ਲੁਧਿਆਣਾ	ਨੰ:10/38/07-4 ਟੀਸੀ-1402, ਮਿਤੀ: 20-21/05/2008	30'8"ਘ20'ਘ5"
32	ਪਾਇਲ ਦਾ ਕਿਲਾ	ਨੰ: 10/12/2008-4 ਟੀਸੀ-596,ਮਿਤੀ: 16/03/2009	13704 ਵਰਗ ਗਜ
33	ਸਰਾਏ ਲਸ਼ਕਰੀ ਖਾਨ, ਤਹਿਸੀਲ ਖੰਨਾ	ਨੰ: 11/23/08-4 ਟੀਸੀ-611, ਮਿਤੀ: 16-03-2009	14 ਕਨਾਲ 16 ਮਰਲੇ
34	ਮਕਬਰਾ ਅਲਾਵਲ ਖਾਨ, ਬਹਿਲੋਲਪੁਰ	ਨੰ: 38(3)85/4 ਟੀਸੀ-1210 ਮਿਤੀ: 23-09-86	1 ਕਨਾਲ 4 ਮਰਲੇ
35	ਮਕਬਰਾ ਹੁਸੈਨ ਖਾਨ (ਪਿਤਾ), ਬਹਿਲੋਲਪੁਰ	ਨੰ: 10/11/88-4 ਟੀਸੀ-1336 ਮਿਤੀ: 1-8-89	17 ਕਨਾਲ 1 ਮਰਲੇ
36	ਮਕਬਰਾ ਨਵਾਬ ਬਹਾਦਰ ਖਾਨ (ਪੁੱਤਰ), ਬਹਿਲੋਲਪੁਰ	-ਉਹੀ-	1 ਕਨਾਲ 4 ਮਰਲੇ
37	ਮਹਾਨ ਕਿਲਾ, ਲੁਧਿਆਣਾ	ਨੰ: 10/83/2013- ਟੀਸੀ / 4138299/4 ਮਿਤੀ: 19-12-2013	24 ਬਿਗੇ 17 ਬਿਸਵੇ 4 ਬਿਸਵਾਸੀਆਂ
	ix) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)		
38	ਜੱਦੀ ਘਰ, ਸ਼ਹੀਦ ਭਗਤ ਸਿੰਘ ਨਗਰ, ਖਟਕੜਕਲਾਂ	ਨੰ: 1(1)4 ਟੀਸੀ-82/896 ਮਿਤੀ: 12-5-1982	8489 ਵਰਗ ਫੁੱਟ
39	ਮਹਾਰਾਜਾ ਰਣਜੀਤ ਸਿੰਘ ਹਿਲ ਪਾਰਕ, ਆਸਰੋਂ	ਨੰ: 10/28/06-4 ਟੀਸੀ-1806,ਮਿਤੀ: 09-07-2008	63 ਕਨਾਲ, 2 ਮਰਲੇ
	x) ਜ਼ਿਲ੍ਹਾ ਪਟਿਆਲਾ		
40	ਸ਼ੀਸ਼ ਮਹਿਲ, ਪਟਿਆਲਾ	ਨੰ: 433-1 ਲਿਗ-72/4904 ਮਿਤੀ: 18-02-1972	25365 ਵਰਗ ਫੁੱਟ
41	ਕਿਲ੍ਹਾ ਮੁਬਾਰਕ, ਪਟਿਆਲਾ	ਨੰ: 1/57/93-4 ਟੀਸੀ-2869 ਮਿਤੀ: 20-10-94	11,6 ਏਕੜ
42	ਸਮਾਣੀਆ ਗੇਟ, ਪਟਿਆਲਾ	ਨੰ: 12/227/89/4 ਟੀਸੀ-2414 ਮਿਤੀ: 16-10-90	185 ਵਰਗ ਫੁੱਟ

43	ਸੁਨਾਮੀ ਗੇਟ, ਪਟਿਆਲਾ	ਨੰ: 12/227/89/4 ਟੀਸੀ-2414 ਮਿਤੀ: 16-10-90	185 ਵਰਗ ਫੁੱਟ
44	ਸਰਹਿੰਦੀ ਗੇਟ, ਪਟਿਆਲਾ	ਨੰ: 12/227/89/4 ਟੀਸੀ-2414 ਮਿਤੀ: 16-10-90	190 ਵਰਗ ਫੁੱਟ
45	ਦਰਸ਼ਨੀ ਗੇਟ, ਪਟਿਆਲਾ	ਨੰ: 12/227/89/4 ਟੀਸੀ-2414 ਮਿਤੀ: 16-10-90	270 ਵਰਗ ਫੁੱਟ
46	ਪੁਰਾਣੀ ਬਾਰਾਂਦਰੀ ਮੋਤੀ ਬਾਗ, ਪਟਿਆਲਾ	ਨੰ: 3987-3 ਟੀਸੀ-77/29587 ਮਿਤੀ: 19-11-77	15872 ਵਰਗ ਫੁੱਟ
47	ਪੇਂਟਿਡ (ਚਿਤਰਕ) ਚੈਂਬਰ, ਕਾਲੀ ਦੇਵੀ ਮੰਦਿਰ	ਨੰ: 3082- ਟੀਸੀ-76/17070 ਮਿਤੀ: 4-6-76	144 ਵਰਗ ਫੁੱਟ
48	ਕਿਲ੍ਹਾ, ਬਹਾਦੁਰਗੜ੍ਹ	ਨੰ: 12/152/90/4 ਟੀਸੀ-4641 ਮਿਤੀ: 17-12-92	520 ਕਨਾਲ 8 ਮਰਲੇ
49	ਪੇਂਟਿਡ ਚੈਂਬਰ, ਰਾਣੀ ਹਾਲ, ਨਾਭਾ	ਨੰ: 2438-4 ਟੀਸੀ-76/15214 ਮਿਤੀ: 31-5-76	200 ਵਰਗ ਫੁੱਟ
50	ਥੇਹ, ਘੜਾਮ	ਨੰ: 1528-3 ਟੀਸੀ-77/12337 ਮਿਤੀ: 13-5-77	143 ਕਨਾਲ 5 ਮਰਲੇ
51	ਕੋਸ ਮੀਨਾਰ, ਰਾਜਗੜ੍ਹ	ਨੰ: 359- ਟੀਸੀ 76/19428 ਮਿਤੀ: 14-7-76	7 ਮਰਲੇ
52	ਕੋਸ ਮੀਨਾਰ, ਪਿੰਡ ਨੋਸ਼ਹਿਰਾ	ਨੰ: 360- ਟੀਸੀ-76/19430	2 ਮਰਲੇ
53	ਮੁਗਲ ਸਰਾਏ, ਸ਼ੰਭੂ	ਨੰ: 12/85/95/4 ਟੀਸੀ / 2486, ਮਿਤੀ: 20-09-95	53 ਬਿਘੇ
54	ਸ਼ਾਹੀ ਸਮਾਧਾਂ, ਪਟਿਆਲਾ	ਨੰ:10/147/08-4 ਟੀਸੀ / 231, ਮਿਤੀ: 30-01-2009	26 ਕਨਾਲ, 13 ਮਰਲੇ
55	ਮੰਦਿਰ ਸ੍ਰੀ ਬਦਰੀ ਨਾਰਾਇਣ, ਬਹਾਦੁਰਗੜ੍ਹ	ਨੰ: 10-147/08-4 ਟੀਸੀ-231 ਮਿਤੀ: 30-01-2009	202 ਕਨਾਲ,14 ਮਰਲੇ
56	ਮੰਦਿਰ ਸ੍ਰੀ ਤੁੰਗ ਨਾਥ, ਪਟਿਆਲਾ	ਨੰ: 12/109/4 ਟੀਸੀ-1494, ਮਿਤੀ: 05-06-2006	66 ਕਨਾਲ, 17 ਮਰਲੇ

[ਸਭਿਆਚਾਰਕ ਮਾਮਲੇ ਮੰਤਰੀ]

	xi) ਜ਼ਿਲ੍ਹਾ ਰੋਪੜ		
57	ਬਾਊਲੀ ਪਿੰਡ ਮਾਂਝਾ, ਮੋਹੀਵਾਲ	ਨੰ: 12/13/99-2 ਟੀਸੀ-482-88 ਮਿਤੀ: 19-3-2001	16 ਮਰਲੇ
	xii) ਜ਼ਿਲ੍ਹਾ ਸੰਗਰੂਰ		
58	ਦੀਵਾਨ ਖਾਨਾ, ਸੰਗਰੂਰ	ਨੰ: 2683-ਆਈ.ਐਲ.ਜੀ-70/20957 ਮਿਤੀ: 18-8-70	46271 ਵਰਗ ਫੁੱਟ
59	ਸੰਗਮਰਮਰ ਦੀ ਬਾਰਾਦਰੀ ਸਮੇਤ ਤਲਾਬ ਸੰਗਰੂਰ	ਨੰ: 2683-ਆਈ.ਐਲ.ਜੀ-70/20957 ਮਿਤੀ: 18-8-70	197050 ਵਰਗ ਫੁੱਟ
60	ਸਮਾਧਾਂ ਅਤੇ ਬਾਊਲੀ, ਬਾਗੜੀਆਂ	ਨੰ: 12/70/90/4 ਟੀਸੀ-308 ਮਿਤੀ: 31-1-91	2 ਕਨਾਲ 5 ਮਰਲੇ
61	ਜੱਦੀ ਘਰ, ਸ਼ਹੀਦ ਊਧਮ ਸਿੰਘ, ਸੁਨਾਮ	ਨੰ: 12/24/2000-4 ਟੀਸੀ-1803-09 ਮਿਤੀ: 1-9-2000	44.20 ਵਰਗ ਗਜ
62	ਜੱਦੀ ਘਰ, ਅਕਾਲੀ ਫੂਲਾ ਸਿੰਘ, ਦੇਹਲਾ ਸੀਹਾਂ	ਨੰ: 10/6/153-4 ਟੀਸੀ-1483, ਮਿਤੀ: 8-8-2007	20 ਮਰਲੇ 24 ਫੁੱਟ
63	ਕਿਲ੍ਹਾ ਰਹਿਮਤਗੜ੍ਹ, ਮਲੇਰਕੋਟਲਾ	ਨੰ: 10/189/2008-4 ਟੀਸੀ-1310, ਮਿਤੀ: 01-06-10	15 ਬਿੱਘੇ, 12 ਬਿਸਵੇ
64	ਸ਼ਾਹੀ ਸਮਾਧਾਂ, ਸੰਗਰੂਰ	ਨੰ: 10/52/2010-4ਯਸ/ 1145, ਮਿਤੀ: 16-06-11	20 ਕਨਾਲ 12 ਮਰਲੇ
65	ਘੰਟਾਘਰ, ਸੰਗਰੂਰ	ਨੰ: 10/52/2010-4ਯਸ/ 1145, ਮਿਤੀ: 16-06-11	2 ਮਰਲੇ
	xiii) ਜ਼ਿਲ੍ਹਾ ਐਸ ਏ ਐਸ ਨਗਰ (ਮੋਹਾਲੀ)		
66	ਕਿਲ੍ਹਾ ਮਨੌਲੀ	ਨੰ: 10/70/2009-4 ਟੀਸੀ-1788 ਮਿਤੀ: 18-9-2009	13 ਬਿੱਘੇ 3 ਬਿਸਵੇ
67	ਥੇਹ, ਛੱਤ	ਨੰ: 10/70/2009-4 ਟੀਸੀ-1775 ਮਿਤੀ: 18-9-2009	8 ਕਨਾਲ 12 ਮਰਲੇ (5155 ਵਰਗ ਮੀਟਰ)
	xiv) ਜ਼ਿਲ੍ਹਾ ਤਰਨ ਤਾਰਨ		
68	ਕਿਲ੍ਹਾ, ਪੱਟੀ	ਨੰ: 10/153/06-4 ਟੀਸੀ-1483, ਮਿਤੀ: 01-8-2007	3 ਕਨਾਲ 17 ਮਰਲੇ

69	ਕੋਸ ਮੀਨਾਰ, ਭਰੋਵਾਲ	ਨੰ: 2862-3ਐਲ.ਜੀ-72/23810 ਮਿਤੀ: 30-9-76	1 ਕਨਾਲ 14 ਮਰਲੇ
70	ਮਸਜਿਦ, ਫਤਿਹਾਬਾਦ	ਨੰ: 3716-4 ਟੀਸੀ-75/23810 ਮਿਤੀ: 12-9-75	11211 ਵਰਗ ਫੁੱਟ
71	ਕੋਸ ਮੀਨਾਰ, ਨੌਰੰਗਾਬਾਦ	ਨੰ: 12/123/2001-4 ਟੀਸੀ-947 ਮਿਤੀ: 30-5-02	7 ਕਨਾਲ 4 ਮਰਲੇ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਕੇਂਦਰ ਵੱਲੋਂ ਦਿੱਤੇ ਗਏ ਫੰਡ

1303. **ਸਰਦਾਰ ਸੰਗਤ ਸਿੰਘ ਗਿਲਜੀਆਂ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2013-14 ਦੌਰਾਨ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਭਲਾਈ ਸਕੀਮਾਂ ਅਧੀਨ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਪਾਸੋਂ ਸਕੀਮ-ਵਾਰ ਕੁੱਲ ਕਿੰਨੇ ਫੰਡ ਪ੍ਰਾਪਤ ਹੋਏ ਅਤੇ ਇਸ ਦੇ ਲਾਭਪਾਤਰਾਂ ਦੀ ਸਕੀਮ-ਵਾਰ ਗਿਣਤੀ ਕਿੰਨੀ ਹੈ ?

ਸਰਦਾਰ ਗੁਲਜਾਰ ਸਿੰਘ ਰਣੀਕੇ : ਮੰਗੀ ਗਈ ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ ।

ਅਨੁਲੱਗ 'ੳ'

ਸਾਲ 2013-14 ਦੌਰਾਨ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਭਲਾਈ ਸਕੀਮਾਂ ਅਧੀਨ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਪਾਸੋਂ ਪ੍ਰਾਪਤ ਹੋਏ ਫੰਡਾਂ ਦਾ ਸਕੀਮ-ਵਾਰ ਵੇਰਵਾ :

(ਰਕਮ ਕਰੋੜਾਂ ਵਿਚ)

ਲੜੀ ਨੰ.	ਸਕੀਮ ਦਾ ਨਾਂ	ਕੇਂਦਰ ਸਰਕਾਰ ਪਾਸੋਂ ਰਾਜ ਸਰਕਾਰ ਨੂੰ ਪ੍ਰਾਪਤ ਹੋਏ ਫੰਡ	ਲਾਭਪਾਤਰਾਂ ਦੀ ਗਿਣਤੀ
1.	ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ	280.81	2,88,833
2.	ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ	38.57	1,69,632
	ਜੋੜ	319.38	4,58,465

ਪ੍ਰਸ਼ਨ ਨੰ: 1309*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

ਕੰਢੀ ਨਹਿਰ ਨੂੰ ਚਾਲੂ ਕਰਨਾ

1255. **ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ** : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਤੀ 31.03.2014 ਤੱਕ ਚਾਲੂ ਕਰਨ ਲਈ ਤਜਵੀਜ਼ਤ ਕੰਢੀ ਨਹਿਰ ਦਾ ਕਿੰਨਾ ਕੰਮ ਹੋ ਗਿਆ ਹੈ ਅਤੇ ਕਿੰਨਾ ਬਾਕੀ ਰਹਿੰਦਾ ਹੈ ਅਤੇ ਕੀ ਮਿਥੇ ਸਮੇਂ ਤੱਕ ਇਸ ਸਾਰੇ ਕੰਮ ਨੂੰ ਮੁਕੰਮਲ ਕਰ ਲਿਆ ਜਾਵੇਗਾ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਮਿਤੀ 31.03.2014 ਤੱਕ ਕੰਢੀ ਨਹਿਰ ਦੀ ਬੁਰਜੀ 93.702 ਕਿ.ਮੀ. ਤੱਕ ਪਾਣੀ ਚਲਾਉਣ ਦੀ ਤਜਵੀਜ਼ ਹੈ। ਇਸ ਦੀ ਤਿਆਰੀ ਵਜੋਂ ਨਹਿਰ ਦੀ ਬੁਰਜੀ 59.500 ਕਿ. ਮੀ. ਤੋਂ ਲੈ ਕੇ 93.702 ਕਿ.ਮੀ. ਤੱਕ ਦੇ ਸਫਾਈ ਦਾ ਕੰਮ ਸ਼ੁਰੂ ਕਰ ਦਿਤਾ ਗਿਆ ਹੈ ਅਤੇ ਮਿਤੀ 31.03.2014 ਤੱਕ ਨਹਿਰ ਦੀ ਬੁਰਜੀ 93.702 ਕਿ.ਮੀ. ਤੱਕ ਪਾਣੀ ਛੱਡ ਦਿੱਤਾ ਜਾਵੇਗਾ।

ਪਿੰਡ ਸਲੋਪੁਰ, ਕਾਦੀਆਂ ਵਿਖੇ ਸਿਵਲ ਡਿਸਪੈਂਸਰੀ ਖੋਲ੍ਹਣਾ

1287. **ਸ਼੍ਰੀਮਤੀ ਚਰਨਜੀਤ ਕੌਰ ਬਾਜਵਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕਾਦੀਆਂ ਦੇ ਪਿੰਡ ਸਲੋਪੁਰ ਵਿਖੇ ਨਵੀਂ ਸਿਵਲ ਡਿਸਪੈਂਸਰੀ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

ਸ੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਨਹੀਂ ਜੀ।

ਕਾਦੀਆਂ ਵਿਖੇ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣਾ

1285. **ਸ਼੍ਰੀਮਤੀ ਚਰਨਜੀਤ ਕੌਰ ਬਾਜਵਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕਾਦੀਆਂ ਵਿਖੇ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਕਦੋਂ ਤੱਕ ?

ਸਰਦਾਰ ਸਿਕੰਦਰ ਸਿੰਘ ਮਲੂਕਾ : ਨਹੀਂ ਜੀ। ਸਿੱਧੇ ਤੌਰ ਸੀਨੀਅਰ ਸੈਕੰਡਰੀ ਸਕੂਲ ਨਹੀਂ ਖੋਲ੍ਹਿਆ ਜਾ ਸਕਦਾ। ਪਾਲਿਸੀ ਅਨੁਸਾਰ ਹਾਈ ਸਕੂਲ ਤੋਂ ਸੀਨੀਅਰ ਸੈਕੰਡਰੀ ਸਕੂਲ ਅਪਗ੍ਰੇਡ ਕੀਤਾ ਜਾਂਦਾ ਹੈ।

*For Unstarred Question No. 1309 and reply thereto please see Appendix to the Debates.

ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਸਰਕਾਰੀ ਹਾਈ ਸਕੂਲ, ਕਾਦੀਆਂ ਨੂੰ ਸੀਨੀਅਰ ਸੈਕੰਡਰੀ ਸਕੂਲ ਅਪਗ੍ਰੇਡ ਕਰਨ ਲਈ ਤਜਵੀਜ਼ ਪ੍ਰਾਪਤ ਹੋਈ ਹੈ। ਹਦਾਇਤਾਂ ਅਨੁਸਾਰ ਘੋਖਣ ਉਪਰੰਤ ਜੇਕਰ ਤਜਵੀਜ਼ ਪਾਲਿਸੀ ਅਨੁਸਾਰ ਕਵਰ ਹੋਵੇਗੀ ਤਾਂ ਅਪਗ੍ਰੇਡੇਸ਼ਨ ਲਈ ਵਿਚਾਰ ਲਈ ਜਾਵੇਗੀ ਜੀ।

ਮਿਉਂਸਿਪਲ ਕਮੇਟੀਆਂ ਵਿਚ ਈ.ਓਜ਼ ਦੀ ਤਾਇਨਾਤੀ

1253. **ਜਸਟਿਸ ਨਿਰਮਲ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਰਾਜ ਦੀਆਂ ਕੁਝ ਬੀ ਅਤੇ ਸੀ ਕੈਟੇਗਰੀ ਦੀਆਂ ਮਿਉਂਸਿਪਲ ਕਮੇਟੀਆਂ ਵਿਚ ਏ ਗ੍ਰੇਡ ਦੇ ਈ.ਓਜ਼ ਤਾਇਨਾਤ ਕੀਤੇ ਹੋਏ ਹਨ;

(ਅ) ਕੀ ਇਹ ਵੀ ਠੀਕ ਹੈ ਕਿ ਰਾਜ ਦੀਆਂ ਕੁਝ ਏ ਕੈਟੇਗਰੀ ਦੀਆਂ ਮਿਉਂਸਿਪਲ ਕਮੇਟੀਆਂ ਵਿਚ ਬੀ ਅਤੇ ਸੀ ਗ੍ਰੇਡ ਦੇ ਈ.ਓਜ਼ ਤਾਇਨਾਤ ਕੀਤੇ ਹੋਏ ਹਨ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਅਜਿਹਾ ਕਰਨ ਦੇ ਕੀ ਕਾਰਨ ਹਨ ?

ਸ੍ਰੀ ਅਨਿਲ ਜੋਸ਼ੀ : (ੳ) ਅਤੇ (ਅ) : ਰਾਜ ਦੀਆਂ ਕੁਝ ਦੂਸਰੀ ਸ਼੍ਰੇਣੀ ਅਤੇ ਤੀਸਰੀ ਸ਼੍ਰੇਣੀ ਦੀਆਂ ਨਗਰ ਕੌਂਸਲਾਂ ਵਿੱਚ ਦਰਜਾ-1 ਦੇ ਕਾਰਜ ਸਾਧਕ ਅਫਸਰ ਲੱਗੇ ਹੋਏ ਹਨ ਅਤੇ ਕੁਝ ਪਹਿਲੀ ਸ਼੍ਰੇਣੀ ਦੀਆਂ ਨਗਰ ਕੌਂਸਲਾਂ ਵਿੱਚ ਦਰਜਾ-2 ਜਾਂ ਦਰਜਾ-3 ਦੇ ਕਾਰਜ ਸਾਧਕ ਅਫਸਰ ਲੱਗੇ ਹੋਏ ਹਨ।

(ੲ) ਸਾਲ 2001 ਤੋਂ ਬਾਅਦ ਕਾਰਜ ਸਾਧਕ ਅਫਸਰਾਂ ਦੀ ਸਿੱਧੀ ਭਰਤੀ ਨਾ ਹੋਣ ਕਾਰਨ ਵੱਖਰੀਆਂ ਵੱਖਰੀਆਂ ਕੈਟਾਗਰੀਆਂ ਦੇ ਅਧਿਕਾਰੀਆਂ ਦੀ ਘਾਟ ਹੋਣ ਕਰਕੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦਾ ਕੰਮ ਚਲਾਉਣ ਲਈ ਉਕਤ ਪ੍ਰਬੰਧ ਕੀਤੇ ਗਏ ਹਨ।

ਜਲੰਧਰ ਤੋਂ ਸ਼ੇਰਪੁਰ ਪੁਲ ਤੱਕ ਬਾਈਪਾਸ ਨੂੰ ਸ਼ਡਿਊਲ ਰੋਡ ਘੋਸ਼ਿਤ ਕਰਨਾ

1209. **ਸ਼੍ਰੀ ਸੁਰਿੰਦਰ ਕੁਮਾਰ ਡਾਵਰ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਜਲੰਧਰ ਤੋਂ ਸ਼ੇਰਪੁਰ ਪੁਲ ਤੱਕ ਬਾਈਪਾਸ ਨੂੰ ਸ਼ਡਿਊਲ ਰੋਡ ਘੋਸ਼ਿਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਸਬੰਧੀ ਕੀ ਕਾਰਵਾਈ ਕੀਤੀ ਗਈ ਹੈ;

(ਅ) ਕੀ ਨਗਰ ਨਿਗਮ, ਲੁਧਿਆਣਾ ਵੱਲੋਂ ਉਕਤ ਸਬੰਧੀ ਮਤਾ ਸਰਕਾਰ ਨੂੰ ਭੇਜਿਆ ਗਿਆ ਹੈ ਜਾਂ ਨਹੀ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, (ੳ) ਜਲੰਧਰ ਤੋਂ ਸ਼ੇਰਪੁਰ ਪੁਲ ਤੱਕ ਬਾਈਪਾਸ ਸੜਕ ਨੈਸ਼ਨਲ ਹਾਈਵੇ ਨੰਬਰ 1 ਦਾ ਹਿੱਸਾ ਹੈ। ਇਹ ਸੜਕ ਪਹਿਲਾਂ ਹੀ ਸ਼ਡਿਊਲ ਰੋਡ ਹੈ।

(ਅ) ਜੀ ਹਾਂ, ਨਗਰ ਨਿਗਮ, ਲੁਧਿਆਣਾ ਵੱਲੋਂ ਸ਼ਹਿਰ ਵਿੱਚ ਪੈਂਦੇ ਬਾਈਪਾਸ ਦੇ ਰੋਡ ਰਿਜਰਵੇਸ਼ਨ ਨੂੰ 100 ਮੀਟਰ ਤੋਂ ਘਟਾ ਕੇ 5 ਮੀਟਰ ਕਰਨ ਲਈ ਮਤਾ ਸਕੱਤਰ, ਸਥਾਨਕ ਸਰਕਾਰ, ਪੰਜਾਬ ਨੂੰ ਭੇਜਿਆ ਗਿਆ ਹੈ।

ਪੁੱਡਾ ਵੱਲੋਂ ਮੁਕੇਰੀਆਂ ਵਿਖੇ ਰਿਹਾਇਸ਼ੀ ਕਲੋਨੀ ਬਣਾਉਣਾ

1325. **ਸ਼੍ਰੀ ਰਜਨੀਸ਼ ਕੁਮਾਰ** : ਕੀ ਉੱਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕਿ ਪੁੱਡਾ ਵੱਲੋਂ ਮੁਕੇਰੀਆਂ ਵਿਖੇ ਬਣਾਈ ਗਈ ਰਿਹਾਇਸ਼ੀ ਕਲੋਨੀ ਵਿਚ ਪਲਾਟ ਲੈਣ ਵਾਲੇ ਵਿਅਕਤੀਆਂ ਦੇ ਕੀ ਨਾਂ ਹਨ ;

(ਅ) ਪੁੱਡਾ ਦੀ ਸ਼ਰਤਾਂ ਅਨੁਸਾਰ ਇਕ ਵਿਅਕਤੀ ਨੂੰ ਅਲਾਟ ਹੋਇਆ ਪਲਾਟ ਕਿੰਨੀ ਵਾਰ ਵੇਚਿਆ ਜਾ ਸਕਦਾ ਹੈ;

(ੲ) ਉਪਰੋਕਤ ਕਲੋਨੀ ਨੂੰ ਕਦੋਂ ਤੱਕ ਅਬਾਦ ਕਰ ਦਿੱਤਾ ਜਾਵੇਗਾ।

ਸਰਦਾਰ ਸੁਖਬੀਰ ਸਿੰਘ ਬਾਦਲ : (ੳ) ਪੁੱਡਾ ਵੱਲੋਂ ਮੁਕੇਰੀਆਂ ਵਿਖੇ ਬਣਾਈ ਗਈ ਰਿਹਾਇਸ਼ੀ ਕਲੋਨੀ ਵਿਚ ਪਲਾਟ ਲੈਣ ਵਾਲੇ 250 ਵਿਅਕਤੀਆਂ ਦੇ ਨਾਂ ਦੀ ਸੂਚੀ *ਅਨੈਕਸਚਰ ਏ ਤੇ ਰੱਖੀ ਜਾਂਦੀ ਹੈ।

(ਅ) ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਅਨੁਸਾਰ ਪਲਾਟ ਨੂੰ ਵਾਰ ਵਾਰ ਵੇਚਣ ਤੇ ਕੋਈ ਪਾਬੰਦੀ ਨਹੀਂ ਹੈ, ਬਸ਼ਰਤੇ ਸਮਰੱਥ ਅਧਿਕਾਰੀ ਤੋਂ ਉਸ ਦੀ ਪੂਰਵ ਪ੍ਰਵਾਨਗੀ ਲਈ ਹੋਵੇ।

---

* Placed in the Revisor's Branch.

(ਏ) ਇਸ ਕਲੋਨੀ ਵਿਚ ਸਿਵਲ ਅਤੇ ਬਿਜਲੀ ਦੇ ਵਿਕਾਸ ਕਾਰਜ ਮੁਕੰਮਲ ਹੋ ਚੁੱਕੇ ਹਨ। ਸਿਰਫ ਹੋਰਟੀਕਲਚਰ ਦਾ ਕੰਮ ਬਾਕੀ ਹੈ। ਇਸ ਦਾ ਜ਼ੋਨਿੰਗ ਪਲਾਨ ਵੀ ਪਾਸ ਹੋ ਚੁੱਕਾ ਹੈ। ਹੁਣ ਅਲਾਟੀਜ਼ ਇਸ ਜਗ੍ਹਾ ਤੇ ਮਕਾਨ ਬਣਾ ਸਕਦੇ ਹਨ।

ਰਾਜ ਵਿਚ ਉਦਯੋਗਿਕ ਨਿਵੇਸ਼ ਦੇ ਵੇਰਵੇ

1311. **ਸਰਦਾਰ ਰਣਦੀਪ ਸਿੰਘ ਨਾਭਾ** : ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2012-13 ਅਤੇ 2013-14 ਦੇ ਦੌਰਾਨ ਰਾਜ ਵਿਚ ਨਵੀਂ ਉਦਯੋਗਿਕ ਨੀਤੀ ਦੀ ਘੋਸ਼ਣਾ ਉਪਰੰਤ ਅਸਲ ਵਿਚ ਕੀਤੇ ਗਏ ਉਦਯੋਗਿਕ ਨਿਵੇਸ਼ ਦੇ ਵੱਖ-ਵੱਖ ਵੇਰਵੇ ਕੀ ਹਨ ?

ਸ਼੍ਰੀ ਮਦਨ ਮੋਹਨ ਮਿੱਤਲ : ਸ਼੍ਰੀਮਾਨ ਜੀ, ਰਾਜ ਸਰਕਾਰ ਵੱਲੋਂ ਮਿਤੀ 05-12-2013 ਨੂੰ ਅਧਿਸੂਚਿਤ ਕੀਤੀ ਗਈ ਨਵੀਂ ਪਾਲਸੀ-ਉਦਯੋਗ ਬੜਾਵੇ ਲਈ ਵਿੱਤੀ ਰਿਆਇਤਾਂ, 2013 ਜੋ ਕਿ ਮਿਤੀ 01-04-2013 ਤੋਂ ਲਾਗੂ ਕੀਤੀ ਗਈ ਹੈ, ਅਧੀਨ ਹੁਣ ਤੱਕ ਤਕਰੀਬਨ ਰੁਪਏ 3190 ਕਰੋੜ ਦੇ ਨਿਵੇਸ਼ ਦੀਆਂ ਵੱਖ-ਵੱਖ ਪ੍ਰਾਜੈਕਟ ਸਥਾਪਿਤ ਕਰਨ ਸਬੰਧੀ 30 ਤਜਵੀਜ਼ਾਂ ਪ੍ਰਾਪਤ ਹੋਈਆਂ ਹਨ।

ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਨੂੰ ਪਾਣੀ ਮੁਹੱਈਆ ਕਰਵਾਉਣਾ

1295. **ਸਰਦਾਰ ਦਰਸ਼ਨ ਸਿੰਘ ਕੋਟਫੱਤਾ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਕੋਟ ਸ਼ਮੀਰ, ਜ਼ਿਲ੍ਹਾ ਬਠਿੰਡਾ ਦਾ 1008 ਕਿੱਲੇ ਦਾ ਰਕਬਾ ਭਗਵਾਨਗੜ੍ਹ ਮਾਈਨਰ ਦੇ ਪਾਣੀ ਦੇ ਵਹਾਉ ਤੋਂ ਉਚਾ ਹੈ; ਜੇਕਰ ਅਜਿਹਾ ਹੋਵੇ ਤਾਂ ਕੋਟ ਸ਼ਮੀਰ ਅਤੇ ਅਜਿਹੇ ਹੀ ਦੂਜੇ ਗਹਿਰੀ ਭਾਗੀ, ਭਗਵਾਨਗੜ੍ਹ ਅਤੇ ਸ਼ੇਰਗੜ੍ਹ ਪਿੰਡਾਂ ਨੂੰ ਪਾਣੀ ਮੁਹੱਈਆ ਕਰਾਉਣ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਭਗਵਾਨਗੜ੍ਹ ਮਾਈਨਰ, ਬਠਿੰਡਾ ਰਜਬਾਹੇ ਦੀ ਬੁਰਜੀ 45500/ਐਲ ਤੋਂ ਨਿਕਲਦਾ ਹੈ। ਪਿੰਡ ਕੋਟ ਸ਼ਮੀਰ, ਜ਼ਿਲ੍ਹਾ ਬਠਿੰਡਾ ਦੇ ਰਕਬੇ ਨੂੰ ਭਗਵਾਨਗੜ੍ਹ ਮਾਈਨਰ ਦੇ ਮੋਘਾ ਬੁਰਜੀ 24575/ਟੀ.ਐਲ. ਅਤੇ ਮੋਘਾ ਬੁਰਜੀ 24575/ਟੀ.ਆਰ. ਰਾਹੀਂ ਸਿੰਚਾਈ ਕੀਤੀ ਜਾਂਦੀ ਹੈ। ਜਿਨ੍ਹਾਂ ਦਾ ਕੁੱਲ ਰਕਬਾ 1279/1010 ਏਕੜ (ਜੀ.ਏ./ਸੀ.ਸੀ.ਏ.) ਹੈ। ਪਿੰਡ ਕੋਟ ਸ਼ਮੀਰ ਦਾ

[ਸਿੰਜਾਈ ਮੰਤਰੀ]

269 ਏਕੜ ਰਕਬਾ ਉਚਾ ਹੋਣ ਕਰਕੇ ਅਨਕਮਾਂਡ ਹੈ। ਇਸ ਅਨਕਮਾਂਡ ਰਕਬੇ ਦੇ ਕਿਸਾਨਾਂ ਪਾਸੋਂ ਕੈਨਾਲ ਅਤੇ ਡਰੇਨੇਜ਼ ਐਕਟ, 1873 ਅਧੀਨ ਅਰਜ਼ੀ ਪ੍ਰਾਪਤ ਹੋਣ ਤੇ ਉਨ੍ਹਾਂ ਦਾ ਰਕਬਾ ਝਲਾਰੀ ਕਮਾਂਡ ਅਧੀਨ ਲਿਆਂਦਾ ਜਾ ਸਕਦਾ ਹੈ। ਭਗਵਾਨਗੜ੍ਹ ਮਾਈਨਰ ਤੋ ਪਿੰਡ ਗਹਿਰੀ ਭਾਗੀ, ਭਗਵਾਨਗੜ੍ਹ ਅਤੇ ਸ਼ੇਰਗੜ੍ਹ ਪਿੰਡਾਂ ਦੇ ਕੁੱਲ 4049/3537 ਏਕੜ (ਜੀ.ਏ/ਸੀ.ਸੀ.ਏ) ਰਕਬੇ ਦੀ ਸਿੰਚਾਈ ਹੋ ਰਹੀ ਹੈ। ਪਿੰਡ ਗਹਿਰੀ ਭਾਗੀ ਦਾ 121 ਏਕੜ ਰਕਬਾ ਹੀ ਝਲਾਰੀ ਕਮਾਂਡ ਅਧੀਨ ਹੈ। ਬਠਿੰਡਾ ਰਜਬਾਹਾ ਸਿਸਟਮ ਦੀ ਮੁੜ ਉਸਾਰੀ ਦੇ ਕੰਮ ਦਾ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਭਗਵਾਨਗੜ੍ਹ ਮਾਈਨਰ ਦੀ ਟੇਲ ਨੂੰ ਉਚਾ ਕਰਨ ਦੀ ਤਜਵੀਜ਼ ਹੈ । ਇਸ ਨਾਲ ਅਨਕਮਾਂਡ ਰਕਬਾ ਕਮਾਂਡ ਅਧੀਨ ਲਿਆਂਦਾ ਜਾ ਸਕਦਾ ਹੈ। ਇਸ ਪ੍ਰੋਜੈਕਟ ਦੀ ਅੰਦਾਜ਼ਨ ਲਾਗਤ 18.90 ਕਰੋੜ ਰੁਪਏ ਹੈ। ਇਸ ਮਾਈਨਰ ਦੀ ਮੁੜ ਉਸਾਰੀ ਤੋਂ ਬਾਅਦ ਹੋਰ ਵੀ ਬੇਹਤਰ ਆਬਪਾਸ਼ੀ ਹੋਵੇਗੀ ।

ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨਾ

1280. **ਸ਼੍ਰੀ ਦੀਪ ਮਲਹੋਤਰਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਫਰੀਦਕੋਟ ਵਿੱਚ ਡਾਕਟਰਾਂ ਦੀਆਂ ਖਾਲੀ ਪਈਆਂ 23 ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਸਰਕਾਰ ਵੱਲੋਂ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨ ਲਈ ਲਗਾਤਾਰ ਪ੍ਰਕਿਰਿਆ ਜਾਰੀ ਹੈ, ਜਿਸ ਵਿੱਚ ਹਲਕਾ ਫਰੀਦਕੋਟ ਵੀ ਸ਼ਾਮਿਲ ਹੈ।

ਸੜਕਾਂ ਨੂੰ ਚਾਰ-ਮਾਰਗੀ ਕਰਨਾ

1256. **ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਚੌਰ-ਦਸੂਹਾ ਸੜਕ ਨੂੰ ਚਾਰ ਮਾਰਗੀ ਕਰਨ ਦੇ ਕੰਮ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਹ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਬਲਾਚੌਰ-ਦਸੂਹਾ ਸੜਕ ਨੂੰ ਚਾਰ ਮਾਰਗੀ ਕਰਨ ਬਾਰੇ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸੁਲਤਾਨਪੁਰ ਲੋਧੀ ਦੀ ਪਵਿੱਤਰਤਾ ਨੂੰ ਕਾਇਮ ਰੱਖਣਾ

1307. **ਸਰਦਾਰ ਨਵਤੇਜ ਸਿੰਘ ਚੀਮਾ** : ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਸਾਲ, 2006 ਵਿਚ ਸਰਕਾਰ ਨੇ ਸੁਲਤਾਨਪੁਰ. ਲੋਧੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇ ਦਿੱਤਾ ਹੈ; ਜੇਕਰ ਅਜਿਹਾ ਹੈ ਤਾਂ ਇਸ ਦੀ ਪਵਿੱਤਰਤਾ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ;

(ਅ) ਕੀ ਉਕਤ ਸ਼ਹਿਰ ਵਿਚ ਇਸ ਸਬੰਧੀ ਉਲੰਘਣਾ ਕਰਨ ਵਾਲੇ ਕਸੂਰਵਾਰ ਵਿਅਕਤੀਆਂ ਵਿਰੁੱਧ ਕੋਈ ਕਾਰਵਾਈ ਕੀਤੀ ਗਈ ਹੈ ?

ਸਰਦਾਰ ਸੁਖਬੀਰ ਸਿੰਘ ਬਾਦਲ (ਉਪ ਮੁੱਖ ਮੰਤਰੀ) : (ੳ) ਹਾਂ ਇਹ ਠੀਕ ਹੈ ਕਿ ਸਰਕਾਰ ਨੇ ਸੁਲਤਾਨਪੁਰ ਲੋਧੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇ ਦਿੱਤਾ ਹੈ, ਜਿਸ ਸਬੰਧੀ ਸਰਕਾਰ ਦੇ ਪੱਤਰ ਨੰ: 4/28/06-4H7/2514-2519 ਮਿਤੀ 13-10-2010 ਰਾਹੀਂ ਹੁਕਮ ਜਾਰੀ ਕੀਤੇ ਗਏ ਸਨ। ਇਸ ਦੀ ਪਵਿੱਤਰਤਾ ਲਈ ਸੁਲਤਾਨਪੁਰ ਲੋਧੀ ਸ਼ਹਿਰ ਦੀ ਹੱਦ ਤੋਂ ਮੀਟ ਤੇ ਸ਼ਰਾਬ ਦੀਆਂ ਦੁਕਾਨਾਂ ਬਾਹਰ ਕੱਢੀਆਂ ਜਾ ਚੁੱਕੀਆਂ ਹਨ । ਇਸ ਤੋਂ ਇਲਾਵਾ ਸ਼ਹਿਰ ਦੀ ਹੱਦ ਅੰਦਰ ਕਿਸੇ ਵੀ ਮੈਰਿਜ ਪੈਲੇਸ, ਬੀਅਰ ਬਾਰ, ਹਾਰਡ ਬਾਰ ਜਾਂ ਅਹਾਤਾ ਆਦਿ ਨੂੰ ਰਜਿਸਟਰਡ ਨਹੀਂ ਕੀਤਾ ਗਿਆ ਹੈ ।

(ਅ) ਸੁਲਤਾਨਪੁਰ ਲੋਧੀ ਸ਼ਹਿਰ ਦੀ ਪਵਿੱਤਰਤਾ ਨੂੰ ਭੰਗ ਕਰਨ ਬਾਰੇ ਕੋਈ ਵੀ ਗੱਲ ਧਿਆਨ ਵਿਚ ਨਹੀਂ ਆਈ ਅਤੇ ਨਾ ਹੀ ਇਸ ਬਾਰੇ ਕੋਈ ਕੇਸ ਰਜਿਸਟਰਡ ਹੋਇਆ ਹੈ। ਪੁਲਿਸ ਵੱਲੋਂ ਪੂਰੀ ਨਿਗਰਾਨੀ ਰੱਖੀ ਜਾ ਰਹੀ ਹੈ ।

ਭਾਖੜਾ ਮੇਨ ਲਾਈਨ ਨਹਿਰ ਦੀ ਮੁਰੰਮਤ ਕਰਨਾ

1252. **ਜਸਟਿਸ ਨਿਰਮਲ ਸਿੰਘ** : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚੋਂ ਲੰਘਦੀ ਭਾਖੜਾ ਮੇਨ ਲਾਈਨ ਨਹਿਰ ਵਿਚ ਕਿੰਨੇ Weak Points ਹਨ; ਪਿਛਲੇ ਤਿੰਨ ਸਾਲਾਂ ਵਿਚ ਇਨ੍ਹਾਂ ਨੂੰ ਕਿੰਨੀ-ਕਿੰਨੀ ਵਾਰੀ ਰਿਪੇਅਰ ਕੀਤਾ ਗਿਆ ਅਤੇ ਰਿਪੇਅਰ ਤੇ ਕੁੱਲ ਕਿੰਨਾ ਖਰਚਾ ਆ ਚੁੱਕਾ ਹੈ;

[ਜਸਟਿਸ ਨਿਰਮਲ ਸਿੰਘ]

(ਅ) ਕੀ ਭਾਖੜਾ ਮੇਨ ਲਾਈਨ ਨਹਿਰ ਦੀ ਮਿਆਦ ਪੂਰੀ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਨਹਿਰ ਨੂੰ ਨਵੇਂ ਸਿਰਿਉਂ ਉਸਾਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸਰਦਾਰ ਜਨਮੇਜਾ ਸਿੰਘ ਸੇਖੋਂ : (ੳ) ਹਾਂ ਜੀ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਅੰਦਰ ਭਾਖੜਾ ਮੇਨ ਲਾਈਨ ਨਹਿਰ ਦੀ ਆਰ.ਡੀ. 83000 ਤੋਂ 215000 ਤੱਕ 40.25 ਕਿਲੋਮੀਟਰ ਰੀਚ ਆਉਂਦੀ ਹੈ। ਇਸ ਰੀਚ ਵਿੱਚ ਕੁੱਲ 116 ਕਮਜ਼ੋਰ ਥਾਵਾਂ ਸਨ, ਜਿਨ੍ਹਾਂ ਦੀ ਰਿਪੇਅਰ ਪਿਛਲੇ 3 ਸਾਲਾਂ ਦੌਰਾਨ ਹੇਠ ਲਿਖੇ ਅਨੁਸਾਰ ਕੀਤੀ ਗਈ :-

ਸਾਲ	ਕਮਜ਼ੋਰ ਥਾਵਾਂ	ਖਰਚਾ (ਕਰੋੜਾਂ ਵਿੱਚ)
2011-12	68	1.55
2012-13	15	0.40
2013-14	33	1.28
ਕੁੱਲ	116	3.23

ਉਕਤ 68 ਕਮਜ਼ੋਰ ਥਾਵਾਂ ਨੂੰ ਪੱਕੇ ਤੌਰ ਤੇ ਸੀਮਿੰਟ ਕੰਕਰੀਟ ਲਾਈਨਿੰਗ ਕਰਕੇ ਅਤੇ 48 ਕਮਜ਼ੋਰ ਥਾਵਾਂ ਨੂੰ ਸੀਮਿੰਟ ਕੰਕਰੀਟ ਨਾਲ ਭਰੇ ਥੈਲੇ ਲਗਾ ਕੇ ਆਰਜ਼ੀ ਤੌਰ ਤੇ ਰਿਪੇਅਰ ਕੀਤਾ ਗਿਆ ਸੀ। ਇਨ੍ਹਾਂ 48 ਥਾਵਾਂ ਵਿੱਚੋਂ 6 ਅਜਿਹੀਆਂ ਥਾਵਾਂ ਹਨ ਜਿਨ੍ਹਾਂ ਨੂੰ ਦੋ ਵਾਰੀ ਰਿਪੇਅਰ ਕੀਤਾ ਗਿਆ ਸੀ। ਪਿਛਲੇ 3 ਸਾਲਾਂ ਦੌਰਾਨ ਕਰਵਾਈ ਗਈ ਇਸ ਰਿਪੇਅਰ ਤੇ 3.23 ਕਰੋੜ ਰੁਪਏ ਦੇ ਖਰਚੇ ਵਿੱਚੋਂ ਪੰਜਾਬ ਰਾਜ ਵੱਲੋ 51.00 ਲੱਖ ਰੁਪਏ ਅਤੇ ਬਾਕੀ ਪਾਰਟਨਰ ਰਾਜਾਂ ਹਰਿਆਣਾ ਅਤੇ ਰਾਜਸਥਾਨ ਵੱਲੋਂ ਉਨ੍ਹਾਂ ਦੇ ਹਿੱਸੇ ਵਜੋਂ ਖਰਚ ਕੀਤੇ ਗਏ ਸਨ। ਫਤਿਹਗੜ੍ਹ ਸਾਹਿਬ ਜ਼ਿਲ੍ਹੇ ਅੰਦਰ ਪੈਂਦੀ ਰੀਚ ਵਿੱਚ ਆਰ.ਡੀ. 107000 ਤੋਂ 192425 ਤੱਕ ਨਹਿਰ ਦਾ ਖੱਬਾ ਅਤੇ ਸੱਜਾ ਬੈਂਕ ਕਮਜ਼ੋਰ ਹਨ। ਜਿਨ੍ਹਾਂ ਦੀ ਰਿਪੇਅਰ ਕਰਵਾਉਣ ਲਈ ਪਾਰਟਨਰ ਰਾਜਾਂ ਤੋਂ 132.00 ਲੱਖ ਰੁਪਏ ਦੇ ਫੰਡਜ਼ ਸਾਲ 2013-14 ਦੌਰਾਨ ਜਾਰੀ ਕਰਨ ਦੀ ਮੰਗ ਕੀਤੀ ਹੋਈ ਹੈ।

(ਅ) ਇਸ ਨਹਿਰ ਦੀ ਉਸਾਰੀ ਹੋਇਆਂ ਤਕਰੀਬਨ 60 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ ਅਤੇ ਉਸ ਸਮੇਂ ਤੋਂ ਲੈ ਕੇ ਇਹ ਨਹਿਰ ਲਗਾਤਾਰ ਚੱਲ ਰਹੀ ਹੈ। ਭਾਵੇਂ ਇਸ ਨਹਿਰ ਦੀ ਲਾਈਨਿੰਗ ਦੀ ਹਾਲਤ ਕਾਫੀ ਖਸਤਾ ਹੈ ਫਿਰ ਵੀ ਇਹ ਨਹਿਰ ਅੰਤਰਰਾਜੀ ਹੋਣ ਕਾਰਨ ਇਸ ਦੀ ਲਾਈਨਿੰਗ ਦੀ ਮਿਆਦ ਪੂਰੀ ਹੋਣ ਸਬੰਧੀ ਫੈਸਲਾ ਸੈਂਟਰਲ ਵਾਟਰ ਕਮਿਸ਼ਨ ਅਤੇ ਪਾਰਟਨਰ ਰਾਜਾਂ ਦੇ ਨੁਮਾਇੰਦਿਆਂ ਵੱਲੋਂ ਸਮੇਂ-ਸਮੇਂ ਤੇ ਸਾਂਝੇ ਤੌਰ ਤੇ ਕੀਤੀ ਜਾਣ ਵਾਲੀ ਇੰਸਪੈਕਸ਼ਨ ਉਪਰੰਤ ਹੀ ਕੀਤਾ ਜਾ ਸਕਦਾ ਹੈ। ਨਹਿਰ ਦੀ ਸਾਈਡ ਟਾਈਲ ਲਾਈਨਿੰਗ ਦੀ ਮਿਆਦ ਪੂਰੀ ਹੋਣ ਬਾਰੇ ਜਾਂ ਉਸ ਦੀ ਨਵੇਂ ਸਿਰੇ ਤੋਂ ਉਸਾਰੀ ਸਬੰਧੀ ਕੋਈ ਫੈਸਲਾ ਅਜੇ ਤੱਕ ਨਹੀਂ ਲਿਆ ਗਿਆ ਹੈ ।

ਜ਼ਿਲ੍ਹਾ ਬਠਿੰਡਾ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਅਸਾਮੀਆਂ ਭਰਨਾ

1294. **ਸਰਦਾਰ ਦਰਸ਼ਨ ਸਿੰਘ ਕੋਟਫੱਤਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੀ.ਐਚ.ਸੀ. ਸੰਗਤ, ਜ਼ਿਲ੍ਹਾ ਬਠਿੰਡਾ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਵਿਭਾਗ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਲਗਾਤਾਰ ਪ੍ਰਕਿਰਿਆ ਜਾਰੀ ਹੈ।

ਨਗਰ ਨਿਗਮ ਲੁਧਿਆਣਾ ਵਿਚ ਸ਼ਾਮਲ ਨਵੀਆਂ ਆਬਾਦੀਆਂ ਵਿਚ ਸੜਕਾਂ ਨੂੰ ਪੱਕਾ ਕਰਨਾ

1169. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਗਰ ਨਿਗਮ, ਲੁਧਿਆਣਾ ਵਿਚ ਨਵੀਆਂ ਸ਼ਾਮਿਲ ਕੀਤੀਆਂ ਆਬਾਦੀਆਂ ਵਿੱਚ ਸੜਕਾਂ ਪੱਕੇ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸ਼੍ਰੀ ਅਨਿਲ ਜੋਸ਼ੀ : ਹਾਂ ਜੀ, ਜੋ ਵੀ ਨਵੀਆਂ ਆਬਾਦੀਆਂ ਨਗਰ ਨਿਗਮ, ਲੁਧਿਆਣਾ ਵਿੱਚ ਸ਼ਾਮਲ ਹਨ ਅਤੇ ਜਿਨ੍ਹਾਂ ਦਾ ਕੰਟਰੋਲ ਨਗਰ ਨਿਗਮ ਕੋਲ ਹੈ, ਉਨ੍ਹਾਂ ਦੀਆਂ ਸੜਕਾਂ ਨਗਰ ਨਿਗਮ ਵੱਲੋਂ ਬਣਾਈਆਂ ਜਾ ਰਹੀਆਂ ਹਨ। ਜੋ ਏਰੀਆ ਡਿਕਲੇਅਰਡ ਹੋ ਚੁੱਕਾ ਹੈ, ਉੱਥੇ ਨਵੀਆਂ ਸੜਕਾਂ ਦਾ ਕੰਮ ਚਲ ਰਿਹਾ ਹੈ ਅਤੇ ਤਕਰੀਬਨ ਚਾਰ ਮਹੀਨੇ ਵਿਚ ਪੂਰਾ ਹੋ ਜਾਵੇਗਾ। ਜੋ ਏਰੀਆ ਮਿਉਂਸਿਪਲ ਕਾਰਪੋਰੇਸ਼ਨ ਦੀ ਹਦੂਦ ਅੰਦਰ ਅਣਡਿਕਲੇਅਰਡ ਹੈ, ਉਸਨੂੰ ਡਿਕਲੇਅਰ ਕਰਨ ਬਾਰੇ ਕਾਰਵਾਈ ਸ਼ੁਰੂ ਹੋ ਚੁੱਕੀ ਹੈ ਅਤੇ ਇੱਕ ਸਾਲ ਦੇ ਸਮੇਂ ਵਿਚ ਉਥੇ ਸੜਕਾਂ ਦੀ ਉਸਾਰੀ ਦਾ ਕੰਮ ਪੂਰਾ ਕਰ ਲਿਆ ਜਾਵੇਗਾ।

ਹਲਕਾ ਸੁਲਤਾਨਪੁਰ ਲੋਧੀ ਵਿੱਚ ਸੜਕਾਂ ਤੇ ਪ੍ਰੀਮਿਕਸ ਵਿਛਾਉਣਾ

1289. **ਸਰਦਾਰ ਨਵਤੇਜ ਸਿੰਘ ਚੀਮਾ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਸੁਲਤਾਨਪੁਰ ਲੋਧੀ ਵਿੱਚ ਪਿਛਲੇ ਸੱਤ ਸਾਲ ਤੋਂ ਸੁਲਤਾਨਪੁਰ ਲੋਧੀ ਤੋਂ ਠੱਕਰ ਕੌਰ ਅਤੇ

[ਸਰਦਾਰ ਨਵਤੇਜ ਸਿੰਘ ਚੀਮਾ]
ਸੁਲਤਾਨਪੁਰ ਲੋਧੀ ਤੋਂ ਚਲਾਢਾ ਤੱਕ ਪਲਾਨਡ ਸੜਕਾਂ ਤੇ ਪ੍ਰੀਮਿਕਸ ਵਿਛਾਉਣਾ ਰਹਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਸੜਕਾਂ ਤੇ ਪ੍ਰੀਮਿਕਸ ਕਦੋਂ ਤੱਕ ਵਿਛਾ ਦਿੱਤਾ ਜਾਵੇਗਾ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਸੁਲਤਾਨਪੁਰ ਲੋਧੀ ਤੋਂ ਠੱਕਰ ਕੌਰਾ ਸੜਕ ਪਲਾਨ ਰੋਡ ਹੈ। ਇਸ ਸੜਕ ਦੀ ਆਖਰੀ ਵਾਰ ਪ੍ਰੀਮਿਕਸ ਮਾਰਚ, 2008 ਵਿੱਚ ਕੀਤੀ ਗਈ ਸੀ। ਇਸ ਸੜਕ ਦੀ ਮੁਰੰਮਤ ਦਾ ਕੰਮ ਵਿੱਤੀ ਸਾਲ 2014-15 ਦੌਰਾਨ ਮੱਦ 3054 (ਨਾਨ ਪਲਾਨ) ਤਹਿਤ ਕਰਨ ਲਈ ਕੋਸ਼ਿਸ਼ ਕੀਤੀ ਜਾਵੇਗੀ।

ਸੁਲਤਾਨਪੁਰ ਲੋਧੀ ਤੋਂ ਚਲਾਢਾ ਸੜਕ ਲਿੰਕ ਰੋਡ ਹੈ। ਇਸ ਸੜਕ ਦੀ ਆਖਰੀ ਸਰਫੇਸਿੰਗ ਨਵੰਬਰ, 2007 ਵਿੱਚ ਕੀਤੀ ਗਈ ਸੀ। ਇਸ ਸਾਲ ਕੇਵਲ ਉਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਆਖਰੀ ਮੁਰੰਮਤ 31-03-2005 ਤੋਂ ਪਹਿਲਾਂ ਕੀਤੀ ਗਈ ਸੀ। ਇਸ ਲਈ ਇਸ ਵਿੱਤੀ ਸਾਲ ਦੌਰਾਨ ਇਸ ਲਿੰਕ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਪਾਣੀ ਦੀ ਨਿਕਾਸੀ ਲਈ ਡਰੇਨਾਂ ਦੀ ਸਮਰੱਥਾ

1266. **ਸ਼੍ਰੀਮਤੀ ਕਰਨ ਕੌਰ ਬਰਾੜ** : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਕੋਟਕਪੂਰਾ ਖੇਤਰ ਅਤੇ ਪਿੰਡ ਸਰਾਏਨਾਗਾ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਪਾਣੀ ਦਾ ਨਿਕਾਸ ਕਰਦੀ ਡਰੇਨੇਜ਼ ਕੈਨਾਲ ਅਤੇ ਪਿੰਡ ਸਰਾਏਨਾਗਾ ਤੋਂ ਪਾਣੀ ਦਾ ਨਿਕਾਸ ਕਰਦੀ ਸਰਾਏਨਾਗਾ ਲਿੰਕ ਡਰੇਨ ਦੇ ਵਹਾਓ ਦੀ ਸਮਰੱਥਾ ਕਿੰਨੀ-ਕਿੰਨੀ ਹੈ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਕੋਟਕਪੂਰਾ ਖੇਤਰ ਅਤੇ ਪਿੰਡ ਸਰਾਏਨਾਗਾ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਪਾਣੀ ਦਾ ਨਿਕਾਸ ਕਰਨ ਲਈ ਇਕੋ ਹੀ ਸਰਾਏਨਾਗਾ ਲਿੰਕ ਡਰੇਨ ਹੈ, ਜਿਸ ਦੀ ਵਹਾਓ ਸਮਰੱਥਾ 136 ਕਿਊਸਿਕ ਹੈ।

ਮੁਕੇਰੀਆਂ ਦੀਆਂ ਸੜਕਾਂ ਦੀ ਮੁਰੰਮਤ ਕਰਨਾ

1323. **ਸ਼੍ਰੀ ਰਜਨੀਸ਼ ਕੁਮਾਰ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਐਮ.ਸੀ. ਮੁਕੇਰੀਆਂ ਅਧੀਨ ਆਉਂਦੀਆਂ ਸੜਕਾਂ ਦੀ ਮੁਰੰਮਤ ਕਦੋਂ ਤੱਕ ਕੀਤੀ ਜਾਵੇਗੀ ?

ਸ਼੍ਰੀ ਅਨਿਲ ਜੋਸ਼ੀ : ਇਨ੍ਹਾਂ ਸੜਕਾਂ/ਗਲੀਆਂ ਦੀ ਰਿਪੇਅਰ ਲਈ 20 ਵੱਖ-ਵੱਖ ਕੰਮਾਂ ਦੇ ਮੁਬਲਿਗ 99.00 ਲੱਖ ਰੁਪਏ ਦੇ ਟੈਂਡਰ ਰੱਖੇ ਗਏ ਹਨ ਜੋ ਕਿ ਮਿਤੀ 07-03-2014 ਨੂੰ ਖੋਲ੍ਹੇ ਜਾਣੇ ਹਨ। ਇਸ ਉਪਰੰਤ ਇਹ ਕੰਮ ਲਗਭਗ 3 ਮਹੀਨੇ ਵਿੱਚ ਮੁਕੰਮਲ ਹੋ ਜਾਣਗੇ।

MATTERS RAISED DURING ZERO HOUR AND STATEMENTS BY THE CHIEF MINISTER AND DEPUTY CHIEF MINISTER THEREON

ਮਾਨਯੋਗ ਸਪੀਕਰ : ਜ਼ੀਰੋ ਆਵਰ। ਤੁਸੀਂ ਦੱਸੋ, ਕਾਲੀਆ ਜੀ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਸਪੀਕਰ ਸਾਹਿਬ, ਮੈਂ ਇੱਕ ਅਹਿਮ ਮਸਲਾ ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕੱਲ੍ਹ ਦੇ ਪੇਪਰ ਵਿੱਚ ਖਬਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਤਲਵਾਰ ਇੰਗਲੈਂਡ ਵਿੱਚ ਆਕਸ਼ਨ ਕੀਤੀ ਜਾਵੇਗੀ।

ਮਾਨਯੋਗ ਸਪੀਕਰ : ਇੰਡੀਆ ਵਿੱਚ ?

ਸ਼੍ਰੀ ਮਨੋਰੰਜਨ ਕਾਲੀਆ : ਨਹੀਂ ਜੀ, ਇੰਗਲੈਂਡ ਵਿੱਚ, ਲੰਡਨ ਵਿੱਚ। ਆਏ ਦਿਨ ਕੋਈ ਨਾ ਕੋਈ ਹਿਸਟਾਰਿਕ ਡਾਕੂਮੈਂਟ, ਮਹਾਤਮਾ ਗਾਂਧੀ ਜੀ ਦੇ ਪੱਤਰ, ਤਲਵਾਰ, ਪਿੱਛੇ ਜਿਹੇ ਟੀਪੂ ਸੁਲਤਾਨ ਜੀ ਦੀ ਤਲਵਾਰ ਦੀ ਆਕਸ਼ਨ ਕੀਤੀ ਗਈ। ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਵਿੱਚ ਇੱਕ ਰੈਜ਼ੋਲਿਊਸ਼ਨ ਲਿਆਉਣਾ ਚਾਹੀਦਾ ਹੈ ਕਿ ਕੇਂਦਰ ਸਰਕਾਰ ਇਹ ਮਾਮਲਾ ਬ੍ਰਿਟਿਸ਼ ਸਰਕਾਰ ਨਾਲ ਟੇਕ-ਅੱਪ ਕਰੇ ਕਿ ਜਿੰਨੇ ਵੀ ਭਾਰਤ ਨਾਲ ਸਬੰਧਿਤ ਡਾਕੂਮੈਂਟ ਜਾਂ ਮਾਨੂਮੈਂਟ ਹਨ, ਉਹ ਭਾਰਤ ਨੂੰ ਦਿੱਤੇ ਜਾਣੇ ਚਾਹੀਦੇ ਹਨ। ਹਿਸਟਾਰਿਕ ਡਾਕੂਮੈਂਟ, ਮਾਨੂਮੈਂਟ ਜਾਂ ਕੋਈ ਚੀਜ਼ ਜਿਹੜੀ ਹਿਸਟਾਰਿਕ ਹੈ, ਉਹ ਸਾਡੇ ਦੇਸ਼ ਦੀ, ਰਾਸ਼ਟਰ ਦੀ ਧਰੋਹਰ ਹੈ। ਮੈਂ ਇਸ ਗੱਲ ਲਈ ਇੱਕ ਰੈਜ਼ੋਲਿਊਸ਼ਨ ਦੀ ਮੰਗ ਕਰਦਾ ਹਾਂ ਕਿ ਕੇਂਦਰ ਸਰਕਾਰ ਦੁਆਰਾ ਇਹ ਮਸਲਾ ਟੇਕ-ਅੱਪ ਕੀਤਾ ਜਾਵੇ। ਆਏ ਦਿਨ ਕੋਈ ਨਾ ਕੋਈ ਤਲਵਾਰ ਜਾਂ ਹਿਸਟਾਰਿਕ ਡਾਕੂਮੈਂਟ, artifacts ਜਾਂ ਮਾਨੂਮੈਂਟ ਦੀ ਆਕਸ਼ਨ ਕੀਤੀ ਜਾਂਦੀ ਹੈ। ਜੇ ਉਹ ਨਾ ਮੰਨਣ ਤਾਂ ਸਾਡੇ ਇੱਥੇ ਜਿਹੜੀਆਂ ਅੰਗਰੇਜ਼ਾਂ ਦੀਆਂ ਚੀਜ਼ਾਂ ਪਈਆਂ ਹਨ, ਸਾਨੂੰ ਉਹ ਵੀ ਆਕਸ਼ਨ ਕਰਨੀਆਂ ਚਾਹੀਦੀਆਂ ਹਨ।

Mr. Speaker : Thank you. ਹਾਂ ਜੀ ਬਾਦਲ ਸਾਹਿਬ ਜੀ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਵੀ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਦੇਖੋ, ਗਵਰਨਰ ਐਡਰੈਸ ਤੇ ਬਹਿਸ ਹੋਈ, ਬੜੀ ਚੰਗੀ ਹੋਈ। ਅਸੀਂ ਬੜੇ ਧਿਆਨ ਨਾਲ ਸਾਰੇ ਮੈਂਬਰ ਸਾਹਿਬਾਨ ਨੇ, ਲੀਡਰ ਆਫ ਦਿ ਆਪੋਜ਼ੀਸ਼ਨ ਦੀ ਗੱਲ ਸੁਣੀ। ਮੈਂ ਖਾਸ ਹਦਾਇਤ ਆਪਣੇ ਸਾਰੇ ਮੈਂਬਰ

[ਮੁੱਖ ਮੰਤਰੀ]

ਸਾਹਿਬਾਨ ਨੂੰ ਕੀਤੀ ਕਿ ਜਦੋਂ ਚੌਧਰੀ ਸਾਹਿਬ ਬੋਲਣ ਤਾਂ ਤੁਸੀਂ ਕਿਸੇ ਨੇ ਨਹੀਂ ਬੋਲਣਾ। ਮੈਨੂੰ ਪਤਾ ਲੱਗਾ, ਵਾਹਿਗੁਰੂ ਕਰੇ ਕਿ ਗਲਤ ਹੋਵੇ, ਕਿ ਜਦੋਂ ਮੈਂ ਜਵਾਬ ਦੇਣਾ ਹੈ, ਇਨ੍ਹਾਂ ਨੇ ਵਾਕ ਆਊਟ ਕਰਨਾ ਹੈ। ਇਸ ਦਾ ਮਤਲਬ ਕੀ ਹੈ? ਇਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਕੋਲ ਨਾ ਸੁਣਾਉਣ ਦੀ ਤਾਕਤ ਹੈ ਅਤੇ ਨਾ ਸੁਣਨ ਦੀ ਤਾਕਤ ਹੈ। ਇਸ ਦਾ ਮਤਲਬ ਇਹ ਮੈਦਾਨ ਛੱਡ ਗਏ। ਚੌਧਰੀ ਸਾਹਿਬ, ਜੇ ਮੇਰੀ ਗੱਲ ਸੁਣਨੀ ਨਹੀਂ ਤਾਂ ਫਿਰ ਸਾਨੂੰ ਕੀ ਕਹਿੰਦੇ ਹੋ। ਮੈਂ ਤੁਹਾਡੀ ਗੱਲ ਸਾਰਿਆਂ ਨੂੰ ਕਿੰਨੇ ਸਤਿਕਾਰ ਨਾਲ ਸੁਣਾਈ। (ਵਿਘਨ) ਗੱਲ ਤਾਂ ਸੁਣੋ, ਫਿਰ ਉਹੀ ਗੱਲ। ਤੁਹਾਡੀ ਗੱਲ ਤੇ ਮੈਂ ਕਦੇ ਬੋਲਿਆ ਹਾਂ? ਇਹ ਨਾ ਕਰੋ ਕਿ ਅਸੀਂ ਸਾਰੇ ਕੰਮ ਹੁੱਲੜਬਾਜ਼ੀ ਨਾਲ ਕਰਾਂਗੇ। ਮੈਂ ਕਹਿੰਦਾ ਹਾਂ ਕਿ ਤੁਸੀਂ ਆਪਣਾ ਡਿਸੀਜ਼ਨ ਰੀਵਿਊ ਕਰੋ। ਇਹ ਚੰਗਾ ਨਹੀਂ ਲੱਗਦਾ। ਤੁਸੀਂ ਫਿਰ ਇਸ ਤਰ੍ਹਾਂ ਕਰੋ ਕਿ ਇਲੈਕਸ਼ਨ ਦਾ ਵੀ ਬਾਈਕਾਟ ਕਰ ਦਿਉ ਜਿਹੜਾ ਦੇਸ਼ ਵਿੱਚ ਹੋ ਰਿਹਾ ਹੈ। (ਹਾਸਾ) ਇਹ ਬਾਈਕਾਟ ਦੀ ਗੱਲ ਪਤਾ ਨਹੀਂ ਕਿੱਥੋਂ ਆ ਗਈ। ....(ਵਿਘਨ) (ਸ਼ੋਰ) .....

ਸਰਦਾਰ ਸੁਖਜਿੰਦਰ ਸਿੰਘ : ਬਾਦਲ ਸਾਹਿਬ, ਤੁਹਾਡੇ ਤੋਂ ਬਿਨਾ ਬੜਾ ਵਧੀਆ ਹਾਊਸ ਚੱਲ ਰਿਹਾ ਸੀ। ਤੁਸੀਂ ਆ ਕੇ ਨਵਾਂ ਹੀ ਪੰਗਾ ਖੜ੍ਹਾ ਕਰ ਦਿੱਤਾ।

ਮੁੱਖ ਮੰਤਰੀ : ਮੇਰੀ ਗੱਲ ਤਾਂ ਸੁਣੋ। ਇਹ ਨਾ ਗੱਲ ਕਰਿਆ ਕਰੋ। ਮੈਂ ਤਾਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਵਧੀਆ ਚਲਾਉ। ਜੇ ਤੁਸੀਂ ਮੇਰਾ ਜਵਾਬ ਸੁਣਨਾ ਨਹੀਂ, ਇਸ ਦਾ ਮਤਲਬ ਹੈ .....(ਵਿਘਨ) (ਸ਼ੋਰ) .....

(ਇਸ ਸਮੇਂ ਸਰਦਾਰ ਸੁਖਜਿੰਦਰ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਤੋਂ ਬੋਲ ਰਹੇ ਸਨ ਜੋ ਕਿ ਸਦਨ ਵਿੱਚ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

ਮੁੱਖ ਮੰਤਰੀ : ਚੌਧਰੀ ਸਾਹਿਬ, ਤੁਸੀਂ ਕੰਟਰੋਲ ਨਹੀਂ ਕਰ ਸਕਦੇ? ਤੁਹਾਡੇ ਵੱਲੋਂ ਤਾਂ ਵਾਗਾਂ ਹੁਣ ਖੁੱਲ੍ਹੀਆਂ ਹਨ, ਤੁਹਾਡੇ ਵੱਸ ਦੀ ਗੱਲ ਨਹੀਂ ਰਹੀ। ਅਸਲੀ ਗੱਲ ਦੱਸਾਂ ਕਿ ਤੁਹਾਡੇ ਤਾਂ ਡਿਸਿਪਲਿਨ ਹੈ ਹੀ ਨਹੀਂ। ਇੰਨੀ ਧੜੇਬਾਜ਼ੀ ਹੈ ਕਿ ਲੀਰੋ-ਲੀਰ ਹੋਏ ਪਏ ਹੋ। ਮੈਨੂੰ ਘੰਟਾ ਕੁ ਤਾਂ ਦੇ ਦਿਉ ਕਿ ਮੈਂ ਆਪਣੀ ਗੱਲ ਤੁਹਾਨੂੰ ਦੱਸ ਸਕਾਂ। ਤੁਹਾਡੇ ਇਲਜ਼ਾਮਾਂ ਦਾ ਜਵਾਬ ਦੇ ਸਕਾਂ। ਜੋ ਪੰਜਾਬ ਦੀ ਸਰਕਾਰ ਨੇ ਤਰੱਕੀ ਕੀਤੀ ਹੈ, ਉਹ ਦੱਸ ਸਕਾਂ। ਅਗਾਂਹ ਨੂੰ ਕੀ ਹੋਣਾ ਹੈ, ਉਹ ਦੱਸ ਸਕਾਂ। ਚੌਧਰੀ ਸਾਹਿਬ ਇਹ ਚੰਗਾ ਨਹੀਂ ਲੱਗਣਾ। ਹਿਸਟਰੀ ਵਿੱਚ ਤੁਹਾਡਾ ਨਾਂ ਇਸ ਤਰ੍ਹਾਂ ਨਹੀਂ ਜਾਏਗਾ ਕਿ ਇਹ ਸਾਰੀਆਂ ਗੱਲਾਂ ਸੁਣਾ ਕੇ ਤੁਸੀਂ ਭੱਜ ਜਾਉ। ਚੌਧਰੀ ਸਾਹਿਬ, ਇਸ ਦਾ ਮਤਲਬ ਡੈਫੀਨੇਟਲੀ ਇਹ ਹੋਇਆ ਕਿ ਤੁਸੀਂ ਇਸ ਸਦਨ ਵਿੱਚੋਂ ਭੱਜ ਗਏ ਹੋ। ਲੋਕਾਂ ਨੇ ਇਹ ਗੱਲ ਪਸੰਦ ਨਹੀਂ ਕਰਨੀ, ਪ੍ਰੈਸ ਨੇ ਪਸੰਦ ਨਹੀਂ ਕਰਨੀ। ਮੈਂ ਇੱਕ ਗੱਲ ਦੱਸਾਂ, ਹਾਈ ਕੋਰਟ ਨੇ ਵੀ ਜੱਜਮੈਂਟ ਦੇ ਦਿੱਤੀ ਹੈ। ਤੁਸੀਂ ਵੀ ਪੜ੍ਹਿਆ ਹੋਣਾ ਹੈ, ਹਾਈ ਕੋਰਟ ਕਹਿੰਦੀ ਹੈ ਕਿ we are fully satisfied with

the investigation. ਤੁਸੀਂ ਦੋ ਮਹੀਨਿਆਂ ਵਿੱਚ ਇੱਕ ਚੀਜ਼ ਬਿਲਡ ਕੀਤੀ। ਧਰਨੇ ਲਾਉ, ਮਜੀਠੀਆ ਸਾਹਿਬ ਦੀ ਅਰਥੀ ਫੂਕੋ ਜੀ, ਫਲਾਣੇ ਦੀ ਫੂਕੋ, ਅੰਤ ਤੁਹਾਨੂੰ ਮੂੰਹ ਦੀ ਖਾਣੀ ਪਈ। You are very disappointed. I know it. ਲੇਕਿਨ ਹੁਣ ਇਹ ਦੂਜੀ ਗਲਤੀ ਨਾ ਕਰਿਉ। ਮੈਨੂੰ ਕੋਈ ਫਰਕ ਨਹੀਂ ਪੈਣਾ, ਮੈਂ ਤਾਂ ਜਿਹੜੀ ਗੱਲ ਸੁਣਾਉਣੀ ਹੈ, ਉਸ ਦਾ ਸਵਾਦ ਨਹੀਂ ਆਵੇਗਾ। ਲੇਕਿਨ ਤੁਹਾਡੇ ਤੇ ਇਹ ਪ੍ਰੈਸ ਨੇ ਇਲਜ਼ਾਮ ਲਗਾਉਣਾ ਹੈ ਕਿ ਕਾਂਗਰਸ ਮੈਦਾਨ ਵਿੱਚੋਂ ਭੱਜ ਗਈ ਅਤੇ ਇਲੈਕਸ਼ਨ ...(ਵਿਘਨ....ਸ਼ੋਰ)... ਯਾਰ, ਬੱਸ ਵੀ ਕਰਿਆ ਕਰੋ। ਮੇਰੀ ਨਸੀਹਤ ਲੈ ਲਿਆ ਕਰੋ । ....(ਵਿਘਨ....ਸ਼ੋਰ).... ਬੱਸ ਵੀ ਕਰਿਆ ਕਰੋ। ਇਹ ਕੋਈ ਤਰੀਕਾ ਹੈ। ਮੈਂ ਕੋਈ ਬੋਲਿਆ ਹਾਂ। ਮੈਂ ਚੁੱਪ ਕਰਕੇ ਬੈਠਾ ਰਹਿੰਦਾ ਹਾਂ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਹ ਗੱਲ ਤੁਹਾਨੂੰ ਇਲੈਕਸ਼ਨ ਵਿੱਚ ਵੀ ਨੁਕਸਾਨ ਪਹੁੰਚਾਵੇਗੀ। ਮੇਰੀ ਰਾਏ ਲੈ ਲਿਆ ਕਰੋ। ਜੇ ਮੇਰੀ ਰਾਏ ਲਈ ਹੁੰਦੀ ਤਾਂ ਮੈਂ ਤੁਹਾਨੂੰ ਚੰਗੀ ਰਾਏ ਦਿੰਦਾ।' ਚੌਧਰੀ ਸਾਹਿਬ, ਇਸ ਤਰ੍ਹਾਂ ਕਰਨ ਨਾਲ ਤੁਹਾਡਾ ਨੁਕਸਾਨ ਹੀ ਹੋਣਾ ਹੈ। ਕੋਈ ਫਾਇਦਾ ਨਹੀਂ ਹੋਣਾ। ਜਿਹੜੇ ਤੁਹਾਡੇ ਬਰਖਿਲਾਫ ਹਨ, ਉਹ ਤੁਹਾਡੇ ਤੋਂ ਗਲਤ ਡਿਸੀਜ਼ਨ ਕਰਵਾ ਲੈਂਦੇ ਹਨ। ਤੁਸੀਂ ਆਪਣਾ ਡਿਸੀਜ਼ਨ ਰਿਵਿਊ ਕਰ ਲਓ। ਤੁਹਾਡੇ ਕੋਲ ਤਾਕਤ ਹੈ। ਸਾਡੀ ਪਾਰਟੀ ਨੇ ਕਦੇ ਕੋਈ ਗਲਤ ਡਿਸੀਜ਼ਨ ਨਹੀਂ ਲਿਆ ਔਰ ਸਾਡੀ ਪਾਰਟੀ ਵਿੱਚ ਇੰਨਾ ਡਿਸਿਪਲਨ ਹੈ ਕਿ ਜੋ ਮੈਂ ਕਹਿ ਦਿੰਦਾ ਹਾਂ, ਕੋਈ ਚੂੰ ਨਹੀਂ ਕਰਦਾ। ਇਸ ਕਰਕੇ ਮੇਰੀ ਹੱਥ ਬੰਨ ਕੇ ਬੇਨਤੀ ਹੈ, ਸਰਦਾਰ ਲਾਲ ਸਿੰਘ ਜੀ, ਤੁਸੀਂ ਤਾਂ ਪੁਰਾਣੇ ਬੰਦੇ ਹੋ, ਤੁਸੀਂ ਬਾਈਕਾਟ ਨਾ ਕਰਨਾ ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਪਾਰਟੀਆਂ ਦੇ ਮੈਂਬਰ ਆਪਸ ਵਿੱਚ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਸਰਦਾਰ ਲਾਲ ਸਿੰਘ ਜੀ, ਮੇਰੀ ਬੇਨਤੀ ਹੈ ਤੇ ਮੈਂ ਪਹਿਲਾਂ ਵੀ ਬੇਨਤੀ ਕਰ ਚੁੱਕਿਆ ਹਾਂ ਕਿ ਜਦੋਂ ਕੁਝ ਬੋਲਣਾ ਹੈ ਤਾਂ ਪਹਿਲਾਂ ਚੇਅਰ ਤੋਂ ਪੁੱਛ ਲਓ। ਮੈਨੂੰ ਕੋਈ ਇਤਰਾਜ਼ ਨਹੀਂ ਪਰ ਐਟ ਲੀਸਟ ਚੇਅਰ ਦਾ ਸਤਿਕਾਰ ਤਾਂ ਰੱਖੋ, You are the most senior Member.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਆਨਰੇਬਲ ਸੀ. ਐਮ. ਸਾਹਿਬ ਦੀਆਂ ਭਾਵਨਾਵਾਂ ਦਾ ਬੜਾ ਸਤਿਕਾਰ ਕਰਦਾ ਹਾਂ। ਅਸੀਂ ਇੱਥੇ ਆਪਣਾ ਪ੍ਰੋਟੈਸਟ ਵਾਕ ਆਊਟ ਦੇ ਜ਼ਰੀਏ ਕਰਦੇ ਹਾਂ ਜਾਂ ਆਪਣੀ ਗੱਲ ਰੱਖ ਕੇ ਕਰਦੇ ਹਾਂ, this is entirely our prerogative but ਜਿਹੜਾ ਬੇਸਿਕ ਕੁਐਸਚਨ ਇਨ੍ਹਾਂ ਨੇ ਰੇਜ਼ ਕੀਤਾ ਹੈ, ਇਸ ਦਾ ਮਤਲਬ ਹੈ ਕਿ ਅਸੀਂ ਕੋਈ ਡਿਸੀਜ਼ਨ ਲਿਆ ਹੈ ਜਾਂ ਨਹੀਂ ਲਿਆ, ਇਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਕਿੱਥੋਂ ਹੈ, ਮੈਨੂੰ ਇਸ ਬਾਰੇ ਤਾਂ ਦੱਸ ਦੇਣ। This shows ਸਾਰੇ ਦਾ ਸਾਰਾ ਜੋ ਗੌਰਮਿੰਟ ਅਪਰੇਟਸ ਹੈ, ਉਹ ਸਾਰਾ ਕਾਂਗਰਸ ਦੇ ਮਗਰ ਲਗਾਇਆ ਹੋਇਆ ਹੈ। ਇੰਨਾ ਇਨ੍ਹਾਂ ਨੂੰ ਕੀ ਡਰ ਲੱਗਿਆ ਹੈ। ਇੰਨਾ ਵੀ ਇਨ੍ਹਾਂ ਨੂੰ ਕੀ ਡਰ ਲੱਗਿਆ ਸੀ ਕਿ ਇਹ ਪਤਾ ਕਰਦੇ ਹਨ ਕਿ ਆਪਸ ਵਿੱਚ ਅਸੀਂ ਉਥੇ ਕੀ ਗੱਲ ਕਰਦੇ ਹਾਂ। ਇਹ ਆਪ ਕਹਿ ਰਹੇ ਹਨ। ਸਪੀਕਰ ਸਾਹਿਬ,

[ਸ੍ਰੀ ਸੁਨੀਲ ਜਾਖੜ]
ਦਿਲ ਦੀ ਗੱਲ ਕਿਤੇ ਨਾ ਕਿਤੇ ਜ਼ਬਾਨ ਤੇ ਆ ਜਾਂਦੀ ਹੈ। ਇਨ੍ਹਾਂ ਨੇ ਪੰਜਾਬ ਦੀ ਜਾਂ ਲੋਕਾਂ ਦੀ ਗੱਲ ਨਹੀਂ ਕਰਨੀ। ਇਹ ਕਹਿੰਦੇ ਹਨ ਕਿ ਮੈਨੂੰ ਸੁਆਦ ਨਹੀਂ ਆਉਣਾ। ਇਹ ਤਾਂ ਸੁਆਦ ਭਾਲਦੇ ਫਿਰਦੇ ਹਨ। ਇਹ ਕਹਿੰਦੇ ਹਨ ਕਿ ਮੈਨੂੰ ਸੁਆਦ ਨਹੀਂ ਆਉਣਾ। ਆਪਾਂ ਸੁਆਦ ਦੀ ਗੱਲ ਨਾ ਕਰੀਏ, ਜਿਹੜੀਆਂ ਕੌੜੀਆਂ ਗੱਲਾਂ ਹਨ, ਲੋਕਾਂ ਦੀਆਂ ਜੋ ਭਾਵਨਾਵਾਂ ਹਨ, ਇਹ ਉਨ੍ਹਾਂ ਦੀ ਗੱਲ ਕਰਨ।

ਮਾਨਯੋਗ ਸਪੀਕਰ : ਮੁੱਖ ਮੰਤਰੀ ਜੀ ਜਵਾਬ ਦੇਣਗੇ ।

ਸ੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਆਪਾਂ ਗੱਲ ਨੂੰ ਨਾ ਰੋਲੀਏ। ਇਨ੍ਹਾਂ ਨੂੰ ਕਿਹੜੇ ਸੋਰਸ ਰਾਹੀਂ ਪਤਾ ਲੱਗਾ? ਇਨ੍ਹਾਂ ਨੂੰ ਕਿਵੇਂ ਪਤਾ ਲੱਗਾ ਕਿ ਸੀ. ਐਲ. ਪੀ. ਆਫਿਸ ਵਿੱਚ ਕੀ ਗੱਲ ਹੁੰਦੀ ਹੈ ਤੇ ਆਪਸ ਵਿੱਚ ਅਸੀਂ ਕੀ ਗੱਲ ਕਰਦੇ ਹਾਂ? ਉਸ ਦਾ ਇਨ੍ਹਾਂ ਨੂੰ ਕਿਵੇਂ ਪਤਾ ਲੱਗਿਆ, ਉਸ ਬਾਰੇ ਇਹ ਦੱਸਣ ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਜਾਖੜ ਸਾਹਿਬ ਨੂੰ ਬੇਨਤੀ ਹੈ ਕਿ ਜਿਵੇਂ ਸੀ. ਐਮ. ਸਾਹਿਬ ਕਹਿ ਰਹੇ ਹਨ ਕਿ ਤੁਸੀਂ ਸਾਡੀ ਡਿਬੇਟ ਸੁਣਨੀ ਹੀ ਨਹੀਂ ਤੇ ਇਸ ਦਾ ਮਤਲਬ ਇਹ ਹੈ ਕਿ ਅੱਗੇ ਤੋਂ ਆਪਾਂ ਡਿਬੇਟ ਹੀ ਨਾ ਕਰਵਾਇਆ ਕਰੀਏ। ਵੰਨ ਸਾਈਡਿਡ ਡਿਬੇਟ ਤਾਂ ਹੋ ਨਹੀਂ ਸਕਦੀ। ਜਾਂ ਤਾਂ ਫੈਸਲਾ ਕਰ ਲਓ ਕਿ ਕੇਵਲ ਤੁਸੀਂ ਹੀ ਬੋਲਣਾ ਹੈ ਤੇ ਸਾਡੇ ਟਾਈਮ ਵਿੱਚ ਤੁਸੀਂ ਚਲੇ ਜਾਣਾ ਹੈ। ਤੁਸੀਂ ਸਪੀਕਰ ਸਾਹਿਬ ਕੋਲ ਰੋਜ਼ ਕੋਈ ਨਾ ਕੋਈ ਇਸ਼ੂ ਲੈ ਕੇ ਚਲੇ ਜਾਂਦੇ ਹੋ ਕਿ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਡਿਸਕਸ਼ਨ ਵੰਨ ਸਾਈਡਿਡ ਨਹੀਂ ਹੋ ਸਕਦੀ। ਡਿਸਕਸ਼ਨ ਵਾਸਤੇ ਦੋਨਾਂ ਪਾਸੇ ਤੋਂ ਅਪਰਚੂਨਿਟੀ ਮਿਲਣੀ ਚਾਹੀਦੀ ਹੈ। Have patience. ਜੋ ਬਾਦਲ ਸਾਹਿਬ ਨੇ ਕਿਹਾ ਹੈ, ਸੁਣ ਕੇ if you walk-out as you mostly do, ਕਰੋ। ਜੇ ਇੰਨੀ ਕਰਟਸੀ ਤੁਹਾਨੂੰ ਅਸੀਂ ਐਕਸਟੈਂਡ ਕੀਤੀ ਹੈ ਤਾਂ at least basic courtesy should be extended to the Leader of the House.

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਇੱਕ ਬਹੁਤ ਹੀ ਅਹਿਮ ਤੇ ਗੰਭੀਰ ਮਸਲਾ ਹੈ। ਮੇਰੇ ਇਲਾਕੇ ਖਰੜ ਵਿੱਚ ਪਿੰਡ ਮੀਆਂਪੁਰ ਚੰਗੜ, ਅਭੀਪੁਰ, ਕੁੱਬਾਹੇੜੀ, ਖਿਜਰਾਬਾਦ, ਲੁਭਾਣਾਗੜ੍ਹ, ਸੈਣੀਮਾਜਰਾ ਪੈਂਦੇ ਹਨ ਅਤੇ ਇਨ੍ਹਾਂ ਪਿੰਡਾਂ ਦੀ ਸੈਂਕੜੇ ਏਕੜ ਸ਼ਾਮਲਾਤ ਜ਼ਮੀਨ ਤੋਂ ਰੇਤ ਮਾਫੀਆ ਦਿਨ ਰਾਤ ਰੇਤਾ ਕੱਢ ਰਿਹਾ ਹੈ। ਮੈਂ ਪਿੰਡ ਮੀਆਂਪੁਰ ਚੰਗੜ ਗਿਆ। ਮੈਨੂੰ ਉਥੋਂ ਦਾ ਸਰਪੰਚ ਕਹਿੰਦਾ ਹੈ ਕਿ ਐਮ. ਐਲ. ਏ. ਸਾਹਿਬ ਅਸਤੀਫਾ ਫੜੋ। ਸਾਡੀ ਕੋਈ ਨਹੀਂ ਚਲਦੀ। ਮਾਈਨਿੰਗ ਵਿਭਾਗ, ਜ਼ਿਲ੍ਹਾ ਪ੍ਰਸ਼ਾਸਨ, ਪੰਜਾਬ ਸਰਕਾਰ ਸਾਰੇ ਰਲ ਕੇ ਇੱਥੇ ਟੋਏ ਪੁੱਟ ਕੇ ਰੇਤ ਕੱਢ ਰਹੇ ਹਨ। ਮੈਂ ਵਿਧਾਨ ਸਭਾ ਵਿੱਚ ਸਵਾਲ 1207 ਨੰਬਰ ਲਗਾਇਆ ਤੇ ਉਸ ਸਵਾਲ ਦੀ ਐਕਸਟੈਨਸ਼ਨ ਦੇ ਦਿੱਤੀ ਗਈ। ਸਵਾਲ ਲੱਗਣ ਸਾਰ ਹੀ ਕਰੈਸ਼ਰ ਬੰਦ ਹੋ ਗਏ। ਤਿੰਨ ਦਿਨ ਦੇ ਕਰੈਸ਼ਰ ਬੰਦ ਪਏ ਹਨ ਤੇ ਪਰਸੋਂ ਫਿਰ ਚਾਲੂ ਹੋ ਜਾਣੇ ਹਨ। ਹਾਹਾਕਾਰ ਮਚੀ ਪਈ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਰਾ ਇਲਾਕਾ ਸੜਕਾਂ ਤੇ ਉਤਰਨ ਵਾਸਤੇ ਤਿਆਰ

ਪਿਆ ਹੈ। ਜੇ ਕੋਈ ਉਥੇ ਕਾਰਵਾਈ ਨਾ ਕੀਤੀ ਤਾਂ ਉਥੇ ਲਾਅ ਐਂਡ ਆਰਡਰ ਦੀ ਪਰਾਬਲਮ ਹੋ ਸਕਦੀ ਹੈ। ਉਥੇ 45 ਕਰੈਸ਼ਰ ਬਿਨਾਂ ਲਾਇਸੰਸ ਤੋਂ, ਬਿਨਾਂ ਮਨਜ਼ੂਰੀ ਤੋਂ ਚੱਲ ਰਹੇ ਹਨ ਤੇ ਉਹ ਕਿਸ ਦੀ ਅਗਵਾਈ ਥੱਲੇ ਚੱਲ ਰਹੇ ਹਨ। ਇਹ ਸਰਪ੍ਰਸਤੀ ਇੰਡਸਟਰੀ ਮਹਿਕਮੇ ਦੀ ਹੈ, ਮਾਈਨਿੰਗ ਡਿਪਾਰਟਮੈਂਟ ਦੀ ਹੈ । (ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਸਾਰੇ ਪਿੰਡਾਂ ਦੇ ਲੋਕ ਦੁਖੀ ਹੋਏ ਪਏ ਹਨ। ਸਾਰੀਆਂ ਸ਼ਾਮਲਾਤ ਜ਼ਮੀਨਾਂ ਨੂੰ ਪੁੱਟ ਪੁੱਟ ਕੇ ਉਨ੍ਹਾਂ ਦਾ ਬੁਰਾ ਹਾਲ ਕਰ ਦਿੱਤਾ ਹੈ। ਸੀ. ਐਮ. ਸਾਹਿਬ ਇਸ ਬਾਰੇ ਬਿਆਨ ਦੇਣ ਕਿ ਇਸ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਦੇਖੋ ਡੈਮੋਕਰੇਸੀ ਹੈ। ਜੇ ਆਪਾਂ ਹੁਣ ਆਖ ਦੇਈਏ ਕਿ ਤੁਹਾਡੀ ਗੱਲ ਅਸੀਂ ਨਹੀਂ ਸੁਣਨੀ ਤੇ ਸਾਡੀ ਗੱਲ ਤੁਸੀਂ ਨਹੀਂ ਸੁਣਨੀ, can the House be run ? ਕੀ ਇਹ ਪਾਰਲੀਮੈਂਟਰੀ ਸਿਸਟਮ ਹੈ। ਸਾਡੇ ਤੋਂ ਤਾਂ ਤੁਸੀਂ ਐਕਸਪੈਕਟ ਕਰਦੇ ਹੋ ਕਿ ਹਰ ਚੀਜ਼ ਦਾ ਜਵਾਬ ਦੇਈਏ ਤੇ ਤਸੱਲੀਬਖਸ਼ ਜਵਾਬ ਦੇਈਏ ਪਰ ਤੁਸੀਂ ਤਾਂ ਗੱਲ ਸੁਣਨ ਨੂੰ ਹੀ ਤਿਆਰ ਨਹੀਂ। ਤੁਸੀਂ ਸਿਆਣੇ ਸਿਆਣੇ ਬੰਦੇ ਦਸ ਮਿੰਟ ਲਈ ਬੈਠ ਜਾਓ। ਨਵੇਂ ਸ਼ੁਰਲੇ ਵਾਲਿਆਂ ਨੂੰ ਨਾ ਸੱਦਿਓ। ਗੱਲ ਮੇਰੀ ਇਹ ਹੈ ਕਿ ਬਾਈਕਾਟ ਨਾ ਕਰੋ। ਇਹ ਮੇਰੀ ਬੇਨਤੀ ਹੈ। ਤੁਸੀਂ ਨਹੀਂ ਮੰਨਣੀ ਤਾਂ ਨਾ ਮੰਨੋ, ਤੁਹਾਡੀ ਮਜਬੂਰੀ ਹੈ, ਠੀਕ ਹੈ ਫਿਰ। ਇਹ ਤਾਂ ਹੁਣ ਪ੍ਰੈਸ ਜਾਣੇ, ਦੇਸ਼ ਜਾਣੇ, ਪੰਜਾਬ ਜਾਣੇ ਕਿ ਕਾਂਗਰਸ ਮੈਦਾਨ ਛੱਡ ਗਈ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ .....

ਮਾਨਯੋਗ ਸਪੀਕਰ : ਨਹੀਂ ਜੀ, ਮੈਂ ਕਿਹਾ ਜੀ ਕਿ ਕਿਸੇ ਨੂੰ ਕੰਪੈਲ ਨਹੀਂ ਕੀਤਾ ਜਾ ਸਕਦਾ....(ਵਿਘਨ).... ਕੰਗ ਜੀ, ਬੈਠ ਜਾਓ, please sit down. ਕੰਗ ਸਾਹਿਬ, ਬੈਠ ਜਾਓ, ਤੁਹਾਡਾ ਪੁਆਇੰਟ ਆ ਗਿਆ ਹੈ।

ਸਰਦਾਰ ਜਗਮੋਹਨ ਸਿੰਘ ਕੰਗ : ਹੁਣ ਕਰੈਸ਼ਰ ਬੰਦ ਹੋ ਗਏ ਹਨ ਪਰ ਸੈਸ਼ਨ ਖਤਮ ਹੋਣ ਤੋਂ ਬਾਅਦ ਫਿਰ ਚੱਲ ਪੈਣੇ ਹਨ .....(ਵਿਘਨ)....

ਮਾਨਯੋਗ ਸਪੀਕਰ : ਕੰਗ ਸਾਹਿਬ ਬੈਠ ਜਾਓ, please sit down, ਤੁਹਾਡਾ ਪੁਆਇੰਟ ਆ ਗਿਆ ਹੈ। Your point has come, ਬੈਠ ਜਾਓ, ਪਲੀਜ਼।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਪਿੰਡ ਸੁਰੱਈਆ ਹੈ, ਜਿਸ ਦੀ 80 ਪ੍ਰਤੀਸ਼ਤ ਆਬਾਦੀ ਗਰੀਬਾਂ ਦੀ, ਬੈਕਵਰਡ ਕਲਾਸਿਜ਼ ਅਤੇ ਹਰੀਜਨ ਵੀਰਾਂ ਦੀ ਹੈ, ਐਸ.ਸੀ. ਕਲਾਸਿਜ਼ ਦੀ ਹੈ। ਜਿਆਨੀ ਸਾਹਿਬ, ਤੁਹਾਡੇ ਧਿਆਨ ਦੇਣ ਦੀ ਲੋੜ ਹੈ। 80 ਪ੍ਰਤੀਸ਼ਤ ਗਰੀਬ ਹੋਣ ਦੇ ਨਾਤੇ, ਉਥੇ 100 ਕੁ ਬੰਦਾ ਪੀਲੀਏ ਦੀ ਬਿਮਾਰੀ ਨਾਲ ਬਿਮਾਰ ਪਿਆ ਹੈ। ਇੱਕ ਰਾਜੂ ਮਸੀਹ ਗਰੀਬ ਮਰ ਗਿਆ ਹੈ। 20-25 ਦੀ ਹਾਲਤ ਬੜੀ ਚਿੰਤਾਜਨਕ ਹੈ.

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]
ਸੀਰੀਅਸ ਹਨ। ਮੈਂ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਉਥੋਂ ਦਾ ਪਾਣੀ ਬਹੁਤ ਗੰਦਾ ਹੈ, ਨਲਕਿਆਂ ਦਾ ਪਾਣੀ ਬਹੁਤ ਗੰਦਾ ਹੈ। ਇਸ ਦਾ ਇੰਤਜ਼ਾਮ ਕੀਤਾ ਜਾਵੇ ਅਤੇ ਗਰੀਬਾਂ ਦੇ ਇਲਾਜ ਵਾਸਤੇ ਡਾਕਟਰਾਂ ਦੀਆਂ ਟੀਮਾਂ ਭੇਜੀਆਂ ਜਾਣ।

Mr. Speaker : Thank you. ਕੋਟਲੀ ਜੀ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਬਹੁਤ ਹੀ ਅਹਿਮ ਮਸਲੇ ਬਾਰੇ, ਜਿਹੜਾ ਲੋਕਾਂ ਦੇ ਹਿਤਾਂ ਨਾਲ ਜੁੜਿਆ ਹੋਇਆ ਹੈ, ਸਰਕਾਰ ਦਾ ਅਤੇ ਮੁੱਖ ਮੰਤਰੀ ਜੀ ਅਤੇ ਸਾਡੇ ਲੋਕਲ ਬਾਡੀਜ਼ ਮਨਿਸਟਰ ਜਿਹੜੇ ਇਸ ਸਮੇਂ ਹਾਊਸ ਵਿੱਚ ਨਹੀਂ ਹਨ, ਉਨ੍ਹਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਦੋ ਪਿੰਡ ਨੂਰਪੁਰ ਬੇਦੀ ਅਤੇ ਸੈਣੀ ਮਾਜਰਾ, ਬਲਾਕ ਨੂਰਪੁਰ ਬੇਦੀ ਅਤੇ ਜ਼ਿਲ੍ਹਾ ਰੋਪੜ ਨੂੰ ਨਗਰ ਪੰਚਾਇਤ ਨੋਟੀਫਾਈਡ ਕੀਤਾ ਗਿਆ ਹੈ। ਬੜੇ ਲੰਬੇ ਸਮੇਂ ਤੋਂ ਲੋਕਾਂ ਦਾ ਸੰਘਰਸ਼ ਚੱਲਿਆ ਆ ਰਿਹਾ ਹੈ। ਇਸ ਨੂੰ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਵੀ ਦਰਜ ਕਰਵਾਇਆ ਜਾ ਸਕਦਾ ਹੈ ਕਿ ਇੰਨਾ ਲੰਬਾ ਲੋਕਾਂ ਦਾ ਸੰਘਰਸ਼ ਹੋ ਚੁੱਕਿਆ ਹੈ। ਪਰ ਸਰਕਾਰ ਨੂੰ ਅਜੇ ਤੱਕ ਉਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਜਾਂ ਪਤਾ ਨਹੀਂ ਹੈ। ਦੋਨੋਂ ਪਿੰਡ ਜਿਹੜੇ ਹਨ, ਉਨ੍ਹਾਂ ਦੀਆਂ ਮਹਿਲਾਵਾਂ ਵੀ ਅਤੇ ਬੱਚੇ ਵੀ ਧਰਨੇ ਮੁਜ਼ਾਹਰੇ ਕਰ ਰਹੇ ਹਨ। ਬੇਵਜ੍ਹਾ ਉਥੇ ਨਗਰ ਪੰਚਾਇਤ ਬਣਾ ਦਿੱਤੀ ਗਈ ਹੈ। 90 ਫੀਸਦੀ ਲੋਕਾਂ ਨੇ, ਮੇਰੇ ਕੋਲ ਪੂਰਾ ਰਿਕਾਰਡ ਹੈ, ਬਕਾਇਦਾ ਤੌਰ ਤੇ ਦਸਤਖਤ ਕਰਕੇ ਉਥੋਂ ਦੇ ਲੋਕਾਂ ਨੇ ਇਹ ਮੰਗ ਕੀਤੀ ਹੈ ਕਿ ਉਸ ਨੂੰ ਡੀਨੋਟੀਫਾਈ ਕੀਤਾ ਜਾਵੇ। ਸਰਕਾਰ ਨੂੰ ਇਸ ਦਾ ਜ਼ਰੂਰ ਜਵਾਬ ਦੇਣਾ ਚਾਹੀਦਾ ਹੈ ਕਿਉਂਕਿ ਇਹ ਲੋਕਾਂ ਦੇ ਹਿਤਾਂ ਨਾਲ ਜੁੜਿਆ ਹੋਇਆ ਮਸਲਾ ਹੈ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ। ਨਗਰ ਪੰਚਾਇਤ ਭੰਗ ਕਰਕੇ ਦੁਬਾਰਾ ਪੰਚਾਇਤਾਂ ਨੂੰ ਬਣਾਇਆ ਜਾਵੇ। ਇਹ ਮੇਰੀ ਤੁਹਾਡੇ ਰਾਹੀਂ ਪੁਰਜ਼ੋਰ ਮੰਗ ਹੈ।

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਮੇਰੇ ਹਲਕੇ ਦਾ ਮਸਲਾ ਹੈ। ਮੈਂ ਵੀ ਦੋ ਲਾਈਨਾਂ ਕਹਿਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਚੀਮਾ ਸਾਹਿਬ, ਦੱਸੋ ਤੁਸੀਂ ਵੀ।

ਡਾਕਟਰ ਦਲਜੀਤ ਸਿੰਘ ਚੀਮਾ : ਮਾਨਯੋਗ ਸਪੀਕਰ ਸਾਹਿਬ, ਬੇਨਤੀ ਹੈ ਕਿ ਜਿਹੜੀ ਉਥੇ ਨਗਰ ਪੰਚਾਇਤ ਬਣਾਈ ਗਈ ਹੈ, ਦੋਹਾਂ ਪੰਚਾਇਤਾਂ ਨੇ ਸਰਬਸੰਮਤੀ ਦੇ ਨਾਲ ......

ਮਾਨਯੋਗ ਸਪੀਕਰ : ਜਵਾਬ ਦੇਣ ਦੀ ਲੋੜ ਨਹੀਂ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਨਹੀਂ ਜੀ, ਮੈਂ ਕਲੀਅਰ ਕਰ ਦੇਵਾਂ, ਇਹ ਮੇਰੇ ਹਲਕੇ ਦਾ ਮਸਲਾ ਹੈ। ਇਨ੍ਹਾਂ ਦਾ ਹਲਕਾ ਨਹੀਂ, ਇਹ ਮੇਰੇ ਹਲਕੇ ਦਾ ਮਸਲਾ ਹੈ। ਉਨ੍ਹਾਂ ਨੇ ਇਸ਼ੂ ਰੇਜ਼ ਕੀਤਾ ਹੈ, ਮੈਂ ਵੀ ਹਾਊਸ ਨੂੰ ਦੱਸ ਦੇਵਾਂ ਕਿ ਐਕਚੁਅਲ ਪੁਜੀਸ਼ਨ ਕੀ ਹੈ। ਦੋਹਾਂ ਇਲੈਕਟਿਡ ਪੰਚਾਇਤਾਂ ਨੇ ਸਰਬਸੰਮਤੀ ਦੇ ਨਾਲ ਮਤਾ ਪਾਸ ਕਰਕੇ ਸਰਕਾਰ ਨੂੰ ਬੇਨਤੀ ਕੀਤੀ ਸੀ, ਮੁੱਖ ਮੰਤਰੀ ਸਾਹਿਬ ਦੇ ਕੋਲ ਸੰਗਤ ਦਰਸ਼ਨ ਵਿੱਚ ਆ ਕੇ ਵੀ ਬੇਨਤੀ ਕੀਤੀ ਸੀ। ਸਰਕਾਰ ਨੇ ਪੂਰੀ ਕਾਰਵਾਈ ਮੁਕੰਮਲ ਕਰਕੇ ਨਗਰ ਪੰਚਾਇਤ ਬਣਾਈ ਹੈ। ਰੌਲਾ ਉਥੇ ਇਹ ਹੈ ਕਿ ਨਗਰ ਪੰਚਾਇਤ ਬਣਨ ਤੋਂ ਬਾਅਦ 1 ਕਰੋੜ 87 ਲੱਖ ਰੁਪਏ ਦੇ ਕੰਮ ਸ਼ੁਰੂ ਹੋ ਗਏ ਹਨ। ਉਹ ਜਿਹੜਾ ਪਿੰਡ ਹੈ, ਜਿਹੜੇ ਮੇਰੇ ਖਿਲਾਫ ਕਾਂਗਰਸ ਪਾਰਟੀ ਦੇ ਆਗੂ ਇਲੈਕਸ਼ਨ ਲੜੇ ਸੀ, ਉਨ੍ਹਾਂ ਦਾ ਹੈ। ਇਸ ਕਰਕੇ ਉਨ੍ਹਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ। ਉਥੇ ਲੋਕ ਸੰਤੁਸ਼ਟ ਹਨ। ਇਸ ਕਰਕੇ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ 1 ਕਰੋੜ 87 ਲੱਖ ਰੁਪਏ ਦੇ ਕੰਮ ਉਸ ਨਗਰ ਪੰਚਾਇਤ ਵਿੱਚ ਸ਼ੁਰੂ ਹੋਏ ਹਨ।

ਮਾਨਯੋਗ ਸਪੀਕਰ : ਨਾਗਰਾ ਜੀ, ਤੁਸੀਂ ਦੱਸੋ ਕੀ ਕਹਿਣਾ ਚਾਹੁੰਦੇ ਹੋ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ .....

ਮਾਨਯੋਗ ਸਪੀਕਰ : ਨਹੀਂ ਜੀ, ਤੁਹਾਡਾ ਪੁਆਇੰਟ ਆ ਗਿਆ ਹੈ। ਕੋਈ ਜ਼ਰੂਰੀ ਨਹੀਂ ਕਿ ਇਸ ਦਾ ਜਵਾਬ ਦਿੱਤਾ ਜਾਵੇ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਸਦਨ ਦਾ ਅਤੇ ਮੁੱਖ ਮੰਤਰੀ ਸਾਹਿਬ ਦਾ ਧਿਆਨ ਖਾਸ ਤੌਰ ਤੇ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਹਿੰਦੁਸਤਾਨ ਟਾਈਮਜ਼ ਅਖਬਾਰ ਵਲੋਂ ਪਹਿਲੇ ਪੰਨੇ ਦੇ ਉਤੇ ਖਬਰ ਛਪੀ ਹੈ। ਮੁੱਖ ਮੰਤਰੀ ਸਾਹਿਬ ਤੇ ਉਨ੍ਹਾਂ ਦੇ ਪਿਛੇ ਬੈਠੇ ਸਾਡੇ ਭਰਾ ਮਜੀਠੀਆ ਸਾਹਿਬ ਅਕਸਰ ਸਦਨ ਵਿਚ ਅਖਬਾਰਾਂ ਲੈ ਕੇ ਆਉਂਦੇ ਹਨ। ਆਹ ਅਖਬਾਰ ਵੇਖ ਲਵੋ (ਅਖਬਾਰ ਲਹਿਰਾਉਂਦੇ ਹੋਏ), ਅੱਜ ਇਸ ਅਖਬਾਰ ਵਿਚ ਛਪਿਆ ਹੈ ਕਿ ਅਕਾਲੀ ਦਲ ਨੇ ਫਤਹਿਗੜ੍ਹ ਸਾਹਿਬ ਵਿਖੇ ਜਿਸ ਵਿਅਕਤੀ ਨੂੰ ਟਿਕਟ ਦਿੱਤੀ ਹੈ..

Mr. Speaker : No, ਨਹੀਂ ਜੀ। ਨਹੀਂ ਜੀ। No no. ਹਾਂ ਜੀ, ਵੜਿੰਗ ਜੀ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਨਾਗਰਾ ਜੀ, ਤੁਸੀਂ ਉਸ ਨੂੰ ਹਰਾਉਣ ਦੀ ਕੋਸ਼ਿਸ਼ ਕਰਿਉ, ਹੋਰ ਗੱਲਾਂ ਛੱਡ ਦਿਉ। ....(ਵ੍ਹਿਘਨ)....

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਜਿਸ ਨੂੰ ਟਿਕਟ ਦਿੱਤੀ ਹੈ, ਉਸ ਵਿਅਕਤੀ ਦੇ ਖਿਲਾਫ਼ ਸਰਦਾਰ ਸੁਖਬੀਰ ਸਿੰਘ ਬਾਦਲ ..(ਵਿਘਨ)...

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਮੈਂ ਮੰਗ ਕਰਦਾ ਹਾਂ ਕਿ ਨਾਗਰਾ ਜੀ ਦੀ ਫਤਿਹਗੜ੍ਹ ਸਾਹਿਬ ਵਿਖੇ ਡਿਊਟੀ ਲਗਾ ਦਿਤੀ ਜਾਵੇ।

ਮਾਨਯੋਗ ਸਪੀਕਰ: ਹਾਂ ਜੀ, ਡਿਪਟੀ ਸੀ.ਐਮ.ਸਾਹਿਬ..

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ..

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਪਹਿਲਾਂ ਮੈਨੂੰ ਗੱਲ ਪੂਰੀ ਕਰ ਲੈਣ ਦਿਉ। ਸਪੀਕਰ ਸਾਹਿਬ, ਇਸ ਅਖਬਾਰ ਵਿਚ ਇਹ ਲਿਖਿਆ ਹੈ ਕਿ ਲੋਕ ਸਭਾ ਦੇ ਵਿਚ ਉਸ ਵਿਅਕਤੀ ਦੇ ਖਿਲਾਫ਼ ਸਾਡੇ ਮਾਨਯੋਗ ਢੀਂਡਸਾ ਸਾਹਿਬ ਨੇ ਜ਼ੀਰੋ ਆਵਰ ਵਿਚ ਇਕ ਮੁੱਦਾ ਉਠਾਇਆ ਕਿ ਉਸ ਵਿਅਕਤੀ ਨੂੰ ਉਸ ਮੌਕੇ ਦੇ ਉਤੇ..

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਬੈਠੋ। ਸਾਰਿਆਂ ਨੇ ਅਖਬਾਰ ਪੜ੍ਹ ਲਿਆ ਹੈ। ਮੈਂ ਕਿਹਾ ਨਹੀਂ ਜੀ, ਸਾਰਿਆਂ ਨੇ ਅਖਬਾਰ ਪੜ੍ਹ ਲਿਆ। ਤੁਸੀਂ ਬੈਠੋ। ਨਹੀਂ ਜੀ। ਵੜਿੰਗ ਸਾਹਿਬ, ਤੁਸੀਂ ਦੱਸੋ ...(ਵਿਘਨ)...

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ : ਭਰਾ ਤੂੰ ਡਿਊਟੀ ਸਾਂਭ ਫਤਿਹਗੜ੍ਹ ਸਾਹਿਬ, ਜਿਵੇਂ ਦਿੱਲੀ ਸਾਂਭੀ ਸੀ। ....(ਵਿਘਨ)....

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਇਕ ਮਿੰਟ ਮੈਂ ਦੱਸਣਾ ਚਾਹੁੰਦਾ ਹਾਂ ਕਿ ....(ਵਿਘਨ)....

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਉਸ ਕੈਂਡੀਡੇਟ ਦੇ ਖਿਲਾਫ, ਜਿਸ ਦੀ ਸੀ.ਬੀ.ਆਈ.ਨੂੰ ਇਨਕੁਆਰੀ ਦੇਣੀ ...(ਵਿਘਨ)....

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ....

ਮਾਨਯੋਗ ਸਪੀਕਰ : ਨਾਗਰਾ ਜੀ, ਤੁਸੀਂ ਬੈਠੋ। ਪਲੀਜ਼ ਤੁਸੀਂ ਬੈਠੋ। ਪਹਿਲਾਂ ਨਾਗਰਾ ਜੀ ਨੂੰ ਬੈਠ ਲੈਣ ਦਿਉ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਨਾਗਰਾ ਜੀ ਨੇ ਇਸ਼ੂ ਰੇਜ਼ ਕੀਤਾ ਹੈ। ਨਾਗਰਾ ਸਾਹਿਬ, ਤੁਸੀਂ ਹਿੰਦੁਸਤਾਨ ਟਾਈਮਜ਼ ਦੀ ਖਬਰ ਦਾ ਜ਼ਿਕਰ ਕੀਤਾ ਹੈ। ਐਕਚੁਅਲੀ ਉਦੋਂ ਤੁਸੀਂ ਪਹਿਲਾਂ ਫਤਿਹਗੜ੍ਹ ਸਾਹਿਬ ਨਹੀਂ ਹੁੰਦੇ ਸੀ ਤੇ ਤੁਸੀਂ ਸ਼ਾਇਦ ਨਵੇਂ ਨਵੇਂ ਆਏ ਹੋ, ਸ਼ਾਇਦ ਤੁਹਾਨੂੰ ਸਾਰੀ ਡਿਟੇਲ ਦਾ ਵੀ ਨਹੀਂ ਪਤਾ। ਤੁਸੀਂ ਜੇ ਡਿਟੇਲ ਦੇਖੋਗੇ, ਪਲੀਜ਼ ਮੇਰੀ ਡਿਟੇਲ ਤਾਂ ਸੁਣ ਲਵੋ। ....(ਵਿਘਨ).... ਤੁਹਾਡੀ ਸਰਕਾਰ ਨੇ ਇਹ ਪ੍ਰਾਜੈਕਟ ਸੈਂਕਸ਼ਨ ਕੀਤਾ। ....(ਵਿਘਨ).... ਇਕ ਮਿੰਟ। ਜਿਥੇ ਉਨ੍ਹਾਂ ਨੇ ਸੀ.ਐਲ.ਯੂ., ਈ.ਡੀ.ਸੀ., ਪਾਪਰਾ ਸਾਰਾ ਕੁਝ ਐਗਜ਼ੰਪਟ ਕਰ ਦਿੱਤਾ ਸੀ ਅਸੀਂ ਉਦੋਂ ਰੌਲਾ ਪਾਇਆ ਸੀ ਕਿ ਜਿਹੜਾ ਸੀ.ਐਲ.ਯੂ. ਤੇ

ਈ.ਡੀ.ਸੀ. ਹੈ, ਇਹ ਐਗਜ਼ੰਪਟ ਨਹੀਂ ਹੋਣਾ ਚਾਹੀਦਾ ਪਰ ਤੁਹਾਡੀ ਸਰਕਾਰ ਨੇ ਕਰ ਦਿੱਤਾ ਸੀ ਤੇ ਉਦੋਂ ਅਸੀਂ, ਇਹ ਪੁਆਇੰਟ ਰੇਜ਼ ਕੀਤਾ ਸੀ। ਸਾਡੀ ਸਰਕਾਰ 2008 ਵਿਚ ਬਣੀ ਤੇ ਅਸੀਂ ਸੀ.ਐਲ.ਯੂ. ਲਗਾਇਆ, ਈ.ਡੀ.ਸੀ ਲਗਾਇਆ ਤੇ ਇਸੇ ਕੰਪਨੀ ਨੂੰ 121 ਕਰੋੜ ਰੁਪਏ ਦਾ ਅਸੀਂ ਡਿਮਾਂਡ ਨੋਟਿਸ ਭੇਜਿਆ। (ਥੰਪਿੰਗ) ਉਸ ਤੋਂ ਬਾਅਦ ਕੰਪਨੀ ਹਾਈ ਕੋਰਟ ਗਈ, ਹਾਈ ਕੋਰਟ ਨੇ ਕਿਹਾ ਕਿਉਂਕਿ ਐਗਰੀਮੈਂਟ ਪ੍ਰੀਵੀਅਸ ਸਰਕਾਰ ਨੇ ਕੀਤਾ ਸੀ ਤੇ ਤੁਹਾਡੀ ਨੋਟੀਫਿਕੇਸ਼ਨ ਉਸ ਤੋਂ ਬਾਅਦ ਆਈ ਹੈ, you cannot charge them. We went in appeal before the Supreme Court. Supreme Court again held what the High Court said. Then we again went to Supreme Court through a Review Petition against this. ਇਸ ਕਰਕੇ ਤੁਹਾਡੀ ਜਿਹੜੀ ਨਾਲਿਜ ਹੈ ਉਹ ਘੱਟ ਹੈ, ਮੈਂ ਮੁਆਫੀ ਚਾਹੁੰਦਾ ਹਾਂ ਕਿ ਤੁਹਾਡੀ ਨਾਲਿਜ ਘੱਟ ਹੈ।

ਮਾਨਯੋਗ ਸਪੀਕਰ : ਹਾਂ ਜੀ, ਵੜਿੰਗ ਸਾਹਿਬ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਬੜਾ ਹੀ ਸੰਗੀਨ ਮੁੱਦਾ ਇਸ ਸਦਨ ਵਿਚ ਲਿਆਉਣਾ ਚਾਹੁੰਦਾ ਹਾਂ। ਡਿਪਟੀ ਮੁੱਖ ਮੰਤਰੀ ਸਾਹਿਬ ਨੇ ਬਹੁਤ ਵਾਰੀ ਕਿਹਾ ਹੈ ਕਿ ਕੋਈ ਵੀ ਐਫ.ਆਈ.ਆਰ. ਹੋਵੇ, ਵੈਨਡੇਟਾ ਪਾਲੇਟਿਕਸ ਹੋਵੇ, ਲਿਆਉ ਮੇਰੀ ਟੇਬਲ ਤੇ ਰੱਖੋ ਤੇ ਮੈਂ ਦਿਲ ਤੇ ਹੱਥ ਰੱਖ ਕੇ ਅਗਰ ਉਨ੍ਹਾਂ ਦਾ ਪੱਖ ਸਹੀ ਹੋਇਆਂ ਤਾਂ ਫੈਸਲਾ ਲਵਾਂਗਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਹਵਾਲਾ ਦੇ ਕੇ ਜਿਥੇ ਕੱਲ੍ਹ ਗਵਰਨਰ ਸਾਹਿਬ ਦੇ ਐਡਰੈਸ ਵਿਚ ਚੀਮਾ ਸਾਹਿਬ ਬੋਲ ਰਹੇ ਸੀ ਕਿ ਬਾਦਲ ਸਾਹਿਬ ਨੇ ਫੈਸਲਾ ਲਿਆ ਸੀ ਕਿ ਕਿਸੇ ਵੀ ਔਰਤ ਤੇ ਕੋਈ ਜ਼ੁਲਮ ਨਹੀਂ ਹੋਵੇਗਾ ਅਤੇ ਨਾ ਹੀ ਪੁਲਿਸ ਥਾਣਿਆਂ ਵਿੱਚ ਜਾਣਾ ਪਵੇਗਾ। ਐਫ.ਆਈ.ਆਰ. ਬਾਰੇ ਦੱਸਣ ਲੱਗਿਆ ਹਾਂ, ਡਿਪਟੀ ਮੁੱਖ ਮੰਤਰੀ ਸਾਹਿਬ, ਨੋਟ ਕਰਿਓ। ਇਸੇ ਸਾਲ 2014 ਦੀ ਐਫ.ਆਈ. ਆਰ. ਨੰ: 9, ਮਿਤੀ 18.1.2014 ਹੈ, ਇਹ ਦੌਲੇ ਪਿੰਡ ਦੀ ਘਟਨਾ ਹੈ।

Mr. Speaker : No, this is not an urgent matter.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਨਹੀਂ ਸਰ, ਐਸ.ਸੀ. ਔਰਤਾਂ ਤੇ ਆਰਮਜ਼ ਐਕਟ ਲਗਾ ਦਿੱਤਾ ਹੈ।

Mr. Speaker : No, this is not an urgent matter.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਇਸ ਕੇਸ ਵਿੱਚ ਦੋ ਐਸ.ਸੀ. ਔਰਤਾਂ ਹਨ।

Mr. Speaker : No, this is not an urgent matter.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਰ, ਦੋ ਐਸ.ਸੀ. ਔਰਤਾਂ ਤੇ ਆਰਮਜ਼ ਐਕਟ ਲਗਾ ਦਿੱਤਾ ਗਿਆ ਹੈ।

Mr. Speaker : No, sorry. Next Cheema ji. ....(interruptions)..... ਮੇਰੀ ਬੇਨਤੀ ਸੁਣ ਲਓ। The matter must be urgent and of public importance. ਜਿਹੜੇ ਮੈਟਰ ਦੀ ਤੁਸੀਂ ਗੱਲ ਕਰ ਰਹੇ ਹੋ, ਇਸ ਨੂੰ ਕਿੰਨਾ ਟਾਈਮ ਹੋ ਗਿਆ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਰ, ਇਹ ਡੇਢ ਮਹੀਨਾ ਪਹਿਲਾਂ ਦੀ ਗੱਲ ਹੈ। 18 ਤਰੀਕ, ਪਹਿਲਾ ਮਹੀਨਾ ਅਤੇ ਸਾਲ 2014 ਦਾ ਪਰਚਾ ਹੈ। ਜਨਵਰੀ ਮਹੀਨੇ ਵਿੱਚ ਦੌਲੇ ਪਿੰਡ ਦੀਆਂ ਦਲਿਤ ਔਰਤਾਂ ਤੇ ਅਸਲਾ ਐਕਟ ਲਗਾਇਆ ਗਿਆ ਹੈ। ਮੇਰੇ ਕੋਲ ਐਫ.ਆਈ.ਆਰ. ਦੀ ਕਾਪੀ ਹੈ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜੇਕਰ ਕੋਈ ਵੈਨਡੈੱਟਾ ਪਾਲੀਟਿਕਸ ਦਾ ਕੇਸ ਹੈ, ਤੁਸੀਂ ਮੈਨੂੰ ਦੱਸੋ। ਮਾਨਯੋਗ ਮੈਂਬਰ ਸਾਹਿਬ ਹਰ ਦੂਜੇ ਦਿਨ ਮੇਰੇ ਨਾਲ ਗੱਲ ਕਰਦੇ ਰਹਿੰਦੇ ਹਨ ਪਰ ਇਨ੍ਹਾਂ ਨੇ ਹਾਲੇ ਤੱਕ ਜ਼ਿਕਰ ਨਹੀਂ ਕੀਤਾ (ਹਾਸਾ) ਪਰ ਜੇਕਰ ਇਹ ਮੇਰੇ ਕੋਲ ਜ਼ਿਕਰ ਕਰ ਦਿੰਦੇ ਤਾਂ ਇਹ ਉਦੋਂ ਹੀ ਠੀਕ ਕਰਵਾ ਦਿੰਦਾ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸੁਖਬੀਰ ਜੀ, ਇਹ ਦੱਸੋ ਕਿ ਮੈਂ ਕਦੋਂ ਤੁਹਾਡੇ ਨਾਲ ਗੱਲ ਕਰਦਾ ਰਹਿੰਦਾ ਹਾਂ? ਸਾਡੇ ਤਾਂ ਅੱਗੇ ਹੀ ਕਹਿੰਦੇ ਹਨ ਕਿ ...(ਵਿਘਨ....ਸ਼ੋਰ).... ਗੱਲ ਤਾਂ ਕਰਨ ਦਿਓ। ਬਾਦਲ ਸਾਹਿਬ ਕਹਿ ਦਿੰਦੇ ਹਨ ਕਿ ਮੈਨੂੰ ਜਾਣਕਾਰੀ ਨਹੀਂ ਦਿੰਦੇ। ਕਿਰਪਾ ਕਰਕੇ ਇਹ ਸਦਨ ਦੀ ਜਾਣਕਾਰੀ ਵਿੱਚ ਲਿਆ ਦੇਣ ਕਿ ਅਸੀਂ ਕਦੋਂ ਇਨ੍ਹਾਂ ਨਾਲ ਗੱਲ ਕਰਦੇ ਰਹਿੰਦੇ ਹਾਂ? ਸਪੀਕਰ ਸਾਹਿਬ, ਇਹ ਦੱਸ ਦੇਣ? ਅੱਗੇ ਹੀ ਮੇਰੇ ਤੇ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਡਿਪਟੀ ਸੀ.ਐਮ. ਸਾਹਿਬ ਨੇ ਰਾਜਾ ਵੜਿੰਗ ਨੂੰ ਜਿਤਾਇਆ ਹੈ। .....(ਵਿਘਨ.....ਸ਼ੋਰ).... ਇਹ ਇਲਜ਼ਾਮ ਮੈਂ ਆਪਣੇ ਸਿਰ ਤੋਂ ਮਸਾਂ ਲਾਹਿਆ ਹੈ।

ਉਪ ਮੁੱਖ ਮੰਤਰੀ : ਮੈਂ ਤੁਹਾਨੂੰ ਛੋਟੇ ਭਰਾ ਵਾਂਗ ਮੰਨਦਾ ਹਾਂ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਜੇਕਰ ਭਰਾ ਮੰਨਦੇ ਹੋ, ਮੈਂ ਤੁਹਾਨੂੰ ਵੱਡਿਆਂ ਵਾਂਗ ਮੰਨਦਾ ਹਾਂ ....(ਵਿਘਨ...ਸ਼ੋਰ)...

ਮਾਨਯੋਗ ਸਪੀਕਰ : ਚੀਮਾ ਜੀ, ਤੁਸੀਂ ਦੱਸੋ।

ਸਰਦਾਰ ਨਵਤੇਜ ਸਿੰਘ ਚੀਮਾ : ਧੰਨਵਾਦ, ਸਪੀਕਰ ਸਾਹਿਬ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ।

ਮਾਨਯੋਗ ਸਪੀਕਰ : ਮੈਂਬਰ ਸਾਹਿਬ, ਠਹਿਰ ਜਾਓ। ਮੁੱਖ ਮੰਤਰੀ ਜੀ ਬੋਲਣ ਲੱਗੇ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਤਿੰਨ-ਚਾਰ ਸਵਾਲ ਆਏ ਹਨ। ਬਾਜਵਾ ਸਾਹਿਬ ਦਾ ਸਵਾਲ ਬੜਾ ਜਾਇਜ਼ ਹੈ। ਬਾਜਵਾ ਸਾਹਿਬ, ਮੈਂ ਕੱਲ੍ਹ ਹੀ ਡਾਕਟਰਾਂ ਦੀ ਅਤੇ ਪਬਲਿਕ ਹੈਲਥ ਦੀ ਟੀਮ ਭੇਜਾਂਗਾ ਤਾਂ ਕਿ ਤਕਲੀਫ਼ ਦੂਰ ਹੋ ਸਕੇ। ਦੂਜਾ ਰਾਜਾ ਸਾਹਿਬ ਦਾ ਸਵਾਲ ਹੈ। ਸੁਖਬੀਰ ਨੇ ਕਿਹਾ ਹੈ ਕਿ ਇਹ ਸੁਖਬੀਰ ਦਾ ਛੋਟਾ ਭਰਾ ਹੈ ਅਤੇ ਮੇਰਾ ਬੇਟਾ ਹੈ (ਹਾਸਾ) ਇਹ ਕਿਵੇਂ, ਗੱਲ ਸਮਝੋ। ਉਹ ਇਸ ਤਰ੍ਹਾਂ ਕਿ ਇਨ੍ਹਾਂ ਦੇ ਦਾਦਾ ਜੀ ਜਥੇਦਾਰ ਸੰਪੂਰਨ ਸਿੰਘ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਮੁਕਤਸਰ ਤੋਂ ਐਸ.ਜੀ.ਪੀ.ਸੀ. ਦੀ ਸੀਟ ਤੇ ਲੜੇ ਸੀ ਅਤੇ ਉਦੋਂ ਸਾਡਾ ਸਾਰਾ ਪਰਿਵਾਰ, ਮੈਂ, ਮੇਰੇ ਪਿਤਾ ਜੀ, ਅੰਕਲ ਜੀ ਸਾਰੇ ਗਏ ਸਨ ਅਤੇ ਉਨ੍ਹਾਂ ਨੂੰ ਜਿਤਾਇਆ ਸੀ। ਮੁਕਾਬਲਾ ਕਿਸ ਨਾਲ ਸੀ? ਹਰਚਰਨ ਸਿੰਘ ਬਰਾੜ ਨਾਲ। ਫੇਰ ਇਸ ਤੋਂ ਚੰਗਾ ਰਿਸ਼ਤਾ ਹੋਰ ਕਿਹੜਾ ਹੋ ਸਕਦਾ ਹੈ ਕਿ ਤੁਹਾਨੂੰ ਭਰਾ ਕਿਹਾ ਹੈ, ਮੇਰਾ ਤਾਂ ਤੂੰ ਪੋਤਾ ਹੈਂ। (ਹਾਸਾ) ਮੇਰੀ ਗੱਲ ਸੁਣ ਲਓ। ਅੱਜ ਇਹੀ ਰਹਿਣਾ ਹੈ, ਬਹਿਸ ਤਾਂ ਕੋਈ ਹੋਣੀ ਨਹੀਂ, ਇਹੋ ਜਿਹਾ ਹੀ ਸ਼ੁਗਲ ਰੱਖੋ। ਉਂਦਾਂ ਤਾਂ ਤੁਸੀਂ ਭੱਜ ਜਾਣਾ ਹੈ। (ਹਾਸਾ) ਚੌਧਰੀ ਸਾਹਿਬ ਨੇ ਦੱਸਿਆ ਕਿ ਸਾਡੀ ਸੀ.ਆਈ.ਡੀ. ਹੁੰਦੀ ਹੈ। ਨਹੀਂ ਜੀ, ਤੁਹਾਡੇ ਹੀ ਬੰਦੇ ਦੱਸਦੇ ਹਨ। ਮੈਂ ਤਾਂ ਕਿਸੇ ਦਾ ਨਾਂ ਨਹੀਂ ਲੈਣਾ। ਦੋ ਮਿੰਟ ਵਿੱਚ ਸਾਨੂੰ ਪਤਾ ਲੱਗ ਜਾਂਦਾ ਹੈ। ਇਸ ਲਈ ਕਿਉਂ ਸੀ.ਆਈ.ਡੀ. ਨੂੰ ਬਦਨਾਮ ਕਰਨਾ। ਸਾਨੂੰ ਸੀ.ਆਈ.ਡੀ. ਤੋਂ ਪਤਾ ਲੈਣ ਦੀ ਕੀ ਲੋੜ ਹੈ ?

ਸਰਦਾਰ ਨਵਤੇਜ ਸਿੰਘ ਚੀਮਾ : ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਮੈਂ ਤੁਹਾਡੇ ਜ਼ਰੀਏ ਡਿਪਟੀ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ..

ਮਾਨਯੋਗ ਸਪੀਕਰ : ਮੈਂਬਰ ਸਾਹਿਬ, ਮੇਰੀ ਗੱਲ ਸੁਣੋ। ਜ਼ੀਰੋ ਆਵਰ ਵਿੱਚ ਪੁੱਛਣਾ ਨਹੀਂ ਹੁੰਦਾ, ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਹੁੰਦਾ ਹੈ।

ਸਰਦਾਰ ਨਵਤੇਜ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਏਰੀਏ ਵਿੱਚ ਪਿੰਡ ਡਡਵਿੰਡੀ ਹੈ, ਉਥੇ ਕਬੱਡੀ ਟੂਰਨਾਮੈਂਟ 42 ਸਾਲਾਂ ਤੋਂ ਹੋ ਰਿਹਾ ਹੈ। ਸਰਕਾਰ ਇੱਕ ਪਾਸੇ ਕਰੋੜਾਂ ਰੁਪਏ ਖਰਚ ਕੇ ਹਰ ਸਾਲ ਕਬੱਡੀ ਟੂਰਨਾਮੈਂਟ ਕਰਵਾਉਂਦੀ ਹੈ। ਇਹ ਇਨ੍ਹਾਂ ਦਾ ਬਹੁਤ ਵਧੀਆ ਕਦਮ ਤੇ ਉਪਰਾਲਾ ਹੈ। ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਇਸ ਮਸਲੇ ਬਾਰੇ ਮਿਲਿਆ ਵੀ ਹਾਂ। ਅੱਜ ਸਾਡੇ ਉਸ ਟੂਰਨਾਮੈਂਟ ਤੇ ਰੋਕ ਲਗਾ ਦਿੱਤੀ ਗਈ ਹੈ ਕਿ ਕਾਂਗਰਸੀ ਇਸ ਕਬੱਡੀ ਟੂਰਨਾਮੈਂਟ ਨੂੰ ਕਰਵਾਉਂਦੇ ਹਨ। ਸਾਨੂੰ ਇਸ ਕੰਮ ਲਈ, ਸਿਰਫ ਇੱਕ ਪਿੰਡ ਦੇ ਟੂਰਨਾਮੈਂਟ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜਾਣਾ ਪਿਆ ਹੈ ਜੀ। ਹਾਈਕੋਰਟ ਤੋਂ ਜਦੋਂ ਸਾਨੂੰ ਪਰਮਿਸ਼ਨ ਮਿਲੀ ਤਾਂ ਫਿਰ ਅਸੀਂ ਆਪਣਾ ਉਹ ਟੂਰਨਾਮੈਂਟ ਕਰਵਾਇਆ ਹੈ। ਐਸ.ਡੀ.ਐਮ. ਨੇ ਉਹ ਟੂਰਨਾਮੈਂਟ ਇਸ ਕਰਕੇ ਰੋਕ ਦਿੱਤਾ ਕਿ ਉਥੇ ਨਵਤੇਜ ਚੀਮੇ ਨੇ ਜਾਣਾ ਹੈ ਜਾਂ ਕਾਂਗਰਸੀ ਇਸ ਟੂਰਨਾਮੈਂਟ ਨੂੰ ਕਰਵਾ ਰਹੇ ਹਨ। ਲਗਾਤਾਰ 42 ਸਾਲਾਂ ਤੋਂ ਇਹ ਚਲਦਾ ਆ ਰਿਹਾ ਹੈ। ਮੈਂ ਡਿਪਟੀ ਸੀ.ਐਮ. ਨੂੰ ਇੱਕ ਲਿਸਟ ਵੀ ਦਿੱਤੀ ਸੀ, 22

[ਸਰਦਾਰ ਨਵਤੇਜ ਸਿੰਘ ਚੀਮਾ]

ਇੰਟਰਨੈਸ਼ਨਲ ਪਲੇਅਰ ਉਸ ਪਿੰਡ ਨੇ ਪੈਦਾ ਕੀਤੇ ਹਨ। ਇਹ ਜਿਹੜੇ ਪਲੇਅਰ ਹਨ, ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪਲੇਅਰ ਕੌਮ ਦਾ ਸਰਮਾਇਆ ਹੁੰਦੇ ਹਨ, ਇਹੋ ਜਿਹੀ ਰੋਕ ਲਗਾਉਣੀ ਜਾਂ ਪਲੇਅਰਾਂ ਦੇ ਕੰਮ ਵਿੱਚ ਵਿਘਨ ਪਾਉਣਾ ਠੀਕ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਡਿਪਟੀ ਸੀ.ਐਮ. ਸਾਹਿਬ ਐਸ਼ਿਓਰ ਕਰਨ ਕਿ ਅੱਗੇ ਤੋਂ ਕਿਸੇ ਵੀ ਪਿੰਡ ਵਿੱਚ, ਚਾਹੇ ਕੋਈ ਵੀ ਖੇਡ ਟੂਰਨਾਮੈਂਟ ਕਰਵਾਵੇ; ਤਾਂ ਅਜਿਹਾ ਹੋਣ ਦੇਣਗੇ। ਧੰਨਵਾਦ ਜੀ।

ਮਾਨਯੋਗ ਸਪੀਕਰ: ਹਾਂ ਜੀ, ਡਿਪਟੀ ਸੀ.ਐਮ. ਸਾਹਿਬ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਇਹ ਮੇਰੀ ਨਾਲਿਜ ਵਿੱਚ ਨਹੀਂ ਹੈ। ਸੀ.ਐਮ. ਸਾਹਿਬ ਨਾਲ ਮੈਂ ਇਹ ਮਾਮਲਾ ਡਿਸਕਸ ਕਰਦਾ ਹਾਂ, ਇਹ ਮਾੜੀ ਗੱਲ ਹੋਈ ਹੈ। Let me find out, we will take necessary action on it.

ਮਾਨਯੋਗ ਸਪੀਕਰ: ਹਾਂ ਜੀ, ਸੇਖੜੀ ਸਾਹਿਬ।

ਸ਼੍ਰੀ ਅਸ਼ਵਨੀ ਸੇਖੜੀ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿੱਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੇ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਵੱਲੋਂ ਇੱਕ ਨੋਟੀਫਿਕੇਸ਼ਨ ਕੀਤੀ ਗਈ ਹੈ, ਜੋ ਕਿ ਇੱਕ ਫਰਵਰੀ ਤੋਂ ਲਾਗੂ ਕੀਤੀ ਗਈ ਹੈ, ਜਿਸ ਦੇ ਰਾਹੀਂ ਆਇਰਨ ਸਟੀਲ ਦੇ ਉਤੇ ਆਈ.ਟੀ.ਸੀ. ਬੰਦ ਕਰ ਦਿੱਤਾ ਗਿਆ ਹੈ ਅਤੇ 2.75% ਟੈਕਸ ਲਗਾ ਦਿੱਤਾ ਗਿਆ ਹੈ। ਪੰਜਾਬ ਦੀ ਆਇਰਨ ਸਟੀਲ ਇੰਡਸਟਰੀ ਜਿਹੜੀ ਹੈ, ਉਹ ਅੱਗੇ ਹੀ ਇਕਨਾਮਿਕ ਪਰੈਸ਼ਰ ਥੱਲੇ ਹੈ, ਇਸ ਨੋਟੀਫਿਕੇਸ਼ਨ ਨੇ ਤਾਂ ਬਿਲਕੁਲ ਹੀ ਇੰਡਸਟਰੀ ਬੰਦ ਕਰ ਦਿੱਤੀ ਹੈ। ਮੈਂ ਸਰਕਾਰ ਦਾ ਧਿਆਨ ਇਸ ਇੰਪੋਰਟੈਂਟ ਮੁੱਦੇ ਵੱਲ ਇਸ ਲਈ ਲਿਆਉਣਾ ਚਾਹੁੰਦਾ ਹਾਂ ਕਿ ਕਿਉਂਕਿ ਇਸ ਦੇ ਨਾਲ ਆਲਰੈਡੀ ਇੰਨੀ ਰਿਸਟ੍ਰਿਕਸ਼ਨ ਹੋ ਗਈ ਹੈ ਕਿ ਕੋਈ ਬੰਦਾ ਫਰੀਅਲੀ ਆਪਣੀ ਟਰੇਡ ਕਰ ਹੀ ਨਹੀਂ ਸਕਦਾ। ਮੈਂ ਚਾਹੁੰਦਾ ਹਾਂ ਕਿ ਇਸ ਨੋਟੀਫਿਕੇਸ਼ਨ ਨੂੰ ਵਾਪਸ ਲਿਆ ਜਾਵੇ ਤਾਂ ਕਿ ਜਿਹੜਾ ਆਈ.ਟੀ.ਸੀ. ਦਾ ਕਰੈਡਿਟ ਮਿਲਦਾ ਸੀ, ਵੈਟ ਦਾ ਬੇਸਿਕਲੀ ਸਿਧਾਂਤ ਜੋ ਸੀ, ਉਹ ਹੀ ਖਤਮ ਕਰ ਦਿੱਤਾ ਗਿਆ ਹੈ। ਇਸ ਨੋਟੀਫਿਕੇਸ਼ਨ ਨੂੰ ਵਾਪਸ ਲੈਣਾ ਚਾਹੀਦਾ ਹੈ ਤਾਂ ਜੋ ਆਇਰਨ ਸਟੀਲ ਇੰਡਸਟਰੀ ਸਾਹ ਲੈ ਸਕੇ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਜ਼ਿਕਰ ਕੀਤਾ ਹੈ, ਆਇਰਨ ਸਟੀਲ ਇੰਡਸਟਰੀ ਐਸੋਸੀਏਸ਼ਨ ਦੇ ਸਾਰੇ ਗਰੁੱਪ ਆਪ ਆਏ ਸੀ, ਉਨ੍ਹਾਂ ਦੀ ਸੁਜੈਸ਼ਨ ਤੇ ਅਸੀਂ ਅਜਿਹਾ ਕੀਤਾ ਹੈ। ਅਸੀਂ ਆਪ ਨਹੀਂ ਕੀਤਾ। ਉਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਯੂਨੈਨੀਮਸਲੀ ਕਿਹਾ, ਉਸ ਦੇ ਬਾਅਦ after doing it, they honoured me in the function. ਉਸ ਤੋਂ ਬਾਅਦ ਫੰਕਸ਼ਨ ਜਿਹੜਾ ਕੀਤਾ ਹੈ, ਉਹ ਉਨ੍ਹਾਂ ਨੇ ਕੀਤਾ ਹੈ।

ਸ਼੍ਰੀ ਮੁਹੰਮਦ ਸਦੀਕ : ਸਪੀਕਰ ਸਾਹਿਬ, ਧੰਨਵਾਦ। ਬੜੀ ਮਿਹਰਬਾਨੀ ਕਿ ਆਪ ਜੀ ਨੇ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੇਰੇ ਵਿਧਾਨ ਸਭਾ ਹਲਕੇ ਦਾ ਇੱਕ ਪਿੰਡ ਸ਼ਹਿਣਾ ਹੈ, ਜਿਸ ਦੀ ਅਬਾਦੀ 22000 ਦੀ ਹੈ ਔਰ ਉਥੇ ਤਿੰਨ ਵਾਰੀ ਪੰਚਾਇਤ ਨੇ ਮਤਾ ਪਾਇਆ ਹੈ। ਸਾਲ 2008 ਵਿੱਚ, ਸਾਲ 2012 ਵਿੱਚ ਅਤੇ ਹੁਣ ਸਾਲ 2014 ਵਿੱਚ ਵੀ ਮਤਾ ਪਾਇਆ ਹੈ ਪਰ ਉਸ ਨੂੰ ਨਗਰ ਪੰਚਾਇਤ ਨਹੀਂ ਬਣਾਇਆ ਜਾ ਰਿਹਾ। ਸਪੀਕਰ ਸਾਹਿਬ, ਮੇਰੇ ਇਲਾਕੇ ਦੇ ਨੇੜੇ ਪੰਜ ਪਿੰਡ ਰਾਮਪੁਰਾ ਫੂਲ ਦੇ ਹਨ ਜਿਹੜੇ ਕਿ ਚਿੜੀ ਦੇ ਪੌਂਚੇ ਜਿੰਨੇ ਹੀ ਹਨ ਪਰ ਉਨ੍ਹਾਂ ਦੀਆਂ ਨਗਰ ਪੰਚਾਇਤਾਂ ਬਣੀਆਂ ਹੋਈਆਂ ਹਨ। ਪੰਜ ਪਿੰਡ ਸਰਦਾਰ ਜਨਮੇਜਾ ਸਿੰਘ ਜੀ ਦਾ ਜਿਹੜਾ ਹਲਕਾ ਹੈ, ਉਸ ਦੇ ਹਨ। ਮੇਰੀ ਬੇਨਤੀ ਹੈ ਕਿ ਸਾਡੇ ਇਸ ਪਿੰਡ ਵਿੱਚ ਤਿੰਨ ਵਾਰੀ ਪੰਚਾਇਤ ਨੇ ਮਤਾ ਪਾਇਆ ਹੈ, ਕਿਰਪਾ ਕਰਕੇ ਇਸ ਪਿੰਡ ਦੇ ਉਤੇ ਸਵੱਲੀ ਨਜ਼ਰ ਪੈ ਜਾਵੇ ਤਾਂ ਬੜੀ ਮਿਹਰਬਾਨੀ ਹੋਵੇਗੀ। ਮੇਰੀ ਇੱਕ ਬੇਨਤੀ ਮੰਤਰੀ ਜੀ ਨੂੰ ਵੀ ਹੈ। ਦੂਜੀ ਗੱਲ ਇਹ ਹੈ ਕਿ...

ਮਾਨਯੋਗ ਸਪੀਕਰ : ਇੱਕੋ ਹੀ ਬੇਨਤੀ ਕਰ ਸਕਦੇ ਹੋ।

ਸ਼੍ਰੀ ਮੁਹੰਮਦ ਸਦੀਕ : ਇੱਕ ਸਾਡਾ ਪੂਰਾ ਇਲਾਕਾ ਸਾਲ 1960 ਦੇ ਵਿੱਚ........

ਮਾਨਯੋਗ ਸਪੀਕਰ : ਇੰਨਾ ਪੁਰਾਣਾ ਸਾਲ 1960 ਦਾ ਮੈਟਰ ਤੁਸੀਂ ਹੁਣ ਉਠਾਉਣ ਲੱਗੇ ਹੋ।

ਸ਼੍ਰੀ ਮੁਹੰਮਦ ਸਦੀਕ : ਮੇਰੀ ਬੇਨਤੀ ਹੈ ਕਿ ਸਾਡਾ ਇਹ ਇਲਾਕਾ ਸਾਲ 1960 ਦੇ ਵਿੱਚ ਸੇਮ ਦਾ ਇਲਾਕਾ ਗਿਣਿਆ ਗਿਆ ਸੀ ਤੇ ਉਸ ਦਾ ਪਾਣੀ ਬੰਦ ਕਰ ਦਿੱਤਾ ਗਿਆ ਹੈ। ਉਦੋਂ ਉਥੇ ਸੇਮ ਸੀ ਪਰ ਹੁਣ ਉਥੇ ਧਾਨ ਤੇ ਚਾਵਲ ਪੈਦਾ ਹੁੰਦਾ ਹੈ, ਚਾਵਲ ਦੀ ਅੱਛੀ ਫਸਲ ਹੁੰਦੀ ਹੈ ਲੇਕਿਨ ਉਥੇ ਪਾਣੀ ਫਿਰ ਵੀ 40% ਹੀ ਦਿੱਤਾ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਉਨ੍ਹਾਂ ਕਿਸਾਨਾਂ ਤੇ ਨਜ਼ਰੇ-ਕਰਮ ਕੀਤਾ ਜਾਵੇ। ਉਨ੍ਹਾਂ ਦੇ ਪਾਣੀ ਦਾ ਖਿਆਲ ਕੀਤਾ ਜਾਵੇ।

ਮਾਨਯੋਗ ਸਪੀਕਰ : ਠੀਕ ਹੈ ਜੀ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਵਿੱਚ ਇੱਕ ਗਰੀਬ ਪਰਿਵਾਰ ਦੀਆਂ 90 ਭੇਡਾਂ ਨੂੰ ਰਾਤ ਨੂੰ ਕੋਈ ਜੰਗਲੀ ਜਾਨਵਰ ਖਾ ਗਿਆ। ਜਦੋਂ ਮੁਹਾਲੀ ਦੇ ਵਿੱਚ ਖੇਤੀਬਾੜੀ ਸੰਮੇਲਨ ਚਲਦਾ ਸੀ, ਇਹ ਉਸ ਦਿਨ ਦੀ ਗੱਲ ਹੈ। ਉਸ ਦਾ ਬਹੁਤ ਵੱਡਾ ਲੌਸ ਹੋਇਆ ਹੈ। ਘੱਟੋ ਘੱਟ ਉਸ ਨੂੰ 7-8 ਲੱਖ ਰੁਪਏ ਦਾ ਲੌਸ ਹੋਇਆ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕੰਟੀਨਜੈਂਸੀ ਫੰਡ ਦੇ ਵਿੱਚੋਂ ਉਸ ਗਰੀਬ ਪਰਿਵਾਰ ਦੀ ਮਦਦ ਕੀਤੀ ਜਾਵੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜ਼ੀਰੋ ਆਵਰ ਵਿੱਚ ਉਠਾਉਣ ਵਾਲੇ ਮਸਲੇ ਬਹੁਤ ਹਨ ਪਰ ਮੈਂ ਕਰੰਟ ਇਸ਼ੂ ਚੁੱਕਣ ਵਾਲੀ ਗੱਲ ਕਰਾਂ। ਇਸ ਤੋਂ ਪਹਿਲਾਂ ਸਾਨੂੰ ਇਜ਼ਾਜ਼ਤ ਦਿਉ, ਡਿਪਟੀ ਸੀ.ਐਮ. ਸਾਹਿਬ ਵੀ ਇੱਥੇ ਬੈਠੇ ਹਨ। ਮੈਂ ਕੱਲ੍ਹ ਵੀ ਤੁਹਾਡੇ ਨੋਟਿਸ ਵਿੱਚ ਲਿਆਉਣਾ ਸੀ। On this very floor of the House 15-03-11 ਨੂੰ ਮੈਂ ਇਹ ਪੁਆਇੰਟ ਰੇਜ਼ ਕੀਤਾ ਸੀ ਕਿ ਇਨ੍ਹਾਂ ਦਾ ਨਾਮ ਲੈ ਕੇ some encroachment ਹੋ ਰਹੀਆਂ ਹਨ, showing their association and closeness to him. ਮੈਂ ਕਿਹਾ ਸੀ ਕਿ ਉਹ ਕਬਜ਼ਾ ਕਰਨ ਜਾ ਰਹੇ ਹਨ। He was that day kind enough to say that I am not aware of that but I just read his statement "ਜਾਖੜ ਸਾਹਿਬ ਨੇ ਮੇਰਾ ਨਾਮ ਲੈ ਕੇ ਜਿਹੜੀ ਗੱਲ ਕੀਤੀ ਹੈ, ਮੇਰੇ ਨੋਟਿਸ ਵਿਚ ਕੋਈ ਅਜਿਹੀ ਗੱਲ ਨਹੀਂ ਹੈ। I assure one thing ਕਿ ਕੋਈ ਵੀ ਕਬਜ਼ਾ ਅਸੀਂ ਨਹੀਂ ਹੋਣ ਦਿਆਂਗੇ" I assure this. ਸਪੀਕਰ ਸਾਹਿਬ, before independence ਅੰਗਰੇਜ਼ਾਂ ਦੇ ਰਾਜ ਦੇ ਦੌਰਾਨ ਸਾਡੇ ਵਾਟਰ ਵਰਕਸ ਬਣਿਆ ਸੀ। 1961 ਵਿਚ ਉਸ ਦੀ ਐਕਸਪੈਨਸ਼ਨ ਵਾਸਤੇ 9 ਏਕੜ ਜ਼ਮੀਨ ਐਕਵਾਇਰ ਕੀਤੀ ਗਈ। ਉਸ ਸਮੇਂ ਜਦੋਂ ਨੋਟੀਫਿਕੇਸ਼ਨ ਕਰਦੇ ਸੀ ਤਾਂ ਖਸਰਾ ਨੰਬਰ ਨਹੀਂ ਪਾਉਂਦੇ ਸੀ। ਇਹ 1962 ਵਿਚ ਚਾਲੂ ਹੋਇਆ ਹੈ। Taking advantage of that ਜਦੋਂ ਇਹ ਰੇਲਵੇ ਬ੍ਰਿਜ ਵਾਲਾ ਫਲਾਈਓਵਰ ਬਣਿਆ, ਉਸ ਦੀ ਕੀਮਤ ਵੱਧ ਗਈ ਅਤੇ ਉਹ ਕਬਜ਼ਾ ਕਰਨ ਆ ਗਏ। That was the apprehension I brought to your notice. ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਹੈ ਕਿ ਹੁਣ ਉਥੇ ਕਬਜ਼ਾ ਵੀ ਹੋ ਗਿਆ ਹੈ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਇਨ੍ਹਾਂ ਦੇ ਮਸਲੇ ਦੀ ਕਾਲ ਅਟੈਂਸ਼ਨ ਲੱਗੀ ਹੋਈ ਹੈ।

Shri Sunil Jakhar : My only submission, Speaker Sahib, is that ...

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਦੀ ਆਲਰੇਡੀ ਕਾਲ ਅਟੈਂਸ਼ਨ ਲੱਗੀ ਹੋਈ ਹੈ। ਸੀਰੀਅਲ ਨੰਬਰ 12 ਤੇ ਐਡਮਿਟ ਹੋਈ ਹੈ।

ਸ਼੍ਰੀ ਸੁਨੀਲ ਜਾਖੜ : ਉਹ ਤੁਸੀਂ ਰਿਜੈਕਟ ਕਰ ਦਿੱਤੀ ਹੈ। ਤੁਸੀਂ ਐਕਸੈਪਟ ਨਹੀਂ ਕਰ ਰਹੇ। ਮੇਰੇ ਕਹਿਣ ਦਾ ਭਾਵ ਹੈ ਕਿ ਕਈ ਅਫਸਰ ਮਿਲ ਕੇ ਉਥੇ ਕਬਜ਼ਾ ਕਰਵਾ ਰਹੇ ਹਨ and it is right in the front of DSP's residence across the road. ਉਥੇ without any approval ਬਿਲਡਿੰਗ ਬਣ ਰਹੀ ਹੈ। So please get it examined, that is all I am saying. ਉਥੇ 100 ਕਰੋੜ ਦੀ ਜਗ੍ਹਾ ਹੈ। ਉਥੇ ਕਬਜ਼ਾ ਕਰ ਰਹੇ ਹਨ that was unheard of such a thing.

Deputy Chief Minister : I will find out again today and then I will call you up.

Shri Sunil Jakhar : Thank you so much. ਦੇਖੋ, ਕਾਲ ਕਰਨਾ ਵੈਸੇ ਤਾਂ ਚੰਗੀ ਪ੍ਰਥਾ ਹੈ ਪਰ ਜਿਹੜਾ ਤੁਸੀਂ ਰਿਵਾਜ ਪਾ ਦਿੱਤਾ don't try to exploit..... (ਹਾਸਾ)

ਉਪ ਮੁੱਖ ਮੰਤਰੀ : ਚਲੋ, ਐਸ.ਐਮ.ਐਸ. ਕਰ ਦਿਆਂਗੇ। (ਹਾਸਾ)

ਸ਼੍ਰੀ ਸੁਨੀਲ ਜਾਖੜ : ਤੁਸੀਂ ਤਾਂ ਕਹਿੰਦੇ ਹੋ ਕਿ ਮੈਂ ਹੀ ਸੀ.ਬੀ.ਆਈ. ਹੋ ਗਿਆ, ਜਾਖੜ ਨੇ ਕਲੀਨ ਚਿੱਟ ਦੇ ਦਿੱਤੀ, ਇਸ ਕਰਕੇ ਅਸੀਂ ਪਾਕ ਦਾਮਨ ਹੋ ਗਏ। ਸਪੀਕਰ ਸਾਹਿਬ, ਜੋ ਇਲਜ਼ਾਮ ਲੱਗਣ ਬਾਰੇ ਜਾਂ ਜੋ ਖਦਸ਼ੇ ਸੀ.ਐਮ. ਸਾਹਿਬ ਨੇ ਜ਼ਾਹਰ ਕੀਤੇ ਹਨ but the basic issue today remains ਕਿ ਹੁਣ ਕੱਲ੍ਹ ਇਲੈਕਸ਼ਨ ਅਨਾਊਂਸ ਹੋ ਗਏ ਹਨ। ਕੱਲ੍ਹ ਮੇਰੇ ਸਾਥੀ ਚੰਨੀ ਸਾਹਿਬ ਕਹਿ ਰਹੇ ਸੀ ਕਿ ਮੁਲਾਜ਼ਮਾਂ ਨੂੰ ਖਾਲੀ ਟੈਂਕੀਆਂ ਨਹੀਂ ਮਿਲ ਰਹੀਆਂ ਜਿਥੇ ਚੜ੍ਹ ਕੇ ਉਹ ਧਰਨਾ ਦੇ ਸਕਣ। ਇਕ ਵਰਗ ਹੈ ਬਹੁਤ ਵੱਡਾ, which is due for deployment- ਹੋਮਗਾਰਡ ਦਾ। ਇਨ੍ਹਾਂ ਨੂੰ ਮਾੜੇ ਦਿਨਾਂ ਵਿਚ ਰਿਕਰੂਟ ਕੀਤਾ ਸੀ, ਉਸ ਤੋਂ ਬਾਅਦ ਉਨ੍ਹਾਂ ਨੂੰ summarily dismiss ਕਰਕੇ ਕੱਢ ਦਿੱਤਾ। ਉਹ ਅੱਜ ਤਾਈਂ ਦਿਹਾੜੀ ਦੇ ਤੌਰ ਤੇ ਕੰਮ ਕਰ ਰਹੇ ਹਨ। Even they are getting below minimum wages, ਜਿਹੜੇ ਸਰਕਾਰ ਦੇ ਮਿਨੀਮਮ ਵੇਜਿਜ਼ ਪ੍ਰੈਸਕਰਾਈਬ ਕੀਤੇ ਹੋਏ ਹਨ। ....(ਵਿਘਨ...ਸ਼ੋਰ).... ਜਿਨ੍ਹਾਂ ਨੂੰ ਤੁਸੀਂ ਦਿਹਾੜੀ ਤੇ ਰੱਖਿਆ ਹੈ, ਆਨ ਡੇਲੀ ਵੇਜਿਜ਼ ਤੇ ਰੱਖਿਆ ਹੈ, you find out the correctness of the facts. That is what I am saying. On daily wages, you have an arbitrary policy of pick-and-choose, ਜਿਹੜਾ ਕੋਈ ਜਾ ਕੇ ਕੰਨਸਰਡ ਬੰਦੇ ਨੂੰ ਲੱਖ ਜਾਂ ਡੇਢ ਲੱਖ ਰੁਪਿਆ ਦੇ ਦਿੰਦਾ ਹੈ, ਉਸ ਨੂੰ ਤਾਂ 10 ਹਜ਼ਾਰ ਤੇ ਲਾ ਦਿੰਦੇ ਹਨ ਬਾਕੀ ਡੇਲੀ ਵੇਜਿਜ਼ ਤੇ ਰਹਿੰਦੇ ਹਨ। This is a fact which I am saying and so you please get it examined. ਸੈਕਿੰਡ ਉਸ ਤੋਂ ਵੀ ਗੰਭੀਰ ਮਸਲਾ ਹੈ ਕਿ ਪੰਜਾਬ ਸਰਕਾਰ ਦੇ ਕਮਾਊ ਪੂਤ ਹੀ ਉਹ ਹਨ ਕਿਉਂਕਿ ਹੁਣ ਉਨ੍ਹਾਂ ਦੀ ਡਿਪਲਾਇਮੈਂਟ ਦੂਜੀਆਂ ਸਟੇਟਾਂ ਵਿਚ ਹੋਵੇਗੀ। ਸਟੇਟ ਗੌਰਮਿੰਟ ਇਲੈਕਸ਼ਨ ਕਮਿਸ਼ਨ ਤੋਂ ਪੂਰੀ ਸੈਲਰੀ ਡਰਾਅ ਕਰਦੀ ਹੈ। I want to bring it to the notice of the Government ਕਿ ਉਨ੍ਹਾਂ ਲੋਕਾਂ ਦੀ ਸੁਧ ਲੈ ਲਓ and make a policy of recruitment for these people .

ਮਾਨਯੋਗ ਸਪੀਕਰ : ਧੰਨਵਾਦ ਜੀ।

ਸ਼੍ਰੀ ਸੁਨੀਲ ਜਾਖੜ : ਨਹੀਂ ਸਰ, ਧੰਨਵਾਦ ਨਹੀਂ ਜੀ। ਇਹ ਇੰਪਲਾਈਜ਼ ਨੂੰ ਮਾਰਨ ਵਾਲੀ ਸਰਕਾਰ ਹੈ। ਸਾਰੇ ਮਨਿਸਟੀਰੀਅਲ ਸਟਾਫ ਅੱਜ ਧਰਨੇ ਤੇ ਬੈਠੇ ਹਨ। ਕੱਲ੍ਹ ਐਸ.ਸੀ/ਬੀ.ਸੀ. ਵਾਲੀ ਗੱਲ ਹੋਈ ਸੀ। ਮੈਨੂੰ ਲੱਗਿਆ ਕਿ ਸ਼ਾਇਦ ਅੱਜ ਸੀ. ਐਮ. ਸਾਹਿਬ ਕੁਝ ਦੱਸਣਗੇ। ਉਹ ਜਾ ਕੇ ਮਰਨ ਵਰਤ ਤੇ ਬੈਠ ਗਏ ਹਨ। ਸਾਨੂੰ ਉਮੀਦ ਸੀ ਕਿ ਤੁਸੀਂ ਉਨ੍ਹਾਂ ਨੂੰ ਜਾ ਕੇ ਉਠਾਓਗੇ। Its our moral duty. ਨਰਸਾਂ, ਟੀਚਰ ਸਟਾਫ਼ ਧਰਨੇ ਤੇ ਬੈਠੇ ਹਨ। ਉਨ੍ਹਾਂ ਵਾਸਤੇ ਕੁਝ ਕਰੋ।

ਮਾਨਯੋਗ ਸਪੀਕਰ : ਪਲੀਜ਼ ਬੈਠੋ।

ਸ਼੍ਰੀ ਸੁਨੀਲ ਜਾਖੜ : ਇੰਪਲਾਈ ਮਾਰੂ ਸਰਕਾਰ ਦੇ ਖਿਲਾਫ ਅਸੀਂ ਕਿਵੇਂ ਗੱਲ ਸੁਣ ਲਈਏ। ਸਾਰਾ ਇੰਪਲਾਈ ਵਰਗ ਅੱਜ ਧਰਨੇ ਤੇ ਬੈਠਾ ਹੈ, ਪੁੱਡਾ ਵਾਲੇ ....(ਵਿਘਨ..ਸ਼ੋਰ)....

ਮਾਨਯੋਗ ਸਪੀਕਰ : ਅਗਲੀ ਆਈਟਮ।

(ਇਸ ਸਮੇਂ ਸਦਨ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ** ** ਨਾਅਰੇ ਮਾਰ ਰਹੇ ਸਨ।)

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ, ਸਿਵਾਏ ਸਰਦਾਰ ਚਰਨਜੀਤ ਸਿੰਘ ਚੰਨੀ ਦੇ, ਸਦਨ ਵਿਚੋਂ ** ** ਨਾਅਰੇ ਮਾਰਦੇ ਹੋਏ ਵਾਕ-ਆਊਟ ਕਰ ਗਏ।)

ਮਾਨਯੋਗ ਸਪੀਕਰ : ਨਾਅਰੇ ਰਿਕਾਰਡ ਨਾ ਕੀਤੇ ਜਾਣ। ਅਗਲੀ ਆਈਟਮ, ਕਾਲ ਅਟੈਂਸ਼ਨ ਨੋਟਿਸ। ਹਾਂ ਜੀ, ਚੰਨੀ ਜੀ।

CALL ATTENTION NOTICES UNDER RULE 66

(Serial No. 7)

SARDAR CHARANJIT SINGH CHANNI : Sir, I beg to draw the attention of the Government towards a matter of urgent public importance, namely, the growing panic especially amongst the poor sections of our society with increasing number of detection of cases of cancer in the State. The failure of the government to provide effective health care to such people is making lives of the patients as also of their families miserable as they find unable to meet heavy expenses on its treatment. A great fear and resentment is, therefore, prevailing amongst the affected people in the State.

Keeping in view the obvious and urgent importance of the matter, the Minister concerned may please be asked to make a statement on the floor of the House.

** Not recorded as ordered by the Chair.

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) : ਸਪੀਕਰ ਸਾਹਿਬ, ਸਰਕਾਰ ਕੈਂਸਰ ਦੀ ਬਿਮਾਰੀ ਬਾਰੇ ਬਹੁਤ ਚਿੰਤਤ ਹੈ। ਜਿਹੜੇ ਮਰੀਜ਼ ਕੈਂਸਰ ਦੀ ਬਿਮਾਰੀ ਤੋਂ ਪੀੜਤ ਪਾਏ ਗਏ ਹਨ, ਉਨ੍ਹਾਂ ਲਈ ਮੁੱਖ ਮੰਤਰੀ ਪੰਜਾਬ ਰਾਹਤ ਕੋਸ਼ ਸਕੀਮ ਵਿਸ਼ੇਸ਼ ਤੌਰ ਤੇ ਚਲਾਈ ਗਈ ਹੈ। ਇਸ ਸਕੀਮ ਤਹਿਤ ਕੈਂਸਰ ਦੇ ਮਰੀਜ਼ਾਂ ਨੂੰ ਇਲਾਜ ਲਈ ਡੇਢ ਲੱਖ ਰੁਪਏ ਤੱਕ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਹ ਸਕੀਮ ਹਿੰਦੁਸਤਾਨ ਵਿੱਚ ਹੀ ਨਹੀਂ ਸ਼ਾਇਦ ਪੂਰੀ ਦੁਨੀਆ ਵਿੱਚ ਵਿਲੱਖਣ ਸਕੀਮ ਹੈ। ਰਾਜ ਸਰਕਾਰ ਅਤੇ ਟਾਟਾ ਮੈਮੋਰੀਅਲ ਸੈਂਟਰ ਮੁੰਬਈ ਵੱਲੋਂ ਖੁੱਲ੍ਹੇ ਟੈਂਡਰਾਂ ਰਾਹੀਂ ਕੈਂਸਰ ਦੀਆਂ ਦਵਾਈਆਂ ਘੱਟ ਰੇਟਾਂ ਤੇ ਮੁਹੱਈਆ ਕਰਵਾਈਆਂ ਗਈਆਂ ਹਨ। ਹੁਣ ਤੱਕ 118 ਦਵਾਈਆਂ ਰੇਟ ਕੰਨਟ੍ਰੈਕਟ ਤੇ ਉਪਲਬਧ ਹਨ। ਇਹ ਦਵਾਈਆਂ ਜਨ ਔਸ਼ਧੀ ਸਟੋਰ ਤੇ ਵੀ ਉਪਲਬਧ ਹਨ। ਕੈਂਸਰ ਦੀ ਬਿਮਾਰੀ ਦੀ ਰੋਕਥਾਮ ਅਤੇ ਬਿਹਤਰ ਸਹੂਲਤਾਂ ਦੇਣ ਦੇ ਮਕਸਦ ਲਈ ਰਾਜ ਸਰਕਾਰ ਵੱਲੋਂ ਕੈਂਸਰ ਐਂਡ ਡਰੱਗ ਅਡਿਕਸ਼ਨ ਟਰੀਟਮੈਂਟ ਐਕਟ ਹੋਂਦ ਵਿੱਚ ਲਿਆਂਦਾ ਗਿਆ ਹੈ। ਰਾਜ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ; ਪਟਿਆਲਾ; ਫਰੀਦਕੋਟ ਵਿਖੇ ਕੈਂਸਰ ਦੇ ਇਲਾਜ ਲਈ ਰੇਡਿਓਥੈਰੇਪੀ ਵਿਭਾਗ ਵਿੱਚ ਵਿਸ਼ੇਸ਼ ਆਧੁਨਿਕ ਇਕਵਿਪਮੈਂਟ ਲਗਾਇਆ ਹੋਇਆ ਹੈ। ਮੈਡੀਕਲ ਥੇਰੇਪੀ ਮਸ਼ੀਨ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਪਟਿਆਲਾ ਵਿਖੇ ਲਗਾਈ ਗਈ ਹੈ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਖੇ ਕੋਪਟਲ ਸੋਰਸ ਕੈਂਸਰ ਦੇ ਮਰੀਜਾਂ ਦੇ ਇਲਾਜ ਲਈ ਲਗਾਇਆ ਗਿਆ ਹੈ। ਇੱਥੋਂ ਤੱਕ ਕਿ ਸਰਕਾਰ ਵੱਲੋਂ ਕੈਂਸਰ ਦੀ ਮੁੱਢਲੀ ਜਾਂਚ ਲਈ ਮੈਮੋਗਰਾਫੀ ਯੂਨਿਟ ਸਿਵਲ ਹਸਪਤਾਲ, ਬਠਿੰਡਾ; ਪਟਿਆਲਾ; ਜਲੰਧਰ ਅਤੇ ਹੁਸ਼ਿਆਰਪੁਰ ਵਿਖੇ ਲਗਾਇਆ ਗਿਆ ਹੈ। ਜ਼ਿਲ੍ਹਾ ਹਸਪਤਾਲ ਸੰਗਰੂਰ ਵਿਖੇ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੇ ਸਹਿਯੋਗ ਨਾਲ ਰੇਡਿਉ ਥੇਰੇਪੀ ਦੀ ਵਿਸ਼ੇਸ਼ ਸਹੂਲਤ ਸਥਾਪਿਤ ਕੀਤੀ ਜਾ ਰਹੀ ਹੈ। ਜ਼ਿਲ੍ਹਾ ਬਠਿੰਡਾ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਰਾਹੀਂ 100 ਬਿਸਤਰਿਆਂ ਦਾ ਡਾਇਗਨੌਸਟਿਕ ਕੈਂਸਰ ਟਰੀਟਮੈਂਟ ਅਤੇ ਰਿਸਰਚ ਸੈਂਟਰ ਸਥਾਪਿਤ ਕੀਤਾ ਜਾ ਰਿਹਾ ਹੈ। ਭਾਰਤ ਸਰਕਾਰ ਅਤੇ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੇ ਸਹਿਯੋਗ ਨਾਲ ਮੈਡੀਸਿਟੀ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ, ਚੰਡੀਗੜ੍ਹ ਦੇ ਨੇੜੇ 300 ਬਿਸਤਰਿਆਂ ਦਾ ਕੈਂਸਰ ਟਰੀਟਮੈਂਟ ਸੈਂਟਰ ਬਣਾਇਆ ਜਾ ਰਿਹਾ ਹੈ। ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ 120 ਕਰੋੜ ਰੁਪਏ ਦਾ ਸਟੇਟ ਕੈਂਸਰ ਇੰਸਟੀਚਿਊਟ ਬਣਾਇਆ ਜਾਵੇਗਾ। ਹੁਸ਼ਿਆਰਪੁਰ ਵਿਖੇ 45 ਕਰੋੜ ਦਾ ਟਰੱਸਟੀ ਕੈਂਸਰ ਸੈਂਟਰ ਬਣਾਇਆ ਜਾਵੇਗਾ। ਮੈਂ ਸਦਨ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਸਰਕਾਰ ਕੈਂਸਰ ਦੀ ਬਿਮਾਰੀ ਨੂੰ ਕੰਟਰੋਲ ਕਰਨ ਅਤੇ ਇਲਾਜ ਸਬੰਧੀ ਹੋਰ ਵੀ ਢੁੱਕਵੇਂ ਕਦਮ ਚੁੱਕੇਗੀ।

ਮਾਨਯੋਗ ਸਪੀਕਰ : ਹਾਂ ਜੀ, ਚੰਨੀ ਜੀ। ਕੋਈ ਹੋਰ ਸਪਲੀਮੈਂਟਰੀ ਹੈ। ਜਵਾਬ ਤਾਂ ਸਾਰਾ ਆ ਗਿਆ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਹਾਲੇ ਤਾਂ ਮੈਂ ਕੋਈ ਸਪਲੀਮੈਂਟਰੀ ਕੀਤੀ ਹੀ ਨਹੀਂ ਜੀ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਕੋਈ ਰਾਜਨੀਤਿਕ ਵਿਸ਼ਾ ਨਹੀਂ ਹੈ। ਮੈਂ ਇਸ ਵਿੱਚ ਕੋਈ ਇਸ ਤਰ੍ਹਾਂ ਦੀ ਗੱਲ ਸੋਚ ਕੇ ਨਹੀਂ ਆਇਆ ਕਿ ਕਾਂਗਰਸੀਆਂ ਦਾ ਜਾਂ ਅਕਾਲੀਆਂ ਦਾ ਫਾਇਦਾ ਹੁੰਦਾ ਹੋਵੇ। ਬਹੁਤ ਹੀ ਕੀਮਤੀ ਜਾਨਾਂ ਕੈਂਸਰ ਵਿੱਚ ਜਾ ਰਹੀਆਂ ਹਨ। ਕੈਂਸਰ ਇੱਕ ਐਸੀ ਬਿਮਾਰੀ ਬਣ ਗਈ ਹੈ ਕਿ ਇਹ ਘਰ ਨੂੰ ਖੁੰਗਲ ਕਰ ਦਿੰਦੀ ਹੈ ਮਤਲਬ ਕਿ ਘਰ ਦਾ ਪੈਸਾ ਵੀ ਚਲਾ ਜਾਂਦਾ ਹੈ ਅਤੇ ਜਾਨ ਵੀ ਨਹੀਂ ਬਚਦੀ। ਸਰਕਾਰ ਨੇ ਪਹਿਲਾਂ 2 ਲੱਖ ਰੁਪਿਆ ਕਿਹਾ ਸੀ ਹੁਣ ਇਨ੍ਹਾਂ ਨੇ ਕਿਹਾ ਹੈ ਕਿ ਡੇਢ ਲੱਖ ਰੁਪਿਆ ਉਸ ਬੰਦੇ ਨੂੰ ਦਿੰਦੇ ਹਨ ਜਿਹੜੇ ਬੰਦੇ ਨੂੰ ਕੈਂਸਰ ਹੁੰਦਾ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿੰਨੇ ਕੇਸ ਡਿਟੈਕਟ ਕੀਤੇ ਹਨ ਕਿ ਪੰਜਾਬ ਵਿੱਚ ਇੰਨੇ ਕੈਂਸਰ ਪੇਸ਼ੈਂਟ ਹਨ। ਪਿਛਲੇ ਸਾਲਾਂ ਵਿੱਚ ਕਿੰਨੇ ਬੰਦਿਆਂ ਨੂੰ ਇਨ੍ਹਾਂ ਨੇ ਸੁਵਿਧਾ ਦਿੱਤੀ। ਅਸਲੀਅਤ ਇਹ ਹੈ ਕਿ, ਅੱਗੇ ਮੰਤਰੀ ਜੀ ਦੱਸਣਗੇ, ਜੇ ਕਿਸੇ ਨੂੰ ਕੈਂਸਰ ਹੋ ਜਾਂਦਾ ਹੈ, ਉਹ ਸਾਡੇ ਕੋਲ, ਐਮ.ਐਲ.ਏ. ਕੋਲ ਜਾਂ ਲੀਡਰਾਂ ਕੋਲ ਜਾਂਦੇ ਹਨ ਕਿ ਸਾਨੂੰ ਪੈਸੇ ਦਿਵਾਉ। ਹਸਪਤਾਲਾਂ ਦੇ ਚੱਕਰ ਮਾਰ ਕੇ ਆ ਜਾਂਦੇ ਹਨ। ਉਥੋਂ ਦੀਆਂ ਫਾਰਮੈਲਿਟੀਜ਼ ਇੰਨੀਆਂ ਜ਼ਿਆਦਾ ਹਨ ਕਿ ਕਿਸੇ ਨੂੰ ਡੇਢ ਲੱਖ ਰੁਪਿਆ ਮੁਹੱਈਆ ਨਹੀਂ ਹੋ ਰਿਹਾ। ਕੋਈ ਉਸ ਨੂੰ ਕਹਿੰਦਾ ਹੈ ਕਿ ਤੁਸੀਂ ਫਲਾਣੇ ਹਸਪਤਾਲ ਦਾਖਲ ਹੋਵੋ...

ਮਾਨਯੋਗ ਸਪੀਕਰ : ਹਾਂ ਜੀ, ਦੱਸੋ ਜੀ ਕਿੰਨੇ ਕੁ ਬੰਦਿਆਂ ਨੂੰ ਪੈਸੇ ਦਿੱਤੇ ਹਨ।

ਮੰਤਰੀ : ਸਪੀਕਰ ਸਾਹਿਬ, ਅੱਜ ਤੱਕ 12,550 ਕੈਂਸਰ ਦੇ ਬੰਦੇ ਲਿਸਟ ਵਿੱਚ ਆਏ ਹਨ। ਹੁਣ ਜਿਹੜੀ ਇੱਕ ਸਕੀਮ ਹੈ, ਮੈਂ ਤੁਹਾਡੇ ਰਾਹੀਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਮੀਟਿੰਗ ਬੁਲਾ ਕੇ ਕੈਂਸਰ ਦੇ ਮਰੀਜ਼ਾਂ ਵਾਸਤੇ ਬੜਾ ਸੌਖਾ ਤਰੀਕਾ ਕਰ ਦਿੱਤਾ ਹੈ ਕਿ 16 ਹਸਪਤਾਲ ਚੁਣੇ ਹਨ। ਉਨ੍ਹਾਂ ਵਿੱਚ ਕੈਸ਼ਲੈਸ ਸਕੀਮ ਹੈ। ਮਰੀਜ਼ ਨੂੰ ਕੋਈ ਫਾਈਲ ਨਹੀਂ ਬਣਾਉਣੀ ਪੈਂਦੀ। ਮਰੀਜ਼ ਸਿੱਧਾ ਹਸਪਤਾਲ ਵਿੱਚ ਜਾਵੇ। ਉਥੇ ਅਲੱਗ ਹੀ ਕੈਂਸਰ ਦਾ ਡਿਪਾਰਟਮੈਂਟ ਬਣਿਆ ਹੋਇਆ ਹੈ। ਉਹ ਉਥੇ ਜਾ ਕੇ ਐਡਮਿਟ ਹੋ ਜਾਵੇ। ਉਸੇ ਦਿਨ ਉਸ ਦਾ ਇਲਾਜ ਡਾਕਟਰਾਂ ਨੇ ਸ਼ੁਰੂ ਕਰ ਦੇਣਾ ਹੈ। ਡੇਢ ਲੱਖ ਤੱਕ ਉਸ ਦਾ ਇਲਾਜ ਫਰੀ ਕਰਨਗੇ। ਦਵਾਈਆਂ ਵੀ ਮੈਂ ਦੱਸੀਆਂ ਹਨ ਕਿ 118 ਦਵਾਈਆਂ ਸਸਤੀਆਂ ਕੀਤੀਆਂ ਗਈਆਂ ਹਨ। ਹੁਣ ਉਹ ਚੱਕਰ ਕਿਸੇ ਵੀ ਮਰੀਜ਼ ਨੂੰ ਨਹੀਂ ਪੈਂਦਾ। ਉਸ ਵਿੱਚ ਸਾਰੇ ਮੈਡੀਕਲ ਕਾਲਜ ਅਤੇ 16 ਹਸਪਤਾਲ ਹਨ। ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਵੀ ਕੈਂਸਰ ਦਾ ਮਰੀਜ਼ ਤੁਹਾਡੇ ਕੋਲ ਆਉਂਦਾ ਹੈ ਤਾਂ ਉਹ ਆਪਣੇ ਨੇੜੇ ਦੇ ਹਸਪਤਾਲਾਂ ਵਿੱਚ ਉਸ ਨੂੰ ਭੇਜ ਦੇਣ। ਮਰੀਜ਼ ਨੂੰ ਕੋਈ ਪਰੇਸ਼ਾਨੀ ਨਹੀਂ ਹੁੰਦੀ ਅਤੇ ਜਾਂਦੇ ਹੀ ਇਲਾਜ ਸ਼ੁਰੂ ਹੋ ਜਾਂਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਿਹੜੀ ਇਨਫਰਮੇਸ਼ਨ ਦਿੱਤੀ ਹੈ ਇਹ ਬਿਲਕੁਲ ਠੀਕ ਨਹੀਂ ਹੈ।

ਮਾਨਯੋਗ ਸਪੀਕਰ : ਉਨ੍ਹਾਂ ਨੇ 16 ਹਸਪਤਾਲਾਂ ਦੀ ਗੱਲ ਦੱਸ ਦਿੱਤੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਇਨ੍ਹਾਂ ਨੇ ਕਿਹਾ ਹੈ ਕਿ ਟੋਟਲ ਪੰਜਾਬ ਦੇ 12 ਹਜ਼ਾਰ ਮਰੀਜ਼ ਹਨ ਜਦੋਂ ਕਿ ਇੱਕਲੇ ਰੋਪੜ ਜ਼ਿਲ੍ਹੇ ਵਿੱਚ ਹੀ 12000 ਬੰਦੇ ਇਸ ਬਿਮਾਰੀ ਨੂੰ ਭੁਗਤ ਰਹੇ ਹਨ। ਇਹ ਸਟੇਟਮੈਂਟ ਬਿਲਕੁਲ ਸਹੀ ਨਹੀਂ ਹੈ। ਦੂਸਰਾ ਇਹ ਹੈ ਕਿ ਮੈਂ ਇਨ੍ਹਾਂ ਤੋਂ ਪੁੱਛਿਆ ਸੀ ਕਿ ਕਿੰਨੇ ਬੰਦਿਆਂ ਨੂੰ ਤੁਸੀਂ ਇਹ ਸਹਾਇਤਾ ਦਿੱਤੀ ਹੈ, ਉਸ ਬਾਰੇ ਇਨ੍ਹਾਂ ਨੇ ਕੁਝ ਦੱਸਿਆ ਨਹੀਂ ਹੈ।

ਮਾਨਯੋਗ ਸਪੀਕਰ : ਦੱਸ ਦਿੱਤਾ, ਉਨ੍ਹਾਂ ਨੇ ਨੰਬਰ ਦੱਸੇ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਨਹੀਂ ਦੱਸਿਆ ਉਨ੍ਹਾਂ ਨੇ। ਉਨ੍ਹਾਂ ਨੇ ਸਿਰਫ ਇਹ ਦੱਸਿਆ ਹੈ ਕਿ ਸਾਡੇ ਕੋਲ ਟੋਟਲ ਪੇਸ਼ੈਂਟ 12000 ਹਨ ਜਿਹੜੇ ਕਿ ਗਲਤ ਦੱਸੇ ਹਨ। ਮੈਂ ਇਹ ਪੁੱਛਿਆ ਹੈ ਕਿ ਤੁਸੀਂ ਕਿੰਨੇ ਬੰਦਿਆਂ ਨੂੰ ਸਹਾਇਤਾ ਦੇ ਚੁੱਕੇ ਹੋ। ਉਹ ਦੱਸ ਨਹੀਂ ਰਹੇ।

ਮੰਤਰੀ : ਸਪੀਕਰ ਸਾਹਿਬ, ਜੂਨ, 2011 ਤੋਂ ਲੈ ਕੇ ਅੱਜ ਤੱਕ 138 ਕਰੋੜ ਰੁਪਏ ਹਸਪਤਾਲਾਂ ਅਤੇ ਮਰੀਜ਼ਾਂ ਵਾਸਤੇ ਭੇਜ ਚੁੱਕੇ ਹਾਂ ।

ਮਾਨਯੋਗ ਸਪੀਕਰ : ਕਿੰਨੇ ਮਰੀਜ਼ ਹਨ ?

ਮੰਤਰੀ : ਕੁੱਲ 12,550 ਮਰੀਜ਼ ਹਨ ਅਤੇ ਅਸੀਂ ਜੂਨ, 2011 ਤੋਂ ਲੈ ਕੇ ਹੁਣ ਤੱਕ 138 ਕਰੋੜ ਰੁਪਏ ਹਸਪਤਾਲਾਂ ਵਿੱਚ ਭੇਜ ਚੁੱਕੇ ਹਾਂ ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਇਹ ਤਾਂ ਕੋਈ ਗੱਲ ਨਹੀਂ ਬਣੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਟੋਟਲ ਮਰੀਜ਼ ਹਨ ਅਤੇ ਕਿੰਨੇ ਮਰੀਜ਼ਾਂ ਨੂੰ ਫਾਇਦਾ ਦਿੱਤਾ ਗਿਆ ਹੈ ? ਇਹ ਇਸ ਗੱਲ ਤੇ ਤਾਂ ਆ ਨਹੀਂ ਰਹੇ। ਲੱਖਾਂ ਦੀ ਗਿਣਤੀ ਵਿੱਚ ਕੈਂਸਰ ਦੇ ਮਰੀਜ਼ ਹਨ।

ਮਾਨਯੋਗ ਸਪੀਕਰ : ਤੁਸੀਂ ਡੇਢ ਲੱਖ ਰੁਪਿਆ 138 ਕਰੋੜ ਰੁਪਏ ਤੇ ਡਿਵਾਈਡ ਕਰ ਲਓ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਤੁਸੀਂ ਜਵਾਬ ਤਾਂ ਸਹੀ ਲੈ ਕੇ ਦਿਓ ਕਿ ਟੋਟਲ ਪੇਸ਼ੈਂਟ ਕਿੰਨੇ ਹਨ ਅਤੇ ਉਨ੍ਹਾਂ ਵਿੱਚੋਂ ਕਿੰਨੇ ਪੇਸ਼ੈਂਟਸ ਨੂੰ ਡੇਢ ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ ਹੈ ।

ਮਾਨਯੋਗ ਸਪੀਕਰ : ਤੁਸੀਂ ਡੇਢ ਲੱਖ ਤੇ ਡਿਵਾਈਡ ਕਰ ਲਓ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਕੀ ਮੈਂ ਹੁਣ ਡਿਵਾਈਡ ਕਰਾਂ ? ਇਹ ਸਹੀ ਜਵਾਬ ਕਿਉਂ ਨਹੀਂ ਦਿੰਦੇ।

ਮਾਨਯੋਗ ਸਪੀਕਰ : ਅਗਲੀ ਕਾਲ ਅਟੈਨਸ਼ਨ ਵੀ ਚੰਨੀ ਜੀ ਤੁਹਾਡੀ ਹੀ ਹੈ।

(Serial No. 9)

Sardar Charanjit Singh Channi : Sir, I beg to draw the attention of the Government towards a matter of urgent public importance, namely, the state-wide agitation and "dharna" being resorted to by the State Government employees belonging to Scheduled Castes Communities for seeking redressal of their Constitutional Right for promotion against the vacant posts reserved for members of Scheduled Castes Communities, commonly known as "backlog", in various services of the State Government. A great resentment is prevailing in them against denial of their right which has the potential of disturbing the social harmony in the State.

Keeping in view the obvious and urgent importance of the matter, the Minister concerned may please be asked to make a statement on the floor of the House.

ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜ਼ਾਰ ਸਿੰਘ ਰਣੀਕੇ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਨੂੰ ਪਦ ਉਨਤੀ ਵਿੱਚ ਰਿਜ਼ਰਵੇਸ਼ਨ ਦੇਣ ਲਈ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਪੰਜਾਬ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਰਿਜ਼ਰਵੇਸ਼ਨ ਸਰਵਿਸ ਐਕਟ, 2006 ਨੋਟੀਫਾਈ ਕੀਤਾ ਹੋਇਆ ਹੈ। ਇਸ ਐਕਟ ਅਨੁਸਾਰ ਪੰਜਾਬ ਰਾਜ ਦੇ ਸਮੂਹ ਵਿਭਾਗਾਂ ਵੱਲੋਂ ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਨੂੰ ਪਦ ਉਨਤੀ ਵਿੱਚ ਬਣਦਾ ਰਾਖਵਾਂਕਰਨ ਦਿੱਤਾ ਜਾ ਰਿਹਾ ਹੈ। ਹਰ ਵਿਭਾਗ ਵੱਲੋਂ ਸਿੱਧੀ ਭਰਤੀ ਅਤੇ ਪਰਮੋਸ਼ਨ ਦੋਨਾਂ ਦਾ ਵੱਖਰਾ ਵੱਖਰਾ ਰੋਸਟਰ ਰਜਿਸਟਰ ਮੇਨਟੇਨ ਕੀਤਾ ਜਾਂਦਾ ਹੈ ਅਤੇ ਇਸ ਦੀ ਚੈਕਿੰਗ ਭਲਾਈ ਵਿਭਾਗ ਦੁਆਰਾ ਕੀਤੀ ਜਾਂਦੀ ਹੈ। ਹਰ ਡੀ. ਪੀ. ਸੀ. ਵਿੱਚ ਭਲਾਈ ਵਿਭਾਗ ਦਾ ਨੁਮਾਇੰਦਾ ਵੀ ਹਾਜ਼ਰ ਹੁੰਦਾ ਹੈ, ਜਿਸ ਵੱਲੋਂ ਬੈਕਲਾਗ ਦਾ ਧਿਆਨ ਰੱਖਿਆ ਜਾਂਦਾ ਹੈ ।

ਸਰਦਾਰ ਚਰਨਜੀਤ ਸਿੰਘ ਚੰਨੀ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੂਰੇ ਪੰਜਾਬ ਵਿੱਚ ਵੱਖ ਵੱਖ ਮਹਿਕਮਿਆਂ ਵਿੱਚ ਕੁੱਲ ਕਿੰਨਾ ਸ਼ਡਿਊਲਡ ਕਾਸਟਸ ਇੰਪਲਾਈਜ਼ ਦਾ ਬੈਕਲਾਗ ਹੈ, ਜਿਨ੍ਹਾਂ ਨੂੰ ਅਜੇ ਤੱਕ ਪਰਮੋਸ਼ਨਾਂ ਨਹੀਂ ਮਿਲੀਆਂ ਅਤੇ ਕਿੰਨੀਆਂ ਪੋਸਟਾਂ ਸ਼ਡਿਊਲਡ ਕਾਸਟਸ ਵਾਸਤੇ ਰਿਜ਼ਰਵ ਹੋਣ ਦੇ ਨਾਤੇ ਖਾਲੀ ਪਈਆਂ ਹਨ? ਇਹ ਇਕੱਲਾ ਸ਼ਡਿਊਲਡ ਕਾਸਟਸ ਦਾ ਮਸਲਾ ਨਹੀਂ, ਇਸ ਵਿੱਚ ਐਕਸ ਸਰਵਿਸਮੈਨ ਵੀ ਹਨ, ਸਪੋਰਟਸਮੈਨ ਵੀ ਹਨ, ਬੈਕਵਰਡ ਕਲਾਸ ਵੀ ਸ਼ਾਮਲ ਹੈ ਤੇ ਇਹ ਬੈਕਲਾਗ ਬਹੁਤ ਜ਼ਿਆਦਾ ਹੋ ਚੁੱਕਾ ਹੈ। ਸਰਕਾਰ ਇਸ ਬਾਰੇ ਬਿਲਕੁਲ ਵੀ ਚਿੰਤਿਤ ਨਹੀਂ ਹੈ ਤੇ ਨਾ ਹੀ ਕੋਈ ਉਪਰਾਲੇ ਕਰ ਰਹੀ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਆਨ ਦਿ ਫਲੋਰ ਆਫ ਦਿ ਹਾਊਸ ਇਹ ਸਟੇਟਮੈਂਟ ਜਾਰੀ ਕਰਨਗੇ ਕਿ ਕਿੰਨੇ

ਮਹਿਕਮਿਆਂ ਨੇ ਰੋਸਟਰ ਤਿਆਰ ਕੀਤਾ ਹੋਇਆ ਹੈ ਜਾਂ ਇਹ ਕਹਿਣਗੇ ਕਿ ਸਾਡਾ ਕੋਈ ਵੀ ਬੈਕਲਾਗ ਅੱਜ ਨਹੀਂ ਹੈ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵੱਖ ਵੱਖ ਮਹਿਕਮਿਆਂ ਵਿੱਚ ਕਿੰਨਾ ਬੈਕਲਾਗ ਹੈ ਅਤੇ ਕੀ ਸਾਰੇ ਮਹਿਕਮਿਆਂ ਨੇ ਰੋਸਟਰ ਰਜਿਸਟਰ ਤਿਆਰ ਕੀਤੇ ਹੋਏ ਹਨ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਅਸੀਂ ਵੱਖ ਵੱਖ ਮਹਿਕਮਿਆਂ ਨੂੰ ਲਿਖ ਕੇ ਭੇਜਿਆ ਹੋਇਆ ਹੈ ਕਿ ਪੂਰੀ ਮਹਿਕਮੇ-ਵਾਈਜ਼ ਡਿਟੇਲ ਸਾਨੂੰ ਦਿੱਤੀ ਜਾਵੇ। ਇਹ ਸਾਡੇ ਕੋਲ ਥੋੜ੍ਹੇ ਸਮੇਂ ਵਿੱਚ ਆ ਜਾਵੇਗੀ। ਹੁਣ ਤਾਂ ਮੈਂ ਨਹੀਂ ਦੱਸ ਸਕਦਾ ਕਿ ਗਿਣਤੀ ਕਿੰਨੀ ਹੈ ਪਰ ਜੇ ਕੋਈ ਗਿਣਤੀ ਹੋਈ ਵੀ ਤਾਂ ਉਸ ਮਹਿਕਮੇ ਦੇ ਖਿਲਾਫ਼ ਅਸੀਂ ਕਾਰਵਾਈ ਵੀ ਕਰਾਂਗੇ ਕਿ ਉਨ੍ਹਾਂ ਨੇ ਜਾਣ-ਬੁੱਝ ਕੇ ਅਜਿਹਾ ਕੀਤਾ ਹੈ ਜਾਂ ਫਿਰ ਕਿਉਂ ਨਹੀਂ ਕੀਤਾ ਹੈ। ਮੈਂ ਵੀ ਇਸ ਬਾਰੇ ਚਿੰਤਤ ਹਾਂ। ਸਾਡੀ ਵੀ ਉਨੀ ਹੀ ਚਿੰਤਾ ਹੈ ਜਿੰਨੀ ਇਨ੍ਹਾਂ ਦੀ ਚਿੰਤਾ ਹੈ। ਜੇ ਉਨ੍ਹਾਂ ਨੇ ਕੋਈ ਲਾਪਰਵਾਹੀ ਕੀਤੀ ਹੋਈ ਤਾਂ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਜਦੋਂ ਸਾਡੇ ਕੋਲ ਵਿਭਾਗ-ਵਾਈਜ਼ ਗਿਣਤੀ ਆ ਗਈ ਤਾਂ ਅਸੀਂ ਮੈਂਬਰ ਸਾਹਿਬ ਨੂੰ ਵੀ ਦੱਸ ਦਿਆਂਗੇ। ਜੇ ਕੋਈ ਢਿੱਲ-ਮੱਠ ਹੋਈ ਤਾਂ ਸੰਬੰਧਿਤ ਅਫ਼ਸਰ ਦੇ ਖਿਲਾਫ ਕਾਰਵਾਈ ਵੀ ਕੀਤੀ ਜਾਵੇਗੀ। ਕੱਲ੍ਹ ਸੀ. ਐਮ. ਸਾਹਿਬ ਨੇ ਵੀ ਬਿਆਨ ਦਿੱਤਾ ਸੀ ਕਿ ਅਸੀਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰਾਂਗੇ। ਜੇ ਮੈਂਬਰ ਸਾਹਿਬ ਦੇ ਧਿਆਨ ਵਿੱਚ ਕੋਈ ਇਹੋ ਜਿਹੀ ਗੱਲ ਹੈ ਤਾਂ ਜਿਹੜਾ ਵਿਭਾਗ ਲਾਪਰਵਾਹੀ ਕਰ ਰਿਹਾ ਹੈ, ਉਹ ਸਾਨੂੰ ਦੱਸ ਦੇਣ। ਅਸੀਂ ਅਫ਼ਸਰਾਂ ਦੀ ਕਮੇਟੀ ਬਣਾ ਦਿਆਂਗੇ ਤਾਂ ਕਿ ਉਹ ਸਾਨੂੰ ਰਿਪੋਰਟ ਦੇ ਸਕਣ ।

ਸਰਦਾਰ ਚਰਨਜੀਤ ਸਿੰਘ ਚੰਨੀ : ਮਾਨਯੋਗ ਸਪੀਕਰ ਸਾਹਿਬ, ਕੱਲ੍ਹ ਵੀ ਮੇਰਾ ਮੰਤਰੀ ਜੀ ਨੂੰ ਸਵਾਲ ਸੀ ਤੇ ਕੱਲ੍ਹ ਵੀ ਇਨ੍ਹਾਂ ਨੇ ਮੈਨੂੰ ਸਪੱਸ਼ਟ ਜਵਾਬ ਨਹੀਂ ਦਿੱਤਾ ਔਰ ਸਾਰੇ ਪੰਜਾਬ ਦੇ ਵਿੱਚ ਠੇਕੇ ਤੇ ਜਿੰਨੀ ਭਰਤੀ ਹੋ ਰਹੀ ਹੈ, ਸਾਰਿਆਂ ਦੇ ਵਿੱਚ ਕਿਤੇ ਵੀ ਰਿਜ਼ਰਵੇਸ਼ਨ ਰੂਲ ਲਾਗੂ ਨਹੀਂ ਹੋ ਰਿਹਾ। ਚਾਹੇ ਉਹ ਸਪੋਰਟਸਮੈਨ ਦੀ ਰਿਜ਼ਰਵੇਸ਼ਨ ਹੈ, ਚਾਹੇ ਬੈਕਵਰਡ ਕਲਾਸ ਦੀ ਰਿਜ਼ਰਵੇਸ਼ਨ ਹੈ, ਚਾਹੇ ਐਕਸ-ਸਰਵਿਸਮੈਨ ਦੀ ਹੈ, ਚਾਹੇ ਸ਼ਡਿਊਲਡ ਕਾਸਟ ਦੀ ਹੈ ਲੇਕਿਨ ਮੰਤਰੀ ਜੀ ਨੇ ਕੱਲ੍ਹ ** ** ਦਿੱਤਾ ਕਿ ਲਾਗੂ ਹੋ ਰਹੀਆਂ ਹਨ ਅਤੇ ਸਾਰਿਆਂ ਨੂੰ ਅਸੀਂ ਦੇ ਰਹੇ ਹਾਂ ਔਰ ਇਹ ਬਿਲਕੁਲ ਗਲਤ ਬਿਆਨੀ ਹੈ। ਜੇ ਇਸ ਤਰ੍ਹਾਂ ਹੀ ਵਿਧਾਨ ਸਭਾ ਦੇ ਵਿੱਚ ਗਲਤ ਬਿਆਨ ਬਾਜ਼ੀਆਂ ਹੋਣੀਆਂ ਹਨ ...

ਮਾਨਯੋਗ ਸਪੀਕਰ : ਕੋਈ ਕੁਐਸਚਨ ਹੈ ਤਾਂ ਪੁੱਛੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਸਾਨੂੰ ਕੁਐਸਚਨ ਕਰਨ ਦਾ ਫਾਇਦਾ ਕੀ ਹੈ ? ਕਿਉਂ ਅਸੀਂ ਵਿਧਾਨ ਸਭਾ ਵਿੱਚ ਆਈਏ, ਇਹ ਮੰਤਰੀ ਜਿਹੜੇ ਕਿ ਸ਼ਡਿਊਲਡ ਕਾਸਟ ਦੇ ਅਤੇ ਬੈਕਵਰਡ ਕਲਾਸਿਜ਼ ਦੇ ਅਤੇ ਦੂਸਰਿਆਂ, ਜਿਨ੍ਹਾਂ ਨੂੰ ਸਹੂਲਤਾਂ ਮਿਲਣੀਆਂ ਹਨ, ਉਨ੍ਹਾਂ ਦੇ ਬਾਰੇ ** ** ਬੋਲੀ ਜਾਣਗੇ ....

** Expunged as per Ruling by the Chair dated 13.03.2013

Mr. Speaker : No no.

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਇਹ ਸਟੇਟਮੈਂਟ ਦੇਣਗੇ ਕਿ ਕਦੋਂ ਤੱਕ ਬੈਕਲਾਗ ਪੂਰਾ ਹੋ ਜਾਵੇਗਾ ਅਤੇ ਰੋਸਟਰ ਹਰ ਮਹਿਕਮੇ ਵਿੱਚ ਕਦੋਂ ਤੱਕ ਤਿਆਰ ਹੋ ਜਾਣਗੇ? ਇਸ ਦਾ ਟਾਈਮ ਦੱਸ ਦੇਣ ਜੀ।

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦੀ ਜਿੰਨੀ ਚਿੰਤਾ ਹੈ, ਉਨੀ ਹੀ ਸਾਡੀ ਹੈ। ਅਸੀਂ ਵੀ ਇਸੇ ਖਾਤਰ ਹੀ ਹਾਂ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਰਿਪੋਰਟ ਆ ਲੈਣ ਦਿਓ। ਮੈਂ ਨਾਲ ਇਹ ਵੀ ਕਹਿੰਦਾ ਹਾਂ ਕਿ ਜੇ ਕਿਤੇ ਢਿੱਲ ਮੱਠ ਹੋਈ, ਜੇ ਕਿਸੇ ਅਫਸਰ ਨੇ ਜਾਣਬੁੱਝ ਕੇ ....(ਵਿਘਨ).... ਇੱਕ ਮਿੰਟ ਜੀ।

ਮਾਨਯੋਗ ਸਪੀਕਰ : ਨਹੀਂ, ਨਹੀਂ। ਚੰਨੀ ਜੀ, ਨਹੀਂ।

ਮੰਤਰੀ : ਟਾਈਮ ਤਾਂ ਫਿਰ ਹੀ ਦੱਸ ਸਕਦੇ ਹਾਂ, ਰਿਪੋਰਟ ਆ ਲੈਣ ਦਿਓ। ...(ਵਿਘਨ)....

ਮਾਨਯੋਗ ਸਪੀਕਰ : ਨੈਕਸਟ ਆਈਟਮ। ਰਿਪੋਰਟਾਂ ਪੇਸ਼ ਕਰਨਾ। .....(ਵਿਘਨ).... ਇਕਬਾਲ ਸਿੰਘ ਝੂੰਦਾਂ ਜੀ ....(ਵਿਘਨ)... ਨੈਕਸਟ ਝੂੰਦਾਂ ਜੀ।

PRESENTATION OF REPORTS

ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸਰਦਾਰ ਇਕਬਾਲ ਸਿੰਘ ਝੂੰਦਾਂ): ਸ੍ਰੀਮਾਨ ਜੀ, ਮੈਂ ਸਾਲ 2009-10 ਅਤੇ 2010-11 ਲਈ ਪੰਜਾਬ ਰਾਜ ਬਿਜਲੀ ਬੋਰਡ ਅਤੇ ਸਾਲ 2009-10 ਲਈ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਨਾਲ ਸਬੰਧਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਵਪਾਰਕ) ਵਿੱਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 104ਵੀਂ ਰਿਪੋਰਟ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਡਾਕਟਰ ਦਲਜੀਤ ਸਿੰਘ ਚੀਮਾ ਜੀ।

ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਡਾਕਟਰ ਦਲਜੀਤ ਸਿੰਘ ਚੀਮਾ) : ਸ੍ਰੀਮਾਨ ਜੀ, ਮੈਂ ਸਦਨ ਵਿੱਚ ਮੰਤਰੀਆਂ ਦੁਆਰਾ ਸਮੇਂ ਸਮੇਂ ਤੇ ਦਿੱਤੇ ਗਏ ਆਸ਼ਵਾਸਨਾਂ, ਵਚਨਾਂ ਅਤੇ ਵਿਸ਼ਵਾਸਾਂ ਆਦਿ ਦੀ ਪੜਤਾਲ ਲਈ ਸਾਲ 2013-14 ਲਈ ਗਠਿਤ ਕੀਤੀ ਗਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ ਸਭਾਪਤੀ ਵਜੋਂ ਇਸ ਦੀ 44ਵੀਂ ਰਿਪੋਰਟ ਪੇਸ਼ ਕਰਦਾ ਹਾਂ।

PAPERS LAID ON THE TABLE OF THE HOUSE

ਮਾਨਯੋਗ ਸਪੀਕਰ : ਸੰਸਦੀ ਮਾਮਲਿਆਂ ਬਾਰੇ ਮੰਤਰੀ, ਮਿੱਤਲ ਸਾਹਿਬ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ-

1. ਸਾਲ 2012-13 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105 (2) ਅਧੀਨ ਲੋੜੀਂਦਾ ਹੈ।

2. ਸਾਲ 2011-12 ਲਈ ਗਰੇਟਰ ਮੋਹਾਲੀ ਖੇਤਰ ਵਿਕਾਸ ਅਥਾਰਟੀ (ਗਮਾਡਾ) ਦੇ ਲੇਖਿਆਂ ਦੇ ਸਾਲਾਨਾ ਵਿਵਰਣ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

3. ਸਾਲ 2007-08, 2008-09 ਅਤੇ 2009-10 ਲਈ ਅੰਮ੍ਰਿਤਸਰ ਵਿਕਾਸ ਅਥਾਰਟੀ, ਅੰਮ੍ਰਿਤਸਰ (ਏ ਡੀ ਏ) ਦੇ ਲੇਖਿਆਂ ਦੇ ਸਾਲਾਨਾ ਵਿਵਰਣ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

4. ਸਾਲ 2009-10 ਅਤੇ 2010-11 ਲਈ ਜਲੰਧਰ ਵਿਕਾਸ ਅਥਾਰਟੀ (ਜੇ ਡੀ ਏ) ਦੇ ਲੇਖਿਆਂ ਦੇ ਸਾਲਾਨਾ ਵਿਵਰਣ, ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

5. ਸਾਲ 2011-12 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਦੇ ਸਾਲਾਨਾ ਵਿਵਰਣ ਅਤੇ ਆਡਿਟ ਰਿਪੋਰਟ ਸਦਨ ਦੀ ਮੇਜ ਤੇ ਰੱਖਦਾ ਹਾਂ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 104 (4) ਅਧੀਨ ਲੋੜੀਂਦਾ ਹੈ।

RESUMPTION OF DISCUSSION ON GOVERNOR'S ADDRESS AND VOTE ON THE MOTION OF THANKS

ਮਾਨਯੋਗ ਸਪੀਕਰ : 5 ਮਾਰਚ, 2014 ਨੂੰ ਡਾਕਟਰ ਦਲਜੀਤ ਸਿੰਘ ਚੀਮਾ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ ਨਿਮਨਲਿਖਤ ਪ੍ਰਸਤਾਵ ਤੇ ਮੁੜ ਬਹਿਸ-

[ਮਾਨਯੋਗ ਸਪੀਕਰ]

ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ :-

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 3 ਮਾਰਚ, 2014 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

ਚੰਨੀ ਜੀ ਬੋਲ ਰਹੇ ਸੀ, now please wind up your speech. ਟਾਈਮ ਤਾਂ ਤੁਹਾਨੂੰ ਕਾਫੀ ਮਿਲ ਗਿਆ, ਹੁਣ ਵਾਈਂਡ ਅੱਪ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਮੈਂ ਸੰਖੇਪ ਵਿੱਚ ਹੀ ਗੱਲ ਕਰਾਂਗਾ। ਜ਼ਿਆਦਾ ਗੱਲ ਮੈਂ ਕਰਨੀ ਨਹੀਂ। ਕੱਲ੍ਹ ਮੈਂ ਬਹੁਤ ਹੀ ਸੰਖੇਪ ਦੇ ਵਿੱਚ ਮੌਜੂਦਾ ਸਰਕਾਰ ਦੇ....

ਮਾਨਯੋਗ ਸਪੀਕਰ : ਇੱਕ ਸੈਕਿੰਡ ਹੋਰ, ਮੈਂ ਦੱਸਣਾ ਚਾਹੁੰਦਾ ਹਾਂ। ਜਿਹੜਾ ਟਾਈਮ ਰਹਿੰਦਾ ਹੈ, ਉਹ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ 1 ਘੰਟਾ 44 ਮਿੰਟ, ਬੀ.ਜੇ.ਪੀ. ਦੇ 21 ਮਿੰਟ, ਕਾਂਗਰਸ ਦਾ ਇੱਕ ਘੰਟਾ ਅਤੇ ਅੱਠ ਮਿੰਟ ਅਤੇ ਇੰਡੀਪੈਂਡੈਂਟਸ ਦੇ 9 ਮਿੰਟ ਬਾਕੀ ਰਹਿੰਦੇ ਹਨ।

ਸ਼੍ਰੀ ਸੁਨੀਲ ਜਾਖੜ : ਕਾਂਗਰਸ ਨੂੰ ਪੂਰਾ ਟਾਈਮ ਦਿਉ ਜੀ।

ਮਾਨਯੋਗ ਸਪੀਕਰ : ਮੈਂ ਕਿਹਾ ਜੀ ਪੂਰਾ ਹੀ ਦਿੱਤਾ ਹੈ।

ਸ਼੍ਰੀ ਸੁਨੀਲ ਜਾਖੜ : ਤੁਸੀਂ ਪਲੀਜ਼ ਸਾਰਿਆਂ ਨੂੰ ਟਾਈਮ ਦਿਓ ਜੀ।

ਮਾਨਯੋਗ ਸਪੀਕਰ : ਤੁਸੀਂ ਜੋ ਲਿਸਟ ਦੇਵੋਗੇ, ਉਨ੍ਹਾਂ ਨੂੰ ਪੰਜ-ਪੰਜ ਮਿੰਟ ਬੁਲਾ ਦੇਵਾਂਗੇ।

ਸ਼੍ਰੀ ਸੁਨੀਲ ਜਾਖੜ : ਪੰਜ-ਪੰਜ ਮਿੰਟ ਤਾਂ ਘੱਟ ਹਨ ਜੀ।

ਮਾਨਯੋਗ ਸਪੀਕਰ : ਚਲੋ, ਜੋ ਕਹੋਗੇ ਕਰ ਲਵਾਂਗੇ। ਚਰਨਜੀਤ ਸਿੰਘ ਚੰਨੀ ਜੀ, ਤੁਹਾਨੂੰ ਤਾਂ ਕਾਫ਼ੀ ਟਾਈਮ ਮਿਲ ਗਿਆ ਹੈ, ਹੁਣ ਵਾਈਂਡ ਅੱਪ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਕੱਲ੍ਹ ਸੰਖੇਪ ਵਿੱਚ ਮੌਜੂਦਾ ਸਰਕਾਰ ਦੇ ਪੰਜਾਬ ਵਿਰੋਧੀ, ਦਲਿਤ ਵਿਰੋਧੀ, 84 ਦੇ ਦੰਗਾਂ ਪੀੜਤਾਂ ਦੇ ਰਵੱਈਏ, ਅਪ੍ਰੇਸ਼ਨ ਬਲਿਊ ਸਟਾਰ ਅਤੇ ਉਸ ਤੋਂ ਪਿੱਛੋਂ ਅਤੇ ਪਹਿਲਾਂ ਅਕਾਲੀ ਦਲ ਦੇ ਸੱਤਾ ਹਥਿਆਉਣ ਦੀ ਲਾਲਸਾ ਨਾਲ ਪੰਜਾਬ ਨੂੰ ਅੱਤਵਾਦ ਵਿਚ ਧਕੇਲਣ ਦੀਆਂ ਕੋਝੀਆਂ ਸਾਜ਼ਿਸ਼ਾਂ ਬਾਰੇ ਵਰਣਨ ਕੀਤਾ ਸੀ। ਸਪੀਕਰ ਸਾਹਿਬ, ਧੰਨਵਾਦ ਕਰਨ ਨੂੰ ਕਹਿੰਦੇ ਹਨ। ਮੈਂ ਸੋਚ ਰਿਹਾ ਸੀ ਕਿ ਧੰਨਵਾਦ ਕਿਸ ਦਾ ਕਰਾਂ। ਕੇਂਦਰ

ਸਰਕਾਰ ਦਾ ਕਰਾਂ, ਜਿਨ੍ਹਾਂ ਦੇ ਪੈਸੇ ਕਰਕੇ ਸਰਕਾਰ ਸਾਹ ਲੈ ਰਹੀ ਹੈ ਕਿ ਇਨ੍ਹਾਂ ਦਾ ਕਰਾਂ ਕਿ ਪੰਜਾਬ ਦਾ ਨੁਕਸਾਨ ਕਰ ਰਹੇ ਹਨ। ਕੈਂਸਰ ਹਸਪਤਾਲ ਕੇਂਦਰ ਸਰਕਾਰ ਨੇ ਦਿੱਤੇ, ਪੰਜਾਬ ਦੀਆਂ ਜਿਹੜੀਆਂ ਵੱਡੀਆਂ ਨੈਸ਼ਨਲ ਹਾਈਵੇ ਸੜਕਾਂ ਹਨ, ਉਨ੍ਹਾਂ ਦੀ ਕਾਇਆ ਕਲਪ ਕੇਂਦਰ ਸਰਕਾਰ ਨੇ ਕੀਤੀ। ਹਜ਼ਾਰਾਂ ਸਕੂਲ ਕੇਂਦਰ ਸਰਕਾਰ ਨੇ ਅਪਗ੍ਰੇਡ ਕੀਤੇ, ਆਈ.ਆਈ.ਟੀ., ਰੋਪੜ ਤੇ ਹੋਰ ਇੰਸਟੀਚਿਊਟ ਦਿੱਤੇ, ਟਰੇਨਾਂ ਚਲਾਈਆਂ, ਪੰਜ ਤਖਤਾਂ ਨੂੰ ਟਰੇਨ ਨਾਲ ਜੋੜਨ ਵਾਸਤੇ ਕੇਂਦਰ ਸਰਕਾਰ ਨੇ ਟਰੇਨਾਂ ਚਲਾਈਆਂ। ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੇ ਅਧੀਨ ਪਿੰਡਾਂ ਵਿਚ ਸੜਕਾਂ ਵਾਸਤੇ ਪੈਸੇ ਦਿੱਤੇ। ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਨਾ ਕਿ ਇਨ੍ਹਾਂ ਦਾ, ਜਿਨ੍ਹਾਂ ਨੇ ਪੰਜਾਬ ਦੇ ਵਿਚ ਹਰ ਵਰਗ ਦਾ ਨੁਕਸਾਨ ਕੀਤਾ। ਸਪੀਕਰ ਸਾਹਿਬ, ਰਾਤ ਮੈਂ ਮਹਾਂਭਾਰਤ ਦਾ ਇਕ ਸੀਰੀਅਲ ਆਉਂਦਾ ਹੈ, ਉਸ ਵਿਚ ਵੇਖ ਰਿਹਾ ਸੀ। ਉਸ ਵਿਚ ਧ੍ਰਿਤਰਾਸ਼ਟਰ, ਜਿਹੜਾ ਉਸ ਸਮੇਂ ਦਾ ਰਾਜਾ ਸੀ, ਉਸ ਦਾ ਪੁੱਤਰ ਜਦ ਜਵਾਨ ਹੋਇਆ ਤਾਂ ਉਸ ਨੇ ਆਪਣੇ ਪੁੱਤਰ ਦੀਆਂ ਧਰਮ ਵਿਰੋਧੀ ਕਾਰਵਾਈਆਂ, ਲੁੱਟਾਂ ਖੋਹਾਂ, ਲੜਾਈਆਂ, ਨਸ਼ਿਆਂ ਦੀ ਪ੍ਰਵਿਰਤੀ, ਸਾਮ ਦੰਡ ਸਾਰਾ ਜੋ ਕੁਝ ਉਹ ਕਰਦਾ ਸੀ, ਉਸ ਦੇ ਮੂਹਰੇ ਉਸ ਨੇ ਆਪਣੇ ਗੋਡੇ ਟੇਕ ਦਿੱਤੇ। ਸਪੀਕਰ ਸਾਹਿਬ, ਧ੍ਰਿਤਰਾਸ਼ਟਰ ਆਪਣੇ ਪੁੱਤਰ ਮੋਹ ਵਿਚ, ਰਾਸ਼ਟਰ ਦਾ ਮੋਹ ਭੁੱਲ ਗਿਆ ਪਰ ਉਸ ਨੇ ਆਪਣੇ ਪੁੱਤਰ ਨੂੰ ਆਪਣੀ ਗੱਦੀ ਤਾਂ ਨਹੀਂ ਦਿੱਤੀ, ਜ਼ੋਰ ਲਗਾ ਲਿਆ ਪੁੱਤਰ ਨੇ ਤੇ ਹੱਠ ਕੀਤੀ ਕਿ ਮੈਨੂੰ ਗੱਦੀ ਦਿੱਤੀ ਜਾਵੇ ਲੇਕਿਨ ਗੱਦੀ ਤਾਂ ਨਹੀਂ ਦਿੱਤੀ ....(ਵਿਘਨ)....

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਸਾਹਿਬਾਨ ਬਿਨਾਂ ਆਗਿਆ ਤੋਂ ਖੜ੍ਹੇ ਹੋ ਕੇ ਬੋਲ ਰਹੇ ਸਨ।)

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਇਤਿਹਾਸ ਦੱਸ ਰਿਹਾ ਹਾਂ। ....(ਵਿਘਨ).... ਮੈਂ ਅਜੇ ਤੁਹਾਡੀ ਗੱਲ ਨਹੀਂ ਕੀਤੀ ਹੈ। ਮੈਂ ਇਤਿਹਾਸ ਦੀ ਗੱਲ ਕਰ ਰਿਹਾ ਹਾਂ।

Mr. Speaker : Please silence. Now Charanjit Singh, you should conclude the speech. ਤੁਸੀਂ ਆਪਣੀ ਸਪੀਚ ਕਨਕਲੂਡ ਕਰੋ। ....(ਵਿਘਨ)....

ਸਰਦਾਰ ਚਰਨਜੀਤ ਸਿੰਘ ਚੰਨੀ : ਪੁੱਤਰ ਹੱਠ ਕਰੀ ਗਿਆ ਕਿ ਮੈਨੂੰ ਰਾਜਾ ਬਣਾਉ ਲੇਕਿਨ ਰਾਜਾ ਬਣਾਇਆ ਨਹੀਂ ਪਰ ਉਸ ਦੀਆਂ ਮਨਮਾਨੀਆਂ ਨੂੰ ਧ੍ਰਿਤਰਾਸ਼ਟਰ ਰੋਕ ਨਹੀਂ ਸਕਿਆ।

ਮਾਨਯੋਗ ਸਪੀਕਰ : ਤੁਸੀਂ ਆਪਣੀ ਪਾਰਟੀ ਦਾ ਟਾਈਮ ਲੈ ਰਹੇ ਹੋ, ਕਿਸੇ ਹੋਰ ਮੈਂਬਰ ਨੂੰ ਬੋਲ ਲੈਣ ਦਿਉ। You have taken more than 10 minutes.

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਧ੍ਰਿਤਰਾਸ਼ਟਰ ਰਾਜਾ, ...(ਵਿਘਨ).... ਰਾਤ ਨੂੰ ਸੀਰੀਅਲ ਆਉਂਦਾ ਹੈ, ਮੈਂ ਸਾਰੇ ਵੀਰਾਂ ਨੂੰ ਕਹਿੰਦਾ ਹਾਂ ਕਿ ਉਸ ਨੂੰ ਵੇਖ ਲੈਣ, ਉਹ ਆਪਣੇ ਪੁੱਤਰ ਨੂੰ ਮਨਮਾਨੀਆਂ ਕਰਨ ਤੋਂ ਰੋਕ ਨਹੀਂ ਸਕਿਆ। ਆਪਣੇ ਚਚੇਰੇ ਭਰਾ ਨਾਲ ਲੜਾਈ ਕਰਨ ਤੋਂ ਨਹੀਂ ਰੋਕ ਸਕਿਆ। ....(ਵਿਘਨ)....

ਮਾਨਯੋਗ ਸਪੀਕਰ : ਚੰਨੀ ਜੀ, ਤੁਸੀਂ ਗਵਰਨਰ ਐਡਰੈਸ ਉਤੇ ਬੋਲੋ। No no, ਮੈਂ ਅਗਲੇ ਸਪੀਕਰ ਦਾ ਨਾਂ ਲੈ ਲਵਾਂਗਾ। You have already taken more than 10 minutes. Please conclude otherwise I am going to call the next speaker.

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਮੈਨੂੰ ਸੁਣਿਆ ਨਹੀਂ ਹੈ, ਪਲੀਜ਼ ਦੁਬਾਰਾ ਦੱਸ ਦਿਉ, ਮੈਂ ਉਸ ਤਰ੍ਹਾਂ ਕਰ ਲਵਾਂਗਾ।

ਮਾਨਯੋਗ ਸਪੀਕਰ : ਤੁਸੀਂ 20-25 ਮਿੰਟ ਪਹਿਲਾਂ ਹੀ ਲੈ ਲਏ ਹਨ, ਹੁਣ ਤੁਸੀਂ ਹੋਰ ਕਿੰਨਾ ਕੁ ਟਾਈਮ ਲੈਣਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਸਾਡੀ ਕਾਂਗਰਸ ਪਾਰਟੀ ਦਾ ਟਾਈਮ ਹੈ...

ਮਾਨਯੋਗ ਸਪੀਕਰ : ਲੈ ਲਵੋ ਫਿਰ, ਠੀਕ ਹੈ, ਠੀਕ ਹੈ, ਤੁਸੀਂ ਜਾਣੋ। ....(ਵਿਘਨ).... ਮੈਨੂੰ ਕੋਈ ਇਤਰਾਜ਼ ਨਹੀਂ ਹੈ।

ਮੁੱਖ ਸੰਸਦੀ ਸਕੱਤਰ, ਸਿੱਖਿਆ (ਸਰਦਾਰ ਇੰਦਰਬੀਰ ਸਿੰਘ ਬੁਲਾਰੀਆ): ਸਪੀਕਰ ਸਾਹਿਬ, ਇਹ ਗਲਤ ਗੱਲਾਂ ਕਰੀ ਜਾਂਦੇ ਹਨ ....(ਵਿਘਨ).... ਕੋਈ ਚੱਜ ਦੀ ਗੱਲ ਕਰਨੀ ਹੈ ਤਾਂ ਕਰਨ। ਗਲਤ ਗੱਲਾਂ ਕਰੀ ਜਾਂਦੇ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਕਿਹੜੀ ਗੱਲ ਗਲਤ ਕੀਤੀ ਹੈ? ....(ਵਿਘਨ)....

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ** **

Mr. Speaker : Not to be recorded, whatever is being spoken without my permission. ਤੁਸੀਂ ਆਪਣੀ ਪਾਰਟੀ ਦਾ ਟਾਈਮ ਵੇਸਟ ਕਰ ਰਹੇ ਹੋ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਆਪਣੀ ਪਾਰਟੀ ਦਾ ਟਾਈਮ ਵੇਸਟ ਨਹੀਂ ਕਰ ਰਿਹਾ, ਮੈਂ ਆਪਣੀ ਪਾਰਟੀ ਦਾ ਟਾਈਮ ਯੂਟੇਲਾਈਜ਼ ਕਰ ਰਿਹਾ ਹਾਂ।

** Not recorded as ordered by the Chair.

Mr. Speaker : That I know. You are wasting the time.

ਸਰਦਾਰ ਚਰਨਜੀਤ ਸਿੰਘ ਚੰਨੀ : ਠੀਕ ਹੈ। ਮੈਂ ਨਹੀਂ ਬੋਲਦਾ। ....(ਵਿਘਨ)....

(**ਕੁਝ ਅਵਾਜ਼ਾਂ** : ਅਗਾਂਹ ਨੂੰ ਵੀ ਨਾ ਬੋਲੀਂ।)

ਮਾਨਯੋਗ ਸਪੀਕਰ : ਨੈਕਸਟ ਸ਼੍ਰੀ ਸੁੰਦਰ ਸ਼ਾਮ ਅਰੋੜਾ ਜੀ।

ਸ਼੍ਰੀ ਸੁੰਦਰ ਸ਼ਾਮ ਅਰੋੜਾ (ਹੁਸ਼ਿਆਰਪੁਰ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ।

ਮਾਨਯੋਗ ਸਪੀਕਰ : ਅਰੋੜਾ ਜੀ, ਇਕ ਮਿੰਟ। ਤੁਹਾਡੇ ਲੀਡਰ ਨੇ ਤੁਹਾਡਾ ਨਾਮ 10 ਮਿੰਟ ਲਈ ਰਿਕੁਮੈਂਡ ਕੀਤਾ ਹੈ, please conclude within 10 minutes.

ਸ਼੍ਰੀ ਸੁੰਦਰ ਸ਼ਾਮ ਅਰੋੜਾ : ਸਰ, ਇਸ ਐਡਰੈਸ ਨਾਲ ਮੈਂ ਸਹਿਮਤ ਨਹੀਂ ਹਾਂ। ਕਿਉਂ ਨਹੀਂ ਹਾਂ, ਇਸ ਬਾਰੇ ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਭਾਸ਼ਣ ਦੀ ਕਿਤਾਬ ਸਾਨੂੰ ਦਿੱਤੀ ਗਈ ਹੈ, ਇਸ ਵਿੱਚ 194 ਪੈਰ੍ਹੇ ਹਨ। ਜਿਨ੍ਹਾਂ ਵਿੱਚ ਕਿਤੇ ਵੀ ਵਰਨਣ ਨਹੀਂ ਕੀਤਾ ਗਿਆ ਕਿ ਛੋਟੇ ਦੁਕਾਨਦਾਰਾਂ ਵਾਸਤੇ ਪੰਜਾਬ ਸਰਕਾਰ ਨੇ ਕੀ ਕੀਤਾ ਹੈ, ਛੋਟੇ ਉਦਯੋਗਪਤੀਆਂ ਵਾਸਤੇ ਪੰਜਾਬ ਸਰਕਾਰ ਨੇ ਕੀ ਕੀਤਾ ਹੈ। ਇਸ ਵਿੱਚ ਇਕ ਵੀ ਲਾਈਨ ਦਰਜ ਨਹੀਂ ਹੈ। ਸ਼ਹਿਰਾਂ ਵਿੱਚ ਬਹੁਤ ਵੱਡਾ ਹਿੱਸਾ ਛੋਟੇ ਦੁਕਾਨਦਾਰਾਂ ਦਾ ਹੈ, ਛੋਟੀ ਇੰਡਸਟਰੀ ਦਾ ਹੈ। ਇਸ ਬਾਰੇ ਮੈਂ ਇੱਕ ਨਹੀਂ ਸਗੋਂ ਦੋ ਵਾਰ ਪੜ੍ਹਿਆ ਹੈ ਕਿ ਕਿਤੇ ਮੇਰੇ ਕੋਲੋਂ ਗਲਤੀ ਨਾ ਹੋ ਗਈ ਹੋਵੇ, ਇੱਕ ਸ਼ਬਦ ਵੀ ਇਸ ਵਿੱਚ ਨਹੀਂ ਹੈ, ਇਹ ਬੜੀ ** ** ਗੱਲ ਹੈ।

ਮਾਨਯੋਗ ਸਪੀਕਰ : ** ** ਲਫ਼ਜ਼ ਐਕਸਪੰਜ ਕਰ ਦਿੱਤਾ ਜਾਵੇ।

ਸ਼੍ਰੀ ਸੁੰਦਰ ਸ਼ਾਮ ਅਰੋੜਾ : ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਪੰਜਾਬ ਵਿੱਚ ਛੋਟੀ ਇੰਡਸਟਰੀ ਦਾ, ਛੋਟੇ ਦੁਕਾਨਦਾਰਾਂ ਦਾ ਕੀ ਹਾਲ ਹੈ। ਪਿੱਛੇ ਜਿਹੇ ਡਿਪਟੀ ਸੀ.ਐਮ. ਸਾਹਿਬ ਨੇ ਨਵਾਂਸ਼ਹਿਰ ਵਿੱਚ ਇੱਕ ਰਾਹਤ ਸਕੀਮ ਸ਼ੁਰੂ ਸੀ। ਮੈਂ ਸਮਝਿਆ ਸੀ ਕਿ ਸ਼ਾਇਦ ਇਸ ਨਾਲ ਛੋਟੇ ਦੁਕਾਨਦਾਰਾਂ ਨੂੰ ਕੋਈ ਫਾਇਦਾ ਹੋਵੇਗਾ ਪਰ ਜਿਹੜੀ ਇਨ੍ਹਾਂ ਨੇ ਸਕੀਮ ਸ਼ੁਰੂ ਕੀਤੀ ਸੀ, ਉਹ ਦੁਕਾਨਦਾਰਾਂ ਨੂੰ ਸਿਰਫ਼ ਇੱਕ ਲਾਲੀਪਾਪ ਦਿੱਤਾ ਗਿਆ। ਇਸ ਸਕੀਮ ਦਾ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੋਇਆ। ਫੇਰ ਇਨ੍ਹਾਂ ਨੇ ਸਕੀਮ ਸ਼ੁਰੂ ਕੀਤੀ ਕਿ ਜਿਨ੍ਹਾਂ ਦੀ ਟਰਨਓਵਰ 25 ਲੱਖ ਤੱਕ ਹੈ, ਉਹ 5000 ਰੁਪਿਆ ਜਮ੍ਹਾਂ ਕਰਵਾਉਣਗੇ, ਜਿਨ੍ਹਾਂ ਦੀ 50 ਲੱਖ ਤੱਕ ਟਰਨਓਵਰ ਹੈ, ਉਹ 10,000 ਰੁਪਿਆ ਟੈਕਸ ਜਮ੍ਹਾਂ ਕਰਵਾਉਣਗੇ, ਜਿਨ੍ਹਾਂ ਦੀ 75 ਲੱਖ ਰੁਪਏ ਤੱਕ ਟਰਨਓਵਰ ਹੈ, ਉਹ 15,000 ਰੁਪਿਆ ਜਮ੍ਹਾਂ

** Expunged as ordered by the Chair.

[ਸ਼੍ਰੀ ਸੁੰਦਰ ਸ਼ਾਮ ਅਰੋੜਾ]

ਕਰਵਾਉਣਗੇ ਅਤੇ ਜਿਨ੍ਹਾਂ ਦੀ 1 ਕਰੋੜ ਤੱਕ ਟਰਨ ਓਵਰ ਹੈ, ਉਹ 20,000 ਰੁਪਿਆ ਟੈਕਸ ਜਮ੍ਹਾਂ ਕਰਵਾਉਣਗੇ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਨਵਾਂਸ਼ਹਿਰ ਵਿੱਚ ਇਹ ਜਿਹੜੀ ਸਕੀਮ ਲਾਗੂ ਕੀਤੀ ਗਈ ਸੀ, ਇਸ ਵਾਸਤੇ ਅੱਜ ਤੱਕ ਇਕ ਵੀ ਐਪਲੀਕੇਸ਼ਨ ਨਹੀਂ ਆਈ ਕਿਉਂਕਿ ਇਸ ਨਾਲ ਕਿਸੇ ਨੂੰ ਕੋਈ ਫਾਇਦਾ ਨਹੀਂ ਹੋਇਆ ਹੈ ਅਤੇ ਨਾ ਹੀ ਵਪਾਰੀਆਂ ਵੱਲੋਂ ਕੋਈ ਦਿਲਚਸਪੀ ਦਿਖਾਈ ਗਈ ਹੈ ਕਿ ਅਸੀਂ ਇਸ ਸਕੀਮ ਨੂੰ ਲੈਣਾ ਚਾਹੁੰਦੇ ਹਾਂ।

*12.02 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਸ ਦਾ ਮੁੱਖ ਕਾਰਨ ਕੀ ਹੈ ? ਇਨ੍ਹਾਂ ਨੇ ਕਿਹਾ ਕਿ ਜਿਸ ਦੀ 25 ਲੱਖ ਤੱਕ ਟਰਨਓਵਰ ਹੈ, ਉਹ 5000 ਤੱਕ ਟੈਕਸ ਜਮ੍ਹਾਂ ਕਰਵਾਉਣਗੇ। ਪਹਿਲਾਂ ਕੀ ਹੁੰਦਾ ਸੀ, 0.25% ਟੈਕਸ ਲਗਦਾ ਸੀ। ਜਿਸ ਦੀ 5 ਲੱਖ ਰੁਪਿਆ ਜਾਂ 10 ਲੱਖ ਰੁਪਿਆ ਸੇਲ ਸੀ, ਉਹ ਆਪਣੀ ਪੂਰੀ ਟਰਨਓਵਰ ਵਿਚੋਂ ਜਿਸ ਮਾਲ ਤੇ ਟੈਕਸ ਨਹੀਂ ਹੁੰਦਾ ਸੀ, ਉਸ ਦੀ ਸੇਲ ਨੂੰ ਘਟਾ ਕੇ ਬਾਕੀ ਟੈਕਸ ਜਮ੍ਹਾਂ ਕਰਵਾਉਂਦੇ ਸੀ ਲੇਕਿਨ ਹੁਣ ਉਨ੍ਹਾਂ ਦੀ ਟਰਨਓਵਰ ਨੂੰ ਮਿਨੀਮਮ 25 ਲੱਖ ਰੁਪਿਆ ਮੰਨ ਲਿਆ ਗਿਆ ਹੈ। ਇਹ ਜਿਹੜੀਆਂ ਇਨ੍ਹਾਂ ਨੇ ਚਾਰ ਸਲੈਬਾਂ ਬਣਾਈਆਂ ਹਨ, ਇਸ ਵਿੱਚ ਕਿਸੇ ਦੁਕਾਨਦਾਰ ਨੂੰ ਕੋਈ ਫਾਇਦਾ ਨਹੀਂ ਹੋਇਆ ਹੈ, ਸਿਵਾਏ ਇਸ ਦੇ ਕਿ ਉਸ ਸਰਟੀਫਿਕੇਟ ਤੇ ਡਿਪਟੀ ਸੀ.ਐਮ. ਸਾਹਿਬ ਅਤੇ ਸੀ.ਐਮ. ਸਾਹਿਬ ਦੀ ਫੋਟੋ ਲੱਗੇਗੀ। ਕਿਸੇ ਚੀਜ਼ ਦਾ ਵਪਾਰੀ ਨੂੰ ਫਾਇਦਾ ਨਹੀਂ ਹੋਇਆ ਹੈ। ਕਿੰਨਾ ਕੁ ਫਾਇਦਾ ਹੋਇਆ? ਜਦੋਂ ਡਿਪਟੀ ਸੀ.ਐਮ. ਸਾਹਿਬ ਨੇ ਨਵਾਂਸ਼ਹਿਰ ਵਿੱਚ ਇਹ ਸਕੀਮ ਲਾਂਚ ਕੀਤੀ ਸੀ, ਉਸ ਵੇਲੇ ਸਿਰਫ਼ 4-5 ਸਰਟੀਫਿਕੇਟ ਵੰਡੇ ਗਏ ਸਨ। ਉਸ ਤੋਂ ਬਾਅਦ ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਅੱਜ ਤੱਕ ਇਸ ਸਕੀਮ ਤਹਿਤ ਇੱਕ ਵੀ ਐਪਲੀਕੇਸ਼ਨ ਨਹੀਂ ਆਈ ਕਿ ਕਿਸੇ ਵਪਾਰੀ ਨੂੰ ਕੋਈ ਫਾਇਦਾ ਹੋਇਆ ਹੋਵੇ।

/ **ਸ਼੍ਰੀ ਦੀਪ ਮਲਹੋਤਰਾ (ਫਰੀਦਕੋਟ)**: ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਪਾਰੀਆਂ ਵਾਸਤੇ ਇਸ ਤੋਂ ਵਧੀਆ ਕੋਈ ਸਕੀਮ ਨਹੀਂ ਹੈ। 5000 ਰੁਪਿਆ ਤਾਂ ਸਿਰਫ਼ ਵਕੀਲ ਨੂੰ ਦੇਣ ਵਾਸਤੇ ਜਾਂ ਚਾਰਟਿਡ ਅਕਾਊਂਟੈਂਟ ਨੂੰ ਦੇਣ ਵਾਸਤੇ, ਆਪਣੇ ਮੁਨੀਮ ਨੂੰ ਦੇਣ ਵਾਸਤੇ ਰੱਖਣਾ ਪੈਂਦਾ ਸੀ। 5000 ਰੁਪਏ ਦੀ ਸਕੀਮ ਨੂੰ ਸਾਰੇ ਪੰਜਾਬ ਵਿੱਚ ਵਪਾਰੀਆਂ ਨੇ like ਕੀਤਾ ਹੈ। ਸਾਰੀਆਂ ਜਗ੍ਹਾ ਤੇ ਇਹ ਚਾਰ ਸਕੀਮਾਂ ਵੰਡੀਆਂ ਗਈਆਂ ਹਨ। ਮੈਂ ਵਪਾਰੀਆਂ ਦਾ ਨੁਮਾਇੰਦਾ ਹੋਣ ਕਰਕੇ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਸਕੀਮ ਦੀ ਨਿਖੇਧੀ ਨਾ ਕਰੋ। ਪੂਰੇ ਹਿੰਦੁਸਤਾਨ ਵਿੱਚ ਅਜਿਹੀ ਸਕੀਮ ਨਹੀਂ ਹੈ, ਜਿਹੜਾ 5000 ਰੁਪਿਆ ਲੈ ਕੇ ਤੁਸੀਂ ਵਪਾਰੀਆਂ ਨੂੰ ਮੁਕਤ ਕਰ ਦਿੱਤਾ ਕਿ ਇੱਥੇ ਕੋਈ ਇੰਸਪੈਕਟਰੀ ਰਾਜ ਨਹੀਂ ਹੋ ਸਕਦਾ। ਮੈਂ ਬੇਨਤੀ ਕਰਦਾ ਹਾਂ...(ਵਿਘਨ....ਸ਼ੋਰ)....

ਸ਼੍ਰੀ ਸੁੰਦਰ ਸ਼ਾਮ ਅਰੋੜਾ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਤੋਂ ਸਮਾਂ ਲਿਆ ਹੈ। ਪਹਿਲਾਂ ਸਾਨੂੰ ਸੁਣਿਆ ਜਾਵੇ ਅਤੇ ਬਾਅਦ ਵਿੱਚ ਬੋਲਿਆ ਜਾਵੇ। ਜਿਹੜੀ ਚੀਜ਼ ਤੁਸੀਂ ਮਿਸ ਕੀਤੀ ਹੈ, ਪਹਿਲਾਂ ਉਸ ਗੱਲ ਨੂੰ ਸੁਣਿਆ ਜਾਵੇ। ....(ਵਿਘਨ....ਸ਼ੋਰ).... ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਗੱਲ ਦਾ ਜਵਾਬ ਦੇਣਾ ਚਾਹੁੰਦਾ ਹਾਂ। ਜਦੋਂ ਇਨ੍ਹਾਂ ਨੇ ਸਰਟੀਫਿਕੇਟ ਵੰਡੇ, ਉਸ ਵਕਤ ਅਨਾਊਂਸਮੈਂਟ ਕੀਤੀ ਕਿ ਵਪਾਰੀਆਂ ਨੂੰ ਕਿਤਾਬਾਂ ਲਾਉਣ ਦੀ ਜ਼ਰੂਰਤ ਨਹੀਂ ਹੈ। ਤੁਸੀਂ ਡਿਪਟੀ ਸੀ.ਐਮ. ਸਾਹਿਬ ਅਤੇ ਸੀ.ਐਮ. ਸਾਹਿਬ ਦੀ ਤਸਵੀਰ ਟੰਗੋ। ਇੱਥੇ ਕੋਈ ਇੰਸਪੈਕਟਰ ਨਹੀਂ ਆਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਨੇ ਇਨ੍ਹਾਂ ਵਪਾਰੀਆਂ ਲਈ ਇਨਕਮ ਟੈਕਸ ਡਿਪਾਰਟਮੈਂਟ ਤੋਂ ਕੋਈ ਸਰਟੀਫਿਕੇਟ ਲੈ ਲਿਆ ਹੈ ਕਿ ਇਹ ਵਪਾਰੀ ਕਿਤਾਬਾਂ ਨਹੀਂ ਲਗਾਉਣਗੇ? ਇਸ ਲਈ ਕੌਣ ਜ਼ਿੰਮੇਵਾਰ ਹੈ? ਜੇਕਰ ਅਸੀਂ ਕਿਤਾਬਾਂ ਨਹੀਂ ਲਗਾਵਾਂਗੇ ਤਾਂ ਇਨਕਮ ਟੈਕਸ ਡਿਪਾਰਟਮੈਂਟ ਨੂੰ ਇਸ ਦਾ ਜਵਾਬ ਕੌਣ ਦੇਵੇਗਾ? ਇਹ ਜਿਹੜਾ lump sum ਲਗਾਇਆ ਗਿਆ ਹੈ, ਇਸ ਨੂੰ ਪੂਰੀ ਤਰ੍ਹਾਂ ਜਾਂਚਿਆ ਨਹੀਂ ਗਿਆ। ਡਿਪਟੀ ਸੀ.ਐਮ. ਨੇ ਕਿਹਾ ਹੈ ਕਿ ਮੈਂ ਹਾਂਗਕਾਂਗ ਤੇ ਸਿੰਘਾਪੁਰ ਗਿਆ ਸੀ। ਉਥੋਂ ਮੈਂ ਸਕੀਮ ਲੈ ਕੇ ਆਇਆ ਹਾਂ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਮੈਂ ਵੀ ਸਿੰਘਾਪੁਰ ਗਿਆ ਸੀ। ਅਸੀਂ ਵੀ ਗਏ ਸੀ। ਮੈਂ ਉਥੇ ਦੁਕਾਨਦਾਰਾਂ ਨਾਲ ਗੱਲ ਕੀਤੀ। ਜਿਸ ਤਰ੍ਹਾਂ ਸਾਡੇ ਪੰਜਾਬ ਦੇ ਛੋਟੇ ਦੁਕਾਨਦਾਰ ਤੇ ਛੋਟੇ ਉਦਯੋਗ ਵਾਲੇ ਮਾਨਸਿਕ ਤੌਰ ਤੇ ਪਰੇਸ਼ਾਨ ਹਨ, ਉਸ ਤਰ੍ਹਾਂ ਹਾਂਗਕਾਂਗ ਦੇ ਦੁਕਾਨਦਾਰ ਪਰੇਸ਼ਾਨ ਨਹੀਂ ਹਨ। ਜਿਸ ਤਰ੍ਹਾਂ ਸਾਡੇ ਦੁਕਾਨਦਾਰਾਂ ਤੇ ਬੋਝ ਪਾਇਆ ਜਾਂਦਾ ਹੈ ਔਰ ਜਿਸ ਤਰ੍ਹਾਂ ਛੋਟੇ ਉਦਯੋਗਾਂ ਤੇ ਬੋਝ ਪਾਇਆ ਜਾਂਦਾ ਹੈ। ਏ.ਈ.ਟੀ.ਸੀ. ਨੂੰ ਕਿਹਾ ਗਿਆ ਕਿ ਫਟਾਫ਼ਟ ਸਰਟੀਫਿਕੇਟ ਦਿਉ, ਇਹ ਜਾਂਚ ਕਰਵਾ ਲਉ ਕਿ ਇਸ ਸਕੀਮ ਦੇ ਅਧੀਨ ਅੱਜ ਤੱਕ ਕਿੰਨੀਆਂ ਐਪਲੀਕੇਸ਼ਨਾਂ ਆਈਆਂ ਹਨ। ਤੁਹਾਨੂੰ ਪਤਾ ਲਗ ਜਾਵੇਗਾ ਕਿ ਇਸ ਸਕੀਮ ਦਾ ਫਾਇਦਾ ਕੀ ਹੈ ਤੇ ਨੁਕਸਾਨ ਕੀ ਹੈ।

ਡਿਪਟੀ ਸਪੀਕਰ ਸਾਹਿਬ, ਦੂਸਰੀ ਗੱਲ ਮੈਂ ਕਰਨੀ ਚਾਹੁੰਦਾ ਹਾਂ। ਇਹ ਵੀ ਛੋਟੇ ਵਪਾਰੀਆਂ ਨਾਲ ਸਬੰਧਤ ਹੈ ਕਿ ਜਿਹੜਾ ਪੰਜਾਬ ਤੋਂ ਬਾਹਰੋਂ ਮਾਲ ਆਉਂਦਾ ਹੈ, ਉਸ ਤੇ ਐਡਵਾਂਸ ਟੈਕਸ ਲਿਆ ਜਾਂਦਾ ਹੈ। ਜਦੋਂ ਬਾਰਡਰ ਤੇ ਗੱਡੀ ਪਹੁੰਚਦੀ ਹੈ ਤਾਂ ਐਡਵਾਂਸ ਟੈਕਸ ਲਿਆ ਜਾਂਦਾ ਹੈ। ਇਹ ਐਡਵਾਂਸ ਟੈਕਸ ਕਿਸੇ ਚੀਜ਼ ਤੇ 14% ਹੈ ਅਤੇ ਕਿਸੇ ਤੇ 10% ਹੈ ਅਤੇ ਕਿਸੇ ਤੇ 6% ਹੈ। ਇਸ ਦੀ ਐਵਰੇਜ਼ 10% ਬਣਦੀ ਹੈ। ਅਗਰ ਕੋਈ 10 ਲੱਖ ਰੁਪਏ ਦਾ ਮਾਲ ਲੈ ਕੇ ਪੰਜਾਬ ਦੇ ਬਾਰਡਰ ਤੇ ਪਹੁੰਚਦਾ ਹੈ ਤਾਂ ਇੱਕ ਲੱਖ ਰੁਪਿਆ ਉਸ ਨੂੰ ਐਡਵਾਂਸ ਟੈਕਸ ਜਮ੍ਹਾਂ ਕਰਾਉਣਾ ਪੈਂਦਾ ਹੈ ਜਦ ਕਿ ਕਾਨੂੰਨ ਦੇ ਅੰਦਰ ਇਸ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ। ਵੈਟ ਲਗਦਾ ਹੈ ਪਰ ਉਹ ਵੇਚਣ ਸਮੇਂ ਲਗਦਾ ਹੈ। ਜਦੋਂ ਅਸੀਂ ਮਾਲ ਨੂੰ ਸੇਲ ਕਰਦੇ ਹਾਂ ਤਾਂ ਉਸ ਤੋਂ ਬਾਅਦ ਲਗਦਾ ਹੈ। ਪਰ ਇਨ੍ਹਾਂ ਨੇ ਐਡਵਾਂਸ ਟੈਕਸ ਲਗਾ ਕੇ ਵਪਾਰੀਆਂ ਤੇ ਬੋਝ ਪਾਇਆ ਹੈ। 10% ਉਨ੍ਹਾਂ ਦੀ ਇਨਵੈਸਟਮੈਂਟ ਵਧਾਈ ਹੈ। ਅਗਰ ਕੋਈ 10 ਲੱਖ ਰੁਪਏ ਦੀ ਪਰਚੇਜ਼ ਕਰਦਾ ਹੈ ਤਾਂ ਇੱਕ ਲੱਖ ਰੁਪਿਆ ਉਸ

[ਸ਼੍ਰੀ ਸੁੰਦਰ ਸ਼ਾਮ ਅਰੋੜਾ]

ਨੂੰ ਉਥੇ ਜਮ੍ਹਾ ਕਰਾਉਣਾ ਪੈਂਦਾ ਹੈ, ਇਸ ਤਰ੍ਹਾਂ ਉਸ ਦੀ ਲਾਗਤ 11 ਲੱਖ ਰੁਪਿਆ ਬਣ ਜਾਂਦੀ ਹੈ ਔਰ ਉਸ ਤੇ ਬੈਂਕ ਦਾ ਵਿਆਜ ਵੀ ਲਗਦਾ ਹੈ। ਜੇਕਰ ਉਸ ਦੁਕਾਨਦਾਰ ਦਾ ਲਾਸ ਹੋ ਗਿਆ, ਉਸ ਦਾ ਮਾਲ ਖਰਾਬ ਹੋ ਗਿਆ, ਉਸ ਦਾ ਮਾਲ ਨਾ ਵਿਕਿਆ, ਤਾਂ ਉਸ ਨੂੰ ਤਾਂ ਬਹੁਤ ਘਾਟਾ ਪੈਂਦਾ ਹੈ। ਭਾਵੇਂ ਕੁਝ ਵੀ ਹੋ ਜਾਵੇ ਪਰ ਸਰਕਾਰ ਤਾਂ ਆਪਣਾ ਐਡਵਾਂਸ ਟੈਕਸ ਲੈ ਲੈਂਦੀ ਹੈ। ਜਿਸ ਦੀ ਕਿ ਲਾਅ ਦੇ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ। ਛੋਟੇ ਵਪਾਰੀ ਦੇ ਨਾਲ ਇਹ ਕੁਝ ਹੋਇਆ। ਪੰਜਾਬ ਦੇ ਅੰਦਰ ਬਹੁਤ ਵੱਡਾ ਯੋਗਦਾਨ ਛੋਟੇ ਵਪਾਰੀਆਂ ਦੇ ਛੋਟੇ ਉਦਯੋਗਾਂ ਦਾ ਹੈ, ਜਦੋਂ ਅਸੀਂ ਗਵਰਨਰ ਐਡਰੈਸ ਨੂੰ ਪੜ੍ਹ ਰਹੇ ਸੀ ਤਾਂ ਇਸ ਬਾਰੇ ਭਾਸ਼ਣ ਦੇ ਅੰਦਰ ਕੋਈ ਵਰਣਨ ਨਹੀਂ ਕੀਤਾ ਗਿਆ। ਵੈਟ ਨੰਬਰ ਲੈਣ ਵਾਸਤੇ ਇਨ੍ਹਾਂ ਵਪਾਰੀਆਂ ਨੂੰ ਜਦੋਂ ਸੇਲ ਟੈਕਸ ਦਫ਼ਤਰ ਦੇ ਅੰਦਰ ਜਾਣਾ ਪੈਂਦਾ ਹੈ, ਜਦੋਂ ਅਪਲਾਈ ਕਰਦੇ ਹਨ, ਮੈਂ 42 ਨੰਬਰ ਪੜ੍ਹ ਰਿਹਾ ਸੀ, ਇਸ ਵਿੱਚ ਲਿਖਿਆ ਹੈ ਕਿ ਜਿਹੜਾ ਵੀ ਇੱਥੇ ਇੰਡਸਟਰੀ ਲਗਾਏਗਾ ਜਾਂ ਨਵੀਂ ਇਨਵੈਸਟਮੈਂਟ ਕਰੇਗਾ, ਉਸ ਨੂੰ ਕਈ ਤਰ੍ਹਾਂ ਦੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ। ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਛੋਟੇ ਉਦਯੋਗ ਤੇ ਛੋਟੇ ਕਿੱਤੇ ਪੰਜਾਬ ਵਿੱਚ ਚੱਲ ਰਹੇ ਹਨ, ਛੋਟੀ ਦੁਕਾਨਦਾਰੀ ਜੋ ਪੰਜਾਬ ਵਿੱਚ ਚੱਲ ਰਹੀ ਹੈ, ਜਦੋਂ ਉਨ੍ਹਾਂ ਨੂੰ ਵੈਟ ਨੰਬਰ ਲੈਣਾ ਪੈਂਦਾ ਹੈ ਤਾਂ ਪਹਿਲਾਂ ਉਹ ਸੇਲ ਟੈਕਸ ਡਿਪਾਰਟਮੈਂਟ ਦੇ ਅੰਦਰ ਜਾ ਕੇ ਐਪਲੀਕੇਸ਼ਨ ਦਿੰਦਾ ਹੈ ਕਿ ਮੈਨੂੰ ਵੈਟ ਨੰਬਰ ਚਾਹੀਦਾ ਹੈ।

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਤੁਹਾਡਾ 10 ਮਿੰਟ ਦਾ ਸਮਾਂ ਹੈ। ਜਲਦੀ ਖਤਮ ਕਰੋ।

ਸ਼੍ਰੀ ਸੁੰਦਰ ਸ਼ਾਮ ਅਰੋੜਾ : ਨਹੀਂ ਜੀ। ਸਾਡਾ ਟਾਈਮ ਹੈਗਾ ਹੈ ਜੀ। ਇੰਸਪੈਕਟਰ ਸਾਹਿਬ ਇਹ ਕਹਿੰਦੇ ਹਨ ਕਿ ਮੈਂ ਤੁਹਾਡੀ ਦੁਕਾਨ ਤੇ ਆ ਕੇ ਮੌਕਾ ਦੇਖਾਂਗਾ ਤੇ ਫਿਰ ਤੁਹਾਨੂੰ ਇਸ ਦਾ ਵੈਟ ਨੰਬਰ ਦੇਵਾਂਗਾ ਪਰ 10 ਦਿਨ ਇੰਸਪੈਕਟਰ ਦੁਕਾਨ ਤੇ ਨਹੀਂ ਆਉਂਦਾ। ਤੁਹਾਨੂੰ ਪਤਾ ਹੈ ਕਿ ਇੰਸਪੈਕਟਰ ਫਿਰ ਦੁਕਾਨ ਤੇ ਕਿਸ ਤਰ੍ਹਾਂ ਪਹੁੰਚਦਾ ਹੈ। ਫਿਰ ਵਪਾਰੀ ਨੂੰ ਉਸ ਦੀ ਦੁਕਾਨ ਦੇ ਅੰਦਰ ਖੜ੍ਹਾ ਕਰਕੇ ਉਸ ਦੇ ਨਾਲ ਫੋਟੋ ਖਿਚਵਾਈ ਜਾਂਦੀ ਹੈ। ਇਹ ਕੋਈ ਲਾਅ ਨਹੀਂ ਹੈ ਅਤੇ ਕਿਤੇ ਕਾਨੂੰਨ ਦੇ ਵਿੱਚ ਨਹੀਂ ਹੈ ਕਿ ਵਪਾਰੀ ਦੀ ਦੁਕਾਨ ਦੇ ਅੰਦਰ ਇੰਸਪੈਕਟਰ ਨਾਲ ਖੜ੍ਹਾ ਹੋ ਕੇ ਫੋਟੋ ਕਰਵਾਵੇ ਤਾਂ ਹੀ ਉਸ ਨੂੰ ਨੰਬਰ ਦਿੱਤਾ ਜਾਵੇਗਾ। ਜਦੋਂ ਇਹ ਚੀਜ਼ਾਂ ਹੋ ਜਾਂਦੀਆਂ ਹਨ, ਫਿਰ ਈ.ਟੀ.ਓ. ਸਾਹਿਬ ਕਹਿੰਦੇ ਹਨ ਕਿ ਮੈਂ ਮੌਕਾ ਦੇਖਣਾ ਹੈ। ਜਿਸ ਨੇ ਟੈਕਸ ਦੇਣਾ ਹੁੰਦਾ ਹੈ ਪਤਾ ਨਹੀਂ ਉਸ ਨੂੰ ਕਿੰਨੀਆਂ ਮੁਸ਼ਕਿਲਾਂ ਦੇ ਨਾਲ ਵੈਟ ਨੰਬਰ ਮਿਲਦਾ ਹੈ। ਫਿਰ ਈ.ਟੀ.ਓ. ਮੌਕਾ ਦੇਖਦੇ ਹਨ ਤੇ ਕਹਿੰਦੇ ਹਨ ਕਿ ਤੇਰੀ ਦੁਕਾਨ ਦੇ ਅੰਦਰ ਤਾਂ ਮਾਲ ਹੀ ਨਹੀਂ ਹੈ, ਤੈਨੂੰ ਵੈਟ ਨੰਬਰ ਕਾਹਦਾ ਦੇ ਦੇਵਾਂ। ਜਦੋਂ ਕਿ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੰਨੀ ਦੇਰ ਨੰਬਰ ਨਾ ਮਿਲੇ, ਉਨੀ ਦੇਰ ਵਪਾਰੀ ਮਾਲ ਦੀ ਪਰਚੇਜ਼ ਨਹੀਂ ਕਰ ਸਕਦੇ। ਇਸ ਤਰ੍ਹਾਂ ਛੋਟੇ ਵਪਾਰੀਆਂ ਤੇ ਦੁਕਾਨਦਾਰਾਂ ਦੇ ਨਾਲ ਕੀਤਾ ਜਾ ਰਿਹਾ ਹੈ। ਪਿਛਲੇ

ਦਿਨੀਂ ਬੜੀਆਂ ਅਖਬਾਰਾਂ ਵਿੱਚ ਇੱਕ ਨਿਊਜ਼ ਆਈ ਕਿ ਮੰਡੀ ਗੋਬਿੰਦਗੜ੍ਹ ਵਿੱਚੋਂ 110 ਇੰਡਸਟਰੀਜ਼ ਸ਼ਿਫ਼ਟ ਹੋ ਗਈਆਂ ਹਨ, ਇਨ੍ਹਾਂ ਦੀ ਪਲੈਨ ਹੋ ਗਈ ਹੈ। ਇਸ ਦਾ ਕਾਰਨ ਕੀ ਸੀ? ਇਸ ਦਾ ਕਾਰਨ ਇਹ ਸੀ ਕਿ ਜਿਹੜਾ 4.75 ਫੀਸਦੀ ਟੈਕਸ ਲਗਾਇਆ ਸੀ, ਉਸ ਕਾਰਨ ਹੀ ਸਾਰੀ ਇੰਡਸਟਰੀ ਸ਼ਿਫ਼ਟ ਹੋ ਗਈ ਸੀ। ਜਦੋਂ ਸਰਕਾਰ ਨੂੰ ਹੋਸ਼ ਆਈ ਅਤੇ ਸਰਕਾਰ ਨੇ ਸੋਚਿਆ ਕਿ ਹਜ਼ਾਰਾਂ ਦੀ ਲੇਬਰ ਵਿਹਲੀ ਹੋ ਗਈ ਹੈ, ਟਰਾਂਸਪੋਰਟ ਖਾਲੀ ਪਈ ਹੈ, ਉਸ ਤੋਂ ਬਾਅਦ ਸਰਕਾਰ ਨੇ ਇਹ ਟੈਕਸ ਘਟਾ ਕੇ 2.75 ਫੀਸਦੀ ਕਰ ਦਿੱਤਾ ਪਰ ਜਿਹੜੀ 110 ਇੰਡਸਟਰੀਜ਼ ਉਥੋਂ ਬੰਦ ਹੋਈਆਂ ਸਨ, ਉਨ੍ਹਾਂ ਨੂੰ ਡਿਸਮੈਂਟਲ ਕਰ ਦਿੱਤਾ। ਇਹ ਟੈਕਸ ਘਟਾਉਣ ਦੇ ਬਾਵਜੂਦ ਵੀ ਉਹ ਇੰਡਸਟਰੀ ਮੰਡੀ ਗੋਬਿੰਦਗੜ੍ਹ ਵਿਚ ਵਾਪਸ ਨਹੀਂ ਆਈ। ਹਜ਼ਾਰਾਂ ਲੋਕ ਬੇਰੁਜ਼ਗਾਰ ਹੋਏ ਪਰ ਇਸ ਬਾਰੇ ਕੁਝ ਨਹੀਂ ਕੀਤਾ ਗਿਆ। ਉਹ ਲੋਕ ਕੁਝ ਹਿਮਾਚਲ ਵਿਚ ਚਲੇ ਗਏ ਅਤੇ ਕੁਝ ਗੁਜਰਾਤ ਵਿਚ ਚਲੇ ਗਏ।

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਹੁਣ ਬੈਠੋ ਪਲੀਜ਼।

ਸ਼੍ਰੀ ਸੁੰਦਰ ਸ਼ਾਮ ਅਰੋੜਾ : ਬੱਸ ਇਕ ਮਿੰਟ ਜੀ। ਪੰਜਾਬ ਅੰਦਰ ਸੀ-ਫਾਰਮਿੰਗ ਦੀ ਵੱਡੀ ਸਮੱਸਿਆ ਹੈ। ਜਿਹੜਾ ਪੰਜਾਬ ਦਾ ਟੈਕਸ ਸੀ, ਇਹ ਹਿਮਾਚਲ ਅਤੇ ਹਰਿਆਣਾ ਨੇ ਵੀ ਅਪਣਾਇਆ ਸੀ ਪਰ ਪੰਜਾਬ ਦੀ ਪਤਾ ਨਹੀਂ ਕਿਹੋ ਜਿਹੀ ਪਾਲਿਸੀ ਹੈ। ਅੱਜ ਪੰਜਾਬ ਦੇ ਅੰਦਰ ਵਪਾਰੀ, ਖਾਸ ਕਰਕੇ ਛੋਟੇ ਵਪਾਰੀ ਦਾ ਹਾਲਤ ਬਹੁਤ ਮਾੜੀ ਹੈ। ਅੱਜ ਇਥੇ ਹੈਲਥ ਮਨਿਸਟਰ ਸਾਹਿਬ ਬੈਠੇ ਸੀ, ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਪੰਜਾਬ ਦੇ ਅੰਦਰ ਮੈਡੀਕਲ ਚੈਕਅੱਪ ਕਰਵਾ ਲਓ ਤਾਂ ਤੁਹਾਡੇ ਸਾਹਮਣੇ ਰਿਪੋਰਟ ਆਵੇਗੀ ਕਿ ਜਿੰਨੀ ਸ਼ੂਗਰ ਔਰ ਬੀ.ਪੀ. ਦੀ ਬਿਮਾਰੀ ਦੁਕਾਨਦਾਰਾਂ ਨੂੰ ਹੈ, ਉਨੀ ਕਿਸੇ ਹੋਰ ਵਰਗ ਨੂੰ ਨਹੀਂ ਹੈ। ਇੰਨੀ ਟੈਨਸ਼ਨ ਹੈ ਸਾਡੇ ਵਪਾਰੀਆਂ ਨੂੰ। ...(ਹਾਸਾ)... ਮੈਨੂੰ ਇਸ ਗੱਲ ਦੀ ਬਹੁਤ ਚਿੰਤਾ ਹੈ।.....

ਮਾਨਯੋਗ ਡਿਪਟੀ ਸਪੀਕਰ : ਮੈਂਬਰ ਸਾਹਿਬ, ਬੈਠੋ ਪਲੀਜ਼। ਸਰਦਾਰ ਲਾਲ ਸਿੰਘ ਜੀ।

ਸਰਦਾਰ ਲਾਲ ਸਿੰਘ (ਸਨੌਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਡਾਕਟਰ ਦਲਜੀਤ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਗਏ ਧੰਨਵਾਦ ਦੇ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਤੇ ਦੇ ਵਿਰੋਧ ਵਿਚ ਬੋਲਣਾ ਚਾਹੁੰਦਾ ਹਾਂ। ਇਸ ਗਵਰਨਰ ਅਡਰੈਸ ਦੇ ਵਿਚ ਜੋ ਕੁਝ ਪੜ੍ਹਿਆ ਗਿਆ ਹੈ, ਉਸ ਵਿਚ ਆਮ ਰੁਟੀਨ ਦੀਆਂ ਗੱਲਾਂ ਹਨ ਅਤੇ ਜੋ ਪੰਜਾਬ ਦੇ ਅਹਿਮ ਮਸਲੇ ਹਨ, ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਹੈ। ਇਸ ਕਰਕੇ ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਮੈਂ ਆਪ ਜੀ ਦੇ ਰਾਹੀਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰੈਗੂਲਰ ਬਜਟ ਅਸੀਂ ਕਿਉਂ ਨਹੀਂ ਲਿਆਂਦਾ, ਵੋਟ ਆਨ ਅਕਾਊਂਟ ਕਿਉਂ ਲਿਆਂਦਾ ? ਸਾਡੀ ਕੀ ਮਜਬੂਰੀ ਸੀ ? ਕੇਂਦਰ ਸਰਕਾਰ ਦੀ ਤਾਂ ਮਜ਼ਬੂਰੀ ਹੋ ਸਕਦੀ

[ਸਰਦਾਰ ਲਾਲ ਸਿੰਘ]
ਹੈ ਕਿਉਂਕਿ 1 ਜੂਨ ਨੂੰ ਨਵੀਂ ਸਰਕਾਰ ਬਣਨੀ ਹੈ, ਉਹ ਜਿਹੜੀ ਵੀ ਪਾਰਟੀ ਦੀ ਬਣੇਗੀ ਉਹ ਆਪਣਾ ਰੈਗੂਲਰ ਬਜਟ ਲਿਆਏਗੀ। ਪਰ ਸਾਡੀ ਕੀ ਮਜਬੂਰੀ ਸੀ ? ਸਾਡੀ ਗਵਾਂਢੀ ਸਟੇਟ ਹਰਿਆਣਾ ਰੈਗੂਲਰ ਬਜਟ ਲਿਆ ਸਕਦੀ ਹੈ, ਉਤਰਾਂਚਲ ਅਤੇ ਹੋਰ ਸਟੇਟਾਂ ਰੈਗੂਲਰ ਬਜਟ ਲਿਆ ਸਕਦੀਆਂ ਹਨ ਤਾਂ ਫਿਰ ਪੰਜਾਬ ਕਿਉਂ ਨਹੀਂ? ਇਸ ਪਿੱਛੇ ਬਹੁਤ ਵੱਡੀ ਸਾਜਿਸ਼ ਹੈ, ਲੋਕਾਂ ਨਾਲ ਧੋਖਾ ਹੈ। ਲੋਕਾਂ ਨੂੰ ਗੁੰਮਰਾਹ ਕਰਕੇ ਵਿਕਾਸ ਦੇ ਨਾਂ ਤੇ ਇਕ ਹਊਆ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਰਕਾਰ ਵੱਲੋਂ ਬੜੇ ਬੜੇ ਐਲਾਨ ਕੀਤੇ ਜਾ ਰਹੇ ਹਨ ਕਿ ਫਲਾਣੀ ਸਕੀਮ ਪਾਸ ਕਰ ਦਿੱਤੀ, ਫਲਾਣਾ ਪ੍ਰਾਜੈਕਟ ਪਾਸ ਕਰ ਦਿੱਤਾ ਗਿਆ। ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾ ਰਹੇ ਹਨ। ਬੇਸ਼ੁਮਾਰ ਨੀਂਹ ਪੱਥਰ ਰੱਖੇ ਜਾ ਰਹੇ ਹਨ। ਇਹ ਸਿਰਫ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਨੇ ਬਜਟ ਇਸ ਕਰਕੇ ਨਹੀਂ ਲਿਆਂਦਾ ਕਿਉਂਕਿ ਪੰਜਾਬ ਕੋਲ ਹੈ ਕੀ? ਸਾਡੀ ਮਾਲੀ ਹਾਲਤ ਬਹੁਤ ਮਾੜੀ ਹੈ। ਇਨ੍ਹਾਂ ਨੇ ਸਿਰਫ ਲੋਕ ਸਭਾ ਵੋਟਾਂ ਦੀ ਖਾਤਰ ਇਹ ਡਰਾਮਾ ਰਚਿਆ ਹੈ। ਇਹ ਬਹੁਤ ਵੱਡਾ ਦਿਖਾਵਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਲੋਕਾਂ ਨਾਲ ਧੋਖਾ ਹੈ, ਵਿਸ਼ਵਾਸਘਾਤ ਹੈ। ਡਿਪਟੀ ਸਪੀਕਰ ਸਾਹਿਬ, ਇਹ ਸਿਰਫ ਡਰਾਮਾ ਹੈ। ਇਹ ਡਰਾਮਾ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਬਣਾਇਆ ਹੋਇਆ ਹੈ। ਲੇਖਕ ਵੀ ਉਹੀ ਹੈ, ਪ੍ਰੋਡਿਊਸਰ ਵੀ ਉਹੀ ਹੈ, ਡਾਇਰੈਕਟਰ ਵੀ ਉਹੀ ਹੈ ਅਤੇ ਐਕਟਰ ਵੀ ਉਹੀ ਹੈ, ਕਮਾਲ ਕਰ ਦਿੱਤੀ। ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਕਿਸ ਤਰ੍ਹਾਂ ਤੁਸੀਂ ਲੋਕਾਂ ਨੂੰ ਗੁੰਮਰਾਹ ਕਰਕੇ, ਸਬਜ਼ਬਾਗ ਦਿਖਾ ਕੇ ਵੋਟਾਂ ਬਟੋਰ ਸਕਦੇ ਹੋ। ਸਰਦਾਰ ਸੁਖਬੀਰ ਸਿੰਘ ਜੀ, ਮੈਂ ਕਮਾਲ ਮੰਨ ਗਿਆ ਹਾਂ। ਤੁਸੀਂ ਤਾਂ ਹੱਥਾਂ ਤੇ ਸਰ੍ਹੋਂ ਜਮਾ ਸਕਦੇ ਹੋ। ਤੁਸੀਂ ਤਾਂ ਜਾਦੂਗਰ ਹੋ। ਅਸੀਂ ਹੁਣ ਤੱਕ ਇਹ ਸਮਝਦੇ ਰਹੇ ...(ਵਿਘਨ)... ਤੁਸੀਂ ਗੱਲ ਤਾਂ ਸੁਣ ਲਓ, ਮੈਂ ਤੁਹਾਡੀ ਤਾਰੀਫ ਹੀ ਕਰ ਰਿਹਾ ਹਾਂ। ਅਸੀਂ ਤਾਂ ਹੁਣ ਤੱਕ ਇਹ ਸਮਝਦੇ ਰਹੇ ਅਤੇ ਇਹ ਗੱਲ ਠੀਕ ਵੀ ਹੈ ਕਿ ਬਾਦਲ ਸਾਹਿਬ ਦਾ ਬਹੁਤ ਵੱਡਾ ਤਜ਼ਰਬਾ ਹੈ। ਪਿਛਲੇ 60 ਸਾਲਾਂ ਵਿੱਚ ਪੰਜਵੀਂ ਵਾਰ ਮੁੱਖ ਮੰਤਰੀ ਬਣੇ, ਉਨ੍ਹਾਂ ਦਾ ਬਹੁਤ ਵੱਡਾ ਤਜ਼ਰਬਾ ਹੈ ਔਰ ਸਭ ਤੋਂ ਵੱਡਾ ਤਜ਼ਰਬਾ ਉਨ੍ਹਾਂ ਦਾ ਇਹ ਹੈ ਕਿ ਲੋਕਾਂ ਨੂੰ ਸਬਜ਼ਬਾਗ ਕਿਸ ਤਰ੍ਹਾਂ ਦਿਖਾਏ ਜਾ ਸਕਦੇ ਹਨ। ਲੋਕਾਂ ਨੂੰ ਗੁੰਮਰਾਹ ਕਰਕੇ ਕਿਸ ਤਰ੍ਹਾਂ ਮਗਰ ਲਗਾਇਆ ਜਾ ਸਕਦਾ ਹੈ। ਕਿਸ ਤਰ੍ਹਾਂ ਵੋਟਾਂ ਬਟੋਰੀਆਂ ਜਾ ਸਕਦੀਆਂ ਹਨ। ਅਸੀਂ ਤਾਂ ਭੁਲੇਖੇ ਵਿੱਚ ਰਹੇ। ਪਰ ਮੈਂ ਸਮਝਦਾ ਹਾਂ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਤਾਂ ਉਨ੍ਹਾਂ ਨੂੰ ਵੀ ਮਾਤ ਕਰ ਦਿੱਤਾ। ਇਕ ਕਹਾਵਤ ਹੈ ਕਿ- "ਬੜੇ ਮੀਆਂ ਤੋਂ ਬੜੇ ਮੀਆਂ ਛੋਟੇ ਮੀਆਂ ਸੁਭਾਨਅੱਲਾ", ਕਮਾਲ ਕਰ ਦਿੱਤੀ ਜੀ। ਲਓ ਜੀ, ਇਹ ਜਿਹੜਾ ਡਰਾਮਾ ਹੈ, ਉਸ ਵਿੱਚ ਮੇਰਾ ਸਵਾਲ ਇਹ ਸੀ ਕਿ ਪੰਜਾਬ ਦੀ ਮਾਲੀ ਹਾਲਤ ਨੂੰ ਲਕੋ ਕੇ, ਉਸ ਨੂੰ ਢੱਕ ਕੇ ਇਹ ਜਿਹੜਾ ਵਿਕਾਸ ਦੇ ਨਾਂ ਤੇ ਡਰਾਮਾ ਤੁਸੀਂ ਸ਼ੁਰੂ ਕੀਤਾ ਹੋਇਆ ਹੈ, ਜਿਸ ਦੇ ਪਿੱਛੇ ਨੀਂਹ ਪੱਥਰ ਅਤੇ ਬੜੇ ਬੜੇ ਇਸ਼ਤਿਹਾਰ ਦੇ ਕੇ 13 ਕਰੋੜ ਰੁਪਏ ਤੋਂ ਜ਼ਿਆਦਾ, ਡਿਪਟੀ ਸਪੀਕਰ ਸਾਹਿਬ, ਇਸ਼ਤਿਹਾਰਾਂ ਦੇ ਉੱਤੇ ਲਗਾ ਦਿੱਤੇ। ਇਹ ਜਿਹੜੇ ਰੰਗ-ਬਿਰੰਗੇ ਸੰਮੇਲਨ ਕੀਤੇ ਹਨ, ਜਿਵੇਂ ਐਨ.ਆਰ.ਆਈ.

ਸੰਮੇਲਨ, ਖੇਤੀ ਸੰਮੇਲਨ ਔਰ ਪੂੰਜੀ ਨਿਵੇਸ਼ ਸੰਮੇਲਨ, ਚਾਰ ਕਰੋੜ ਰੁਪਿਆ ਇਨ੍ਹਾਂ ਤੇ ਲਗਾ ਦਿੱਤਾ ਪਰ ਨਿਕਲਿਆ ਕੱਖ ਨਹੀਂ ਹੈ। ਮੈਂ ਪੂੰਜੀ ਨਿਵੇਸ਼ ਸੰਮੇਲਨ ਦੀ ਗੱਲ ਕਰਨ ਲੱਗਾ ਹਾਂ। ਇਹ ਜਿਹੜਾ ਇਨਵੈਸਟਮੈਂਟ ਵਾਲੇ ਸੰਮੇਲਨ ਵਿਚ ਦਾਅਵਾ ਕੀਤਾ ਗਿਆ ਹੈ ਕਿ 65,000 ਕਰੋੜ ਰੁਪਏ ਦਾ ਨਿਵੇਸ਼ ਆਇਆ ਹੈ ਅਤੇ ਐਮ.ਓ.ਯੂ ਸਾਈਨ ਕੀਤੇ ਗਏ ਹਨ, ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਵੇਲੇ ਇੱਕ ਲੱਖ ਕਰੋੜ ਰੁਪਏ ਤੋਂ ਵੀ ਜ਼ਿਆਦਾ ਦੇ ਐਮ.ਓ.ਯੂ ਸਾਈਨ ਹੋਏ ਸੀ, ਜਿਹੜੇ ਆਏ ਸੀ, ਇਨ੍ਹਾਂ ਨੇ ਅੱਧੇ ਭਜਾ ਦਿੱਤੇ ਹਨ। ਜਿਹੜੇ ਐਮ.ਓ.ਯੂ ਲਿਖੇ ਸੀ, ਉਨ੍ਹਾਂ ਦੀ ਕੀ ਅਹਿਮੀਅਤ ਹੈ ਜਿਨ੍ਹਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ, ਉਹ ਇੱਕ ਡਰਾਮਾ ਹੈ, ਸਿਰਫ ਇੱਕ ਡਰਾਮਾ ਹੈ। ਇਹ 65,000 ਕਰੋੜ ਰੁਪਏ ਦਾ ਜ਼ਿਕਰ ਕਰਦੇ ਹਨ। ਇਸ ਦੇ ਵਿੱਚ ਮੈਕਸੀਮਮ 80% ਕੋਲੋਨਾਈਜ਼ਰ ਹਨ, ਜਿਨ੍ਹਾਂ ਨੇ ਪਹਿਲਾਂ ਹੀ ਇੰਨੀ ਇਨਵੈਸਟਮੈਂਟ ਕੀਤੀ ਹੋਈ ਹੈ। 65,000 ਕਰੋੜ ਦੀ ਜਿਹੜੀ ਗੱਲ ਕਰਦੇ ਹੋ, ਉਹ ਕੋਲੋਨਾਈਜ਼ਰ ਨੇ ਇਨਵੈਸਟਮੈਂਟ ਨਹੀਂ ਕਰਨੀ, ਇਹ ਲੋਕਾਂ ਦੇ ਨਾਲ ਧੋਖਾ ਹੈ। ਉਨ੍ਹਾਂ ਨੇ ਤਾਂ ਪਹਿਲਾਂ ਹੀ ਇੰਨੀ ਇਨਵੈਸਟਮੈਂਟ ਕੀਤੀ ਹੋਈ ਹੈ। ਉਨ੍ਹਾਂ ਨੇ ਜਿਹੜੇ ਫਲੈਟ ਬਣਾਏ ਹਨ, ਉਹ ਵਿਕਦੇ ਨਹੀਂ। ਇਹ ਸੰਮੇਲਨ ਦੀ ਸਾਰੀ ਸਾਜਿਸ਼ ਹੀ ਉਨ੍ਹਾਂ ਦੇ ਸਿਰ ਤੇ ਕੀਤੀ ਹੋਈ ਹੈ। ਉਨ੍ਹਾਂ ਨੇ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਨਾਲ ਫੋਟੋਆਂ ਖਿਚਾ ਕੇ, ਇਹ ਜਿਹੜੀ ਗਿਲਕੋ ਵੈਲੀ, ਸੰਨੀ ਐਨਕਲੇਵ ਅਤੇ ਜਨਤਾ ਲੈਂਡ ਪ੍ਰਮੋਟਰ ਹੈ, ਜਿਸ ਦਾ ਅੱਜ ਜ਼ਿਕਰ ਕੀਤਾ ਗਿਆ ਹੈ, ਇਹ ਸਾਰੇ ਉਹੀ ਪੁਰਾਣੇ ਹਨ, ਜਿਨ੍ਹਾਂ ਦੇ ਪੈਸੇ ਫਸੇ ਹੋਏ ਹਨ। ਉਨ੍ਹਾਂ ਦੀ ਪਹਿਲਾਂ ਹੀ ਇਥੇ ਇਨਵੈਸਟਮੈਂਟ ਬਹੁਤ ਹੈ। ਪਿਛਲੀ ਮੁੜ ਨਹੀਂ ਰਹੀ, ਨਵੀਂ ਇਨਵੈਸਟਮੈਂਟ ਉਹ ਕਿਥੋਂ ਕਰਨਗੇ, ਡਿਪਟੀ ਸਪੀਕਰ ਸਾਹਿਬ।

ਉਪ ਮੁੱਖ ਮੰਤਰੀ : ਸਰਦਾਰ ਲਾਲ ਸਿੰਘ ਜੀ, ਤੁਹਾਡੇ ਹੀ ਬੰਦੇ ਹਨ। ਮੈਂ ਜਵਾਬ ਨਹੀਂ ਦੇਣਾ ਚਾਹੁੰਦਾ, ਜਵਾਬ ਸੀ.ਐਮ. ਸਾਹਿਬ ਦੇਣਗੇ। ਜਿਹੜੀ ਤੁਸੀਂ ਗੱਲ ਕੀਤੀ ਹੈ, ਮੈਨੂੰ ਲਗਦਾ ਹੈ ਕਿ ਤੁਸੀਂ ਅਖਬਾਰ ਘੱਟ ਪੜ੍ਹਦੇ ਹੋ ਪਰ ਜਿਹੜਾ ਇਨਫੋਸਿਸ ਹੈ ਅਤੇ ਹੋਰ ਗੱਲਾਂ ਬਾਰੇ ਰਾਏ ਤਾਂ ਦਿਆ ਕਰੋ।

ਸਰਦਾਰ ਲਾਲ ਸਿੰਘ : ਜਨਾਬ, ਪੜ੍ਹਦੇ ਹਾਂ ਜੀ ਅਖਬਾਰ। ਇਹ ਮੁਕੇਸ਼ ਅੰਬਾਨੀ ਨੂੰ ਲੈ ਆਏ। ਤੁਸੀਂ ਕਹਿ ਦਿੱਤਾ ਕਿ ਮੁਕੇਸ਼ ਅੰਬਾਨੀ ਜੀ 2500 ਕਰੋੜ ਰੁਪਏ ਦੀ ਇਨਵੈਸਟਮੈਂਟ ਕਰ ਗਏ। ਸਹੀ ਗੱਲ ਇਹ ਹੈ ਕਿ ਜਿਹੜਾ 4-ਜੀ ਪ੍ਰੋਜੈਕਟ ਹੈ, ਉਹ ਸਾਰੇ ਹਿੰਦੁਸਤਾਨ ਵਿੱਚ ਲੱਗ ਰਿਹਾ ਹੈ। ਹੁਣ 2500 ਕਰੋੜ ਰੁਪਿਆ ਕਦੋਂ ਇਨਵੈਸਟ ਕੀਤਾ, ਉਹ ਤਾਂ ਡੇਢ ਸਾਲ ਤੋਂ ਸ਼ੁਰੂ ਹੋਇਆ ਹੈ। ਉਨ੍ਹਾਂ ਨੇ ਸਾਰੇ ਪੰਜਾਬ ਵਿਚ ਅਤੇ ਇਕੱਲੇ ਇਕੱਲੇ ਪਿੰਡ ਵਿੱਚ ਸਿੰਥੈਟਿਕ ਤਾਰਾਂ ਵਿਛਾ ਦਿੱਤੀਆਂ ਹੋਈਆਂ ਹਨ.....

ਉਪ ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈ ਤੁਹਾਨੂੰ ਦੱਸਦਾ ਹਾਂ ਕਿ ਪੂਰੇ ਹਿੰਦੁਸਤਾਨ ਵਿੱਚ ਕਿਤੇ ਵੀ 4-ਜੀ ਦੀ ਰੂਰਲ ਕੁਨੈਕਟੀਵਿਟੀ ਨਹੀਂ ਹੈ। ਇਕੱਲੀ ਪੰਜਾਬ ਸਟੇਟ ਹੈ। ਜਿੱਥੇ ਵੀ 4-ਜੀ

[ਉਪ ਮੁੱਖ ਮੰਤਰੀ]
ਕਨੈਕਟੀਵਿਟੀ ਕੀਤੀ ਜਾਂਦੀ ਹੈ, ਉਹ ਵੱਡੇ ਸ਼ਹਿਰਾਂ ਵਿੱਚ ਹੁੰਦੀ ਹੈ। ਇਕੱਲਾ ਪੰਜਾਬ ਹੈ, ਜਿੱਥੇ ਹਰੇਕ ਪਿੰਡ ਕੁਨੈਕਟਿਡ ਹੈ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਸਰਦਾਰ ਲਾਲ ਸਿੰਘ ਜੀ, ਮੈਂ ਇੱਕ ਗੱਲ ਹੋਰ ਦੱਸਾਂ ਕਿ ਅਮਰੀਕਾ ਵਿੱਚ, ਯੂਰਪ ਵਿੱਚ ਵੀ ਕਿਸੇ ਵਿਲੇਜ ਵਿੱਚ 4-ਜੀ ਨਹੀਂ ਹੈ। ਪੰਜਾਬ ਪਹਿਲਾ ਸਟੇਟ ਹੋਵੇਗਾ ਜਿੱਥੇ ਪਿੰਡ-ਪਿੰਡ ਨੂੰ ਦੁਨੀਆਂ ਨਾਲ ਜੋੜਿਆ ਜਾਵੇਗਾ। ਇਹ ਸਪੈਸ਼ਲੀ ਉਨ੍ਹਾਂ ਨੇ ਕੀਤਾ ਹੈ। ...(ਵਿਘਨ....ਸ਼ੋਰ)....

ਸਰਦਾਰ ਲਾਲ ਸਿੰਘ : ਪਲੀਜ਼ ਇੱਕ ਮਿੰਟ, ਮੈਨੂੰ ਗੱਲ ਕਰ ਲੈਣ ਦਿਉ। ਸੀ.ਐਮ. ਸਾਹਿਬ ਤੁਸੀਂ ਕਿਹਾ ਸੀ ਕਿ ਜਦੋਂ ਤੁਸੀਂ ਬੋਲੋਗੇ, ਅਸੀਂ ਤੁਹਾਨੂੰ ਸੁਣਾਂਗੇ। ਹੁਣ ਜੇ ਤੁਸੀਂ ਸੁਣਨਾ ਹੀ ਨਹੀਂ ਤਾਂ ਅਸੀਂ ਤੁਹਾਨੂੰ ਕੀ ਸੁਣਾਂਗੇ। ਇਨ੍ਹਾਂ ਨੂੰ ਸਮਝਾਉ ਜ਼ਰਾ। ...(ਵਿਘਨ...ਸ਼ੋਰ)...

ਮੁੱਖ ਮੰਤਰੀ : ਮੈਂ ਤਾਂ ਚੁੱਪ ਹਾਂ।

ਉਪ ਮੁੱਖ ਮੰਤਰੀ : ਸੀ.ਐਮ. ਸਾਹਿਬ ਤਾਂ ਚੁੱਪ ਹਨ। ਜਦੋਂ ਮੈਂ ਬੋਲਾਂਗਾ ਤੁਸੀਂ ਰੌਲਾ ਪਾ ਲੈਣਾ ਹੈ।

ਸਰਦਾਰ ਲਾਲ ਸਿੰਘ : ਸਾਨੂੰ ਤੁਸੀਂ ਸਬਕ ਨਾ ਸਿਖਾਉ। ....(ਵਿਘਨ....ਸ਼ੋਰ)....

ਮੁੱਖ ਮੰਤਰੀ : ਇਨ੍ਹਾਂ ਨੇ ਕਮਿਟਮੈਂਟ ਕਰ ਲਈ ਹੈ ਕਿ ਮੈਨੂੰ ਸੁਣਨਗੇ, ਇਨ੍ਹਾਂ ਦੀ ਗੱਲ ਧਿਆਨ ਨਾਲ ਸੁਣੋ।

ਸਰਦਾਰ ਲਾਲ ਸਿੰਘ : ਮੁਕੇਸ਼ ਅੰਬਾਨੀ ਦੀ ਮੈਂ ਗੱਲ ਕਰ ਰਿਹਾ ਸੀ। ਢਾਈ ਹਜ਼ਾਰ ਕਰੋੜ ਰੁਪਿਆ ਇਨਵੈਸਟਮੈਂਟ ਤਾਂ ਹੋ ਰਿਹਾ ਹੈ। ਉਹ ਸੰਮੇਲਨ ਤੋਂ ਸ਼ੁਰੂ ਨਹੀਂ ਹੋਇਆ, ਇਹ ਤਾਂ ਡੇਢ ਸਾਲ ਤੋਂ ਸ਼ੁਰੂ ਹੋਇਆ ਹੈ। ਉਨ੍ਹਾਂ ਦਾ ਮੋਹਾਲੀ ਵਿੱਚ ਡੇਢ ਸਾਲ ਤੋਂ ਦਫਤਰ ਖੁੱਲ੍ਹਾ ਹੋਇਆ ਹੈ। ਹੁਣ ਉਹ ਪਿੰਡਾਂ ਤੱਕ ਚਲੇ ਗਏ ਹਨ। ਕੀ ਇਹ ਕੋਈ ਸੰਮੇਲਨ ਤੋਂ ਬਾਅਦ ਸ਼ੁਰੂ ਹੋਇਆ ਹੈ? ਡਿਪਟੀ ਸੀ.ਐਮ. ਸਾਹਿਬ ਮੈਨੂੰ ਜਵਾਬ ਦੇ ਦੇਣ। ਇਹ ਤਾਂ ਡੇਢ ਸਾਲ ਤੋਂ ਲੱਗੇ ਹੋਏ ਹਨ। ਪਿੰਡਾਂ ਤੱਕ ਅੰਡਰਗਰਾਊਂਡ ਲਾਈਨਾਂ ਵਿਛਾ ਦਿੱਤੀਆਂ ਹਨ। ਇੱਕ ਕੰਮ ਜ਼ਰੂਰ ਹੋਇਆ ਕਿ ਪੀ.ਟੀ.ਸੀ. ਦੀ, ਫਾਸਟ ਵੇਅ ਦੀ ਇੱਕ ਤਾਰ ਇਨ੍ਹਾਂ ਨੇ ਉਨ੍ਹਾਂ ਤੋਂ ਇਕੱਲੇ-ਇਕੱਲੇ ਪਿੰਡ ਫਰੀ ਪਵਾ ਲਈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਹਾਸਾ) ਦੋ-ਢਾਈ ਸੌ ਕਰੋੜ ਰੁਪਏ ਦਾ ਆਪਣਾ ਫਾਇਦਾ ਕਰ ਲਿਆ ਕਿ ਭਾਈ ਜਿੱਥੇ ਤੂੰ ਆਪਣੀਆਂ ਤਾਰਾਂ ਪਾਉਣੀਆਂ ਹਨ, ਇੱਕ ਤਾਰ ਸਾਡੀ ਵੀ ਪਿੰਡ-ਪਿੰਡ ਪਹੁੰਚਾ ਦੇ ਤਾਂ ਕਿ ਪੀ.ਟੀ.ਸੀ. ਦਾ ਕੰਮ ਚੱਲਦਾ ਰਹੇ। ਦੋ-ਢਾਈ ਸੌ ਕਰੋੜ ਰੁਪਿਆ ਤੁਹਾਡਾ ਜ਼ਰੂਰ ਬਚ ਗਿਆ। ਡਿਪਟੀ ਸਪੀਕਰ ਸਾਹਿਬ, ਇਹ ਲੋਕਾਂ ਨਾਲ ਧੋਖਾ ਹੈ, ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਸਿਰਫ ਇਹ ਨੀਂਹ ਪੱਥਰਾਂ ਤੱਕ ਸੀਮਤ ਹੈ, ਇਸ਼ਤਿਹਾਰਾਂ ਤੱਕ ਸੀਮਤ ਹੈ, ਸੰਮੇਲਨਾਂ ਤੱਕ ਸੀਮਤ ਹੈ। ਵਿਕਾਸ ਦੇ ਨਾਂ ਦੀ ਕੋਈ ਚੀਜ਼ ਪੰਜਾਬ ਵਿਚ ਇਸ

ਵੇਲੇ ਨਹੀਂ ਹੈ ਅਤੇ ਨਾ ਹੋਣੀ ਹੈ। ਸਿਰਫ ਵੋਟਾਂ ਬਟੋਰਨ ਦਾ ਇੱਕ ਮਸਲਾ ਹੈ। ਇਸ ਕਰਕੇ ਇਹ ਰੈਗੂਲਰ ਬਜਟ ਨਹੀਂ ਲੈ ਕੇ ਆਏ ਤਾਂ ਕਿ ਇਨ੍ਹਾਂ ਦਾ ਨਕਾਬ ਨਾ ਖੁੱਲ੍ਹ ਜਾਏ। ਇਨ੍ਹਾਂ ਦੀ ਕਰਤੂਤ ਨਾ ਸਾਹਮਣੇ ਆ ਜਾਵੇ ਕਿ ਪੰਜਾਬ ਦੀ ਮਾਲੀ ਹਾਲਤ ਇੰਨੀ ਮਾੜੀ ਹੈ। ਡਿਪਟੀ ਸਪੀਕਰ ਸਾਹਿਬ, ਪਿਛਲੀ ਡਿਬੇਟ ਵੇਲੇ ਜਦੋਂ ਰੈਗੂਲਰ ਬਜਟ ਪੇਸ਼ ਹੋਇਆ ਸੀ ਤਾਂ ਡਿਪਟੀ ਸੀ.ਐਮ. ਸਾਹਿਬ ਨੇ ਬੜੇ ਤਰੀਕੇ ਨਾਲ ਪਤਾ ਨਹੀਂ ਆਪਣੀਆਂ ਹੀ ਮਨਘੜਤ ਫਿੱਗਰਾਂ ਦੇ ਕੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਦੀ ਮਾਲੀ ਹਾਲਤ ਤਾਂ ਬਹੁਤ ਅੱਛੀ ਹੈ। ਉਨ੍ਹਾਂ ਫਿਗਰਾਂ ਦਾ ਬੇਸ ਕੋਈ ਨਹੀਂ ਸੀ। ਅੱਜ ਵੀ ਇਹੋ ਕਰਨ ਦੀ ਇਹ ਕੋਸ਼ਿਸ਼ ਕਰਨਗੇ। ਜ਼ਰਾ ਧਿਆਨ ਨਾਲ ਮੇਰੀ ਗੱਲ ਸੁਣ ਲਉ, ਅੱਜ ਵੀ ਇਹ ਕੋਸ਼ਿਸ਼ ਕਰਨਗੇ।

ਮੈਂ ਅਗਲੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਜਿਹੜੀ ਨਿਵੇਸ਼ ਦੀ ਗੱਲ ਕਰਦੇ ਹਨ, ਤੁਸੀਂ ਮੈਨੂੰ ਇੱਕ ਗੱਲ ਦੱਸੋ ਕਿ ਕੀ ਕੋਈ ਚੱਜ ਦੀ ਇੰਡਸਟਰੀ ਇਸ ਨਿਵੇਸ਼ ਤੋਂ ਬਾਅਦ ਆਈ ਹੈ? ਤੁਸੀਂ ਆਪਣੀ ਸਪੀਚ ਵਿੱਚ ਦੱਸ ਦੇਣਾ। ਕੋਈ ਇੰਡਸਟਰੀ ਆਈ ਤਾਂ ਨਹੀਂ ਬਲਕਿ ਭੱਜ ਗਈ। ਸੁਣ ਲਉ। ਇਹ ਆਰ.ਟੀ.ਆਈ. ਦੀ ਇਨਫਰਮੇਸ਼ਨ ਹੈ। ਪਿਛਲੇ 7 ਸਾਲਾਂ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਇਸ ਨੂੰ ਡਿਟੇਲ ਵਿੱਚ ਜ਼ਿਕਰ ਕਰਨ ਲੱਗਾ ਹਾਂ। ਪਿਛਲੇ 7 ਸਾਲਾਂ ਵਿੱਚ ਕਿੰਨੀ ਨਵੀਂ ਇੰਡਸਟਰੀ ਆਈ ਅਤੇ ਕਿੰਨੀ ਗਈ। ਇਹ ਮੇਰੇ ਕੋਲ ਡਿਟੇਲ ਹੈ। ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੇ 18,770 ਯੂਨਿਟ ਪਿਛਲੇ 7 ਸਾਲਾਂ ਵਿੱਚ ਪੰਜਾਬ ਵਿੱਚੋਂ ਬਾਹਰ ਚਲੇ ਗਏ। ਇਸ ਤੋਂ ਮਾੜੀ ਬਦਕਿਸਮਤੀ ਕੀ ਹੋ ਸਕਦੀ ਹੈ। ਡਿਪਟੀ ਸਪੀਕਰ ਸਾਹਿਬ, ਡਿਟੇਲ ਇਹ ਹੈ ਕਿ ਅੰਮ੍ਰਿਤਸਰ ਵਿੱਚ 8053 ਯੂਨਿਟ ਬੰਦ ਹੋਏ। ਉਪ ਮੁੱਖ ਮੰਤਰੀ ਸਾਹਿਬ, ਬਾਅਦ ਵਿੱਚ ਦੱਸ ਦੇਣਾ। 7 ਸਾਲਾਂ ਵਿੱਚ ਸਿਰਫ 4 ਯੂਨਿਟ ਆਏ ਹਨ। ਅੱਗੇ ਲੁਧਿਆਣਾ ਵਿੱਚ 2819 ਇੰਡਸਟਰੀਅਲ ਯੂਨਿਟ ਬੰਦ ਹੋਏ ਤੇ 11 ਆਏ ਹਨ। ਇਹ ਮੈਂ ਆਪਣੇ ਕੋਲੋਂ ਨਹੀਂ ਬੋਲ ਰਿਹਾ, ਇਹ ਆਰ.ਟੀ.ਆਈ. ਦੀ ਇਨਫਰਮੇਸ਼ਨ ਤੋਂ ਅਸੀਂ ਕਢਵਾਇਆ ਹੈ। ਪੰਜਾਬ ਸਰਕਾਰ ਦੇ ਫਿੱਗਰਜ਼ ਹਨ। ਗੁਰਦਾਸਪੁਰ, ਪਠਾਨਕੋਟ ਅਤੇ ਬਟਾਲਾ ਸ਼ਹਿਰਾਂ ਤੋਂ 1864 ਯੂਨਿਟ ਛੱਡ ਕੇ ਚਲੇ ਗਏ। ਸਿਰਫ 7 ਆਏ ਹਨ। ਡਿਪਟੀ ਸਪੀਕਰ ਸਾਹਿਬ, ਸ਼ਰਮ ਆਉਂਦੀ ਹੈ। ਅੱਗੇ ਸੁਣ ਲਓ। ਜਲੰਧਰ ਵਿੱਚ 1850 ਯੂਨਿਟ ਬੰਦ ਹੋਏ ਅਤੇ 18 ਆਏ। ਹੁਸ਼ਿਆਰਪੁਰ ਵਿੱਚ 1240 ਯੂਨਿਟ ਬੰਦ ਹੋ ਗਏ, ਸੱਤ ਸਾਲਾਂ ਵਿੱਚ ਸਿਰਫ 3 ਆਏ ਹਨ। ਕਪੂਰਥਲੇ ਵਿੱਚ 1035 ਯੂਨਿਟ ਛੱਡ ਕੇ ਚਲੇ ਗਏ ਤੇ ਕੇਵਲ ਇਕ ਆਇਆ ਹੈ। ਡਿਪਟੀ ਸਪੀਕਰ ਸਾਹਿਬ, ਕੀ ਬਣੇਗਾ ਪੰਜਾਬ ਦਾ? ਇਹ ਇੱਥੇ ਬੈਠ ਕੇ ਬੜ੍ਹਕਾਂ ਮਾਰਦੇ ਹਨ। ਇਹ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਕਿ ਅਸੀਂ ਸੰਮੇਲਨ ਕੀਤਾ, ਪੂੰਜੀ ਨਿਵੇਸ਼ ਹੋ ਗਿਆ। ਹੋਵੇਗਾ ਕੀ ? ਇਹ ਤਾਂ ਇਲੈਕਸ਼ਨ ਤੋਂ ਬਾਅਦ ਹੀ ਸਾਹਮਣੇ ਆਵੇਗਾ। ਇਨ੍ਹਾਂ ਦਾ ਡਰਾਮਾ ਤਾਂ ਲੋਕਾਂ ਦੀਆਂ ਵੋਟਾਂ ਬਟੋਰਨ ਤੱਕ ਹੀ ਹੈ। ਅੱਗੇ ਕੁਝ ਵੀ ਨਹੀਂ ਹੈ। ਅੱਗੇ ਸੁਣ ਲਓ। ਬਠਿੰਡਾ ਇਨ੍ਹਾਂ ਦਾ ਆਪਣਾ ਜ਼ਿਲ੍ਹਾ ਹੈ। 768 ਯੂਨਿਟ ਬੰਦ ਹੋ ਗਏ ਤੇ ਆਇਆ ਸਿਰਫ ਇੱਕ। ਮੁਹਾਲੀ, ਸਰਦਾਰ ਬਲਬੀਰ ਸਿੰਘ ਜੀ ਸੁਣ ਲਓ, 348 ਯੂਨਿਟ ਛੱਡ

[ਸਰਦਾਰ ਲਾਲ ਸਿੰਘ]

ਕੇ ਚਲੇ ਗਏ, ਜਿੱਥੇ ਸੰਮੇਲਨ ਹੋਇਆ ਸੀ ਤੇ ਆਏ ਕਿੰਨੇ, ਸਿਰਫ 18 । ਫਰੀਦਕੋਟ ਵਿੱਚ 332 ਯੂਨਿਟ ਬੰਦ ਹੋਏ ਤੇ ਆਇਆ ਕੋਈ ਵੀ ਨਹੀਂ। ਸਾਫ ਹੋ ਗਿਆ ਮੈਦਾਨ। ਅੱਗੇ ਆ ਜਾਓ, ਨਵਾਂ ਸ਼ਹਿਰ ਵਿੱਚ 288 ਯੂਨਿਟ ਬੰਦ ਹੋਏ ਤੇ ਸਿਰਫ 1 ਆਇਆ। ਮੰਡੀ ਗੋਬਿੰਦਗੜ੍ਹ ਦੀ ਗੱਲ ਕਰਦੇ ਸੀ, 111 ਯੂਨਿਟ ਬੰਦ ਹੋਏ ਤੇ ਸਿਰਫ 5 ਆਏ। ਇਸ ਤਰ੍ਹਾਂ ਕੁੱਲ 18,770 ਯੂਨਿਟ ਪੰਜਾਬ ਵਿੱਚੋਂ ਛੱਡ ਕੇ ਚਲੇ ਗਏ। ਡਿਪਟੀ ਸਪੀਕਰ ਸਾਹਿਬ, ਇਹ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਤੇ ਉਨ੍ਹਾਂ ਨੂੰ ਗੁੰਮਰਾਹ ਕਰਕੇ ਵਿਕਾਸ ਦੇ ਨਾਂ ਤੇ ਵੋਟਾਂ ਬਟੋਰਨਾ ਚਾਹੁੰਦੇ ਹਨ, ਇੰਪਲਾਇਮੈਂਟ ਦੇਣ ਦੇ ਨਾਂ ਤੇ ਵੋਟਾਂ ਬਟੋਰਨਾ ਚਾਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ। ਇਹ ਕਹਿੰਦੇ ਹਨ ਕਿ ਅਸੀਂ ਬਿਜਲੀ ਸਰਪਲੱਸ ਕਰ ਦਿਆਂਗੇ। ਬਿਜਲੀ ਸਰਪਲੱਸ ਤਾਂ ਆਪ ਹੀ ਹੋ ਗਈ ਕਿਉਂਕਿ ਪੰਜਾਬ ਵਿੱਚੋਂ 18,770 ਯੂਨਿਟ ਤਾਂ ਬਾਹਰ ਚਲੇ ਗਏ ਹਨ। ਬਾਕੀ ਜਾਣ ਵਾਲੇ ਹਨ ਤੇ ਤੁਹਾਡੀ ਬਿਜਲੀ ਤਾਂ ਕਿਸੇ ਨੇ ਲੈਣੀ ਨਹੀਂ। ਬਿਜਲੀ ਕਾਹਦੇ ਵਾਸਤੇ ਚਾਹੀਦੀ ਹੈ। ਬਿਜਲੀ ਤਾਂ ਆਪਣੇ ਆਪ ਸਰਪਲੱਸ ਹੋ ਜਾਵੇਗੀ। ਕੁਝ ਵਾਹਿਗੁਰੂ ਨੇ ਕਿਰਪਾ ਕਰ ਦਿੱਤੀ। ਬਾਰਸ਼ ਚੰਗੀ ਪਾ ਦਿੱਤੀ। ਤੁਸੀਂ ਯੂਨਿਟ ਵੀ ਪ੍ਰਾਈਵੇਟ ਲਗਾ ਰਹੇ ਹੋ। ਇਸ ਨਾਲ ਫਰਕ ਨਹੀਂ ਪੈਣਾ। ਜੇ ਪੰਜਾਬ ਵਿੱਚ ਇੰਡਸਟਰੀ ਹੀ ਨਹੀਂ ਰਹਿਣੀ ਤਾਂ ਫਿਰ ਪੰਜਾਬ ਵਿੱਚ ਵੱਧ ਰਹੀ ਬੇਰੁਜ਼ਗਾਰੀ ਦਾ ਕੀ ਬਣੇਗਾ। ਹੁਣ ਮੁੱਖ ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਇੱਕੋ ਗੱਲ ਕਹਿਣੀ ਹੈ ਕਿ ਇਹ ਤਾਂ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਇਹ ਦੇਣ ਤਾਂ ਕੇਂਦਰ ਸਰਕਾਰ ਦੀ ਹੈ। ਕਿਵੇਂ ਨਾ ਕਿਵੇਂ ਠੀਕਰਾ ਘੁਮਾ ਕੇ ਕੇਂਦਰ ਦੀ ਸਰਕਾਰ ਤੇ ਫੋੜਨਾ ਹੀ ਫੋੜਨਾ ਹੈ। ਹੁਣ ਮੇਰੀ ਗੱਲ ਸੁਣ ਲਓ, ਸੀ. ਐਮ. ਸਾਹਿਬ। ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ। ਕੇਂਦਰ ਦੀ ਸਰਕਾਰ ਗੁਨਾਹਗਾਰ ਹੈ, ਜਿਨ੍ਹਾਂ ਨੇ ਹਿਮਾਚਲ ਪ੍ਰਦੇਸ਼ ਨੂੰ, ਉਤਰਾਖੰਡ ਨੂੰ, ਜੰਮੂ ਕਸ਼ਮੀਰ ਨੂੰ ਸਹੂਲਤਾਂ ਦਿੱਤੀਆਂ। ਉਹ ਵੀ ਬੜੇ ਸੁਲਝੇ ਹੋਏ ਹਨ। ਉਹ ਨਾਂ ਤਾਂ ਕੇਂਦਰ ਸਰਕਾਰ ਦਾ ਲੈਂਦੇ ਹਨ ਪਰ ਇਹ ਨਹੀਂ ਦੱਸਦੇ ਕਿ ਇਹ ਕੰਮ ਕਿਹੜੀ ਸਰਕਾਰ ਨੇ ਕੀਤਾ ਹੈ, ਉਹ ਇਹ ਨਹੀਂ ਬੋਲਦੇ। ਤੁਹਾਨੂੰ ਸਾਰਾ ਕੁਝ ਪਤਾ ਹੈ। ਜਿਹੜੇ ਮੈਂਬਰ ਨਵੇਂ ਆਏ ਹਨ, ਉਨ੍ਹਾਂ ਨੂੰ ਸ਼ਾਇਦ ਘੱਟ ਪਤਾ ਹੈ। ਇਹ ਜਿਹੜੀਆਂ ਸਹੂਲਤਾਂ ਦਿੱਤੀਆਂ ਗਈਆਂ ਸਨ, ਇਨ੍ਹਾਂ ਤਿੰਨ ਸੂਬਿਆਂ ਨੂੰ ਸਹੂਲਤਾਂ ਦੇ ਕੇ ਪੰਜਾਬ ਦਾ ਸਤਿਆਨਾਸ ਕੀਤਾ ਸੀ, ਇਹ ਫੈਸਲਾ ਸਾਲ 2003 ਵਿੱਚ ਹੋਇਆ ਸੀ। ਉਸ ਵੇਲੇ ਕੇਂਦਰ ਵਿੱਚ ਵਾਜਪਾਈ ਸਾਹਿਬ ਦੀ ਸਰਕਾਰ ਸੀ, ਤੁਹਾਡੀ ਸਰਕਾਰ ਸੀ, ਬਾਦਲ ਸਾਹਿਬ ਦੀ ਸਰਕਾਰ ਸੀ, ਜਿਨ੍ਹਾਂ ਦਾ ਬੇਟਾ ਉਸ ਵੇਲੇ ਇੰਡਸਟਰੀ ਮਨਿਸਟਰ ਸੀ। ਉਸ ਕੈਬਨਿਟ ਵਿੱਚ ਫੈਸਲਾ ਹੋਇਆ ਸੀ ਕਿ ਤਿੰਨ ਰਾਜਾਂ ਨੂੰ ਸਹੂਲਤਾਂ ਦੇਣੀਆਂ ਹਨ ਤੇ ਪੰਜਾਬ ਨੂੰ ਕੋਈ ਸਹੂਲਤ ਨਹੀਂ ਦੇਣੀ। ਇਹ ਜਿਹੜਾ ਪਿੱਪਲ ਹੈ, ਇਹ ਤੁਹਾਡਾ ਹੀ ਗੱਡਿਆ ਹੋਇਆ ਹੈ। ਤੁਸੀਂ ਹੀ ਪੰਜਾਬ ਦੀਆਂ ਜੜ੍ਹਾਂ ਵਿੱਚ ਤੇਲ ਦਿੱਤਾ ਹੈ। ਇਹ ਗੱਲ ਠੀਕ ਹੈ ਕਿ ਉਨ੍ਹਾਂ ਰਿਆਇਤਾਂ ਨੂੰ ਇਸ ਸਰਕਾਰ ਨੇ ਵੀ ਐਕਸਟੈਂਡ ਕੀਤਾ

ਹੈ। ਅਸੀਂ ਅੱਜ ਵੀ ਇਸ ਗੱਲ ਦਾ ਵਿਰੋਧ ਕਰਦੇ ਹਾਂ ਤੇ ਇਸ ਸੰਬੰਧੀ ਅਸੀਂ ਤੁਹਾਡੇ ਨਾਲ ਹਾਂ। ਪੰਜਾਬ ਦੀ ਬਿਹਤਰੀ ਵਾਸਤੇ ਅਸੀਂ ਸਹੀ ਗੱਲ ਕਹਿਣ ਵਾਸਤੇ ਤਿਆਰ ਹਾਂ ਪਰ ਬੇੜਾ ਤਾਂ ਤੁਸੀਂ ਡੋਬਿਆ ਹੈ। ਪੰਜਾਬ ਵਿੱਚੋਂ ਇੰਡਸਟਰੀ ਤੁਸੀਂ ਭਜਾਈ ਹੈ। ਤੁਸੀਂ ਹੀ ਜ਼ਿੰਮੇਵਾਰ ਹੋ। ਇਸ ਕਰਕੇ ਬਹੁਤੀਆਂ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ। ਹੁਣ ਮੈਂ ਤੁਹਾਡੇ ਨੀਂਹ ਪੱਥਰਾਂ ਦੀ ਕਹਾਣੀ ਦੱਸਣ ਲੱਗਿਆ ਹਾਂ। ਡਿਪਟੀ ਸਪੀਕਰ ਸਾਹਿਬ, ਹਜ਼ਾਰਾਂ ਨੀਂਹ ਪੱਥਰ ਰੱਖੇ ਗਏ। ਮੈਂ ਚਾਰ-ਪੰਜ ਦਿਨ ਪਹਿਲਾਂ ਖਬਰ ਪੜ੍ਹੀ ਕਿ ਬਠਿੰਡੇ ਵਿਖੇ ਸਾਡੇ ਮੈਂਬਰ ਪਾਰਲੀਮੈਂਟ, ਸਾਡੀ ਧੀ ਹੈ, ਨੇ 24 ਨੀਂਹ ਪੱਥਰ ਲਗਾਤਾਰ ਇੱਕ ਦਿਨ ਵਿੱਚ ਹੀ ਰੱਖ ਦਿੱਤੇ ਔਰ ਨੀਂਹ ਪੱਥਰਾਂ ਦੀ ਹਨੇਰੀ ਲਿਆ ਦਿੱਤੀ। ਕਿਹੜਾ ਕੁਝ ਕਰਨਾ ਹੈ। ਪੱਥਰ ਲਗਾ ਕੇ, ਫੋਟੋ ਲੁਹਾ ਕੇ, ਇਸ਼ਤਿਹਾਰ ਛਪਵਾ ਕੇ, ਅਖਬਾਰਾਂ ਵਿੱਚ ਸਿਰਫ ਲੋਕਾਂ ਨੂੰ ਗੁੰਮਰਾਹ ਕਰਨਾ ਹੈ। ਲੱਗਣੇ ਤਾਂ ਹੈ ਨਹੀਂ, ਬਣਨਾ ਤਾਂ ਕੁਝ ਹੈ ਨਹੀਂ ਔਰ ਜਿਹੜੇ ਨੀਂਹ ਪੱਥਰ ਪਿੱਛੇ ਜਿਹੇ ਲਗਾਏ ਗਏ ਸੀ, ਮੇਰੇ ਕੋਲ ਇੱਕ ਅਖਬਾਰ ਦੀ ਖਬਰ ਹੈ, ਜਿਹੜੀ ਪੰਜਾਬੀ ਟ੍ਰਿਬਿਊਨ ਦੇ 1 ਮਾਰਚ, 2014 ਦੇ ਅੰਕ ਵਿੱਚ ਛਪੀ ਹੈ। ਥੋੜ੍ਹੇ ਦਿਨ ਹੀ ਹੋਏ ਹਨ। ਉਸ ਦਾ ਹੈਡਿੰਗ ਹੈ- 'ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੇ ਸੁਪਨਿਆਂ ਦੇ ਪ੍ਰਾਜੈਕਟ ਬਣੇ ਸੁਪਨਾ।' ਉਹ ਜਿਹੜਾ ਸੁਪਨਾ ਸੀ, ਉਹ ਸੁਪਨਾ ਹੀ ਬਣ ਕੇ ਰਹਿ ਗਿਆ।ਪੌਂਡ ਪ੍ਰਣਾਲੀ, ਸਪੋਰਟਸ ਕੰਪਲੈਕਸ, ਕੂੜਾ ਕਰਕਟ ਪ੍ਰਬੰਧ ਪ੍ਰੋਜੈਕਟ ਠੁੱਸ ਹੋਏ ਹਨ। ਪੁਰਾਣੇ ਨੀਂਹ ਪੱਥਰ ਕੰਮ ਸ਼ੁਰੂ ਹੋਣ ਦੀ ਉਡੀਕ ਵਿੱਚ ਹਨ। ਨੰਬਰ ਇੱਕ, ਪੀ.ਆਰ.ਟੀ.ਐਸ. ਦਾ ਨੀਂਹ ਪੱਥਰ ਦਸੰਬਰ, 2014 ਨੂੰ ਅੰਮ੍ਰਿਤਸਰ ਹਾਲ ਗੇਟ ਵਿੱਚ ਰੱਖਿਆ। ਇਹ ਬਹੁਤ ਵਧੀਆ ਪ੍ਰੋਜੈਕਟ ਸੀ ਮੈਂ ਮੰਨਦਾ ਹਾਂ ਪਰ ਹੋਇਆ ਤਾਂ ਕੁਝ ਨਹੀਂ। ਇੱਕ ਰੁਪਿਆ ਨਹੀਂ ਲੱਗਿਆ। ਫਿਰ ਨੀਂਹ ਪੱਥਰ ਰੱਖਣ ਦਾ ਫਾਇਦਾ ਕੀ ਹੈ ਜੀ। ਸਿਰਫ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ .....

ਮਾਨਯੋਗ ਡਿਪਟੀ ਸਪੀਕਰ : ਲਾਲ ਸਿੰਘ ਜੀ, ਸਮੇਂ ਦਾ ਧਿਆਨ ਰੱਖੋ ਜੀ।

ਸਰਦਾਰ ਲਾਲ ਸਿੰਘ : ਹੈਂ ਜੀ ?

ਮਾਨਯੋਗ ਡਿਪਟੀ ਸਪੀਕਰ : ਸਮੇਂ ਦਾ ਧਿਆਨ ਰੱਖੋ ਜੀ।

ਸਰਦਾਰ ਲਾਲ ਸਿੰਘ : ਮੈਂ ਤਾਂ ਅਜੇ ਅੱਧਾ ਘੰਟਾ ਬੋਲਣਾ ਹੈ ਜੀ। ਤੁਸੀਂ ਟਾਈਮ ਵਧਾ ਲਵੋ। ਫਿਰ ਫਾਇਦਾ ਕੀ ਹੈ ਜੇ ਸਾਡੀ ਸੁਣਨੀ ਨਹੀਂ ਹੈ।

ਮਾਨਯੋਗ ਡਿਪਟੀ ਸਪੀਕਰ : ਤੁਹਾਨੂੰ 10 ਦੀ ਜਗ੍ਹਾ 20 ਮਿੰਟ ਦਿੱਤੇ ਹਨ।

ਸਰਦਾਰ ਲਾਲ ਸਿੰਘ : ਮੈਂ ਤਾਂ ਅਜੇ ਬਹੁਤ ਗੱਲਾਂ ਕਰਨੀਆਂ ਹਨ ....(ਵਿਘਨ)... ਮੈਂ ਚੱਜ ਦੀਆਂ ਗੱਲਾਂ ਕਰਨੀਆਂ ਹਨ, ਪੰਜਾਬ ਦੇ ਹੱਕ ਦੀਆਂ .....

ਮਾਨਯੋਗ ਡਿਪਟੀ ਸਪੀਕਰ : ਦੋ-ਚਾਰ ਮਿੰਟ ਵਿੱਚ ਖਤਮ ਕਰ ਦਿਉ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ ਨੇ ਕਿਹਾ ਸੀ ਕਿ ਇਧਰੋਂ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਟਾਈਮ ਘੱਟ ਕਰ ਦੇਵਾਂਗੇ, ਤੁਸੀਂ ਬੋਲ ਲੈਣਾ। ਦਿਨ ਇਸੇ ਕਰਕੇ ਹੀ ਘਟਾਏ ਸੀ ਕਿ ਤੁਸੀਂ ਇਸ ਤੇ ਹੀ ਬੋਲ ਲੈਣਾ।

ਮਾਨਯੋਗ ਡਿਪਟੀ ਸਪੀਕਰ : ਮੈਂ ਤਾਂ 20 ਮਿੰਟ ਦਿੱਤੇ ਹਨ।

ਸ਼੍ਰੀ ਸੁਨੀਲ ਜਾਖੜ : ਤੁਸੀਂ ਹੋਰ ਬੋਲਣ ਦਿਉ।

ਸਰਦਾਰ ਲਾਲ ਸਿੰਘ : ਸਪੋਰਟਸ ਕੰਪਲੈਕਸ, ਰਣਜੀਤ ਐਵੇਨਿਊ, ਅੰਮ੍ਰਿਤਸਰ ਦਾ ਨਵੰਬਰ, 2011 ਨੂੰ ਨੀਂਹ ਪੱਥਰ ਰੱਖਿਆ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਨਵਜੋਤ ਸਿੰਘ ਸਿੱਧੂ ਨੇ, ਜਿਹੜਾ ਵਿੰਗਾ ਹੋਇਆ ਫਿਰਦਾ ਹੈ। ਉਹ ਹੋਇਆ ਇਸ ਕਰਕੇ ਹੀ ਹੈ ਕਿ ਹੋਇਆ ਕੁਝ ਨਹੀਂ। ਸਿਰਫ ਨੀਂਹ ਪੱਥਰ ਹੀ ਨੀਂਹ ਪੱਥਰ ਹੈ। ਠੋਸ ਕੂੜਾ ਕਰਕਟ ਪ੍ਰਬੰਧ ਪਲਾਂਟ, ਅੰਮ੍ਰਿਤਸਰ ਦਾ ਨੀਂਹ ਪੱਥਰ ਸੱਤ ਸਾਲ ਪਹਿਲਾਂ ਰੱਖਿਆ ਸੀ ਪਰ ਕੁਝ ਨਹੀਂ ਹੋਇਆ। ਅਗਲੀ ਸੁਣ ਲਵੋ। ਮੇਰੇ ਕੋਲ ਬੜੀ ਲੰਬੀ ਲਿਸਟ ਹੈ। ਮੈਂ ਸੌ ਨੀਂਹ ਪੱਥਰ ਗਿਣਾ ਸਕਦਾ ਹਾਂ। ਮੇਰੇ ਕੋਲ ਪੰਜ ਸਾਲ ਦੀ ਲਿਸਟ ਹੈ। ਤੁਸੀਂ ਆਪ ਪਤਾ ਕਰਵਾ ਲਵੋ। ਕੀ ਫਾਇਦਾ ਹੈ ਇਸ ਤਰ੍ਹਾਂ ਦੇ ਨੀਂਹ ਪੱਥਰ ਰੱਖਣ ਦਾ। ਸਿਰਫ ਲੋਕਾਂ ਨੂੰ ਬੇਵਕੂਫ ਬਣਾਉਣਾ ਹੈ। ਡਿਪਟੀ ਸਪੀਕਰ ਸਾਹਿਬ, 28 ਫਰਵਰੀ, 2014 ਨੂੰ ਅਖਬਾਰ ਵਿੱਚ ਆਇਆ ਹੈ ਕਿ ਬਾਦਲਾਂ ਵੱਲੋਂ ਨੀਂਹ ਪੱਥਰਾਂ ਦੀ ਝੜੀ। ਇਹ ਪੰਜਾਬੀ ਟ੍ਰਿਬਿਊਨ ਦੀ ਖਬਰ ਹੈ, ਇਹ ਮੇਰੇ ਕੋਲ ਪਈ ਹੈ। ਬਾਦਲਾਂ ਵੱਲੋਂ ਨੀਂਹ ਪੱਥਰਾਂ ਦੀ ਝੜੀ, ਪਿਛਲੇ ਪ੍ਰੋਜੈਕਟ ਅਧੂਰੇ। ਬਹੁਤੀ ਥਾਈਂ ਇੱਕ ਵੀ ਇੱਟ ਨਹੀਂ ਲੱਗੀ। ਮਾਨਸਾ ਵਿੱਚ ਮੈਂ ਬਠਿੰਡਾ ਪਾਰਲੀਮੈਂਟ ਦੀ ਗੱਲ ਕਰਨ ਲੱਗਿਆ ਹਾਂ, ਡਿਪਟੀ ਸਪੀਕਰ ਸਾਹਿਬ। ਮਾਨਸਾ ਵਿੱਚ 9.4.2011 ਨੂੰ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਗਿਆਨ ਸਾਗਰ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਨੀਂਹ ਪੱਥਰ ਰੱਖਿਆ। ਉਥੇ ਕੱਖ ਨਹੀਂ ਹੋਇਆ। ਉਸੇ ਦਿਨ ਪੰਜਾਬ ਟੈਕਨੀਕਲ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ, ਇੱਟ ਨਹੀਂ ਲੱਗੀ। ਲੋਕ ਭੁੱਲ-ਭੱਲ ਜਾਂਦੇ ਹਨ ਜਦੋਂ ਦੋ-ਤਿੰਨ ਸਾਲ ਲੰਘ ਜਾਣ। ਮੇਰਾ ਕੰਮ ਹੈ ਇਨ੍ਹਾਂ ਨੂੰ ਯਾਦ ਕਰਵਾਉਣਾ ਕਿ ਲੋਕਾਂ ਨੂੰ ਬੁੱਧੂ ਨਾ ਬਣਾਓ। (ਵਿਰੋਧੀ ਧਿਰ ਵੱਲੋਂ ਥੰਪਿੰਗ) ਜੋਗਾ ਵਿਖੇ ਸਿੰਚਾਈ ਵਿਭਾਗ ਨਾਲ ਸਬੰਧਤ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ। ਅਜੇ ਤੱਕ ਕੱਖ ਨਹੀਂ ਹੋਇਆ। ਮਾਨਸਾ ਬੱਸ ਸਟੈਂਡ ਏ.ਸੀ. ਬਣਾਉਣ ਲਈ ਪੰਜ ਸਾਲ ਪਹਿਲਾਂ, ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਐਲਾਨ ਕੀਤਾ ਗਿਆ। ਉਸ ਦੇ ਅਜੇ ਤੱਕ ਬਾਥਰੂਮ ਨਹੀਂ ਬਣਾਏ, ਏ.ਸੀ. ਦੀ ਤਾਂ ਗੱਲ ਛੱਡੋ। ਮਾਨਸਾ ਗ੍ਰਿਡ ਸਟੇਸ਼ਨ ਦਾ ਨੀਂਹ ਪੱਥਰ 3.8.2013 ਨੂੰ ਮੁੱਖ ਮੰਤਰੀ ਸਾਹਿਬ ਆਪ ਰੱਖ ਕੇ ਆਏ ਔਰ ਹੁਣ ਤੱਕ ਇੱਕ ਇੱਟ ਨਹੀਂ ਲੱਗੀ। ਅਨੇਕਾਂ ਜ਼ਿਲ੍ਹਾ ਪੱਧਰੀ ਹਸਪਤਾਲ, ਮਹਿਲਾ ਹਸਪਤਾਲ, ਬ੍ਰਿਧ ਆਸ਼ਰਮ, ਬੜੇ ਐਲਾਨ ਕੀਤੇ ਪਰ ਕੁਝ ਨਹੀਂ ਹੋਇਆ। ਮੈਂ ਪਟਿਆਲੇ ਦਾ ਰਹਿਣ ਵਾਲਾ ਹਾਂ। ਡਿਪਟੀ ਸਪੀਕਰ ਸਾਹਿਬ, ਪਿਛਲੀ ਸਰਕਾਰ ਵਿੱਚ ਮੋਹਨ ਲਾਲ ਜੀ ਟਰਾਂਸਪੋਰਟ ਮਨਿਸਟਰ ਸਨ। ਸਰਦਾਰ ਸੁਖਬੀਰ ਸਿੰਘ ਬਾਦਲ ਜੀ ਸੱਤ ਸਾਲ ਪਹਿਲਾਂ ਪਟਿਆਲੇ ਬੱਸ ਸਟੈਂਡ ਦਾ ਨੀਂਹ ਪੱਥਰ ਰੱਖ ਕੇ

ਆਏ, ਇੱਕ ਇੱਟ ਨਹੀਂ ਲੱਗੀ। ਰਾਜਪੁਰੇ ਦੀ ਅੱਜ ਵੀ ਖਬਰ ਛਪੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਵੀ ਖਬਰ ਛਪੀ ਹੈ। ਪੁਰਾਣੀ ਮੇਰੀ ਲਿਖੀ ਹੋਈ ਹੈ। ਸੱਤ ਮਹੀਨੇ ਪਹਿਲਾਂ ਰਾਜਪੁਰੇ ਠੋਸ ਕੂੜਾ ਕਰਕਟ ਪਲਾਂਟ ਦਾ ਨੀਂਹ ਪੱਥਰ ਰੱਖਿਆ ਅਤੇ 50 ਕਰੋੜ ਰੁਪਿਆ ਲੱਗਣ ਦਾ ਐਲਾਨ ਕੀਤਾ। ਨੀਂਹ ਪੱਥਰ ਰੱਖ ਆਏ। ਜਿਹੜੀ ਜ਼ਮੀਨ ਤੇ ਨੀਂਹ ਪੱਥਰ ਰੱਖਿਆ ਗਿਆ, ਉਹ ਅਜੇ ਤੱਕ ਐਕੁਵਾਇਰ ਹੀ ਨਹੀਂ ਹੋਈ। ਉਹ ਕਿਸਾਨ ਚੀਕਾਂ ਮਾਰਦਾ ਹੈ। ਉਸ ਦੇ ਦੋ ਕਿੱਲੇ ਐਕੁਵਾਇਰ ਕਰਨੇ ਸੀ ਪਰ ਧੱਕੇ ਨਾਲ ਹੀ ਖੇਤ ਵਿੱਚ ਨੀਂਹ-ਪੱਥਰ ਰੱਖ ਆਏ। ਸੱਤ ਮਹੀਨਿਆਂ ਵਿੱਚ ਹੁਣ ਤੱਕ ਇੱਕ ਇੱਟ ਨਹੀਂ ਲੱਗੀ। ਡਿਪਟੀ ਸਪੀਕਰ ਸਾਹਿਬ, ਸਰਹੰਦ-ਚੂਨੀ ਨਹਿਰ ਹੈ। ਜਦੋਂ ਮੈਂ ਪਟਿਆਲੇ ਤੋਂ ਚੰਡੀਗੜ੍ਹ ਆਉਂਦਾ ਹਾਂ ਤਾਂ ਮੈਂ ਉਥੇ ਰੋਜ ਦੇਖਦਾ ਹਾਂ। ਸਰਦਾਰ ਸੁਖਬੀਰ ਸਿੰਘ ਬਾਦਲ ਦਾ ਨੀਂਹ ਪੱਥਰ ਰੱਖਿਆ ਹੈ। ਪੀ.ਡਬਲਿਯੂ.ਡੀ. ਮਨਿਸਟਰ ਇਥੇ ਬੈਠੇ ਹਨ। ਪ੍ਰੋਫੈਸਰ ਚੰਦੂਮਾਜਰਾ ਉਥੇ ਸੀ। ਉਥੇ ਬੜਾ ਇਕੱਠ ਹੋਇਆ ਸੀ। ਪੁਲਿਸ ਖੜ੍ਹੀ ਸੀ। ਮੈਂ ਲੰਘਿਆ ਜਾ ਰਿਹਾ ਸੀ। ਇਹ ਪੰਜ-ਛੇ ਮਹੀਨੇ ਹੋ ਗਏ ਹਨ। ਮੈਂ ਕਿਹਾ ਭਾਈ ਇਹ ਕੀ ਹੈ? ਕਹਿੰਦੇ ਜੀ ਡਿਪਟੀ ਸੀ.ਐਮ. ਸਾਹਿਬ ਅਤੇ ਪੀ.ਡਬਲਿਯੂ.ਡੀ. ਮਨਿਸਟਰ ਨਹਿਰ ਦੇ ਨਾਲ ਨਾਲ ਸੜਕ ਚੌੜੀ ਕਰਨ ਵਾਸਤੇ ਨੀਂਹ ਪੱਥਰ ਰੱਖਣ ਆਏ ਹਨ। ਯਾਦ ਹੈ ਤੁਹਾਨੂੰ। ਤੁਸੀਂ ਜਾ ਕੇ ਆਏ ਸੀ। ਮੈਂ ਰੋਜ ਲੰਘਦਾ ਹਾਂ। ਉਸ ਪੱਥਰ ਦੇ ਦਰਸ਼ਨ ਕਰਦਾ ਹਾਂ ਪਰ ਅਜੇ ਤੱਕ ਇੱਟ ਨਹੀਂ ਲੱਗੀ। ਕੱਖ ਨਹੀਂ ਹੋਇਆ। ਇਹ ਮੇਰੇ ਕੋਲ 100-150 ਦੀ ਲਿਸਟ ਹੈ। ਮੇਰੇ ਕੋਲ ਟਾਈਮ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਾਰੇ ਪੰਜਾਬ ਵਿਚ ਬਹੁਤ ਗਿਣਾ ਸਕਦਾ ਹਾਂ। ਇਹ ਜਿਹੜਾ ਲੋਕਾਂ ਨੂੰ ਬੁਧੂ ਬਣਾਉਣ ਵਾਲਾ ਕੰਮ ਹੈ, ...(ਵਿਘਨ).... ਕੋਈ ਨਹੀਂ, ਮੈਨੂੰ ਦੱਸ ਦੇਣਾ, ਜਿੰਨੀ ਕੁ ਮੇਰੀ ਬੁੱਧੀ ਹੈ, ਉਹ ਮੈਂ ਦੱਸ ਦਿੱਤਾ ਹੈ। ਜੋ ਮੈਂ ਕਹਿ ਰਿਹਾ ਹਾਂ, ਮੈਂ ਆਪਣੇ ਮੁਤਾਬਿਕ ਠੀਕ ਕਹਿ ਰਿਹਾ ਹਾਂ, ਤੁਸੀਂ ਆਪਣੇ ਮੁਤਾਬਿਕ ਦੱਸ ਦੇਣਾ। ਡਿਪਟੀ ਸਪੀਕਰ ਸਾਹਿਬ, ਕਹਿਣ ਦਾ ਭਾਵ ਇਹ ਹੈ ਕਿ ਹਜ਼ਾਰਾਂ ਹੀ ਅਜਿਹੇ ਨੀਂਹ ਪੱਥਰ, ਹਜ਼ਾਰਾਂ ਹੀ ਐਸੇ ਐਲਾਨ, ਐਸੇ ਸੰਗਤ ਦਰਸ਼ਨ, ਜਿਥੇ ਬਹੁਤ ਕੁਝ ਐਲਾਨ ਹੁੰਦਾ ਹੈ ਪਰ ਉਹ ਸਿਰਫ ਕਾਗਜ਼ਾਂ ਤੱਕ ਹੀ ਮਹਿਦੂਦ ਹੈ, ਇਸ਼ਤਿਹਾਰਾਂ ਤੱਕ ਮਹਿਦੂਦ ਹੈ, ਟੀ.ਵੀ. ਚੈਨਲਾਂ ਤੱਕ ਮਹਿਦੂਦ ਹੈ। ਕਿਤੇ ਕੁਝ ਨਹੀਂ ਹੋਣਾ, ਹੋਣਾ ਕਿਉਂ ਨਹੀਂ ਹੈ, ਅਗਲੀ ਗੱਲ ਸੁਣ ਲਵੋ। ਪੰਜਾਬ ਸਰਕਾਰ ਦੀ ਹਾਲਤ ਕੀ ਹੈ, ਇਹ ਲਿਖ ਲਵੋ, 25 ਸ਼ਹਿਰਾਂ ਦੇ ਬਾਰੇ ਮੈਂ ਇਕ ਹੋਰ ਗੱਲ ਕਹਿਣ ਲੱਗਾ ਹਾਂ, ਮੈਂ ਭੁੱਲ ਗਿਆ ਸੀ। ਪਿਛੇ ਵੀ ਜ਼ਿਕਰ ਹੋਇਆ ਹੈ, 25 ਸ਼ਹਿਰਾਂ ਲਈ ਭਾਰਤ ਸਰਕਾਰ ਵੱਲੋਂ ਸੀਵਰੇਜ਼, ਵਾਟਰ ਸਪਲਾਈ ਤੇ ਟਰੀਟਮੈਂਟ ਪਲਾਂਟ ਵਾਸਤੇ ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ ਵਾਸਤੇ 1143.67 ਕਰੋੜ ਰੁਪਿਆ ਪੰਜਾਬ ਵਿਚ ਆਇਆ ਹੈ, ਇਹ 25 ਸ਼ਹਿਰਾਂ ਵਾਸਤੇ ਆਇਆ ਹੈ, ਔਰ ਇਨ੍ਹਾਂ ਨੇ ਆਪਣੇ ਕੋਲੋਂ ਇਕ ਰੁਪਿਆ ਨਹੀਂ ਪਾਇਆ। ਮੇਰਾ ਸ਼ਹਿਰ ਸਨੌਰ ਵਿਚ ਪੈਂਦਾ ਹੈ, ਉਸ ਦਾ 21.63 ਕਰੋੜ ਰੁਪਿਆ ਵੀ ਆਇਆ ਹੈ, ਨਾਭੇ ਦਾ ਵੀ ਆਇਆ ਹੈ, ਸਰਹੰਦ ਦਾ ਵੀ ਆਇਆ ਹੈ, ਉਸੇ ਦਿਨ ਨੀਂਹ ਪੱਥਰ ਰੱਖਣ ਵਾਸਤੇ ਦੌੜ ਲੱਗ ਗਈ ਅਤੇ ਉਸ ਦਾ ਕਰੈਡਿਟ ਲੈਣ ਵਾਸਤੇ ਡਿਪਟੀ ਮੁੱਖ ਮੰਤਰੀ ਸਾਹਿਬ ਫਟਾ ਫਟ ਨੀਂਹ-ਪੱਥਰ ਰੱਖ ਆਏ। ਇਹ

[ਸਰਦਾਰ ਲਾਲ ਸਿੰਘ]
ਇਸ ਸਦਨ ਵਿਚ ਸਹੁੰ ਖਾ ਕੇ ਕਹਿਣ ਕਿ 1143 ਕਰੋੜ ਰੁਪਏ ਵਿਚ ਇਨ੍ਹਾਂ ਦਾ ਇਕ ਰੁਪਿਆ ਵੀ ਹੈ? ਚਲੋ, ਸਾਨੂੰ ਇਸ ਗੱਲ ਤੇ ਕੋਈ ਇਤਰਾਜ਼ ਨਹੀਂ, ਨੀਂਹ ਪੱਥਰ ਤੁਸੀਂ ਰੱਖ ਲਵੋ। ਮੁੱਖ ਮੰਤਰੀ ਜੀ, ਮੈਂ ਤੁਹਾਡੇ ਕੋਲੋਂ ਇਹ ਆਸ਼ਵਾਸਨ ਚਾਹੁੰਦਾ ਹਾਂ ਕਿ 1143 ਕਰੋੜ ਰੁਪਿਆ ਇਹ ਤਨਖਾਹਾਂ ਵਾਸਤੇ ਡਾਈਵਰਟ ਤਾਂ ਨਹੀਂ ਹੋਵੇਗਾ, ਓਵਰਡਰਾਫਟ ਕਲੀਅਰ ਕਰਨ ਵਾਸਤੇ। ਇਸ ਬਾਰੇ ਮੈਨੂੰ ਭਰੋਸਾ ਦਿਵਾ ਦਿਉ ਕਿ ਜਿਸ ਪਰਪਜ਼ ਵਾਸਤੇ ਆਇਆ ਹੈ, ਉਥੇ ਹੀ ਲੱਗੇਗਾ। ਮੁੱਖ ਮੰਤਰੀ ਜੀ ਜਵਾਬ ਦਿੰਦੇ ਸਮੇਂ ਮੈਨੂੰ ਇਸ ਦਾ ਵੀ ਜਵਾਬ ਚਾਹੀਦਾ ਹੈ।

ਮੁੱਖ ਮੰਤਰੀ (ਬੈਠੇ-ਬੈਠੇ) : ਤੁਸੀਂ ਰਹੋਗੇ ਤਾਂ ਨਾ।

ਸਰਦਾਰ ਲਾਲ ਸਿੰਘ : ਸਰ, ਸੁਣ ਕੇ ਜਾਵਾਂਗੇ। ਤੁਹਾਡਾ ਭਾਸ਼ਣ ਸੁਣ ਕੇ ਜਾਵਾਂਗੇ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਘਬਰਾਉ ਨਾ, ਸੁਣ ਕੇ ਜਾਵਾਂਗੇ, ਪਹਿਲਾਂ ਸਾਡੀਆਂ ਗੱਲਾਂ ਸੁਣ ਲਵੋ, ਮੈਨੂੰ ਟਾਈਮ ਦਿਵਾ ਦਿਉ। ਸਾਰੀਆਂ ਗੱਲਾਂ ਦਾ ਜਵਾਬ ਦੇ ਦਿਉ, ਸੁਣ ਕੇ ਜਾਵਾਂਗੇ ਪਰ ਤੁਸੀਂ ਜਵਾਬ ਦੇ ਦਿਉ, ਇਹ ਤੁਹਾਡੇ ਨਾਲ ਵਾਅਦਾ ਹੈ। 1143 ਕਰੋੜ ਰੁਪਿਆ ਡਾਈਵਰਟ ਨਾ ਹੋਵੇ। ਮੇਰਾ ਸ਼ਹਿਰ ਸਨੌਰ ਹੈ ਅਤੇ ਮੈਂ ਉਸ ਦੀ ਇਕੱਲੀ ਇਕੱਲੀ ਗਲੀ, ਮੁਹੱਲਾ ਪ੍ਰੀਮਿਕਸ ਨਾਲ ਪਿਛਲੀ ਸਰਕਾਰ ਵਿਚ ਬੜੀ ਮਿਹਨਤ ਨਾਲ ਬਣਾਇਆ ਹੈ, ਉਹ ਪੁੱਟਿਆ ਜਾਵੇਗਾ। ਇਹ ਪਤਾ ਨਹੀਂ ਪੈਣਾ ਹੈ ਜਾਂ ਨਹੀਂ ਪੈਣਾ । ਮੇਰੀ ਇਕ ਬੇਨਤੀ ਹੈ ਕਿ ਪੁੱਟਣ ਤੋਂ ਬਾਅਦ ਪ੍ਰੀਮਿਕਸ ਪਾ ਦਿਉਗੇ ਜਾਂ ਫਿਰ ਲੋਕਾਂ ਨੂੰ ਇਸ ਤਰ੍ਹਾਂ ਖੱਜਲ ਖੁਆਰ ਕਰੋਗੇ, ਇਸ ਬਾਰੇ ਤੁਹਾਨੂੰ ਵਾਅਦਾ ਦੇਣਾ ਪਵੇਗਾ ਕਿ ਜਦੋਂ ਇਹ ਸੀਵਰੇਜ਼ ਪਵੇਗਾ ਤਾਂ ਉਹ ਗਲੀਆਂ ਜਿਹੜੀਆਂ ਬਹੁਤ ਖੂਬਸੂਰਤ ਬਣਾਈਆਂ ਹਨ, ਉਹ ਦੁਬਾਰਾ ਪ੍ਰੋਟੈਕਟ ਹੋਣਗੀਆਂ। ਇਸ ਬਾਰੇ ਆਸ਼ਵਾਸਨ ਚਾਹੀਦਾ ਹੈ। ਜੇ ਤੁਸੀਂ ਬਜਟ ਲਿਆਉਂਦੇ ਤਾਂ ਸਾਰੇ ਲੋਕਾਂ ਨੂੰ ਸਰਕਾਰ ਦੀ ਹਾਲਤ ਬਾਰੇ ਪਤਾ ਲਗਣਾ ਸੀ ਕਿ ਕਿਸ ਤਰ੍ਹਾਂ ਓਵਰਡਰਾਫਟ ਚੱਲ ਰਿਹਾ ਹੈ, ਕਿੰਨਾ ਕਰਜ਼ਾ ਹੋ ਗਿਆ ਹੈ। ਪਿਛਲੀ ਵਾਰ ਜਦ ਬਜਟ ਆਇਆ ਸੀ ਤਾਂ ਇਕ ਲੱਖ 2 ਹਜ਼ਾਰ ਕਰੋੜ ਰੁਪਿਆ ਕਰਜ਼ਾ ਸੀ ਪੰਜਾਬ ਦੇ ਸਿਰ, ਉਹ ਹੁਣ ਕਿੰਨਾ ਹੋ ਗਿਆ ਇਹ ਤਾਂ ਹੀ ਪਤਾ ਲਗੇਗਾ ਜੇਕਰ ਇਥੇ ਬਜਟ ਪੇਸ਼ ਹੁੰਦਾ। ਤੁਸੀਂ ਜਾਣ ਕਿ ਇਸ ਨੂੰ ਲੁਕੋ ਕੇ ਰੱਖਿਆ ਹੈ ਕਿ ਲੋਕਾਂ ਨੂੰ ਹਨੇਰੇ ਵਿਚ ਰੱਖਣਾ ਹੈ, ਉਹ ਕਿਥੇ ਪਹੁੰਚ ਗਿਆ ਹੈ। ਪਿਛੇ ਅਸੀਂ ਜਦੋਂ ਛੱਡ ਕੇ ਗਏ ਸੀ ਤਾਂ ਉਹ ਮਾਰਚ, 2007 ਵਿਚ 48,000 ਕਰੋੜ ਰੁਪਿਆ ਸੀ, ਉਹ 48,000 ਕਰੋੜ ਰੁਪਿਆ ਸਾਡਾ ਨਹੀਂ ਸੀ, ਤੁਸੀਂ ਜਦੋਂ ਸਾਲ 2002 ਵਿਚ ਛੱਡ ਕੇ ਗਏ ਤਾਂ ਉਸ ਵੇਲੇ 32,000 ਕਰੋੜ ਰੁਪਿਆ ਸੀ ਤੇ 16,000 ਕਰੋੜ ਰੁਪਿਆ ਐਡ ਕੀਤਾ ਹੈ, ਇਹ ਸੱਚ ਹੈ । ਡਿਪਟੀ ਸਪੀਕਰ ਸਾਹਿਬ, ਉਹ 48,000 ਕਰੋੜ ਰੁਪਿਆ ਇਹ 41 ਸਾਲਾਂ ਦਾ ਸੀ, ਜਿੰਨੀਆਂ ਸਰਕਾਰਾਂ ਹੁਣ ਤੱਕ ਆਈਆਂ ਸੀ, ਸਾਰੀਆਂ ਸਰਕਾਰਾਂ ਦਾ ਇਕੱਠਾ ਕਰਕੇ 48,000 ਕਰੋੜ ਰੁਪਿਆ ਬਣਦਾ ਸੀ। 1966 ਵਿਚ ਪੰਜਾਬ ਬਣਿਆ ਤੇ 2007 ਤੱਕ 41 ਸਾਲ ਬਣਦੇ ਹਨ, ਉਨ੍ਹਾਂ 41 ਸਾਲਾਂ ਦਾ ਟੋਟਲ ਕਰਜਾ 48,000 ਕਰੋੜ ਤੇ ਸੱਤ ਸਾਲਾਂ ਦਾ, ਪਿਛਲੇ ਛੇ ਸਾਲਾਂ ਵਿਚ 54,000

ਕਰੋੜ ਰੁਪਿਆ ਵਧਿਆ ਹੈ। ਇਸ ਸਾਲ ਵਿਚ ਕਿੰਨਾ ਵਧਿਆ ਇਹ ਤਾਂ ਪਤਾ ਲਗਣਾ ਸੀ ਜੇ ਹੁਣ ਬਜਟ ਪੇਸ਼ ਹੁੰਦਾ। ਤੁਸੀਂ ਹੈਰਾਨ ਹੋਵੋਗੇ ਕਿ 41 ਸਾਲਾਂ ਦਾ 48,000 ਕਰੋੜ ਤੇ ਸੱਤ ਸਾਲਾਂ ਦਾ 54,000 ਕਰੋੜ ਰੁਪਿਆ ਕਰਜ਼ਾ ਬਣਿਆ ਹੈ। ਪੰਜਾਬ ਦਾ ਭੱਠਾ ਬਿਠਾ ਦਿੱਤਾ, 365 ਦਿਨ ਹਨ, 7200 ਕਰੋੜ ਰੁਪਿਆ ਸਾਲ ਦਾ ਵਿਆਜ ਬਣਦਾ ਹੈ, ਜੇ ਇਕ ਦਿਨ ਦਾ ਲਗਾਉ ਤਾਂ ਪੰਜਾਬ ਉਤੇ 22 ਕਰੋੜ ਰੁਪਿਆ ਡੇਲੀ ਮੀਟਰ ਘੁੰਮਦਾ ਹੈ। ਤੁਹਾਨੂੰ ਕਰਜ਼ਾ ਲੈਣਾ ਪੈਂਦਾ ਹੈ ਵਿਕਾਸ ਵਾਸਤੇ ਨਹੀ, ਤੁਹਾਨੂੰ ਕਰਜ਼ਾ ਲੈਣਾ ਪੈਂਦਾ ਹੈ ਪਿਛਲਾ ਕਰਜ਼ਾ ਮੋੜਨ ਵਾਸਤੇ ਤੇ ਵਿਆਜ ਮੋੜਨ ਵਾਸਤੇ। ਉਹ ਵੱਧਦਾ ਜਾ ਰਿਹਾ ਹੈ, ਵੱਧਦਾ ਜਾ ਰਿਹਾ ਹੈ, ਵੱਧਦਾ ਜਾ ਰਿਹਾ ਹੈ। ਤੁਸੀਂ ਵਿਕਾਸ ਕਿਸ ਤਰ੍ਹਾਂ ਕਰ ਲਵੋਗੇ, ਲਗਾਈ ਜਾਵੋ ਨੀਂਹ ਪੱਥਰ, ਛਪਾਈ ਜਾਉ ਇਸ਼ਤਿਹਾਰ, ਇਹ ਲੋਕਾਂ ਨੂੰ ਮੂਰਖ ਬਣਾਉਣਾ ਚਾਹੁੰਦੇ ਹੋ। ਮੇਰੀ ਗੱਲ ਸੁਣ ਲਵੋ। ਇਹ ਪਿਛਲੀ ਖ਼ਬਰ ਹੈ ਕਿ ਸਰਕਾਰ ਦੀਵਾਲੀਆ ਬਣ ਗਈ ਹੈ। ਤਨਖਾਹਾਂ ਸਮੇਂ ਸਿਰ ਨਹੀਂ ਮਿਲ ਰਹੀਆਂ। ਪੈਟਰੋਲ ਪੰਪ ਵਾਲਿਆਂ ਦੀ ਖ਼ਬਰ ਛਪੀ ਕਿ ਉਨ੍ਹਾਂ ਨੇ ਤੇਲ ਦੇਣਾ ਬੰਦ ਕਰ ਦਿੱਤਾ ਹੈ। ਪੈਟਰੋਲ ਪੰਪਾਂ ਵਾਲੇ ਸਰਕਾਰ ਤੇ ਇਤਬਾਰ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਪਹਿਲਾਂ ਪਿਛਲਾ ਪੈਸਾ ਦਿਓ ਤਾਂ ਹੀ ਪੈਟਰੋਲ ਮਿਲੇਗਾ। ਇਹ ਖ਼ਬਰ ਛਪੀ ਹੈ। ਮੇਰੇ ਕੋਲ ਅਖ਼ਬਾਰਾਂ ਹਨ ਕਿ ਜੇਲ੍ਹਾਂ ਵਿੱਚ ਕੈਦੀਆਂ ਵਾਸਤੇ ਰਾਸ਼ਨ ਮੁੱਕ ਗਿਆ। ਜਿਹੜੇ ਸਪਲਾਇਰ ਹਨ, ਉਨ੍ਹਾਂ ਨੂੰ ਪਿਛਲੇ ਪੈਸੇ ਨਹੀਂ ਮਿਲੇ। ਉਹ ਕਹਿੰਦੇ ਹਨ ਕਿ ਪਹਿਲਾਂ ਪੈਸੇ ਦਿਓ, ਫੇਰ ਰਾਸ਼ਨ ਦੇਵਾਂਗੇ। ਇਹ ਪੰਜਾਬ ਸਰਕਾਰ ਦੀ ਹਾਲਤ ਹੈ। ਕਰਜ਼ੇ ਬਾਰੇ ਮੈਂ ਤੁਹਾਨੂੰ ਦੱਸ ਚੁੱਕਿਆ ਹਾਂ, ਤਨਖਾਹਾਂ ਨਹੀਂ ਮਿਲੀਆਂ। ਖ਼ਬਰਾਂ ਛਪੀਆਂ ਸਨ, ਇੱਕ ਵੱਡੀ ਲਿਸਟ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਸਰਕਾਰੀ ਪ੍ਰਾਪਰਟੀਜ਼ ਇਨ੍ਹਾਂ ਨੇ ਵੇਚ ਦਿੱਤੀਆਂ ਹਨ, ਮੇਰੇ ਕੋਲ ਇਸ ਦੀ ਬਹੁਤ ਵੱਡੀ ਲਿਸਟ ਹੈ। ਇਨ੍ਹਾਂ ਨੇ ਸਰਕਾਰੀ ਪ੍ਰਾਪਰਟੀਜ਼ ਵੇਚ ਦਿੱਤੀਆਂ। ਹੁਣ ਸਰਕਾਰ ਨੂੰ ਕੋਈ ਏਜੰਸੀ ਕਰਜ਼ਾ ਨਹੀਂ ਦਿੰਦੀ ਕਿਉਂਕਿ ਕਰਜ਼ੇ ਦੀ ਲਿਮਿਟ ਇਹ ਪੂਰੀ ਤਰ੍ਹਾਂ ਐਗਜ਼ਾਸਟ ਕਰ ਚੁੱਕੇ ਹਨ। ਹੁਣ ਸਰਕਾਰ ਨੂੰ ਕਰਜ਼ਾ ਲੈਣ ਵਾਸਤੇ ਪ੍ਰਾਪਰਟੀਜ਼ ਗਿਰਵੀ ਰੱਖਣੀਆਂ ਪੈ ਰਹੀਆਂ ਹਨ। ਪੁੱਡਾ ਦਾ ਹੈੱਡ ਕੁਆਰਟਰ ਗਿਰਵੀ ਹੋਇਆ ਪਿਆ ਹੈ। ਇਸ ਸਬੰਧੀ ਅਖ਼ਬਾਰ ਦੀ ਬਹੁਤ ਵੱਡੀ ਲਿਸਟ ਮੇਰੇ ਕੋਲ ਹੈ। ਮੇਰੇ ਕੋਲ ਰਿਕਾਰਡ ਵੀ ਹੈ। ਆਰ.ਟੀ.ਆਈ. ਦੀ ਇਨਫਰਮੇਸ਼ਨ ਵੀ ਹੈ। ਜਦੋਂ ਸਰਕਾਰ ਦੀ ਇਹ ਹਾਲਤ ਹੋਵੇ ਕਿ ਸਰਕਾਰ ਤੇ ਕੋਈ ਇਤਬਾਰ ਹੀ ਨਾ ਕਰੇ, ਕਹਿਣ ਕਿ ਜੇਕਰ ਕਰਜ਼ਾ ਲੈਣਾ ਹੈ ਤਾਂ ਗਿਰਵੀ ਰੱਖੋ। ਮੈਰਿਜ਼ ਪੈਲੇਸਾਂ ਵਾਲੇ ਇਨ੍ਹਾਂ ਨੇ ਲੁੱਟ ਲਏ। ਟੈਕਸ ਲਗਾ ਕੇ ਲੋਕਾਂ ਦਾ ਗਲ ਘੁੱਟ ਦਿੱਤਾ। ਮੈਰਿਜ਼ ਪੈਲੇਸਾਂ ਵਾਲਿਆਂ ਨੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਕਿਹੜਾ ਪੱਲਿਓਂ ਦੇਣਾ ਹੈ। ਲੋਕਾਂ ਦਾ ਸਾਹ ਆਉਣਾ ਬੰਦ ਹੋ ਗਿਆ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ...

ਮਾਨਯੋਗ ਡਿਪਟੀ ਸਪੀਕਰ : ਤੁਸੀਂ ਇਕ-ਦੋ ਮਿੰਟ ਵਿੱਚ ਖ਼ਤਮ ਕਰ ਦਿਓ।

ਸਰਦਾਰ ਲਾਲ ਸਿੰਘ : ਤੁਸੀਂ ਮੇਰੀ ਗੱਲ ਸੁਣੋ। ਕੋਈ ਚੱਜ ਦੀ ਗੱਲ ਸੁਣ ਲਓ। ਇਹ ਤੁਹਾਡੇ ਮਤਲਬ ਦੀ ਹੈ। ਸਰਕਾਰ ਓਵਰਡਰਾਫਟ ਤਦ ਲੈਂਦੀ ਹੈ ਜਦੋਂ ਉਸ ਦੇ ਪੱਲੇ ਕੱਖ ਨਾ ਹੋਵੇ। ਓਵਰਡਰਾਫਟ ਤੇ ਵਿਆਜ਼ ਵੀ ਵੱਧ ਲਗਦਾ ਹੈ। ਜਿਹੜੀ ਸਰਕਾਰ ਓਵਰਡਰਾਫਟ ਲੈ ਕੇ ਕੰਮ ਚਲਾਉਂਦੀ ਹੈ, ਉਸ ਸਰਕਾਰ ਦੀ ਹਾਲਤ ਅੱਛੀ ਨਹੀਂ ਹੁੰਦੀ। ਇੱਥੇ ਵੱਡੇ ਵੱਡੇ ਅਫ਼ਸਰ ਬੈਠੇ ਹਨ, ਇਕਾਨਮਿਸਟ ਬੈਠੇ ਹਨ, ਇਨ੍ਹਾਂ ਨੂੰ ਪੁੱਛ ਲਓ। ਸਾਲ 2008-09 ਵਿੱਚ ਕਿੰਨਾ ਓਵਰਡਰਾਫਟ ਹੋਇਆ ? 360 ਕਰੋੜ ਰੁਪਿਆ। ਸਾਲ 2009-10 ਵਿੱਚ 309 ਕਰੋੜ। ਸਾਲ 2010-11 ਵਿੱਚ 398 ਕਰੋੜ। ਸਾਲ 2011-12 ਵਿੱਚ ਇਹ 600 ਕਰੋੜ ਤੇ ਪਹੁੰਚ ਗਿਆ। ਸਾਲ 2012-13 ਵਿੱਚ 1149 ਕਰੋੜ ਤੇ ਪਹੁੰਚ ਗਿਆ ਅਤੇ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸਾਲ 2013-14 ਹੈ, ਇਸ ਵਿੱਚ ਓਵਰਡਰਾਫਟ 1300 ਕਰੋੜ ਹੋ ਗਿਆ ਹੈ ਅਤੇ ਇਸ ਓਵਰਡਰਾਫਟ ਤੇ ਸਾਨੂੰ ਮਜ਼ਬੂਰਨ 5900 ਕਰੋੜ ਰੁਪਿਆ ਅਸਲ ਵਿਆਜ਼ ਤੋਂ ਵੱਧ ਦੇਣਾ ਪਿਆ। ਕੀ ਇਹ ਪੰਜਾਬ ਦੀ ਹਾਲਤ ਚੰਗੀ ਹੈ? ਇਹ ਲੋਕਾਂ ਨੂੰ ਮੂਰਖ ਬਣਾਉਣਾ ਚਾਹੁੰਦੇ ਹਨ ਕਿ ਵਿਕਾਸ ਦੇ ਨਾਂ ਤੇ ਵੋਟਾਂ ਲਵਾਂਗੇ। ਵਿਕਾਸ ਦੇ ਨਾਂ ਤੇ ਵੋਟਾਂ ਤਾਂ ਲਓਗੇ ਜੇਕਰ ਕੋਈ ਵਿਕਾਸ ਹੋਵੇਗਾ। ਤੁਸੀਂ ਕਹਿ ਦਿਓਗੇ ਕਿ ਕੋਡ ਆਫ਼ ਕੰਡਕਟ ਲੱਗ ਗਿਆ, ਨੀਂਹ ਪੱਥਰ ਅਸੀਂ ਰੱਖ ਦਿੱਤੇ ਹਨ, ਵੱਡੇ ਵੱਡੇ ਪ੍ਰਾਜੈਕਟ ਪਾਸ ਹੋਏ ਪਏ ਹਨ। ਢੀਂਡਸਾ ਸਾਹਿਬ ਨੂੰ ਫੇਰ ਰਾਤ ਨੂੰ ਨੀਂਦ ਨਹੀਂ ਆਉਣੀ ਜਦੋਂ ਸਵੇਰ ਨੂੰ ਮੁਲਾਜ਼ਮਾਂ ਨੇ ਆ ਕੇ ਧਰਨਾ ਲਗਾਇਆ ਕਿ ਸਾਡੀਆਂ ਤਨਖਾਹਾਂ ਨਹੀਂ ਮਿਲੀਆਂ, ਪਿਛਲੇ ਮਹੀਨੇ ਦੀਆਂ ਬਕਾਇਆ ਹਨ। ਇਸ ਕਰਕੇ ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਸਰਕਾਰ ** ** ਹੈ, ਲੋਕਾਂ ਨੂੰ ** ** ਕਰਨ ਵਾਲੀ ਹੈ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਕਿਉਂ ਨਹੀਂ ਇਹ ਬਜਟ ਪੇਸ਼ ਕਰਦੇ? ਤਾਂ ਕਿ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ ਮੂਰਖ ਬਣਾਇਆ ਜਾ ਸਕੇ। ਅਸੀਂ ਲੋਕਾਂ ਨੂੰ ** ** ਕਰਕੇ ਪਾਰਲੀਮੈਂਟ ਦੀਆਂ ਚੋਣਾਂ ਜਿੱਤ ਜਾਵਾਂਗੇ।

ਮੁੱਖ ਮੰਤਰੀ (ਬੈਠੇ-ਬੈਠੇ) : ** ** ਲਫ਼ਜ਼ ਐਕਸਪੰਜ ਕਰਵਾ ਦਿਓ ਜੀ।

ਸਰਦਾਰ ਲਾਲ ਸਿੰਘ : ਸੀ.ਐਮ. ਸਾਹਿਬ ਜਦੋਂ ਓਵਰਡਰਾਫਟ 12 ਦਿਨ ਤੋਂ ਉੱਪਰ ਟੱਪ ਜਾਵੇ ਤਾਂ ਖ਼ਜ਼ਾਨਾ ਬੰਦ ਹੋ ਜਾਂਦਾ ਹੈ, ਤਾਲਾ ਲੱਗ ਜਾਂਦਾ ਹੈ। ਇਸ ਨੂੰ ਕਲੀਅਰ ਕਰਨਾ ਪੈਂਦਾ ਹੈ।

ਮਾਨਯੋਗ ਡਿਪਟੀ ਸਪੀਕਰ : ਲਾਲ ਸਿੰਘ ਜੀ, ਬੈਠੋ।

ਸਰਦਾਰ ਲਾਲ ਸਿੰਘ : ਮੈਂ ਇੱਕ ਗੱਲ ਕਹਿਣੀ ਹੈ ਜੀ। ਸਿਰਫ਼ ਦੋ ਮਿੰਟ ਲਵਾਂਗਾ, ਤੁਸੀਂ ਮਾਈਂਡ ਨਾ ਕਰਿਓ। ** ** ਇੱਥੇ ਆਏ। ਉਨ੍ਹਾਂ ਨੇ ਬਹੁਤ ਵਧੀਆ ਦੱਬ ਕੇ ਕਿਹਾ, ਬਹੁਤ ਜ਼ੋਰ ਲਗਾ ਕੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ

** Expunged as ordered by the Chair.

ਨਹੀਂ ਕੱਢਿਆ ਜਾਵੇਗਾ। ਪਰ ਅੱਛਾ ਇਹ ਹੁੰਦਾ ਕਿ ਜਿਹੜਾ ਹਾਈ ਕੋਰਟ ਨੇ ਗੁਜਰਾਤ ਦੇ ਹੱਕ ਵਿੱਚ ਫੈਸਲਾ ਕੀਤਾ ਹੈ, ਉਹ ਆਉਣ ਤੋਂ ਪਹਿਲਾਂ ਜਿਹੜੀ ਸਰਕਾਰ ਸੁਪਰੀਮ ਕੋਰਟ ਵਿੱਚ ਗਈ ਹੈ, ਜਿਸ ਦਾ ਮੁੱਖ ਮੰਤਰੀ ** ** ਹੈ, ਉਹ ਵਾਪਸ ਲੈ ਕੇ ਕਿਉਂ ਨਹੀਂ ਆਇਆ? ਹੁਣ ਕਹਿ ਕੇ ਚਲਾ ਗਿਆ ਪਰ ਵਾਪਸ ਹੁਣ ਵੀ ਨਹੀਂ ਲਿਆ। ਤੁਸੀਂ ਉਸ ਤੇ ਵਿਸ਼ਵਾਸ ਕਰਨਾ ਚਾਹੁੰਦੇ ਹੋ ?

ਮਾਨਯੋਗ ਡਿਪਟੀ ਸਪੀਕਰ : ਇੱਕ ਮਿੰਟ ਲਾਲ ਸਿੰਘ ਜੀ। ** ** ਲਫ਼ਜ਼ ਐਕਸਪੰਜ ਕਰ ਦਿੱਤੇ ਜਾਣ।

ਸਰਦਾਰ ਲਾਲ ਸਿੰਘ : 1999 ਵਿੱਚ ਲੋਕ ਸਭਾ ਦੀ ਇਲੈਕਸ਼ਨ ਹੋਈ, ਬੀ.ਜੇ.ਪੀ. ਨੇ ਸਾਰੇ ਹਿੰਦੁਸਤਾਨ ਵਿੱਚ ਰਾਮ ਮੰਦਰ ਦੇ ਨਾਂ ਤੇ ਵੋਟਾਂ ਮੰਗੀਆਂ। ਰਾਮ ਦਾ ਨਾਂ ਲੈ ਕੇ ਢੰਡੋਰਾ ਫੇਰਿਆ, ਹੁਣੇ 5-6 ਦਿਨ ਪਹਿਲਾਂ ਬੀ.ਜੇ.ਪੀ. ਦੇ ਪ੍ਰਧਾਨ ਰਾਜਨਾਥ ਸਿੰਘ ਨੇ ਮੁਆਫੀ ਮੰਗੀ ਹੈ ਕਿ ਸਾਡੇ ਤੋਂ ਗਲਤੀ ਹੋਈ ਹੈ। ਜੇਕਰ ਬੀ.ਜੇ.ਪੀ. ਰਾਮ ਨੂੰ ਧੋਖਾ ਦੇ ਸਕਦੀ ਹੈ, ਪ੍ਰਮਾਤਮਾ ਇਸ਼ਟ ਨੂੰ ਧੋਖਾ ਦੇ ਸਕਦੀ ਹੈ, ਪ੍ਰਮਾਤਮਾ ਦੇ ਨਾਂ ਨੂੰ ਵੇਚ ਕੇ, ਉਸ ਤੋਂ ਭੱਜ ਸਕਦੀ ਹੈ ਤਾਂ ਉਸ ਪਾਰਟੀ ਦੇ ਲੀਡਰ ਤੇ ਤੁਸੀਂ ਕੀ ਭਰੋਸਾ ਕਰੋਗੇ? ਕੀ ਉਹ ਮੁਕਰ ਨਹੀਂ ਜਾਵੇਗਾ? ਜਿਹੜੇ ਰਾਮ ਨੂੰ ਮੁਕਰ ਗਏ, ਜਿਹੜੇ ਰਾਮ ਤੋਂ ਮੁਨਕਰ ਹੋ ਗਏ। ....(ਵਿਘਨ).... ਕੋਈ ਨਹੀਂ ਤੁਸੀਂ ਨਾ ਬੋਲੋ। ਉਸ ਰਾਮ ਨੂੰ ਪੂਜਣ ਵਾਲੇ, ਉਸ ਰਾਮ ਦਾ ਸਤਿਕਾਰ ਕਰਨ ਵਾਲੇ ਕਦੇ ਵੀ ਇਸ ਪਾਰਟੀ ਨੂੰ ਮੂੰਹ ਨਹੀਂ ਲਗਾਉਣਗੇ। ਉਸ ਨੂੰ ਰਾਮ ਦੇ ਸਰਾਪ ਨੇ ....

ਮੁੱਖ ਸੰਸਦੀ ਸਕੱਤਰ, ਸਹਿਕਾਰਤਾ (ਸ਼੍ਰੀ ਕੇ.ਡੀ.ਭੰਡਾਰੀ) (ਬੈਠੇ-ਬੈਠੇ): ਡਿਪਟੀ ਸਪੀਕਰ ਸਾਹਿਬ, ਇਹ ਨਾਂ ਲੈ ਕੇ ਗੱਲ ਕਰ ਰਹੇ ਹਨ ਜਦੋਂ ਕਿ ਇੱਥੇ ਨਾਂ ਲੈ ਕੇ ਗੱਲ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਨੂੰ ਬੰਦ ਕਰਵਾਉ। ਇਹ ਲਫ਼ਜ਼ ਐਕਸਪੰਜ ਕਰਵਾਏ ਜਾਣ। ....(ਵਿਘਨ....ਸ਼ੋਰ)....

ਸਰਦਾਰ ਲਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਬੈਠੇ-ਬੈਠੇ ਬੋਲਣ ਤੋਂ ਬੰਦ ਕਰਵਾਉ। ਨਹੀਂ ਤਾਂ ਫਿਰ ਸਾਨੂੰ ਵੀ ਖੁਲ੍ਹੀ ਛੁੱਟੀ ਦੇਣਾ। ਜਦੋਂ ਮੁੱਖ ਮੰਤਰੀ ਸਾਹਿਬ ਬੋਲਣਗੇ, ਅਸੀਂ ਵੀ ਬੋਲਾਂਗੇ। ....(ਵਿਘਨ)....

ਮੁੱਖ ਸੰਸਦੀ ਸਕੱਤਰ, ਸਹਿਕਾਰਤਾ : ਤੁਸੀਂ ਕਿਸੇ ਦਾ ਨਾਂ ਲੈ ਕੇ ਗੱਲ ਨਾ ਕਰੋ। ** ** ਦਾ ਨਾਂ ਲੈ ਕੇ ਗੱਲ ਨਾ ਕਰੋ।

ਸਰਦਾਰ ਲਾਲ ਸਿੰਘ : ਅਸੀਂ ਨਾਂ ਕਿਉਂ ਨਾ ਲਈਏ? ਰਾਮ ਦੇ ਨਾਂ ਤੇ ਤਕਲੀਫ ਹੋ ਗਈ। ਅਸੀਂ ਵੀ ਰਾਮ ਨੂੰ ਮੰਨਦੇ ਹਾਂ।

ਮਾਨਯੋਗ ਡਿਪਟੀ ਸਪੀਕਰ : ਲਾਲ ਸਿੰਘ ਜੀ, ਇੱਕ ਮਿੰਟ ਜੀ।

** Expunged as ordered by the Chair.

ਮੁੱਖ ਮੰਤਰੀ : ਮੇਰਾ ਪੁਆਇੰਟ ਆਫ ਆਰਡਰ ਹੈ। ਦੇਖੋ, ਮੇਰੀ ਇੱਕ ਬੇਨਤੀ ਹੈ ਕਿ ਕੱਲ੍ਹ ਜੇਕਰ ਕੋਈ ਕਿਸੇ ਵੱਡੇ ਲੀਡਰ ਦਾ ਨਾਂ ਲੈਂਦਾ ਸੀ ਤਾਂ ਕਿੰਨਾ ਰੌਲਾ ਪੈਂਦਾ ਸੀ। ਅੱਜ ** ** ਦਾ ਨਾਂ ਲੈ ਕੇ ਇੱਥੇ ਗੱਲ ਕਰਨੀ, ਇਹ ਕੋਈ ਚੰਗਾ ਲਗਦਾ ਹੈ? ਫਿਰ ਸਾਰੇ ਹੀ ਨਾਂ ਲਵਾਂਗੇ। ....(ਵਿਘਨ....ਸ਼ੋਰ)...., ਫਿਰ ਤੁਹਾਡੀ ਮਰਜ਼ੀ ਹੈ, ਫਿਰ ਖੁਲ੍ਹਾ ਮੈਦਾਨ ਹੋਵੇਗਾ, ਸਾਨੂੰ ਕੋਈ ਇਤਰਾਜ਼ ਨਹੀਂ। ....(ਵਿਘਨ).... ਠੀਕ ਹੈ ਫਿਰ ਮੈਂ ਵੀ ਨਾਂ ਲਵਾਂਗਾ। ....(ਵਿਘਨ).... ਜਾਂ ਤਾਂ ਇਹ ਲਫ਼ਜ਼ ਵਿਦਡਰਾਅ ਕਰਨ ਜੀ ਜਾਂ ਫਿਰ ਸਾਨੂੰ ਵੀ ਖੁਲ੍ਹੀ ਛੁੱਟੀ ਦੇ ਦੇਣਾ, ਅਸੀਂ ਵੀ ਜਿਸ ਦਾ ਮਰਜ਼ੀ ਨਾਂ ਲੈ ਲਈਏ। ....(ਵਿਘਨ)....

ਸਰਦਾਰ ਲਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਲਫ਼ਜ਼ ਵਿਦਡਰਾਅ ਕਰਦਾ ਹਾਂ। ਕੀ ਮੈਂ ਕੋਈ ਗਲਤ ਗੱਲ ਕਹੀ ਹੈ, ਤੁਸੀਂ ਦੱਸ ਦਿਉ। ਕੀ ਤੁਸੀਂ ਰਾਮ ਤੇ ਬਾਬਰੀ ਮਸਜਿਦ ਦੇ ਨਾਂ ਤੇ ਵੋਟਾਂ ਨਹੀਂ ਮੰਗੀਆਂ? ....(ਵਿਘਨ).... ਫਿਰ ਉਥੇ ਹੁਣ ਮੁਆਫੀ ਮੰਗਣ ਦੀ ਕੀ ਲੋੜ ਸੀ? ਉਹ ਮੁੱਦਾ ਹੀ ਛੱਡ ਦਿਉ ਤੁਸੀਂ। ਜੇ ਤੁਸੀਂ ਰਾਮ ਨੂੰ ਧੋਖਾ ਦੇ ਸਕਦੇ ਹੋ ਤਾਂ ਉਨ੍ਹਾਂ ਦੇ ਸਰਾਪ ਨੇ ਦੋ ਵਾਰੀ ਸਾਡੀ ਕਾਂਗਰਸ ਦੀ ਸਰਕਾਰ ਉਥੇ ਬਣਾਈ ਹੈ, ਰਾਮ ਹੁਣ ਸਾਡੇ ਨਾਲ ਹੈ, ਤੁਹਾਡੇ ਨਾਲ ਨਹੀਂ ਹੈ। ....(ਵਿਘਨ).... ਤੁਸੀਂ ਬੀਜੇਪੀ ਵਾਲੇ ਬੇਈਮਾਨ ਹੋ। ....(ਵਿਘਨ)....

ਮਾਨਯੋਗ ਡਿਪਟੀ ਸਪੀਕਰ : ਲਾਲ ਸਿੰਘ ਜੀ, ਬੈਠੋ ਪਲੀਜ਼, ਬੈਠੋ। ਰਾਜਾ ਵੜਿੰਗ ਜੀ, ਬੋਲੋ।

(**ਅਪੋਜੀਸ਼ਨ ਬੈਂਚਿਜ਼ ਵੱਲੋਂ ਕੁਝ ਅਵਾਜ਼ਾਂ** : ਇਨ੍ਹਾਂ ਨੂੰ ਬੋਲਣ ਦਿਉ ਜੀ। ਪਾਰਟੀ ਦਾ ਟਾਈਮ ਹੈ।)

ਮਾਨਯੋਗ ਡਿਪਟੀ ਸਪੀਕਰ : ਪਾਰਟੀ ਦੇ ਟਾਈਮ ਵਿੱਚ ਬਾਕੀਆਂ ਨੇ ਵੀ ਬੋਲਣਾ ਹੈ। ਫਿਰ ਬਾਕੀਆਂ ਦਾ ਟਾਈਮ ਰਹਿ ਜਾਵੇਗਾ।

(**ਅਪੋਜੀਸ਼ਨ ਬੈਂਚਿਜ ਵੱਲੋਂ ਕੁਝ ਅਵਾਜ਼ਾਂ** : ਕੋਈ ਗੱਲ ਨਹੀਂ ਜੀ। ਸਰਦਾਰ ਲਾਲ ਸਿੰਘ ਜੀ ਨੂੰ ਬੋਲਣ ਦਿਉ। ਇਨ੍ਹਾਂ ਨੂੰ ਸਮਾਂ ਦਿਉ। ਬਾਕੀ ਬਾਅਦ ਵਿੱਚ ਵੇਖ ਲਵਾਂਗੇ। ਸਾਡੀ ਪਾਰਟੀ ਦਾ ਸਮਾਂ ਹੈ, ਇਨ੍ਹਾਂ ਨੂੰ ਦੇ ਦਿਉ।)

ਸਰਦਾਰ ਲਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਖੁਰਾਕ ਗਰੰਟੀ ਸਕੀਮ ਸਾਰੇ ਭਾਰਤ ਵਿੱਚ ਲਾਗੂ ਕੀਤੀ ਗਈ। ਪੰਜਾਬ ਵਿੱਚ ਵੀ ਲਾਗੂ ਹੋਈ। ਫੈਸਲਾ ਕੀਤਾ ਕਿ ਦੇਸ਼ ਦੇ ਜਿਹੜੇ 65-70% ਲੋਕ ਹਨ, ਉਨ੍ਹਾਂ ਨੂੰ ਦੋ ਰੁਪਏ ਕਿਲੋ ਕਣਕ ਤੇ ਤਿੰਨ ਰੁਪਏ ਕਿੱਲੋ ਚਾਵਲ ਦਿਆਂਗੇ। ਇੱਕ ਰੁਪਏ ਕਿੱਲੋ ਮੋਟਾ ਅਨਾਜ ਦੇਵਾਂਗੇ। ਪੰਜਾਬ ਵਿੱਚ ਸਕੀਮ ਆਈ। ਪੰਜਾਬ ਦੀ ਸਰਕਾਰ ਨੇ ਕਮਾਲ ਕਰ ਦਿੱਤਾ ਕਿ ਅਸੀਂ ਦੋ ਰੁਪਏ ਕਿੱਲੋ ਦੀ ਜਗ੍ਹਾ ਇੱਕ ਰੁਪਏ ਪ੍ਰਤੀ ਕਿੱਲੋ ਕਣਕ ਦੇਵਾਂਗੇ, ਯਾਨੀ ਕਿ

** Expunged as ordered by the Chair.

ਕੀਮਤ ਘਟਾ ਕੇ ਦਿਆਂਗੇ। ਬੜੀ ਚੰਗੀ ਗੱਲ ਕੀਤੀ। ਡਿਪਟੀ ਸਪੀਕਰ ਸਾਹਿਬ, ਉਹ ਕਣਕ ਘੱਟੋ ਘੱਟ 2000 ਰੁਪਏ ਪ੍ਰਤੀ ਕੁਇੰਟਲ ਸੈਂਟਰ ਸਰਕਾਰ ਨੂੰ ਪੈਂਦੀ ਹੈ। 20 ਰੁਪਏ ਪ੍ਰਤੀ ਕਿੱਲੋ ਪੈਂਦੀ ਹੈ ਅਤੇ ਦੋ ਰੁਪਏ ਪ੍ਰਤੀ ਕਿੱਲੋ ਦਿੱਤੀ ਜਾਵੇਗੀ। ਪਰ ਇਹ ਇੱਕ ਰੁਪਏ ਪ੍ਰਤੀ ਕਿੱਲੋ ਕਣਕ ਦੇਣਗੇ। ਕੇਂਦਰ ਦੀ ਸਰਕਾਰ ਦਾ ਪੈਸਾ 18 ਰੁਪਏ ਤੇ ਇਨ੍ਹਾਂ ਦਾ ਇੱਕ ਰੁਪਿਆ ਹੈ। ਕੀ ਇਹ ਲੋਕਾਂ ਨਾਲ ਮਜ਼ਾਕ ਨਹੀਂ ਹੈ, ਲੋਕਾਂ ਨੂੰ ਬੇਵਕੂਫ ਨਹੀਂ ਬਣਾ ਰਹੇ? ਮੈਂ ਕਹਿਣ ਲੱਗਾ ਹਾਂ ਕਿ ਦੋ ਸਕੀਆਂ ਭੈਣਾਂ ਸੀ। ਇੱਕ ਮੇਰੇ ਵਰਗੀ ਸਿੱਧੀ ਸਾਦੀ ਸੀ। ਇੱਕ ਬੜੀ ਚਲਾਕ ਸੀ। ਡਿਪਟੀ ਸਪੀਕਰ ਸਾਹਿਬ, ਇਹ ਦੋਵੇਂ ਭੈਣਾਂ ਇੱਕ ਵਿਆਹ ਤੇ ਇਕੱਠੀਆਂ ਚਲੀਆਂ ਗਈਆਂ। ਜਿਹੜੀ ਬੀ.ਜੇ.ਪੀ. ਵਰਗੀ ਚਲਾਕ ਭੈਣ ਸੀ, ਉਹ ਮੇਰੇ ਵਰਗੀ ਸਿੱਧੀ ਸਾਦੀ ਨੂੰ ਕਹਿੰਦੀ ਕਿ ਭੈਣ ਆਪਾਂ ਨੇ ਸ਼ਗਨ ਪਾਉਣਾ ਹੈ, ਤੂੰ ਪੈਸੇ ਦੇ। ਉਸ ਨੇ ਆਪਣੇ ਕੋਲੋਂ 20 ਰੁਪਏ ਕੱਢ ਕੇ ਦੇ ਦਿੱਤੇ। ਜਿਹੜੀ ਚਲਾਕ ਸੀ ਉਸ ਨੇ ਆਪਣੇ ਕੋਲੋਂ ਇੱਕ ਰੁਪਿਆ ਪਾ ਕੇ ਕਿਹਾ ਕਿ ਸਾਡੇ ਦੋਵਾਂ ਵੱਲੋਂ 21 ਰੁਪਏ ਸ਼ਗਨ ਦੇ ਹਨ। (ਹਾਸਾ) 18 ਰੁਪਏ ਸਾਡੇ ਤੇ ਇੱਕ ਰੁਪਿਆ ਇਨ੍ਹਾਂ ਦਾ, ਇਹ ਇਸ ਪ੍ਰੋਜੈਕਟ ਤੇ ਵੀ ਆਪ ਕਬਜ਼ਾ ਕਰੀ ਫਿਰਦੇ ਹਨ। ਇਹ ਲੋਕਾਂ ਨਾਲ ਤਮਾਸ਼ਾ ਤੇ ਗੁੰਮਰਾਹ ਕਰਨਾ ਹੈ। ਬਾਦਲ ਸਾਹਿਬ ਦੀ ਬੜੀ ਇੰਟੈਲੀਜੈਂਟ ਸੋਚ ਹੈ ਕਿ ਕਿਸ ਤਰ੍ਹਾਂ ਘੁਮਾ ਫਿਰਾ ਕੇ ਸਾਰੀ ਚੀਜ਼ ਤੇ ਕਬਜ਼ਾ ਕਰਨਾ ਹੈ। ਜਿੰਨੀ ਇੰਟੈਲੀਜੈਂਟ ਸੋਚ ਬਾਦਲ ਸਾਹਿਬ ਦੀ ਹੈ, ਜਿੰਨੀ ਮਾਸਟਰੀ ਇਨ੍ਹਾਂ ਦੀ ਹੈ ਕਿ ਲੋਕਾਂ ਨੂੰ ਕਿਸ ਤਰ੍ਹਾਂ ਗੁੰਮਰਾਹ ਕਰਨਾ ਹੈ, ਅਸੀਂ ਇਸ ਨੂੰ ਸਲਾਮ ਕਰਦੇ ਹਾਂ। ਤੁਹਾਡਾ ਕੋਈ ਮੁਕਾਬਲਾ ਨਹੀਂ ਹੈ। ਬਾਦਲ ਸਾਹਿਬ ਮੇਰੇ ਕੋਲ ਰਿਕਾਰਡ ਹੈ। ਐਨ.ਡੀ.ਏ. ਦੀ ਸਰਕਾਰ ਜਿਸ ਵਿਚ ਤੁਸੀਂ ਭਾਈਵਾਲ ਸੀ, ਸਾਲ 1999-2000 ਵਿਚ 520 ਰੁਪਏ ਪੈਡੀ ਦਾ ਅਤੇ ਕਣਕ ਦਾ 580 ਰੁਪਏ ਰੇਟ ਸੀ। ਅਗਲੇ ਸਾਲ 20 ਰੁਪਏ ਵਧਾਏ ਅਤੇ 600 ਰੁਪਏ ਹੋ ਗਿਆ। ਫਿਰ 20 ਰੁਪਏ ਵਧਾਏ ਅਤੇ 620 ਰੁਪਏ ਹੋ ਗਿਆ ਔਰ ਫਿਰ 2003 ਤੋਂ ਬਾਅਦ ਵਧਾਏ ਹੀ ਨਹੀਂ। ਕਹਿੰਦੇ ਕਿ ਵਾਜਪਾਈ ਸਾਹਿਬ ਨੇ ਐਮ.ਐਸ.ਪੀ. ਫਰੀਜ਼ ਕਰ ਦਿੱਤੀ। ਤੁਹਾਨੂੰ ਯਾਦ ਹੋਵੇਗਾ, ਜਦੋਂ 2002 ਵਿਚ ਸਾਡੀ ਸਰਕਾਰ ਬਣੀ ਤਾਂ ਅਸੀਂ 6 ਦਿਨਾਂ ਬਾਅਦ ਸਾਰੀ ਸਰਕਾਰ ਨੇ ਐਮ.ਐਸ.ਪੀ. ਵਧਾਉਣ ਲਈ ਵਾਜਪਾਈ ਸਾਹਿਬ ਦੀ ਕੋਠੀ ਅੱਗੇ ਧਰਨਾ ਦਿੱਤਾ ਅਤੇ ਅਰੈਸਟ ਹੋਏ। ਸਾਡੇ ਤੇ ਬੜਾ ਅਹਿਸਾਨ ਕੀਤਾ ਤੇ 10 ਰੁਪਏ ਵਧਾ ਦਿੱਤੇ। (ਹਾਸਾ) ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਪੰਜਾਂ ਸਾਲਾਂ ਵਿਚ ਕਣਕ ਦੀ ਐਮ.ਐਸ.ਪੀ. 60 ਰੁਪਏ ਵਧੀ ਔਰ ਪੈਡੀ 70 ਰੁਪਏ ਵਧੀ। ਪਰ ਇਨ੍ਹਾਂ 10 ਸਾਲਾਂ ਵਿਚ 760 ਰੁਪਏ ਕਣਕ ਦੀ ਐਮ.ਐਸ.ਪੀ. ਵਧੀ ਔਰ ਪੈਡੀ 755 ਰੁਪਏ ਵਧੀ। ਅਗਲੀ ਗੱਲ ਸੁਣ ਲਓ ....(ਵਿਘਨ....ਸ਼ੋਰ).... 1977 ਵਿਚ ਮੈਂ ਇਸ ਸਦਨ ਦਾ ਮੈਂਬਰ ਸੀ ਔਰ ਕੇਂਦਰ ਵਿਚ ਸਰਕਾਰ ਬਣੀ ਮੁਰਾਰਜੀ ਦੇਸਾਈ ਦੀ ਅਤੇ ਬਰਨਾਲਾ ਸਾਹਿਬ ਉਸ ਵੇਲੇ ਐਗਰੀਕਲਚਰ ਮਨਿਸਟਰ ਸਨ। ਉਨ੍ਹਾਂ ਨੇ 3 ਸਾਲਾਂ ਵਿਚ ਕਿੰਨੀ ਐਮ.ਐਸ.ਪੀ. ਵਧਾਈ, ਕਦੇ ਦੋ ਰੁਪਏ, ਫਿਰ ਤਿੰਨ ਰੁਪਏ, ਦੋ ਰੁਪਏ, ਕੁੱਲ ਮਿਲਾ ਕੇ ਤਿੰਨ ਸਾਲਾਂ ਵਿਚ 7 ਰੁਪਏ ਵਧਾਈ। ਛੱਜ ਬੋਲੇ, ਛਾਨਣੀ ਵੀ ਬੋਲੇ ਪਰ ਤੁਸੀਂ ਨਾ ਬੋਲੋ। ਤੁਸੀਂ ਸ਼ਰਮ ਕਰੋ। ਲੋਕਾਂ ਨੂੰ ਗੁੰਮਰਾਹ ਨਾ ਕਰੋ। ਮੈਂ ਆਪਣੀ ਗੱਲ ਸ਼ਾਰਟ ਕਰਨ ਲੱਗਿਆ

[ਸਰਦਾਰ ਲਾਲ ਸਿੰਘ]

ਹਾਂ। ਸਾਡੀ ਕਿਸੇ ਨਾਲ ਕੋਈ ਜਾਤੀ ਦੁਸ਼ਮਣੀ ਨਹੀਂ ਹੈ, ਨਾ ਤਾਂ ਮਜੀਠੀਆ ਸਾਹਿਬ ਨਾਲ, ਨਾ ਫਿਲੌਰ ਸਾਹਿਬ ਨਾਲ, ਨਾ ਹੀ ਜੋਸ਼ੀ ਜੀ ਨਾਲ ਹੈ ਪਰ ਮਾਮਲਾ ਕਾਨੂੰਨ ਦਾ ਹੈ। ਪੰਜਾਬ ਦੀ ਪੁਲਿਸ ਨੇ ਬਹੁਤ ਵਧੀਆ ਕੰਮ ਕੀਤਾ ਹੈ, ਜਿਹੜਾ ਸਿੰਥੈਟਿਕ ਡਰੱਗ ਦਾ 6000 ਕਰੋੜ ਰੁਪਏ ਦਾ ਰੈਕਟ ਫੜ੍ਹਿਆ ਹੈ। ਇਸ ਗੱਲ ਲਈ ਪਟਿਆਲੇ ਦੇ ਐਸ.ਐਸ.ਪੀ. ਨੂੰ ਸਨਮਾਨਿਤ ਕਰਨਾ ਚਾਹੀਦਾ ਹੈ। ਚਾਹੇ ਅੱਤਵਾਦ ਦਾ ਮਾਮਲਾ ਹੈ ਅਤੇ ਚਾਹੇ ਡਰੱਗ ਦਾ ਮਾਮਲਾ ਹੈ, ਜਿੰਨੀ ਵਧੀਆ ਕਾਰਗੁਜ਼ਾਰੀ ਪੰਜਾਬ ਪੁਲਿਸ ਦੀ ਹੈ, ਉਸ ਨੂੰ ਅਸੀਂ ਐਪਰੀਸ਼ੀਏਟ ਕਰਦੇ ਹਾਂ। ਪਰ ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਮਾਮਲਾ ਅੰਮ੍ਰਿਤਸਰ ਪਹੁੰਚਿਆ। ਉਹ ਕੌਣ ਹੈ? ਉਸ ਦਾ ਨਾਮ ਹੈ ਮਨਿੰਦਰ ਸਿੰਘ ਬਿਟੂ ਔਲਖ ਹੈ, ਜਿਸ ਦੀ ਫੈਕਟਰੀ ਹੈ। ਉਹ ਕੌਣ ਹੈ, ਇਥੇ ਬੈਠੇ ਹਨ ਸਾਡੇ ਬੋਨੀ ਸਾਹਿਬ। ਉਹ ਬਿੱਟੂ ਇਨ੍ਹਾਂ ਦਾ ਇਲੈਕਸ਼ਨ ਏਜੰਟ ਸੀ। ਇਲੈਕਸ਼ਨ ਏਜੰਟ ਕੋਈ ਆਪਣੇ ਸਕੇ ਭਰਾ ਨੂੰ ਨਹੀਂ ਬਣਾਉਂਦਾ ਮਤਲਬ ਕਿ ਉਹ ਇਨ੍ਹਾਂ ਦਾ ਇੰਨਾ ਭਰੋਸੇ ਵਾਲਾ ਬੰਦਾ ਸੀ, ਜਿਸ ਨੂੰ ਪੁਲਿਸ ਪ੍ਰੋਟੈਕਸ਼ਨ ਮਿਲੀ ਹੋਈ ਸੀ, ਲਾਲ ਬੱਤੀ ਵਾਲੀ ਗੱਡੀ ਮਿਲੀ ਸੀ। ਉਸ ਨੂੰ ਜਦੋਂ ਅਰੈਸਟ ਕੀਤਾ ਗਿਆ ਤਾਂ ਸਾਰੇ ਪੰਜਾਬ ਵਿਚ ਸਨਾਟਾ ਛਾ ਗਿਆ ਪਰ 4 ਦਿਨ ਬਾਅਦ ਡਿਪਟੀ ਮੁੱਖ ਮੰਤਰੀ ਸਾਹਿਬ ਨੇ ਇਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ। ਉਥੇ ਸਵਾਲ ਇਹ ਉਠਦਾ ਸੀ ਕਿ ਉਸ ਪੁਲਿਸ ਨੇ ਜਿਹੜਾ ਇੰਨਾ ਵੱਡਾ ਕਾਰਨਾਮਾ ਕੀਤਾ ਹੈ, ਉਸ ਤੇ ਬਰੇਕਾਂ ਲੱਗ ਗਈਆਂ। ਕਿਸ ਤਰ੍ਹਾਂ ਭਰੋਸਾ ਕਰੀਏ? ਕੀ ਕਰਨ ਉਹ ਵਿਚਾਰੇ, ਉਨ੍ਹਾਂ ਦਾ ਕਸੂਰ ਕੀ ਹੈ? ਜੇ ਡਿਪਟੀ ਮੁੱਖ ਮੰਤਰੀ ਸਾਹਿਬ ਕਲੀਨ ਚਿਟ ਦਿੰਦੇ ਹਨ ਤਾਂ ਪੁਲਿਸ ਉਥੇ ਕੀ ਕਰ ਸਕਦੀ ਹੈ। ਇਸ ਕਰਕੇ ਅਸੀਂ ਮੰਗ ਕੀਤੀ ਸੀ। ਅਸੀਂ ਇਹ ਨਹੀਂ ਕਹਿੰਦੇ ਕਿ ਕੌਣ ਗੁਨਾਹਗਾਰ ਹੈ ਤੇ ਕੌਣ ਗੁਨਾਹਗਾਰ ਨਹੀਂ ਹੈ। ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਉਸ ਪੁਲਿਸ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਜਿਹੜੀ ਤੁਹਾਡੇ ਥੱਲੇ ਲੱਗੀ ਹੋਈ ਹੈ ....(ਵਿਘਨ).... ਵਿੱਚ ਕੋਈ ਨਾ ਬੋਲੋ ਪਲੀਜ਼। ਗੱਲ ਇਹ ਹੈ, ਮੁੱਖ ਮੰਤਰੀ ਜੀ, ਜਗਦੀਸ਼ ਭੋਲਾ ਕੀ ਕਹਿੰਦਾ ਤੇ ਕੀ ਨਹੀਂ ਕਹਿੰਦਾ ਅਸੀਂ ਤਾਂ ਉਸ ਨੂੰ ਘਟੀਆ ਆਦਮੀ ਸਮਝਦੇ ਹਾਂ। ਉਸ ਦੀ ਗੱਲ ਤੇ ਇਤਬਾਰ ਕਰੋ ਜਾਂ ਨਾ ਕਰੋ। ਹੁਣ ਨਵੀਂ ਕਹਾਣੀ ਸ਼ੁਰੂ ਹੋ ਗਈ ਹੈ। ਇਹ ਵਿਚਾਰਾ ਹੁਣ ਸਰਵਣ ਸਿੰਘ ਇਨਵਾਲਵ ਕਰ ਦਿੱਤਾ। ਭਲਾ ਆਦਮੀ ਹੈ, 37 ਸਾਲਾਂ ਤੋਂ ਅਸੀਂ ਇੱਕਠੇ ਬੈਠਦੇ ਹਾਂ। ਮੈਨੂੰ ਤਾਂ ਹੁਣ ਪਤਾ ਲੱਗਿਆ ਹੈ ਕਿ ਇਨ੍ਹਾਂ ਦੇ ਮੁੰਡੇ ਨੇ ਵੀ ਉੱਥੇ ਫੈਕਟਰੀ ਲਾਈ ਹੋਈ ਹੈ। ਇਥੇ ਵੀ ਕੋਲਡ ਸਟੋਰ ਬਣੇ ਹੋਏ ਹਨ। ....(ਵਿਘਨ).... (ਸਰਦਾਰ ਸਰਵਣ ਸਿੰਘ ਫਿਲੌਰ ਸਾਹਿਬ ਵੱਲ ਇਸ਼ਾਰਾ ਕਰਦੇ ਹੋਏ) ਮੈਂ ਤੁਹਾਡੇ ਹੱਕ ਵਿੱਚ ਬੋਲ ਰਿਹਾ ਹਾਂ ....(ਹਾਸਾ)....

ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸਰਵਨ ਸਿੰਘ ਫਿਲੌਰ) : ਮਾਨਯੋਗ ਡਿਪਟੀ ਸਾਹਿਬ, ਸਰਦਾਰ ਲਾਲ ਸਿੰਘ ਜੀ ਮੇਰੇ ਬੜੇ ਪੁਰਾਣੇ ਮਿੱਤਰ ਹਨ ਅਤੇ ਇਹ ਬੜੇ ਅੱਛੇ ਢੰਗ ਨਾਲ ਆਪਣਾ ਕੇਸ ਪੇਸ਼ ਕਰ ਰਹੇ ਹਨ ਪਰ ਜਿਹੜਾ ਇਹ ਮੇਰਾ ਨਾਂ ਇਨਵਾਲਵ ਕੀਤਾ ਹੈ ਕਿ ਮੇਰੇ ਮੁੰਡੇ ਦੀ ਫੈਕਟਰੀ ਹੈ, ਉਸ ਦਾ ਕੋਈ ਸਬੂਤ ਪੇਸ਼ ਕਰ ਦੇਣ,

ਫਿਰ ਅਸੀਂ ਮੰਨ ਲਵਾਂਗੇ। ਅਖਬਾਰਾਂ ਦੀ ਚਰਚਾ ਦੇ ਨਾਲ ਤੁਸੀਂ ਕਿਸੇ ਨੂੰ ਦੋਸ਼ੀ ਨਹੀਂ ਬਣਾ ਸਕਦੇ ਹੋ। ਜੇ ਰਿਲੇਸ਼ਨ ਦੀ ਗੱਲ ਕਰਨੀ ਹੈ ਤਾਂ ਤੁਹਾਡੇ ਅੱਧੇ ਤੋਂ ਵੱਧ ਲੋਕ ਅਜਿਹੇ ਹਨ ਜਿਨ੍ਹਾਂ ਦੇ ਸਬੰਧ ਬਹੁਤ ਮਾੜੇ ਲੋਕਾਂ ਨਾਲ ਹੋਣਗੇ ਅਤੇ ਜਿਹੜੇ ਇਨਵਾਲਵ ਹੋਣਗੇ।

ਸਰਦਾਰ ਲਾਲ ਸਿੰਘ : ਇਹ ਇਹੀ ਕਹਿ ਦੇਣ ਕਿ ਮੇਰਾ ਬੇਟਾ ਬਹੁਤ ਵਧੀਆ ਮੁੰਡਾ ਹੈ। ਇਹੀ ਗੱਲ ਅਸੀਂ ਮੰਨ ਲਵਾਂਗੇ। ਜੇ ਪੁਲਿਸ ਵਾਲੇ ਫੜ ਕੇ ਲੈ ਗਏ ਤਾਂ ਫਿਰ ਕੀ ਕਰੋਗੇ। ਤੁਹਾਡੀ ਹੀ ਪੁਲਿਸ ਹੈ। ਅਸੀਂ ਤੇਰੇ ਨਾਲ ਹਾਂ। ਜੇਕਰ ਮੁੰਡਾ ਨਲਾਇਕੀ ਕਰੇ, ਮੁੰਡੇ ਦਾ ਅਸੀਂ ਠੇਕਾ ਲਿਆ ਹੋਇਆ ਹੈ। ਉਹ ਤਾਂ ਕੁਝ ਵੀ ਕਰ ਸਕਦੇ ਹਨ (ਹਾਸਾ)। ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਗੱਲ ਆਈ ਮਨਿੰਦਰ ਔਲਖ ਦੀ, ਉਦੋਂ ਹੀ ਅਸੀਂ ਸੀ.ਬੀ.ਆਈ ਦੀ ਡੀਮਾਂਡ ਰੱਖੀ ਸੀ। ਇਸ ਕਰਕੇ ਨਹੀਂ ਸੀ ਰੱਖੀ ਕਿ ਜਗਦੀਸ਼ ਭੋਲੇ ਨੇ ਕੀ ਕਿਹਾ ਤੇ ਕੀ ਨਹੀਂ ਕਿਹਾ। ਹੁਣ ਗੱਲ ਅੱਗੇ ਵਧਣ ਲੱਗੀ ਹੈ। ਇੱਕ ਗੱਲ ਜ਼ਰੂਰ ਹੋ ਗਈ ਕਿ ਬਾਦਲ ਸਾਹਿਬ ਜਿਹੜਾ ਠੀਕਰਾ ਫੋੜਦੇ ਸੀ ਕੇਂਦਰ ਸਰਕਾਰ ਤੇ ਕਿ ਬਾਰਡਰ ਤੋਂ ਆ ਰਹੀ ਹੈ ਸਾਰੀ, ਇਹ ਬੰਦ ਕਰਾਓ, ਇਹ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਇਹ ਠੀਕ ਹੈ, ਉਹ ਤਾਂ ਜ਼ਿੰਮੇਵਾਰੀ ਹੈ, ਜਿਹੜੀ ਪਾਕਿਸਤਾਨ ਦੇ ਥਰੂ ਅਫਗਾਨਿਸਤਾਨ ਤੋਂ ਆਉਂਦੀ ਸੀ। ਜੇ ਅੱਜ ਹਿਸਾਬ-ਕਿਤਾਬ ਕਰੀਏ ਉਹ ਤਾਂ ਇਸ 6000 ਕਰੋੜ ਰੁਪਏ ਦਾ ਚੌਥਾ ਹਿੱਸਾ ਵੀ ਨਹੀਂ ਹੈ, ਇਹ ਐਫਡਰੀਨ ਜਿਹੜੀ ਸੂਡੋਂ ਐਫਡਰੀਨ ਹੈ, ਜਿਹੜੀ ਕੈਮੀਕਲ ਨਾਲ ਬਣਦੀ ਹੈ, ਜ਼ਹਿਰ ਹੈ, ਇਨ੍ਹਾਂ ਨੇ ਇਹ ਜ਼ਹਿਰ ਅਮਰੀਕਾ ਭੇਜ ਦਿੱਤੀ, ਇੰਗਲੈਂਡ ਭੇਜ ਦਿੱਤੀ, ਕੈਨੇਡਾ ਅਤੇ ਆਸਟ੍ਰੇਲੀਆ ਤੱਕ ਭੇਜ ਦਿੱਤੀ, ਇਥੇ ਕਿੰਨੀ ਲੱਗੀ, ਇਸ ਦਾ ਤਾਂ ਹਿਸਾਬ ਵੱਖਰਾ ਹੈ। ਇਹ ਗੱਲ ਸਾਬਤ ਹੋ ਗਈ ਹੈ ਕਿ ਬਾਹਰੋਂ ਘੱਟ ਆਉਂਦੀ ਹੈ, ਜਾਂਦੀ ਜ਼ਿਆਦਾ ਹੈ। ਬਣਦੀ ਤਾਂ ਇਥੇ ਹੈ। ਉਹ ਖੁੱਲ੍ਹੀਆਂ ਛੁੱਟੀਆਂ ਦੇ ਕੇ ਇਸ ਸਰਕਾਰ ਨੇ ਪੰਜਾਬ ਦੇ 70% ਮੁੰਡਿਆਂ ਦਾ ਜੀਵਨ ਤਬਾਹ ਕਰ ਦਿੱਤਾ। ਬਾਦਲ ਸਾਹਿਬ ਥੋੜ੍ਹੀ ਬਹੁਤੀ ਜ਼ਿੰਮੇਵਾਰੀ ਸਾਡੀ ਵੀ ਹੈ। ਸਾਡੀ ਵੀ ਬੇਨਤੀ ਇਹ ਹੈ, ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਚੋਰ ਹਨ ਜਾਂ ਕਲੀਨ ਚਿੱਟ ਦੇ ਦਿੱਤੀ ਜਾਂ ਸਾਧ ਹਨ, ਇੱਕ ਮੁੱਦਾ ਲੋਕਾਂ ਦੇ ਸਾਹਮਣੇ ਆਇਆ ਹੈ ਕਿ ਇਹ ਦਾਗੀ ਹੈ। ਮਨੋਰੰਜਨ ਕਾਲੀਆ ਨੇ ਕੀ ਗਊ ਹੱਤਿਆ ਕਰ ਦਿੱਤੀ ਕਿ ਉਸ ਨੂੰ ਉਥੇ ਬਿਠਾ ਦਿੱਤਾ ਤੇ ਅਨਿਲ ਜੋਸ਼ੀ ਤੇ ਪਰਚਾ ਦਰਜ ਹੋਇਆ ਹੈ ਉਸ ਤੇ ਕੋਈ ਕਾਰਵਾਈ ਨਹੀਂ ਹੋਈ। ਇਹ ਕਿੱਥੋਂ ਦਾ ਇਨਸਾਫ ਹੈ, ਕੀ ਇਹ ਵਿਤਕਰਾ ਨਹੀਂ? ਵਿਤਕਰੇ ਦੀਆਂ ਗੱਲਾਂ ਤਾਂ ਬਹੁਤ ਹਨ ਪਰ ਸਮਾਂ ਬਹੁਤ ਘੱਟ ਹੈ। ਮੈਂ ਮੁੱਖ ਮੰਤਰੀ ਜੀ, ਤੁਹਾਨੂੰ ਬੋਲਦੇ ਹੋਏ ਕਹਿੰਦਾ ਹਾਂ ਕਿ ਜਿਹੜੇ ਮੰਤਰੀ ਦਾਗੀ ਹਨ ਚਾਹੇ ਅਮਰਪਾਲ ਬੋਨੀ ਹੈ, ਚਾਹੇ ਮਜੀਠੀਆ ਹੈ, ਚਾਹੇ ਅਨਿਲ ਜੋਸ਼ੀ ਹੈ, ਚਾਹੇ ਸਰਵਣ ਸਿੰਘ ਦਾ ਮੁੰਡਾ ਹੈ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੇ ਇਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕਰੋਗੇ ਤਾਂ ਇਸ ਸਰਕਾਰ ਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਣਾ ਹੈ। ਇਸ ਕਰਕੇ ਪੰਜਾਬ ਦੇ ਭਲੇ ਵਾਸਤੇ ਅਤੇ ਪੰਜਾਬ ਦੇ ਹਿਤ ਵਾਸਤੇ, ਦੁੱਧ ਦਾ ਦੁੱਧ, ਪਾਣੀ ਦਾ

[ਸਰਦਾਰ ਲਾਲ ਸਿੰਘ]
ਪਾਣੀ ਤਾਂ ਹੋਏਗਾ ਕਿ ਕੋਈ ਐਸੀ ਏਜੰਸੀ ਹੋਵੇ, ਜਿਸ ਤੇ ਲੋਕਾਂ ਨੂੰ ਕੋਈ ਇਤਰਾਜ਼ ਨਾ ਹੋਵੇ,

*12.59 ਵਜੇ ਬਾਅਦ ਦੁਪਹਿਰ

(*ਇਸ ਸਮੇਂ ਸਰਦਾਰ ਗੁਰਤੇਜ ਸਿੰਘ ਘੁੜਿਆਣਾ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਨਿਰਪੱਖ ਏਜੰਸੀ ਤੁਸੀਂ ਲੱਭ ਲਉ, ਇਹ ਸਾਰੀ ਗੱਲ ਉਨ੍ਹਾਂ ਦੇ ਸਾਹਮਣੇ ਰੱਖੋ ਅਤੇ ਉਸ ਤੋਂ ਪਹਿਲਾਂ ਇਹ ਕਾਰਵਾਈ ਕਰੋ। ਦੂਜੀ ਗੱਲ, ਸਾਡੇ ਨਰਿੰਦਰ ਮੋਦੀ ਜੀ ਹਨ, ਬਹੁਤ ਸਤਿਕਾਰਯੋਗ ਹਨ। ਉਨ੍ਹਾਂ ਦਾ ਮੈਂ ਸਤਿਕਾਰ ਕਰ ਰਿਹਾ ਹਾਂ। ਉਨ੍ਹਾਂ ਨੂੰ ਦੋ ਟੁੱਕ ਫੈਸਲਾ ਕਰਕੇ ਕਹੋ ਕਿ ਵੋਟਾਂ ਤੋਂ ਪਹਿਲਾਂ-ਪਹਿਲਾਂ ਸੁਪਰੀਮ ਕੋਰਟ ਤੋਂ ਕੇਸ ਵਾਪਸ ਲਵੇ। ਤੁਸੀਂ ਕੋਈ ਉਨ੍ਹਾਂ ਦੇ ਥੱਲੇ ਲੱਗੇ ਹੋਏ ਹੋ ? ਤੁਸੀਂ ਪੰਜਾਬ ਦੇ ਲੋਕਾਂ ਦੇ ਹਿਤ ਵਾਸਤੇ ਇੰਨੀ ਕੁਰਬਾਨੀ ਵੀ ਨਹੀਂ ਦੇ ਸਕਦੇ ? ਤੁਹਾਡੀ ਚੀਫ ਮਨਿਸਟਰੀ ਕਿਤੇ ਨਹੀਂ ਜਾਂਦੀ। ਤੁਸੀਂ ਤਕੜੇ ਬਣੋ। ਐਵੇਂ ਢਿੱਲੀਆਂ ਗੱਲਾਂ ਨਾ ਕਰੋ। ਅਖੀਰ ਵਿੱਚ ਮੈਂ ਇਸ ਮਤੇ ਨਾਲ ਸਹਿਮਤ ਨਹੀਂ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਹਿੰਦ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ)

ਸ਼੍ਰੀ ਸਭਾਪਤੀ : ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਵਿਸਥਾਰ ਨਾਲ ਇਸ ਨੂੰ ਪੜ੍ਹਿਆ, ਵਿਚਾਰਿਆ ਤੇ ਇਸ ਵਿੱਚ ਜਿਸ ਤਰ੍ਹਾਂ ਦਾ ਕੋਰਾ ਝੂਠ ਹੈ, ਮੈਂ ਸਮਝਦਾ ਹਾਂ ਕਿ ਇਹ ** ** ਹੈ। ਮੈਂ ਸਮਝਦਾ ਹਾਂ ਕਿ ਕਿਸ ਚੰਗੇ ਢੰਗ ਨਾਲ ਅਫਸਰ ਸਾਹਿਬਾਨਾਂ ਨੇ, ਸਰਕਾਰ ਦੇ ਨੁਮਾਇੰਦਿਆਂ ਨੇ ਇਹ ਪੇਸ਼ ਕੀਤਾ ਹੈ। ਮੈਂ ਇਸ ਦਾ ਤਾਂ ਵਿਰੋਧ ਕਰਦਾ ਹਾਂ ਪਰ ਉਨ੍ਹਾਂ ਅਫਸਰਾਂ ਨੂੰ ਵਧਾਈ ਦਿੰਦਾ ਹਾਂ ਕਿ ਕਿੰਨੇ ਚੰਗੇ ਤਰੀਕੇ ਨਾਲ ** ** ਬਣਾ ਦਿੱਤਾ ਕਿ ਜੇ ਕੋਈ ਆਮ ਬੰਦਾ ਇਸ ਨੂੰ ਪੜ੍ਹੇਗਾ, ਜਿਸ ਨੂੰ ਇਨ੍ਹਾਂ ਗੱਲਾਂ ਦੀ ਜਾਣਕਾਰੀ ਨਹੀਂ ਹੋਵੇਗੀ ਤਾਂ ਉਹ ਵੀ ਮੋਹਿਤ ਹੋ ਜਾਵੇਗਾ। ਮੈਨੂੰ ਇੱਕ ਬੰਦਾ ਮਿਲਿਆ ਜਿਹੜਾ ਰਾਜਪਾਲ ਜੀ ਦੇ ਘਰ ਕੰਮ ਕਰਦਾ ਹੈ। ਮੈਂ ਉਸ ਨੂੰ ਪੁੱਛਿਆ ਕੀ ਹਾਲ ਹੈ, ਉਹ ਕਹਿੰਦਾ ਠੀਕ ਹੈ। ਮੈਂ ਕਿਹਾ ਰਾਜਪਾਲ ਸਾਹਿਬ ਦਾ ਕੀ ਹਾਲ ਹੈ। ਉਹ ਕਹਿੰਦਾ ਰਾਜਪਾਲ ਸਾਹਿਬ ਵੀ ਠੀਕ ਹਨ ਪਰ ਪਰਸੋਂ ਦੇ ਬੜੇ ਪਰੇਸ਼ਾਨ ਹਨ। ਮੈਂ ਕਿਹਾ ਕਿ ਕੀ ਗੱਲ ਹੋ ਗਈ। ਉਹ ਕਹਿੰਦਾ ਪਤਾ ਨਹੀਂ ਪਰ ਮੈਨੂੰ ਤਾਂ ਪਤਾ ਸੀ ਕਿ ਕੀ ਗੱਲ ਹੈ। ਰਾਜਪਾਲ ਸਾਹਿਬ ਤਾਂ ਪਰੇਸ਼ਾਨ ਹੋਣਗੇ ਹੀ ਕਿ ** **, ਜੇ ਉਨ੍ਹਾਂ ਨੇ 65 ਸਾਲਾਂ ਵਿੱਚ ਕੋਈ ਝੂਠ ਨਾ ਬੋਲਿਆ ਹੋਵੇ ਪਰ ਸਾਰੀ ਉਮਰ ਦਾ ** ** ਉਨ੍ਹਾਂ ਤੋਂ ਵਿਧਾਨ ਸਭਾ ਵਿੱਚ ਰਖਵਾ ਦਿੱਤਾ। ਚਲੋ, ਇਨ੍ਹਾਂ ਗੱਲਾਂ ਨੂੰ ਛੱਡੀਏ। ਹੁਣ ਭਾਸ਼ਣ ਵਿੱਚ ਲਿਖਿਆ ਹੈ, ਰਿਫਾਈਨਰੀ ਦੀ ਗੱਲ ਕੀਤੀ ਗਈ ਹੈ। ਕਹਿੰਦੇ ਕਿ ਅਸੀਂ ਤਰੱਕੀ

** Expunged as per Ruling by the Chair dated 13.03.2013

ਬਹੁਤ ਕੀਤੀ ਹੈ। ਪ੍ਰੋਗਰੈਸਿਵ ਪੰਜਾਬ ਦੀ ਗੱਲ ਕੀਤੀ ਹੈ। ਦੂਜੇ ਸਫ਼ੇ ਤੇ ਭਾਜਪਾ ਵਾਲੇ ਭਰਾਵਾਂ ਨੇ, ਅਕਾਲੀ ਦਲ ਵਾਲਿਆਂ ਨੇ ਗੱਲ ਕਹੀ ਕਿ ਅਸੀਂ ਰਿਫਾਈਨਰੀ ਲੈ ਕੇ ਆਏ ਹਾਂ। ਮੈਂ ਇਨ੍ਹਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ, ਮੰਨ ਲੈਂਦਾ ਹਾਂ ਕਿ ਇਹ ਲੈ ਕੇ ਆਏ ਲੇਕਿਨ ਮਗਰਲੇ 12 ਸਾਲਾਂ ਤੋਂ ਇੱਕ ਰਿਫਾਈਨਰੀ ਦੇ ਮੁੱਦੇ ਨੂੰ ਲੈ ਕੇ ਪੰਜਾਬ ਦੇ ਲੋਕਾਂ ਨੂੰ ਕਿਹਾ ਜਾਂਦਾ ਹੈ ਕਿ ਅਸੀਂ ਮੁਲਕ ਦੀ, ਪੰਜਾਬ ਦੀ ਤਰੱਕੀ ਕੀਤੀ ਹੈ।

*1.03 ਵਜੇ ਬਾਅਦ ਦੁਪਹਿਰ	(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਹ ਜਿਹੜਾ 24 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਉਸ ਰਿਫਾਈਨਰੀ ਤੇ ਹੋਇਆ, ਇਹ ਵੀ ਮੰਨ ਲੈਂਦਾ ਹਾਂ ਕਿ ਤੁਸੀਂ ਲਗਾਈ। ਐਨ.ਡੀ.ਏ. ਦੀ ਸਰਕਾਰ ਨੇ ਮਨਜ਼ੂਰ ਕੀਤੀ, ਇਹ ਵੀ ਮੰਨ ਲੈਂਦਾ ਹਾਂ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਹਿੰਦੁਸਤਾਨ ਟਾਈਮਜ਼ ਅਖਬਾਰ ਦੀ 5 ਮਾਰਚ, 2014 ਦੀ ਖਬਰ ਹੈ ਕਿ ਇਸ ਰਿਫਾਈਨਰੀ ਤੇ 24 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ। ਜਦੋਂ ਇਹ ਰਿਫਾਈਨਰੀ ਆਈ, ਪਿੰਡਾਂ ਵਿੱਚ, ਪੰਜਾਬ ਵਿੱਚ, ਮੈਨੂੰ ਕਿਸੇ ਨੇ ਦੱਸਿਆ ਕਿ 22 ਜੂਨ, 2007 ਨੂੰ ਬਾਦਲ ਸਾਹਿਬ ਨੇ ਸਦਨ ਵਿੱਚ ਬੈਂਚ ਥਪਥਪਾਉਂਦੇ ਹੋਏ ਕਿਹਾ ਕਿ ਇਸ ਨਾਲ ਡੇਢ ਲੱਖ ਲੋਕਾਂ ਨੂੰ ਇੰਪਲਾਇਮੈਂਟ ਮਿਲੇਗੀ।

ਮਾਨਯੋਗ ਸਪੀਕਰ : ਵੜਿੰਗ ਜੀ, be sure ਕਿ 10 ਮਿੰਟ ਹਨ, 11ਵਾਂ ਮਿੰਟ ਨਹੀਂ ਮਿਲਣਾ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਮੈਂ ਤਾਂ ਜੀ ਹਾਲੇ ਸ਼ੁਰੂ ਕੀਤਾ ਹੈ। 22 ਜੂਨ, 2007 ਨੂੰ ਕਿਹਾ ਕਿ ਡੇਢ ਲੱਖ ਲੋਕਾਂ ਨੂੰ ਡਾਇਰੈਕਟ ਅਤੇ ਇਨਡਾਇਰੈਕਟ ਫਾਇਦਾ ਪਹੁੰਚੇਗਾ। ਅੱਜ ਕੀ ਹੋਇਆ, ਫਾਇਦਾ ਕੀ ਪਹੁੰਚਿਆ, ਮੈਂ ਬਾਦਲ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਬਠਿੰਡਾ ਦੇ ਡਿਪਟੀ ਡਾਇਰੈਕਟਰ, ਇੰਪਲਾਇਮੈਂਟ ਕੁਲਜੀਤ ਸਿੰਘ ਦੁਲੱਟ ਨੇ ਕਿਹਾ ਹੈ, ਉਸ ਕੋਲ ਰਿਪੋਰਟ ਹੈ, ਜਿਹੜੀ ਕਿ ਰਿਫਾਈਨਰੀ ਵਾਲੇ ਲੋਕਾਂ ਨੇ, ਰਵੀ ਯਾਦਵ ਨੇ ਜਮ੍ਹਾਂ ਕਰਵਾਈ ਹੈ, ਜਿਹੜਾ ਕਿ ਹਿਊਮਨ ਰਿਸੋਰਸਿਜ਼ ਦਾ ਮੈਨੇਜਰ ਹੈ, ਉਸ ਨੇ ਕਿਹਾ ਕਿ ਕੇਵਲ 922 ਬੰਦੇ, 24 ਹਜ਼ਾਰ ਕਰੋੜ ਰੁਪਏ ਦੇ ਪ੍ਰਾਜੈਕਟ ਵਿੱਚ ਇੰਪਲਾਈ ਰੱਖੇ ਗਏ ਹਨ। ਬਾਦਲ ਸਾਹਿਬ ਨੇ ਅਪ੍ਰੈਲ 2012 ਵਿੱਚ ਇਨਆਗੁਰੇਸ਼ਨ ਕੀਤੀ ਸੀ। ਉਨ੍ਹਾਂ ਨੇ ਜਦੋਂ ਰਿਬਨ ਕੱਟਿਆ ਤਾਂ ਕਿਹਾ ਕਿ 20 ਹਜ਼ਾਰ ਲੋਕਾਂ ਨੂੰ ਡਾਇਰੈਕਟ ਇੰਪਲਾਇਮੈਂਟ ਮਿਲੇਗਾ। ਮੈਂ ਬਾਦਲ ਸਾਹਿਬ ਨੂੰ ਚੇਤੇ ਕਰਵਾਉਣਾ ਚਾਹੁੰਦਾ ਹਾਂ ਜੋ ਉਨ੍ਹਾਂ ਨੇ ਕਿਹਾ ਸੀ। ਮਿਲੀ ਕਿੰਨਿਆਂ ਨੂੰ, ਸਿਰਫ 922 ਨੂੰ। ਜਾਖੜ ਸਾਹਿਬ, ਤੁਸੀਂ ਸਾਰਾ ਕੁਝ ਫਰੋਲ ਦਿੱਤਾ, ਮੈਂ ਜ਼ਿਆਦਾ ਅੰਕੜੇ ਤਾਂ ਨਹੀਂ ਦੇਵਾਂਗਾ, ਸਮਾਂ ਵੀ ਘੱਟ ਹੈ। 922 ਪੰਜਾਬੀਆਂ ਨੂੰ ਇੰਪਲਾਇਮੈਂਟ ਮਿਲੀ ਅਤੇ ਉਨ੍ਹਾਂ ਨੇ ਲਿਖਿਆ ਹੈ ਕਿ ਐਪਰੌਕਸੀਮੇਟਲੀ ਜਿਹੜੇ ਪੰਜਾਬ ਦੇ ਲੋਕ ਹਨ, ਉਹ ਕੇਵਲ 185 ਹੀ ਹਨ, ਜਿਨ੍ਹਾਂ ਨੂੰ ਇਸ 24000 ਕਰੋੜ ਦੇ ਪ੍ਰਾਜੈਕਟ ਵਿੱਚ, ਜੋ ਐਨ. ਡੀ. ਏ. ਦਾ 18 ਸਾਲਾਂ ਦਾ ਡਰੀਮ ਪ੍ਰਾਜੈਕਟ ਸੀ, ਉਸ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਵਿੱਚ ਰੁਜ਼ਗਾਰ ਮਿਲਿਆ ਹੈ। ਇਸ ਵਿੱਚ ਪੰਜਾਬ ਦੇ ਸਿਰਫ 185 ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ। ਇਹ ਹਾਲਤ ਹੈ, ਜਿਹੜਾ ਇਹ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਪਾਉਣਾ ਚਾਹੁੰਦੇ ਹਨ। ਇਸ ਨਾਲ ਨੁਕਸਾਨ ਕਿੰਨਾ ਹੋਇਆ? ਦੋ ਪਿੰਡਾਂ ਦੇ ਲੋਕ, ਫੁੱਲੋਖਾਰੀ ਅਤੇ ਕਣਕਵਾਨ ਦੇ ਲੋਕ ਰੋਜ਼ ਧਰਨੇ ਦਿੰਦੇ ਹਨ। ਉਨ੍ਹਾਂ ਨੂੰ ਬਦਬੂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 24-24 ਘੰਟੇ ਉਨ੍ਹਾਂ ਦੇ ਬੱਚੇ ਨਹੀਂ ਸੌਂਦੇ ਤੇ ਉਹ ਲੋਕ ਉਨ੍ਹਾਂ ਪਿੰਡਾਂ ਵਿੱਚੋਂ ਸ਼ਿਫਟ ਹੋ ਰਹੇ ਹਨ, ਟਰਾਂਸਫਰ ਹੋ ਰਹੇ ਹਨ। ਇਹ ਤਾਂ ਇਨ੍ਹਾਂ ਦੀ ਤਰੱਕੀ ਹੈ ਤੇ ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਇਸ ਗਵਰਨਰ ਐਡਰੈਸ ਵਿੱਚ ਪਾਇਆ ਹੋਵੇਗਾ ਕਿ ਇੰਨੇ ਕਰੋੜ ਦਾ ਇਸ ਵਿੱਚ ਨਿਵੇਸ਼ ਕੀਤਾ ਹੈ ਤੇ ਮੈਂ ਸੁਣਿਆ ਹੈ ਕਿ ਜਦੋਂ ਸੰਮੇਲਨ ਹੋਇਆ ਸੀ ਤਾਂ ਇਸ ਵਿੱਚ ਇਹ ਕਿਹਾ ਗਿਆ ਸੀ ਕਿ ਇਸ ਵਿੱਚ ਹੋਰ ਵਾਧਾ ਕਰਨਾ ਹੈ। ਦੂਜੀ ਗੱਲ, ਜਾਖੜ ਸਾਹਿਬ ਨੇ ਕੱਲ੍ਹ ਕਿਹਾ ਕਿ ਕੇਂਦਰ ਸਰਕਾਰ ਨੂੰ ਗਵਰਨਰ ਸਾਹਿਬ ਜੀ ਦੇ ਭਾਸ਼ਣ ਵਿੱਚ ਕੋਸਿਆ ਗਿਆ ਹੈ। ਇਹ ਕਿਤੇ ਵਧਾਈ ਵੀ ਦੇ ਦਿੰਦੇ। ਮਾੜਾ ਪਾਗਲ ਬੰਦਾ ਵੀ ਹੁੰਦਾ ਹੈ ਤੇ ਉਹ ਵੀ ਸ਼ੁਕਰੀਆ ਅਦਾ ਕਰਦਾ ਹੈ, ਸ਼ੁਕਰਾਨਾ ਕਰਦਾ ਹੈ, ਆਮ ਸਧਾਰਨ ਪਾਗਲ ਬੰਦਾ ਵੀ ਕਹਿ ਦਿੰਦਾ ਹੈ ਕਿ ਯਾਰ, ਚੰਗਾ ਕੀਤਾ ਹੈ। 319 ਕਰੋੜ ਰੁਪਏ ਬਾਰੇ ਕਹਿ ਦਿੱਤਾ ਗਿਆ ਕਿ ਇਹ ਹੜ੍ਹ ਪੀੜ੍ਹਤਾਂ ਨੂੰ ਦਿੱਤਾ ਹੈ। ਮੁਕਤਸਰ ਜ਼ਿਲ੍ਹੇ ਵਿੱਚ ਜਿੱਥੇ ਹੜ੍ਹ ਆਏ, ਫਿਰੋਜ਼ਪੁਰ ਵਿੱਚ ਹੜ੍ਹ ਆਏ ਤੇ ਉਥੇ ਕਿਹਾ ਗਿਆ ਕਿ 319 ਕਰੋੜ ਰੁਪਿਆ ਦਿੱਤਾ ਹੈ। ਇਹ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਹੈ ਲੇਕਿਨ ਇਹ ਤਾਂ ਦੱਸ ਦਿਓ ਕਿ ਕੇਂਦਰ ਸਰਕਾਰ ਨੇ ਕਿੰਨਾ ਦਿੱਤਾ? ਕੇਂਦਰ ਸਰਕਾਰ ਨੇ ਤਾਂ 3500 ਰੁਪਿਆ ਪ੍ਰਤੀ ਏਕੜ ਦੇ ਹਿਸਾਬ ਨਾਲ ਪੈਸਾ ਦਿੱਤਾ ਪਰ ਮੈਂ ਇਸ ਸਰਕਾਰ ਦੀ ਸਿਆਣਪ ਦੀ ਗੱਲ ਦੱਸਦਾ ਹਾਂ। ਬਾਦਲ ਸਾਹਿਬ ਪੰਜਵੀਂ ਵਾਰੀ ਮੁੱਖ ਮੰਤਰੀ ਬਣੇ ਹਨ। ਮੈਂ ਤਾਂ ਇਨ੍ਹਾਂ ਦੇ ਪੈਰ ਵਰਗਾ ਵੀ ਨਹੀਂ, ਪੈਰ ਦੇ ਨਹੁੰ ਵਰਗਾ ਵੀ ਨਹੀਂ। ਲੇਕਿਨ ਇਹ ਖਬਰ ਲੱਗੀ ਹੈ, 15 ਨਵੰਬਰ ਨੂੰ ਅੰਗਰੇਜ਼ੀ ਟ੍ਰਿਬਿਊਨ ਵਿੱਚ: Cruel Joke Rs. 3 as Flood Relief. ਇਹ ਟ੍ਰਿਬਿਊਨ ਦੀ ਖਬਰ ਹੈ। 3 ਰੁਪਏ ਦਾ ਚੈਕ, 88 ਰੁਪਏ ਦਾ ਚੈਕ, 90 ਰੁਪਏ ਦਾ ਚੈਕ, 23 ਰੁਪਏ ਦਾ ਚੈਕ, 22 ਰੁਪਏ ਦਾ ਚੈਕ, ਮੈਂ ਇਨ੍ਹਾਂ ਚੈਕਾਂ ਦਾ ਫੁੱਲਾਂ ਦਾ ਹਾਰ ਬਣਾ ਕੇ ਤੇ ਆਪਣੇ ਗਲੇ ਵਿੱਚ ਪਾ ਕੇ ਬਾਦਲ ਸਾਹਿਬ ਕੋਲ ਉਹ ਚੈਕ ਲੈ ਕੇ ਗਿਆ, ਜਦੋਂ ਬਾਦਲ ਸਾਹਿਬ ਸੰਗਤ ਦਰਸ਼ਨ ਤੇ ਆਏ ਸੀ। ਮੈਂ ਕਿਹਾ ਕਿ ਬਾਦਲ ਸਾਹਿਬ ਨੂੰ ਦੱਸਾਂ ਕਿ 3 ਰੁਪਏ ਦਾ ਚੈਕ ਹੈ। ਜੇ ਇੱਕ ਚੈਕ ਦੀ ਕਾਸਟ ਕੱਢ ਲਈਏ, ਪ੍ਰਿੰਟਿੰਗ ਆਫ ਚੈਕ ਹੀ ਪੰਜ ਰੁਪਏ ਬਣ ਜਾਂਦਾ ਹੈ ਤੇ ਉਸ ਚੈਕ ਤੇ ਮੁਆਵਜ਼ਾ ਦੇਣ ਲਈ ਤਹਿਸੀਲਦਾਰ ਨੇ, ਪਟਵਾਰੀ ਨੇ ਜਿਹੜਾ ਤੇਲ ਫੂਕਿਆ ਹੋਣਾ ਹੈ, ਉਸ ਤੇ ਕਿੰਨੇ ਪੈਸੇ ਖਰਚ ਆਏ ਹੋਣੇ ਹਨ ਤੇ ਸਿਰਫ ਤਿੰਨ ਰੁਪਏ ਦਾ ਚੈਕ ਦਿੱਤਾ। ਇੰਨਾ ਭੱਦਾ ਮਜ਼ਾਕ। ਕੇਂਦਰ ਸਰਕਾਰ ਨੇ ਪੈਸੇ ਭੇਜੇ, ਚਾਹੇ ਉਹ ਫਲੱਡ ਰਿਲੀਫ ਵਾਸਤੇ ਭੇਜੇ, ਚਾਹੇ ਡਿਜ਼ਾਸਟਰ ਰਿਲੀਫ ਮੈਨੇਜਮੈਂਟ ਵਾਸਤੇ ਭੇਜੇ ਤੇ 2200 ਕਰੋੜ ਰੁਪਏ ਦਾ ਪ੍ਰਾਜੈਕਟ ਕੇਂਦਰ ਸਰਕਾਰ ਨੇ ਇਨ੍ਹਾਂ ਪਿੰਡਾਂ ਵਾਸਤੇ ਮਨਜ਼ੂਰ ਕੀਤਾ। ਕੀ ਇਹ ਸੱਚ ਨਹੀਂ ਹੈ? ਇਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਲਿਖ ਦਿੱਤਾ ਕਿ ਅਸੀਂ ਇਨ੍ਹਾਂ ਲੋਕਾਂ ਨੂੰ ਰਿਲੀਫ ਦਿੱਤਾ।

ਸਪੀਕਰ ਸਾਹਿਬ, ਸਮਾਂ ਵੀ ਘੱਟ ਹੈ। ਅੱਧੇ ਮੁੱਦੇ ਛੱਡਣੇ ਪੈ ਰਹੇ ਹਨ ਕਿਉਂਕਿ ਲਾਲ ਸਿੰਘ ਜੀ ਹੀ ਸਾਰਾ ਸਮਾਂ ਖਾ ਗਏ। ਦੂਜੀ ਗੱਲ, ਪ੍ਰੋਗਰੈਸਿਵ ਪੰਜਾਬ ਦੀ ਗੱਲ ਹੋਈ। ਕੋਹਾੜ ਸਾਹਿਬ ਵੀ ਆ ਗਏ ਹਨ। ਪ੍ਰੋਗਰੈਸਿਵ ਪੰਜਾਬ ਦੀ ਗੱਲ ਕਰ ਸਕਦੇ ਹਾਂ। ਤੁਹਾਡਾ, ਸਰਦਾਰ ਸਾਹਿਬ, ਤੇਲ ਦਾ ਜੋ ਖਰਚਾ ਆਇਆ ਹੈ, ਜੇ 15 ਕਿਲੋਮੀਟਰ ਦੇ ਹਿਸਾਬ ਨਾਲ ਐਵਰੇਜ ਲਗਾ ਲਈਏ, ਤਾਂ ਕਿੰਨੇ ਪੈਸੇ ਕੋਹਾੜ ਸਾਹਿਬ ਨੇ ਸਰਕਾਰ ਦੇ ਲੈ ਲਏ, 623 ਕਿਲੋਮੀਟਰ ਇਹ ਬਜ਼ੁਰਗ ਡੇਲੀ ਸਫਰ ਕਰਦੇ ਹਨ ਤੇ ਦੋ ਸਾਲਾਂ ਦਾ 67 ਲੱਖ 72 ਹਜ਼ਾਰ ਰੁਪਿਆ ਬਣ ਜਾਂਦਾ ਹੈ। ਅਗਲੀ ਗੱਲ ਸੁਣ ਲਓ। ਪ੍ਰੋਗਰੈਸਿਵ ਪੰਜਾਬ ਸੁਣਿਆ ਤਾਂ ਸੀ। ਥਾਂ ਥਾਂ ਤੇ ਬੋਰਡ ਲੱਗੇ ਦੇਖੇ। ਮੇਰਾ ਇੱਕ ਰਿਸ਼ਤੇਦਾਰ ਆਇਆ। ਉਹ ਕਹਿਣ ਲੱਗਾ ਕਿ ਨਵਾਂ ਪੰਜਾਬ ਕਿਹੜਾ ਬਣਾ ਦਿੱਤਾ ? ਉਹ ਅਮਰੀਕਾ ਵਿੱਚੋਂ ਆਇਆ ਸੀ। ਉਹ ਜਿਹੜੇ ਚੌਂਕ ਵਿੱਚ ਜਾਵੇ, ਜਿਹੜੇ ਸਾਈਨ ਬੋਰਡ ਤੇ ਜਾਵੇ, ਨਵਾਂ ਪੰਜਾਬ ਲਿਖਿਆ ਹੋਇਆ ਸੀ। ਵੈਸੇ ਤਾਂ ਸੁਖਬੀਰ ਜੀ ਨੇ ਪਿਛਲੇ ਸੈਸ਼ਨ ਵਿੱਚ ਕਿਹਾ ਸੀ ਕਿ ਸਾਈਨ ਬੋਰਡ ਤੇ ਪੋਸਟਰ ਕੋਈ ਨਹੀਂ ਲੱਗਣ ਦੇਣਾ। ਉਹ ਕਹੇ ਕਿ ਜਿਵੇਂ ਨਵਾਂ ਚੰਡੀਗੜ੍ਹ ਬਣਾਇਆ ਹੈ, ਇਸ ਤਰ੍ਹਾਂ ਨਵਾਂ ਪੰਜਾਬ ਕਿਹੜਾ ਬਣਾ ਦਿੱਤਾ ਹੈ। ਉਹ ਕਹਿਣ ਲੱਗਾ ਕਿ ਜਿਹੜੇ ਚੌਂਕ ਵਿੱਚ ਜਾਂਦਾ ਹਾਂ, ਨਿਸ਼ਾਨ ਤਾਂ ਕੋਈ ਦਿੱਸਦਾ ਨਹੀਂ, ਪ੍ਰੋਗਰੈਸਿਵ ਪੰਜਾਬ ਲਿਖਿਆ ਦਿਖਦਾ ਹੈ ਤੇ ਉਸ ਬੋਰਡ ਤੇ ਇੱਕ ਥਰਮਲ ਪਲਾਂਟ ਦਿੱਸਦਾ ਹੈ, ਬਾਦਲ ਸਾਹਿਬ ਦਿੱਸਦੇ ਹਨ, ਚੂਨੀ ਲਾਲ ਜੀ ਵਿਚਾਰੇ ਟੇਢੇ ਜਿਹੇ ਬੈਠੇ ਦਿਸਦੇ ਹਨ ਤੇ ਵੱਡੇ ਬਾਦਲ ਸਾਹਿਬ ਕਹਿੰਦੇ ਹਨ, ਨਵਾਂ ਪੰਜਾਬ। ਫਿਰ ਮੈਂ ਉਸ ਨੂੰ ਦੱਸਿਆ, ਆਹ ਪ੍ਰੋਗਰੈਸਿਵ ਪੰਜਾਬ ਹੈ। ਇਹ 1 ਦਸੰਬਰ ਦੀ ਖਬਰ ਹੈ, ਜਿਸ ਵਿੱਚ ਲਿਖਿਆ ਹੈ ਕਿ 2000 ਕਰੋੜ ਦੀ ਪ੍ਰਾਪਰਟੀ ਅੱਠ ਮਹੀਨਿਆਂ ਵਿੱਚ, ਪੰਜਾਬ ਸਰਕਾਰ ਨੇ ਜਿਸ ਤੇ ਲੋਨ ਲੈ ਲਿਆ, ਗਹਿਣੇ ਪਾ ਦਿੱਤੀ। ਮੈਂ ਸਾਰੀਆਂ ਗੱਲਾਂ ਤੇ ਨਹੀਂ ਜਾਂਦਾ। ਮੈਂ ਨਹੀਂ ਦੱਸਦਾ ਕਿ ਪੁੱਡਾ ਵਾਲਾ ਕੰਪਲੈਕਸ ਕਿਸ ਨੂੰ ਦੇ ਦਿੱਤਾ, ਕੇਨਰਾ ਬੈਂਕ ਲੁਧਿਆਣੇ ਵਾਲਾ ਕਿਸ ਨੂੰ ਦੇ ਦਿੱਤਾ ? ਪਰ ਇੱਕ ਗੱਲ ਮੈਂ ਜ਼ਰੂਰ ਕਹਾਂਗਾ। ਦਿਲ ਤਾਂ ਸੀ ਕਿ ਸਾਰਾ ਪੜ੍ਹ ਕੇ ਸੁਣਾਉਂਦਾ ਪਰ ਸਮਾਂ ਘੱਟ ਹੈ। ਢੀਂਡਸਾ ਸਾਹਿਬ ਨੂੰ ਵੀ ਪਤਾ ਹੋਣਾ ਹੈ, ਇਹ ਬਹੁਤ ਸੂਝਵਾਨ ਹਨ, ਪੰਜਾਬ ਐਂਡ ਸਿੰਧ ਬੈਂਕ ਤੋਂ 400 ਕਰੋੜ ਰੁਪਿਆ ਲਿਆ। ਲੁਧਿਆਣੇ ਦੇ ਗਰੀਨ ਪਾਰਕ ਤੇ ਲੈ ਲਿਆ। ਢੀਂਡਸਾ ਸਾਹਿਬ, ਮੈਨੂੰ ਕੋਈ ਦੁਖ ਨਹੀਂ। ਮੈਂਟਲ ਹਸਪਤਾਲ ਦੀ ਸਾਈਟ ਤੇ ਵੀ ਇਨ੍ਹਾਂ ਨੇ ਲੋਨ ਲੈ ਲਿਆ। ਪਾਗਲਾਂ ਦੀ ਥਾਂ ਤੇ ਵੀ ਲੋਨ ਲੈ ਲਿਆ। ਮੁਆਫ ਕਰਿਓ ਕੱਲ੍ਹ ਨੂੰ ਕਿਤੇ ਬੱਕਰੀਆਂ ਦਾ ਜਿਹੜਾ ਵਾੜਾ ਹੁੰਦਾ ਹੈ, ਉਸ ਤੇ ਵੀ ਨਾ ਲੋਨ ਲੈ ਲਿਓ। ਅੱਗੇ ਵਿਤਕਰਾ ਸੁਣ ਲਵੋ। ਉਹ ਸਾਡੇ ਭੈਣ ਜੀ (ਡਾਕਟਰ ਨਵਜੋਤ ਕੌਰ ਸਿੱਧੂ ਵੱਲ ਇਸ਼ਾਰਾ) ਬੈਠੇ ਹਨ। ਵਿਚਾਰੇ ਬੋਲਦੇ ਨਹੀਂ। ਜਦੋਂ ਅਸੀਂ ਇਧਰੋਂ ਗੱਲ ਕਰਦੇ ਹਾਂ ਤਾਂ ਹੱਸਦੇ ਹਨ ਕਿ ਗੱਲ ਪਤੇ ਦੀ ਕਰਦੇ ਹਨ। ਤੁਸੀਂ ਭੈਣ ਜੀ, ਗਰੀਨ ਐਵੇਨਿਊ ਵਿੱਚ ਰਹਿੰਦੇ ਹੋ। ਅੰਮ੍ਰਿਤਸਰ ਗਰੀਨ ਐਵੇਨਿਊ ਵਿੱਚ ਰਹਿੰਦੇ ਹੋ। ਅੱਜ ਕੱਲ੍ਹ ਬਣਦੀ ਨਹੀਂ ਇਨ੍ਹਾਂ ਦੇ ਨਾਲ। ਅੱਜ ਕੱਲ੍ਹ ਲੜਾਈ ਹੈ। ਉਥੇ ਵੀ ਰਣਜੀਤ ਐਵੇਨਿਊ ਦੀ ਸਾਈਟ ਤੇ ਇਨ੍ਹਾਂ ਨੇ ਲੋਨ ਲੈ ਲਿਆ ਕਿ ਜਿਹੜਾ ਸਿੱਧੂ ਹੈ, ਇਸ ਨੂੰ ਇਥੋਂ ਵੀ ਪੁੱਟ ਕੇ ਬਾਹਰ ਮਾਰੀਏ। ਇਹ ਇਨ੍ਹਾਂ ਦੀ ਕੋਈ ਸਕੀਮ ਤੇ ਚਾਲ ਹੋ ਸਕਦੀ ਹੈ।

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਅਗਲੀ ਗੱਲ, ਪ੍ਰੋਗਰੈਸਿਵ ਪੰਜਾਬ ਵਿੱਚ ਕਿੰਨਾ ਨਿਵੇਸ਼ ਹੋਇਆ। ਮੈਂ ਉਨ੍ਹਾਂ ਅੰਕੜਿਆਂ ਤੇ ਜਾਣਾ ਨਹੀਂ ਚਾਹੁੰਦਾ। ਲਾਲ ਸਿੰਘ ਜੀ ਨੇ ਕਿਹਾ ਐਮ.ਓ.ਯੂ. ਸਾਈਨ ਹੋਇਆ। ਐਮ.ਓ.ਯੂ. ਤਾਂ ਨਿੱਕੇ ਹੁੰਦੇ ਟੀ.ਵੀ. ਤੇ ਦੇਖਦੇ ਹੁੰਦੇ ਸੀ। ਕਿਤਾਬਾਂ ਜਿਹੀਆਂ ਵਟਾਉਂਦੇ ਸੀ ਕਿ ਐਮ.ਓ.ਯੂ. ਸਾਈਨ ਹੋ ਗਿਆ ਪਰ ਇਸ ਵਾਰੀ ਐਮ.ਓ.ਯੂ. ਸਾਈਨ ਨਹੀਂ ਹੋਇਆ। ਹੁਣ ਈ.ਓ.ਆਈ. ਸਾਈਨ ਹੋਇਆ ਹੈ। ਐਕਸਪ੍ਰੈਸ਼ਨ ਆਫ ਇੰਟਰੈਸਟ ਸਾਈਨ ਹੋਇਆ ਹੈ। ਐਮ.ਓ.ਯੂ. ਨਹੀਂ ਸਾਈਨ ਹੋਇਆ। 65,000 ਕਰੋੜ ਰੁਪਿਆ ਕਹਿੰਦੇ ਹਨ, ਇਸ ਵਿਚੋਂ 3500 ਕਰੋੜ ਦੇ ਤਾਂ ਹਾਉਸਿੰਗ ਪ੍ਰੋਜੈਕਟ ਹਨ। ਉਹ ਸਾਰੇ ਅੰਕੜੇ ਦਿੱਤੇ ਹਨ ਕਿ 24,000 ਕਰੋੜ ਰੁਪਿਆ ਅਤੇ 185 ਲੋਕਾਂ ਨੂੰ ਰੋਜ਼ਗਾਰ ਮਿਲਿਆ ਹੈ ਅਤੇ ਤੁਸੀਂ ਕਿਹੜਾ ਪ੍ਰੋਗਰੈਸਿਵ ਪੰਜਾਬ ਲਿਆਉਣਾ ਚਾਹੁੰਦੇ ਹੋ। ਇਥੇ ਸੁਰੇਸ਼ ਕੁਮਾਰ ਜੀ ਵੀ ਬੈਠੇ ਹਨ। (ਅਫਸਰਾਂ ਦੀ ਗੈਲਰੀ ਵੱਲ ਇਸ਼ਾਰਾ) ਉਹ ਕਹਿੰਦੇ ਕਿ ਐਗਰੀਕਲਚਰ ਸਮਿੱਟ ਕਰਵਾਉਣ ਲੱਗੇ ਹਾਂ। ਮੈਨੂੰ ਵੀ ਕਾਰਡ ਆ ਗਿਆ। ਮੇਰਾ ਜੀ ਕਰੇ ਜਾਣ ਨੂੰ। ਮੈਂ ਕਿਹਾ ਜਾਂਦੇ ਹਾਂ। ਮੈਨੂੰ ਕੀ ਪਤਾ ਸੀ ਕਿ ਬਾਹਰਲੇ ਵੀ ਸੱਦੇ ਹਨ। ਜਿਹੜਾ ਐਗਰੀਕਲਚਰ ਸਮਿੱਟ ਸੀ, ਭਾਜਪਾ ਵਾਲਿਓ ਸੁਣ ਲਵੋ, ਇਹ ਤੁਹਾਡੀ ਪਿੱਠ ਤੇ ਕਿੱਲ ਸੀ। ਇਹ ਐਗਰੀਕਲਚਰ ਸਮਿੱਟ ਨਹੀਂ ਕਰਵਾਇਆ। ਮਾਹਿਰਾਂ ਨੂੰ ਤਾਂ ਉਥੇ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ। ਸੁਰੇਸ਼ ਕੁਮਾਰ ਜੀ ਨੇ ਫਿਰ ਮੁਆਫੀ ਮੰਗ ਕੇ ਕਿਹਾ। ਅਖਬਾਰਾਂ ਵਿੱਚ ਖਬਰ ਹੈ। ਉਨ੍ਹਾਂ ਨੂੰ ਸ਼ਾਲ ਦੇ ਦਿੱਤੇ ਕਿ ਤੁਹਾਨੂੰ ਅਸੀਂ ਬੁਲਵਾ ਨਹੀਂ ਸਕੇ। ਬੁਲਾਏ ਕੌਣ, ਜਾਖੜ ਸਾਹਿਬ, ਸੁਣ ਲਵੋ। ਕਿਉਂਕਿ ਬਾਦਲ ਸਾਹਿਬ ਦੇ ਕਦੇ ਕਦੇ ਮਨ ਵਿੱਚ ਵਹਿਮ ਹੁੰਦਾ ਹੈ। ਕਦੇ ਕਦੇ ਸੁਖਬੀਰ ਜੀ ਕੰਨ ਵਿੱਚ ਜਾ ਕੇ ਕਹਿੰਦੇ ਹਨ ਕਿ ਪੰਜ ਵਾਰੀ ਮੁੱਖ ਮੰਤਰੀ ਤਾਂ ਬਣ ਗਏ ਹਾਂ। ਹੁਣ ਬਾਪੂ ਜੀ ਆਪਣਾ ਦਾਅ ਜਾਂ ਤਾਂ ਡਿਪਟੀ ਪ੍ਰਾਈਮ ਮਨਿਸਟਰ ਤੇ ਲੱਗ ਸਕਦਾ ਹੈ ਜਾਂ ਆਪਾਂ ਪ੍ਰਧਾਨ ਮੰਤਰੀ ਵੀ ਬਣ ਸਕਦੇ ਹਾਂ। ਇਸ ਤਰ੍ਹਾਂ ਜਾ ਕੇ ਕਹਿੰਦੇ ਹਨ। ਜਦੋਂ ਇਹ ਗੱਲ ਕਹਿੰਦੇ ਹਨ ਤਾਂ ਬੰਦੇ ਨੂੰ ਹੋ ਜਾਂਦਾ ਹੈ ਕਿ ਮੈਂ ਹੁਣ ਐਮ.ਐਲ.ਏ. ਬਣ ਗਿਆ ਹਾਂ, ਅਗਲੀ ਵਾਰੀ ਮੰਤਰੀ ਬਣਾਂ। ਮੰਤਰੀ ਬਣ ਜਾਵੇਗਾ ਤਾਂ ਜੀਅ ਕਰਦਾ ਹੈ ਕਿ ਮਹਿਕਮਾ ਚੰਗਾ ਲਵਾਂ। ਉਥੇ ਨਿਤੀਸ਼ ਕੁਮਾਰ ਸੱਦ ਲਿਆ। ਨਿਤੀਸ਼ ਕੁਮਾਰ ਨਹੀਂ ਆਇਆ, ਉਸ ਨੇ ਆਪਣਾ ਮੰਤਰੀ ਭੇਜ ਦਿੱਤਾ। ਉਥੇ ਅਖਿਲੇਸ਼ ਕੁਮਾਰ ਸੱਦ ਲਿਆ। ਚੰਦਰ ਬਾਬੂ ਨਾਇਡੂ ਸੱਦ ਲਿਆ। ਅੱਖਾਂ ਪੂੰਝਣ ਨੂੰ ਦੋ ਮੁੱਖ ਮੰਤਰੀ ਭਾਜਪਾ ਦੇ ਵੀ ਸੱਦ ਲਏ। ਮਨ ਵਿੱਚ ਡਰ ਹੈ ਕਿ ਮੋਦੀ ਦਾ 200 ਦਾ ਅੰਕੜਾ ਪਾਰ ਨਹੀਂ ਹੁੰਦਾ ਅਤੇ ਅਲਾਇੰਸ ਹੋਇਆ ਨਹੀਂ ਅਤੇ ਸਰਕਾਰ ਬਣਨੀ ਨਹੀਂ। ਹੋਵੇ ਨਾ ਤਾਂ ਥੋੜ੍ਹੀ ਜਿਹੀ ਤਿਕੜਮਬਾਜ਼ੀ ਰੱਖੀਏ। ਸਿੱਧੇ ਮਿਲਾਂਗੇ ਤਾਂ ਪ੍ਰੈਸ ਵਿੱਚ ਗੱਲ ਆਏਗੀ। ਐਗਰੀਕਲਚਰ ਸਮਿੱਟ ਕਰੀਏ, ਉਥੇ ਆਪਾਂ ਇਨ੍ਹਾਂ ਨੂੰ ਬੁਲਾਈਏ। ਇਨ੍ਹਾਂ ਤੋਂ ਕਹਾਈਏ ਕਿ ਇੱਕ ਹੀ ਕਾਬਲ ਵਿਅਕਤੀ ਹੈ ਪੰਜਾਬ ਦੇ ਅੰਦਰ, ਹਿੰਦੁਸਤਾਨ ਦੇ ਅੰਦਰ ਜਿਹੜਾ ਤੀਜੇ ਮੋਰਚੇ ਦਾ ਪ੍ਰਧਾਨ ਮੰਤਰੀ ਬਣ ਸਕਦਾ ਹੈ। ਉਨ੍ਹਾਂ ਤੋਂ ਇਹ ਗੱਲ ਕਹਾਈ ਗਈ। ਜੇ ਇਧਰ ਗੱਲ ਨਾ ਬਣੀ ਤਾਂ ਤੀਜੇ ਮੋਰਚੇ ਦਾ ਪ੍ਰਧਾਨ ਮੰਤਰੀ ਬਣ ਸਕਦੇ ਹਾਂ। ਇੱਛਾ ਇਹੀ ਹੋ ਸਕਦੀ ਹੈ ਕਿ ਮੁੱਖ ਮੰਤਰੀ ਤਾਂ ਬਣ ਗਏ। ਇਹ

ਰੋਜ਼ ਦਾ ਕਲੇਸ਼ ਹੈ ਅਤੇ ਜੇ ਕਿਤੇ ਦਾਅ ਲੱਗ ਜਾਵੇ। ਇਹ ਲੋਈਆਂ ਦੇਣਾ, ਬਾਦਲ ਸਾਹਿਬ ...

Mr. Speaker : Please conclude now.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਇਹ ਲੋਈ ਉਨ੍ਹਾਂ ਨੂੰ ਦਿੱਤੀ ਜਿਹੜੇ ਐਗਰੀਕਲਚਰ ਸਮਿੱਟ ਕਰਨ ਆਏ ਸੀ, ਜਿਹੜੇ ਮਾਹਿਰ ਆਏ ਸੀ। ਲੋਕਾਂ ਦੀ ਉਥੇ ਖੱਜਲ-ਖੁਆਰੀ ਹੋਈ।

ਮਾਨਯੋਗ ਸਪੀਕਰ : ਹੁਣ ਕਨਕਲੂਡ ਕਰੋ, 10 ਮਿੰਟ ਹੋ ਗਏ ਹਨ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਮੈਂ ਲੋਕਾਂ ਦੀ ਗੱਲ ਦੱਸਣੀ ਚਾਹੁੰਦਾ ਹਾਂ। ਬੱਸ ਦੋ ਮਿੰਟ ਜੀ। ਪਿੰਡਾਂ ਵਿੱਚ ਵੀ ਗੱਲ ਹੁੰਦੀ ਹੈ। ਜਿਹੜੇ ਬਾਦਲ ਸਾਹਿਬ ਨਾਲ ਜੇਲ੍ਹਾਂ ਕੱਟ ਕੇ ਆਏ ਹਨ, 40-40 ਸਾਲ ਬਾਅਦ ਉਹ ਬੰਦ ਗਲੇ ਦਾ ਕੋਟ ਪਾ ਕੇ ਜਾਂਦੇ ਹਨ ਕਿ ਬਾਦਲ ਸਾਹਿਬ ਨੇ ਸੱਦਿਆ ਹੈ ਕਿਉਂਕਿ 30 ਸਾਲ ਬਾਅਦ ਉਨ੍ਹਾਂ ਦੀ ਯਾਦ ਆਉਂਦੀ ਹੈ। ਉਹ ਕੱਪੜੇ ਨਵੇਂ ਪਾ ਕੇ ਜਾਂਦੇ ਹਨ। ਜੁੱਤੀ ਚੀਕੂੰ ਚੀਕੂੰ ਕਰਦੀ ਹੈ। ਅਗਾਂਹ ਜਾ ਕੇ ਉਸ ਨੂੰ ਅਵਾਜ਼ ਮਾਰਦੇ ਹਨ ਕਿ ਆਓ ਬਈ ਬਲਵੰਤ ਸਿੰਘ, ਜੇਲ੍ਹ ਕੱਟੀ ਹੈ ਮਾੜੇ ਸਮੇਂ ਵਿੱਚ। ਬਾਦਲ ਸਾਹਿਬ ਕੀ ਕਰਦੇ ਹਨ ਕਿ ਉਸ ਦੇ ਲੋਈ ਪਾ ਦਿੰਦੇ ਹਨ। ਘਰ ਆ ਕੇ ਮੁੰਡਾ ਗਾਲ੍ਹਾਂ ਕੱਢਦਾ ਹੈ ਕਿ 30 ਸਾਲ ਹੋ ਗਏ ਹਨ ਮਰਦੇ ਫਿਰਦੇ ਨੂੰ, ਹੁਣ ਲੋਈ ਲੈ ਕੇ ਆ ਗਏ ਹੋ। ਭੇਜਿਆ ਤਾਂ ਤੈਨੂੰ ਇਸ ਕਰਕੇ ਸੀ ਕਿ ਮੁੰਡਾ ਲਗਾਵੇਂਗਾ। ਮੈਂ ਇੱਕ ਗੱਲ ਅਖੀਰਲੀ ਕਹਿਣੀ ਚਾਹੁੰਦਾ ਹਾਂ। ਮੈਨੂੰ ਇਹ ਉਮੀਦ ਸੀ ਕਿ ਬਾਦਲ ਸਾਹਿਬ ਦੇ ਜਨਮ ਦਿਨ ਤੇ ਥਰਮਲ ਪਲਾਂਟ ਚਲਾਉਣਗੇ। ਇਸ ਤੇ ਮੈਂ ਇੱਕ ਸ਼ੇਅਰ ਨਜ਼ਰ ਕਰਨਾ ਚਾਹੁੰਦਾ ਹਾਂ-

ਨਾ ਤੇਰੀ ਬਾਤ ਪੇ ਯਕੀਨ ਹੈ, ਨਾ ਤੁਝ ਪੇ ਇਤਬਾਰ ਹੈ।

3 ਮਾਰਚ, 2010 ਨੂੰ ਥਰਮਲ ਪਲਾਂਟ, ਰਾਜਪੁਰੇ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਇਨਆਗੁਰੇਟ ਕੀਤਾ ਗਿਆ ਸੀ। ਐਲ.ਐਂਡ ਟੀ. ਵਾਲਿਆਂ ਦਾ ਇਹ ਥਰਮਲ ਪਲਾਂਟ ਸੀ। ਇਸ ਦਾ ਨੀਂਹ ਪੱਥਰ, ਜਾਖੜ ਸਾਹਿਬ, 3 ਮਾਰਚ, 2010 ਨੂੰ ਬਾਦਲ ਸਾਹਿਬ ਨੇ ਰੱਖਿਆ ਸੀ ਅਤੇ 8.12.2013 ਨੂੰ ਜਦੋਂ ਪੂਰਾ ਪੰਜਾਬ ਇੰਤਜ਼ਾਰ ਕਰਦਾ ਸੀ ਕਿ ਬਾਦਲ ਸਾਹਿਬ ਦੇ ਜਨਮ ਦਿਨ ਦਾ ਇਸ ਵਾਰੀ ਕੋਈ ਨਵਾਂ ਤੋਹਫਾ ਪੰਜਾਬ ਨੂੰ ਮਿਲਣ ਜਾ ਰਿਹਾ ਹੈ। ਸਰਪਲੱਸ ਦਾ ਦੱਸ ਦਿੱਤਾ ਕਿ ਕਿੰਨੇ ਯੂਨਿਟ ਬੰਦ ਹੋਏ ਹਨ ਤੇ ਕਿੰਨੀ ਸਰਪਲੱਸ ਹੋਣੀ ਹੈ..

ਮਾਨਯੋਗ ਸਪੀਕਰ : ਪਲੀਜ਼, ਤੁਸੀਂ ਕਨਕਲੂਡ ਕਰੋ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਮਿਤੀ 8.12.2013 ਨੂੰ ਜਿਸ ਦਿਨ ਜਨਮ ਦਿਨ ਸੀ, ਉਦਘਾਟਨ ਕੀਤਾ ਕਿ ਥਰਮਲ ਪਲਾਂਟ ਚੱਲ ਪਿਆ। ਇਹ ਮੈਂ ਐਲ. ਐਂਡ ਟੀ.ਵਾਲਿਆਂ ਦੇ ਕੰਪਿਊਟਰ ਤੋਂ ਕਢਵਾ ਕੇ ਲਿਆਇਆ ਹਾਂ, ਇਸ 1400 ਮੈਗਾਵਾਟ ਦੇ ਪ੍ਰਾਜੈਕਟ ਉਤੇ 9600 ਕਰੋੜ ਰੁਪਿਆ ਖਰਚ ਹੋਣਾ ਹੈ, ਇਸ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]
ਦਾ ਇਕ ਯੂਨਿਟ ਤਾਂ ਚੱਲ ਪਿਆ ਹੈ, ਦੂਜਾ ਯੂਨਿਟ ਹੁਣੇ ਹੁਣੇ ਚੱਲਣ ਵਾਲਾ ਹੈ। ਇਸ ਦਾ 8.12.13 ਨੂੰ ਉਦਘਾਟਨ ਕੀਤਾ ਗਿਆ ਹੈ ਤੇ ਉਨ੍ਹਾਂ ਐਲ.ਐਂਡ ਟੀ. ਵਾਲਿਆਂ ਨੇ ਅਗਾਂਹ ਇੱਛਾ ਜ਼ਾਹਿਰ ਕੀਤੀ ਹੈ, ਥਰਮਲ ਪਲਾਂਟ ਵਾਲਿਆਂ ਨੇ ਇੱਛਾ ਜ਼ਾਹਿਰ ਕੀਤੀ ਹੈ ਕਿ ਅਸੀਂ ਇਹ ਥਰਮਲ ਪਲਾਂਟ ਵੇਚਣਾ ਚਾਹੁੰਦੇਂ ਹਾਂ। ਅੱਗੇ ਸੁਣ ਲਵੋ, ਉਨ੍ਹਾਂ ਨੂੰ ਕਿਸੇ ਨੇ 7000 ਕਰੋੜ ਰੁਪਏ ਦੀ ਆਫਰ ਪਾ ਦਿੱਤੀ ਹੈ। ਉਹ ਕਹਿੰਦੇ ਹਨ ਕਿ ਸਾਡਾ ਖਹਿੜਾ ਛੁਡਵਾ ਦਿਉ। ਉਹ ਕਹਿੰਦੇ ਹਨ ਕਿ 2600 ਕਰੋੜ ਰੁਪਏ ਦਾ ਆਪਾਂ ਘਾਟਾ ਝੱਲ ਲਵਾਂਗੇ। ਸੋ, ਇਹੋ ਜਿਹੀਆਂ ਗੱਲਾਂ ਹਨ, ਬਾਦਲ ਸਾਹਿਬ ਦੀ ਕਿਸ ਗੱਲ ਉਤੇ ਯਕੀਨ ਕਰੀਏ...

Mr. Speaker : Thank you. **ਹੁਣ** ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਬੋਲਣਗੇ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਮੈਂ ਅਖੀਰਲੀ ਗੱਲ ਕਹਿਣੀ ਚਾਹੁੰਦਾ ਹਾਂ। ....(ਵਿਘਨ)....

ਮਾਨਯੋਗ ਸਪੀਕਰ : ਮੈਂ ਤੁਹਾਨੂੰ ਹੀ ਟਾਈਮ ਥੋੜ੍ਹਾ ਦੇਣਾ ਹੈ, ਦੂਸਰਿਆਂ ਨੂੰ ਵੀ ਟਾਈਮ ਦੇਣਾ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਅਗਲੀ ਗੱਲ ਇਹ ਹੈ, ਬਾਦਲ ਸਾਹਿਬ ਨੇ ਕਿਹਾ ਹੈ...

ਮਾਨਯੋਗ ਸਪੀਕਰ : ਮੈਂ ਕਿਹਾ ਨਹੀਂ ਜੀ। ਹਾਂ ਜੀ, ਵਿਰਸਾ ਸਿੰਘ ਵਲਟੋਹਾ ਜੀ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਡਾਕਟਰ ਦਲਜੀਤ ਸਿੰਘ ਚੀਮਾ ਜੀ ਵੱਲੋਂ ਜੋ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਧੰਨਵਾਦੀ ਮਤਾ ਲਿਆਂਦਾ ਗਿਆ ਹੈ, ਉਸ ਤੇ ਵਿਚਾਰ ਰੱਖਣ ਵਾਸਤੇ ਤੁਸੀਂ ਮੈਨੂੰ ਸਮਾਂ ਦਿੱਤਾ ਹੈ..

ਸਰਦਾਰ ਬਲਬੀਰ ਸਿੰਘ ਸਿੱਧੂ (ਬਿਨਾ ਆਗਿਆ ਤੋਂ) : ਸਪੀਕਰ ਸਾਹਿਬ, ਅਸੀਂ ਲੋਕਾਂ ਦੇ ਮੁੱਦੇ ਕਿਥੇ ਉਠਾਵਾਂਗੇ। ਅਸੀਂ ਵੀ ਬੋਲਣਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਤੁਸੀਂ ਜ਼ਿਆਦਤੀ ਕਰਦੇ ਹੋ, ਸਾਡੀ ਗੱਲ ਸੁਣਦੇ ਨਹੀਂ ਹੋ, ਅਸੀਂ ਆਪਣੀ ਗੱਲ ਕਿਥੇ ਜਾ ਕੇ ਕਰੀਏ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਪੰਜ-ਪੰਜ ਮਿੰਟ ਦੇ ਦਿਉ।

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਜੋ ਟਾਈਮ ਤੁਹਾਡੇ ਵਲੋਂ ਆਇਆ ਹੈ...(ਵਿਘਨ)....ਨਹੀਂ ਮੈਂ ਕੋਈ ਜ਼ਿਆਦਤੀ ਨਹੀਂ ਕਰਦਾ। ਲਿਸਟ ਦਾ ਇਹ

ਮਤਲਬ ਨਹੀਂ ਕਿ ਇਕ ਜਣਾ ਦੋ ਘੰਟੇ ਲੈ ਜਾਵੇ। ....(ਵਿਘਨ).... ਮੈਂ ਕਿਹਾ ਕਿ ਸਰਦਾਰ ਲਾਲ ਸਿੰਘ ਜੀ ਡੇਢ ਘੰਟਾ ਲੈ ਗਏ, ਲਿਸਟ ਦਾ ਇਹ ਮਤਲਬ ਨਹੀਂ ਹੈ। .....(ਵਿਘਨ)..... ਇਹ ਤੁਸੀਂ ਆਪਣੇ ਲੀਡਰ ਨਾਲ ਗੱਲ ਕਰੋ। ਜਿਹੜਾ ਇਨ੍ਹਾਂ ਨੇ ਟਾਈਮ ਬਣਾ ਕੇ ਦਿੱਤਾ ਹੈ, ਮੈਂ ਉਸ ਹਿਸਾਬ ਨਾਲ ਟਾਈਮ ਦੇਣਾ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਫਿਰ ਸੈਸ਼ਨ ਕਿਉਂ ਘਟਾਇਆ ਹੈ ? ....(ਵਿਘਨ)....

ਮਾਨਯੋਗ ਸਪੀਕਰ : ਨਹੀਂ ਜੀ। ਵਲਟੋਹਾ ਜੀ, ਤੁਸੀਂ ਕੰਟੀਨਿਊ ਕਰੋ। ....(ਵਿਘਨ)....ਮੈਂ ਕਿਹਾ ਜੀ ਮੈਂ ਤੁਹਾਨੂੰ ਹੀ ਟਾਈਮ ਦੇਈ ਜਾਣਾ ਹੈ, ਉਧਰ ਕੋਈ ਟਾਈਮ ਨਹੀਂ ਦੇਣਾ ? ਤੁਹਾਡੇ ਕਿੰਨੇ ਸਪੀਕਰ ਬੋਲ ਲਏ ਹਨ ? Please, sit down.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਸਪੀਕਰ ਸਾਹਿਬ, ਮੈਂ 2007 ਵਿਚ ਐਮ.ਐਲ.ਏ.ਬਣ ਕੇ ਆਇਆ ਸੀ। ਸਾਨੂੰ ਉਦੋਂ ਇਥੋਂ ਦੀਆਂ ਟਰੈਡੀਸ਼ਨ, ਇਥੋਂ ਦੀਆਂ ਰਵਾਇਤਾਂ, ਇਥੋਂ ਦੇ ਸਿਸਟਮ ਦਾ ਪਤਾ ਲੱਗਿਆ ਹੈ। ਸਪੀਕਰ ਸਾਹਿਬ, ਜਿਹੜਾ ਗਵਰਨਰ ਐਡਰੈਸ ਹੁੰਦਾ ਹੈ, ਇਸ ਵਿੱਚ ਜਿਥੇ ਸਰਕਾਰ ਆਪਣੀਆਂ ਪ੍ਰਾਪਤੀਆਂ ਦੱਸਦੀ ਹੈ, ਉਥੇ ਆਉਣ ਵਾਲੇ ਸਮੇਂ ਵਿਚ ਸਰਕਾਰ ਨੇ ਜੋ ਕਰਨਾ ਹੈ, ਉਹ ਲੋਕਾਂ ਦੇ ਸਾਹਮਣੇ ਸ਼ੀਸ਼ਾ ਪੇਸ਼ ਕਰਦੀ ਹੈ। 2007 ਦੇ ਵਿਚ ਜਿਹੜਾ ਸਰਕਾਰ ਨੇ ਗਵਰਨਰ ਐਡਰੈਸ ਪੇਸ਼ ਕੀਤਾ...

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਬੈਠੇ-ਬੈਠੇ) : ਜਿਹੜਾ ਝੂਠ ਬੁਲਾਉਣਾ ਹੁੰਦਾ ਹੈ, ਉਸ ਬਾਰੇ ਦੱਸੋ।

ਮਾਨਯੋਗ ਸਪੀਕਰ : ਮੋਫਰ ਜੀ, no running commentary. ਮੋਫਰ ਸਾਹਿਬ ਜੀ, ਤੁਹਾਡੇ ਵਰਗੇ ਬੰਦੇ ਨੂੰ ਰਨਿੰਗ ਕੁਮੈਂਟਰੀ ਚੰਗੀ ਨਹੀਂ ਲਗਦੀ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਉਸ ਤੋਂ ਬਾਅਦ ਸਾਲ 2008 ਆਇਆ, 2009 ਆਇਆ, 2010 ਆਇਆ, 2011 ਆਇਆ ਤੇ 2012 ਆਇਆ, 2013 ਤੇ ਹੁਣ 2014 ਆ ਗਿਆ ਹੈ। ਅੱਠਵਾਂ ਗਵਰਨਰ ਐਡਰੈਸ ਜਿਹੜਾ ਹੈ, ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਥੱਲੇ ਚੱਲ ਰਹੀ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਹੈ। ਮੈਂ ਵੇਖਦਾ ਰਿਹਾ ਹਾਂ, ਪਹਿਲਾਂ ਬੀਬੀ ਭੱਠਲ ਜੀ, ਫਿਰ ਸਾਡੇ ਸਤਿਕਾਰਯੋਗ ਮੇਰੇ ਵੱਡੇ ਭਾਈ ਸਾਹਿਬ, ਜਾਖੜ ਸਾਹਿਬ, ਤੇ ਸਮੁੱਚੀ ਜਿਹੜੀ ਵਿਰੋਧੀ ਧਿਰ ਹੈ, ਉਹ ਇਸ ਦਾ ਵਿਰੋਧ ਹੀ ਕਰਦੀ ਰਹੀ ਹੈ। ਸਰਦਾਰ ਲਾਲ ਸਿੰਘ ਜੀ ਚਲੇ ਗਏ ਹਨ, ਉਹ ਇਸ ਵਿਧਾਨ ਸਭਾ ਦੇ ਬੜੇ ਸੀਨੀਅਰ ਮੈਂਬਰ ਹਨ। ਉਹ ਹਰ ਵਾਰੀ ਅੰਕੜੇ ਲੈ ਕੇ ਆਉਂਦੇ ਹਨ ਤੇ ਆਪਣੇ ਇਸੇ ਅੰਦਾਜ਼ ਵਿਚ ਸਰਕਾਰ ਵੱਲੋਂ ਪੇਸ਼ ਕੀਤੇ ਗਏ ਗਵਰਨਰ ਐਡਰੈਸ ਦੀ ਆਲੋਚਨਾ ਕਰਦੇ ਹਨ, ਨਿੰਦਾ ਕਰਦੇ ਹਨ ਔਰ ਇਸ ਨੂੰ ਰੱਦ ਕਰਦੇ ਹਨ। ਮੇਰਾ ਖਿਆਲ ਹੈ ਕਿ ਮੈਂ ਪਿਛਲੇ ਚਾਰ-ਪੰਜ ਸਾਲ ਤੋਂ

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ]

ਇਨ੍ਹਾਂ ਨੂੰ ਇਹੀ ਕਹਿੰਦਾ ਆਇਆ ਹਾਂ ਕਿ ਤੁਸੀਂ ਇਹ ਕੰਮ ਨਾ ਕਰੋ। ਪਰ ਖਾਸ ਕਰਕੇ ਜਦੋਂ 2012 ਵਿਚ ਸਰਕਾਰ ਰਿਪੀਟ ਹੋਈ ਹੈ, ਉਦੋਂ ਵੀ ਇਨ੍ਹਾਂ ਨੇ ਇਹੋ ਰਸਤਾ ਅਪਣਾਇਆ ਤਾਂ ਮੈਂ ਉਦੋਂ ਵੀ ਕਿਹਾ ਸੀ ਕਿ ਪਿਛਲੇ ਪੰਜ ਸਾਲ ਤੁਸੀਂ ਨਿੰਦਦੇ ਰਹੇ ਹੋ, ਰੱਦ ਕਰਦੇ ਰਹੇ ਹੋ, ਅੱਜ ਤੁਸੀਂ ਉਥੇ ਬੈਠੇ ਹੋ ਤੇ ਘੱਟੋ-ਘੱਟ ਹੁਣ ਵੀ ਸੱਚ ਨੂੰ ਸਵੀਕਾਰ ਕਰ ਲਵੋ ਪਰ ਨਹੀਂ, 2012 ਵਿਚ ਉਹੀ, ਫਿਰ 2013 ਵਿੱਚ ਵੀ ਉਹੀ ਅਤੇ ਹੁਣ 2014 ਵਿੱਚ ਵੀ ਉਹ ਹੀ। ਸਪੀਕਰ ਸਾਹਿਬ, ਇਨ੍ਹਾਂ ਮੇਰੇ ਵੀਰਾਂ ਦੀ ਆਦਤ ਬਣ ਗਈ ਹੈ, ਮੈਂ ਇਸ ਪਾਸੇ ਜ਼ਿਆਦਾ ਜਾਣਾ ਨਹੀਂ ਚਾਹੁੰਦਾ ਹਾਂ। ਮੈਂ ਇਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜੋ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ, ਉਸ ਵਿੱਚ ਜਿੱਥੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਹੈ, ਉਥੇ ਨਾਲ ਹੀ ਇਹ ਵੀ ਜ਼ਿਕਰ ਕੀਤਾ ਹੈ ਕਿ ਕੇਂਦਰ ਸਰਕਾਰ, ਯੂ.ਪੀ.ਏ. ਦੀ ਗੌਰਮਿੰਟ ਜਿਹੜੀ ਕਿ ਦਿੱਲੀ ਵਿੱਚ ਬੈਠੀ ਹੈ, ਜਿਸ ਨੇ 1947 ਤੋਂ ਲੈ ਕੇ ਹੁਣ ਤੱਕ 70 ਸਾਲਾਂ ਵਿੱਚ ਜੇਕਰ ਸਭ ਤੋਂ ਵੱਧ ਵਿਤਕਰਾ ਕੀਤਾ ਹੈ ਤਾਂ ਉਹ ਪੰਜਾਬ ਨਾਲ ਕੀਤਾ ਹੈ। ਸਪੀਕਰ ਸਾਹਿਬ, ਉਸ ਵਿਤਕਰੇ ਦੀ ਗਾਥਾ ਵੀ ਇਸ ਗਵਰਨਰ ਐਡਰੈਸ ਵਿੱਚ ਹੈ। ਮੇਰਾ ਤਾਂ ਜਨਮ ਹੀ 1963 ਦਾ ਹੈ ਪਰ ਸੁਣਦੇ ਹਾਂ ਕਿ 1947 ਤੋਂ ਪਹਿਲਾਂ ਹਿੰਦੁਸਤਾਨ ਦਾ ਜੇਕਰ ਕੋਈ ਖੁਸ਼ਹਾਲ ਸੂਬਾ ਸੀ ਤਾਂ ਉਹ ਪੰਜਾਬ ਸੀ। ਦੁਨੀਆ ਦਾ ਸਭ ਤੋਂ ਖੁਸ਼ਹਾਲ ਕੋਈ ਇਲਾਕਾ ਸੀ ਤਾਂ ਉਹ ਪੰਜਾਬ ਸੀ। ਪੰਜਾਬੀਆਂ ਨੇ ਦੇਸ਼ ਦੀ ਖ਼ਾਤਰ ਕੁਰਬਾਨੀਆਂ ਦਿੱਤੀਆਂ। ਦੇਸ਼ ਅਜ਼ਾਦ ਹੋਇਆ, ਪਾਕਿਸਤਾਨ ਦੇ ਪੰਜਾਬ ਵਿਚੋਂ ਆਪਣੀਆਂ ਜਾਇਦਾਦਾਂ ਦਾ ਉਜਾੜਾ ਕਰਵਾ ਕੇ, ਆਪਣੇ ਵੱਡ-ਵਡੇਰਿਆਂ, ਆਪਣੇ ਪਰਿਵਾਰਕ ਮੈਂਬਰਾਂ ਦਾ ਕਤਲੇਆਮ ਕਰਵਾ ਕੇ ਉਨ੍ਹਾਂ ਨੇ ਆਪਣੀ ਕਿਸਮਤ ਹਿੰਦੁਸਤਾਨ ਨਾਲ ਜੋੜੀ। ਉਨ੍ਹਾਂ ਨੇ ਜੋ ਕੁਰਬਾਨੀਆਂ ਦਿੱਤੀਆਂ ਸਨ, ਉਹ ਸਾਰਿਆਂ ਨੂੰ ਪਤਾ ਹਨ, ਇਹ ਇਤਿਹਾਸ ਵਿੱਚ ਦਰਜ ਹਨ। 80% ਤੋਂ ਵੱਧ ਸਾਡੇ ਵੱਡਿਆਂ ਨੇ ਕੁਰਬਾਨੀਆਂ ਦਿੱਤੀਆਂ। ਉਸ ਸਮੇਂ, ਜਿਨ੍ਹਾਂ ਦੀ ਇੱਥੇ ਫੋਟੋ ਲੱਗੀ ਹੈ, ਜਿਨ੍ਹਾਂ ਨੂੰ ਅਸੀਂ ਫਾਦਰ ਆਫ਼ ਨੇਸ਼ਨ ਕਹਿੰਦੇ ਹਾਂ, ਇਨ੍ਹਾਂ ਨੇ ਲਾਹੌਰ ਵਿੱਚ ਅਤੇ ਪਤਾ ਨਹੀਂ ਕਿੱਥੇ ਕਿੱਥੇ ਸਿੱਖ ਕਮਿਊਨਿਟੀ ਨਾਲ ਵਾਅਦਾ ਕੀਤਾ ਸੀ ਕਿ ਜਦੋਂ ਦੇਸ਼ ਅਜ਼ਾਦ ਹੋਇਆ, ਉਦੋਂ ਹਿੰਦੁਸਤਾਨ ਦੇ ਅੰਦਰ ਇਹੋ ਜਿਹਾ ਖਿੱਤਾ ਸਿੱਖਾਂ ਨੂੰ ਦਿੱਤਾ ਜਾਵੇਗਾ, ਜਿੱਥੇ ਸਭ ਤੋਂ ਵੱਧ ਅਜ਼ਾਦੀ ਦਾ ਨਿੱਘ ਇਹ ਮਾਣ ਸਕਣਗੇ ਅਤੇ ਹਿੰਦੁਸਤਾਨ ਦੀ ਤਰੱਕੀ ਵਿੱਚ ਆਪਣਾ ਹਿੱਸਾ ਪਾ ਸਕਣਗੇ। ਸਾਡੇ ਵੱਡ-ਵਡੇਰਿਆਂ ਨੇ ਇਨ੍ਹਾਂ ਤੇ ਵਿਸ਼ਵਾਸ ਕੀਤਾ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਿਥੋਂ ਤੋਂ ਲੈ ਕੇ ਕਿੱਥੇ ਤੱਕ ਸੀ, ਪੰਜਾਬੀ ਆਪਣਾ ਵੱਖਰਾ ਰਾਜ ਮੰਗ ਸਕਦੇ ਸੀ। ਉਨ੍ਹਾਂ ਨੇ ਵਿਸ਼ਵਾਸ ਕੀਤਾ ਪਰ 1947 ਵਿੱਚ ਜਦੋਂ ਦੇਸ਼ ਅਜ਼ਾਦ ਹੋਇਆ ਤਾਂ ਸਭ ਤੋਂ ਪਹਿਲਾਂ ਜੇ ਕਿਸੇ ਨਾਲ ਵਿਸ਼ਵਾਸਘਾਤ ਹੋਇਆ ਤਾਂ ਉਹ ਪੰਜਾਬੀਆਂ ਨਾਲ ਹੋਇਆ, ਸਿੱਖਾਂ ਨਾਲ ਹੋਇਆ। ਬਾਬਾ ਖੜਕ ਸਿੰਘ ਜੀ ਨੂੰ ਫੜ੍ਹ ਕੇ ਜੇਲ੍ਹ ਵਿੱਚ ਸੁੱਟ ਦਿੱਤਾ, ਮਾਸਟਰ ਤਾਰਾ ਸਿੰਘ ਜੀ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ। ਜੇ ਸ਼੍ਰੋਮਣੀ ਅਕਾਲੀ ਦਲ ਨੇ ਮੋਰਚੇ ਲਗਾਏ, ਜਿਵੇਂ ਬਾਕੀ ਭਾਸ਼ਾਵਾਂ ਦੇ ਅਧਾਰ ਤੇ ਸੂਬੇ ਬਣ ਗਏ ਸੀ, ਪੰਜਾਬੀ ਸੂਬਾ ਮੰਗਿਆ ਤਾਂ ਉਸ

ਵਾਸਤੇ ਲੱਖਾਂ ਪੰਜਾਬੀਆਂ ਨੂੰ ਜੇਲ੍ਹਾਂ ਵਿੱਚ ਜਾਣਾ ਪਿਆ। ਵਿਤਕਰਾ ਕੀਤਾ ਗਿਆ। ਉਸ ਵਿਤਕਰੇ ਦੀ ਗਾਥਾ ਨਹੀਂ ਮੁੱਕਣੀ, ਉਸ ਦਾ ਕੋਈ ਹੱਲ ਨਹੀਂ ਹੋਣਾ ਅਤੇ ਉਸ ਦਾ ਜ਼ਿਕਰ ਪੰਜਾਬ ਦੀ ਵਿਧਾਨ ਸਭਾ ਵਿੱਚ, ਪੰਜਾਬ ਦੀਆਂ ਸਫ਼ਾਂ ਵਿੱਚ ਹਮੇਸ਼ਾ ਗੂੰਜਦਾ ਰਹੇਗਾ। ਪੰਜਾਬੀ ਬੋਲਦੇ ਇਲਾਕੇ ਇਨ੍ਹਾਂ ਵੀਰਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਖੋਹ ਲਏ। ਪੰਜਾਬ ਦਾ ਪਾਣੀ ਅੱਜ ਕਿੱਥੇ ਜਾਂਦਾ ਹੈ ? ਇਹ ਕਿਸ ਨੇ ਦਿੱਤਾ ? ਰਿਪੇਰੀਅਨ ਸਿਧਾਂਤ ਕਿੱਥੇ ਸੁੱਟ ਦਿੱਤੇ ? ਅੱਜ ਪੱਥਰ ਲਿਆਉਣਾ ਹੋਵੇ, ਲੂਣ ਲਿਆਉਣਾ ਹੋਵੇ ਜਾਂ ਕਿਸੇ ਤਰ੍ਹਾਂ ਦੀ ਕੋਈ ਚੀਜ਼ ਬਾਹਰਲੇ ਸੂਬਿਆਂ ਤੋਂ ਲਿਆਉਣੀ ਹੋਵੇ ਤਾਂ, ਸਪੀਕਰ ਸਾਹਿਬ, ਕੀ ਅਸੀਂ ਉਹ ਲਿਆ ਸਕਦੇ ਹਾਂ ? ਰਾਜਸਥਾਨ ਨੂੰ ਮੁਫ਼ਤ ਪਾਣੀ ਕਿਸ ਨੇ ਦਿੱਤਾ? ਬਾਕੀ ਸਟੇਟਾਂ ਨੂੰ ਕਿਸ ਨੇ ਦਿੱਤਾ ? ਸਤਲੁਜ-ਯਮੁਨਾ ਲਿੰਕ ਨਹਿਰ ਜਿਹੜੀ ਪੁਆੜੇ ਦੀ ਜੜ੍ਹ ਹੈ, ** ** ਅੱਜ ਇੱਥੇ ਵਿਧਾਨ ਸਭਾ ਵਿੱਚ ਨਹੀਂ ਹਨ, ਮੈਂ ਨਾਂ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ...

ਮਾਨਯੋਗ ਸਪੀਕਰ : ** ** ਨਾਂ ਕੱਟ ਦਿੱਤਾ ਜਾਵੇ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਉਸ ਸਮੇਂ ਦੀ ਪ੍ਰਧਾਨ ਮੰਤਰੀ ਸਾਹਿਬਾ ਨੇ ਸੋਨੇ ਦੀ ਕਹੀ ਲੈ ਕੇ ਸਤਲੁਜ-ਯਮੁਨਾ ਲਿੰਕ ਨਹਿਰ ਦਾ ਟੱਕ ਲਗਾਇਆ ਸੀ। ਉਥੋਂ ਕਪੂਰੀ ਦਾ ਮੋਰਚਾ ਲੱਗਾ, ਉਥੋਂ ਧਰਮ ਯੁੱਧ ਮੋਰਚਾ ਲੱਗਿਆ। ਫੇਰ ਇਹ ਗੱਲਾਂ ਕਰਦੇ ਹਨ ਕਿ ਅੱਤਵਾਦ ਇਨ੍ਹਾਂ ਨੇ ਪੈਦਾ ਕਰ ਦਿੱਤਾ। ਕੀ ਕਿਸੇ ਨੂੰ ਸ਼ੌਂਕ ਚੜ੍ਹਿਆ ਸੀ? ਇਹ ਤਾਂ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੂੰ ਵੀ ਅੱਤਵਾਦੀ ਕਹਿ ਦਿੰਦੇ ਹਨ। ਕਹਿ ਦੇਣਗੇ ਕਿ ਉਨ੍ਹਾਂ ਨੇ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਮਾਰਿਆ। ਸਪੀਕਰ ਸਾਹਿਬ, ਇਹ ਉਹੀ ਲੋਕ ਸੀ · ਜਿਹੜੇ ਦੇਸ਼ ਦੀ ਪ੍ਰਧਾਨ ਮੰਤਰੀ ਵਾਸਤੇ ਆਪਣੀ ਜਾਨ ਵਾਰਨ ਤੱਕ ਜਾਂਦੇ ਸੀ। ਉਸ ਨੂੰ ਬਚਾਉਣ ਖ਼ਾਤਿਰ ਜਾਂਦੇ ਸੀ ਪਰ ਉਨ੍ਹਾਂ ਦੇ ਦਿਲਾਂ ਤੇ ਕੀ ਵਾਪਰਿਆ ਕਿ ਉਹੀ ਲੋਕ ਦੇਸ਼ ਦੀ ਪ੍ਰਧਾਨ ਮੰਤਰੀ ਦੇ ਕਾਤਲ ਬਣੇ। ਸਪੀਕਰ ਸਾਹਿਬ, ਇਨ੍ਹਾਂ ਨੇ ਹਰੇਕ ਥਾਂ ਤੇ ਸਾਡੇ ਨਾਲ ਵਿਤਕਰਾ ਕੀਤਾ। ਮੈਂ ਪਾਣੀ ਦੀ ਗੱਲ ਕਰ ਰਿਹਾ ਸੀ। ਅੱਜ ਪੰਜਾਬ ਦੇ ਪਾਣੀ ਦੀ ਹਾਲਤ ਦੇਖੋ। ਜਿਹੜਾ ਧਰਤੀ ਹੇਠਲਾ ਪਾਣੀ ਹੈ, ਉਹ ਕਿਸੇ ਤੋਂ ਲੁਕਿਆ-ਛਿਪਿਆ ਨਹੀਂ ਹੈ। ਉਹ ਲਗਾਤਾਰ ਘੱਟ ਰਿਹਾ ਹੈ। ਬੋਰ ਡੂੰਘੇ ਹੋ ਰਹੇ ਹਨ। ਇਹ ਚਿੰਤਾ ਦਾ ਵਿਸ਼ਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਕਿਤੇ ਰੇਗਿਸਤਾਨ ਨਾ ਬਣ ਜਾਵੇ। ਸਰਦਾਰ ਪਰਕਾਸ਼ ਸਿੰਘ ਬਾਦਲ ਇਸ ਬਾਰੇ ਚਿੰਤਤ ਹਨ ਕਿ ਕਿਸਾਨੀ ਨੂੰ ਝੋਨੇ ਦੀ ਫਸਲ ਵਿਚੋਂ ਕੱਢ ਕੇ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਲਿਜਾਇਆ ਜਾਵੇ ਤਾਂ ਕਿ ਸਾਡਾ ਕਿਸਾਨ ਝੋਨੇ ਵਿਚੋਂ ਨਿਕਲ ਕੇ ਤਰੱਕੀ ਕਰ ਸਕੇ ਅਤੇ ਜਿਹੜਾ ਸਾਡਾ ਪਾਣੀ ਹੈ, ਉਸ ਦੀ ਬੱਚਤ ਹੋ ਸਕੇ। ਸਪੀਕਰ ਸਾਹਿਬ, ਇਸ ਤੋਂ ਵਧੀਆ ਮੰਤਵ ਕੀ ਹੋ ਸਕਦਾ ਹੈ ਕਿ ਕੋਈ ਸੂਬਾ ਸਰਕਾਰ ਹੇਠਲੇ ਪੱਧਰ ਤੱਕ ਸਰਵੇ ਕਰਕੇ, ਰਿਪੋਰਟ ਬਣਾ ਕੇ ਹਿੰਦੁਸਤਾਨ ਦੀ ਸਰਕਾਰ ਨੂੰ ਭੇਜਦੀ ਹੈ ਕਿ ਤੇਰਾ ਵੀ ਭਲਾ ਅਤੇ ਸਾਡਾ ਵੀ ਭਲਾ ਇਸੇ ਵਿੱਚ ਹੈ, ਪੰਜਾਬ ਦੀਆਂ ਆਉਣ

**Expunged as ordered by the Chair.

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ
ਸੁਰੱਖਿਆ ਸੇਵਾਵਾਂ ਭਲਾਈ]

ਵਾਲੀਆਂ ਪੀੜ੍ਹੀਆਂ ਦਾ ਭਲਾ ਵੀ ਇਸੇ ਵਿੱਚ ਹੈ ਕਿ ਸਾਨੂੰ ਡਾਈਵਰਸੀਫਿਕੇਸ਼ਨ ਕਰਨ ਦਿਉ। ਡਾਈਵਰਸੀਫਿਕੇਸ਼ਨ ਵਾਸਤੇ ਪੈਸਾ ਹਿੰਦੁਸਤਾਨ ਦੀ ਸਰਕਾਰ ਨੇ ਦੇਣਾ ਹੈ ਤੇ ਅਸੀਂ 7921 ਕਰੋੜ ਰੁਪਏ ਦਾ ਪੈਕੇਜ ਮੰਗਿਆ ਜਿਹੜਾ ਕਿ ਪੰਜਾਬ ਨੂੰ ਡਾਈਵਰਸੀਫਿਕੇਸ਼ਨ ਵੱਲ ਲਿਜਾ ਸਕਦਾ ਹੈ। ਭਾਰਤ ਸਰਕਾਰ ਨੇ ਕੇਵਲ 249 ਕਰੋੜ ਰੁਪਏ ਦਾ ਹੁੰਗਾਰਾ ਭਰਿਆ ਜਿਹੜਾ ਕਿ 250 ਕਰੋੜ ਰੁਪਏ ਤੋਂ ਵੀ ਘੱਟ ਬਣਦਾ ਹੈ। ਇਹ ਵਿਤਕਰਾ ਕਿੱਥੇ ਨਹੀਂ ਕਰਦੇ? ਇੱਥੇ ਪਤਾ ਨਹੀਂ ਅਰਬਨ ਰਿਨਿਊਅਲ ਮਿਸ਼ਨ, ਮਨਰੇਗਾ ਤੇ ਹੋਰ ਕਿਹੜੇ ਕਿਹੜੇ ਮਿਸ਼ਨਾਂ ਦਾ ਗਿਣਾ ਕੇ ਕਿਹਾ ਜਾਂਦਾ ਹੈ ਕਿ ਇੰਨਾ ਪੈਸਾ ਪੰਜਾਬ ਵਿੱਚ ਆ ਗਿਆ ਹੈ। ਸਪੀਕਰ ਸਾਹਿਬ, ਕੀ ਕਦੀ ਇਹ ਦੇਖਿਆ ਹੈ ਕਿ ਹਿੰਦੁਸਤਾਨ ਦੀ ਸਰਕਾਰ ਪੰਜਾਬ ਵਿੱਚੋਂ ਪੈਸਾ ਕੱਢਦੀ ਕਿੰਨਾ ਹੈ। ਲੈ ਕੇ ਕਿੰਨਾ ਜਾਂਦੀ ਹੈ? ਅਸੀਂ ਕਹਿੰਦੇ ਹਾਂ ਕਿ ਸਾਨੂੰ ਸਾਡਾ ਪੈਸਾ ਹੀ ਦੇ ਦਿਉ ਜਾਂ ਉਸ ਦਾ ਅੱਧ ਹੀ ਦੇ ਦਿਉ। ਹਿੰਦੁਸਤਾਨ ਦੀ ਸਰਕਾਰ ਟੋਟਲ ਸੂਬਿਆਂ ਵਿੱਚੋਂ ਜੇ ਇੱਕ ਰੁਪਿਆ ਇਕੱਠਾ ਕਰਦੀ ਹੈ ਤਾਂ ਲਗਭਗ 39 ਪੈਸੇ ਵਾਪਸ ਮੋੜਦੀ ਹੈ। ਉਸ ਵਿੱਚੋਂ ਪੰਜਾਬ ਨੂੰ ਕਿੰਨਾ ਦਿੰਦੀ ਹੈ? ਜਿਹੜੇ 30 ਪੈਸੇ ਵੀ ਮੋੜਦੀ ਹੈ, ਉਸ ਵਿੱਚੋਂ ਪੰਜਾਬ ਨੂੰ ਕਿੰਨਾ ਹਿੱਸਾ ਮਿਲਦਾ ਹੈ? ਇਹ 1.29 ਪੈਸੇ ਹੈ। ਇਸ ਤੋਂ ਵੱਡਾ ਕੀ ਵਿਤਕਰਾ ਹੋ ਸਕਦਾ ਹੈ? ਸਪੀਕਰ ਸਾਹਿਬ, ਜਿਹੜਾ ਪੰਜਾਬ ਹੈ, ਜਿਸ ਤੇ ਮਾਣ ਹੈ ਔਰ ਪੰਜਾਬ ਦੇ ਕਿਸਾਨ ਉਤੇ ਹਿੰਦੁਸਤਾਨ ਫ਼ਖ਼ਰ ਮਹਿਸੂਸ ਕਰਦਾ ਰਿਹਾ ਹੈ। ਕਿਸੇ ਸਮੇਂ ਸਾਡੇ ਪ੍ਰਧਾਨ ਮੰਤਰੀ ਨੇ "ਜੈ ਜਵਾਨ ਜੈ ਕਿਸਾਨ" ਦਾ ਨਾਅਰਾ ਦਿੱਤਾ ਸੀ। ਜਦੋਂ ਹਿੰਦੁਸਤਾਨ ਠੂਠਾ ਫੜ੍ਹ ਕੇ ਬਾਹਰਲੇ ਲੋਕਾਂ ਕੋਲ ਜਾਂਦਾ ਸੀ, ਅਸੀਂ ਜਦੋਂ ਨਿੱਕੇ ਨਿੱਕੇ ਹੁੰਦੇ ਸੀ ਤਾਂ ਮੈਕਸੀਕਨ ਨਾਂ ਦੀ ਕਣਕ ਹੁੰਦੀ ਸੀ, ਉਸ ਦੀ ਰੋਟੀ ਲਾਲ ਰੰਗ ਦੀ ਬਣਦੀ ਸੀ ਤੇ ਉਸ ਵਿੱਚੋਂ ਸਮੈੱਲ ਵੀ ਆਉਂਦੀ ਹੁੰਦੀ ਸੀ। ਉਹ ਕਣਕ ਪੰਜਾਬ ਦੇ ਕਿਸਾਨ ਨੇ ਲਿਆਉਣ ਤੋਂ ਹਟਾਈ। ਅੰਨ ਭੰਡਾਰ ਦੇਸ਼ ਦਾ ਭਰਿਆ। ਅਸੀਂ ਕਿਸੇ ਨੇ ਉਸ ਵੱਲ ਧਿਆਨ ਨਹੀਂ ਦਿੱਤਾ। ਜੇ ਕਿਸੇ ਨੇ ਕਿਸਾਨ ਦੇ ਬਾਰੇ ਸੋਚਿਆ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਸੋਚਿਆ। ਜਦੋਂ ਸਾਲ 1997 ਵਿਚ ਚੋਣਾਂ ਆਈਆਂ ਤਾਂ ਲੋਕਾਂ ਦੇ ਸਾਹਮਣੇ ਗੱਲ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਰੱਖੀ ਕਿ ਜੇ ਮੇਰੀ ਸਰਕਾਰ ਬਣੀ ਤਾਂ ਪੰਜਾਬ ਦੀ ਕਿਸਾਨੀ ਦੇ ਟਿਊਬਵੈਲਾਂ ਦਾ ਬਿਲ ਮੁਆਫ ਕਰ ਦਿੱਤਾ ਜਾਵੇਗਾ। ਲੋਕ ਉਦੋਂ ਹਸਦੇ ਸੀ ਤੇ ਆਪੋਜ਼ੀਸ਼ਨ ਮਜ਼ਾਕ ਉਡਾਉਂਦੀ ਸੀ। ਜਦੋਂ ਸਾਲ 2002 ਦੀਆਂ ਚੋਣਾਂ ਆਈਆਂ, ਕੈਪਟਨ ਅਮਰਿੰਦਰ ਸਿੰਘ ਨੇ ਵੀ ਕਿਹਾ ਸੀ ਕਿ ਬਿੱਲ ਮੁਆਫ ਕਰਾਂਗੇ ਪਰ ਆਉਂਦਿਆਂ ਹੀ ਸਭ ਤੋਂ ਪਹਿਲਾ ਕੁਹਾੜਾ ਪੰਜਾਬ ਦੇ ਕਿਸਾਨ ਦੇ ਸਿਰ ਤੇ ਚਲਾਇਆ ਤੇ ਡੰਡੇ ਦੇ ਸਿਰ ਤੇ ਕਿਸਾਨ ਤੋਂ ਬਿੱਲ ਉਗਰਾਹੇ। ਇਹ ਉਹ ਲੋਕ ਹਨ ਜਿਹੜੇ ਗੱਲ ਕਰਕੇ ਭੱਜਦੇ ਹਨ, ਭਜਾਉਂਦੇ ਵੀ ਹਨ ਤੇ ਕੁੱਟਦੇ ਵੀ ਹਨ। ਸਪੀਕਰ ਸਾਹਿਬ, ਕਿਸਾਨ ਦੇ ਘਰੇ ਪੁੱਤ ਜੰਮਦਾ ਸੀ। ਕਿਸਾਨ ਐਪਲੀਕੇਸ਼ਨ ਦਿੰਦਾ ਸੀ ਕਿ ਮੇਰੇ ਘਰੇ ਪੁੱਤ ਜੰਮ ਪਿਆ ਹੈ, ਹੁਣ ਮੈਂ ਟਿਊਬਵੈਲ ਦਾ ਕੁਨੈਕਸ਼ਨ ਅਪਲਾਈ ਕਰਦਾ ਹਾਂ। ਉਹੀ ਪੁੱਤ ਵਿਆਹਿਆ ਵੀ ਜਾਂਦਾ ਸੀ ਤੇ ਉਸ ਦੇ ਘਰੇ ਵੀ ਅੱਗੇ ਬੱਚਾ

ਪੈਦਾ ਹੋ ਜਾਂਦਾ ਸੀ ਤਦ ਤੱਕ ਵੀ ਟਿਊਬਵੈਲ ਕੁਨੈਕਸ਼ਨ ਨਹੀਂ ਮਿਲਦਾ ਸੀ। 20-25 ਤੇ 30-30 ਸਾਲ ਟਿਊਬਵੈੱਲ ਕੁਨੈਕਸ਼ਨ ਮਿਲਣ ਤੱਕ ਲੰਘ ਜਾਂਦੇ ਸੀ ਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਪੰਜਾਬ ਦੀ ਕਿਸਾਨੀ ਦੀ ਨਬਜ਼ ਤੇ ਦੁਖ ਪਛਾਣਦਿਆਂ ਹੋਇਆਂ ਪੰਜਾਬ ਦੇ ਸਮੁੱਚੇ ਕਿਸਾਨਾਂ ਨੂੰ, ਥੋੜ੍ਹੇ ਦਿਨ ਪਹਿਲਾਂ ਹੀ, ਜਿਨ੍ਹਾਂ ਨੇ ਵੀ ਅਪਲਾਈ ਕੀਤਾ, ਲੱਖਾਂ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ। ਪੰਜ ਏਕੜ ਤੇ ਢਾਈ ਏਕੜ ਦੇ ਸਮੁੱਚੇ ਕਿਸਾਨਾਂ ਨੂੰ, ਜਿਨ੍ਹਾਂ ਨੇ ਅਪਲਾਈ ਕੀਤਾ, ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਟਿਊਬਵੈਲ ਕੁਨੈਕਸ਼ਨ ਦਿੱਤੇ।

ਸਰਦਾਰ ਸੰਗਤ ਸਿੰਘ ਗਿਲਜੀਆਂ : ** **

ਮਾਨਯੋਗ ਸਪੀਕਰ : ਨਹੀਂ ਜੀ। ਇਹ ਕੋਈ ਗੱਲ ਨਹੀਂ ਬਣਦੀ। No Point of Order. Please listen. ਪਹਿਲੀ ਗੱਲ ਤਾਂ ਜਦੋਂ ਬੋਲਣਾ ਹੈ ਤਾਂ ਮੇਰੇ ਕੋਲੋਂ ਪਰਮਿਸ਼ਨ ਲੈ ਕੇ ਬੋਲਣਾ ਹੈ, ਅਦਰਵਾਈਜ਼ ਗੱਲ ਰਿਕਾਰਡ ਤੇ ਨਹੀਂ ਆਵੇਗੀ।

ਮੁੱਖ ਸੰਸਦੀ ਸਕੱਤਰ, ਵਾਟਰ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਸਪੀਕਰ ਸਹਿਬ, ਮੈਂ ਇਕੱਲੇ ਪੰਜਾਬ ਦੇ ਕਿਸਾਨ ਦੀ ਹੀ ਗੱਲ ਨਹੀਂ ਕਰ ਰਿਹਾ। ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਹਰੇਕ ਵਰਗ ਦੇ ਦੁੱਖ ਨੂੰ ਸਮਝਿਆ ਹੈ। ਉਸ ਦੇ ਦੁੱਖ ਤੇ ਪੀੜਾ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਕਿਸੇ ਸ਼ਾਇਰ ਨੇ ਕਿਹਾ ਹੈ, ਸ਼ਾਇਦ ਬਾਬੂ ਸਿੰਘ ਮਾਨ ਦੀਆਂ ਸਤਰਾਂ ਹਨ:

ਬਾਦਲ ਬਿਨਾ ਪੰਜਾਬ ਦੀਆਂ ਕੋਈ ਪੀੜਾਂ ਜਾਣੇ ਨਾ।

ਸਰਦਾਰ ਬਾਬੂ ਸਿੰਘ ਮਾਨ, ਜਿਨ੍ਹਾਂ ਦੇ ਅੱਗੇ ਸਾਡਾ ਸਿਰ ਝੁਕਦਾ ਹੈ, ਉਨ੍ਹਾਂ ਨੇ ਲਿਖਿਆ ਹੈ ਕਿ ਬਾਦਲ ਬਿਨਾ ਪੰਜਾਬ ਦੀਆਂ ਕੋਈ ਪੀੜਾਂ ਜਾਣੇ ਨਾ। ਕਿਸਾਨੀ ਵਰਗ, ਮਜ਼ਦੂਰ ਵਰਗ, ਗਰੀਬ ਵਰਗ, ਹਰੇਕ ਵਰਗ ਦੀਆਂ ਜੇ ਮੁਸ਼ਕਿਲਾਂ ਦਾ ਹੱਲ ਕੀਤਾ ਹੈ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕੀਤਾ ਹੈ। ਸਕੀਮਾਂ ਸ਼ੁਰੂ ਹੁੰਦੀਆਂ ਤਾਂ ਬਹੁਤ ਵੇਖੀਆਂ ਹਨ। ਜਿਵੇਂ ਸ਼ਗਨ ਸਕੀਮ ਹੈ, ਪੈਨਸ਼ਨ ਸਕੀਮ ਹੈ, ਉਸ ਵਿਚ ਆਉਣ ਵਾਲੀਆਂ ਸਰਕਾਰਾਂ ਵਾਧਾ ਤਾਂ ਕਰਦੀਆਂ ਦੇਖੀਆਂ ਹਨ ਪਰ ਉਸ ਨੂੰ ਘਟਾਉਣਾ ਜਾਂ ਬੰਦ ਕਰਦਿਆਂ ਨਹੀਂ ਦੇਖਿਆ। 1997 ਵਿਚ ਬਾਦਲ ਸਾਹਿਬ ਪੰਜਾਬ ਦੇ ਮੁੱਖ ਮੰਤਰੀ ਬਣੇ, ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਸੀ। ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਜੀ ਉੱਪ ਪ੍ਰਧਾਨ ਮੰਤਰੀ ਸਨ। ਉਨ੍ਹਾਂ ਕੋਲ ਗ੍ਰਿਹਿ ਵਿਭਾਗ ਸੀ। ਬਾਦਲ ਸਾਹਿਬ ਨੇ ਬਾਰਡਰ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਉਨ੍ਹਾਂ ਨੂੰ ਦਿਖਾਉਣ ਲਈ ਇਥੇ ਲੈ ਕੇ ਆਂਦਾ ਔਰ ਅਡਵਾਨੀ ਸਾਹਿਬ ਦੇ ਲਫਜ਼ ਸੀ ਕਿ ਮੈਂ ਕੰਡਿਆਲੀ ਤਾਰ ਬਾਰੇ ਸੁਣਿਆ ਸੀ ਪਰ ਅੱਜ ਵੇਖ ਵੀ ਲਈ ਅਤੇ ਇਥੋਂ ਦੇ ਕਿਸਾਨਾਂ ਦੀ ਹਾਲਤ ਵੀ ਦੇਖੀ। ਇਹ 1998-99 ਦੀ ਗੱਲ ਹੈ। ਉਸ ਸਮੇਂ ਕੰਡਿਆਲੀ ਤਾਰ ਤੋਂ ਪਾਰ ਦੇ ਕਿਸਾਨਾਂ ਲਈ 2500 ਰੁਪਏ ਪ੍ਰਤੀ ਏਕੜ ਮੁਆਵਜ਼ਾ

**Expunged as ordered by the Chair.

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ]

ਸ਼ੁਰੂ ਕੀਤਾ। ਸਾਲ 2004 ਤੱਕ ਜਦੋਂ ਤੱਕ ਯੂ.ਪੀ.ਏ. ਸਰਕਾਰ ਨਹੀਂ ਬਣੀ, ਸਾਰੇ ਕਿਸਾਨਾਂ ਨੂੰ ਇਹ ਮੁਆਵਜ਼ਾ ਮਿਲਦਾ ਰਿਹਾ। ਪਰ ਜਦੋਂ ** ** ਪ੍ਰਧਾਨ ਮੰਤਰੀ ਬਣ ਗਏ, ** ** ਯੂ.ਪੀ.ਏ. ਦੀ ਚੇਅਰਪਰਸਨ ਬਣ ਗਏ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਕੰਡਿਆਲੀ ਤਾਰ ਤੋਂ ਪਾਰ ਦੇ ਕਿਸਾਨਾਂ ਦਾ ਮੁਆਵਜ਼ਾ ਬੰਦ ਕਰ ਦਿੱਤਾ। ਬਾਦਲ ਸਾਹਿਬ ਨੇ ਇਸ ਖਿਲਾਫ ਅਵਾਜ਼ ਉਠਾਈ, ਇਥੇ ਵਿਧਾਨ ਸਭਾ ਵਿਚ ਅਸੀਂ ਮਤੇ ਪਾਸ ਕਰ ਕੇ ਭੇਜੇ ਪਰ ਹਿੰਦੁਸਤਾਨ ਦੀ ਸਰਕਾਰ ਤੇ ਕੋਈ ਅਸਰ ਨਹੀਂ ਹੋਇਆ। ਹਾਰ-ਥੱਕ ਕੇ ਬਾਦਲ ਸਾਹਿਬ ਨੇ ਕਿਹਾ ਕਿ ਮੈਂ ਉਨ੍ਹਾਂ ਕਿਸਾਨਾਂ ਦੀਆਂ ਤਕਲੀਫ਼ਾਂ ਨੂੰ ਜਾਣਦਾ ਹਾਂ। ਬਾਦਲ ਸਾਹਿਬ ਨੇ 3000 ਰੁਪਏ ਪ੍ਰਤੀ ਏਕੜ ਕੰਡਿਆਲੀ ਤਾਰ ਤੋਂ ਪਾਰ ਦੇ ਕਿਸਾਨਾਂ ਨੂੰ ਪੰਜਾਬ ਦੇ ਫੰਡ ਵਿਚੋਂ ਮੁਆਵਜ਼ਾ ਦਿੱਤਾ। ਇਥੇ ਮੇਰੇ ਸਤਿਕਾਰਯੋਗ ਜਾਖੜ ਸਾਹਿਬ ਬੈਠੇ ਹਨ, ਕੀ ਇਹ ਆਪਣੀ ਕੇਂਦਰ ਸਰਕਾਰ ਦੀ ਨਿੰਦਾ ਕਰਦੇ ਹਨ, ਜਿਨ੍ਹਾਂ ਨੇ ਕਿਸਾਨਾਂ ਨਾਲ ਇੰਨਾ ਜਬਰ ਕੀਤਾ। ** ** ਨੇ ਕਿਸਾਨਾਂ ਦਾ 2500 ਰੁਪਏ ਪ੍ਰਤੀ ਏਕੜ ਮੁਆਵਜ਼ਾ ਬੰਦ ਕਰ ਦਿੱਤਾ।

ਮਾਨਯੋਗ ਸਪੀਕਰ : ਇਹ ਨਾਮ ਕੱਟ ਦੇਣਾ। Please conclude now.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਅੱਜ ਵੀ ਜ਼ਿਕਰ ਹੋਇਆ ਹੈ ਅਤੇ ਕੱਲ੍ਹ ਵੀ ਜ਼ਿਕਰ ਹੋਇਆ ਹੈ। ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਫੂਡ ਸਪਲਾਈ ਡਿਪਾਰਟਮੈਂਟ ਦੀ ਨਲਾਇਕੀ ਦਾ ਜ਼ਿਕਰ ਕੀਤਾ ਸੀ। ਇਨ੍ਹਾਂ ਨੇ ਕਿਹਾ ਕਿ ਸਾਢੇ 3 ਲੱਖ ਲੋਕ ਫੂਡ ਸਪਲਾਈ ਇੰਸਪੈਕਟਰ ਦਾ ਐਗਜ਼ਾਮ ਦੇਣ ਵਾਸਤੇ ਆਏ। ਇਨ੍ਹਾਂ ਨੇ ਸਾਢੇ 3 ਲੱਖ ਦਾ ਜ਼ਿਕਰ ਕੀਤਾ ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 1 ਲੱਖ 86 ਹਜ਼ਾਰ ਨੇ ਅਪਲਾਈ ਕੀਤਾ ਸੀ। ਔਰ 1 ਲੱਖ 19 ਹਜ਼ਾਰ ਅਪੀਅਰ ਹੋਏ ਅਤੇ ਅਪੀਅਰ ਵੀ ਕਿਥੇ ਹੋਏ। ਮੋਹਾਲੀ, ਚੰਡੀਗੜ੍ਹ ਅਤੇ ਪੰਚਕੂਲਾ ਦੇ ਨਾਲ ਲਗਦੀਆਂ ਯੂਨੀਵਰਸਿਟੀਆਂ, ਕਾਲਜਾਂ ਵਿਚ। ਜਾਖੜ ਸਾਹਿਬ ਅਖਬਾਰਾਂ ਤੇ ਨਾ ਜਾਇਆ ਕਰੋ। ਇਹ ਅੰਕੜੇ ਸੱਚ ਹਨ। ਇਹ ਸਰਦਾਰ ਸਾਹਿਬ ਨੇ ਆਰ.ਟੀ.ਆਈ. ਪਤਾ ਨਹੀਂ ਕਿਥੋਂ ਲਈ ਹੈ। ਮੇਰੇ ਕੋਲ ਡਿਪਾਰਟਮੈਂਟ ਦੇ ਅੰਕੜੇ ਹਨ। ਸਰਦਾਰ ਸਾਹਿਬ ਨੇ ਕਿਹਾ ਹੈ ਕਿ 18 ਹਜ਼ਾਰ ਤੋਂ ਵੱਧ ਇੰਡਸਟਰੀ ਪਿਛਲੇ 7 ਸਾਲਾਂ ਵਿਚ ਪੰਜਾਬ ਵਿਚੋਂ ਬੰਦ ਹੋ ਗਈ ਹੈ। ਮੈਨੂੰ ਲਗਦਾ ਹੈ ਕਿ ਤੁਸੀਂ ਜੁਲਾਹਿਆਂ ਦੀਆਂ ਖੱਡੀਆਂ ਦੀ ਗੱਲ ਕਰਦੇ ਹੋ ਕਿਉਂਕਿ ਉਹ ਵੀ ਕਿਸੇ ਸਮੇਂ ਇੰਡਸਟਰੀ ਦਾ ਪਾਰਟ ਸੀ। ਜਿਹੜੀਆਂ ਪਿੰਡਾਂ ਵਿਚ ਦੁਕਾਨਾਂ ਚੱਲਦੀਆਂ ਹਨ, ਜੇਕਰ ਤੁਸੀਂ ਅੰਕੜੇ ਇਕੱਠੇ ਕਰੋ ਤਾਂ ਉਨ੍ਹਾਂ ਨੂੰ ਵੀ ਕਿਸੇ ਸਮੇਂ ਇੰਡਸਟਰੀ ਵਿਚ ਗਿਣਿਆ ਜਾਂਦਾ ਸੀ। ਤੁਸੀਂ ਉਸ ਦੀ ਗੱਲ ਨਾ ਕਰੋ। ਸਪੀਕਰ ਸਾਹਿਬ, ਅਸੀਂ 2002 ਵਿਚ ਸਰਕਾਰ ਛੱਡੀ ਸੀ। ਉਸ ਸਮੇਂ ਸਮਾਲ ਸਕੇਲ ਇੰਡਸਟਰੀ ਦੇ 2,02,537 ਯੂਨਿਟ ਸੀ ਅਤੇ ਜਦੋਂ ਇਨ੍ਹਾਂ ਨੇ

**Expunged as ordered by the Chair.

2007 ਵਿਚ ਸਰਕਾਰ ਛੱਡੀ ਤਾਂ ਉਦੋਂ 1,67,722 ਯੂਨਿਟ ਸਨ, ਇਨ੍ਹਾਂ ਦੇ ਟਾਈਮ 5 ਸਾਲਾਂ ਦੇ ਵਿੱਚ 34,815 ਯੂਨਿਟ ਬੰਦ ਹੋਏ ਹਨ ਔਰ ਜਦੋਂ 2007 ਦੇ ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ, 1,67,722 ਯੂਨਿਟ ਲਏ। ਹੁਣ 1,60,000 ਹਨ ਅਤੇ ਹੁਣ ਤੱਕ ਕੇਵਲ ਤੇ ਕੇਵਲ ਸੱਤਾਂ ਸਾਲਾਂ ਵਿੱਚ 7722 ਯੂਨਿਟ ਬੰਦ ਹੋਏ ਹਨ। ਲਾਰਜ ਮੀਡੀਅਮ ਸੈਕਟਰ ਵਿੱਚ ਇਨ੍ਹਾਂ ਨੂੰ 553 ਛੱਡੇ ਤੇ 355 ਇਨ੍ਹਾਂ ਦੇ ਟਾਈਮ ਰਹੇ, 198 ਬੰਦ ਹੋਏ। ਸਪੀਕਰ ਸਾਹਿਬ, ਜਿਹੜੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਥੱਲੇ ਸਰਕਾਰ ਚੱਲਦੀ ਹੈ, ਜਿਸ ਨੂੰ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਸੁਚੱਜੀ ਅਗਵਾਈ ਮਿਲ ਰਹੀ ਹੈ, ਉਨ੍ਹਾਂ ਨੇ 2007 ਦੇ ਵਿੱਚ 355 ਯੂਨਿਟ ਲਏ ਸਨ ਅਤੇ ਹੁਣ 460 ਯੂਨਿਟ ਲਾਰਜ ਮੀਡੀਅਮ ਸੈਕਟਰ ਦੇ ਯੂਨਿਟ ਹਨ ਅਤੇ ਇਸ ਤਰ੍ਹਾਂ 105 ਦਾ ਵਾਧਾ ਕੀਤਾ।

Mr. Speaker : Please conclude now, ਤੁਸੀਂ 21 ਮਿੰਟ ਲੈ ਲਏ ਹਨ। ਸੀ.ਐਮ. ਸਾਹਿਬ ਨੇ ਬੋਲਣਾ ਹੈ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਮੈਨੂੰ ਪਤਾ ਹੈ ਜੀ। ਸਪੀਕਰ ਸਾਹਿਬ, ਚਾਰ ਸਾਲ ਪਹਿਲਾਂ ਦੀ ਗੱਲ ਹੈ, ਮੈਂ ਤੇ ਜਾਖੜ ਸਾਹਿਬ ਇੱਕ ਟੀ.ਵੀ. ਤੇ ਡਿਬੇਟ ਤੇ ਸੀ। ਉਥੇ ਆਟਾ-ਦਾਲ ਦੀ ਗੱਲ ਚੱਲ ਪਈ, ਇਹ ਕਹਿੰਦੇ ਕਿ ਇਹ ਸਾਡੀ ਸੈਂਟਰ ਦੀ ਭੇਜੀ ਹੋਈ ਸਕੀਮ ਹੈ, ਏ.ਪੀ.ਐਲ ਦੀ ਕਣਕ ਹੈ ਤੇ ਪਤਾ ਨਹੀਂ ਹੋਰ ਕਿਹੜੀ ਕਿਹੜੀ ਕਣਕ ਹੈ। ਉਸ ਸਕੀਮ ਦੇ ਰਾਹੀਂ ਇਹ 4 ਰੁਪਏ ਕਿਲੋ ਆਟਾ ਤੇ 20 ਰੁਪਏ ਕਿਲੋ ਦਾਲ ਦੇ ਰਹੇ ਹਨ। ਮੈਂ ਕਿਹਾ ਜਾਖੜ ਸਾਹਿਬ, ਤੁਸੀਂ ਵੀ ਤਾਂ ਪੰਜਾਹ ਸਾਲ ਰਾਜ ਕੀਤਾ ਹੈ, ਤੁਸੀਂ ਇਹ ਸਕੀਮ ਚਲਾ ਲੈਂਦੇ। ਇਹ ਕਰਨ ਜੋਗੇ ਕੱਖ ਨਹੀਂ, ਨਾ ਇਨ੍ਹਾਂ ਨੇ ਕੀਤਾ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਵੱਲ ਦੇਖ ਕੇ ਇਨ੍ਹਾਂ ਨੇ ਜਾਂਦਿਆਂ ਜਾਂਦਿਆਂ ਫੂਡ ਸਿਕਿਓਰਿਟੀ ਬਿੱਲ ਲਿਆਂਦਾ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਜੇ ਤੁਸੀਂ 2 ਰੁਪਏ ਐਲਾਨ ਕਰਦੇ ਹੋ, ਪਤਾ ਨਹੀਂ ਤੁਹਾਡਾ ਚੱਲਣਾ ਕਿ ਨਹੀਂ ਚੱਲਣਾ, ਮੈਂ ਆਪਣੇ ਪੰਜਾਬ ਦੇ ਲੋਕਾਂ ਨੂੰ ਇੱਕ ਰੁਪਿਆ ਕਿੱਲੋ ਕਣਕ ਦੇਵਾਂਗਾ। ਸਪੀਕਰ ਸਾਹਿਬ, ਬਾਬੂ ਸਿੰਘ ਮਾਨ ਦੀ ਇੱਕ ਹੋਰ ਸਤਰ ਹੈ-

"ਕਦੇ ਕਦੇ ਰੱਬ ਪੈਦਾ ਕਰਦਾ ਬਾਦਲ ਜਿਹੇ ਇਨਸਾਨ"

ਇਹ ਮੇਰਾ ਖਿਆਲ ਹੈ ਮੇਰੇ ਵੀਰ ਇਸ ਗੱਲ ਨੂੰ ਮੰਨਦੇ ਵੀ ਹਨ ਪਰ ਇਨ੍ਹਾਂ ਦੇ ਕਹੇ ਤੇ ਚੱਲਿਆ ਵੀ ਕਰੋ। ਮਸਲੇ ਤੇ ਬੜੇ ਹਨ ਪਰ ਇਥੇ ਵਾਰ ਵਾਰ .....(ਵਿਘਨ)....

Mr. Speaker : No running commentary. Please conclude now.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਦੋ ਜਾਂ ਤਿੰਨ ਮਿੰਟ ਜੀ, ਸਪੀਕਰ ਸਾਹਿਬ, ਹਰ ਵਾਰ ਗਵਰਨਰ ਐਡਰੈਸ ਦੇ ਵਿੱਚ 1984 ਦੇ ਕਤਲੇਆਮ ਦਾ ਜ਼ਿਕਰ ਹੁੰਦਾ ਹੈ। ਮੇਰਾ ਖਿਆਲ ਹੈ ਸਦਨ ਦਾ ਕੋਈ ਹੀ ਵਿਰਲਾ ਦਿਨ ਹੁੰਦਾ ਹੈ, ਜਿਸ ਦਿਨ ਇਸ ਦਾ ਜ਼ਿਕਰ ਨਹੀਂ

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ]

ਹੁੰਦਾ। ਅੱਜ ਪੰਜਾਬ ਜਾਂ ਹਿੰਦੁਸਤਾਨ ਜਾਂ ਪੂਰੀ ਦੁਨੀਆ ਵਿੱਚ ਜਿਥੇ ਵੀ ਕਿਤੇ ਕੋਈ ਸਿੱਖ ਬੈਠਾ ਹੈ, ਉਸ ਦੇ ਛੋਟੇ ਤੋਂ ਛੋਟੇ ਬੱਚੇ ਨੂੰ, ਜਿਸ ਨੂੰ ਪਤਾ ਵੀ ਨਹੀਂ, ਚਾਹੇ ਉਸ ਨੂੰ ਪੁੱਛ ਕੇ ਦੇਖ ਲਓ ਕਿ 1984 ਦਾ ਕਤਲੇਆਮ ਕਿਸ ਨੇ ਕਰਵਾਇਆ ਤਾਂ ਅੱਗੋਂ ਉਹ ਕਹੇਗਾ ਕਾਂਗਰਸ ਨੇ ਅਤੇ ਨਾਲ ਹੀ ਕਹੇਗਾ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੇ, ਜਿਸ ਨੇ ਕਿਹਾ ਸੀ ਕਿ ਜਦੋਂ ਵੱਡਾ ਦਰਖਤ ਡਿਗਦਾ ਹੈ ਤੇ ਧਰਤੀ ਕੰਬਦੀ ਹੈ। ਇਹ ਵੱਡੀ ਸਾਜ਼ਿਸ ਸੀ। ਸਪੀਕਰ ਸਾਹਿਬ, ਜਨਰਲ ਜਗਜੀਤ ਸਿੰਘ ਅਰੋੜਾ ਹਨ, ਜਿਨ੍ਹਾਂ ਤੇ ਪੰਜਾਬੀਆਂ ਨੂੰ ਮਾਣ ਹੈ, ਹਿੰਦੁਸਤਾਨ ਨੂੰ ਮਾਣ ਹੈ, ਜਿਨ੍ਹਾਂ ਨੇ ਬੰਗਲਾਦੇਸ਼ ਦੀ ਵਾਰ ਜਿੱਤੀ ਔਰ ਉਨ੍ਹਾਂ ਦੇ ਲਫਜ਼ ਹਨ। ਉਨ੍ਹਾਂ ਨੇ ਕਿਸੇ ਨੂੰ ਕਿਹਾ, ਡਾਕਟਰ ਮਨਵਿੰਦਰ ਸਿੰਘ ਬਵੇਜਾ ਨੇ ਮੈਨਸ਼ਨ ਕੀਤਾ ਹੈ, ਅਜੀਤ ਦੇ ਵਿੱਚ ਲੇਖ ਲਿਖਿਆ ਹੈ ਕਿ ਦੰਗਿਆਂ ਦੇ ਦੂਜੇ ਦਿਨ ਜਨਰਲ ਜਗਜੀਤ ਸਿੰਘ, ਸਵਰਗੀ ਸ੍ਰੀ ਇੰਦਰ ਕੁਮਾਰ ਗੁਜਰਾਲ, ਸਰਦਾਰ ਪਤਵੰਤ ਸਿੰਘ ਤੇ ਇੱਕ ਹੋਰ ਸੱਜਣ ਕਿਸੇ ਤਰ੍ਹਾਂ ਬਚਦੇ ਬਚਾਉਂਦੇ ਰਾਸ਼ਟਰਪਤੀ ਭਵਨ ਪਹੁੰਚੇ। ਰਸਤੇ ਵਿੱਚ ਗੁਜਰਾਲ ਸਾਹਿਬ ਆਪ ਕਾਰ ਚਲਾ ਰਹੇ ਸਨ ਤੇ ਉਨ੍ਹਾਂ ਦੀ ਕਾਰ ਤੇ ਲਾਠੀਆਂ ਨਾਲ ਹਮਲਾ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਇਹ ਸਭ ਲੋਕ ਬਚ ਗਏ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਉਦਾਸ ਬੈਠੇ ਹੋਏ ਸਨ, ਉਨ੍ਹਾਂ ਦੇ ਸਿਰ ਤੇ ਪਗੜੀ ਵੀ ਨਹੀਂ ਸੀ ਬੰਨ੍ਹੀ ਹੋਈ। ਜਦੋਂ ਇਨ੍ਹਾਂ ਨੇ ਗਿਆਨੀ ਜੀ ਨੂੰ ਕਿਹਾ ਕਿ ਤੁਸੀਂ ਸਰਕਾਰ ਨੂੰ ਹਦਾਇਤ ਕਰੋ ਕਿ ਹਾਲਾਤ ਨੂੰ ਸੰਭਾਲੇ ਤਾਂ ਗਿਆਨੀ ਜੀ ਨੇ ਬਹੁਤ ਉਦਾਸੀ ਵਿੱਚ ਕਿਹਾ ਕਿ ਮੇਰਾ ਤਾਂ ਉਹ ਟੈਲੀਫੋਨ ਵੀ ਨਹੀਂ ਸੁਣਦੇ ਪਏ। ਤੁਸੀਂ ਆਪ ਹੀ ਗੱਲ ਕਰੋ। ਜਨਰਲ ਸਾਹਿਬ ਤੇ ਗੁਜਰਾਲ ਜੀ ਨੇ ਰਾਸ਼ਟਰਪਤੀ ਭਵਨ ਤੋਂ ਜਿੰਨੀ ਵਾਰ ਵੀ ਟੈਲੀਫੋਨ ਕੀਤੇ ਹਰ ਵਾਰ ਇਹੀ ਜਵਾਬ ਮਿਲਿਆ ਕਿ ਹੋਮ ਮਨਿਸਟਰ ਸ਼੍ਰੀ ਨਰਸਿਮ੍ਹਾ ਰਾਓ ਮੀਟਿੰਗ ਵਿੱਚ ਹਨ, ਗੱਲ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਅੱਗੇ ਜਨਰਲ ਸਾਹਿਬ ਨੇ ਕਿਹਾ ਕਿ ਇਹ ਸਾਰੀ ਸਾਜਿਸ਼ ਉਸ ਸਮੇਂ ਦੇ ਪ੍ਰਧਾਨ ਮੰਤਰੀ ਨਾਲ ਸਲਾਹ ਕਰਕੇ ** ** ਨੇ ਘੜੀ ਸੀ, ਜਿਸ ਨੂੰ ਕਿ ਇੰਪਲਾਇ ਕੀਤਾ ਸੀ .....

ਮਾਨਯੋਗ ਸਪੀਕਰ : ਨਾਮ ਐਕਸਪੰਜ ਕਰ ਦਿਓ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਸਪੀਕਰ ਸਾਹਿਬ, ਬੜਾ ਸੈਂਸੇਟਿਵ ਮਸਲਾ ਹੈ। ਮੈਨੂੰ 1 ਨਵੰਬਰ, 2013....

Mr. Speaker : Please conclude now.

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਸਪੀਕਰ ਸਾਹਿਬ, ਬੱਸ ਦੋ ਮਿੰਟ। ਮੈਨੂੰ ਇਹ ਕਹਿੰਦੇ ਕਿ ਕਾਂਗਰਸ ਦਾ ਨਾਂ ਦੋਸ਼ੀਆਂ ਵਿੱਚ ਨਾ ਲਉ। ਤੁਸੀਂ ਤਾਂ ਅੱਜ ਵੀ ਦੋਸ਼ੀਆਂ ਦੀ ਕਤਾਰ

**Expunged as ordered by the Chair.

ਵਿੱਚ ਖੜ੍ਹਦੇ ਹੋ। ਇੱਥੇ ਸਦਨ ਵਿੱਚ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ 1984 ਦੇ ਸਿੱਖ ਕਤਲੇਆਮ ਵਿੱਚ ਮਾਰੇ ਗਏ ਸਿੱਖਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ ਅਤੇ ਸਮੁੱਚੀ ਦੁਨੀਆ ਨੂੰ ਉਸ ਕਤਲੇਆਮ ਦੇ ਪੀੜਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨੇ ਚਾਹੀਦੇ ਹਨ ਤੇ ਸਾਡੇ ਵੀਰ ਬਾਈਕਾਟ ਕਰ ਗਏ। ਇਨ੍ਹਾਂ ਨੇ ਨਹੀਂ ਕੀਤੇ ਸੀ। ਇਸ ਤੋਂ ਵੱਧ ਨਿੰਦਿਆ ਵਾਲੀ ਗੱਲ ਕੀ ਹੋ ਸਕਦੀ ਹੈ। ਸਪੀਕਰ ਸਾਹਿਬ, ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਇਹ ਲੋਕ ਉਨ੍ਹਾਂ ਕਾਤਲਾਂ ਦੇ ਪੈਰੋਕਾਰ ਹਨ। ਉਨ੍ਹਾਂ ਦੀ ਸੋਚ ਤੋਂ ਪਾਸੇ ਨਹੀਂ ਜਾ ਸਕਦੇ। ਚਾਹੇ ਖਾਂਦੇ ਪੰਜਾਬ ਦਾ ਹਨ, ਝੂਠੀ ਗੱਲ ਪੰਜਾਬ ਦੀ ਕਰਦੇ ਹਨ ਪਰ ਇਸ ਗੱਲ ਨੂੰ ਸਵੀਕਾਰ ਕਰਨ ਨੂੰ ਇਹ 30 ਸਾਲ ਬਾਅਦ ਵੀ ਤਿਆਰ ਨਹੀਂ ਹਨ। ਇਸ ਤੋਂ ਵੱਧ ਬਦਕਿਸਮਤੀ ਕੀ ਹੋ ਸਕਦੀ ਹੈ। ਡਰੱਗਜ਼ ਦੀ ਗੱਲ ਹੋਈ। ਮੇਰੀ ਕਾਂਸਟੀਚੂਐਂਸੀ ਦਾ 100 ਕਿਲੋਮੀਟਰ ਲੰਬਾ ਬਾਰਡਰ ਹੈ। ਮੇਰੀ ਕਾਂਸਟੀਚੂਐਂਸੀ ਵਿੱਚ ਬੀ.ਐਸ.ਐਫ. ਦੀਆਂ ਤਿੰਨ ਬਟਾਲੀਅਨਾਂ ਹਨ, ਜਿਹੜੀਆਂ ਰਾਖੀ ਕਰਦੀਆਂ ਹਨ। ਸਪੀਕਰ ਸਾਹਿਬ, ਰਾਖੀ ਕਿਸ ਤਰ੍ਹਾਂ ਦੀ? ਉਧਰੋਂ ਰੇਂਜਰ, ਸਮੱਗਲਰ ਆਉਂਦੇ ਹਨ, ਉਹ ਦਬਕਾ ਮਾਰਦੇ ਹਨ ਕਿ ਤੇਰੀ ਜੁਰਅਤ ਕਿਵੇਂ ਪੈ ਗਈ ਹੈ ਅਤੇ ਬੀ.ਐਸ.ਐਫ. ਵਾਲਾ ਇਸ ਤਰ੍ਹਾਂ ਦਬਕ ਜਾਂਦਾ ਹੈ ਕਿ ਜਿਵੇਂ ਇਲਾਹੀ ਹੁਕਮ ਹੋ ਗਿਆ ਹੋਵੇ ਕਿ ਕਿਤੇ ਗੋਲੀ ਨਾ ਮਾਰ ਦੇਵੇ। ਮੈਂ ਪ੍ਰਧਾਨ ਮੰਤਰੀ ਸਾਹਿਬ ਨੂੰ ਚਿੱਠੀ ਲਿਖੀ, ਦੇਸ਼ ਦੇ ਹੋਮ ਮਨਿਸਟਰ ਨੂੰ ਚਿੱਠੀ ਲਿਖੀ ਕਿ ਹਿੰਦੁਸਤਾਨ ਦੀ ਕੰਡਿਆਲੀ ਤਾਰ ਅੱਜ ਮਾੜਾ-ਮੋਟਾ ਬਚਾਅ ਕਰਦੀ ਹੈ। ਸਾਡੀ ਬੀ.ਐਸ.ਐਫ. ਉਥੇ ਕੁਝ ਨਹੀਂ ਕਰਦੀ। ਥੋੜ੍ਹਾ-ਬਹੁਤਾ ਧਿਆਨ ਦੇ ਦਿਉ। ਫੋਰਸ ਵਧਾਉਣੀ ਹੈ ਤਾਂ ਵਧਾ ਦਿਉ ਜਾਂ ਕੋਈ ਯੰਤਰ ਦੇਣੇ ਹਨ ਤਾਂ ਦੇ ਦਿਉ। ਨਹੀਂ ਤਾਂ ਡਰੱਗਜ਼ ਨਹੀਂ ਰੁਕ ਸਕਦੀ, ਜਿਵੇਂ ਕਿ ਬੀ.ਐਸ.ਐਫ. ਉਥੇ ਕਾਰਵਾਈ ਕਰਦੀ ਹੈ। ਸਪੀਕਰ ਸਾਹਿਬ, ਸਿੰਥੈਟਿਕ ਡਰੱਗਜ਼ ਦੀ ਗੱਲ ਹੋਈ ਹੈ। ਇਹ ਪਤਾ ਨਹੀਂ ਕਦੋਂ ਦੀ ਬਣਦੀ ਹੈ। ਇਹ ਮੈਨੂੰ ਦੱਸ ਦੇਣ ਕਿ ਕੇਂਦਰ ਦੀਆਂ ਏਜੰਸੀਆਂ ਨੇ ਹੁਣ ਤੱਕ ਕਿੰਨੀ ਫੜ੍ਹੀ ਹੈ ਅਤੇ ਪੰਜਾਬ ਦੀ ਪੁਲਿਸ ਨੇ ਕਿੰਨੀ ਫੜ੍ਹੀ ਹੈ। ਉਸ ਨੂੰ ਸ਼ਾਬਾਸ਼ ਸਰਦਾਰ ਲਾਲ ਸਿੰਘ ਜੀ ਤਾਂ ਦੇ ਗਏ ਪਰ ਵਿੱਚੋਂ ਹੋਰ ਗੱਲਾਂ ਵੀ ਕਰ ਗਏ। ਕਦੇ-ਕਦੇ ਜਗਦੀਸ਼ ਭੋਲੇ ਦੀਆਂ ਗੱਲਾਂ ਕਰਦੇ ਹਨ। ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ।

ਮਾਨਯੋਗ ਸਪੀਕਰ : ਤੁਸੀਂ ਕਨਕਲੂਡ ਕਰੋ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ : ਗੁਰਬਾਣੀ ਵਿੱਚ ਲਿਖਿਆ ਹੈ ਕਿ -

ਚੋਰ ਕੀ ਹਾਮਾ ਭਰੇ ਨਾ ਕੋਇ।। ਚੋਰੁ ਕੀਆ ਚੰਗਾ ਕਿਉ ਹੋਇ।।

ਚੋਰ ਕਦੇ ਬਦਮਾਸ਼, ਕਦੇ ਸਮੱਗਲਰ, ਕਦੇ ਮਾੜਾ ਅਨਸਰ, ਜਿਹੜੇ ਲੋਕ ਉਸ ਦੀ ਹਾਮੀ ਭਰਦੇ ਹਨ, ਉਸ ਦੀ ਸਾਜ਼ਿਸ਼ ਵਿੱਚ ਉਹ ਲੋਕ ਵੀ ਸ਼ਾਮਲ ਹੁੰਦੇ ਹਨ। ਸਪੀਕਰ ਸਾਹਿਬ, ਮੇਰਾ ਕਹਿਣ ਦਾ ਮਤਲਬ ਹੈ ਕਿ ਸਾਨੂੰ ਪੰਜਾਬ ਦੇ ਹਿਤਾਂ ਦੀ ਰਖਵਾਲੀ ਕਰਨੀ ਚਾਹੀਦੀ ਹੈ। ਪੰਜਾਬ ਦੀ ਗੱਲ ਕਰਨੀ ਚਾਹੀਦੀ ਹੈ ਅਤੇ ਪੰਜਾਬ

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸੁਰੱਖਿਆ ਸੇਵਾਵਾਂ ਭਲਾਈ]

ਦੀ ਬਿਹਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਤੇ ਸਰਦਾਰ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਤੋਂ ਵੱਧ ਕੋਈ ਨਹੀਂ ਕਰ ਸਕਦਾ। ਮੈਂ ਅੰਤ ਵਿੱਚ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ ਜੀ।

Mr. Speaker : Thank you. Shri Manoranjan Kalia Ji. ਸਿਰਫ 7 ਮਿੰਟ ਜੀ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਮੇਰੇ 21 ਮਿੰਟ ਸੀ।

ਮਾਨਯੋਗ ਸਪੀਕਰ : ਅਸ਼ਵਨੀ ਕੁਮਾਰ ਜੀ ਬੋਲ ਗਏ ਹਨ।

ਸ਼੍ਰੀ ਮਨੋਰੰਜਨ ਕਾਲੀਆ : ਉਹ ਪਿਛਲੇ ਦਿਨ ਦੇ 19 ਮਿੰਟ ਸਨ ਜੀ। ਅੱਜ 21 ਮਿੰਟ ਹਨ।

ਮਾਨਯੋਗ ਸਪੀਕਰ : ਚਲੋ, ਬੋਲੋ।

CONTINUATION OF THE MORNING SITTING IN PLACE OF AFTERNOON SITTING

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਇੱਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪਾਂ ਨੇ ਅੱਜ 3 ਵਜੇ ਆਫਟਰ ਲੰਚ ਮਿਲਣ ਦਾ ਪ੍ਰੋਗਰਾਮ ਰੱਖਿਆ ਸੀ। Why not to continue this sitting? ਜੇ ਆਪਾਂ ਇਹ ਕਰ ਲਈਏ ਕਿ ਗਵਰਨਰ ਐਡਰੈਸ ਤੇ ਜਿਹੜੇ ਹੋਰ ਮੈਂਬਰ ਬੋਲਣਾ ਚਾਹੁੰਦੇ ਹਨ ਬੋਲ ਲੈਣ, ਆਪਾਂ ਟਾਈਮ ਵਧਾ ਲਈਏ। ਜਿਹੜਾ ਨਾਨ-ਆਫੀਸ਼ੀਅਲ ਬਿਜ਼ਨਸ ਹੈ, ਉਹ ਕੰਟੀਨਿਊ ਕਰਕੇ 2 ਘੰਟੇ ਉਸ ਵਾਸਤੇ ਦੇ ਦੇਈਏ। ਬਾਕੀ ਘੰਟਾ ਭਾਵੇਂ ਗਵਰਨਰ ਐਡਰੈਸ ਤੇ ਹੋਰ ਵਧਾ ਦੇਈਏ। ਵਿੱਚੋਂ ਹੀ ਜਾ ਕੇ ਆਨਰੇਬਲ ਮੈਂਬਰ ਖਾਣਾ ਖਾ ਕੇ ਆਉਂਦੇ ਜਾਣ ਅਤੇ ਅੰਦਰ ਬੈਠਦੇ ਜਾਣ।

ਮਾਨਯੋਗ ਸਪੀਕਰ : ਦੇਖ ਲਉ। ਠੀਕ ਹੈ, ਜੇ ਹਾਊਸ ਨੂੰ ਮਨਜ਼ੂਰ ਹੈ ਤਾਂ ਫਿਰ ਕੁਐਸਚਨ ਆਵਰ ਨਹੀਂ ਹੋਵੇਗਾ।

ਅਵਾਜ਼ਾਂ : ਹਾਂ ਜੀ, ਹਾਂ ਜੀ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਰ, with the consent of all the Members, ਸਾਰੇ

ਮੈਂਬਰ ਚਾਹੁੰਣਗੇ ਕਿ ਅਸੀਂ ਹੋਰ ਬੋਲ ਲਈਏ। ਗਵਰਨਰ ਐਡਰੈਸ ਤੇ ਕੱਲ੍ਹ ਤਾਂ ਟਾਈਮ ਮਿਲਣਾ ਨਹੀਂ, ਅੱਜ ਦਾ ਹੀ ਦਿਨ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਿਹੜੇ ਮੈਂਬਰ ਰਹਿ ਗਏ ਹਨ, ਉਨ੍ਹਾਂ ਨੂੰ ਤਾਂ ਅਕੰਮੋਡੇਟ ਕਰੋ, ਜਿਵੇਂ ਨਾਗਰਾ ਸਾਹਿਬ, ਸਿੱਧੂ ਸਾਹਿਬ ਰਹਿ ਗਏ ਹਨ।

ਮਾਨਯੋਗ ਸਪੀਕਰ : ਹਾਊਸ ਕੰਟੀਨਿਊ ਰਹੇਗਾ ਤਾਂ ਫਿਰ ਹੋਰ ਟਾਈਮ ਦੇ ਦੇਵਾਂਗੇ।

Shri Sunil Jakhar : It is entirely up to you, Speaker Sahib.

ਮਾਨਯੋਗ ਸਪੀਕਰ : ਠੀਕ ਹੈ, ਫਿਰ ਹੋਰ ਕੋਈ ਬਿਜ਼ਨਸ ਨਹੀਂ ਹੋਣਾ। ਜਿਸ ਕਿਸੇ ਨੇ ਰੋਟੀ ਖਾਣੀ ਹੈ, ਉਹ ਰੋਟੀ ਖਾ ਕੇ ਇੱਥੇ ਆ ਕੇ ਬੈਠ ਜਾਵੇ। ਬਾਦਲ ਸਾਹਿਬ ਫਿਰ ਜਦੋਂ ਬੋਲਣਗੇ ਤੇ ਉਸ ਸਮੇਂ ਖਾਣਾ ਬੰਦ ਹੋ ਜਾਵੇਗਾ। ਜਿਹੜੇ ਵੀ ਮੈਂਬਰ ਗਵਰਨਰ ਐਡਰੈਸ ਤੇ ਬਹਿਸ ਵਿੱਚ ਭਾਗ ਲੈਣਗੇ, ਉਨ੍ਹਾਂ ਨੂੰ ਕੇਵਲ ਪੰਜ-ਪੰਜ ਮਿੰਟ ਹੀ ਮਿਲਣਗੇ ਤੇ 1-2 ਮੈਂਬਰ ਹੀ ਹੋਰ ਬੁਲਾ ਲਵਾਂਗੇ, ਜ਼ਿਆਦਾ ਨਹੀਂ।

ਮਾਨਯੋਗ ਸਪੀਕਰ : ਜੇ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਮਿਤੀ 6 ਮਾਰਚ, 2014 ਨੂੰ ਬਾਅਦ ਦੁਪਹਿਰ ਦੀ ਬੈਠਕ ਦੀ ਜਗ੍ਹਾ ਤੇ ਸਵੇਰ ਦੀ ਬੈਠਕ ਦਾ ਸਮਾਂ ਕੰਟੀਨਿਊ ਕਰ ਦਿੱਤਾ ਜਾਵੇ ।

(ਅਵਾਜ਼ਾਂ : ਹਾਂ ਜੀ, ਹਾਂ ਜੀ ।)

ਮਾਨਯੋਗ ਸਪੀਕਰ : ਸਵੇਰ ਦੀ ਬੈਠਕ ਦਾ ਸਮਾਂ ਕੰਟੀਨਿਊ ਕੀਤਾ ਜਾਂਦਾ ਹੈ ।

DISCUSSION ON GOVERNOR'S ADDRESS AND VOTE ON THE MOTION OF THANKS (*RESUMPTION*)

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਅਭਾਰੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜਾ ਧੰਨਵਾਦ ਪ੍ਰਸਤਾਵ ਡਾਕਟਰ ਦਲਜੀਤ ਸਿੰਘ ਜੀ ਚੀਮਾ ਨੇ ਪੇਸ਼ ਕੀਤਾ ਹੈ, ਉਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਹਰ ਸਾਲ ਜਦੋਂ ਬਜਟ ਸੈਸ਼ਨ ਸ਼ੁਰੂ ਹੁੰਦਾ ਹੈ ਤਾਂ ਗਵਰਨਰ ਸਾਹਿਬ ਇਸ ਅਜ਼ੀਮ ਸਦਨ ਨੂੰ ਐਡਰੈਸ ਕਰਦੇ ਹਨ ਔਰ ਜਿੱਥੇ ਇਹ ਸੰਵਿਧਾਨਿਕ ਜ਼ਿੰਮੇਵਾਰੀ ਦਾ ਨਿਰਬਾਹ ਹੈ, ਉਥੇ ਇਹ ਐਡਰੈਸ ਸਰਕਾਰ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਹੁੰਦਾ ਹੈ ਕਿ ਇੱਕ ਸਾਲ ਵਿੱਚ ਕੀ ਕੁਝ ਅਸੀਂ ਪ੍ਰਾਪਤ ਕੀਤਾ ਔਰ ਇਹ ਐਡਰੈਸ ਇਹ ਵੀ ਦੱਸਦਾ ਹੈ ਕਿ ਸਰਕਾਰ ਦੀ, ਸੱਤਾ ਪਕਸ਼ ਦੀ, ਅਕਾਲੀ-ਭਾਜਪਾ ਸਰਕਾਰ ਦੀ ਆਉਣ ਵਾਲੇ ਸਮੇਂ ਵਿੱਚ ਕੀ ਦਿਸ਼ਾ

[ਸ਼੍ਰੀ ਮਨੋਰੰਜਨ ਕਾਲੀਆ]

ਹੈ। ਜੇ ਸਾਰੇ ਭਾਸ਼ਣ ਨੂੰ ਦੋ ਜਾਂ ਤਿੰਨ ਸ਼ਬਦਾਂ ਵਿੱਚ ਸਮ-ਅੱਪ ਕਰਨਾ ਹੋਵੇ ਤਾਂ ਉਨ੍ਹਾਂ ਨੇ ਕੀ ਕਿਹਾ, ਇਹ ਸਰਕਾਰ ਕੀ ਕਰ ਰਹੀ ਹੈ। ਗਵਰਨਰ ਸਾਹਿਬ ਨੇ ਅਮਨ, ਸ਼ਾਂਤੀ ਔਰ ਵਿਕਾਸ ਉਤੇ ਜ਼ੋਰ ਦਿੱਤਾ ਕਿ ਅਮਨ, ਸ਼ਾਂਤੀ ਤੇ ਵਿਕਾਸ ਦੀ ਇਹ ਸਰਕਾਰ ਪੈਰੋਕਾਰ ਹੈ। ਸਾਲ 2007 ਵਿੱਚ ਜਦੋਂ ਅਕਾਲੀ-ਭਾਜਪਾ ਸਰਕਾਰ ਆਈ ਸੀ ਤਾਂ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇਸ ਅਜ਼ੀਮ ਸਦਨ ਵਿੱਚ ਖੜ੍ਹੇ ਹੋ ਕੇ ਗਾਰੰਟੀ ਦਿੱਤੀ ਸੀ ਕਿ ਮੈਂ ਗਾਰੰਟੀ ਦਿੰਦਾ ਹਾਂ ਕਿ ਮੈਂ ਪੰਜਾਬ ਦੀ ਅਮਨ, ਸ਼ਾਂਤੀ ਤੇ ਪੂਰਾ ਪਹਿਰਾ ਦਿਆਂਗਾ। ਮੈਂ ਵਧਾਈ ਦਿੰਦਾ ਹਾਂ ਕਿ ਅਮਨ, ਸ਼ਾਂਤੀ ਇਨ੍ਹਾਂ ਦੇ ਹੱਥਾਂ ਵਿੱਚ ਮਹਿਫੂਜ਼ ਹੈ। ਮਾਨਯੋਗ ਸਪੀਕਰ ਸਾਹਿਬ, ਰਾਜਪਾਲ ਜੀ ਨੇ ਜ਼ਿਕਰ ਕੀਤਾ ਹੈ ਕਿ ਸਾਲ 1966 ਵਿੱਚ ਜਦੋਂ ਰੀਆਰਗੇਨਾਈਜ਼ੇਸ਼ਨ ਹੋਇਆ, ਉਦੋਂ ਪੰਜਾਬ ਦੇ ਨਾਲ ਕੀ-ਕੀ ਵਧੀਕੀਆਂ ਹੋਈਆਂ, ਪੰਜਾਬੀ ਬੋਲਦੇ ਇਲਾਕੇ ਨਹੀਂ ਮਿਲੇ, ਚੰਡੀਗੜ੍ਹ ਰਾਜਧਾਨੀ ਨਹੀਂ ਮਿਲੀ ਤੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਗਿਆ ਕਿ ਜਦੋਂ ਕੇਂਦਰ ਵਿੱਚ ਅਟੱਲ ਬਿਹਾਰੀ ਵਾਜਪਾਈ ਜੀ ਦੀ ਸਰਕਾਰ ਸੀ ਤਾਂ ਉਸ ਵਕਤ ਇੱਕ ਵੱਡਾ ਪ੍ਰਾਜੈਕਟ ਬਠਿੰਡਾ ਰਿਫਾਈਨਰੀ ਦੇ ਤੌਰ ਤੇ ਪੰਜਾਬ ਨੂੰ ਦਿੱਤਾ ਗਿਆ। 18,000 ਕਰੋੜ ਰੁਪਏ ਦਾ ਇਹ ਪ੍ਰਾਜੈਕਟ ਪੰਜਾਬ ਨੂੰ ਮਿਲਿਆ ਤੇ ਇਸ ਨਾਲ ਪੰਜਾਬ ਦੀ ਅਰਥ ਵਿਵਸਥਾ ਨੂੰ ਬਲ ਮਿਲਿਆ। ਇਸ ਰਿਫਾਈਨਰੀ ਨਾਲ ਪੰਜਾਬ ਦੀ ਛੋਟੀ ਇੰਡਸਟਰੀ ਵੀ ਪਨਪੇਗੀ। ਮਾਨਯੋਗ ਸਪੀਕਰ ਸਾਹਿਬ, ਕੇਂਦਰ ਸਰਕਾਰ ਸਿੱਧੇ ਤੌਰ ਤੇ, ਜੇ ਮੈਂ ਕਹਾਂ ਕਿ ਉਹ ਪੈਸਾ ਖਰਚ ਕਰ ਸਕਦੀ ਹੈ, ਨਹੀਂ ਕਰ ਸਕਦੀ। ਹਿੰਦੁਸਤਾਨ ਵਿੱਚ ਥ੍ਰੀ-ਟਾਇਰ ਸਿਸਟਮ ਹੈ : ਲੋਕਲ ਗੌਰਮਿੰਟ ਜਾਂ ਪੰਚਾਇਤਾਂ ਹਨ, ਸਟੇਟ ਦੀ ਸਰਕਾਰ ਹੈ, ਕੇਂਦਰ ਸਰਕਾਰ ਹੈ ਔਰ ਵੱਖ ਵੱਖ ਪਾਲਿਸੀਆਂ ਤਹਿਤ ਪੈਸਾ ਪ੍ਰਦੇਸ਼ ਸਰਕਾਰਾਂ ਨੂੰ ਮਿਲਦਾ ਹੈ। ਫਿਰ ਇਹ ਪੈਸਾ ਥੱਲੇ ਲੋਕਲ ਗੌਰਮਿੰਟ ਤੱਕ ਪਹੁੰਚਦਾ ਹੈ ਪਰ ਜੇ ਉਸੀ ਪਾਰਟੀ ਦੀ ਹੀ ਸਰਕਾਰ ਪ੍ਰਦੇਸ਼ ਵਿੱਚ ਵੀ ਅਤੇ ਕੇਂਦਰ ਵਿੱਚ ਵੀ ਹੋਵੇ ਤਾਂ ਨੀਤੀਆਂ ਇਸ ਢੰਗ ਨਾਲ ਬਣਦੀਆਂ ਹਨ ਕਿ ਫਿਰ ਸਟੇਟ ਨੂੰ ਜ਼ਿਆਦਾ ਫਾਇਦਾ ਹੁੰਦਾ ਹੈ, ਜ਼ਿਆਦਾ ਪੈਸਾ ਆਉਂਦਾ ਹੈ। ਮੇਰੇ ਸਾਥੀ ਲੀਡਰ ਆਫ ਦਿ ਅਪੋਜ਼ੀਸ਼ਨ ਜ਼ਿਕਰ ਕਰ ਰਹੇ ਸੀ ਕਿ ਵੱਧ ਪੈਸਾ ਇੱਥੇ ਦਿੱਤਾ ਗਿਆ, ਇੰਨਾ ਪੈਸਾ ਆਇਆ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕੋਈ ਅਹਿਸਾਨ ਨਹੀਂ। ਜੋ ਪਾਲਿਸੀਆਂ ਤਹਿਤ, ਐਮਰਜੰਸੀ ਵੇਲੇ, ਐਕਸੀਜੈਂਸਿਜ਼ ਲਈ ਜਾਂ ਜਿਸ ਪਾਲਿਸੀ ਤਹਿਤ ਹਰ ਸਟੇਟ ਨੂੰ ਪੈਸਾ ਆਉਣਾ ਚਾਹੀਦਾ ਸੀ, ਉਹ ਹੀ ਪੈਸਾ ਆਇਆ ਹੈ। ਵੱਧ ਪੈਸਾ ਨਹੀਂ ਆਇਆ। ਸਵਾਲ ਇਹ ਹੈ ਕਿ ਜੇ ਕੇਂਦਰ ਵਿੱਚ ਉਪਰ ਕੋਈ ਵਿਅਕਤੀ ਐਸਾ ਹੋਵੇ ਤੇ ਜੇ ਕੋਈ ਚੀਜ਼ ਵੱਧ ਕੀਤੀ ਜਾਵੇ ਤਾਂ ਹੀ ਗੱਲ ਬਣਦੀ ਹੈ।

*1.50 ਵਜੇ ਬਾਅਦ ਦੁਪਹਿਰ

(*ਇਸ ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਅਟਲ ਬਿਹਾਰੀ ਵਾਜਪਾਈ ਜੀ ਨੇ ਹਮੇਸ਼ਾ ਪੰਜਾਬ ਦਾ ਧਿਆਨ ਰੱਖਿਆ ਹੈ। ਜਦੋਂ 300 ਸਾਲਾ ਸੀ, ਉਦੋਂ ਵੀ ਬਾਦਲ ਸਾਹਿਬ ਨੇ ਜਿੰਨੇ ਪੈਸੇ ਮੰਗੇ, ਪੰਜਾਬ ਨੂੰ ਦਿੱਤੇ

ਗਏ। ਮੈਨੂੰ ਯਾਦ ਹੈ ਕਿ ਕੇਂਦਰ ਵਿੱਚ ਪਹਿਲੇ ਪੰਜਾਬੀ ਪ੍ਰਧਾਨ ਮੰਤਰੀ ਸਵਰਗੀ ਸ਼੍ਰੀ ਆਈ.ਕੇ. ਗੁਜਰਾਲ ਬਣੇ। ਉਹ 6-7 ਮਹੀਨੇ ਰਹੇ। ਲੇਕਿਨ 1997-98 ਵਿੱਚ ਬਾਦਲ ਸਾਹਿਬ ਮੁੱਖ ਮੰਤਰੀ ਸੀ। ਉਨ੍ਹਾਂ ਨੇ 8400 ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ। ਜਦੋਂ ਡਾਕਟਰ ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਬਣੇ ਤਾਂ ਆਸ ਸੀ ਕਿ ਉਹ ਪੰਜਾਬੀ ਪ੍ਰਧਾਨ ਮੰਤਰੀ ਹਨ, ਉਹ ਵੱਧ ਚੀਜ਼ ਦੇ ਕੇ ਜਾਣਗੇ। ਲੇਕਿਨ ਨਮੋਸ਼ੀ ਹੋਈ। ਵੈਸੇ ਉਹ ਅਸਾਮ ਤੋਂ ਇਲੈਕਟਿਡ ਹਨ। ਉਨ੍ਹਾਂ ਨੇ ਅਸਾਮ ਨੂੰ ਵੀ ਕੁਝ ਨਹੀਂ ਦਿੱਤਾ। ਪੰਜਾਬ ਨੂੰ ਵੀ ਕੁਝ ਨਹੀਂ ਦਿੱਤਾ। ਨਿਰਾਸ਼ਾ ਹੀ ਦਿੱਤੀ। ਲੇਕਿਨ ਲੀਡਰ ਆਫ ਦਿ ਆਪੋਜ਼ੀਸ਼ਨ, ਮੇਰੇ ਵਿਰੋਧੀ ਧਿਰ ਦੇ ਸਾਥੀ ਹੀ ਡਾਕਟਰ ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਦਾ ਵਖਿਆਨ ਕਰ ਰਹੇ ਸੀ ਕਿ ਉਨ੍ਹਾਂ ਨੇ ਇਹ ਦਿੱਤਾ, ਇਹ ਦਿੱਤਾ, ਇੰਨੇ ਵਧੀਆ ਕੰਮ ਕੀਤੇ। ਜੇ ਉਨ੍ਹਾਂ ਨੇ ਇੰਨੇ ਹੀ ਵਧੀਆ ਕੰਮ ਕੀਤੇ ਹਨ ਤਾਂ ਫਿਰ ਉਹ ਹੁਣ ਪ੍ਰਧਾਨ ਮੰਤਰੀ ਦੇ ਉਮੀਦਵਾਰ ਕਿਉਂ ਨਹੀਂ ਬਣੇ। ਆਪੇ ਹੀ ਕਹਿ ਦਿੱਤਾ ਕਿ ਮੈਂ ਹੁਣ 2014 ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਦਾ ਉਮੀਦਵਾਰ ਨਹੀਂ। ਉਹ ਕਿਉਂ ਭੱਜ ਗਏ? ਇਸ ਲਈ ਭੱਜ ਗਏ ਕਿ ਜਿੰਨੇ ਘੁਟਾਲੇ ਹੋਏ ਹਨ.....

(**ਇਕ ਅਵਾਜ਼** : ਏਜ਼ ਫੈਕਟਰ ਕਰਕੇ ਕਹਿੰਦੇ ਹਨ।)

ਸ਼੍ਰੀ ਮਨੋਰੰਜਨ ਕਾਲੀਆ : ਏਜ ਫੈਕਟਰ ਨਹੀਂ ਹੈ। ਅੱਜ ਹਾਲਾਤ ਇਹ ਹੈ ਕਿ ਡਾਕਟਰ ਮਨਮੋਹਨ ਸਿੰਘ ਦੀ ਸਥਿਤੀ ਉਸ ਸੈਨਾਪਤੀ ਦੀ ਹੈ, ਜਿਸ ਨੂੰ ਪਤਾ ਹੈ ਕਿ ਸਾਹਮਣੀਆਂ ਫੌਜਾਂ ਕੋਲੋਂ ਹਾਰ ਜਾਣਾ ਹੈ ਅਤੇ ਮੈਦਾਨ ਹੀ ਛੱਡ ਕੇ ਦੌੜ ਗਿਆ। ਇਹ ਬਿਲਕੁਲ ਏਜ਼ ਫੈਕਟਰ ਨਹੀਂ ਹੈ। ਏਜ਼ ਫੈਕਟਰ ਤਾਂ ਨਰਸਿਮ੍ਹਾ ਰਾਓ ਤੇ ਵੀ ਸੀ। ਉਹ ਵੀ ਰਹੇ ਹਨ। ਜੇਕਰ ਤੁਸੀਂ ਏਜ਼ ਫੈਕਟਰ ਕਹੋ ਤਾਂ ਪੰਡਤ ਜਵਾਹਰ ਲਾਲ ਨਹਿਰੂ ਜੀ ਵੀ ਰਹੇ ਹਨ। ...(ਵਿਘਨ).... ਇਹ ਤਾਂ ਮੈਂ ਫੈਕਟ ਕੋਟ ਕਰ ਰਿਹਾ ਹਾਂ। ਇਹ ਸਥਿਤੀ ਉਸੇ ਤਰ੍ਹਾਂ ਦੀ ਹੈ, ਜਿਵੇਂ ਜਹਾਜ਼ ਡੁੱਬਦਾ ਹੋਵੇ ਅਤੇ ਪਤਾ ਹੈ ਕਿ ਜਹਾਜ਼ ਡੁੱਬ ਰਿਹਾ ਹੈ .....(ਵਿਘਨ)....

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ।

ਸ਼੍ਰੀ ਸਭਾਪਤੀ : ਸੁਣ ਲਵੋ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਗਲਤ ਬਿਆਨੀ ਨਾ ਕਰਨ। ਹਰ ਕਿਸੇ ਵਿੱਚ ਇੰਨੀ ਹਿੰਮਤ ਨਹੀਂ ਹੁੰਦੀ, ਹਰ ਕੋਈ ਇੰਨਾ ਦਲੇਰਾਨਾ ਕੰਮ ਨਹੀਂ ਕਰ ਸਕਦਾ। ਹਰ ਕਿਸੇ ਦੀ ਆਤਮਾ ਇੰਨੀ ਤਕੜੀ ਨਹੀਂ ਹੁੰਦੀ ਕਿ ਉਹ ਆਪਣੇ ਆਪ ਆਪਣੀ ਉਮਰ ਦੇ ਅਨੁਸਾਰ ਸਾਰੇ ਵਧੀਆ ਕੰਮ ਕਰਕੇ ਇੱਜ਼ਤ ਨਾਲ ਛੱਡ ਕੇ ਜਾਵੇ। ਇਹ ਗਲਤ ਬਿਆਨੀ ਕਰ ਰਹੇ ਹਨ। ਅੱਜ ਡਾਕਟਰ ਮਨਮੋਹਨ ਸਿੰਘ ਜੀ ਇਸ ਕਰਕੇ ਰੜਕਦੇ ਹਨ ਕਿ ਉਹ ਪੰਜਾਬ ਦੇ ਹਨ, ਪੰਜਾਬੀਅਤ

[ਸਰਦਾਰ ਚਰਨਜੀਤ ਸਿੰਘ ਚੰਨੀ]

ਨੂੰ ਉਨ੍ਹਾਂ ਤੇ ਮਾਣ ਹੈ। ਉਸ ਨੇ ਸਿੱਖ ਕੌਮ ਦਾ ਹੀ ਨਹੀਂ, ਪੂਰੇ ਪੰਜਾਬ ਦਾ ਸਿਰ ਉੱਚਾ ਕੀਤਾ ਹੈ। ਪੰਜਾਬੀਆਂ ਦੀ ਇੱਜ਼ਤ ਡਾਕਟਰ ਮਨਮੋਹਨ ਸਿੰਘ ਜੀ ਨੇ ਬਣਾਈ ਹੈ।

ਸ਼੍ਰੀ ਸਭਾਪਤੀ : ਹਾਂ ਜੀ, ਕਾਲੀਆ ਸਾਹਿਬ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਨੇ ਮੰਨਿਆ ਹੈ ਕਿ ਉਹ ਛੱਡ ਕੇ ਜਾ ਰਹੇ ਹਨ। ਸਥਿਤੀ ਇਹ ਹੈ ਕਿ ਜਦੋਂ ਪਤਾ ਹੈ ਕਿ ਜਹਾਜ਼ ਡੁੱਬ ਰਿਹਾ ਹੈ, ਤੁਸੀਂ ਟਾਈਟੈਨਿਕ ਫਿਲਮ ਵੀ ਦੇਖੀ ਹੋਣੀ ਹੈ। ਉਸ ਦੇ ਵਿੱਚ ਪਤਾ ਹੈ ਕਿ ਜਹਾਜ਼ ਡੁੱਬ ਰਿਹਾ ਹੈ। ਉਹ ਲੋਕਾਂ ਨੂੰ ਤਾਂ ਬਚਾ ਰਿਹਾ ਹੈ ਪਰ ਕਪਤਾਨ ਆਪਣੇ ਸ਼ਿੱਪ ਦੇ ਨਾਲ ਹੀ ਡੁੱਬਿਆ, ਉਸ ਦੇ ਨਾਲ ਹੀ ਮਰਿਆ ਲੇਕਿਨ ਇਹ ਕਪਤਾਨ ਐਸਾ ਹੈ ਕਿ ਕਾਂਗਰਸ ਦਾ ਜਹਾਜ਼ ਡੁੱਬ ਰਿਹਾ ਹੈ ਅਤੇ ਉਹ ਕਹਿੰਦਾ ਹੈ ਕਿ ਮੈਂ ਇਸ ਨੂੰ ਛੱਡ ਕੇ ਨੌਂ ਦੋ ਗਿਆਰਾਂ ਹੋ ਜਾਵਾਂ।

ਸਰਦਾਰ ਸਾਧੂ ਸਿੰਘ : ਚੇਅਰਮੈਨ ਸਾਹਿਬ, ...

ਸ਼੍ਰੀ ਸਭਾਪਤੀ : ਤੁਸੀਂ ਇੰਜ ਨਾ ਕਰੋ, ਇਨ੍ਹਾਂ ਨੂੰ ਬੋਲਣ ਦਿਓ। ਪਲੀਜ਼, ਤੁਸੀਂ ਦੋ ਮਿੰਟ ਬੈਠੋ। ਤੁਹਾਡਾ ਸਮਾਂ ਹੈ, ਤੁਹਾਨੂੰ ਸਮਾਂ ਦੇ ਦਿਆਂਗੇ, ਪਲੀਜ਼, ਬੈਠੋ। ਹਾਂ ਜੀ, ਕਾਲੀਆ ਸਾਹਿਬ।

ਸ਼੍ਰੀ ਮਨੋਰੰਜਨ ਕਾਲੀਆ : ਮੈਂ ਤਾਂ ਤਾਰੀਫਾਂ ਦੀ ਗੱਲ ਕਰ ਰਿਹਾ ਹਾਂ ਕਿ ਵਿਰੋਧੀ ਧਿਰ ਵਾਲੇ ਤਾਰੀਫ ਕਰਦੇ ਸੀ। ਜੇ ਤਾਰੀਫ ਕਰਦੇ ਹਨ ਤਾਂ ਭੱਜੇ ਕਿਉਂ। ਕਹਿੰਦੇ ਹਨ ਕਿ ਕਸ਼ਮਾ (ਮੁਆਫੀ) ਤਾਕਤਵਰ ਦਾ ਗਹਿਣਾ ਹੈ। ਕੋਈ ਭਲਵਾਨ ਹੋਵੇ ਅਤੇ ਬੰਦਾ ਕਹਿੰਦਾ ਕਿ ਕਸੂਰਵਾਰ ਹੈ ਕਹਿੰਦਾ ਚੱਲ ਤੈਨੂੰ ਮੁਆਫ ਕਰ ਦਿੱਤਾ। ਕਮਜ਼ੋਰ ਦੀ ਕਮਜ਼ੋਰੀ ਹੁੰਦੀ ਹੈ। ਡਾਕਟਰ ਮਨਮੋਹਨ ਸਿੰਘ ਜੀ ਕਹਿੰਦੇ ਕਿ 2014 ਵਿੱਚ ਮੈਂ ਯੂ.ਪੀ.ਏ. ਨੂੰ ਜਿਤਾ ਕੇ ਮੈਂ ਪ੍ਰਧਾਨ ਮੰਤਰੀ ਨਹੀਂ ਬਣਦਾ, ਫਿਰ ਗੱਲ ਸੀ। ਹੁਣ ਤਾਂ ਪਤਾ ਹੈ ਕਿ ਹਾਰ ਸਾਹਮਣੇ ਹੈ। ਆਉਣ ਵਾਲੇ ਸਮੇਂ ਵਿੱਚ, 2014 ਦੀਆਂ ਚੋਣਾਂ ਵਿੱਚ ਮੋਦੀ ਜੀ ਪ੍ਰਧਾਨ ਮੰਤਰੀ ਬਣਨ ਵਾਲੇ ਹਨ। ਇਸ ਲਈ ਆਪ ਹੀ ਉਨ੍ਹਾਂ ਨੇ ਪਹਿਲਾਂ ਕਹਿ ਦਿੱਤਾ ਹੈ ਕਿ ਮੈਂ ਰੇਸ ਵਿਚ ਨਹੀਂ ਹਾਂ। ਹਾਂ, ਮਾਨਯੋਗ ਚੇਅਰਮੈਨ ਸਾਹਿਬ, ਸਵਾਲ ਇਹ ਹੈ ਕਿ ਜਦੋਂ ਕੋਈ ਪ੍ਰਾਜੈਕਟ ਦਿੱਤਾ ਜਾਂਦਾ ਹੈ ਤਾਂ ਫਿਰ ਉਸ ਨੂੰ ਖੋਹਿਆ ਨਹੀਂ ਜਾਂਦਾ। ਰੇਲਵੇ ਕੋਚ ਫੈਕਟਰੀ ਕਪੂਰਥਲਾ ਲੱਗੀ ਹੋਈ ਹੈ ਤੇ ਉਥੇ ਕੋਚਿਜ਼ ਬਣਾਉਂਦੀ ਹੈ ਤੇ ਉਸ ਦੀ 1800 ਦੀ ਕਪੈਸਿਟੀ ਹੈ ਤੇ ਲਗਭਗ 600 ਉਥੇ ਲਾਈਟ ਵੇਟ ਕੋਚਿਜ਼ ਬਣਦੇ ਹਨ। ਲੇਕਿਨ ਹੁਣ ਕੀ ਹੋਇਆ ਹੈ ਕਿ ਇਸ ਦੀ ਯੂ.ਪੀ.ਏ. ਸਰਕਾਰ ਨੇ ਗਿਣਤੀ ਘਟਾ ਦਿੱਤੀ ਹੈ। 600 ਤੋਂ ਪਿਛਲੇ ਸਾਲ 450 ਕਰ ਦਿੱਤੀ ਤੇ ਫਿਰ 375 ਕਰ ਦਿੱਤੇ, ਰੇਲ ਕੋਚ ਫੈਕਟਰੀ ਨਾਲ ਪੰਜਾਬ ਵਿੱਚ ਇਨਸਿਲਰੀ ਇੰਡਸਟਰੀ ਲੱਗੀ ਹੋਈ ਹੈ। ਮੇਰੇ ਭਰਾ ਇੰਡਸਟਰੀ ਦੀ ਚਿੰਤਾ ਕਰਦੇ ਹਨ, ਇਨਸਿਲਰੀ ਇੰਡਸਟਰੀ ਕਾਫੀ ਲੱਗੀ ਹੋਈ ਹੈ ਜਿਹੜੀ ਉਸ ਨੂੰ ਫੀਡ ਕਰਦੀ ਹੈ। ਜਦੋਂ ਇਹ ਲੱਗੀ ਸੀ ਤਾਂ ਇਸ ਦੇ ਇਨਫਰਾਸਟ੍ਰਕਚਰ ਉਤੇ ਕਰੋੜਾਂ ਰੁਪਿਆ

ਖਰਚ ਹੋਇਆ ਸੀ ਔਰ ਇਥੋਂ ਟਰੇਨਿੰਗ ਲਈ ਜਰਮਨੀ ਭੇਜੇ ਗਏ, ਲੇਕਿਨ ਇਥੇ ਸਿਰਫ ਸੈਲ ਬਣਦੇ ਹਨ ਤੇ ਇਥੋਂ ਸੈਲ ਬਣਾ ਕੇ ਦੂਜੀ ਕੰਸਟੀਚਿਊਐਂਸੀ ਵਿਚ ਨਵੀਂ ਫੈਕਟਰੀ ਲੱਗੀ ਹੈ, ਉਥੇ ਭੇਜੇ ਜਾ ਰਹੇ ਹਨ। ਉਹ ਕੰਸਟੀਚਿਊਐਂਸੀ ਹੈ ਰਾਏ ਬਰੇਲੀ, ਉਹ ਕੰਸਟੀਚਿਊਐਂਸੀ ਕਿਸ ਦੀ ਹੈ, ਉਹ ਮੈਡਮ ਦੀ ਕੰਸਟੀਚਿਊਐਂਸੀ ਹੈ। ਜਿਹੜੀ ਰੇਲ ਕੋਚ ਫੈਕਟਰੀ ਲੱਗੀ ਹੈ, ਇਥੋਂ ਘਟਾ ਕੇ, ਇਥੋਂ ਖੋਹ ਕੇ, ਪੰਜਾਬ ਦਾ ਹਿੱਤ ਜਿਹੜਾ ਹੈ, ਉਸ ਦਾ ਘਾਣ ਕਰਕੇ ਉਥੇ ਜਿਹੜੀ ਫੈਕਟਰੀ ਹੈ, ਉਥੇ 60 ਕੋਚਿਜ਼ ਤੋਂ ਇਕ ਸਾਲ ਵਿਚ 250 ਕੋਚਿਜ਼ ਕਰ ਦਿੱਤੇ ਕਿ ਮੈਡਮ ਦੇ ਉਥੇ ਨੰਬਰ ਬਣਾਉਣੇ ਹਨ। ਪੰਜਾਬ ਦੀ ਰੇਲ ਕੋਚ ਫੈਕਟਰੀ ਵਿਚੋਂ ਘਟਾ ਕੇ ਉਥੇ ਵਧਾ ਦਿੱਤੇ ਹਨ। ਜਿਹੜੀ ਚੀਜ਼ ਪੰਜਾਬ ਨੂੰ ਦਿੱਤੀ ਹੈ, ਉਹ ਵੀ ਖੋਹ ਰਹੇ ਹਨ, ਆਪਣੇ ਕੋਲੋਂ ਤਾਂ ਕੀ ਦੇਣਾ ਹੈ। ਸਵਾਲ ਪੰਜਾਬ ਦੀ ਹੱਕ ਰਸੀ ਦਾ ਹੈ ਕਿ ਹੱਕ ਰਸੀ ਜਿਹੜੀ ਹੈ, ਜਦੋਂ ਸ਼੍ਰੀ ਨਰਿੰਦਰ ਮੋਦੀ ਜੀ ਜਗਰਾਉਂ ਆਏ ਸੀ ਤਾਂ ਬਾਦਲ ਸਾਹਿਬ ਨੇ ਉਥੇ ਪੰਜਾਬ ਦੀਆਂ ਮੰਗਾਂ ਰੱਖੀਆਂ, ਉਨ੍ਹਾਂ ਨੇ ਇਕੋ ਗੱਲ ਕਹੀ ਕਿ ਬਾਦਲ ਸਾਹਿਬ, ਤੁਸੀਂ ਮੈਨੂੰ ਪੰਜਾਬ ਦੀ ਪੱਗੜੀ ਪਹਿਨਾਈ ਹੈ, ਮੈਂ ਇਸ ਪੱਗੜੀ ਦੀ ਲਾਜ ਰੱਖਾਂਗਾ ਪਰ ਸਾਥੀਉ, ਅਕਾਲੀ-ਭਾਜਪਾ ਸਰਕਾਰ ਨੇ ਨਵੇਂ ਕਦਮ ਪੁੱਟੇ ਹਨ। ਕਹਿੰਦੇ ਹਨ ਕਿ All is yellow through jaundice time. ਪੀਲੀਏ ਦੇ ਬਿਮਾਰ ਨੂੰ ਪੀਲੀਆ ਹੀ ਪੀਲੀਆ ਨਜ਼ਰ ਆਉਂਦਾ ਹੈ। ਜੇ ਪ੍ਰਾਗਰੈਸਿਵ ਪੰਜਾਬ ਸਮਿੱਟ ਕੀਤਾ ਹੈ ਤਾਂ ਇਤਿਹਾਸ ਵਿੱਚ ਪਹਿਲੀ ਵਾਰੀ ਹੈ ਕਿ ਇਸ ਵਿਚ ਇੰਨੇ ਸਾਰੇ ਨੈਸ਼ਨਲ, ਇੰਟਰ ਨੈਸ਼ਨਲ ਰਿਪਿਊਟਡ ਲੋਕ ਪੰਜਾਬ ਵਿਚ ਆਏ ਹਨ। ਇਹ ਪਹਿਲਕਦਮੀ ਅੱਗੇ ਨਹੀਂ ਹੋਈ। ਜੇ ਪ੍ਰਾਗਰੈਸਿਵ ਪੰਜਾਬ ਐਗਰੀਕਲਚਰਲ ਸਮਿੱਟ ਕੀਤਾ, ਇਹ ਪਹਿਲਾਂ ਨਹੀਂ ਹੋਇਆ। ਅੱਜ ਜਿਹੜਾ ਹੈ ਉਹ ਬਿਲਕੁਲ ਠੀਕ ਹੈ ਕਿ ਜਿਹੜਾ ...

ਸਰਦਾਰ ਰਣਦੀਪ ਸਿੰਘ ਨਾਭਾ : ਚੇਅਰਮੈਨ ਸਾਹਿਬ, ਮੈਂ ਮੁਆਫੀ ਚਾਹੁੰਦਾ ਹਾਂ ਕਿ ਇਹ ਮੇਰੇ ਸਤਿਕਾਰਯੋਗ ਮੈਂਬਰ ਸਾਹਿਬ ਹਨ, ਮੈਂ ਇਨ੍ਹਾਂ ਨੂੰ ਟੋਕਣਾ ਨਹੀਂ ਚਾਹੁੰਦਾ ਲੇਕਿਨ ਮੇਰੀ ਬੇਨਤੀ ਇਹ ਹੈ ਕਿ ਮੇਰੇ ਕੋਲ ਆਰ.ਟੀ.ਆਈ. ਦੀ ਇਨਫਰਮੇਸ਼ਨ ਹੈ, ਜਿਹੜਾ ਤੁਸੀਂ All is yellow ਦਾ ਜ਼ਿਕਰ ਕਰ ਰਹੇ ਸੀ ਕਿ ਪੀਲੀਏ ਦੀ ਬਿਮਾਰੀ ਹੈ, ਮੈਂ ਤਾਂ ਕਹਿੰਦਾ ਹਾਂ ਕਿ ਹਾਲੇ ਵੀ ਪੀਲੀਏ ਦੀ ਬਿਮਾਰੀ ਲੱਗੀ ਹੋਈ ਹੈ। ਚੇਅਰਮੈਨ ਸਾਹਿਬ, ਇਹ ਇਨਫਰਮੇਸ਼ਨ ਮੇਰੇ ਕੋਲ ਹੈ ਤੇ ਕੰਪਨੀਜ਼ ਵੀ ਇਨਕਾਰਪੋਰੇਟ ਨਹੀਂ ਹੋਈਆਂ ਹਨ, ਇਹ ਜਵਾਬ ਸਰਕਾਰ ਵੱਲੋਂ ਹੀ ਆਇਆ ਹੋਇਆ ਹੈ, ਇਹ ਆਰ.ਟੀ.ਆਈ. ਦੀ ਇਨਫਰਮੇਸ਼ਨ ਹੈ, 16 ਕੰਪਨੀਆਂ ਅਜਿਹੀਆਂ ਹਨ ਜਿਹੜੀਆਂ ਇਨਕਾਰਪੋਰੇਟ ਨਹੀਂ ਹੋਈਆਂ ਜਿਨ੍ਹਾਂ ਨਾਲ ਐਮ.ਓ.ਯੂ. ਸਾਈਨ ਹੋਏ ਹਨ। ਇਹ ਕਾਪੀ ਮੇਰੇ ਕੋਲ ਹੈ ਜੇ ਕਹਿੰਦੇ ਹੋ ਤਾਂ ਮੈਂ ਟੇਬਲ ਉਤੇ ਰੱਖ ਦਿੰਦਾ ਹਾਂ। ਇਹ 65,000 ਕਰੋੜ ਰੁਪਏ ਦੀ ਇਨਵੈਸਟਮੈਂਟ ਦਾ ਜ਼ਿਕਰ ਕਰ ਰਹੇ ਹਨ। ਮੇਰੇ ਕੋਲ ਇਨ੍ਹਾਂ ਦੀ ਹਰ ਮੈਮੋਰੰਡਮ ਆਫ ਅੰਡਰਸਟੈਂਡਿੰਗ ਦੀ ਕਾਪੀ ਪਈ ਹੈ। ਸੋ, ਮੈਂ, ਚੇਅਰਮੈਨ ਸਾਹਿਬ, ਬੇਨਤੀ ਕਰਦਾ ਹਾਂ ਕਿ ਜਿਹੜੀ ਗਲਤ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਉਸ ਨੂੰ ਐਕਸਪੰਜ ਕੀਤਾ ਜਾਵੇ।

ਸ਼੍ਰੀ ਸਭਾਪਤੀ : ਹਾਂ ਜੀ, ਕਾਲੀਆ ਜੀ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਚੇਅਰਮੈਨ ਸਾਹਿਬ, ਪੰਜਾਬ ਜਿਹੜਾ ਹੈ, ਉਹ ਕ੍ਰਿਸ਼ੀ ਪ੍ਰਧਾਨ ਦੇਸ਼ ਹੈ। ਇਹ ਬਿਲਕੁਲ ਠੀਕ ਹੈ ਕਿ ਖੇਤੀ ਜਿਹੜੀ ਹੈ, ਉਹ ਲਾਹੇਵੰਦ ਨਹੀਂ ਰਹੀ, ਇਹ ਕਿੱਤਾ ਲਾਹੇਵੰਦ ਕਿਉਂ ਨਹੀਂ ਰਿਹਾ ਵਿਰੋਧੀ ਪਕਸ਼ ਵਲੋਂ ਜ਼ਿਕਰ ਕਰ ਰਹੇ ਸੀ ਕਿ ਜਦੋਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ ਤਾਂ ਐਮ.ਐਸ.ਪੀ. ਸਿਰਫ 50/-ਰੁਪਏ ਵਧੀ। ਸਵਾਲ ਇਹ ਹੈ ਕਿ ਕਾਸਟ ਆਫ਼ ਪ੍ਰੋਡਕਸ਼ਨ, ਰੇਟ ਆਫ਼ ਇਨਫਲੇਸ਼ਨ ਤੇ ਫੇਰ ਐਮ.ਐਸ.ਪੀ. ਦੇ ਹਿਸਾਬ ਨਾਲ ਗੇਹੂੰ, ਝੋਨੇ ਦੀ ਮੈਕਸੀਮਮ ਰਿਟੇਲ ਪ੍ਰਾਈਸ ਵਧਣੀ ਚਾਹੀਦੀ ਹੈ। ਤੁਸੀਂ ਦੇਖੋ ਕਿ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਪੁਆਇੰਟਾਂ ਵਿੱਚ ਮਹਿੰਗਾਈ ਸੀ। 1.3% ਜਾਂ 1.4% ਪਰ ਅੱਜ ਮਹਿੰਗਾਈ ਕਿੰਨੀ ਹੈ, 10% ਕਿਉਂਕਿ ਜਦੋਂ ਜਦੋਂ ਵੀ ਕਾਂਗਰਸ ਆਉਂਦੀ ਹੈ ਇਹ ਮਹਿੰਗਾਈ ਲੈ ਕੇ ਆਉਂਦੀ ਹੈ। ਕਾਂਗਰਸ ਅਤੇ ਮਹਿੰਗਾਈ ਇਕੋ ਪਹਿਲੂ ਦੇ ਦੋ ਸਿੱਕੇ ਹਨ, ਇਹ ਸਕੀਆਂ ਭੈਣਾਂ ਹਨ। ਸਾਲ 2010 ਵਿੱਚ ਪੈਡੀ ਦੀ ਐਮ.ਐਸ.ਪੀ. 1000/- ਰੁਪਿਆ ਸੀ, ਕਾਸਟ ਆਫ਼ ਪ੍ਰੋਡਕਸ਼ਨ 742/- ਰੁਪਿਆ ਸੀ। ਇਸ ਤਰ੍ਹਾਂ ਮਾਰਜਨ ਆਫ਼ ਪ੍ਰਾਫਿਟ 34.7% ਹੋ ਗਿਆ। ਸਾਲ 2011-12 ਵਿੱਚ ਐਮ.ਐਸ.ਪੀ. 1000/- ਰੁਪਏ ਤੋਂ ਵਧਾ ਕੇ 1080/- ਰੁਪਏ ਕਰ ਦਿੱਤੀ ਗਈ। ਸਿਰਫ਼ 80/- ਰੁਪਏ ਵਧਾਏ ਗਏ। ਹੁਣ ਕਹਿ ਦੇਣਗੇ ਕਿ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਐਮ.ਐਸ.ਪੀ. 50/- ਰੁਪਏ ਵਧੇ ਸੀ, ਅਸੀਂ 80/- ਰੁਪਏ ਵਧਾ ਦਿੱਤੇ। ਕਾਸਟ ਆਫ਼ ਪ੍ਰੋਡਕਸ਼ਨ 888/- ਰੁਪਏ ਹੋ ਗਈ ਅਤੇ ਮਾਰਜਨ ਆਫ਼ ਪ੍ਰਾਫਿਟ 21.62%, ਘੱਟ ਗਿਆ। ਸਾਲ 2012-13 ਵਿੱਚ ਐਮ.ਐਸ.ਪੀ. 1250/- ਰੁਪਏ ਹੋ ਗਈ। ਕਹਿੰਦੇ ਕਿ ਬਹੁਤ ਵਧਾ ਦਿੱਤੀ। 1080/- ਰੁਪਏ ਤੋਂ 1250/- ਰੁਪਏ ਕਰ ਦਿੱਤੀ ਪਰ ਜਿਹੜੀ ਮਹਿੰਗਾਈ ਨੇ ਕਾਸਟ ਆਫ਼ ਪ੍ਰੋਡਕਸ਼ਨ ਵਧਾਈ, ਉਹ 1152/- ਰੁਪਏ ਹੋ ਗਈ ਜਿਸ ਨਾਲ ਮਾਰਜਨ ਆਫ਼ ਪ੍ਰਾਫਿਟ 8.5% ਹੋ ਗਿਆ। ਇਹ ਝੋਨੇ ਦੀ ਕਹਾਣੀ ਹੈ। ਮੈਂ ਗੇਹੂੰ ਬਾਰੇ ਦੱਸਣ ਲੱਗਿਆ ਹਾਂ। ਸਾਲ 2010 ਵਿੱਚ ਐਮ.ਐਸ.ਪੀ. 1100/- ਰੁਪਏ ਸੀ ਅਤੇ ਕਾਸਟ ਆਫ਼ ਪ੍ਰੋਡਕਸ਼ਨ 826/- ਰੁਪਏ ਸੀ, ਮਾਰਜਨ ਆਫ਼ ਪ੍ਰਾਫਿਟ 33.17% ਸੀ। 10% ਮਹਿੰਗਾਈ ਹੋਣ ਕਾਰਨ ਇਨ੍ਹਾਂ ਨੇ ਸਾਲ 2011-12 ਵਿੱਚ ਐਮ.ਐਸ.ਪੀ. 20/- ਰੁਪਏ ਵਧਾ ਕੇ ਇਸ ਨੂੰ 1120/- ਰੁਪਏ ਕਰ ਦਿੱਤਾ। ਕਾਸਟ ਆਫ਼ ਪ੍ਰੋਡਕਸ਼ਨ 927/- ਰੁਪਏ ਹੋ ਗਿਆ ਅਤੇ ਮਾਰਜਨ ਆਫ਼ ਪ੍ਰਾਫਿਟ 20.81% ਹੋ ਗਿਆ। ਇਸੇ ਤਰ੍ਹਾਂ ਸਾਲ 2012-13 ਵਿੱਚ ਐਮ.ਐਸ.ਪੀ. 1285/- ਰੁਪਏ ਸੀ, ਕਾਸਟ ਆਫ਼ ਪ੍ਰੋਡਕਸ਼ਨ 1128/- ਰੁਪਏ, ਜਿਸ ਨਾਲ ਮਾਰਜਨ ਆਫ਼ ਪ੍ਰਾਫਿਟ ਸਿਰਫ਼ 13.91% ਰਹਿ ਗਿਆ। ਇਸ ਮਹਿੰਗਾਈ ਦੇ ਕਾਰਨ ਅਤੇ ਜਿਸ ਪ੍ਰੋਪੋਸ਼ਨੇਟ ਵਿੱਚ ਐਮ.ਐਸ.ਪੀ. ਵਧਣੀ ਚਾਹੀਦੀ ਸੀ, ਜਿਸ ਪ੍ਰੋਪੋਰਸ਼ਨ ਵਿੱਚ ਇਨਫਲੇਸ਼ਨ ਵਧਦੀ ਹੈ, ਉਸ ਪ੍ਰੋਪੋਰਸ਼ਨ ਵਿੱਚ ਐਮ.ਐਸ.ਪੀ. ਨਹੀਂ ਵਧੀ ਜਿਸ ਕਾਰਨ ਇਹ ਖੇਤੀਬਾੜੀ ਦਾ ਕਿੱਤਾ ਲਾਹੇਵੰਦ ਨਹੀਂ ਰਿਹਾ। ਇਹ ਬਿਲਕੁਲ ਠੀਕ ਹੈ, ਅੱਜ ਡਾਈਵਰਸੀਫਿਕੇਸ਼ਨ ਦੀ ਜ਼ਰੂਰਤ ਹੈ ਲੇਕਿਨ ਜੇਕਰ ਅਸੀਂ ਕਹੀਏ ਕਿ ਇਹ ਸਿਰਫ਼ ਪ੍ਰਦੇਸ਼ ਕਰ ਲਵੇਗਾ, ਨਹੀਂ। ਜਿਸ ਫ਼ਸਲ ਵਿੱਚ ਅਸੀਂ ਡਾਈਵਰਸੀਫਿਕੇਸ਼ਨ ਚਾਹੁੰਦੇ ਹਾਂ ਉਸ ਵਾਸਤੇ ਕੇਂਦਰ ਸਰਕਾਰ ਨੂੰ ਅੱਗੇ ਆਉਣਾ

ਹੋਵੇਗਾ ਕਿਉਂਕਿ ਕਿਸਾਨ ਪ੍ਰਾਫਿਟ ਲੈਣ ਲਈ, ਲਾਭ ਲੈਣ ਲਈ ਕੰਮ ਕਰਦਾ ਹੈ ਤਾਂ ਕਿ ਉਸ ਨੂੰ ਇਸ ਕੰਮ ਵਿੱਚ ਲਾਭ ਮਿਲੇ। ਇਸ ਵਾਸਤੇ ਉਸ ਨੂੰ ਦੱਸਣਾ ਪਵੇਗਾ ਕਿ ਜਿਹੜੀਆਂ ਡਾਈਵਰਸੀਫਾਈਡ ਕਰਾਪਸ ਹਨ, ਉਨ੍ਹਾਂ ਵਿੱਚ ਮਿਨੀਮਮ ਸਪੋਰਟ ਪ੍ਰਾਈਸ ਹੈ। ਅਸੀਂ ਆਇਲ ਸੀਡਸ 30,000 ਕਰੋੜ ਦੇ ਇੰਪੋਰਟ ਕਰਦੇ ਹਾਂ। ਹੋਰ ਵੀ ਕਈ ਖਾਧ ਪਦਾਰਥ ਇੰਪੋਰਟ ਕਰਦੇ ਹਾਂ ਉਨ੍ਹਾਂ ਦੀ ਇੱਥੇ ਖੇਤੀ ਹੋਵੇ ਪਰ ਉਨ੍ਹਾਂ ਦੀ ਐਮ.ਐਸ.ਪੀ. ਇਸ ਢੰਗ ਦੀ ਹੋਵੇ ਕਿ ਉਹ ਗੇਹੂੰ ਅਤੇ ਝੋਨੇ ਨਾਲੋਂ ਜ਼ਿਆਦਾ ਲਾਹੇਵੰਦ ਹੋਵੇ ਅਤੇ ਕਿਸਾਨ ਨੂੰ ਲੱਗੇ ਕਿ ਮੈਨੂੰ ਇਸ ਵਾਸਤੇ ਐਸ਼ੋਰਡ ਮਾਰਕੀਟ ਮਿਲ ਰਹੀ ਹੈ ਲੇਕਿਨ ਗਲਤ ਨੀਤੀਆਂ ਕਾਰਨ ਇਹ ਸਭ ਕੁਝ ਹੋ ਰਿਹਾ ਹੈ। ਮਹਿੰਗਾਈ ਕਿਉਂ ਹੋ ਰਹੀ ਹੈ ? ਇਹ ਗਲਤ ਨੀਤੀਆਂ ਕਾਰਨ ਹੋ ਰਹੀ ਹੈ। ਅੱਜ ਮਹਿੰਗਾਈ ਕਾਰਨ ਆਮ ਲੋਕ ਹੀ ਨਹੀਂ ਸਗੋਂ ਸਰਕਾਰਾਂ ਦੇ ਬਜਟ ਵੀ ਹਿੱਲ ਗਏ ਹਨ। ਆਮ ਲੋਕ ਵੀ ਦੁਖੀ ਹਨ, ਕਿਉਂ ? ਕੁਝ ਮਹਿੰਗਾਈ ਅਜਿਹੀ ਹੈ ਜਿਹੜੀ ਸਾਡੇ ਕੰਟਰੋਲ ਵਿੱਚ ਨਹੀਂ ਹੈ। ਬਾਹਰਲੇ ਮੁਲਕਾਂ ਵਿੱਚ ਆਇਲ ਪ੍ਰਾਈਸ ਵੱਧ ਗਏ, ਸਾਡੇ ਕੰਟਰੋਲ ਵਿੱਚ ਨਹੀਂ ਹਨ। ਲੇਕਿਨ ਖਾਧ ਪਦਾਰਥਾਂ ਦੀ ਮਹਿੰਗਾਈ ਜੋ ਕਿ 18-20% ਵਧਦੀ ਹੈ, ਉਹ ਤਾਂ ਸਾਡੇ ਕੰਟਰੋਲ ਵਿੱਚ ਹੈ। ਜਿੰਨੀ ਚੀਜ਼ ਸਾਨੂੰ ਚਾਹੀਦੀ ਹੈ ਜੇ ਉਸ ਦਾ ਉਤਪਾਦਨ ਪੂਰਾ ਪੂਰਾ ਹੁੰਦਾ ਹੈ ਤਾਂ ਫਿਰ ਸਾਨੂੰ ਐਕਸਪੋਰਟ ਕਰਨ ਦੀ ਲੋੜ ਨਹੀਂ ਹੈ। ਲੇਕਿਨ ਇਹ ਪਤਾ ਹੈ ਕਿ ਇੱਥੇ ਪਿਆਜ਼ ਦੀ ਫਸਲ ਘੱਟ ਹੋਈ ਹੈ, ਫਿਰ ਵੀ ਇਨ੍ਹਾਂ ਨੇ ਐਕਸਪੋਰਟ ਕਰਵਾਇਆ ਤੇ ਚੀਨੀ ਐਕਸਪੋਰਟ ਕੀਤੀ। ਇਸੇ ਤਰ੍ਹਾਂ ਚਾਵਲ ਐਕਸਪੋਰਟ ਕੀਤਾ, ਜਿਸ ਨਾਲ ਖਾਧ ਪਦਾਰਥਾਂ ਦੀ ਕੀਮਤ ਵਧੀ। ਜਦੋਂ ਫਿਰ ਇੰਪੋਰਟ ਕੀਤਾ, ਫਿਰ ਆਪਣੀਆਂ ਜੇਬਾਂ ਉਸ ਨਾਲ ਭਰੀਆਂ। ਅੱਜ 44,000 ਕਰੋੜ ਰੁਪਏ ਦੇ ਫਰੂਟਸ, ਵੈਜੀਟੇਬਲਜ਼, ਪਲਸਿਜ਼, ਪੈਡੀ ਤੇ ਵ੍ਹੀਟ, ਹਰ ਸਾਲ ਡਿਸਟਰਾਇ ਭਾਵ ਖਰਾਬ ਹੁੰਦੇ ਹਨ। ਇਹ ਕੇਂਦਰ ਦੀ ਰਿਪੋਰਟ ਹੈ ਜੋ ਕਿ ਸੁਮਿਤਰਾ ਚੌਧਰੀ ਕਮੇਟੀ ਨੇ ਪੇਸ਼ ਕੀਤੀ ਹੈ। ਅੱਜ 13,000 ਕਰੋੜ ਰੁਪਏ ਦਾ ਖਰਾਬਾ ਫਰੂਟ ਅਤੇ ਵੈਜੀਟੇਬਲ ਤੋਂ ਹੈ, 31,000 ਕਰੋੜ ਰੁਪਏ ਦਾ ਨੁਕਸਾਨ ਵ੍ਹੀਟ ਤੇ ਰਾਈਸ ਦਾ ਹੋ ਰਿਹਾ ਹੈ। ਜੇ ਅਸੀਂ ਇਹੀ ਬਚਾ ਲਈਏ ਤਾਂ ਮਹਿੰਗਾਈ ਨੂੰ ਵੀ ਨੱਥ ਪਵੇਗੀ ਤੇ ਅਨਾਜ ਵੀ ਆਮ ਆਦਮੀ, ਗਰੀਬ ਦੇ ਪੇਟ ਤੱਕ ਪਹੁੰਚੇਗਾ।

ਸ਼੍ਰੀ ਸਭਾਪਤੀ : ਕਾਲੀਆ ਸਾਹਿਬ, ਤੁਸੀਂ ਸਮਅੱਪ ਕਰੋ ਜੀ। ਇੱਕ-ਦੋ ਬੰਦਿਆਂ ਨੇ ਇਧਰੋਂ ਤੇ ਫਿਰ ਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ।

ਸ਼੍ਰੀ ਮਨੋਰੰਜਨ ਕਾਲੀਆ : ਮੈਂ ਜਲਦੀ ਕਰ ਦਿੰਦਾ ਹਾਂ ਜੀ। ਇਸੇ ਤਰ੍ਹਾਂ ਅਕਾਲੀ ਦਲ...

ਸ਼੍ਰੀ ਸੁਨੀਲ ਜਾਖੜ : ਤੁਸੀਂ ਬਿਲਕੁਲ ਬੋਲੋ ਜੀ। ਮੈਂ ਤੁਹਾਡੀ ਪਰੇਜ਼ ਕਰਦਾ ਹਾਂ ਕਿ ਤੁਸੀਂ ਕਿਸਾਨੀ ਦੇ ਮੁੱਦੇ ਤੇ ਬੋਲ ਰਹੇ ਹੋ, ਨਹੀਂ ਤਾਂ ਆਮ ਤੌਰ ਤੇ ਤੁਸੀਂ ਸ਼ਹਿਰੀ ਖੇਤਰ ਦੀ ਹੀ ਗੱਲ ਕਰਦੇ ਹੋ।

ਸ਼੍ਰੀ ਮਨੋਰੰਜਨ ਕਾਲੀਆ : ਮੈਂ ਵੈਸੇ ਪਿਛਲੀ ਵਾਰੀ ਵੀ ਗੱਲ ਕੀਤੀ ਸੀ ਪਰ ਤੁਹਾਡੇ ਧਿਆਨ ਵਿੱਚ ਨਹੀਂ ਹੈ। ਮਾਨਯੋਗ ਚੇਅਰਮੈਨ ਸਾਹਿਬ, ਪਾਵਰ ਬਹੁਤ ਇੰਪਾਰਟੈਂਟ ਖੇਤਰ ਹੈ। ਕੋਈ ਵੀ ਖੇਤਰ, ਇੰਡਸਟਰੀ, ਉਦਯੋਗ, ਘਰ, ਪ੍ਰਦੇਸ਼ ਤੇ ਦੇਸ਼ ਤਰੱਕੀ ਨਹੀਂ ਕਰ ਸਕਦਾ ਜੇ ਪਾਵਰ ਦੇ ਖੇਤਰ ਵਿੱਚ ਇਜ਼ਾਫਾ ਨਾ ਹੋਵੇ। ਇਹ ਸੋਚ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਬਣਾਈ ਹੈ। ਉਦੋਂ ਵੀ ਇਹ ਕਹਿੰਦੇ ਸੀ ਕਿ ਖਦਸ਼ਾ ਹੈ ਕਿ ਇਹ ਥਰਮਲ ਪਾਵਰ ਪਲਾਂਟਸ ਨਹੀਂ ਲਗਣੇ, ਲੇਕਿਨ ਅੱਜ ਇਤਿਹਾਸ ਸਾਖਸ਼ੀ ਹੈ ਕਿ ਉਹ ਚਾਲੂ ਹੋ ਗਏ ਹਨ, ਉਨ੍ਹਾਂ ਨੇ ਬਿਜਲੀ ਦੇਣੀ ਸ਼ੁਰੂ ਕਰ ਦਿੱਤੀ ਹੈ। (ਥੰਪਿੰਗ) ਐਜੂਕੇਸ਼ਨ ਦੇ ਖੇਤਰ ਵਿੱਚ ਟੀਚਰਜ਼ ਪੱਕੇ ਕੀਤੇ ਗਏ ਹਨ।

ਸ਼੍ਰੀ ਸਭਾਪਤੀ : ਹਾਂ ਜੀ, ਪਹਿਲਾਂ ਇਨ੍ਹਾਂ ਦੀ ਗੱਲ ਸੁਣ ਲਈਏ।

ਸਰਦਾਰ ਹਰਦਿਆਲ ਸਿੰਘ ਕੰਬੋਜ : ਚੇਅਰਮੈਨ ਸਾਹਿਬ, ** **

Mr. Chairman : No Point of Order. ਕਾਲੀਆ ਜੀ, ਤੁਸੀਂ ਕੰਟੀਨਿਊ ਕਰੋ ਜੀ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਚੇਅਰਮੈਨ ਸਾਹਿਬ, ਪੰਜਾਬ ਵਿੱਚ ਬਿਜਲੀ ਦੇ ਖੇਤਰ ਵਿੱਚ ਇਜ਼ਾਫਾ ਹੋਇਆ ਹੈ, ਪੰਜਾਬ ਵਿੱਚ ਚਹੁੰ ਮੁਖੀ ਵਿਕਾਸ ਨੂੰ ਗਤੀਸ਼ੀਲਤਾ ਆਈ ਹੈ, ਤੇਜ਼ੀ ਆਈ ਹੈ।

ਮਾਨਯੋਗ ਚੇਅਰਮੈਨ ਸਾਹਿਬ, ਜਿਹੜੀ ਕੈਂਸਰ ਦੀ ਬਿਮਾਰੀ ਹੈ, ਉਸ ਵਾਸਤੇ ਖਾਸ ਕਦਮ ਪੁੱਟੇ ਗਏ ਹਨ ਕਿ ਡੇਢ ਲੱਖ ਰੁਪਿਆ ਸਰਕਾਰ ਵਲੋਂ ਸਬੰਧਤ ਪੇਸ਼ੈਂਟ ਨੂੰ ਦਿੱਤਾ ਜਾਵੇਗਾ। ਮੈਂ ਇਸ ਵਿੱਚ ਕੁਝ ਸੁਝਾਅ ਦੇਣੇ ਚਾਹੁੰਦਾ ਹਾਂ ਕਿਉਂਕਿ ਕੈਂਸਰ ਲਾਇਲਾਜ ਬਿਮਾਰੀ ਹੈ, ਇਸ ਦਾ ਹਾਲੇ ਤੱਕ ਇਲਾਜ ਨਹੀਂ ਹੈ। ਅਸੀਂ ਵਿਅਕਤੀ ਦੀ ਮੌਤ ਨੂੰ ਥੋੜ੍ਹਾ ਜਿਹਾ ਟਾਲ ਸਕਦੇ ਹਾਂ ਪਰ ਮਰਨਾ ਉਸ ਨੇ ਪੱਕਾ ਹੈ। ਕੈਂਸਰ ਅਗਰ ਫਸਟ ਸਟੇਜ ਤੇ ਪਕੜਿਆ ਜਾਵੇ ਸਿਰਫ ਤਾਂ ਹੀ ਉਸ ਦਾ ਇਲਾਜ ਹੈ ਪਰ ਪੂਰਾ ਇਲਾਜ ਨਹੀਂ ਹੈ। ਇਹ ਬਹੁਤ ਅੱਛਾ ਕੀਤਾ ਹੈ ਕਿ 16 ਹਸਪਤਾਲ ਇੰਪੈਨਲ ਕੀਤੇ ਗਏ ਹਨ ਔਰ 118 ਦਵਾਈਆਂ ਰੇਟ ਕੰਟਰੈਕਟ ਤੇ ਵੀ ਲਿਆਂਦੀਆਂ ਗਈਆਂ ਹਨ। ਇਹ ਵੀ ਹੈ ਕਿ ਡੇਢ ਲੱਖ ਤੋਂ ਜ਼ਿਆਦਾ ਪੈਸਾ ਇਲਾਜ ਤੇ ਲਗਦਾ ਹੈ। ਇਹ ਵੀ ਸੱਚ ਹੈ । ਮੇਰੇ ਕੋਲ ਜਲੰਧਰ ਦਾ ਇੱਕ ਕੇਸ ਆਇਆ ਕਿ ਉਹ ਇੰਪੈਨਲਡ ਹਸਪਤਾਲ ਵਿੱਚ ਇਲਾਜ ਵਾਸਤੇ ਗਿਆ ਪਰ ਉਹ ਕਹਿੰਦਾ ਕਿ ਮੈਂ ਇਥੋਂ ਦੀ ਬਜਾਏ ਪੀ.ਜੀ.ਆਈ. ਇਲਾਜ ਕਰਵਾਉਣਾ ਹੈ। ਫਿਰ ਕੇਸ ਟਰਾਂਸਫਰ ਹੋਣਾ ਮੁਸ਼ਕਿਲ ਹੈ। ਦੂਸਰਾ ਹੈ ਕਿ ਉਹ 16 ਹਸਪਤਾਲਾਂ ਵਿੱਚ ਜੇ ਇਲਾਜ ਕਰਵਾਉਣਾ ਚਾਹਵੇ ਤਾਂ ਇਨਬਿਟਵੀਨ ਜਦੋਂ ਉਸ ਨੂੰ ਡੇਢ ਲੱਖ ਰੁਪਿਆ ਮਿਲ ਜਾਵੇ ਤਾਂ ਉਹ ਦਵਾਈਆਂ ਸਾਰੀਆਂ ਉਹੀ ਹਸਪਤਾਲ ਪ੍ਰੋਵਾਈਡ ਕਰਦਾ ਹੈ। ਇਸ ਤੇ ਕੋਈ ਚੈੱਕ ਨਹੀਂ ਹੈ। ਚਾਹੇ ਉਹ ਦਵਾਈ ਮਹਿੰਗੀ ਲਗਾਵੇ ਚਾਹੇ ਸਸਤੀ ਲਗਾਵੇ, ਜਿੰਨਾ ਵੀ ਡੇਢ ਲੱਖ ਵਿਚ ਇਲਾਜ ਹੋ ਗਿਆ ਉਸ ਤੋਂ ਬਾਅਦ ਮਰੀਜ਼ ਨੂੰ ਪਲਿਓਂ ਪੈਸੇ

** Expunged as ordered by the Chair.

ਦੇਣੇ ਪੈਣੇ ਹਨ। ਇਸ ਲਈ ਮੇਰਾ ਸੁਝਾਓ ਹੈ ਕਿ ਕੈਂਸਰ ਦੇ ਮਰੀਜ਼ ਨੇ ਆਪਣਾ ਇਲਾਜ ਆਪ ਕਰਵਾਉਣਾ ਹੈ, He is the best judge ਜੇ ਅਸੀਂ ਉਸ ਨੂੰ ਹੀ ਡੇਢ ਲੱਖ ਦੇ ਦੇਈਏ ਕਿ ਆਪਣਾ ਇਲਾਜ ਕਰਵਾ ਲੈ, ਦਵਾਈਆਂ ਜਿਥੋਂ ਮਰਜ਼ੀ ਲੈ ਲਵੇ। ਇਸ ਨਾਲ ਮਰੀਜ਼ ਨੂੰ ਹੋਰ ਰਾਹਤ ਮਿਲ ਸਕਦੀ ਹੈ।

ਇਥੇ ਐਂਟਰੀ ਟੈਕਸ ਲਗਾਇਆ ਗਿਆ ਹੈ। ਇਸ ਨੂੰ ਵੈਲਕੰਮ ਵੀ ਕੀਤਾ ਗਿਆ ਹੈ। ਇਹ ਇਕ ਮਾਰਚ ਤੋਂ ਲਾਗੂ ਹੈ। ਪਰ ਮੈਨੂੰ ਕੁਝ ਵਪਾਰੀ ਭਰਾ ਮਿਲੇ ਹਨ। ਉਹ ਕਹਿੰਦੇ ਹਨ ਕਿ ਸਾਡਾ ਵਿੱਤੀ ਸਾਲ ਅਪ੍ਰੈਲ ਤੋਂ ਸ਼ੁਰੂ ਹੁੰਦਾ ਹੈ। ਅਸੀਂ ਆਪਣੇ ਪੁਰਾਣੇ ਸਾਫਟਵੇਅਰ ਪਾਏ ਹੋਏ ਹਨ। ਇਸ ਲਈ ਉਨ੍ਹਾਂ ਦੀ ਇਹ ਅਰਜੋਈ ਹੈ ਕਿ ਇਹ ਟੈਕਸ ਇਕ ਅਪ੍ਰੈਲ ਤੋਂ ਸ਼ੁਰੂ ਕੀਤਾ ਜਾਵੇ। ਉਹ ਟੈਕਸ ਦੇਣ ਨੂੰ ਤਿਆਰ ਹਨ। ਇਥੇ ਮਾਨਯੋਗ ਵਿੱਤ ਮੰਤਰੀ ਜੀ ਬੈਠੇ ਨਹੀਂ ਹਨ। ਮੈਂ ਉਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਸੀ ਕਿ ਪਿਛਲੇ ਸੈਸ਼ਨ ਦੌਰਾਨ ਉਨ੍ਹਾਂ ਨੇ ਨਾਰੀਅਲ ਤੇ ਵੈਟ ਮੁਆਫ਼ ਕਰਨ ਦਾ ਐਲਾਨ ਕੀਤਾ ਸੀ ਕਿਉਂਕਿ ਨਾਰੀਅਲ ਪੂਜਾ ਦਾ ਸਮਾਨ ਹੈ। ਹੁਣ 31 ਮਾਰਚ ਤੋਂ ਨਵਰਾਤਰੇ ਸ਼ੁਰੂ ਹੋ ਰਹੇ ਹਨ। ਹਰੇ ਔਰ ਸੁੱਕੇ ਨਾਰੀਅਲ ਤੇ ਡਰਾਈ ਫਰੂਟ ਦੇ ਤੌਰ ਤੇ ਵੈਟ ਲਗਾਇਆ ਜਾ ਰਿਹਾ ਹੈ। ਵਿੱਤ ਮੰਤਰੀ ਜੀ ਨੇ ਵੈਟ ਮੁਆਫ ਕਰਨ ਦਾ ਐਲਾਨ ਕੀਤਾ ਸੀ ਪਰ ਇਸ ਦੀ ਕੋਈ ਨੋਟੀਫਿਕੇਸ਼ਨ ਹਾਲੇ ਤੱਕ ਨਹੀਂ ਹੋਈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਸਬੰਧੀ ਜਲਦੀ ਕੋਈ ਨੋਟੀਫਿਕੇਸ਼ਨ ਜਾਰੀ ਕੀਤੀ ਜਾਵੇ।

ਸ਼੍ਰੀ ਸਭਾਪਤੀ : ਕਾਲੀਆ ਜੀ, ਤੁਸੀਂ ਸਮਾਪਤ ਕਰੋ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਸਭਾਪਤੀ ਜੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕਾਂਗਰਸ ਪਾਰਟੀ ਦੇ ਪ੍ਰਧਾਨ ਕੋਈ ਨਾ ਕੋਈ ਮੌਕਾ ਲੱਭਦੇ ਹਨ ਕਿ ਕਿਵੇਂ ਮੈਂ ਸਰਕਾਰ ਦੇ ਕੰਮਾਂ ਵਿਚ ਰੁਕਾਵਟ ਪਾਵਾਂ। ਪਿਛਲੇ ਦਿਨੀ ਜਦੋਂ ਪੰਚਾਇਤ ਚੋਣਾਂ ਹੋਈਆਂ ਤਾਂ ਪੰਜਾਬ ਦੇ ਵਿਚ ਪਹਿਲੀ ਵਾਰੀ ਵਾਰਡਬੰਦੀ ਕੀਤੀ ਗਈ ਪਰ ਸਾਡੇ ਕਾਂਗਰਸ ਪ੍ਰਧਾਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਕਰ ਦਿੱਤੀ। ** ** ਸਵੇਰੇ ਮੁੱਛਾਂ ਨੂੰ ਤਾਅ ਦੇ ਕੇ ਕੋਰਟ ਵਿਚ ਪਹੁੰਚ ਗਏ। ਜੱਜ ਸਾਹਿਬ ਆਏ ਤਾਂ ਸਾਰੇ ਖੜ੍ਹੇ ਹੋ ਗਏ ਅਤੇ ਕਾਂਗਰਸ ਪ੍ਰਧਾਨ ਵੀ ਖੜ੍ਹੇ ਹੋ ਗਏ ਤਾਂ ਜੱਜ ਸਾਹਿਬ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਇਨ੍ਹਾਂ ਨੇ ਕਿਹਾ ਕਿ ਮੈਂ ਕਾਂਗਰਸ ਦਾ ਪ੍ਰਧਾਨ ਹਾਂ, ਮੈਂ ਬਹਿਸ ਕਰਨੀ ਹੈ। ਜੱਜ ਸਾਹਿਬ ਨੇ ਇਨ੍ਹਾਂ ਨੂੰ ਉਥੇ ਚੁੱਪ ਕਰਕੇ ਬਿਠਾ ਦਿੱਤਾ ਅਤੇ ਕਿਹਾ ਕਿ ਤੁਹਾਡੇ ਵਕੀਲ ਬਹਿਸ ਕਰਨਗੇ। ਇਸ ਦੇ ਨਾਲ ਹੀ ਉਹ ਰਿੱਟ ਵੀ ਡਿਸਮਿਸ ਹੋ ਗਈ। ਇਥੇ ਹੀ ਬੱਸ ਨਹੀਂ, ਹੁਣੇ ਜਿਹੇ ਇਨ੍ਹਾਂ ਨੇ ਫਿਰ ਕੋਰਟ ਵਿਚ ਡਰੱਗ ਦਾ ਕੇਸ ਸੀ.ਬੀ.ਆਈ. ਨੂੰ ਸੌਂਪਣ ਲਈ ਰਿੱਟ ਪਾ ਦਿੱਤੀ। ਫਿਰ ਕੋਰਟ ਵਲੋਂ ਕਾਂਗਰਸ ਪ੍ਰਧਾਨ ਨੂੰ ਝਾੜ ਪਈ। ਕੋਰਟ ਨੇ ਕਿਹਾ ਕਿ ਤੁਸੀਂ ਆਪਣੀ ਰਾਜਨੀਤਕ ਲੜਾਈ ਕੋਰਟ ਵਿਚ ਨਾ ਲਿਆਓ। ਇਹ ਤਾਂ ਬੱਸ ਮੌਕਾ ਲੱਭਦੇ ਹਨ ਕਿ ਅਸੀਂ ਤਾਂ ਬੱਸ ਪੰਗਾ ਲੈਣਾ ਹੈ। ਪਿਛਲੇ ਦਿਨੀਂ ਨਰਿੰਦਰ ਮੋਦੀ ਜੀ ਦਿੱਲੀ ਆਏ,

---

** Expunged as ordered by the Chair.

[ਸ਼੍ਰੀ ਮਨੋਰੰਜਨ ਕਾਲੀਆ]
ਉਨ੍ਹਾਂ ਦੀ ਰੈਲੀ ਸੀ। ਇਹ ਰਿਕਾਰਡ ਦੀ ਗੱਲ ਹੈ ਕਿ ਕਾਂਗਰਸ ਪ੍ਰਧਾਨ ਪੰਜਾਬ ਤੋਂ 234 ਬੱਸਾਂ ਭਰ ਕੇ ਕਾਂਗਰਸ ਵਰਕਰ ਉਥੇ ਲੈ ਕੇ ਗਏ ਅਤੇ ਕਿਹਾ ਕਿ ਮੈਡਮ ਦੇ ਦਰਸ਼ਨ ਕਰਾਵਾਂਗੇ ਪਰ ਜਦੋਂ ਦਿੱਲੀ ਗਏ ਤਾਂ ਉਥੇ ਜਾ ਕੇ ਮੈਡਮ ਦੇ ਦਰਸ਼ਨ ਤਾਂ ਕਰਵਾਏ ਨਹੀਂ ਪਰ ਕਿਹਾ ਗਿਆ ਕਿ ਮੁਜ਼ਾਹਰਾ ਕਰਨਾ ਹੈ। ਰਿਕਾਰਡ ਦੀ ਗੱਲ ਹੈ ਕਿ ਸਾਰੀਆਂ ਬੱਸਾਂ ਉਥੋਂ ਵਾਪਸ ਆ ਗਈਆਂ, ਇਥੋਂ ਤੱਕ ਕਿ ਕਾਂਗਰਸ ਪ੍ਰਧਾਨ ਦੇ ਭਰਾ ਨੇ ਵੀ ਉਨ੍ਹਾਂ ਦੀ ਗੱਲ ਨਹੀਂ ਮੰਨੀ, ਉਹ ਵੀ ਵਾਪਸ ਆ ਗਿਆ। ਜਦੋਂ ਦਿੱਲੀ ਵਿਚ ਚੋਣਾਂ ਹੋਈਆਂ ਤਾਂ ਆਪ ਪਾਰਟੀ ਸੱਤਾ ਵਿਚ ਆਈ।

ਸ਼੍ਰੀ ਸਭਾਪਤੀ : ਕਾਲੀਆ ਜੀ, ਜਲਦੀ ਸਮਾਪਤ ਕਰੋ।

ਸ਼੍ਰੀ ਮਨੋਰੰਜਨ ਕਾਲੀਆ : ਬੱਸ ਜੀ ਸਿਰਫ ਦੋ ਮਿੰਟ। ਕਾਂਗਰਸ ਦੇ ਪ੍ਰਧਾਨ ਨੇ ਕਿਹਾ ਕਿ ਜਿਹੜੀ ਆਪ ਪਾਰਟੀ ਹੈ, ਇਹ ਪਾਸਤੇ ਵਰਗੀ ਹੈ ਅਤੇ ਕਾਂਗਰਸ ਦੇ ਪੰਜਾਬੀ ਢਾਬੇ ਵਿੱਚ ਲੋਕ ਛੇਤੀ ਮੁੜ ਆਉਣਗੇ। ਮੈਨੂੰ ਦੱਸੋ ਕਿ ਕਾਂਗਰਸ ਦੇ ਸਾਰੇ ਮੈਂਬਰ ਜਾ ਕੇ ਕਹਿ ਸਕਦੇ ਹਨ ਕਿ ਕੀ ਪਾਸਤਾ ਮਾੜਾ ਹੈ? ਜੇ ਪਾਸਤਾ ਮਾੜਾ ਹੈ ਤਾਂ ਜਿਹੜੀ ਉਹ ** ** ਜਿਹੜੀ ਕਿ ਬਿਠਾਈ ਹੋਈ ਹੈ ਕਾਂਗਰਸ ਦੇ ਢਾਬੇ ਵਿੱਚ.....

ਸ਼੍ਰੀ ਸਭਾਪਤੀ : ਨਾਮ ਰਿਕਾਰਡ ਨਾ ਕੀਤਾ ਜਾਵੇ।

ਸ਼੍ਰੀ ਮਨੋਰੰਜਨ ਕਾਲੀਆ : ਚੇਅਰਮੈਨ ਸਾਹਿਬ, ਮੈਂ ਕਿਹੜਾ ਨਾਂ ਲਿਆ ਹੈ। ਮੈਂ ਤੁਹਾਨੂੰ ** ** ਲਿਆ ਦੇਵਾਂਗਾ। ਉਸ ਦੇ ਵਿੱਚ ਮੈਨਸ਼ਨਡ ਹੈ, ਉਨ੍ਹਾਂ ਨੇ ਕਿਹਾ ਹੋਇਆ ਹੈ।

ਸ਼੍ਰੀ ਸਭਾਪਤੀ : ਨਾਂ ਐਕਸਪੰਜ ਕਰ ਦਿਓ। ਕਾਲੀਆ ਸਾਹਿਬ, ਤੁਸੀਂ ਸਮਾਪਤ ਕਰੋ ਜੀ।

ਸ਼੍ਰੀ ਮਨੋਰੰਜਨ ਕਾਲੀਆ : ਚੇਅਰਮੈਨ ਸਾਹਿਬ, ਸੁੱਖ ਸਰਕਾਰੀਆ ਇਥੇ ਸਾਡੇ ਮੈਂਬਰ ਬੈਠੇ ਨਹੀਂ ਹਨ। ਉਨ੍ਹਾਂ ਨੇ ਕਾਂਗਰਸ ਪ੍ਰਧਾਨ ਨੂੰ ਚਿੱਠੀ ਲਿਖੀ ਹੈ ਕਿ ਕਾਂਗਰਸ ਦੇ ਕਾਰਯਕਰਤਾ ਨੂੰ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਤੇ ਵਿਸ਼ਵਾਸ ਨਹੀਂ ਹੈ। ਇਹ ਆਨ ਰਿਕਾਰਡ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਾਰਪੋਰੇਟ ਬਣਾਈ ਹੋਈ ਹੈ। ਜੇ ਇਨ੍ਹਾਂ ਨੂੰ ਆਪਣੇ ਪ੍ਰਧਾਨ ਤੇ ਵਿਸ਼ਵਾਸ ਨਹੀਂ ਹੈ ਤਾਂ ਫਿਰ ਪੰਜਾਬ ਦੀ ਜਨਤਾ ਨੂੰ ਵੀ ਕਾਂਗਰਸ ਤੇ ਬਿਲਕੁਲ ਵਿਸ਼ਵਾਸ ਨਹੀਂ ਹੈ। ਸਾਥੀਓ....

ਸ਼੍ਰੀ ਸਭਾਪਤੀ : ਕਾਲੀਆ ਸਾਹਿਬ, ਪਲੀਜ਼ ਤੁਸੀਂ ਸਮਾਪਤ ਕਰੋ ਜੀ। ਬੀਬੀ ਜਗੀਰ ਕੌਰ ਜੀ ਨੂੰ ਸਮਾਂ ਦਿਓ। ਤੁਹਾਨੂੰ ਅੱਧਾ ਘੰਟਾ ਹੋ ਚੁੱਕਾ ਹੈ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਚੇਅਰਮੈਨ ਸਾਹਿਬ, ਮੈਂ ਵਿਪਕਸ਼ ਦੇ ਬੈਂਚਾਂ ਤੇ ਬੈਠੇ ਹੋਇਆਂ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਦੇ ਪਰਿਵਾਰ ਵਿੱਚ

** Not recorded/Expunged as ordered by the Chair.

ਇਜ਼ਾਫ਼ਾ ਹੋਇਆ ਹੈ। ਇੱਕ ਤਾਜ਼ਾ ਤਾਜ਼ਾ ਯੂਥ ਕਾਂਗਰਸ ਦਾ ਮੈਂਬਰ ਬਣੇਗਾ, ਫਿਰ ਉਹ ਸ਼ਾਇਦ ਐਮ.ਐਲ.ਏ, ਫਿਰ ਮੰਤਰੀ ਵੀ ਬਣ ਜਾਏ, ਉਹ ** ** ਨੂੰ 32 ਸਾਲਾਂ ਬਾਅਦ ਪਿਓ ਮਿਲਿਆ ਹੈ ਤੇ ਕਾਂਗਰਸ ਮਹਿਲਾ ਨੇਤਾ ਨੂੰ ** ** ਤਾਜ਼ਾ ਤਾਜ਼ਾ ਪਤੀ ਮਿਲਿਆ, ਹੁਣੇ ਹੁਣੇ ਇੱਕ ਹੋਰ ਮਹਿਲਾ ਕਾਂਗਰਸ ਨੇਤਾ ਦਾ ਪਤੀ ਗੁੰਮ ਹੋ ਗਿਆ ਹੈ। ਇਹ ਗੁਆਂਢ ਵਿੱਚ ਜਿਵੇਂ ਪੈਟਰਨਿਟੀ ਟੈਸਟ ਕਰਵਾਇਆ ਹੈ, ਉਸ ਮਹਿਲਾ ਨੇਤਾ ਦਾ ਵੀ ਕਰਵਾ ਲਓ ਜਿਹੜੀ ** ** ਹੈ, ਉਸ ਨੂੰ ਵੀ ਉਸ ਦਾ ਪਤੀ ਲੱਭ ਜਾਵੇਗਾ ਅਤੇ ਮੁੰਡੇ ਦਾ ਪਿਓ ਵੀ ਲੱਭ ਜਾਵੇਗਾ। (ਹਾਸਾ) ....(ਵਿਘਨ).... ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਜਿਹੜਾ ਮਤਾ ਡਾਕਟਰ ਦਲਜੀਤ ਸਿੰਘ ਚੀਮਾ ਜੀ ਲਿਆਏ ਹਨ, ਉਸ ਨੂੰ ਅਸੀਂ ਪਾਸ ਕਰੀਏ। ਮੈਨੂੰ ਟਾਈਮ ਦਿੱਤਾ ਹੈ, ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

ਸਰਦਾਰ ਲਾਲ ਸਿੰਘ : ਇਹ ਬਾਕੀ ਮੁੰਡਿਆਂ ਦੀ ਚਿੰਤਾ ਕਰਦਾ ਹੈ, ਇਸ ਨੂੰ ਤਾਂ ਹੁਣ ਤੱਕ ਕੋਈ ਮਿਲੀ ਨਹੀਂ ਹੈ (ਹਾਸਾ) ਇਸ ਨੂੰ ਪੁੱਛੋ, ਬਈ ਸਾਨੂੰ ਤਾਂ ਤੇਰੀ ਚਿੰਤਾ ਹੈ, ਆਪਣਾ ਕੋਈ ਇਲਾਜ ਕਰ।

ਸ਼੍ਰੀ ਸਭਾਪਤੀ : ਹਾਂ ਜੀ, ਬੀਬੀ ਜਗੀਰ ਕੌਰ ਜੀ।

ਬੀਬੀ ਜਗੀਰ ਕੌਰ (ਭੁਲੱਥ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। 3 ਮਾਰਚ ਨੂੰ ਜੋ ਮਾਨਯੋਗ ਰਾਜਪਾਲ ਜੀ ਨੇ ਇਥੇ ਵਿਧਾਨ ਸਭਾ ਵਿੱਚ ਭਾਸ਼ਣ ਦਿੱਤਾ ਹੈ, ਉਸ ਦੇ ਧੰਨਵਾਦ ਵੱਜੋਂ ਡਾਕਟਰ ਦਲਜੀਤ ਸਿੰਘ ਚੀਮਾ ਜੀ ਨੇ ਮਤਾ ਲਿਆਂਦਾ ਹੈ ਤੇ ਮੇਰੇ ਸਾਥੀ ਵੀਰਾਂ ਨੇ ਪ੍ਰੋੜਤਾ ਵਿੱਚ ਵੀ ਤੇ ਕਈਆਂ ਨੇ ਉਸ ਦੇ ਖਿਲਾਫ ਵੀ ਆਪਣੇ ਵਿਚਾਰ ਦਿੱਤੇ ਹਨ। ਕੋਈ ਵੀ ਦੇਸ਼ ਤਾਂ ਤਰੱਕੀ ਕਰ ਸਕਦਾ ਹੈ ਜੇ ਉਸ ਦੇਸ਼ ਦੇ ਸਾਰੇ ਰਾਜਾਂ ਵਿੱਚ ਖੁਸ਼ਹਾਲੀ ਹੋਵੇ, ਤਰੱਕੀ ਹੋਵੇ, ਅਮਨ-ਸ਼ਾਂਤੀ ਹੋਵੇ ਤੇ ਸਾਰਿਆਂ ਨੂੰ ਇਨਸਾਫ ਕੇਂਦਰ ਤੋਂ ਮਿਲਦਾ ਹੋਵੇ। ਮੈਂ ਪਹਿਲੇ ਸਫੇ ਤੋਂ ਲੈ ਕੇ ਉਨਤਾਲੀ ਸਫੇ ਬੜੀ ਗੌਰ ਨਾਲ ਪੜ੍ਹੇ। ਮੈਂ ਇਹ ਮਹਿਸੂਸ ਕੀਤਾ ਕਿ ਗਵਰਨਰ ਸਾਹਿਬ ਨੇ ਸ਼ੁਰੂ ਵਿੱਚ ਹੀ ਜੋ ਪੰਜਾਬ ਦੀ ਚਿੰਤਾ ਸੀ, ਉਸ ਨੂੰ ਬਹੁਤ ਸਾਰੇ ਮੁੱਦਿਆਂ ਵਿੱਚ ਜ਼ਾਹਰ ਕੀਤਾ ਹੈ। ਜਿਸ ਤਰ੍ਹਾਂ ਉਨ੍ਹਾਂ ਨੇ ਪੰਜਾਬ ਦੀ ਚਿੰਤਾ ਨੂੰ ਸਾਡੇ ਸਾਹਮਣੇ ਰੱਖਿਆ ਹੈ, ਉਸ ਦੇ ਨਾਲ ਨਾਲ ਪੰਜਾਬ ਵਿੱਚ ਜੋ ਅੱਜ ਦੀ ਸਰਕਾਰ ਵੱਲੋਂ ਇੰਤਹਾ ਤਰੱਕੀ ਅਤੇ ਵਿਕਾਸ ਕੀਤਾ ਜਾ ਰਿਹਾ ਹੈ, ਉਸ ਦੇ ਉਤੇ ਸਕੂਨ ਵੀ ਮਹਿਸੂਸ ਕੀਤਾ, ਤਸੱਲੀ ਵੀ ਪ੍ਰਗਟ ਕੀਤੀ, ਸੰਤੁਸ਼ਟੀ ਅਤੇ ਮਾਣ ਵੀ ਮਹਿਸੂਸ ਕੀਤਾ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੇ ਸ਼ੁਰੂਆਤ ਵਿੱਚ ਹੀ ਇਹ ਗੱਲ ਕਹੀ ਕਿ ਕੇਂਦਰ ਵੱਲੋਂ ਪੰਜਾਬ ਸੂਬਾ ਜਿਹੜਾ ਕਿ ਮਾਣਮੱਤਾ ਇਤਿਹਾਸ ਰੱਖਦਾ ਹੈ, ਜਿਸ ਨੇ ਸਦਾ ਦੇਸ਼ ਉਤੇ ਜਦੋਂ ਵੀ ਕੋਈ ਹਮਲਾ ਹੋਇਆ, ਬਿਗਾਨਿਆਂ ਵੱਲੋਂ ਜਾਂ ਆਪਣਿਆਂ ਵੱਲੋਂ, ਪੰਜਾਬੀਆਂ ਨੇ ਆਪਣਾ ਸੀਨਾ ਡਾਹ ਕੇ ਕੁਰਬਾਨੀਆਂ ਕੀਤੀਆਂ ਅਤੇ ਵੱਡਾ ਯੋਗਦਾਨ ਪਾਇਆ। ਕੇਂਦਰ ਨੇ ਸਦਾ ਹੀ ਇਸ ਪੰਜਾਬ ਦੇ ਨਾਲ ਧੋਖਾ ਅਤੇ ਜ਼ੁਲਮ ਕੀਤਾ ਤੇ ਬੇਵਫਾਈ ਦੇ ਨਾਲ ਇਸ ਪੰਜਾਬ ਨੂੰ

**Expunged as ordered by the Chair.

[ਬੀਬੀ ਜਗੀਰ ਕੌਰ]

ਸਦਾ ਨਕਾਰਿਆ। ਸਭ ਤੋਂ ਪਹਿਲਾਂ ਉਨ੍ਹਾਂ ਨੇ ਗੱਲ ਕੀਤੀ ਕਿ 1966 ਵਿੱਚ ਪੰਜਾਬੀ ਸੂਬਾ ਬਣਿਆ ਤਾਂ ਬਹੁਤ ਬਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖੇ। ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਵਾਅਦੇ ਕੀਤੇ। ਆਖਰਕਾਰ ਸਮਾਂ ਵੀ ਬੰਨ੍ਹ ਦਿੱਤਾ ਕਿ 26 ਜਨਵਰੀ, 1986 ਨੂੰ ਇਹ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਵੇਗਾ ਪਰ ਅੱਜ ਤੱਕ ਇਹ ਵਾਅਦਾ ਪੂਰਾ ਨਹੀਂ ਕੀਤਾ ਗਿਆ। ਇਸ ਸਬੰਧ ਵਿੱਚ ਬੜੇ ਜ਼ੋਰ ਨਾਲ ਇਹ ਮੰਗ ਉਠਾਈ ਹੈ ਕਿ ਜਿਹੜਾ ਪੰਜਾਬ ਨਾਲ ਵਿਤਕਰਾ ਕੀਤਾ ਜਾਂਦਾ ਹੈ, ਉਸ ਨੂੰ ਪੂਰਾ ਕੀਤਾ ਜਾਵੇ ਅਤੇ ਇਨਸਾਫ਼ ਦਿੱਤਾ ਜਾਵੇ। ਉਸ ਤੋਂ ਬਾਅਦ ਉਨ੍ਹਾਂ ਨੇ ਪਾਣੀਆਂ ਦੀ ਗੱਲ ਕੀਤੀ ਹੈ ਕਿਉਂਕਿ ਪੰਜਾਬ ਦੇ ਵਿੱਚ 70% ਲੋਕ ਖੇਤੀ ਕਰਦੇ ਹਨ। ਟਿਊਬਵੈੱਲਾਂ ਨਾਲ ਪਾਣੀ ਖਿੱਚਣ ਨਾਲ ਅੱਜ ਧਰਤੀ ਵਿੱਚੋਂ ਪਾਣੀ ਮੁੱਕ ਰਿਹਾ ਹੈ। ਜਿਹੜਾ ਦਰਿਆਵਾਂ ਦਾ ਪਾਣੀ ਬਾਹਰਲੇ ਸੂਬਿਆਂ ਨੂੰ ਇਸ ਕਾਂਗਰਸ ਦੀ ਸਰਕਾਰ ਨੇ ਦਿੱਤਾ ਹੈ, ਉਸ ਨੂੰ ਫਿਰ ਦੁਬਾਰਾ ਪੰਜਾਬ ਵਿੱਚ ਬਹਾਲ ਕੀਤਾ ਜਾਵੇ। ਇਸ ਸ਼ਬੰਧ ਵਿੱਚ ਵੀ ਜਿਹੜਾ ਰਿਪੇਰੀਅਨ ਸਿਧਾਂਤ ਬਣਿਆ ਹੈ, ਜਿਹੜਾ ਨੈਸ਼ਨਲ ਅਤੇ ਇੰਟਰਨੈਸ਼ਨਲ ਲੈਵਲ ਤੇ ਪ੍ਰਵਾਨ ਹੋਇਆ ਹੈ, ਉਸ ਦੀ ਮੰਗ ਕੀਤੀ ਹੈ ਕਿ ਅੱਜ ਫਿਰ ਰਿਪੇਰੀਅਨ ਸਿਧਾਂਤ ਅਨੁਸਾਰ ਪਾਣੀਆਂ ਦੀ ਵੰਡ ਕੀਤੀ ਜਾਵੇ। ਇੱਕ ਪੰਜਾਬੀ ਭਾਸ਼ਾ ਦੀ ਗੱਲ ਕੀਤੀ ਹੈ। ਕਿਉਂਕਿ ਪੰਜਾਬੀ ਲੋਕ ਦੁਨੀਆਂ ਦੇ ਹਰ ਖਿੱਤੇ ਵਿੱਚ ਵਸਦੇ ਹਨ, ਉਸ ਪੰਜਾਬੀ ਭਾਸ਼ਾ ਨੂੰ ਸਾਰੀਆਂ ਥਾਵਾਂ ਤੇ ਲਾਗੂ ਕਰਕੇ ਸਾਡਾ ਮਾਣ ਵਧਾਇਆ ਜਾਵੇ। ਸਭ ਤੋਂ ਵੱਡਾ ਜਿਹੜਾ ਸਾਡੇ ਤੇ ਜ਼ੁਲਮ ਹੋਇਆ ਹੈ, ਕਿਉਂਕਿ ਇਹ ਉਹ ਪੰਜਾਬ ਹੈ ਜਿਹੜਾ ਗੁਰੂਆਂ ਪੀਰਾਂ ਦੀ ਧਰਤੀ ਹੈ, ਸਾਧੂਆਂ, ਸੰਤਾਂ ਦੀ ਧਰਤੀ ਹੈ ਔਰ ਇਸ ਧਰਤੀ ਪਿੱਛੇ ਸਾਡੇ ਲੋਕਾਂ ਨੇ, ਸਾਡੇ ਪੰਜਾਬੀਆਂ ਨੇ ਭਾਵੇਂ ਉਹ ਸਰਹੱਦਾਂ ਤੇ ਹੋਵੇ, ਭਾਵੇਂ ਦੇਸ਼ ਦੀ ਆਜ਼ਾਦੀ ਹੋਵੇ, ਕਾਰਗਿਲ ਦੀ ਜੰਗ ਹੋਈ, ਲੰਕਾ ਦਾ ਯੁੱਧ ਹੋਇਆ, ਪਾਕਿਸਤਾਨ ਨਾਲ ਲੜਾਈ ਹੋਈ, ਚੀਨ ਨਾਲ ਲੜਾਈ ਹੋਈ, ਉਸ ਵਾਸਤੇ ਪੰਜਾਬੀਆਂ ਨੇ ਸੀਨੇ ਡਾਹ ਕੇ ਲੜਾਈ ਕੀਤੀ। ਜਿੰਨੀਆਂ ਸ਼ਹੀਦੀਆਂ ਦਿੱਤੀਆਂ, ਕੁਰਬਾਨੀਆਂ ਕੀਤੀਆਂ, ਸ਼ਾਇਦ ਇਸ ਦੀ ਮਿਸਾਲ ਵੀ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ। ਜਿਸ ਧਰਤੀ ਪਿੱਛੇ, ਜਿਸ ਧਰਮ ਦੀ ਖਾਤਰ, ਸਾਡੇ ਪੰਜਾਬੀਆਂ ਨੇ ਸਾਡੇ ਸਿੱਖਾਂ ਨੇ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ, ਇਸ ਧਰਮ ਦੀ ਖਾਤਰ ਉਨ੍ਹਾਂ ਨੇ ਬੰਦ-ਬੰਦ ਕਟਵਾ ਲਏ, ਆਪਣੀਆਂ ਖੋਪਰੀਆਂ ਉਤਰਾ ਲਈਆਂ, ਆਪਣੇ ਸਰੀਰਾਂ ਤੇ ਜੋਖਮ ਝੱਲ ਲਏ, ਦੇਗਾਂ ਵਿੱਚ ਉਬਾਲੇ ਖਾ ਲਏ। ਲੇਕਿਨ ਇਨ੍ਹਾਂ ਨੇ ਬਹੁਤ ਵੱਡਾ ਘਾਣ ਕੀਤਾ, ਇਸ ਦੀ ਵੀ ਮਿਸਾਲ ਸ਼ਾਇਦ ਦੁਨੀਆਂ ਵਿੱਚ ਕਿਤੇ ਨਾ ਮਿਲੇ। ਅੱਜ ਗੱਲ ਕੀਤੀ ਜਾ ਰਹੀ ਹੈ ਕਿ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ 1984 ਵਿੱਚ ਕਤਲ ਹੋਇਆ। ਕਤਲ ਕੋਈ ਵੀ ਹੈ, ਮਾੜਾ ਹੈ, ਮੈਂ ਇਸ ਦੇ ਹੱਕ ਵਿੱਚ ਨਹੀਂ ਕਿ ਕਤਲ ਹੋਵੇ। ਲੇਕਿਨ ਉਸ ਕਤਲ ਦਾ ਦੁੱਖ ਤਾਂ ਇੰਨਾ ਹੋਇਆ ਕਿ ਇੱਕ ਸ਼ਖਸੀਅਤ ਦਾ ਕਤਲ ਹੋਵੇ ਤਾਂ ਉਸ ਦੇ ਕਾਤਲਾਂ ਨੂੰ ਫਾਂਸੀਆਂ ਦਿੱਤੀਆਂ ਗਈਆਂ ਹਨ। ਠੀਕ ਹੈ, ਕਿ ਕਾਤਲ ਨੂੰ ਕਾਤਲ ਹੀ ਕਿਹਾ ਜਾਂਦਾ ਹੈ। ਉਸ ਨੂੰ ਫਾਂਸੀਆਂ ਦਿੱਤੀਆਂ ਗਈਆਂ, ਲੇਕਿਨ ਇੱਕ ਗੱਲ ਦਾ ਦੁੱਖ ਹੈ ਕਿ ਇਹ ਕਤਲ ਕਿਉਂ ਹੋਇਆ, ਇਸ ਦੇ ਪਿੱਛੇ ਗੱਲ ਕੀ ਸੀ। ਇਹ ਕਿਉਂ

ਸਾਰੀਆਂ ਭਾਵਨਾਵਾਂ ਬਣੀਆਂ। ਸ਼ਾਇਦ ਮੇਰੇ ਵੀਰਾਂ ਨੂੰ ਵੀ ਪਤਾ ਹੈ ਕਿ ਉਹ ਪਵਿੱਤਰ ਸਥਾਨ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਜਿੱਥੇ ਸਾਰੀ ਦੁਨੀਆਂ ਦੇ ਲੋਕ ਜਾ ਕੇ ਸੀਸ ਝੁਕਾਉਂਦੇ ਹਨ, ਜਿੱਥੋਂ ਦਿਨ ਰਾਤ ਆਵਾਜ਼ ਆਉਂਦੀ ਹੈ :-

ਜੇ ਜੀਵੈ ਪਤਿ ਲਥੀ ਜਾਇ।। ਸਭੁ ਹਰਾਮੁ ਜੇਤਾ ਕਿਛੁ ਖਾਇ।।

ਜਿੱਥੇ ਇਹ ਆਵਾਜ਼ ਬੁਲੰਦ ਹੁੰਦੀ ਹੈ ਕਿ :-

ਜਬੈ ਬਾਣ ਲਾਗਯੋ ।। ਤਬੈ ਰੋਸ ਜਾਗਯੋ ।।

ਇਨ੍ਹਾਂ ਨੂੰ ਕੀ ਹੱਕ ਸੀ ਕਿ ਉਸ ਪਵਿੱਤਰ ਅਸਥਾਨ ਉਤੇ ਅਟੈਕ ਕਰਵਾਉਂਦੇ। ਕੀ ਹੱਕ ਸੀ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ, ਜਿੱਥੋਂ ਦੁਨੀਆਂ ਦੇ ਲੋਕਾਂ ਨੂੰ ਸੰਦੇਸ਼ ਦਿੱਤਾ ਜਾਂਦਾ ਹੈ, ਉਸ ਨੂੰ ਤੋਪਾਂ ਅਤੇ ਬੰਬਾਂ ਨਾਲ ਉਡਾ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਕੀ ਹੱਕ ਸੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਜਿੱਥੇ ਸਾਰਿਆਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਜਾਂਦਾ ਹੈ ਕਿ-

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ।।
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।।

ਚਾਰੇ ਦਰਵਾਜ਼ੇ ਖੋਲ੍ਹ ਕੇ ਹਰ ਇੱਕ ਨੂੰ ਇਹੋ ਗੱਲ ਕਹੀ ਹੈ ਕਿ ਹਰੀ ਦੇ ਨਾਮ ਨਾਲ ਜੁੜਨਾ ਹੈ ਅਤੇ ਆਪਣਾ ਜੀਵਨ ਸਫਲਾ ਕਰਨਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਜਿੱਥੇ ਸਭ ਤੋਂ ਪਹਿਲਾਂ 1604 ਈਸਵੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕੀਤਾ ਗਿਆ ਪਰ ਉਸ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਗੋਲੀਆਂ ਨਾਲ ਛਲਣੀ ਕੀਤਾ ਗਿਆ। ਸਭ ਤੋਂ ਵੱਡੀ ਗੱਲ ਜਿਹੜੀ ਕਿ ਨਮੋਸ਼ੀ ਵਾਲੀ ਹੈ, ਉਹ ਮੈਂ ਕਹਿਣਾ ਚਾਹੁੰਦੀ ਹਾਂ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰਨ ਵਾਲਿਆਂ ਤੋਂ ਬਦਲਾ ਲਿਆ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਸਰਹਿੰਦ ਦੀਆਂ ਦੀਵਾਰਾਂ ਵਿੱਚ ਤਰਥਲੀ ਮਚਾ ਦਿੱਤੀ ਸੀ। ਅੱਜ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਅਸੀਂ ਯੋਧਿਆਂ ਦੀ ਤਰ੍ਹਾਂ ਪੂਜਦੇ ਹਾਂ। ਉਨ੍ਹਾਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਦੀ ਚੱਪੜਚਿੜੀ ਵਿੱਚ ਯਾਦਗਾਰ ਤਿਆਰ ਕੀਤੀ ਗਈ ਹੈ। ਬਾਦਲ ਸਾਹਿਬ ਨੇ ਦੁਨੀਆਂ ਵਿੱਚ ਸਭ ਤੋਂ ਵੱਡੀ ਯਾਦਗਾਰ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਚੱਪੜਚਿੜੀ ਵਿਖੇ ਸਥਾਪਿਤ ਕੀਤੀ ਹੈ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਕਿਹਾ ਸੀ ਕਿ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਤੋਂ ਬਾਅਦ ਸਰਹਿੰਦ ਦੀ ਦੀਵਾਰ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਜਾਵੇ, ਸਰਹਿੰਦ ਨੂੰ ਤਹਿਸ-ਨਹਿਸ ਕਰ ਦਿੱਤਾ ਜਾਵੇ ਤੇ ਉਸ ਨੂੰ ਅਸੀਂ ਬਹਾਦਰ ਦੇ ਰੂਪ ਵਿੱਚ ਪੂਜਦੇ ਹਾਂ। ਚੇਅਰਮੈਨ ਸਾਹਿਬ, ਤੁਹਾਡੀ ਇਜਾਜ਼ਤ ਨਾਲ ਅੱਜ ਮੈਂ ਵਿਧਾਨ ਸਭਾ ਵਿੱਚ ਸਾਰੇ ਐਮ. ਐਲ. ਏਜ਼ ਸਾਹਿਬਾਨ ਨੂੰ ਬੇਨਤੀ ਕਰਦੀ ਹਾਂ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਾਵਨ ਸਰੋਵਰ ਦੀ ਪਰਕਰਮਾ ਵਿੱਚ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਤਲੀ ਤੇ ਧਰ ਕੇ ਆ ਕੇ ਆਪਣੀ

[ਬੀਬੀ ਜਗੀਰ ਕੌਰ]
ਵਚਨਬੱਧਤਾ ਨਿਭਾਈ ਸੀ, ਜਿਸ ਸਰੋਵਰ ਵਿੱਚ ਭੈਣ ਰਜਨੀ ਜੀ ਦੀ ਸੇਵਾ ਨੂੰ ਫਲ ਪਿਆ ਸੀ, ਬੂਰ ਪਿਆ ਸੀ, ਜਿਸ ਸਰੋਵਰ ਵਿੱਚ ਮੱਛੀਆਂ ਅੱਜ ਇਹ ਸੁਨੇਹਾ ਦਿੰਦੀਆ ਹਨ ਕਿ ਜਿਵੇਂ ਮਛਲੀ ਪਾਣੀ ਤੋਂ ਬਿਨਾਂ ਜਿਊਂਦੀ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਉਥੋਂ ਦਾ ਜਿਹੜਾ ਪਵਿੱਤਰ ਜਲ ਹੈ, ਉਹ ਲੈ ਕੇ ਲੋਕ ਆਪਣੀ ਜ਼ਿੰਦਗੀ ਦਾ ਸੁੱਖ ਮੰਗਦੇ ਹਨ, ਸ਼ਾਂਤੀ ਮੰਗਦੇ ਹਨ, ਪਵਿੱਤਰਤਾ ਮੰਗਦੇ ਹਨ ਪਰ ਉਸ ਸਰੋਵਰ ਦੀ ਕਿੰਨੀ ਬੇਅਦਬੀ ਕੀਤੀ ਗਈ। ਕਿੰਨੇ ਸ਼ਰਧਾਲੂ ਉਥੇ ਮੱਥਾ ਟੇਕਣ ਗਏ ਸੀ ਪਰ ਉਸ ਪਵਿੱਤਰ ਸਰੋਵਰ ਨੂੰ ਲੋਕਾਂ ਦੇ ਖ਼ੂਨ ਨਾਲ ਲਥਪਥ ਕਰ ਦਿੱਤਾ। ਲਹੂ-ਲੁਹਾਨ ਕਰ ਦਿੱਤਾ। ਫਿਰ ਸਰੋਵਰ ਵਿੱਚੋਂ ਅਵਾਜ਼ ਆਈ :-

ਜੇ ਜੀਵੈ ਪਤਿ ਲਥੀ ਜਾਇ ।।
ਸਭੁ ਹਰਾਮੁ ਜੇਤਾ ਕਿਛੁ ਖਾਇ ।।

ਮੈਂ ਸਮਝਦੀ ਹਾਂ ਕਿ ਉਹ ਕਤਲ ਨਹੀਂ ਸੀ ਬਲਕਿ ਸਾਡੀਆਂ ਭਾਵਨਾਵਾਂ ਦਾ ਕਤਲ ਹੋਇਆ ਸੀ, ਧਰਮ ਦਾ ਕਤਲ ਹੋਇਆ ਸੀ, ਧਾਰਮਿਕ ਅਸਥਾਨ ਦਾ ਕਤਲ ਹੋਇਆ ਸੀ, ਉਨ੍ਹਾਂ ਵੀਰਾਂ ਨੇ ਰੋਹ ਵਿੱਚ ਆ ਕੇ ਜੋ ਕਤਲ ਕੀਤਾ, ਉਨ੍ਹਾਂ ਨੂੰ ਫਿਰ ਫਾਂਸੀ ਦੇ ਰੱਸੇ ਚੁੰਮਣੇ ਪਏ। ਲੇਕਿਨ ਅਫਸੋਸ ਉਸ ਸ਼ਖਸੀਅਤ ਦੀ ਮੌਤ ਤੋਂ ਬਾਅਦ ਸਾਡੇ ਕਾਂਗਰਸ ਦੇ ਨੇਤਾਵਾਂ ਨੇ, ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ, ਉਸ ਵੇਲੇ ਦੇ ਲੀਡਰਾਂ ਨੇ, 1984 ਵਿੱਚ ਦਿੱਲੀ ਦੀਆਂ ਗਲੀਆਂ ਵਿੱਚ ਲੋਕਾਂ ਦਾ ਕਤਲੇਆਮ ਕਰਵਾਇਆ, ਸ਼ਰੇਆਮ ਕਤਲੇਆਮ ਕਰਵਾਇਆ। ਮੈਂ ਟੈਲੀਵਿਜ਼ਨ ਤੇ ਇੱਕ ਬੀਬੀ ਦੀ ਗੱਲ ਸੁਣ ਰਹੀ ਸੀ। ਉਸ ਨੇ ਕਿਹਾ ਕਿ ਜਦੋਂ ਮੌਬ ਸਾਡੇ ਘਰਾਂ ਵਿੱਚ ਆ ਕੇ ਵੜ ਗਿਆ, ਉਨ੍ਹਾਂ ਨੇ ਪਹਿਲਾਂ ਮੇਰੇ ਪਤੀ ਦੇ ਗੋਲੀ ਮਾਰੀ। ਉਹ ਢਹਿ ਢੇਰੀ ਹੋ ਗਿਆ। ਫਿਰ ਮੇਰੇ ਪੁੱਤਰ ਦੇ ਗੋਲੀ ਮਾਰੀ। ਉਹ ਵੀ ਢਹਿ ਢੇਰੀ ਹੋ ਗਿਆ। ਫਿਰ ਮੇਰੇ ਗੋਲੀ ਮਾਰੀ। ਮੈਂ ਹੱਥ ਅੱਗੇ ਕੀਤਾ। ਮੇਰਾ ਹੱਥ ਉਡ ਗਿਆ। ਉਸ ਤੋਂ ਬਾਅਦ ਫਿਰ ਮੇਰਾ ਗੁਆਂਢੀ ਸੀ, ਕਰਨਲ, ਜੋ ਸਰਹੱਦਾਂ ਤੇ ਕੁਰਬਾਨੀਆਂ ਦਿੰਦੇ ਹਨ। ਜਿਹੜੇ ਸਰਹੱਦਾਂ ਤੇ ਖਲੋ ਕੇ ਇਸ ਦੇਸ਼ ਦੀ ਚੱਪਾ-ਚੱਪਾ ਧਰਤੀ ਨੂੰ ਬਚਾਉਂਦੇ ਹਨ, ਉਸ ਕਰਨਲ ਦੇ ਵਿਆਹ ਨੂੰ ਹਾਲੇ ਇੱਕ ਸਾਲ ਹੋਇਆ ਸੀ। ਵਿਆਹ ਤੋਂ ਬਾਅਦ 13 ਦਿਨ ਦਾ ਬੱਚਾ ਸੀ। ਉਸ ਬੱਚੇ ਨੂੰ ਗੈਸ ਦੇ ਚੁੱਲ੍ਹੇ ਤੇ ਰੱਖ ਕੇ ਉਸ ਨੂੰ ਭੁੰਨਣਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਲੋਕਾਂ ਨੇ ਇੰਨੇ ਇੰਨੇ ਮਾੜੇ ਕਾਰਨਾਮੇ ਕੀਤੇ ਹੋਣ ਤੇ ਲਹੂ ਲਿਬੜਿਆ ਕਾਲਾ ਇਤਿਹਾਸ ਸਿਰਜਿਆ ਹੋਵੇ, ਮੈਂ ਸਮਝਦੀ ਹਾਂ ਕਿ ਜਿਹੜਾ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਇਹ ਅੰਕਿਤ ਕੀਤਾ ਹੈ ਕਿ ਉਨ੍ਹਾਂ ਲੋਕਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ, ਇਹ ਇਨ੍ਹਾਂ ਦੀ ਮਜਬੂਰੀ ਹੈ। ਇਨ੍ਹਾਂ ਦੇ ਮੀਤ ਪ੍ਰਧਾਨ ਨੇ ਵੀ ਸਟੇਜ ਤੇ ਕਹਿ ਦਿੱਤਾ ਹੈ, ਪੱਤਰਕਾਰਾਂ ਨਾਲ ਗੱਲ ਕੀਤੀ ਹੈ ਕਿ ਇਹ ਸਾਰਾ ਕਾਰਨਾਮਾ ਵਾਕਿਆ ਹੀ ਕਾਂਗਰਸ ਦੇ ਕੁਝ ਲੀਡਰਾਂ ਨੇ ਕਰਵਾਇਆ ਸੀ। ਜੇ ਤੁਸੀਂ ਮੰਨਦੇ ਹੋ ਤਾਂ ਫਿਰ ਉਨ੍ਹਾਂ ਲੋਕਾਂ ਨੂੰ ਇਨਸਾਫ ਕਿਉਂ ਨਹੀਂ ਦਿੱਤਾ ਜਾਂਦਾ ਜਿਨ੍ਹਾਂ ਨਾਲ ਇੰਨਾ ਵੱਡਾ ਜ਼ੁਲਮ ਹੋਇਆ ਹੈ। ਅੱਜ ਉਨ੍ਹਾਂ ਲੋਕਾਂ ਨੂੰ ਕਿਉਂ ਨਹੀਂ ਸਜ਼ਾਵਾਂ ਦਿੱਤੀਆਂ ਜਾਂਦੀਆਂ। ਮੈਂ ਸਮਝਦੀ ਹਾਂ ਕਿ ਅੱਜ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ

ਜਿਹੜਾ ਇਹ ਵਰਨਣ ਕੀਤਾ ਗਿਆ ਹੈ, ਇਸ ਵਾਸਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ। ਉਨ੍ਹਾਂ ਨੇ ਸੱਚ ਦੀ ਗੱਲ ਇਸ ਵਿੱਚ ਅੰਕਿਤ ਕੀਤੀ ਹੈ। ਜਿੱਥੋਂ ਤੱਕ ਇਸ ਪੰਜਾਬ ਦੇ ਵਿਕਾਸ ਦੀ ਗੱਲ ਹੈ, ਪੰਜਾਬ ਦਾ ਵਿਕਾਸ ਸਿਖਰਾਂ ਨੂੰ ਛੋਹ ਰਿਹਾ ਹੈ। ਅਸੀਂ ਨਿੰਦਾ ਕਰਨ ਵਾਸਤੇ ਜੋ ਮਰਜ਼ੀ ਕਹੀ ਜਾਈਏ ਪਰ ਦੁਨੀਆਂ ਨੂੰ ਚਾਨਣ ਹੈ ਕਿ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ, ਪੰਜਾਬ ਜੀ ਨੇ ਕਿਵੇਂ ਪੰਜਾਬ ਦੇ ਕੋਨੇ ਕੋਨੇ ਵਿੱਚ ਜਾ ਕੇ ਸੰਗਤ ਦਰਸ਼ਨ ਕੀਤੇ, ਕਿਵੇਂ ਪੰਜਾਬ ਦੇ ਹਰ ਸ਼ਹਿਰ, ਹਰ ਪਿੰਡ ਵਿੱਚ ਜਾ ਕੇ, ਸਾਡੇ ਮੰਤਰੀ ਸਾਹਿਬਾਨਾਂ ਨੇ, ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ, ਸਾਡੇ ਡਿਪਟੀ ਮੁੱਖ ਮੰਤਰੀ ਜੀ ਨੇ, ਇਸ ਪੰਜਾਬ ਦੇ ਵਿਕਾਸ ਵਾਸਤੇ ਹਰ ਹੀਲਾ ਵਰਤਿਆ ਹੈ। ਕਿਸੇ ਪਾਸੇ ਚਲੇ ਜਾਓ, ਸਭ ਤੋਂ ਪਹਿਲੀ ਜ਼ਿੰਮੇਵਾਰੀ ਕਿਸੇ ਸਟੇਟ ਦੀ ਹੁੰਦੀ ਹੈ, ਉਥੋਂ ਦੀ ਆਮਦਨ ਵਧਾਉਣੀ। ਜੇ ਆਮਦਨ ਦੀ ਗੱਲ ਕਰੀਏ ਤਾਂ ਦੇਸ਼ ਦੀ ਜਿਹੜੀ ਜੀ. ਡੀ. ਪੀ. ਹੈ, ਉਸ ਦੀ ਪੰਜਾਬ ਦੀ ਜੀ.ਡੀ.ਪੀ. ਨਾਲ ਤੁਲਨਾ ਕੀਤੀ ਜਾਵੇ ਤਾਂ ਦੇਸ਼ ਦੀ ਜੀ.ਡੀ.ਪੀ. 4.5% ਹੈ ਤੇ ਸਾਡੀ ਗਰੋਥ ਰੇਟ 5.5% ਸੀ। 12ਵੀਂ ਪੰਜ ਸਾਲਾ ਯੋਜਨਾ ਵਿੱਚ ਪੰਜਾਬ ਦਾ ਟਾਰਗੇਟ 6.4% ਹੈ। ਦੇਸ਼ ਦੀ ਪਾਪੂਲੇਸ਼ਨ ਵਿੱਚ ਸਾਡਾ ਸ਼ੇਅਰ ਸਿਰਫ 2.29% ਹੈ। ਜੇ ਜੀ.ਡੀ.ਪੀ. ਦਾ ਸ਼ੇਅਰ ਦੇਖੀਏ ਤਾਂ ਇਹ 3.13% ਬਣਦਾ ਹੈ। ਇਹ ਸਭ ਕੁਝ ਕਿਉਂ ਹੋਇਆ ਹੈ? ਪੰਜਾਬ ਦੀ ਸਰਕਾਰ ਨੇ ਮਿਹਨਤ ਕੀਤੀ ਹੈ। ਪੰਜਾਬ ਨੇ ਹਰ ਹੀਲਾ ਵਰਤਿਆ ਹੈ ਕਿ ਆਪਣੇ ਫਾਈਨਾਂਸ ਨੂੰ, ਆਪਣੇ ਵਿੱਤ ਨੂੰ ਪੈਰਾਂ ਤੇ ਖੜ੍ਹਾ ਕਰੀਏ। ਇਸੇ ਤਰ੍ਹਾਂ ਟੈਕਸ ਕੁਲੈਕਸ਼ਨ ਹੈ, ਮੇਰਾ ਖਿਆਲ ਹੈ ਜੇਕਰ ਪਿਛਲੀਆਂ ਸਰਕਾਰਾਂ ਦੀ ਗੱਲ ਕਰਨ ਲੱਗ ਜਾਈਏ ਤਾਂ ਲੰਬਾ ਸਮਾਂ ਲੱਗ ਜਾਣਾ ਹੈ। ਇਸ ਸਰਕਾਰ ਦੇ ਵਿੱਚ 2012-13 ਦੇ ਵਿੱਚ ਟੈਕਸ ਕੁਲੈਕਸ਼ਨ 8.22 ਪ੍ਰਤੀਸ਼ਤ ਵੱਧ ਹੋਈ ਹੈ। 2013-14 ਵਿੱਚ 9.24 ਪ੍ਰਤੀਸ਼ਤ ਦਾ ਟਾਰਗੇਟ ਹੈ। ਜਦੋਂ ਕਿ ਸਭ ਤੋਂ ਡਿਵੈਲਪਡ ਸਟੇਟ ਗੁਜਰਾਤ ਨੂੰ ਕਿਹਾ ਜਾ ਰਿਹਾ ਹੈ। ਗੁਜਰਾਤ ਦੀ ਟੈਕਸ ਕੁਲੈਕਸ਼ਨ 7.08 ਪ੍ਰਤੀਸ਼ਤ ਹੈ, ਜਿਹੜੀ ਕਿ ਪੰਜਾਬ ਨਾਲੋਂ ਘੱਟ ਹੈ। ਹਰਿਆਣਾ ਦੀ 6.03 ਪ੍ਰਤੀਸ਼ਤ ਹੈ, ਜਿਹੜੀ ਪੰਜਾਬ ਤੋਂ ਘੱਟ ਹੈ। ਮਹਾਂਰਾਸ਼ਟਰ ਦੀ 7.29 ਪ੍ਰਤੀਸ਼ਤ ਹੈ, ਜਿਹੜੀ ਪੰਜਾਬ ਤੋਂ ਘੱਟ ਹੈ। ਜੇ ਸਰਕਾਰ ਇੰਨੀ ਮਿਹਨਤ ਕਰਦੀ ਹੋਵੇ, ਇਮਾਨਦਾਰੀ ਨਾਲ ਆਪਣੇ ਸੋਰਸਿਜ਼ ਨੂੰ ਵਧਾ ਰਹੀ ਹੋਵੇ ਤਾਂ ਅੱਜ ਗਵਰਨਰ ਸਾਹਿਬ ਨੇ ਜੇ ਇਨ੍ਹਾਂ ਦੀ ਸ਼ਲਾਘਾ ਕੀਤੀ ਹੈ ਤਾਂ ਇਸ ਲਈ ਉਨ੍ਹਾਂ ਦਾ ਬਹੁਤ ਧੰਨਵਾਦ ਹੈ ਕਿ ਉਨ੍ਹਾਂ ਨੇ ਸੱਚ ਨੂੰ ਪਹਿਚਾਣਿਆ ਹੈ। ਜੇ ਅਸੀਂ ਕਰਜ਼ੇ ਦੀ ਗੱਲ ਕਰਦੇ ਹਾਂ ਕਿ ਜੀ.ਡੀ.ਪੀ. ਦਾ ਪਰੋਪੋਰਸ਼ਨੇਟਿਲੀ ਕੀ ਕਰਜ਼ਾ ਹੈ। ਅੱਜ ਹਿੰਦੁਸਤਾਨ ਦੀ ਸਰਕਾਰ ਦੀ ਜੀ.ਡੀ.ਪੀ. ਦੇ ਹਿਸਾਬ ਨਾਲ 49.08 ਪ੍ਰਤੀਸ਼ਤ ਕਰਜ਼ਾ ਹੈ। ਪੰਜਾਬ ਦਾ 38.07 ਪ੍ਰਤੀਸ਼ਤ ਆਪਣੇ ਜੀ.ਡੀ.ਪੀ. ਦਾ ਕਰਜ਼ਾ ਹੈ। ਇਹ ਦੇਖੋ ਅੱਜ ਵੀ ਦੇਸ਼ ਦੀ ਸਰਕਾਰ ਦਾ ਪੰਜਾਬ ਦੀ ਸਰਕਾਰ ਤੋਂ ਕਰਜ਼ਾ ਵੱਧ ਹੈ। ਸੋ, ਇਹ ਪੰਜਾਬ ਦੀ ਜੋ ਤਰੱਕੀ ਹੋ ਰਹੀ ਹੈ, ਇਸ ਦਾ ਬਾਦਲ ਸਾਹਿਬ ਅਤੇ ਸਾਡੀ ਸਰਕਾਰ ਨੂੰ ਸਿਹਰਾ ਜਾਂਦਾ ਹੈ ਕਿ ਉਨ੍ਹਾਂ ਨੇ ਵੱਖ ਵੱਖ ਤਰੀਕਿਆਂ ਨਾਲ ਪੰਜਾਬ ਦਾ ਵਿਕਾਸ ਸ਼ੁਰੂ ਕੀਤਾ ਹੈ। ਇੰਡਸਟਰੀ ਦੀ ਗੱਲ ਹੋ ਰਹੀ ਹੈ ਕਿ ਐਮ.ਓ.ਯੂ. ਸਾਈਨ ਨਹੀਂ ਹੋਇਆ। ਕਦੇ ਕਹਿੰਦੇ ਹਨ ਕਿ ਝੂਠ ਬੋਲਿਆ ਹੈ। ਕਦੇ ਕਹਿੰਦੇ ਹਨ ਕਿ ਚਾਰ ਕਰੋੜ ਰੁਪਿਆ ਖਰਚ ਕਰ ਦਿੱਤਾ ਹੈ।

[ਬੀਬੀ ਜਗੀਰ ਕੌਰ]
ਚਲੋ ਇਹ ਤਾਂ ਕਿੰਤੂ ਕਰਨਾ ਹੀ ਹੁੰਦਾ ਹੈ। ਹੋਰ ਕਹਿਣ ਵੀ ਕੀ। ਕੁਝ ਨਾ ਕੁਝ ਤਾਂ ਮੇਰੇ ਭਰਾਵਾਂ ਨੇ ਕਹਿਣਾ ਹੀ ਹੁੰਦਾ ਹੈ। ਹੋਰ ਕਰ ਵੀ ਕੀ ਸਕਦੇ ਹਨ। ਹੁਣ ਸ਼ਾਬਾਸ਼ ਤਾਂ ਦੇਣੋਂ ਰਹੇ। ਵਿਚੋਂ ਵਿਚੋਂ ਸਾਰੇ ਖੁਸ਼ ਵੀ ਹੁੰਦੇ ਹਨ ਕਿ ਬਾਦਲ ਸਾਹਿਬ ਕੰਮ ਤਾਂ ਬੜਾ ਕਰਦੇ ਹਨ ਪਰ ਕਰੀਏ ਕੀ। ਮੇਰਾ ਸੁਭਾਅ ਹੈ ਕਿ ਇਹ ਭਰਾ ਮੇਰੇ ਨਾਲ ਪਿਆਰ ਕਰਦੇ ਹਨ। ਮੈਂ ਕਈਆਂ ਨੂੰ ਕਿਹਾ ਹੈ ਕਿ ਤੁਸੀਂ ਕਿਉਂ ਬੋਲਦੇ ਹੁੰਦੇ ਹੋ। ਕਹਿੰਦੇ ਕੀ ਕਰੀਏ, ਅਸੀਂ ਕੁਝ ਤਾਂ ਕਰਨਾ ਹੁੰਦਾ ਹੈ। ਨਹੀਂ ਤਾਂ ਕਹਿਣਗੇ ਤੁਹਾਡੇ ਨਾਲ ਰਲ ਗਏ ਹਾਂ। ਚਲੋ ਖੈਰ, ਇਹ ਗੱਲਾਂ ਤਾਂ ਆਪਣੀਆਂ ਪਿਆਰ ਨਾਲ ਚਲਦੀਆਂ ਰਹਿੰਦੀਆਂ ਹਨ, ਆਪਾਂ ਕਰਦੇ ਹੀ ਰਹਿੰਦੇ ਹਾਂ। ਰਾਜਪਾਲ ਸਾਹਿਬ ਨੇ ਵਰਣਨ ਕੀਤਾ ਹੈ ਕਿ ਕੋਈ ਵੱਡੀ ਇੰਡਸਟਰੀ ਜਾਂ ਪਲਾਂਟ ਕੇਂਦਰ ਵੱਲੋਂ ਨਹੀਂ ਆਇਆ। ਮੇਰੇ ਭਰਾ ਕਹਿੰਦੇ ਹਨ ਕਿ ਇੰਝ ਨਹੀਂ ਹੋਇਆ। ਉਥੇ ਇੰਨਾ ਵੱਡਾ ਪਲਾਂਟ ਹੋਵੇ ਅਤੇ ਉਥੇ ਸਵਾ ਸੌ ਬੰਦਾ ਹੀ ਕੰਮ ਕਰਦਾ ਹੋਵੇ। ਆਪ ਹੀ ਸੋਚੀਏ, ਸਾਡੇ ਹਮੀਰਾ ਫੈਕਟਰੀ ਲੱਗੀ ਹੈ, ਮੇਰਾ ਖਿਆਲ ਹੈ ਉਸ ਨਾਲੋਂ 50 ਗੁਣਾ ਵੱਡਾ ਇਹ ਪਲਾਂਟ ਹੋਣਾ ਹੈ। ਹਮੀਰਾ ਫੈਕਟਰੀ ਨਾਲੋਂ 50 ਗੁਣਾ ਵੱਡਾ ਪਲਾਂਟ ਹੋਵੇਗਾ। ਉਥੇ ਵੀ ਇਸ ਵੇਲੇ 9000 ਬੰਦਾ ਕੰਮ ਕਰਦਾ ਹੈ। ਜੇ ਡਿਸਟਿਲਰੀ ਦੇ ਵਿੱਚ 9000 ਬੰਦਾ ਕੰਮ ਕਰ ਸਕਦਾ ਹੈ ਤਾਂ ਇੰਨੀ ਵੱਡੀ ਰਿਫਾਈਨਰੀ ਦੇ ਵਿੱਚ ਕੀ 123 ਜਾਂ 124 ਬੰਦੇ ਹੀ ਕੰਮ ਕਰਦੇ ਹੋਣਗੇ। ਆਪਾਂ ਲੋਕਾਂ ਨੂੰ ਗੁੰਮਰਾਹ ਕਰਨ ਲਈ ਇਹ ਗੱਲਾਂ ਨਾ ਕਰਿਆ ਕਰੀਏ। ਜਿਸ ਦਾ ਫਾਇਦਾ ਹੈ, ਉਸ ਬਾਰੇ ਸੋਚੀਏ ਕਿ ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਦੇਣ ਹੈ ਅਤੇ ਇਹ ਜਿਹੜਾ 9-10 ਦਸੰਬਰ ਨੂੰ ਸਾਡੇ ਮਾਨਯੋਗ ਉਪ ਮੁੱਖ ਮੰਤਰੀ ਜੀ ਨੇ ਇੰਡਸਟਰੀਲਿਸਟਾਂ ਨੂੰ ਬੁਲਾਇਆ ਹੈ, ਇਹ ਬੜੀ ਵੱਡੀ ਗੱਲ ਹੈ, ਬੜੀ ਤਸੱਲੀ ਹੋਈ ਕਿ ਸਾਡੀ ਇੰਡਸਟਰੀ ਪ੍ਰਫੁਲਤ ਹੋਏਗੀ। ਪਰ ਅਫਸੋਸ, ਜਦੋਂ ਲੋਹਾ ਗਰਮ ਸੀ ਤਾਂ ਉਦੋਂ ਚਾਹੀਦਾ ਸੀ ਕਿ ਕੇਂਦਰ ਵੱਲੋਂ ਵੱਡਾ ਕੋਈ ਪੈਕੇਜ ਦਿੱਤਾ ਜਾਂਦਾ, ਵੱਡੀ ਰਾਹਤ ਦਿੱਤੀ ਜਾਂਦੀ ਪਰ ਉਨ੍ਹਾਂ ਦਿਨਾਂ ਵਿੱਚ ਹੀ ਕਾਂਗਰਸ ਦੀ ਸਰਕਾਰ ਨੇ ਸਾਰੀਆਂ ਕਰ ਨੀਤੀਆਂ ਗਵਾਂਢੀਆਂ ਨੂੰ ਦੇ ਦਿੱਤੀਆਂ ਅਤੇ ਇਹ ਸਾਰੀ ਸਾਡੇ ਉਤੇ ਸੱਟ ਮਾਰੀ ਤਾਂ ਜੋ ਇਥੇ ਜੋ ਇੰਡਸਟਰੀ ਆਉਣ ਲੱਗੀ ਹੈ, ਉਹ ਫੇਲ੍ਹ ਹੋ ਜਾਵੇ। ਉਹ ਵਾਪਸ ਚਲੀ ਜਾਵੇ ਤਾਂ ਜੋ ਇਨ੍ਹਾਂ ਦੀ ਬਦਨਾਮੀ ਹੋਵੇ। ਪਰ ਨਹੀਂ, ਉਨ੍ਹਾਂ ਲੋਕਾਂ ਨੂੰ ਵਿਸ਼ਵਾਸ ਹੈ ਕਿ ਜਿਹੜਾ ਬਾਦਲ ਸਾਹਿਬ ਨੇ ਮਨ ਬਣਾ ਲਿਆ ਹੋਵੇ, ਜਿਹੜੀ ਬਾਦਲ ਸਾਹਿਬ ਨੇ ਗੱਲ ਵਿਚਾਰ ਲਈ ਹੋਵੇ ਕਿ ਮੈਂ ਕਰਨਾ ਹੀ ਕਰਨਾ ਹੈ, ਉਹ ਪੂਰਾ ਹੋਏਗਾ। ਇਸੇ ਕਰਕੇ ਅੱਜ ਬਿਜਲੀ ਦੇ ਪਲਾਂਟ ਲਗਾਏ ਜਾ ਰਹੇ ਹਨ ਤਾਂ ਕਿ ਬਿਜਲੀ ਦੇ ਕੱਟ ਨਾ ਲੱਗਣ। ਲੋਕਾਂ ਨੂੰ ਰੈਗੂਲਰ ਬਿਜਲੀ ਮਿਲ ਸਕੇ। ਇੰਡਸਟਰੀਲਿਸਟ ਬਿਜਲੀ ਕਰਕੇ ਭੱਜ ਨਾ ਜਾਣ। ਜਿਹੜਾ 1980 ਮੈਗਾਵਾਟ ਦਾ ਤਲਵੰਡੀ ਸਾਬੋ ਪਲਾਂਟ ਲੱਗਣਾ ਸੀ, ਉਸ ਦੇ ਵਿੱਚੋਂ 660 ਮੈਗਾਵਾਟ ਦਾ ਪਲਾਂਟ ਚਾਲੂ ਹੋ ਗਿਆ ਹੈ।

ਸ੍ਰੀ ਸਭਾਪਤੀ : ਬੀਬੀ ਜੀ, ਸਮਾਪਤ ਕਰੋ।

ਬੀਬੀ ਜਗੀਰ ਕੌਰ : ਬੱਸ ਦੋ ਮਿੰਟ ਜੀ। ਪਲੀਜ਼, ਮੈਂ ਤਾਂ ਇਸੇ ਕਰਕੇ ਸਪੀਚ ਤੇਜ਼ ਕਰ ਰਹੀ ਹਾਂ ਕਿ ਮੈਨੂੰ ਪਤਾ ਸੀ ਕਿ ਤੁਸੀਂ ਮੈਨੂੰ ਕਹਿ ਦੇਣਾ ਹੈ। 1400 ਮੈਗਾਵਾਟ ਦਾ ਜਿਹੜਾ ਪਲਾਂਟ ਰਾਜਪੁਰੇ ਲੱਗ ਰਿਹਾ ਹੈ, ਉਸ ਵਿਚੋਂ 700 ਮੈਗਾਵਾਟ ਚਾਲੂ ਕਰ ਦਿੱਤਾ ਹੈ। ਇੰਨੀ ਛੇਤੀ ਪ੍ਰੋਜੈਕਟ ਤਿਆਰ ਕਰਨੇ, ਲੋਕਾਂ ਤੱਕ ਬਿਜਲੀ ਮੁਹੱਈਆ ਕਰਨੀ ਬੜੀ ਵੱਡੀ ਗੱਲ ਹੈ। ਗੱਲ ਹੁਣੇ ਆਈ ਸੀ ਕਿ ਗਵਰਨਰ ਸਾਹਿਬ ਨੇ ਇਹ ਕਹਿ ਦਿੱਤਾ, ਇਹ ** ਹੈ। ਬੜਾ ਅਫਸੋਸ ਹੈ, ਉਹ ਸ਼ਖਸੀਅਤ ਇਨ੍ਹਾਂ ਦੀ ਸਰਕਾਰ ਦੇ ਵਿੱਚ ਹੋਮ ਮਨਿਸਟਰ ਰਹੇ ਹਨ। ਬੜੇ ਬੜੇ ਵੱਡੇ ਅਹੁਦਿਆਂ ਤੇ ਰਹੇ ਹਨ। ਉਹ ਚੰਗੇ ਇਨਸਾਨ ਹਨ। ਅਸੀਂ ਤਾਂ ਉਨ੍ਹਾਂ ਦੀ ਇੱਜਤ ਕਰਦੇ ਹਾਂ, ਕਦਰ ਕਰਦੇ ਹਾਂ। ਕਹਿੰਦੇ ਜੋ ਤੁਸੀਂ ਲਿਖਿਆ ਹੈ, ਉਹ ਉਨ੍ਹਾਂ ਨੇ ਪੜ੍ਹ ਦਿੱਤਾ ਹੈ। ਕੀ ਉਹ ਕੋਈ ਇੰਨੇ ਛੋਟੇ ਬੰਦੇ ਸੀ ਕਿ ਜਿਨ੍ਹਾਂ ਨੇ ਜੋ ਕਹਿ ਦਿੱਤਾ ਉਹ ਪੜ੍ਹ ਦਿੱਤਾ ਹੈ? ਅਕਸਰ ਉਨ੍ਹਾਂ ਨੇ ਪੜ੍ਹਿਆ ਹੈ, ਪਹਿਲਾਂ ਪੜ੍ਹ ਕੇ ਆਉਂਦੇ ਹਨ, ਪਹਿਲਾਂ ਲਿਖਾਉਂਦੇ ਹਨ। ਭਾਸ਼ਣ ਉਨ੍ਹਾਂ ਦਾ ਹੈ, ਲਿਖਿਆ ਕਿਸ ਨੇ ਹੈ, ਲਿਖਾਇਆ ਕਿਸ ਨੇ ਹੈ, ਇਹ ਤਾਂ ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਲਿਖਵਾਉਂਦਾ ਕੌਣ ਹੈ। ਲਿਖਵਾਉਣਾ ਉਨ੍ਹਾਂ ਨੇ ਇਨ੍ਹਾਂ ਕੋਲੋਂ ਹੀ ਸੀ ਪਰ ਜਿਹੜਾ ਪੜ੍ਹਿਆ ਹੈ ਇਹ ਉਨ੍ਹਾਂ ਦਾ ਗਿਣਿਆ ਜਾਂਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਖੁਦ ਮੁਖਤਿਆਰੀ ਚਾਹੀਦੀ ਹੈ ਕਿਉਂਕਿ ਸਟੇਟਾਂ ਵਿਚ, ਰਾਜਾਂ ਵਿਚ ਰਾਜ ਦੀ ਸਰਕਾਰ ਨੂੰ ਲੋਕਾਂ ਨਾਲ ਸਿੱਧਾ ਰਾਬਤਾ ਹੁੰਦਾ ਹੈ। ਲੋਕਾਂ ਦੀਆਂ ਮੁਸ਼ਕਲਾਂ ਦਾ ਪਤਾ ਹੁੰਦਾ ਹੈ, ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਿਸ ਤਰ੍ਹਾਂ ਕਰਨਾ ਹੈ, ਉਹ ਪਤਾ ਹੁੰਦਾ ਹੈ। ਇਸ ਕਰਕੇ ਅਸੀਂ ਹਮੇਸ਼ਾ ਹੀ ਮੰਗਤੇ ਬਣ ਕੇ, ਸਟੇਟ ਤੋਂ ਮੰਗਤੇ ਬਣ ਕੇ ਕੇਂਦਰ ਕੋਲ ਜਾਂਦੇ ਹਾਂ। ਇਹ ਕਦੇ ਉਲਾਂਭੇ ਮਾਰਦੇ ਹਨ, ਚਾਰ ਹਜ਼ਾਰ ਕੋਰੜ ਰੁਪਿਆ ਕੇਂਦਰ ਤੋਂ ਆ ਗਿਆ, ਕਦੇ ਕਹਿੰਦੇ ਜੀ ਇਹ ਜਿਹੜੀ ਕਣਕ ਦਿੰਦੇ ਹਾਂ, ਇਸ ਦਾ ਇੰਨਾ ਹਿੱਸਾ ਉਥੋਂ ਆ ਗਿਆ। ਦੱਸੋ, ਅਸੀਂ ਕੋਈ ਮੰਗਤੇ ਹਾਂ, ਇਹ ਸਾਡਾ ਹੱਕ ਹੈ। ਜੇ 30 ਪਰਸੈਂਟ ਸਾਰੇ ਰਾਜਾਂ ਨੂੰ ਦਿੱਤਾ ਜਾਂਦਾ ਹੈ, ਉਨ੍ਹਾਂ ਨੇ ਇਸੇ ਕਰਕੇ ਮੰਗ ਕੀਤੀ ਹੈ ਕਿ 50% ਜਿਹੜੀ ਖੁਦਮੁਖਤਿਆਰੀ ਦਿੱਤੀ ਜਾਵੇ ਤਾਂ ਕਿ ਅਸੀਂ ਆਪਣੇ ਲੋਕਾਂ ਦਾ ਆਪ ਹੱਲ ਕਰ ਲਈਏ। ਜਿਹੜਾ ਪੈਸਾ ਸਾਡੇ ਕੋਲੋਂ ਲੈ ਕੇ ਜਾਂਦੇ ਹਨ, ਉਹ ਨਾ ਲੈ ਕੇ ਜਾਇਆ ਕਰਨ। ਕੀ ਫਰਕ ਪੈਂਦਾ ਹੈ ਜੀ, ਜੇ ਉਹ ਕੇਂਦਰ ਇੰਨੀ ਅਮੀਰ ਹੈ ਤਾਂ ਇਸ ਤਰ੍ਹਾਂ ਕਰ ਦਿਓ ਫਿਰ ਅਸੀਂ ਨਹੀਂ ਮੰਗਦੇ, ਬਾਦਲ ਸਾਹਿਬ, ਆਪੇ ਹੀ ਸਾਰਾ ਕੁਝ ਕਰ ਲੈਣਗੇ। ਸੋ, ਇਹ ਅੱਜ ਜਿਹੜਾ ਉਨ੍ਹਾਂ ਨੇ ਖੁਦਮੁਖਤਿਆਰੀ ਦਾ ਮਤਾ ਰੱਖਿਆ ਹੈ, ਮੈਂ ਉਨ੍ਹਾਂ ਦੀ ਇਸ ਗੱਲ ਲਈ ਸ਼ਲਾਘਾ ਕਰਦੀ ਹਾਂ ਤੇ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ।

ਸ਼੍ਰੀ ਸਭਾਪਤੀ : ਬੀਬੀ ਜੀ, ਸਮਾਪਤੀ ਕਰੋ।

ਬੀਬੀ ਜਗੀਰ ਕੌਰ : ਇਕ ਮਿੰਟ ਜੀ। ਸਿੱਖਿਆ ਦੇ ਸਬੰਧ ਵਿਚ ਬਹੁਤ ਕੁਝ ਕੀਤਾ ਗਿਆ ਹੈ। ਸਕੂਲਾਂ ਨੂੰ ਅਪਗ੍ਰੇਡ ਕੀਤਾ ਗਿਆ ਹੈ। ਸਕੂਲਾਂ ਵਿਚ 41,182 ਟੀਚਰ ਭਰਤੀ ਕੀਤੇ ਗਏ ਹਨ, ਤਕਰੀਬਨ 18,000 ਨੂੰ ਪੱਕਿਆਂ ਕੀਤਾ

**Expunged as per Ruling by the Chair dated 13.03.2013.

[ਬੀਬੀ ਜਗੀਰ ਕੌਰ]

ਗਿਆ ਹੈ, ਹਰ ਮਹਿਕਮੇ ਦੇ ਵਿਚ ਭਰਤੀ ਕੀਤੀ ਗਈ ਹੈ। ਅੱਜ ਲੋਕਾਂ ਨੂੰ ਰੋਜ਼ਗਾਰ ਦਿੱਤਾ ਹੈ। ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਉਤਸ਼ਾਹ ਦੇਣ ਵਾਸਤੇ, ਜਿਹੜੇ ਬੱਚੇ ਯੋਗ ਹੋਣ, ਜਿਹੜੇ ਬੱਚੇ ਇੰਟੈਲੀਜੈਂਟ ਹੋਣ, ਜਿਹੜੇ 80 ਪਰਸੈਂਟ ਲੈ ਕੇ ਪੜ੍ਹਨ ਜਾਂ ਇਸ ਤੋਂ ਵੱਧ ਨੰਬਰ ਲੈਣ ਤਾਂ ਉਨ੍ਹਾਂ ਵਾਸਤੇ ਬਾਦਲ ਸਾਹਿਬ ਨੇ ਛੋਟੀ ਗੱਲ ਨਹੀਂ ਕੀਤੀ, ਹਰ ਬੱਚੇ ਨੂੰ, ਇਹ ਨਹੀਂ ਵੇਖਿਆ ਕਿ ਕੋਈ ਗਰੀਬ ਦਾ ਹੈ, ਕੋਈ ਵੱਡੇ ਦਾ ਹੈ, ਇਹ ਵੇਖਿਆ ਹੈ ਕਿ ਬੱਚਾ ਇੰਟੈਲੀਜੈਂਟ ਹੈ, ਜਿਹੜਾ ਬੱਚਾ ਇੰਟੈਲੀਜੈਂਟ ਹੋਵੇਗਾ ਉਸ ਨੂੰ 30,000 ਰੁਪਿਆ ਸਾਲ ਦਾ ਵਜੀਫਾ ਦਿੱਤਾ ਜਾਵੇਗਾ। ਬੀ.ਸੀ. ਨਾਲ ਸਬੰਧਤ ਲੋਕ ਜਦੋਂ ਅਸੀਂ ਪੜ੍ਹਦੇ ਹੁੰਦੇ ਸੀ ਤਾਂ 6 ਰੁਪਏ ਵਜੀਫਾ ਮਿਲਦਾ ਸੀ ਤੇ ਅਸੀਂ ਬੜੇ ਖੁਸ਼ ਹੁੰਦੇ ਸੀ ਕਿ 6 ਰੁਪਿਆ ਵਜੀਫਾ ਮਿਲਦਾ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਧੰਨਵਾਦ ਕਰਦੀ ਹਾਂ ਕਿ ਸਾਨੂੰ ਬੀ.ਸੀ. ਕੈਟਾਗਰੀ ਵਿਚ ਪੁਆਇਆ। ਸਾਨੂੰ 6 ਰੁਪਿਆ ਵਜੀਫਾ ਮਿਲਦਾ ਸੀ, ਘਰੋਂ ਰੋਟੀ ਖਾਂਦੇ ਸੀ। ਅਸੀਂ ਤਾਂ ਫਰੀ ਪੜ੍ਹ ਗਏ, ਕਰਨਲ ਬਣ ਗਏ, ਜਨਰਲ ਬਣ ਗਏ, ਬ੍ਰਿਗੇਡੀਅਰ ਬਣ ਗਏ। ਲੇਕਿਨ ਅੱਜ ਜਿਸ ਬੱਚੇ ਨੂੰ ਸਾਲ ਦਾ 30,000 ਰੁਪਿਆ ਵਜੀਫਾ ਮਿਲੇਗਾ ਤਾਂ ਦੱਸੋ ਉਹ ਕਿਥੋਂ ਦਾ ਕਿਥੇ ਪਹੁੰਚੇਗਾ। ਇਥੇ ਹੀ ਬੱਸ ਨਹੀਂ, ਬਹੁਤ ਵਧੀਆ ਸਕੂਲ ਖੁਲ੍ਹ ਰਹੇ ਹਨ, ਜਿਥੇ ਅਕਾਮੋਡੇਸ਼ਨ ਫਰੀ, ਰਿਹਾਇਸ਼ ਫਰੀ, ਜਿਥੇ ਖਾਣਾ ਫਰੀ, ਜਿਥੇ ਪੂਰੀ ਦੀ ਪੂਰੀ ਐਜੂਕੇਸ਼ਨ ਫਰੀ, ਵਧੀਆ ਕੁਆਲੀਫਾਈਡ ਟੀਚਰ ਲਗਾਏ ਜਾਣਗੇ। ਇਸ ਤਰ੍ਹਾਂ ਦੇ 6 ਸਕੂਲ ਜਿਹੜੇ ਖੋਲ੍ਹੇ ਜਾ ਰਹੇ ਹਨ, ਇਨ੍ਹਾਂ ਦਾ ਵੀ ਭਾਸ਼ਣ ਵਿਚ ਜ਼ਿਕਰ ਕੀਤਾ ਗਿਆ ਹੈ। ਬਾਦਲ ਸਾਹਿਬ ਦੀ ਉਨ੍ਹਾਂ ਨੇ ਬਹੁਤ ਸ਼ਲਾਘਾ ਕੀਤੀ ਹੈ, ਮੈਂ ਇਸ ਗੱਲ ਉਤੇ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ। ਲੜਕੀਆਂ ਨੂੰ ਸਾਈਕਲ ਦੇਣੇ, ਲੜਕੀਆਂ ਨੂੰ ਫਰੀ ਐਜੂਕੇਸ਼ਨ ਦੇਣੀ, ਇਹ ਬੜੀ ਉਨ੍ਹਾਂ ਦੀ ਮਾਅਰਕੇ ਦੀ ਗੱਲ ਹੋਈ ਹੈ ਜਿਹੜੀ ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਦਰਜ ਕੀਤੀ ਹੈ। ਸੜਕਾਂ ਹਰ ਸਰਕਾਰ ਬਣਾਉਂਦੀ ਹੈ, ਗਲੀਆਂ ਹਰ ਸਰਕਾਰ ਬਣਾਉਂਦੀ ਹੈ, ਹਰ ਸਰਕਾਰ ਸਕੂਲਾਂ ਵਿਚ ਕੰਮ ਕਰ ਸਕਦੀ ਹੈ ਲੇਕਿਨ, ਚੇਅਰਮੈਨ ਸਾਹਿਬ, ਜੋ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਅੱਜ ਹਿੰਦੁਸਤਾਨ ਵਿਚ ਪੰਜਾਬੀਆਂ ਨੂੰ, ਸਿੱਖਾਂ ਨੂੰ, ਹਰ ਬਰਾਦਰੀ ਨੂੰ ਆਪਣੇ ਸਭਿਆਚਾਰ ਨੂੰ ਸਾਂਭਣ ਲਈ ਹਰ ਖਿੱਤੇ ਵਿਚ ਜਿਹੜਾ ਇਤਿਹਾਸਕ ਯਾਦਗਾਰਾਂ ਬਣਾਉਣ ਦਾ ਫੈਸਲਾ ਕੀਤਾ ਹੈ, ਇਹ ਸਭ ਤੋਂ ਵੱਡਾ ਕੌਮ ਦਾ ਸਰਮਾਇਆ ਹੈ। ਮੈਂ ਸਮਝਦੀ ਹਾਂ ਕਿ ਸ਼ਾਇਦ ਪ੍ਰਮਾਤਮਾ ਨੇ ਇਨ੍ਹਾਂ ਨੂੰ ਮੌਕਾ ਹੀ ਤਾਂ ਦਿੱਤਾ ਸੀ ਕਿ ਇਹੋ ਜਿਹੇ ਦਿਆਲੂ ਇਨਸਾਨ, ਇਹੋ ਜਿਹੇ ਦੂਰ ਅੰਦੇਸ਼ੀ ਇਨਸਾਨ, ਜਿਸ ਨੇ ਪੰਜਾਬ ਲਈ ਬੜੀ ਕੁਰਬਾਨੀ ਕੀਤੀ ਹੈ, ਜਿਸ ਨੇ ਇਤਿਹਾਸ ਸਿਰਜਿਆ ਹੈ, ਜਿਸ ਨੂੰ ਲੋਕਾਂ ਨੇ ਵੱਡਾ ਮਾਣ ਦਿੱਤਾ ਹੈ, ਸ਼ਾਇਦ ਇਨ੍ਹਾਂ ਨੂੰ ਇਹ ਤਾਂ ਹੀ ਵਾਰ ਵਾਰ ਮੌਕਾ ਮਿਲਦਾ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜਿਹੜੇ ਅਧੂਰੇ ਕੰਮ ਰਹਿ ਗਏ ਹਨ, ਉਹ ਪੂਰੇ ਕਰ ਸਕਣ। ਸਭ ਤੋਂ ਵੱਡਾ ਕੰਮ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਹੋਇਆ ਹੈ, ਜਿਥੇ ਵਿਰਾਸਤ-ਏ-ਖਾਲਸਾ ਵਿਚ ਸਭਿਆਚਾਰ ਅਤੇ ਨਿਰਮਾਣ ਕਲਾ ਦਾ ਨਮੂਨਾ ਪੇਸ਼ ਕੀਤਾ ਗਿਆ ਹੈ। ਉਹ ਪੰਜ ਪਿਆਰਿਆਂ ਦੀ ਧਰਤੀ, ਕਲਗੀਧਰ ਪਾਤਸ਼ਾਹ ਜੀ ਦੀ ਧਰਤੀ ਜਿਹੜੀ ਅੱਜ ਗੁਰੂ

ਸਾਹਿਬ ਨੇ ਸਾਨੂੰ ਬਖਸ਼ਿਸ਼ ਕੀਤੀ ਹੈ, ਉਸ ਉਤੇ ਇਹ ਵੱਡਾ ਕੰਮ ਹੋਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਾਨਦਾਰ ਜਿੱਤ ਦੀ ਯਾਦ ਵਿਚ ਚੱਪੜਚਿੜੀ ਵਿਖੇ ਭਾਰਤ ਦੀ ਸਭ ਤੋਂ ਉਚੀ ਸਮਾਰਕ ਤਿਆਰ ਕੀਤੀ ਗਈ ਹੈ। ਕਾਹਨੂੰਵਾਨ ਛੰਦ-ਛੋਟਾ ਘੱਲੂਘਾਰਾ, ਕੁੱਪਰਹੀੜਾ-ਵੱਡਾ ਘੱਲੂਘਾਰਾ, ਅੰਮ੍ਰਿਤਸਰ ਵਿਖੇ ਸ਼੍ਰੀ ਵਾਲਮੀਕ ਜੀ ਨੇ ਜਿਥੇ ਰਮਾਇਣ ਰਚੀ ਸੀ, ਉਥੇ ਯਾਦਗਾਰ ਬਣ ਰਹੀ ਹੈ। ਭਗਤ ਰਵਿਦਾਸ ਜੀ ਦੀ ਯਾਦ ਵਿਚ ਖੁਰਾਲਗੜ੍ਹ ਵਿਖੇ ਯਾਦਗਾਰ ਬਣ ਰਹੀ ਹੈ। ਕੱਲ੍ਹ ਮੈਨੂੰ ਬੜਾ ਅਫਸੋਸ ਲੱਗਾ ਹੈ, ਸਾਡੇ ਭਰਾ ਕਈ ਵਾਰੀ ਇਕ ਦਮ ਖਲੋ ਜਾਂਦੇ ਹਨ, ਸੁਣਦੇ, ਸੋਚਦੇ ਕੁਝ ਨਹੀਂ। ਕੋਈ ਕਹਿੰਦਾ ਕੀ ਹੈ, ਇਹ ਪਤਾ ਨਹੀਂ ਲੱਗਦਾ। ਇਹ ਗੱਲ ਕਰਦੇ ਕਰਦੇ ਇਹ ਗੱਲ ਕਹਿ ਦਿੱਤੀ, ਇਹ ਗੱਲ ਕਹਿ ਦਿੱਤੀ ਤੇ ਆਖਰ ਵਿਚ ਆਪ ਪਤਾ ਕੀ ਬੋਲ ਗਏ? ਕਹਿੰਦੇ ਜਿਹੜੇ ਮਰ ਗਏ ਹਨ ਉਨ੍ਹਾਂ ਦੀਆਂ ਯਾਦਗਾਰਾਂ ਤੁਸੀਂ ਬਣਾਉਂਦੇ ਹੋ। ਦੱਸੋ ਇਕ ਪਾਸੇ ਭਗਤ ਰਵਿਦਾਸ ਜੀ, ਜਿਨ੍ਹਾਂ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ ਹੋਵੇ, ਉਹ ਜੀਵਤ ਜੋਤ ਹੋਵੇ ਤੇ ਅੱਜ ਗੁਰੂ ਸਾਹਿਬ ਦਾ ਸਾਨੂੰ ਸੰਦੇਸ਼ ਹੋਵੇ:-

ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹੁ।

ਜਿਨ੍ਹਾਂ ਨੂੰ ਪ੍ਰਗਟ ਗੁਰਾਂ ਕੀ ਦੇਹ ਵਿੱਚ ਸ਼ਾਮਿਲ ਕੀਤਾ ਹੋਵੇ, ਉਸ ਨੂੰ ਇਹ ਮਰਿਆ ਹੋਇਆ ਕਹਿਣ, ਮੈਨੂੰ ਇਸ ਗੱਲ ਦਾ ਬੜਾ ਰੋਸ ਲੱਗਿਆ। ਮੈਂ ਸਾਰੇ ਸੈਸ਼ਨ ਵਿੱਚ ਦੇਖਦੀ ਹਾਂ ਕਿ ਇਹ ਭਰਾ ਬੜੇ ਸੂਝਵਾਨ ਹਨ, ਪਰ ਇਸ ਦਾ ਇਕੋ ਹੀ ਕੰਮ ਖੜ੍ਹੇ ਹੋ ਕੇ ਇਹ ਕਹਿਣਾ ਹੈ, "ਮੁਰਦਾਬਾਦ, ਪੰਜਾਬ ਸਰਕਾਰ ਮੁਰਦਾਬਾਦ।" ਸਿਰਫ ਮੁਰਦਾਬਾਦ ਕਹਿਣ ਦੀ ਡਿਊਟੀ ਇਨ੍ਹਾਂ ਨੇ ਉਸ ਦੀ ਲਗਾਈ ਹੈ। ਇਹ ਹਮੇਸ਼ਾ ਉੱਠ ਕੇ ਮੁਰਦਾਬਾਦ ਕਹਿੰਦਾ ਹੈ। ਬੋਲਣ ਲੱਗਿਆਂ ਪਤਾ ਨਹੀਂ ਲਗਦਾ ਕਿ ਕੀ ਗੁਰੂਆਂ ਨੂੰ ਵੀ ਮਰਿਆ ਹੋਇਆ ਕਹਿਣਾ ਹੈ, ਜਿਹੜੇ ਜਾਗਦੀ ਜੋਤ ਹਨ। ਇਹ ਗੱਲ ਕਹਿ ਕੇ ਇਨ੍ਹਾਂ ਨੇ ਬੜਾ ਵੱਡਾ ਅਪਮਾਨ ਕੀਤਾ ਹੈ। ਮੈਂ ਸਮਝਦੀ ਹਾਂ ਕਿ ਜੰਗੇ-ਅਜ਼ਾਦੀ ਦੀ ਲੜਾਈ ਜਿਨ੍ਹਾਂ ਸੂਰਮਿਆਂ ਨੇ ਲੜੀ ਸੀ...

ਸ਼੍ਰੀ ਸਭਾਪਤੀ : ਬੀਬੀ ਜੀ, ਪਲੀਜ਼, ਸਮਾਪਤੀ ਕਰੋ। ਨਾਗਰਾ ਸਾਹਿਬ, ਇਨ੍ਹਾਂ ਤੋਂ ਬਾਅਦ ਤੁਸੀਂ ਬੋਲਣਾ ਹੈ।

ਬੀਬੀ ਜਗੀਰ ਕੌਰ : ਬੱਸ, ਇੱਕ ਮਿੰਟ ਜੀ, ਪਲੀਜ਼। ਜੰਗੇ-ਅਜ਼ਾਦੀ ਦੀ ਲੜਾਈ ਜਿਨ੍ਹਾਂ ਨੇ ਲੜੀ, ਇਸ ਵਾਸਤੇ ਕੇਂਦਰ ਸਰਕਾਰ ਦੀ ਡਿਊਟੀ ਬਣਦੀ ਸੀ ਕਿ ਉਹ ਇਨ੍ਹਾਂ ਸੂਰਮਿਆਂ ਦੀਆਂ ਯਾਦਗਾਰਾਂ ਬਣਾਉਂਦੀ ਪਰ ਇਹ ਬਾਦਲ ਸਾਹਿਬ ਦੇ ਹਿੱਸੇ ਆਇਆ ਹੈ ਅਤੇ ਉਨ੍ਹਾਂ ਨੇ ਇਹ ਯਾਦਗਾਰਾਂ ਬਣਾਈਆਂ ਹਨ। ਮਹਾਨ ਜੰਗੀ ਨਾਇਕਾਂ ਨੂੰ ਦਰਸਾਉਂਦੀਆਂ ਯਾਦਗਾਰਾਂ ਅੰਮ੍ਰਿਤਸਰ ਵਿਖੇ ਬਣਾਈਆਂ ਗਈਆਂ ਹਨ। ਕਿੰਨੇ ਜਨਰਲ ਆਏ, ਕਿੰਨੇ ਕਰਨਲ ਆਏ। ਅੰਤ ਵਿੱਚ ਮੈਂ ਇਹ ਕਹਾਂਗੀ ਕਿ ਬਾਦਲ ਸਾਹਿਬ ਵੱਲੋਂ ਪੰਜਾਬ ਸੇਵਾ ਐਕਟ, 2011 ਤਹਿਤ ਜੋ 149 ਸੇਵਾਵਾਂ ਅਧਿਸੂਚਿਤ ਕੀਤੀਆਂ ਗਈਆਂ ਹਨ, ਜਿਸ ਵਿੱਚ ਇਹ ਦਰਸਾਇਆ ਗਿਆ ਹੈ ਕਿ ਇਹ ਸਰਕਾਰ ਹਰ ਬੰਦੇ ਦੀ ਸਰਕਾਰ ਹੈ, ਹਰ ਵਿਅਕਤੀ ਦੀ ਸਰਕਾਰ ਹੈ ਅਤੇ

[ਬੀਬੀ ਜਗੀਰ ਕੌਰ]
ਉਹ ਸਵੈ-ਮਾਣ ਨਾਲ ਜੀਅ ਸਕਦਾ ਹੈ। ਇਹ ਸਰਕਾਰ ਸ਼ਾਸਕ ਬਣ ਕੇ ਨਹੀਂ ਬਲਕਿ ਇੱਕ ਸੇਵਾਦਾਰ ਬਣ ਕੇ ਕੰਮ ਕਰੇਗੀ, ਇਹ ਵੀ ਇੱਕ ਬੜਾ ਵੱਡਾ ਮਾਣ ਇਨ੍ਹਾਂ ਨੂੰ ਜਾਂਦਾ ਹੈ। ਅੰਤ ਵਿੱਚ ਮੈਂ ਕਹਿਣਾ ਚਾਹੁੰਦੀ ਹਾਂ ਕਿ ਪੰਜਾਬ ਗੁਰੂਆਂ, ਪੀਰਾਂ ਦੀ ਧਰਤੀ ਹੈ। ਇਸ ਨੇ ਬੜੇ ਜੋਖ਼ਮ ਝੱਲੇ ਹਨ। ਇਸ ਤੇ ਬਿਗਾਨਿਆਂ ਨੇ ਹਮਲੇ ਕੀਤੇ, ਆਪਣਿਆਂ ਨੇ ਹਮਲੇ ਕੀਤੇ ਲੇਕਿਨ ਪੰਜਾਬ ਸਰਕਾਰ ਦੀ ਦੂਰ-ਅੰਦੇਸ਼ੀ, ਦ੍ਰਿੜਤਾ ਅਤੇ ਸਖ਼ਤ ਮਿਹਨਤ ਦਾ ਨਤੀਜਾ ਇਹ ਹੋਇਆ ਕਿ ਇੱਥੇ ਅਮਨ ਹੋਇਆ, ਸ਼ਾਂਤੀ ਹੋਈ। ਅੱਜ ਪੰਜਾਬ ਦੁਨੀਆ ਵਿੱਚ ਇੱਕ ਵੱਡੀ ਦਿੱਖ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਮੈਂ ਇਸ ਵਾਸਤੇ ਮੁੱਖ ਮੰਤਰੀ, ਪੰਜਾਬ ਸਰਦਾਰ ਪਰਕਾਸ਼ ਸਿੰਘ ਬਾਦਲ ਜੀ, ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ, ਪੰਜਾਬ ਅਤੇ ਸਾਰੀ ਕੈਬਿਨਟ ਅਤੇ ਵਿਧਾਨ ਸਭਾ ਦੇ ਮੈਂਬਰਾਂ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਸਰਕਾਰ ਨੂੰ ਮਜ਼ਬੂਤ ਕਰਨ ਵਾਸਤੇ ਹਰ ਹੀਲੇ ਯਤਨ ਕੀਤੇ ਹਨ ਤਾਂ ਕਿ ਪੰਜਾਬ ਸਰਕਾਰ ਬੁਲੰਦੀਆਂ ਤੇ ਹੋਵੇ। ਤੁਹਾਡਾ ਬਹੁਤ ਬਹੁਤ ਧੰਨਵਾਦ। ਜਿਹੜਾ ਧੰਨਵਾਦ ਦਾ ਮਤਾ ਡਾਕਟਰ ਦਲਜੀਤ ਸਿੰਘ ਚੀਮਾ ਨੇ ਲਿਆਂਦਾ ਸੀ, ਮੈਂ ਉਸ ਦੇ ਹੱਕ ਵਿੱਚ ਬੋਲਦੀ ਹੋਈ ਅੰਤ ਵਿੱਚ ਇਹ ਸਿਫਾਰਸ਼ ਕਰਾਂਗੀ, ਇਹ ਬੇਨਤੀ ਕਰਾਂਗੀ ਕਿ ਇਸ ਨੂੰ ਸਰਵ ਸੰਮਤੀ ਨਾਲ ਪਾਸ ਕੀਤਾ ਜਾਵੇ।

ਸ਼੍ਰੀ ਸਭਾਪਤੀ : ਸਰਦਾਰ ਕੁਲਜੀਤ ਸਿੰਘ ਨਾਗਰਾ ਜੀ, 5 ਮਿੰਟ ਵਾਸਤੇ ਬੋਲਣਾ ਅਤੇ ਤੁਹਾਡੇ 1-2 ਬੁਲਾਰੇ ਹੋਰ ਹਨ, ਉਹ ਵੀ 5-5 ਮਿੰਟ ਵਾਸਤੇ ਬੋਲਣਗੇ। ਜੋ ਵੀ ਕਹਿਣਾ ਹੈ, ਜਲਦੀ ਕਿਹਾ ਜਾਵੇ।

ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ) : ਚੇਅਰਮੈਨ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਪੰਜਾਬ ਦੇ ਮਾਨਯੋਗ ਰਾਜਪਾਲ ਦੁਆਰਾ ਰਾਜ ਵਿਧਾਨ ਸਭਾ ਵਿੱਚ ਦਿੱਤੇ ਗਏ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਚੇਅਰਮੈਨ ਸਾਹਿਬ, ਇਹ 39 ਪੇਜ਼ਾਂ ਦੀ ਜਿਹੜੀ ਕਿਤਾਬ ਹੈ, ਇਸ ਵਿਚੋਂ ਬੋਲਦਿਆਂ ਮੇਰੇ ਸਾਹਮਣੇ ਬੈਠੇ ਮਾਨਯੋਗ ਸਾਥੀਆਂ ਅਤੇ ਸਾਡੇ ਕਾਂਗਰਸ ਪਾਰਟੀ ਦੇ ਬਹੁਤ ਮਾਨਯੋਗ ਸਾਥੀਆਂ ਨੇ ਹੱਕ ਅਤੇ ਵਿਰੋਧ ਵਿੱਚ ਬਹੁਤ ਕੁਝ ਕਿਹਾ ਹੈ, ਤੱਥ ਵੀ ਬਹੁਤ ਪੇਸ਼ ਕੀਤੇ ਹਨ। ਮੁੱਖ ਮੰਤਰੀ ਸਾਹਿਬ ਨੇ ਸੀ.ਆਈ.ਡੀ. ਸਾਰਿਆਂ ਦੇ ਪਿੱਛੇ ਲਗਾ ਰੱਖੀ ਹੈ, ਪਿੱਛੇ ਹੀ ਨਹੀਂ ਲਗਾ ਰੱਖੀ, ਟੈਲੀਫੋਨ ਵੀ ਟੇਪ ਹੁੰਦੇ ਹਨ। ਕਿਹੜੀ ਗੱਲ ਕੋਈ ਕਿਸ ਨਾਲ ਕਰਦਾ ਹੈ, ਕਿਹੜਾ ਅਫ਼ਸਰ ਕਿਸ ਨਾਲ ਗੱਲ ਕਰਦਾ ਹੈ, ਉਹ ਸਾਰਾ ਮਸਾਲਾ ਇਨ੍ਹਾਂ ਕੋਲ ਰੋਜ ਪਹੁੰਚਦਾ ਹੈ। ਇਨ੍ਹਾਂ ਨੂੰ ਸਭ ਪਤਾ ਲਗਦਾ ਹੈ। ਇਨ੍ਹਾਂ ਨੇ ਖੁਦ ਕਿਹਾ ਹੈ ਕਿ ਮੈਨੂੰ ਸਭ ਪਤਾ ਲਗਦਾ ਹੈ। ਪਤਾ ਇਥੋਂ ਹੀ ਲਗਦਾ ਹੈ ਕਿਉਂਕਿ ਇਹ ਟੈਲੀਫੋਨ ਵੀ ਟੇਪ ਕਰਦੇ ਹਨ। ਹੋ ਸਕਦਾ ਹੈ ਕਿ ਸੀ.ਐਲ.ਪੀ. ਦੇ ਦਫ਼ਤਰ ਵਿੱਚ ਇਨ੍ਹਾਂ ਨੇ ਕੋਈ ਨਾ ਕੋਈ ਔਜ਼ਾਰ ਲਗਾਇਆ ਹੋਵੇ ਅਤੇ ਜਿਹੜੀ ਗੱਲ ਅਸੀਂ ਕਰਦੇ ਹੋਈਏ, ਉਹ ਇਨ੍ਹਾਂ ਕੋਲ ਪਹੁੰਚਦੀ ਹੋਵੇ। ਅੱਜ ਕੱਲ੍ਹ ਤਾਂ ਬਹੁਤ ਸਾਰੇ ਇਹੋ ਜਿਹੇ ਔਜ਼ਾਰ ਵੀ ਆ ਗਏ ਹਨ। ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ, ਮੈਂ ਭਾਸ਼ਣ ਦੇਣਾ ਹੈ, ਸੁਣ ਕੇ ਜਾਇਓ। ਮੁੱਖ ਮੰਤਰੀ ਸਾਹਿਬ ਤੁਹਾਡਾ

ਭਾਸ਼ਣ ਵੀ ਸੁਣਾਂਗੇ, ਬਸ਼ਰਤੇ ਜਿਹੜੀਆਂ ਗੱਲਾਂ ਸਾਡੇ ਮਾਨਯੋਗ ਮੈਂਬਰਾਂ ਨੇ ਤੁਹਾਡੇ ਤੋਂ ਪੁੱਛੀਆਂ ਹਨ, ਉਨ੍ਹਾਂ ਦਾ ਤੱਥਾਂ ਨਾਲ ਜਵਾਬ ਦਿਓਗੇ। ਦੋ-ਤਿੰਨ ਗੱਲਾਂ ਜ਼ਰੂਰ ਮੁੱਖ ਮੰਤਰੀ ਸਾਹਿਬ ਤੁਸੀਂ ਦੱਸ ਕੇ ਜਾਇਓ। ਗੁਜਰਾਤ ਦੇ ਮੁੱਖ ਮੰਤਰੀ ਸਾਹਿਬ ਦੀ ਜਗਰਾਉਂ ਵਿਖੇ ਬਹੁਤ ਪਰੇਜ਼ ਕੀਤੀ ਗਈ ਹੈ। ਉਥੇ ਉਸ ਦੇ ਬਹੁਤ ਸੋਹਲੇ ਗਾਏ ਗਏ ਹਨ।

ਸ਼੍ਰੀ ਸਭਾਪਤੀ : ਆਪਾਂ ਗਵਰਨਰ ਐਡਰੈਸ ਤੇ ਹੀ ਗੱਲ ਕਰੀਏ।

ਸਰਦਾਰ ਕੁਲਜੀਤ ਸਿੰਘ ਨਾਗਰਾ : ਉਸ ਦੇ ਵਿੱਚ ਵਲਟੋਹਾ ਸਾਹਿਬ, ਤੁਸੀਂ ਵੀ ** ** ਦੇ ਹੱਕ ਵਿੱਚ ਖੜ੍ਹੋਗੇ। ਤੁਸੀਂ ਵੀ ਉਸ ਦੇ ਹੱਕ ਵਿੱਚ ਬੋਲੋਗੇ। ਉਨ੍ਹਾਂ ਦੇ ਬੜੇ ਕਸੀਦੇ ਉਥੇ ਪੜ੍ਹੇ ਗਏ। ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਇਹ ਜ਼ਰੂਰ ਦੱਸਿਓ, ਉਨ੍ਹਾਂ ਨੇ ਸਾਰੇ ਹਿੰਦੁਸਤਾਨ ਵਿੱਚ ਕਿਹਾ ਹੈ ਕਿ ਮੈਂ ** ** ਦੇ ਏਜੰਡੇ ਦੇ ਉਤੇ ਚਲਦਾ ਹਾਂ, ਮੈਂ ਉਸ ਦਾ ** ** ਹਾਂ, ਜੋ ** ** ਕਹਿੰਦੀ ਹੈ, ਮੈਂ ਉਸ ਤੇ ਚਲਦਾ ਹਾਂ।

ਸ਼੍ਰੀ ਸਭਾਪਤੀ : ** ** ਦਾ ਨਾਂ ਕੱਟ ਦਿਉ।

ਮੁੱਖ ਸੰਸਦੀ ਸਕੱਤਰ, ਸਹਿਕਾਰਤਾ (ਸ਼੍ਰੀ ਕੇ.ਡੀ. ਭੰਡਾਰੀ) : ** ** ਚੰਗੀ ਸੰਸਥਾ ਹੈ। ਇਸ ਦੇ ਬਾਰੇ ਜ਼ਿਕਰ ਨਾ ਕਰੋ। ....(ਵਿਘਨ)....

ਸ਼੍ਰੀ ਸਭਾਪਤੀ : ਭੰਡਾਰੀ ਸਾਹਿਬ, ਤੁਸੀਂ ਬੈਠੋ।

ਸਰਦਾਰ ਕੁਲਜੀਤ ਸਿੰਘ ਨਾਗਰਾ : ਜੇ ਤਾਂ ਸੁਣਨਾ ਹੈ ਤਾਂ ਸੁਣ ਲਵੋ। ਮੈਂ ਉਸ ਨੂੰ ਮਾੜਾ ਜਾਂ ਚੰਗਾ ਕਿਹਾ ਹੀ ਨਹੀਂ।

ਸ਼੍ਰੀ ਸਭਾਪਤੀ : ਨਾਗਰਾ ਸਾਹਿਬ, ਤੁਸੀਂ ਸਿਰਫ ਗਵਰਨਰ ਐਡਰੈਸ ਤੇ ਗੱਲ ਕਰੋ। ਹੋਰ ਕੋਈ ਵਾਧੂ ਗੱਲ ਨਾ ਕਰੋ। ਤੁਹਾਡੇ ਕੋਲ ਦੋ ਮਿੰਟ ਹੀ ਹਨ। ਇਹ ਰਿਕਾਰਡ ਨਾ ਕਰਨਾ। ਨਾਗਰਾ ਸਾਹਿਬ, ਸਿਰਫ ਦੋ ਮਿੰਟ ਵਿੱਚ ਆਪਣੀ ਗੱਲ ਖਤਮ ਕਰੋ।

ਸਰਦਾਰ ਕੁਲਜੀਤ ਸਿੰਘ ਨਾਗਰਾ : ਚੇਅਰਮੈਨ ਸਾਹਿਬ, ਸਾਡੇ ਭੈਣ ਜੀ ਬੋਲ ਕੇ ਗਏ ਹਨ। ਸਤਿਕਾਰਯੋਗ ਵਲਟੋਹਾ ਸਾਹਿਬ ਬੋਲ ਕੇ ਗਏ ਹਨ। ਕਿਸੇ ਨੇ ਗਵਰਨਰ ਐਡਰੈਸ ਤੇ ਜੇ ਬੋਲਿਆ ਹੋਵੇ ਤਾਂ ਫਿਰ ਸਾਨੂੰ ਕਹਿਣਾ, ਭਾਵੇਂ ਇਸ ਦੀ ਵੀਡੀਓ ਕਢਵਾ ਲੈਣਾ। ਸਾਡੇ ਵੇਲੇ ਗਵਰਨਰ ਐਡਰੈਸ ਆ ਗਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਕੀ ਅਕਾਲੀ ਦਲ ** ** ਦੇ ਏਜੰਡੇ ਦੇ ਉਤੇ ਸਹਿਮਤ ਹੈ। ਇਹ ਗੱਲ ਸਦਨ ਵਿੱਚ ਦੱਸੀ ਜਾਵੇ ਕਿ ਕੀ ਤੁਸੀਂ ** ** ਏਜੰਡੇ ਨਾਲ ਸਹਿਮਤ ਹੋ? ਇਹ ਜ਼ਰੂਰ ਦੱਸ ਕੇ ਜਾਣਾ। ਅਸੀਂ ਤੁਹਾਡਾ ਭਾਸ਼ਣ ਤਾਂ ਹੀ ਸੁਣਨਾ ਚਾਹਵਾਂਗੇ। ਚੇਅਰਮੈਨ ਸਾਹਿਬ, ਇਹ ਦੱਸਣ ਕਿ ** ** ਦੀਆਂ ਨੀਤੀਆਂ ਨਾਲ ਕੀ ਇਹ ਸਹਿਮਤ ਹਨ ਜਾਂ ਨਹੀਂ ?

**Expunged/not recorded as ordered by the Chair.

ਸ਼੍ਰੀ ਸਭਾਪਤੀ : ਨਾਗਰਾ ਸਾਹਿਬ, ਇਥੇ ਗਵਰਨਰ ਐਡਰੈਸ ਦੀ ਗੱਲ ਕਰੀਏ ਜਿਹੜੀ ਕਿ ਕੋਈ ਧਿਆਨ ਨਾਲ ਸੁਣ ਵੀ ਸਕੇ। ਇਸ ਗੱਲ ਦਾ ਕੋਈ ਏਜੰਡਾ ਨਹੀਂ ਹੈ। ਇਹ ਕੋਈ ਗਵਰਨਰ ਐਡਰੈਸ ਤੇ ਨਹੀਂ ਬੋਲਿਆ ਜਾ ਰਿਹਾ। ....(ਵਿਘਨ....ਸ਼ੋਰ).... ਭੰਡਾਰੀ ਸਾਹਿਬ, ਤੁਸੀਂ ਵੀ ਬੈਠੋ। ਨਾਗਰਾ ਸਾਹਿਬ, ਦੋ ਮਿੰਟ ਵਿੱਚ ਸਮਾਪਤੀ ਕਰੋ ਜੀ।

ਸਰਦਾਰ ਕੁਲਜੀਤ ਸਿੰਘ ਨਾਗਰਾ : ਭੰਡਾਰੀ ਸਾਹਿਬ, ਜਦੋਂ ਤੁਹਾਡੀ ਵਾਰੀ ਆਵੇਗੀ, ਉਦੋਂ ਤੁਸੀਂ ਕਹਿ ਲੈਣਾ। ਤੁਸੀਂ ਤੜਫੇ ਕਿਉਂ ਹੋ? ....(ਵਿਘਨ....ਸ਼ੋਰ).... ਤੜਫੇ ਇਸ ਕਰਕੇ ਹੋ ਕਿ ** ** ਦੀਆਂ ਨੀਤੀਆਂ ਸਿੱਖਾਂ ਤੇ ਨਹੀਂ ਲਗਣਗੀਆਂ। ਬਿਲਕੁਲ ਨਹੀਂ ਲਗਣੀਆਂ। ....(ਵਿਘਨ....ਸ਼ੋਰ).... ** ** ** **

ਸ਼੍ਰੀ ਸਭਾਪਤੀ : ਨਾਗਰਾ ਸਾਹਿਬ, ਆਪਾਂ ਗੱਲ ਗਵਰਨਰ ਐਡਰੈਸ ਦੀ ਕਰੀਏ। ਦੋ ਮਿੰਟ ਵਿੱਚ ਗੱਲ ਕਰੋ । ਫਿਰ ਆਪਾਂ ਸਮਾਪਤੀ ਕਰੀਏ। ....(ਵਿਘਨ....ਸ਼ੋਰ).... ਸਮ ਅੱਪ ਕਰੋ ਜੀ। ਠੰਡਲ ਸਾਹਿਬ, ਤੁਸੀਂ ਵੀ ਬੈਠੋ। ਬਾਕੀ ਸਾਰੇ ਵੀ ਬੈਠੋ ਜੀ। ....(ਵਿਘਨ....ਸ਼ੋਰ)....

ਸਰਦਾਰ ਕੁਲਜੀਤ ਸਿੰਘ ਨਾਗਰਾ : ਚੇਅਰਮੈਨ ਸਾਹਿਬ, ਇਸ ਭਾਸ਼ਣ ਦੇ ਪੰਨਾ ਨੰ: 1 ਦੇ ਪੈਰ੍ਹਾ ਨੰ: 2 ਦੇ ਉਤੇ ਇਹ ਲਿਖਿਆ ਹੈ, ਕਹਿੰਦੇ ਹਨ ਕਿ ਮੇਰੇ ਲਈ ਇਹ ਤਸੱਲੀ ਵਾਲੀ ਗੱਲ ਹੈ ਕਿ ਅੱਜ ਪੰਜਾਬ ਸ਼ਾਂਤੀ ਅਤੇ ਫਿਰਕੂ ਭਾਈਚਾਰੇ ਦਾ ਪ੍ਰਤੀਕ ਹੈ। ਮੈਂ ਮੰਨਦਾ ਹਾਂ ਕਿ ਫਿਰਕੂ ਭਾਈਚਾਰੇ ਦਾ ਪੰਜਾਬ ਪ੍ਰਤੀਕ ਹੈ ਪਰ ਜਿਹੜੀ ਸ਼ਾਂਤੀ ਦੀ ਗੱਲ ਹੈ, ਮੁੱਖ ਮੰਤਰੀ ਸਾਹਿਬ ਨੂੰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਗੋਲੀਆਂ ਨਾਲ ਅੰਮ੍ਰਿਤਸਰ ਦੇ ਵਿੱਚ, ਲੁਧਿਆਣੇ ਦੇ ਵਿੱਚ, ਖੰਨੇ ਦੇ ਵਿੱਚ ਅਤੇ ਸਾਰੇ ਪੰਜਾਬ ਦੇ ਵਿੱਚ ਕਤਲ ਹੋਣ, ਅੱਜ ਦੀ ਅਖਬਾਰ ਮੈਂ ਨਾਲ ਲੈ ਕੇ ਆਇਆ ਹਾਂ। ਮੁੱਖ ਮੰਤਰੀ ਸਾਹਿਬ 'ਹਿੰਦੁਸਤਾਨ ਟਾਈਮਜ਼' ਅਖਬਾਰ ਦੇ ਦੂਜੇ ਪੰਨੇ ਦੇ ਉਤੇ ਲਿਖਿਆ ਹੈ: "Minor girl kidnapping case: Protesters demand arrest of Ex-MLA's son." ਮੁੱਖ ਮੰਤਰੀ ਸਾਹਿਬ, ਇਹ ਮੌਕੇ ਦਾ ਵਾਕਿਆ ਹੈ। ਤੁਸੀਂ ਕਹਿੰਦੇ ਹੋ ਪੰਜਾਬ ਦੇ ਵਿਚ ਸ਼ਾਂਤੀ ਹੈ। ਪੰਜਾਬ ਦੇ ਵਿਚ ਤੁਹਾਡੀ ਜਥੇਬੰਦੀ ਵਾਈ.ਏ.ਡੀ. ਹੈ, ਜਿਸ ਦੇ ਗੱਡੀਆਂ ਤੇ ਪੋਸਟਰ ਲੱਗੇ ਹੋਏ ਹਨ। ਤੁਸੀਂ ਇਸ ਜਥੇਬੰਦੀ ਨੂੰ ਬੰਦਿਆਂ ਨੂੰ ਮਾਰਨ ਦਾ ਲਾਇਸੰਸ ਦਿੱਤਾ ਹੋਇਆ ਹੈ। ਉਨ੍ਹਾਂ ਦੀਆਂ ਤੁਹਾਡੇ ਲੀਡਰਾਂ ਨਾਲ, ਕਦੇ ਸੁਖਬੀਰ ਬਾਦਲ ਜੀ ਨਾਲ ਅਤੇ ਕਦੇ ਬਿਕਰਮ ਸਿੰਘ ਮਜੀਠੀਆ ਨਾਲ ਫੋਟੋਆਂ ਆਉਂਦੀਆਂ ਹਨ। ਤੁਸੀਂ ਕੋਈ ** ** ਨਹੀਂ ਛੱਡਿਆ ਮਾਰਨ ਤੋਂ। ....(ਵਿਘਨ....ਸ਼ੋਰ)....

ਸ਼੍ਰੀ ਸਭਾਪਤੀ : ਇਹ ਲਫਜ਼ ਐਕਸਪੰਜ ਕਰ ਦਿਓ।

ਸਰਦਾਰ ਕੁਲਜੀਤ ਸਿੰਘ ਨਾਗਰਾ : ....(ਵਿਘਨ....ਸ਼ੋਰ).... ਇਹ ਅਖਬਾਰ ਬੋਲ ਰਹੀ ਹੈ।

**Expunged/not recorded as ordered by the Chair.

ਸ਼੍ਰੀ ਸਭਾਪਤੀ : ਨਾਗਰਾ ਸਾਹਿਬ, ਤੁਸੀਂ ਸਮਾਪਤੀ ਕਰੋ। ....(ਵਿਘਨ....ਸ਼ੋਰ)....

ਸਰਦਾਰ ਕੁਲਜੀਤ ਸਿੰਘ ਨਾਗਰਾ : ਇਹ ਗੱਲ ਕਰਦੇ ਹਨ ਲਾਅ ਐਂਡ ਆਰਡਰ ਦੀ, ਸ਼ਾਂਤੀ ਦੀ। ਜਿਹੜੇ ਪੰਜਾਬ ਨੂੰ ਹਿੰਦੁਸਤਾਨ ਦਾ ਇਕ ਨੰਬਰ ਦਾ ਸੂਬਾ ਕਿਹਾ ਜਾਂਦਾ ਸੀ, ਜਿਸ ਪੰਜਾਬ ਦੇ ਬਾਰੇ ਦੇਸ਼ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਕਿਹਾ ਜਾਂਦਾ ਸੀ ਕਿ ਜੇ ਨੌਜੁਆਨ ਵੇਖਣਾ ਹੈ ਤਾਂ ਪੰਜਾਬ ਦਾ ਵੇਖੋ, ਜੇ ਮਿਹਨਤਕਸ਼ ਕਿਸਾਨ ਵੇਖਣਾ ਹੈ ਤਾਂ ਪੰਜਾਬ ਦਾ ਵੇਖੋ ਪਰ ਅੱਜ ਸਾਨੂੰ ਇਹ ਸੁਣਦਿਆਂ ਨੂੰ ਸ਼ਰਮ ਆਉਂਦੀ ਹੈ ਕਿ 10 ਵਿਚੋਂ 7 ਨੌਜੁਆਨ ਨਸ਼ਿਆਂ ਵਿਚ ਗ੍ਰਸਤ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਮੱਥੇ ਤੇ ਕਾਲੀ ਕਾਲਖ ਨਸ਼ੇ ਦੀ ਕਿਉਂ ਥੋਪੀ ਗਈ ਹੈ। ਕਿਉਂ ਪੰਜਾਬ ਨੂੰ ਸਾਰੀ ਦੁਨੀਆਂ ਦੇ ਵਿਚ ਨਸ਼ੇ ਦੇ ਤਸਕਰਾਂ ਦੀ ਮੰਡੀ ਦੇ ਰੂਪ ਵਿਚ ਬਦਨਾਮ ਕੀਤਾ ਗਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਉਂ ਤੁਹਾਡੀ ਅਗਵਾਈ ਹੇਠ ਪੰਜਾਬ ਦੇ ਨੌਜੁਆਨ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਹਨ। ਉਹ ਬੇਰੁਜ਼ਗਾਰ ਹਨ। ਰੁਜ਼ਗਾਰ ਕਿਥੇ ਦਿੱਤੇ ਹਨ ?. ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਨੌਜੁਆਨਾਂ ਨੂੰ ਰੁਜ਼ਗਾਰ ਦਿੱਤਾ ਹੈ ** ** ਵਿਚ। ....(ਵਿਘਨ....ਸ਼ੋਰ)....

ਸ਼੍ਰੀ ਸਭਾਪਤੀ : ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ। ਨਾਗਰਾ ਸਾਹਿਬ, ਤੁਸੀਂ ਬੈਠੋ। ਹਾਂ ਜੀ, ਸੋਮ ਪ੍ਰਕਾਸ਼ ਜੀ, ਤੁਸੀਂ ਸ਼ੁਰੂ ਕਰੋ। ....(ਵਿਘਨ...ਸ਼ੋਰ)....

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) : ਸਭਾਪਤੀ ਜੀ ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਅਡਰੈਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ....(ਵਿਘਨ....ਸ਼ੋਰ)....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ, ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸਾਧੂ ਸਿੰਘ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

ਸ਼੍ਰੀ ਸਭਾਪਤੀ : ਨਾਗਰਾ ਜੀ, ਤੁਸੀਂ ਬੈਠੋ ਪਲੀਜ਼। ਚੰਨੀ ਜੀ, ਤੁਸੀਂ ਬੈਠੋ। ਜਾਂ ਫਿਰ ਇਕ ਮਿੰਟ ਵਿਚ ਸਮਾਪਤੀ ਕਰੋ। ....(ਵਿਘਨ....ਸ਼ੋਰ)....

ਸਰਦਾਰ ਕੁਲਜੀਤ ਸਿੰਘ ਨਾਗਰਾ : ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ....(ਵਿਘਨ....ਸ਼ੋਰ).... ਸੱਚੀਆਂ ਗੱਲਾਂ ਸੁਣਨ ਦਾ ਮਾਦਾ ਰੱਖੋ। ਸੁਣਨ ਦੀ ਹਿੰਮਤ ਕਰੋ। ....(ਵਿਘਨ....ਸ਼ੋਰ)....

**Expunged as ordered by the Chair.

ਸ਼੍ਰੀ ਸਭਾਪਤੀ : ਨਾਗਰਾ ਸਾਹਿਬ, ਤੁਸੀਂ ਫਿਰ ਓਹੀ ਗੱਲਾਂ ਕਰਨ ਲਗ ਪਏ, ਜਿਹੜੀ ਗੱਲ ਕਹਿਣੀ ਹੈ, ਉਹ ਕਹੋ। ਨਾਗਰਾ ਸਾਹਿਬ, ਤੁਸੀਂ ਤਾਂ ਸਮਾਂ ਬਰਬਾਦ ਕਰ ਰਹੇ ਹੋ। ਤੁਸੀਂ ਬੈਠੋ, ਹਾਂ ਜੀ, ਸੋਮ ਪ੍ਰਕਾਸ਼ ਜੀ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ। ਇਸ ਭਾਸ਼ਣ ਵਿੱਚ ਸਰਕਾਰ ਦੀਆਂ ਨੀਤੀਆਂ ਪ੍ਰੋਗਰਾਮ ....(ਵਿਘਨ....ਸ਼ੋਰ)....

ਸ਼੍ਰੀ ਸਭਾਪਤੀ : ਨਾਗਰਾ ਸਾਹਿਬ, ਤੁਸੀਂ ਬੈਠੋ। ਜਾਂ ਤਾਂ ਇੱਕ ਮਿੰਟ ਵਿੱਚ ਸਮਾਪਤੀ ਕਰ ਦਿਓ।

ਸਰਦਾਰ ਕੁਲਜੀਤ ਸਿੰਘ ਨਾਗਰਾ : ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਈ ਬੋਲਣ ਲੱਗਾ ਤਾਂ ਹੁਣ ਕਿਉਂ ਨਹੀਂ ਚੁੱਪ ਕਰਾਉਂਦੇ। ਫਿਰ ਸੱਚੀਆਂ ਗੱਲਾਂ ਸੁਣੋ, ਸੁਣਨ ਦਾ ਮਾਦਾ ਰੱਖੋ। ....(ਵਿਘਨ)....

ਸ਼੍ਰੀ ਸਭਾਪਤੀ : ਤੁਸੀਂ ਟਾਈਮ ਨੂੰ ਇਨ੍ਹਾਂ ਗੱਲਾਂ ਵਿੱਚ ਵੇਸਟ ਨਾ ਕਰੋ। ਦੋ ਤਿੰਨ ਲਫਜ਼ ਵਿੱਚ ਕਹੋ ਜਿਹੜੀ ਗੱਲ ਕਹਿਣੀ ਹੈ। ਤੁਸੀਂ ਤਾਂ ਐਵੇ ਸਮਾਂ ਬਰਬਾਦ ਕਰਦੇ ਹੋ। ....(ਵਿਘਨ....ਸ਼ੋਰ)....

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਇਸ ਭਾਸ਼ਣ ਵਿੱਚ ਸਰਕਾਰ ਦੀਆਂ ਨੀਤੀਆਂ, ਪ੍ਰੋਗਰਾਮ ਅਤੇ ਸਰਕਾਰ ਦਾ ਰਾਜ ਦਾ, ਸੇਵਾ ਦਾ ਸੰਕਲਪ, ਚੱਲ ਰਹੀਆਂ ਨੀਤੀਆਂ, ਪ੍ਰਾਪਤੀਆਂ ਦਾ ਵਰਨਣ ਕੀਤਾ ਗਿਆ ਹੈ। ....(ਵਿਘਨ....ਸ਼ੋਰ)....

ਸਰਦਾਰ ਸਾਧੂ ਸਿੰਘ : ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ। ਬੇਨਤੀ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਅਸੀਂ ਤੁਹਾਡਾ ਭਾਸ਼ਣ ਸੁਣਿਆ ਹੈ, ਤੁਸੀਂ ਵੀ ਸੁਣ ਕੇ ਜਾਓ। ਅਸੀਂ ਜ਼ਰੂਰ ਸੁਣਾਂਗੇ, ਪੱਕੀ ਗੱਲ ਕਰ ਰਿਹਾ ਹਾਂ। ਪਰ ਇਥੇ ਵੀ ਵੱਖਰੇਵਾਂ ਹੈ। ਸਾਡੇ ਸੀਨੀਅਰ ਲੀਡਰ, ਸਾਡੇ ਅਪੋਜ਼ੀਸ਼ਨ ਦੇ ਲੀਡਰ ਜਦੋਂ ਬੋਲਦੇ ਹਨ, ਉਦੋਂ ਤਾਂ ਕਿਸੇ ਨੇ ਟੈਲੀਵਿਜ਼ਨ ਦਾ ਪ੍ਰਬੰਧ ਨਹੀਂ ਕੀਤਾ, ਜਦੋਂ ਮੁੱਖ ਮੰਤਰੀ ਸਾਹਿਬ ਬੋਲਣਗੇ ਤਾਂ ਉਦੋਂ ਟੀ.ਵੀ. ਵਾਲੇ ਵੀ ਆ ਜਾਣਗੇ, ਸਾਰੇ ਹੀ ਆ ਜਾਣੇ ਹਨ। ਇਹ ਵਖਰੇਵੇਂ ਵਾਲੀ ਗੱਲ ਹੈ। ਇਹ ਸਾਡੀ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰਦੇ।

ਸ਼੍ਰੀ ਸਭਾਪਤੀ: ਸ਼੍ਰੀ ਸੋਮ ਪ੍ਰਕਾਸ਼ ਜੀ, ਤੁਸੀਂ ਬੋਲੋ।

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਪੰਜਾਬ ਦੇ ਵਿੱਚ ਇੱਕ ਬੜੀ ਅਣਸੁਖਾਵੀਂ ਘਟਨਾ ਵਾਪਰੀ ਹੈ।

ਸ਼੍ਰੀ ਸਭਾਪਤੀ : ਇਹ ਜ਼ੀਰੋ ਆਵਰ ਨਹੀਂ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਪੀ.ਆਰ.ਟੀ.ਸੀ. ਦੇ ਦੋ ਮੁਲਾਜ਼ਮ ਕਪੂਰਥਲਾ ਦੇ ਵਿੱਚ ਐਜੀਟੇਸ਼ਨ ਕਰ ਰਹੇ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਅੱਗ ਲਗਾ ਕੇ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਸੀ.ਐਮ. ਤੋਂ ਮੰਗ ਕਰਦਾ ਹਾਂ ਕਿ ਇਸ ਸੰਵੇਦਨਸ਼ੀਲ ਮੁੱਦੇ ਤੇ ਪਹਿਲਾਂ ਬਿਆਨ ਦੇਣ, ਉਸ ਤੋਂ ਬਾਅਦ ਸੈਸ਼ਨ ਦੀ ਹੋਰ ਕਾਰਵਾਈ ਹੋਣੀ ਚਾਹੀਦੀ ਹੈ। ਇਹ ਬਹੁਤ ਹੀ ਮਾੜੀ ਘਟਨਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ** ** ਨਾਅਰੇ ਮਾਰ ਰਹੇ ਸਨ।)

*2.57 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

Mr. Speaker : No, nothing should be recorded. ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ, ਤੁਸੀਂ ਬੋਲੋ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ।

Mr. Speaker : Only for five minutes, Som Parkash ji.

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਸਪੀਕਰ ਸਾਹਿਬ, ਇਸ ਐਡਰੈਸ ਤੇ ਡਾਕਟਰ ਦਲਜੀਤ ਸਿੰਘ ਚੀਮਾ ਨੇ ਬੜੇ ਜ਼ੋਰਦਾਰ ਢੰਗ ਨਾਲ ਆਪਣੀ ਗੱਲ ਕਹੀ ਹੈ। ਵਿਰੋਧੀ ਧਿਰ ਵੱਲੋਂ ਹਰ ਠੀਕ ਗੱਲ ਕਰਨ ਨੂੰ ਨਕਾਰਿਆ ਗਿਆ ਹੈ। ਸਰਦਾਰ ਲਾਲ ਸਿੰਘ ਬੜੇ ਸੀਨੀਅਰ ਨੇਤਾ ਹਨ ਅਤੇ ਮੈਨੂੰ ਉਨ੍ਹਾਂ ਦਾ ਬੜਾ ਸਤਿਕਾਰ ਹੈ .....

Mr. Speaker : Only for five minutes, Som Parkash ji.

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਸਪੀਕਰ ਸਾਹਿਬ, ਬੋਲ ਲੈਣ ਦਿਓ। ਹੋਰ ਵੀ ਤਾਂ 20-20 ਅਤੇ 50-50 ਮਿੰਟ ਬੋਲ ਕੇ ਗਏ ਹਨ। ਸਰਦਾਰ ਲਾਲ ਸਿੰਘ ਜੀ ਨੇ ਭਾਰਤੀ ਜਨਤਾ ਪਾਰਟੀ ਬਾਰੇ, ਮੋਦੀ ਜੀ ਬਾਰੇ ਔਰ ਰਾਮ ਨੂੰ ਵੇਚਣ ਤੱਕ ਦੀ ਗੱਲ ਕਹੀ ਹੈ। ਮੈਨੂੰ ਅਫਸੋਸ ਹੈ ਕਿ ਸਾਡੀ ਵਿਧਾਨ ਸਭਾ ਦੇ ਵਿੱਚ ਡਿਸਕਸ਼ਨ ਦਾ ਪੱਧਰ ਇੰਨਾ ਥੱਲੇ ਜਾ ਰਿਹਾ ਹੈ, ਜਿਸ ਦੇ ਬਾਰੇ ਬਹੁਤ ਰਿਸਰਚ ਵੀ ਹੋਈ ਹੈ ਕਿ ਵਿਧਾਨ ਸਭਾ ਵਿੱਚ ਅਤੇ ਪਾਰਲੀਮੈਂਟ ਵਿੱਚ ਜਿਹੜਾ ਡਿਸਕਸ਼ਨ ਦਾ ਸਟੈਂਡਰਡ ਹੈ, ਇਹ ਇੰਨਾ ਥੱਲੇ ਕਿਉਂ ਜਾ ਰਿਹਾ ਹੈ। ਆਪਣੀ ਗੱਲ ਕਰੋ, ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਗੱਲ ਕਰੋ। ਜਿਹੜਾ ਵਿਅਕਤੀ ਇਥੇ ਨਹੀਂ ਹੈ, ਉਸ ਦੇ ਬਾਰੇ ਅਸੀਂ ਇਨਡਿਵੀਜੁਅਲ ਗੱਲਾਂ ਕਰਦੇ ਹਾਂ, ਇਹ ਸਿਵਾਏ ਸ਼ਰਮਸਾਰ ਹੋਣ ਤੋਂ ਇਲਾਵਾ ਹੋਰ ਕੋਈ ਗੱਲ ਹੋ ਨਹੀਂ ਸਕਦੀ। ਮੈਂ ਬੇਨਤੀ ਕਰਦਾ ਹਾਂ। ਇੱਕ ਮਿੰਟ ਸਰਦਾਰ ਸਾਹਿਬ, ਗੱਲ ਸੁਣ ਲਓ ਜੀ ...(ਵਿਘਨ).... ਜਿਹੜੀ ਤੁਸੀਂ ਗੱਲ ਕੀਤੀ ਹੈ, ਮੈਂ ਉਹੀ ਗੱਲ ਕੀਤੀ ਹੈ ਜੀ।

** Not recorded as ordered by the Chair.

ਮਾਨਯੋਗ ਸਪੀਕਰ : ਇੱਕ ਮਿੰਟ, ਮੈਨੂੰ ਇਨ੍ਹਾਂ ਦਾ ਪੁਆਇੰਟ ਆਫ ਆਰਡਰ ਲੈ ਲੈਣ ਦਿਓ।

ਸਰਦਾਰ ਲਾਲ ਸਿੰਘ : ਮੈਂ ਕਿਸੇ ਦਾ ਨਾਂ ਨਹੀਂ ਲੈਂਦਾ। ਮੈਂ ਭਾਰਤੀ ਜਨਤਾ ਪਾਰਟੀ ਦੀ ਗੱਲ ਕੀਤੀ ਹੈ। ਮੈਂ ਉਸ ਗੱਲ ਤੇ ਸਟੈਂਡ ਕਰਦਾ ਹਾਂ। 1999 ਵਿੱਚ ਰਾਮ ਮੰਦਰ ਮੁੱਦੇ ਤੇ ਵੋਟਾਂ ਲੈ ਕੇ ਸਰਕਾਰ ਬਣਾਈ ਕਿ ਨਹੀਂ ਬਣਾਈ ਤੇ ਹੁਣ ਕਿਉਂ ਰਾਮ ਨੂੰ ਭੁੱਲ ਗਏ? ....(ਵਿਘਨ....ਸ਼ੋਰ)....

ਮਾਨਯੋਗ ਸਪੀਕਰ : ਲਾਲ ਸਿੰਘ ਜੀ, ਬੈਠ ਜਾਓ, please sit down now. ....(ਵਿਘਨ....ਸ਼ੋਰ).... ਮੈਂ ਕਿਹਾ ਜੀ ਕਿ ਬੈਠ ਜਾਓ। Nothing is going to be recorded. ਮੈਂ ਕਿਹਾ ਜੀ ਟਾਈਮ ਨਾ ਵੇਸਟ ਕਰੋ, ਬਾਦਲ ਸਾਹਿਬ ਨੇ ਬੋਲਣਾ ਹੈ। ....(ਵਿਘਨ....ਸ਼ੋਰ)....

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਸੁਣ ਲਉ ਜੀ ਧਿਆਨ ਨਾਲ। ਅੱਜ ਕੰਪਿਊਟਰ ਦਾ ਯੁੱਗ ਹੈ। ਤੁਸੀਂ ਗੂਗਲ ਤੇ ਸਰਚ ਮਾਰ ਕੇ ਦੇਖੋ, ਉਥੇ ਇੱਕ ਸ਼ਬਦ ਲਿਖਿਓ, most corrupt political party of world. ਉਸ ਤੇ ਜਿਹੜਾ ਪਹਿਲਾ ਅੱਖਰ ਆਏਗਾ, ਉਹ ਇੰਡੀਅਨ ਨੈਸ਼ਨਲ ਕਾਂਗਰਸ ਦਾ ਆਏਗਾ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਔਰ ਉਸ ਵਿੱਚ 2ਜੀ ਸਕੈਂਡਲ, ਕੋਲ ਸਕੈਂਡਲ, ਆਦਰਸ਼ ਘੋਟਾਲਾ, ਹੈਲੀਕਾਪਟਰ ਘੋਟਾਲਾ ਅਤੇ ਹੋਰ ਕਿੰਨੇ ਸਕੈਂਡਲ ਹੋਏ ਹਨ, ਉਹ ਨਾਂ ਆਏ ਹਨ।

ਸਰਦਾਰ ਲਾਲ ਸਿੰਘ : ਇਕੱਲਾ ਨਾਂ ਹੀ ਲੈ ਲਉ।

ਮਾਨਯੋਗ ਸਪੀਕਰ : ਲਾਲ ਸਿੰਘ ਜੀ, ਉਨ੍ਹਾਂ ਨੂੰ ਬੋਲਣ ਦਿਉ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਅਸੀਂ ਵਿਧਾਨ ਸਭਾ ਵਿੱਚ ਗੱਲਾਂ ਕਰੀਏ, ਜਾਖੜ ਸਾਹਿਬ ਬਹੁਤ ਪ੍ਰਭਾਵਸ਼ਾਲੀ ਬੋਲਦੇ ਹਨ। ਇਨ੍ਹਾਂ ਦੀਆਂ ਗੱਲਾਂ ਵਿੱਚ ਵਜ਼ਨ ਵੀ ਬਹੁਤ ਹੁੰਦਾ ਹੈ। ਸ਼ਬਦਾਂ ਦੀ ਜਾਦੂਗਰੀ ਇਨ੍ਹਾਂ ਤੋਂ ਸਿੱਖੀ ਜਾ ਸਕਦੀ ਹੈ। ਅਸੀਂ ਇਨ੍ਹਾਂ ਤੋਂ ਪ੍ਰੇਰਣਾ ਵੀ ਲੈਂਦੇ ਹਾਂ। ਪਰੰਤੂ ਮੇਰੀ ਬੇਨਤੀ ਹੈ ਕਿ ਜਦੋਂ ਕੋਈ ਚੰਗੀ ਗੱਲ ਹੋਵੇ, ਉਸ ਦਾ ਜ਼ਿਕਰ ਵੀ ਜ਼ਰੂਰ ਕਰਨਾ ਚਾਹੀਦਾ ਹੈ। ਇਨ੍ਹਾਂ ਨੇ ਇੱਕ ਦੋ ਗੱਲਾਂ ਦਾ ਜ਼ਿਕਰ ਵੀ ਕੀਤਾ ਹੈ ਪਰ ਨਾਲ ਹੀ, ਜੇ ਬਿਜਲੀ ਦੀ ਸਬਸਿਡੀ ਹੋ ਗਈ ਤਾਂ ਕਹਿੰਦੇ ਹਨ ਹੋ ਗਈ, but ਬਿਜਲੀ ਮਹਿੰਗੀ ਹੋ ਗਈ। ਹਰ ਗੱਲ ਨਾਲ ਬੱਟ (but) ਲਗਾ ਕੇ ਗੱਲ ਕਰਦੇ ਹਨ। ਕਿਉਂਕਿ ਸਿਫ਼ਤ ਨਹੀਂ ਕਰਦੇ। ਸਿਫ਼ਤ ਕਰਨੀ ਇਨ੍ਹਾਂ ਦੀ ਆਦਤ ਨਹੀਂ ਹੈ। ਮੈਂ ਬੇਨਤੀ ਕਰਾਂ, ਇਥੇ 1984 ਦੇ ਦੰਗਿਆਂ ਦੀ ਗੱਲ ਕੀਤੀ ਗਈ ਸੀ। ਇਹ ਦੰਗੇ ਨਹੀਂ ਸੀ, ਇਹ ਕਤਲੇਆਮ ਸੀ। ਇਹ ਇਨਸਾਨੀਅਤ ਦਾ ਕਤਲ ਸੀ, ਇਹ ਇਤਿਹਾਸ ਤੇ ਕਾਲਾ ਧੱਬਾ ਸੀ। ਇਹ ਨਾ ਭੁੱਲਣਵਾਲੇ ਜ਼ਖਮ ਹਨ। ਕੱਲ੍ਹ ਕਹਿੰਦੇ ਸੀ ਕਿ ਇਨ੍ਹਾਂ ਨੂੰ ਭੁੱਲ ਜਾਉ। ਕੋਈ ਕਹਿੰਦਾ ਹੈ ਕਿ ਤੁਹਾਨੂੰ ਇਲੈਕਸ਼ਨਾਂ ਵੇਲੇ ਯਾਦ ਆਉਂਦਾ ਹੈ। ਇਹ ਉਹ ਇਤਿਹਾਸ ਦੇ ਕਾਲੇ ਧੱਬੇ ਹਨ, ਜਿਸ ਨੂੰ ਅੱਜ ਵੀ ਯਾਦ ਕਰਕੇ, ਜਿਨ੍ਹਾਂ ਨੇ ਪਿੰਡੇ ਤੇ ਇਹ ਦਰਦ

ਹੰਢਾਇਆ, ਉਹ ਚੀਕਾਂ ਮਾਰਦੇ ਹਨ, ਰੋਂਦੇ ਹਨ। ਮੈਂ ਕਿਸੇ ਸਿੱਖ ਸਕਾਲਰ ਦਾ ਇੱਕ ਲੇਖ ਪੜ੍ਹਿਆ ਸੀ। ਸੁਣਨ ਵਾਲੀ ਗੱਲ ਹੈ। ਉਸ ਨੇ ਕਿਹਾ ਕਿ ਮੈਨੂੰ ਹਿੰਦੂਆਂ ਦੀ ਇੱਕ ਪਰੰਪਰਾ ਬਹੁਤ ਅੱਛੀ ਲੱਗਦੀ ਹੈ ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਰਮਾਇਣ ਵਿੱਚ ਇੱਕ ਇਸਤਰੀ ਦਾ ਅਪਮਾਨ ਹੋਇਆ ਸੀ ਅਤੇ ਹਿੰਦੂਆਂ ਨੇ ਕਦੇ ਉਸ ਅਪਮਾਨ ਕਰਨ ਵਾਲੇ ਰਾਵਣ ਨੂੰ ਬਖਸ਼ਿਆ ਨਹੀਂ। ਹਰ ਸਾਲ ਦੁਸਹਿਰੇ ਵਾਲੇ ਦਿਨ ਉਸ ਨੂੰ ਖੜ੍ਹਾ ਕਰਕੇ ਸਾੜਦੇ ਹਨ ਤਾਂ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਇਸਤਰੀ ਦਾ ਅਪਮਾਨ ਨਹੀਂ ਕਰਨਾ ਚਾਹੀਦਾ। ਪਰੰਤੂ 1984 ਦੇ ਦੰਗਿਆਂ ਵਿੱਚ 3000 ਲੋਕਾਂ ਦਾ ਕਤਲ ਹੋਇਆ, ਹਜ਼ਾਰਾਂ ਇਸਤਰੀਆਂ ਦੀ ਬੇਪੱਤੀ ਹੋਈ ਅਤੇ ਕਰਨ ਵਾਲੇ ਲੋਕ ਕੌਣ ਹਨ, ਕਿਹੜੀ ਪਾਰਟੀ ਹੈ? ਮੈਂ ਬੇਨਤੀ ਕਰਾਂ ਕਿ ਉਸ ਨੇ ਆਪਣੇ ਲੇਖ ਵਿੱਚ ਲਿਖਿਆ ਹੈ ਕਿ ਪੰਜਾਬ ਦੇ ਲੋਕਾਂ ਦਾ, ਪੰਜਾਬੀਆਂ ਦਾ ਇਹ ਫਰਜ਼ ਬਣਦਾ ਹੈ ਕਿ ਇਨਸਾਫ ਦੀ ਲੜਾਈ ਤਕੜੇ ਹੋ ਕੇ ਲੜਨ ਔਰ ਜਿਹੜੀ ਪਾਰਟੀ ਇਸ ਲਈ ਜ਼ਿੰਮੇਵਾਰ ਹੈ, ਉਨ੍ਹਾਂ ਨੂੰ ਹਰ ਇਲੈਕਸ਼ਨਾਂ ਵਿੱਚ ਖੜ੍ਹਾ ਵੀ ਕਰਨ ਅਤੇ ਬੁਰੀ ਤਰ੍ਹਾਂ ਹਰਾ ਕੇ ਜਿਵੇਂ ਹਿੰਦੂ ਦੁਸਹਿਰੇ ਤੇ ਰਾਵਣ ਦਾ ਹਸ਼ਰ ਕਰਦੇ ਹਨ, ਇਨ੍ਹਾਂ ਦਾ ਹਸ਼ਰ ਕਰਨਾ ਚਾਹੀਦਾ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਬਖਸ਼ਣ ਵਾਲੀ ਗੱਲ ਨਹੀਂ ਹੈ। ਕਿਸ ਤਰ੍ਹਾਂ ਭੁੱਲ ਜਾਈਏ। ਕੋਈ ਹਲਾਕੂ ਨੂੰ ਭੁੱਲਿਆ ਹੈ, ਕੋਈ ਚੰਗੇਜ਼ ਖਾਂ ਨੂੰ ਭੁੱਲਿਆ ਹੈ, ਕੋਈ ਔਰੰਗਜ਼ੇਬ ਨੂੰ ਭੁੱਲਿਆ ਹੈ? ਇਸੇ ਤਰ੍ਹਾਂ ਜਿਹੜਾ ਵੱਡਾ ਦਰਖਤ ਤੁਸੀਂ ਕਹਿੰਦੇ ਹੋ ਔਰ ਉਹ ਬੰਦਾ ਜਿਹੜਾ ਵੱਡਾ ਦਰਖਤ ਡਿਫਾਈਨ ਕਰਨ ਵਾਲਾ ਵਿਅਕਤੀ ਹੈ, ਉਨ੍ਹਾਂ ਨੂੰ ਇਤਿਹਾਸ ਨੇ ਕਦੇ ਭੁੱਲਣਾ ਨਹੀਂ, ਉਨ੍ਹਾਂ ਨੂੰ ਕਦੇ ਮੁਆਫ ਵੀ ਨਹੀਂ ਕਰਨਾ। ....(ਵਿਘਨ....ਸ਼ੋਰ)....

Mr. Speaker : Please don't disturb.

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਤੁਸੀਂ ਬਹੁਤ ਕੁਝ ਬੋਲ ਲਿਆ ਹੈ, ਹੁਣ ਮੇਰੀ ਗੱਲ ਸੁਣ ਲਉ। ਮੈਂ ਜਿੱਥੇ ਇਹ ਗੱਲ ਕਰਨੀ ਸੀ ਨਾਲ ਹੀ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕਈ ਬਹੁਤ ਵਧੀਆ ਗੱਲਾਂ ਲਿਖੀਆਂ ਗਈਆਂ ਹਨ, ਉਨ੍ਹਾਂ ਨੂੰ ਐਪਰੀਸ਼ੀਏਟ ਕਰਨਾ ਵੀ ਸਾਡੀ ਜ਼ਿੰਮੇਵਾਰੀ ਬਣਦੀ ਹੈ। ਸ਼ਹਿਰਾਂ ਦੀ ਗੱਲ ਕਰੀਏ। ਸ਼ਹਿਰਾਂ ਦਾ ਸ਼ਹਿਰੀਕਰਨ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਹਰ ਸਾਲ 1% ਆਬਾਦੀ ਸ਼ਹਿਰਾਂ ਵਿੱਚ ਵਧਦੀ ਹੈ। 2030 ਵਿੱਚ 50% ਲੋਕ ਸ਼ਹਿਰਾਂ ਵਿੱਚ ਵਸਣਗੇ। ਇਸ ਕਰਕੇ ਸ਼ਹਿਰਾਂ ਦਾ ਪੂਰਨ ਵਿਕਾਸ ਅਤੇ ਵਿਉਂਤਬੰਦੀ ਨਾਲ ਵਿਕਾਸ ਕਰਨਾ ਜ਼ਰੂਰੀ ਹੈ। ਇਸ ਮੰਤਵ ਦੇ ਨਾਲ ਸਾਡੀ ਸਰਕਾਰ ਨੇ 32 ਸ਼ਹਿਰਾਂ ਤੇ ਕਸਬਿਆਂ ਦੀਆਂ ਮਾਸਟਰ ਪਲਾਨਾਂ ਬਣਾਈਆਂ ਹਨ ਅਤੇ 17 ਹੋਰ ਸ਼ਹਿਰਾਂ ਦੀ ਬਣ ਰਹੀ ਹੈ। ਉਸ ਮੁਤਾਬਕ ਜਿਹੜਾ ਵਿਕਾਸ ਕਰਨ ਦਾ ਯਤਨ ਹੈ, ਉਹ ਪੂਰਾ ਹੋਵੇਗਾ। ਉਥੇ ਸ਼ਤ ਪ੍ਰਤੀਸ਼ਤ ਵਾਟਰ ਸਪਲਾਈ, ਸ਼ਤ ਪ੍ਰਤੀਸ਼ਤ ਸਟਰੀਟ ਲਾਈਟ, ਸੜਕਾਂ, ਸੀਵਰੇਜ ਦੇਣ ਲਈ ਇਹ ਸਰਕਾਰ ਵਚਨਬੱਧ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਜੀ ਇਸ ਨੂੰ ਆਪ ਮਾਨੀਟਰ ਕਰਦੇ ਹਨ। ਤਕਰੀਬਨ ਹਰ ਮਹੀਨੇ ਮੀਟਿੰਗ ਕਰਦੇ ਹਨ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਸਪਲੀਮੈਂਟਰੀ ।

ਮਾਨਯੋਗ ਸਪੀਕਰ : ਸਪਲੀਮੈਂਟਰੀ ਕਾਹਦੀ ਹੈ ਜੀ। ਇਹ ਕੁਐਸਚਨ ਆਵਰ ਨਹੀਂ ਹੈ ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ** ** ....(ਵਿਘਨ....ਸ਼ੋਰ)....

ਮਾਨਯੋਗ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ....(ਵਿਘਨ....ਸ਼ੋਰ).... ਬੈਠ ਜਾਓ। Please sit down. ....(ਵਿਘਨ).... ਵੜਿੰਗ ਜੀ, ਤੁਸੀਂ ਵੀ ਇਸ ਤਰ੍ਹਾਂ ਬੋਲ ਰਹੇ ਹੋ। ਬੈਠ ਜਾਓ ।

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਸਪੀਕਰ ਸਾਹਿਬ, 6019 ਕਰੋੜ ਰੁਪਿਆ ਫੰਡਜ਼ ਦੀ ਲੋੜ ਹੈ, ਜਿਸ ਵਿੱਚੋਂ 4971 ਕਰੋੜ ਰੁਪਏ ਦਾ ਸਰਕਾਰ ਨੇ ਪ੍ਰਬੰਧ ਕੀਤਾ ਹੋਇਆ ਹੈ ਔਰ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ, ਕਿ ਸੀਵਰੇਜ ਦੇ ਕੁਨੈਕਸ਼ਨ ਲੋਕਾਂ ਦੇ ਘਰਾਂ ਤੱਕ ਦੇਣੇ ਹਨ ਤਾਂ ਕਿ ਸੜਕ ਨੂੰ ਵਾਰ ਵਾਰ ਪੁੱਟਣਾ ਨਾ ਪਵੇ । ਇਸ ਤੋਂ ਇਲਾਵਾ 10 ਸਾਲ ਦੀ ਮੈਨਟੀਨੈਂਸ ਦਾ ਕੰਮ ਵੀ ਉਨ੍ਹਾਂ ਨੂੰ ਦਿੱਤਾ ਹੈ। ਇਹ ਸ਼ਹਿਰਾਂ ਵਿਚ ਬੱਸਾਂ ਦੀ ਗੱਲ ਕਰਦੇ ਸੀ। ਵੱਡੇ ਸ਼ਹਿਰਾਂ ਵਿੱਚ ਜਿਵੇਂ ਲੁਧਿਆਣਾ ਹੈ, ਉਥੇ ਅੱਜ 75 ਬੱਸਾਂ ਚਲਦੀਆਂ ਹਨ, 135 ਨਵੀਆਂ ਖਰੀਦੀਆਂ ਗਈਆਂ ਹਨ। ਜਲੰਧਰ ਵਿੱਚ 15 ਬੱਸਾਂ ਚਲਦੀਆਂ ਹਨ ਤੇ 134 ਨਵੀਆਂ ਬੱਸਾਂ ਉਥੇ ਆਈਆਂ ਹਨ। ਇਹ ਸਰਕਾਰ ਨੇ ਖਰੀਦੀਆਂ ਹਨ। ਅੰਮ੍ਰਿਤਸਰ ਵਿੱਚ 40 ਬੱਸਾਂ ਚਲਦੀਆਂ ਸਨ ਤੇ 110 ਬੱਸਾਂ ਨਵੀਆਂ ਆਈਆਂ ਹਨ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਜਿਹੜਾ ਸਭ ਤੋਂ ਨੀਵੇਂ ਵਾਲਾ ਕਿੱਤਾ ਸੀ, ਸੀਵਰਮੈਨ ਦਾ, ਉਨ੍ਹਾਂ ਸਫਾਈ ਕਰਮਚਾਰੀਆਂ ਨੂੰ ਪੱਕਾ ਕੀਤਾ ਹੈ ਤੇ ਸਫਾਈ ਕਰਮਚਾਰੀਆਂ ਦਾ ਪੰਜ ਲੱਖ ਰੁਪਏ ਦਾ ਬੀਮਾ ਕਰਨ ਦੀ ਸਕੀਮ ਵੀ ਸ਼ੁਰੂ ਕੀਤੀ ਹੈ (ਥੰਪਿੰਗ) ਤਾਂ ਕਿ ਕਿਤੇ ਕੋਈ ਹਾਦਸਾ ਹੋ ਜਾਵੇ ਤੇ ਉਸ ਸੀਵਰਮੈਨ ਦੇ ਪਰਿਵਾਰ ਨੂੰ ਪੰਜ ਲੱਖ ਰੁਪਿਆ ਦਿੱਤਾ ਜਾਵੇਗਾ। ਸਾਰੇ ਸ਼ਹਿਰਾਂ ਵਿੱਚ ਬਾਦਲ ਸਾਹਿਬ ਨੇ ਖੁੱਲ੍ਹੇ ਦਿਲ ਨਾਲ ਪੈਸੇ ਦਿੱਤੇ ਹਨ। ਜਿੱਥੇ ਵੀ ਫਾਇਰ ਟੈਂਡਰ ਦੀ ਲੋੜ ਹੈ, ਨਵੀਆਂ ਫਾਇਰ ਗੱਡੀਆਂ, ਮਸ਼ੀਨਾਂ ਉਹ ਦੇਣ ਦਾ ਪ੍ਰਬੰਧ ਕੀਤਾ ਹੈ। ਇਸ ਦੇ ਨਾਲ ਹੀ ਮੇਰੀ ਬੇਨਤੀ ਹੈ ਕਿ 6230 ਗੈਰ ਕਨੂੰਨੀ ਕਲੋਨੀਆਂ ਤੇ ਦੋ ਲੱਖ ਪਲਾਟ ਹੋਲਡਰਾਂ ਨੂੰ ਜਿੱਥੇ ਰੈਗੂਲਰ ਕੀਤਾ ਗਿਆ ਹੈ, ਉਥੇ ਸ਼ਹਿਰਾਂ ਦਾ ਪੂਰਨ ਤੌਰ ਤੇ ਵਿਕਾਸ ਕਰਨ ਦੀ ਗੱਲ ਕੀਤੀ ਗਈ ਹੈ। ਅਨੁਸੂਚਿਤ ਜਾਤੀਆਂ ਦੀ ਗੱਲ ਕਰੀਏ। ਸਾਲ 2011 ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ 31.58% ਲੋਕ ਐਸ. ਸੀ. ਹਨ। ਹੁਣ ਤਾਂ ਜਿਹੜੇ ਜੱਟ ਸੀ, ਉਹ ਵੀ ਨੇੜੇ ਆ ਗਏ, ਸਾਰੇ ਹੀ ਬੈਕਵਰਡ ਹੋ ਗਏ ਹਨ। ਥੋੜ੍ਹਾ ਹੀ ਫਰਕ ਰਹਿ ਗਿਆ ਹੈ। ਫਗਵਾੜਾ ਜਿਹੜੀ ਮੇਰੀ ਕੰਸਟੀਚੂਐਂਸੀ ਹੈ, ਉਥੇ 49.58% ਐਸ. ਸੀ. ਪਾਪੂਲੇਸ਼ਨ ਹੈ। ਨਾਲ ਦੀਆਂ ਕੰਸਟੀਚੂਐਂਸੀਜ਼ ਵਿੱਚ 50% ਵੀ ਹੈ। ਇਸੇ ਕਰਕੇ ਜਿਹੜੀ ਆਟਾ ਦਾਲ ਸਕੀਮ ਹੈ, 31 ਲੱਖ ਪਰਿਵਾਰਾਂ ਨੂੰ ਦਿੱਤੀ ਜਾ ਰਹੀ ਹੈ। ਅਸੀਂ ਦੇ ਤਾਂ ਰਹੇ ਹਾਂ ਪਰ ਕੱਲ੍ਹ ਜਾਖੜ ਸਾਹਿਬ ਕਹਿ ਰਹੇ ਸੀ

** Expunged as ordered by the Chair.

ਕਿ ਫੋਟੋ ਕਿਸ ਦੀ ਲਗਾਉਣੀ ਹੈ। ਫੋਟੋ ਤਾਂ ਬਾਦਲ ਸਾਹਿਬ ਦੀ ਹੀ ਲੱਗਣੀ ਹੈ। ਹੋਰ ਕਿਸ ਦੀ ਲੱਗਣੀ ਹੈ। ਕਿਉਂ ਚਿੰਤਾ ਕਰਦੇ ਹੋ ? ਸਰਕਾਰ ਬਾਦਲ ਸਾਹਿਬ ਦੀ ਹੈ। ਬਾਦਲ ਸਾਹਿਬ ਦੀ ਹੀ ਫੋਟੋ ਲੱਗਣੀ ਹੈ। ਪੇਂਡੂ ਨੌਜਵਾਨਾਂ ਲਈ ਸਪੋਰਟਸ ਦੀਆਂ ਕਿੱਟਾਂ, ਜਿੰਮ ਪ੍ਰੋਵਾਈਡ ਕੀਤੇ ਗਏ ਹਨ। ਇਸ ਤੋਂ ਵੱਧ ਹੋਰ ਸਰਕਾਰ ਕੀ ਕਰ ਸਕਦੀ ਹੈ। ਮੈਂ ਸਮਾਂ ਥੋੜ੍ਹਾ ਜਿਹਾ ਹੋਰ ਲੈਣਾ ਹੈ ਜੀ।ਮੈਂ ਜੰਗੇ ਆਜ਼ਾਦੀ ਦੀ ਗੱਲ ਜ਼ਰੂਰ ਕਰਨੀ ਹੈ। ਕਰਤਾਰਪੁਰ ਵਿੱਚ ਇੱਕ ਐਸੀ ਯਾਦਗਾਰ ਬਣਾਈ ਜਾ ਰਹੀ ਹੈ ਕਿਉਂਕਿ ਪੰਜਾਬ ਦੇ ਸੂਰਬੀਰ ਪੰਜਾਬੀਆਂ ਨੇ ਸਭ ਤੋਂ ਜ਼ਿਆਦਾ ਯੋਗਦਾਨ ਦੇਸ਼ ਦੀ ਆਜ਼ਾਦੀ ਲਈ ਦਿੱਤਾ ਹੈ। ਫਾਂਸੀਆਂ ਤੇ ਚੜ੍ਹਨ ਦਾ, ਕਾਲੇ ਪਾਣੀ ਜਾਣ ਦਾ, ਜੇਲ੍ਹਾਂ ਵਿੱਚ ਜਾਣ ਵਾਲੇ ਸਭ ਤੋਂ ਜ਼ਿਆਦਾ ਲੋਕ ਪੰਜਾਬੀ ਸਨ। ਕੋਈ ਵੀ ਲਹਿਰ ਹੋਵੇ, ਕੂਕਾ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਬੱਬਰ ਅਕਾਲੀ ਲਹਿਰ, ਗਦਰ ਲਹਿਰ, ਆਜ਼ਾਦੀ ਦੇ ਪਰਵਾਨੇ, ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਤੋਂ ਪ੍ਰੇਰਨਾ ਲੈ ਸਕਣ, ਇਸ ਮੰਤਵ ਨਾਲ ਇੱਕ ਫਾਉਂਡੇਸ਼ਨ ਬਣਾਈ ਗਈ ਹੈ, ਜਿਸ ਦੇ ਚੇਅਰਮੈਨ, ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਹਨ। ਇਹ ਜੰਗੇ ਆਜ਼ਾਦੀ ਕਰਤਾਰਪੁਰ ਵਿੱਚ ਬਣਾਈ ਜਾ ਰਹੀ ਹੈ, ਜਿਸ ਤੇ 200 ਕਰੋੜ ਰੁਪਏ ਤੋਂ ਜ਼ਿਆਦਾ ਰੁਪਿਆ ਖਰਚ ਹੋਣਾ ਹੈ। ਉਸ ਦੀ ਜਿਹੜੀ ਵਰਕਿੰਗ ਕਮੇਟੀ ਹੈ, ਉਸ ਦੇ ਚੇਅਰਮੈਨ, ਸਰਦਾਰ ਬਰਜਿੰਦਰ ਸਿੰਘ ਹਮਦਰਦ ਹਨ। ਉਨ੍ਹਾਂ ਨੇ ਬਹੁਤ ਮਿਹਨਤ ਕੀਤੀ ਹੈ ਔਰ ਬਹੁਤ ਜਲਦੀ ਉਥੇ ਕੰਮ ਸ਼ੁਰੂ ਹੋਣ ਵਾਲਾ ਹੈ। ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਪ੍ਰੇਰਨਾ ਲੈਣਗੀਆਂ ਕਿ ਪੰਜਾਬ ਦੇ ਲੋਕਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਕਿੰਨਾ ਵੱਡਾ ਹਿੱਸਾ ਪਾਇਆ ਹੈ। ਇਸ ਦੇ ਨਾਲ ਹੀ ਸਵਾਮੀ ਵਿਵੇਕਾ ਨੰਦ ਜੀ ਦੇ 150ਵੇਂ ਜਨਮ ਸ਼ਤਾਬਦੀ ਸਮਾਰੋਹ ਪਿਛਲੇ ਸਾਲ ਮਨਾਏ ਹਨ। ਸਵਾਮੀ ਵਿਵੇਕਾ ਨੰਦ ਜੀ, ਜਿਨ੍ਹਾਂ ਨੇ ਸ਼ਿਕਾਗੋ ਵਿੱਚ ਸਰਬ ਧਰਮ ਸੰਮੇਲਨ ਵਿੱਚ ਦੁਨੀਆਂ ਨੂੰ ਪ੍ਰਭਾਵਿਤ ਕੀਤਾ ਹੈ, ਉਨ੍ਹਾਂ ਦੀ ਯਾਦ ਵਿੱਚ ਅਸੀਂ ਤਿੰਨ ਇਨਾਮ ਉਨ੍ਹਾਂ ਦੇ ਜਨਮ ਦਿਨ ਤੇ ਦੇਣੇ ਹਨ। ਉਨ੍ਹਾਂ ਦੇ ਜਨਮ ਦਿਨ ਨੂੰ ਅਸੀਂ ਯੂਥ ਡੇਅ ਦੇ ਤੌਰ ਤੇ ਮਨਾਉਂਦੇ ਹਾਂ। ਇੱਕ ਇਨਵਾਇਰਨਮੈਂਟ ਵਿੱਚ ਕੰਮ ਕਰਨ ਵਾਲੇ ਕਿਸੇ ਵਿਅਕਤੀ ਨੂੰ ਜਾਂ ਸੰਸਥਾ ਨੂੰ, ਦੂਸਰਾ ਭਰੂਣ ਹੱਤਿਆ ਵਿੱਚ ਕੰਮ ਕਰਨ ਵਾਲੇ, ਤੀਸਰਾ ਨਸ਼ਿਆਂ ਦੇ ਵਿਰੁੱਧ ਕੰਮ ਕਰਨ ਵਾਲੇ, ਕੋਈ ਸੰਸਥਾ ਹੋਵੇ ਜਾਂ ਕੋਈ ਵਿਅਕਤੀ ਹੋਵੇ, ਉਨ੍ਹਾਂ ਨੂੰ ਹਰ ਸਾਲ ਇੱਕ-ਇੱਕ ਲੱਖ ਰੁਪਏ ਦਾ ਇਨਾਮ ਦੇ ਕੇ ਕੰਮ ਸ਼ੁਰੂ ਕਰਨਾ ਹੈ। ਮੈਂ ਧੰਨਵਾਦੀ ਹਾਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦਾ ਜਿਨ੍ਹਾਂ ਨੇ ਸਵਾਮੀ ਵਿਵੇਕਾ ਨੰਦ ਦੀ ਯਾਦ ਵਿੱਚ ਕਪੂਰਥਲਾ ਵਿਖੇ 22 ਏਕੜ ਜ਼ਮੀਨ ਦੇਣ ਦੀ ਗੱਲ ਕੀਤੀ ਹੈ। 22 ਏਕੜ ਤੇ ਇੱਕ ਬਹੁਤ ਵੱਡੀ ਯਾਦਗਾਰ ਸਵਾਮੀ ਵਿਵੇਕਾ ਨੰਦ ਜੀ ਦੀ ਬਣਨੀ ਹੈ। ਮੈਂ ਮੁੱਖ ਮੰਤਰੀ ਜੀ, ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਬਹੁਤ ਫਰਾਖਦਿਲੀ ਨਾਲ ਇਹ ਸਾਰਾ ਕੰਮ ਕਰਵਾਇਆ ਹੈ ਔਰ ਇਸ ਦੇ ਨਾਲ ਹੀ ਕਿਉਂਕਿ ਸਮਾਂ ਥੋੜ੍ਹਾ ਹੈ, ਮੁੱਖ ਮੰਤਰੀ ਜੀ ਨੇ ਬੋਲਣਾ ਹੈ, ਮੈਂ ਆਪਣੀ ਗੱਲ ਨੂੰ ਇਥੇ ਤੱਕ ਹੀ ਸੀਮਿਤ ਕਰਕੇ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਧੰਨਵਾਦ ਜੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ ....

ਮਾਨਯੋਗ ਸਪੀਕਰ : ਇਸ ਤੋਂ ਪਹਿਲਾਂ ...(ਵਿਘਨ)... ਬੱਸ ਜੀ, ਹੁਣ ਨਹੀਂ। ਇਸ ਤੋਂ ਪਹਿਲਾਂ ਕਿ ਮੈਂ ਆਨਰੇਬਲ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਾਂ, ਮੈਂ ਇੱਕ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਪੀਚ ਤੋਂ ਬਾਅਦ ਪ੍ਰਾਈਵੇਟ ਮੈਂਬਰ ਬਿਜ਼ਨਸ ਦੋ ਘੰਟੇ ਲਈ ਹੋਵੇਗਾ। ਸੀ.ਐਮ. ਸਾਹਿਬ ਜੀ।

ਸ਼੍ਰੀ ਸੁਨੀਲ ਜਾਖੜ : ਇੱਕ ਮਿੰਟ ਜੀ।

ਮਾਨਯੋਗ ਸਪੀਕਰ : ਹਾਂ ਦੱਸੋ ਜੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸੈਸ਼ਨ ਮਰਜ ਕਰਨ ਦਾ ਮਤਲਬ ਇਹੀ ਸੀ ਕਿ ਸਾਰੇ ਖੁਲ੍ਹ ਕੇ ਬੋਲ ਲੈਣ। ਜੇਕਰ ਇਸ ਤਰ੍ਹਾਂ ਨਹੀਂ ਕਰਨਾ ਤਾਂ ਫਿਰ ਅੱਡ ਅੱਡ ਚੱਲੀ ਜਾਣ ਦੇਣੇ ਸੀ।

ਮਾਨਯੋਗ ਸਪੀਕਰ : ਹੁਣ ਤਾਂ ਬਥੇਰੇ ਬੋਲ ਲਏ ਹਨ। ਹੁਣ ਕਿਹੜਾ ਰਹਿ ਗਿਆ ਹੈ। ਤੁਸੀਂ ਮੈਨੂੰ ਜਿਹੜੇ ਨਾਮ ਭੇਜੇ ਹਨ, ਉਨ੍ਹਾਂ ਵਿਚੋਂ ਕਿਹੜਾ ਰਹਿ ਗਿਆ ਹੈ ?

ਸ਼੍ਰੀ ਸੁਨੀਲ ਜਾਖੜ : ਬਿਲਕੁਲ ਰਹਿ ਗਏ ਹਨ। ਜਿਹੜੇ ਨਾਮ ਭੇਜੇ ਹਨ, ਉਨ੍ਹਾਂ ਵਿੱਚ ਧਰਮਸੋਤ ਸਾਹਿਬ ਦਾ ਨਾਮ ਹੈ, ਸਿੱਧੂ ਸਾਹਿਬ ਦਾ ਹੈ। ਤੁਸੀਂ ਲਿਸਟ ਕੱਢ ਕੇ ਦੇਖੋ।

ਮਾਨਯੋਗ ਸਪੀਕਰ : ਜਿਹੜੀ ਲਿਸਟ ਕੱਲ੍ਹ ਭੇਜੀ ਸੀ, ਉਹ ਤਾਂ ਸਾਰੇ ਹੋ ਗਏ ਹਨ।

ਸ਼੍ਰੀ ਸੁਨੀਲ ਜਾਖੜ : ਉਹ ਤਾਂ ਕੱਲ੍ਹ ਦੀ ਲਿਸਟ ਸੀ। ਅੱਜ ਵਾਲੀ ਲਿਸਟ ਅੱਜ ਦਿੱਤੀ ਹੈ ਜੀ।

ਮਾਨਯੋਗ ਸਪੀਕਰ : ਮੈਂ ਦੇਖ ਲਈ ਹੈ, ਉਸ ਵਿਚੋਂ ਵੀ ਕੋਈ ਨਹੀਂ ਰਿਹਾ।

ਸ਼੍ਰੀ ਸੁਨੀਲ ਜਾਖੜ : ਬਿਲਕੁਲ ਸਾਰੀ ਲਿਸਟ ਹੈ, ਤੁਸੀਂ ਦੇਖੋ।

ਮਾਨਯੋਗ ਸਪੀਕਰ : ਚਲੋ, ਫਿਰ ਬੁਲਾ ਦਿਆਂਗੇ। ਕੱਲ੍ਹ ਬੁਲਾ ਦਿਆਂਗੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੀ ਇੱਕ ਗੁਜ਼ਾਰਿਸ਼ ਸੁਣ ਲਵੋ। ਚਲੋ, ਤੁਸੀਂ ਨਹੀਂ ਟਾਈਮ ਦੇ ਰਹੇ ....(ਵਿਘਨ).... ਸਿੱਧੂ ਸਾਹਿਬ, ਇੱਕ ਮਿੰਟ। ਸਪੀਕਰ ਸਾਹਿਬ, ਕੱਲ੍ਹ ਵੀ ਅਸੀਂ ਗੱਲ ਕੀਤੀ ਸੀ। ਸਰਦਾਰ ਲਾਲ ਸਿੰਘ ਜੀ, ਤੁਹਾਡੇ ਨੋਟਿਸ ਵਿੱਚ ਵੀ ਗੱਲ ਆ ਗਈ ਹੋਣੀ ਹੈ। ਕੱਲ੍ਹ ਵੀ ਜਦੋਂ ਇੰਪਲਾਈਜ਼ ਦੀ ਗੱਲ ਵਾਸਤੇ ਸ਼੍ਰੀ ਤਰਲੋਚਨ ਸਿੰਘ ਜੀ ਖੜ੍ਹੇ ਹੋਏ, ਉਦੋਂ ਵੀ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਇਹ ਵਾਰਮ ਅੱਪ ਹੋ ਰਹੇ ਹਨ। ਇਨ੍ਹਾਂ ਨੂੰ ਰੌਲਾ ਪਾ ਲੈਣ

ਦਿਓ। ਅੱਜ ਵੀ ਜਦੋਂ ਅਸੀਂ ਇੰਪਲਾਈਜ਼ ਦੀ ਗੱਲ ਕੀਤੀ ਹੈ ਤਾਂ ਕਈ ਸਾਥੀਆਂ ਨੇ ਕਿਹਾ ਕਿ ਕਾਂਗਰਸ ਤਾਂ ਵਾਕ ਆਊਟ ਪਾਰਟੀ ਹੈ। ਸਪੀਕਰ ਸਾਹਿਬ, I can agree. They are entitled to give their views but ਹੁਣੇ ਹੁਣੇ ਸਾਹਿਬ ਇਧਰ ਵੀ ਸਾਰੇ ਸਾਥੀਆਂ ਕੋਲ ਮੈਸਿਜ਼ਜ਼ ਆਏ ਹੋਣੇ ਹਨ। ਕਪੂਰਥਲਾ ਦੇ ਅੰਦਰ ਦੋ ਪੰਜਾਬ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਦੇ ਇੰਪਲਾਈਜ਼ ਨੇ ਸੂਸਾਈਡ ਕੀਤਾ ਹੈ। ਅੱਗ ਲਗਾਈ ਹੈ ਜੀ। We hold this Government responsible. They should be charged with abetment to suicide. ਅਸੀਂ ਕੱਲ੍ਹ ਦਾ ਕੀ ਕਹਿ ਰਹੇ ਹਾਂ, ਅਸੀਂ ਕਹਿ ਰਹੇ ਹਾਂ ਕਿ ਇੰਪਲਾਈਜ਼ ਦੀ ਸੁਣ ਲਵੋ। ਇੰਪਲਾਈਜ਼ ਨੇ ਕੋਈ ਟੈਂਕੀ ਨਹੀਂ ਛੱਡੀ, ਕੁਝ ਨਹੀਂ ਛੱਡਿਆ ....(ਵਿਘਨ).... ਨਹੀਂ ਬੀਬੀ ਜੀ, ਵੇਖੋ ਆਪਣੇ ਆਪ ਨੂੰ ਕੋਈ ਨਹੀਂ ਫੂਕਦਾ, ਜਦੋਂ ਤੱਕ ਕੋਈ ਮਰਨ ਦੀ ਗੱਲ ਨਾ ਆਵੇ। ਇਹ ਪੰਜਾਬ ਦੇ ਇੰਪਲਾਈਜ਼ ਦਾ ਮਸਲਾ ਹੈ, ਇਹ ਕੋਈ ਮੇਰਾ ਤੁਹਾਡਾ ਪੁਲੀਟੀਕਲ ਮਸਲਾ ਉਨ੍ਹਾਂ ਵਿਚ ਨਹੀਂ ਹੈ ਕਿ ਇਹ ਸਾਰੇ ਕਾਂਗਰਸੀ ਹਨ ਜਾਂ ਸਾਰੇ ਅਕਾਲੀ ਹਨ, ਇਹ ਸਾਰਿਆਂ ਦੇ ਹੀ ਹਨ।ਸਪੀਕਰ ਸਾਹਿਬ, ਉਨ੍ਹਾਂ ਨੇ ਸੂਸਾਈਡ ਅਟੈਂਪਟ ਕੀਤੀ ਹੈ, ਦੋ ਨੇ ਕੀਤੀ ਹੈ, ਇਕ ਨੇ ਵੀ ਨਹੀਂ। Are we a walk out Party? Are we supposed to listen to this Government's false claims? We have not stage managed the suicides.This has happened now.

ਮਾਨਯੋਗ ਸਪੀਕਰ : ਚਲੋ ਬੱਸ। ਹੁਣ ਬਾਦਲ ਸਾਹਿਬ ਨੂੰ ਬੋਲ ਲੈਣ ਦਿਉ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਕੁਝ ਨਾ ਕੁਝ ਡਾਇਰੈਕਸ਼ਨ ਤਾਂ ਦਿਉ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਸਾਹਿਬਾਨ ** ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

Mr.Speaker : This is not going to be recorded. ਤੁਹਾਨੂੰ ਹੁਣ ਚਾਹੀਦਾ ਨਹੀਂ ਸੀ, ਹਾਂ ਜੀ, ਸੀ.ਐਮ.ਸਾਹਿਬ।

ਮੁੱਖ ਮੰਤਰੀ : ਸਪੀਕਰ ਸਾਹਿਬ,..

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਸਾਹਿਬਾਨ ਤੇ ਰੂਲਿੰਗ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿਚ ਟੋਕਾ-ਟਾਕੀ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਕੱਲ੍ਹ ਦੀਆਂ ਚੀਕਾਂ ਮਾਰਦੇ ਪਏ ਹਨ (ਮੁੱਖ ਸੰਸਦੀ ਸਕੱਤਰ, ਸਰਦਾਰ ਵਿਰਸਾ ਸਿੰਘ ਵਲਟੋਹਾ ਵੱਲ ਇਸ਼ਾਰਾ) ....(ਵਿਘਨ....ਸ਼ੋਰ)....

** Not recorded as ordered by the Chair.

ਮਾਨਯੋਗ ਸਪੀਕਰ : ਜਾਖੜ ਸਾਹਿਬ, please listen. ਜਾਖੜ ਸਾਹਿਬ, ਤੁਸੀਂ ਉਧਰ ਨਾ ਉਲਝੋ। ਜਾਖੜ ਸਾਹਿਬ, ਆਪਾਂ ਨੂੰ ਉਧਰ ਉਲਝਣ ਦੀ ਕੀ ਲੋੜ ਹੈ, ਤੁਸੀਂ ਜੋ ਕੁਝ ਕਹਿਣਾ ਹੈ, ਮੈਨੂੰ ਕਹੋ। Please sit down now. Please sit down now.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਸਾਹਿਬਾਨ ਬਿਨਾਂ ਆਗਿਆ ਤੋਂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਅਸੀਂ ਸੀ.ਐਮ.ਸਾਹਿਬ ਦਾ ਸਤਿਕਾਰ ਕਰਦੇ ਹਾਂ। ਇਹ ਡਿਸਕ੍ਰੀਮੀਨੇਸ਼ਨ ਹੈ, ਵਿਤਕਰਾ ਹੈ ....(ਵਿਘਨ....ਸ਼ੋਰ).... ਆਹ ਸਾਹਮਣੇ ਪੀ.ਟੀ.ਸੀ. ਦੇ ਕੈਮਰੇ ਲਗਾ ਦਿੱਤੇ ਗਏ ਹਨ, ਇਹ ਕੈਮਰੇ ਬੰਦ ਕਰਵਾਉ। ....(ਵਿਘਨ....ਸ਼ੋਰ)....

Chief Parliamentary Secretary, Education (Sardar Inderbir Singh Bularia) (while sitting) : He will give you the explanation ......(interruptions).....

ਮਾਨਯੋਗ ਸਪੀਕਰ : ਸੀ.ਐਮ. ਸਾਹਿਬ ਦੀ ਸਪੀਚ ਤੋਂ ਬਿਨਾਂ ਕੁਝ ਰਿਕਾਰਡ ਨਾ ਕੀਤਾ ਜਾਵੇ। ....(ਵਿਘਨ. ...ਸ਼ੋਰ).... Nothing should be recorded. ਚੰਨੀ ਸਾਹਿਬ, ਹੁਣ ਤੁਸੀਂ ਵੀ ਬੈਠ ਜਾਉ। ਸਰਦਾਰ ਲਾਲ ਸਿੰਘ ਜੀ ਹੁਣ ਬੈਠ ਜਾਉ। ਵਲਟੋਹਾ ਜੀ, ਬੈਠ ਜਾਉ। ਮੈਂ ਕਿਹਾ ਜੀ ਸਰਦਾਰ ਲਾਲ ਸਿੰਘ ਜੀ, ਹੁਣ ਨਹੀਂ ....(ਵਿਘਨ....ਸ਼ੋਰ)....ਸਰਦਾਰ ਲਾਲ ਸਿੰਘ ਜੀ, ਹੁਣ ਨਹੀਂ। ਹੁਣ ਸੀ.ਐਮ.ਸਾਹਿਬ ਦੀ ਸਪੀਚ ਹੋਵੇਗੀ। ....(ਵਿਘਨ....ਸ਼ੋਰ).... ਨਹੀਂ ਜੀ, ਹੁਣ ਨਹੀਂ ਹੋਣਾ, Please sit down now. Please sit down now. Nothing is going to be recorded. Nothing is to be recorded. ....(ਵਿਘਨ....ਸ਼ੋਰ).... ਵਲਟੋਹਾ ਜੀ, ਤੁਸੀਂ ਬੈਠ ਜਾਉ। ਨਹੀਂ ਸਰਦਾਰ ਲਾਲ ਸਿੰਘ ਜੀ, Nothing should be recorded. ਸਰਦਾਰ ਲਾਲ ਸਿੰਘ ਜੀ, ਨਹੀਂ, ਕੁਝ ਰਿਕਾਰਡ ਨਹੀਂ ਹੋਣਾ। ਨਹੀਂ ਜੀ, Please sit down. ਨਹੀਂ ਜੀ, Please sit down now. C.M. Sahib ji.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਸਾਹਿਬਾਨ ** ** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਨਹੀਂ ਜੀ, ਹੁਣ ਸੀ.ਐਮ. ਸਾਹਿਬ ਦੀ ਸਪੀਚ ਹੋਵੇਗੀ। ਜਾਖੜ ਸਾਹਿਬ, ਹੁਣ ਨਹੀਂ, ਤੁਹਾਨੂੰ ਹਰ ਤਰੀਕੇ ਨਾਲ ਅਕਾਮੋਡੇਟ ਕੀਤਾ ਹੈ, ਜਿਸ ਤਰ੍ਹਾਂ ਤੁਸੀਂ ਕਿਹਾ ਹੈ, ਪ੍ਰੰਤੂ ਹੁਣ ਨਹੀਂ ।

**Not recorded as ordered by the Chair.

ਵਿਰੋਧੀ ਧਿਰ ਵੱਲੋਂ ਆਵਾਜ਼ਾਂ : ਜਦੋਂ ਸਾਡੀ ਪਾਰਟੀ ਦੇ ਮੈਂਬਰ ਬੋਲਦੇ ਹਨ ਤਾਂ ਲਾਈਵ ਨਹੀਂ ਵਿਖਾਇਆ ਜਾਂਦਾ ਪਰੰਤੂ ਜਦੋਂ ਸੀ.ਐਮ. ਬੋਲਦੇ ਹਨ ਤਾਂ ਪੀ.ਟੀ.ਸੀ. ਚੈਨਲ ਉਤੇ ਲਾਈਵ ਦਿਖਾਇਆ ਹੈ, ਇਸ ਨੂੰ ਬੰਦ ਕੀਤਾ ਜਾਵੇ।

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਸਾਹਿਬਾਨ ਪੰਜਾਬ ਦੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਸਰਕਾਰ ਵਲੋਂ ਧਿਆਨ ਨਾ ਦੇਣ ਕਾਰਨ ਅਤੇ ਟੀ.ਵੀ. ਵੱਲੋਂ ਇੱਕ ਪਾਸੜ ਕਵਰੇਜ਼ ਕਰਨ ਦੇ ਵਿਰੋਧ ਵਜੋਂ ** ** ਨਾਅਰੇ ਮਾਰਦੇ ਹੋਏ ਸਦਨ ਵਿਚ ਵਾਕ ਆਊਟ ਕਰ ਗਏ।)

Mr. Speaker : Please sit down. ਹਾਂ ਜੀ, ਸੀ.ਐਮ.ਸਾਹਿਬ ਜੀ।

DISCUSSION ON GOVERNOR'S ADDRESS AND VOTE ON THE MOTION OF THANKS *(RESUMPTION)*

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਤਿਕਾਰਯੋਗ ਸਪੀਕਰ ਸਾਹਿਬ ....(ਵਿਘਨ).... ਤੁਸੀਂ (ਰੂਲਿੰਗ ਪਾਰਟੀ ਦੇ ਮੈਂਬਰ ਸਾਹਿਬ ਵੱਲ ਇਸ਼ਾਰਾ) ਵੀ ਬੱਸ ਕਰ ਜਾਉ। ਸਪੀਕਰ ਸਾਹਿਬ, ਸਤਿਕਾਰਯੋਗ ਗਵਰਨਰ ਸਾਹਿਬ ਸ਼੍ਰੀ ਸ਼ਿਵਰਾਜ ਪਾਟਿਲ ਜੀ ਨੇ 3 ਮਾਰਚ ਨੂੰ ਸਦਨ ਵਿੱਚ ਐਡਰੈਸ ਕੀਤਾ ਸੀ। (ਥੰਪਿੰਗ) ਉਸ ਤੋਂ ਬਾਅਦ ਸਾਡੇ ਮਾਨਯੋਗ ਮੈਂਬਰ ਚੀਮਾ ਸਾਹਿਬ ਨੇ ਧੰਨਵਾਦ ਦਾ ਮਤਾ ਲਿਆਂਦਾ ਅਤੇ ਸਾਡੇ ਮਾਨਯੋਗ ਮੈਂਬਰ ਸ਼੍ਰੀ ਅਸ਼ਵਨੀ ਕੁਮਾਰ ਜੀ ਨੇ ਇਸ ਦੀ ਤਾਈਦ ਕੀਤੀ। ਸਪੀਕਰ ਸਾਹਿਬ, ਮੈਂ ਮਾਨਯੋਗ ਗਵਰਨਰ ਸਾਹਿਬ ਦਾ ਧੰਨਵਾਦ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਅਸੀਂ ਪੰਜਾਬੀ ਬੜੇ ਖੁਸ਼ਕਿਸਮਤ ਹਾਂ ਕਿ ਸਾਨੂੰ ਅਜਿਹੇ ਗਵਰਨਰ ਸਾਹਿਬ ਮਿਲੇ ਹਨ ਜਿਹੜੇ ਹਿੰਦੁਸਤਾਨ ਦੀ ਬਹੁਤ ਮਹਾਨ ਸ਼ਖਸੀਅਤ ਹਨ। ਉਹ ਹਿੰਦੁਸਤਾਨ ਵਿੱਚ ਬੜੇ ਉੱਚ ਅਹੁਦਿਆਂ ਤੇ ਬਿਰਾਜਮਾਨ ਰਹੇ ਹਨ। ਉਹ ਹਿੰਦੁਸਤਾਨ ਦੇ ਹੋਮ ਮਨਿਸਟਰ ਰਹੇ ਹਨ। ਤੁਹਾਨੂੰ ਪਤਾ ਹੈ ਕਿ ਉਹ ਹਿੰਦੁਸਤਾਨ ਦੀ ਪਾਰਲੀਮੈਂਟ ਦੇ ਸਪੀਕਰ ਵੀ ਰਹੇ ਹਨ। ਸਪੀਕਰ ਸਾਹਿਬ, ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਦਾ ਇਹ ਭਾਸ਼ਣ ਸਮੂਹ ਪੰਜਾਬੀਆਂ ਲਈ ਚਾਨਣ ਮੁਨਾਰਾ ਸਾਬਤ ਹੋਵੇਗਾ। ਇਸ ਸਦਨ ਵਿੱਚ ਗਵਰਨਰ ਐਡਰੈੱਸ ਤੇ ਬਹਿਸ ਹੋਈ। ਦੋਵਾਂ ਪਾਸਿਆਂ ਤੋਂ ਮੈਂਬਰ ਸਾਹਿਬਾਨ ਨੇ ਭਾਸ਼ਣ ਵਿੱਚ ਹਿੱਸਾ ਲਿਆ। ਮੈਂ ਅੱਜ ਸੈਸ਼ਨ ਦੇ ਆਰੰਭ ਵਿੱਚ ਤੁਹਾਡੇ ਸਾਹਮਣੇ ਕਿਹਾ ਸੀ ਕਿ ਮੈਨੂੰ ਇਨ੍ਹਾਂ ਦਾ ਪਤਾ ਹੈ। ਇਹ ਵਾਅਦਾ ਕਰਕੇ ਮੁੱਕਰ ਜਾਂਦੇ ਹਨ। ਇਹੀ ਨਹੀਂ, ਜਿਹੜੀ ਇਨ੍ਹਾਂ ਦੀ ਉਪਰਲੀ ਲੀਡਰਸ਼ਿਪ ਹੈ, ਉਸ ਨੇ ਵੀ ਜੇਕਰ ਕਦੇ ਕਿਸੇ ਨਾਲ ਵਾਅਦਾ ਕੀਤਾ ਤਾਂ ਉਸ ਤੇ ਪੂਰਾ

**Not recorded as ordered by the Chair.

[ਮੁੱਖ ਮੰਤਰੀ]

ਨਹੀਂ ਉਤਰੇ। ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਆਪਣੀ ਸਾਰੀ ਗੱਲ ਸੁਣਾਓ। ਲੀਡਰ ਆਫ਼ ਦਿ ਆਪੋਜ਼ੀਸ਼ਨ ਬੋਲੇ। ਜਿੰਨਾ ਚਿਰ ਉਹ ਬੋਲਦੇ ਰਹੇ ਸਾਡੇ ਵਿਚੋਂ ਕਿਸੇ ਨੇ ਵੀ, ਇੱਕ ਸੱਜਣ ਨੇ ਵੀ ਵਿਚੋਂ ਟੋਕਾ-ਟਾਕੀ ਨਹੀਂ ਕੀਤੀ। ਮੈਂ ਕੋਈ ਜੋਤਸ਼ੀ ਨਹੀਂ ਹਾਂ ਪਰ ਮੈਂ ਸਿਆਸੀ ਜੋਤਸ਼ੀ ਹਾਂ। ਮੈਨੂੰ ਇਨ੍ਹਾਂ ਦੀਆਂ ਆਦਤਾਂ ਦਾ ਪਤਾ ਹੈ। ਅਸਲੀ ਗੱਲ ਇਹ ਹੈ ਕਿ ਇਹ ਪਾਰਟੀ ਲੀਡਰ-ਲੈੱਸ ਹੋ ਗਈ ਹੈ, ਇਨ੍ਹਾਂ ਨੂੰ ਬੜੀ ਫਰੱਸਟ੍ਰੇਸ਼ਨ ਹੈ ਕਿਉਂਕਿ ਆਉਣ ਵਾਲਾ ਸਮਾਂ ਇਨ੍ਹਾਂ ਨੂੰ ਕਾਲਾ ਸਮਾਂ ਲਗਦਾ ਹੈ। ਜਾਖੜ ਸਾਹਿਬ ਬਾਈਕਾਟ ਨਹੀਂ ਕਰਨਾ ਚਾਹੁੰਦੇ ਸਨ ਪਰ ਇਨ੍ਹਾਂ ਵਿੱਚ ਦੋ-ਚਾਰ ਬੰਦੇ ਅਜਿਹੇ ਹਨ, ਉਹ ਅਜਿਹਾ ਮਾਹੌਲ ਕ੍ਰੀਏਟ ਕਰ ਦਿੰਦੇ ਹਨ ਕਿ ਲੀਡਰ ਨੂੰ ਉਨ੍ਹਾਂ ਦੇ ਮਗਰ ਲੱਗਣਾ ਪੈਂਦਾ ਹੈ। ਕਦੇ ਉਹ ਪਾਰਟੀ ਨਹੀਂ ਚੱਲ ਸਕਦੀ ਜਿਸ ਦਾ ਲੀਡਰ ਆਪਣੇ ਲੋਕਾਂ ਨੂੰ ਸੰਭਾਲ ਨਾ ਸਕੇ। ਮੈਨੂੰ ਇਸ ਗੱਲ ਦਾ ਬੜਾ ਵੱਡਾ ਦੁੱਖ ਹੈ। ਬੜਾ ਚੰਗਾ ਹੁੰਦਾ ਕਿ ਆਪਣੀ ਡਿਸਕਸ਼ਨ ਦੇ ਦੌਰਾਨ ਇਹ ਚੰਗੇ ਸੁਝਾਅ ਦਿੰਦੇ। ਦੇਸ਼ ਦੀ ਸਿਆਸਤ ਵਿੱਚ ਨੁਕਤਾਚੀਨੀ ਕਰਨਾ ਇੱਕ ਰਿਵਾਜ ਹੀ ਬਣ ਗਿਆ ਹੈ। ਇੱਕ ਦੂਸਰੇ ਤੇ ਇਲਜ਼ਾਮ, ਸਾਜ਼ਿਸ਼ ਕਰਨ ਦਾ ਰਿਵਾਜ ਹੋ ਗਿਆ ਹੈ। ਕੋਈ ਕਿਸੇ ਨੂੰ ਕੁਝ ਕਹਿ ਦਿੰਦਾ ਹੈ, ਕੋਈ ਇਹ ਕਹਿ ਦਿੰਦਾ ਹੈ ਕਿ ਇਹ ਚਾਹ ਵੇਚਦਾ ਰਿਹਾ ਹੈ। ਹਿੰਦੁਸਤਾਨ ਦੀ ਅਤੇ ਪੰਜਾਬ ਦੀ ਸਿਆਸਤ ਦਾ ਮਿਆਰ ਵੀ ਘਟਦਾ ਜਾ ਰਿਹਾ ਹੈ। ਕਦੇ ਸਾਡੇ ਉਹ ਬਜ਼ੁਰਗ ਸਨ, ਜਿਨ੍ਹਾਂ ਨੇ ਸਰਕਾਰਾਂ ਬਣਾਈਆਂ ਸਨ। ਬੜੇ ਚੰਗੇ ਤਰੀਕੇ ਨਾਲ ਬਹਿਸਾਂ ਹੁੰਦੀਆਂ ਸਨ, ਦੇਸ਼ ਦੇ ਹਿੱਤ ਦੀ ਗੱਲ ਹੁੰਦੀ ਸੀ, ਹੋਰ ਚੰਗੀਆਂ ਗੱਲਾਂ ਹੁੰਦੀਆਂ ਸਨ ਪਰ ਅੱਜ ਇਹ ਬਹੁਤ ਛੋਟੀਆਂ ਛੋਟੀਆਂ ਗੱਲਾਂ ਵਿੱਚ ਪੈ ਗਏ ਹਨ ਅਤੇ ਅਪੋਜ਼ੀਸ਼ਨ ਦਾ ਤਾਂ ਇੱਕੋ ਹੀ ਕੰਮ ਰਹਿ ਗਿਆ ਹੈ, ਉਹ ਹੈ ਨੁਕਤਾਚੀਨੀ ਕਰਨਾ। ਮੇਰਾ ਖਿਆਲ ਹੈ ਕਿ ਸਰਕਾਰ ਦੋ ਪਹੀਆਂ ਤੇ ਚੱਲਣ ਵਾਲੀ ਗੱਡੀ ਹੈ। ਆਪੋਜ਼ੀਸ਼ਨ ਦਾ ਰੋਲ ਉਤਨਾ ਹੀ ਇੰਪਾਰਟੈਂਟ ਹੈ, ਜਿੰਨਾ ਰੂਲਿੰਗ ਪਾਰਟੀ ਦਾ। ਅਸੀਂ ਇਨ੍ਹਾਂ ਨੂੰ ਕਾਂਫੀਡੈਂਸ ਵਿੱਚ ਲੈਣਾ ਚਾਹੁੰਦੇ ਹਾਂ ਅਤੇ ਆਪਣੇ ਨਾਲ ਲੈ ਕੇ ਤੁਰਨਾ ਚਾਹੁੰਦੇ ਹਾਂ। ਬੜੀਆਂ ਕੋਸ਼ਿਸ਼ਾਂ ਕੀਤੀਆਂ। ਆਪਾਂ ਇਕੱਠੇ ਬੈਠ ਕੇ ਖਾਣਾ ਵੀ ਖਾਂਦੇ ਰਹੇ, ਇੱਕਠੇ ਹੋ ਕੇ ਕ੍ਰਿਕੇਟ ਦੇ ਮੈਚ ਵੀ ਕਰਾਉਂਦੇ ਰਹੇ, ਕਾਫੀ ਮਾਹੌਲ ਅੱਛਾ ਹੋਇਆ ਸੀ ਪਰ ਅੱਜ ਫਿਰ ਉਹੀ ਹਾਲਾਤ ਬਣ ਗਏ ਹਨ। ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੈ। ਸਪੀਕਰ ਸਾਹਿਬ, ਜੋ ਸਭ ਤੋਂ ਵੱਡੀ ਗੱਲ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਕੀਤੀ ਹੈ, ਉਹ ਹੈ communal harmony ਬਾਰੇ। ਉਨ੍ਹਾਂ ਨੇ ਤਾਂ ਇੱਥੋਂ ਤੱਕ ਫੁਰਮਾਇਆ ਹੈ ਕਿ ਕੋਈ ਸੂਬਾ, ਕੋਈ ਮੁਲਕ ਤਦ ਤੱਕ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਉਥੇ ਅਮਨ ਸ਼ਾਂਤੀ ਨਹੀਂ ਹੁੰਦੀ। ਬਿਲਕੁਲ ਠੀਕ ਹੈ, ਅਮਨ ਤੇ ਸ਼ਾਂਤੀ ਸਭ ਤੋਂ ਅਹਿਮ ਮੁੱਦਾ ਹੈ। ਸਪੀਕਰ ਸਾਹਿਬ, ਬੜੇ ਮਾੜੇ ਦੌਰ ਵਿੱਚੋਂ ਪੰਜਾਬ ਲੰਘਿਆ ਹੈ। ਇਥੇ ਬੜੀ ਤਲਖੀ ਵਧੀ ਸੀ ਅਤੇ ਬੜੇ ਹਾਲਾਤ ਖਰਾਬ ਹੋਏ ਸਨ। ਸਾਡੀ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਪਹਿਲੀ ਸਰਕਾਰ ਸਾਲ 1997 ਵਿੱਚ ਬਣੀ ਸੀ। ਉਦੋਂ ਪੰਜਾਬ ਉਸ ਦੌਰ ਵਿਚੋਂ ਟੱਪ ਕੇ ਆਇਆ ਸੀ। ਅਸੀਂ ਸਭ ਤੋਂ ਪਹਿਲਾ ਜੋ ਕਦਮ ਚੁੱਕਿਆ, ਉਹ ਇਹ ਸੀ ਕਿ ਕਿਵੇਂ ਨਾ ਕਿਵੇਂ ਇਸ ਸੂਬੇ ਦੀ ਹਾਲਤ ਠੀਕ ਕੀਤੀ ਜਾਵੇ ਔਰ ਇਥੇ ਕਮਿਊਨਲ

ਹਾਰਮੋਨੀ, ਅਮਨ ਤੇ ਸ਼ਾਂਤੀ ਲਿਆਂਦੀ ਜਾਵੇ। ਅਸੀਂ ਇਸ ਪਾਸੇ ਬਹੁਤ ਕੰਮ ਕੀਤਾ ਅਤੇ ਮੈਨੂੰ ਬੜੀ ਖੁਸ਼ੀ ਹੈ ਕਿ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਸਾਡੀ ਸਭ ਤੋਂ ਵੱਡੀ ਜੁਆਇੰਟ ਡਿਊਟੀ ਸੀ, ਉਸ ਵਿੱਚ ਅਸੀਂ ਸਫ਼ਲ ਹੋਏ ਹਾਂ ਅਤੇ ਅਮਨ ਸ਼ਾਂਤੀ ਤੇ ਸਾਂਝ ਦੇ ਮਾਹੌਲ ਨੂੰ ਬੁਲੰਦੀਆਂ ਵਿੱਚ ਲਿਜਾਣ ਵਿੱਚ ਸਫ਼ਲ ਹੋਏ ਹਾਂ। ਫਿਰ ਇਸ ਤੋਂ ਬਾਅਦ ਸਰਕਾਰ ਸਾਲ 2007-2012 ਵਿੱਚ ਆਈ। ਉਸ ਦਾ ਹੀ ਇਹ ਨਤੀਜਾ ਨਿਕਲਿਆ ਕਿ ਮੈਂ ਕਹਿ ਸਕਦਾ ਹਾਂ ਕਿ ਅੱਜ ਪੰਜਾਬ ਸਾਰੇ ਹਿੰਦੁਸਤਾਨ ਵਿੱਚੋਂ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਦਾ ਇੱਕ ਸੂਬਾ ਹੈ। ਗਵਰਨਰ ਸਾਹਿਬ ਨੇ ਵੀ ਆਪਣੇ ਭਾਸ਼ਣ ਵਿੱਚ ਦੱਸਿਆ ਸੀ ਕਿ ਇਹ ਸਾਰੇ ਦੇਸ਼ ਵਿੱਚ ਇੱਕ ਸਿੰਬਲ ਹੈ। ਭਾਵੇਂ ਜਿਹੜਾ ਅਮਨ ਸ਼ਾਂਤੀ ਲਿਆਂਦਾ ਹੈ, ਇਸ ਨੂੰ ਲਿਆਉਣ ਵਿੱਚ ਕਈ ਮੁਸ਼ਕਲਾਤਾਂ ਵੀ ਸਨ। ਹਿਸਟੌਰੀਕਲ ਮੁਸ਼ਕਲਾਤਾਂ ਵੀ ਸਨ, ਟੈਰੀਟੋਰੀਅਲ ਮੁਸ਼ਕਲਾਤਾਂ ਵੀ ਸਨ। ਜਿਵੇਂ ਕਿ ਸਾਡੇ ਗੁਆਂਢ ਵਿੱਚ ਜੰਮੂ ਕਸ਼ਮੀਰ ਹੈ, ਸਾਡੇ ਗੁਆਂਢ ਵਿੱਚ ਪਾਕਿਸਤਾਨ ਹੈ, ਉਥੋਂ ਕੁਝ ਸ਼ਕਤੀਆਂ ਤੇ ਦੂਜੇ ਦੇਸ਼ਾਂ ਦੀਆਂ ਸ਼ਕਤੀਆਂ ਚਾਹੁੰਦੀਆਂ ਸਨ ਕਿ ਪੰਜਾਬ ਵਿੱਚ ਡਿਸਟਰਬੈਂਸ ਲਿਆਂਦੀ ਜਾਵੇ ਅਤੇ ਸਾਡੇ ਸੁਰੱਖਿਆ ਬਲਾਂ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਅਸੀਂ ਕਦੇ ਵੀ ਪੰਜਾਬ ਦੇ ਮਾਹੌਲ ਨੂੰ ਕੋਈ ਆਂਚ ਨਹੀਂ ਆਉਣ ਦਿੱਤੀ। ਅੱਜ ਵੀ ਮੈਂ ਇਸ ਹਾਊਸ ਵਿੱਚ ਤੁਹਾਡੇ ਸਾਹਮਣੇ ਕਹਿਣਾ ਚਾਹੁੰਦਾ ਹਾਂ ਕਿ Peace and Communal Harmony is our biggest achievement. ਅਤੇ ਇਹ ਪਾਸੀਬਲ ਹੋ ਸਕਿਆ ਹੈ with the compilation of good administrative approach and total political commitment. ਸਾਡੀ ਕੁਮਿਟਮੈਂਟ ਅਤੇ ਐਡਮਨਿਸਟ੍ਰੇਸ਼ਨ ਦਾ ਇਸ ਵਾਸਤੇ ਕੰਮ ਕਰਨਾ, ਇਹ ਦੋ ਜਿਹੜੇ ਅਸੂਲ ਸਨ, ਇਨ੍ਹਾਂ ਨੇ ਸਾਨੂੰ ਆਪਣੇ ਮਿਸ਼ਨ ਵਿੱਚ ਕਾਮਯਾਬ ਕੀਤਾ ਹੈ।

ਸਪੀਕਰ ਸਾਹਿਬ, ਜਿਹੜੇ ਲੋਕ ਉਠ ਕੇ ਚਲੇ ਗਏ। ਮੈਨੂੰ ਇਨ੍ਹਾਂ ਦੀ ਸਿਆਸਤ ਦਾ ਪਤਾ ਬਹੁਤ ਲੰਬੇ ਸਮੇਂ ਤੋਂ ਹੈ ਕਿ ਇਨ੍ਹਾਂ ਦੀ ਪੰਜਾਬ ਵਿੱਚ ਕੀ ਸਿਆਸਤ ਹੈ। ਪਹਿਲਾਂ ਵੀ ਇਹ ਸਿਆਸਤਾਂ ਖੇਡਦੇ ਸੀ ਅਤੇ ਹੁਣ ਵੀ ਸਿਆਸਤ ਖੇਡੀ ਜਾ ਰਹੀ ਹੈ ਕਿ ਕੋਈ ਇਹੋ ਜਿਹੀ ਗੱਲ ਕਰੋ ਜਿਸ ਨਾਲ ਦੋ ਸਕੇ ਭਰਾ ਹਿੰਦੂ ਤੇ ਸਿੱਖ, ਸਰੀਰ ਦੀਆਂ ਜਿਹੜੀਆਂ ਦੋ ਅੱਖਾਂ ਤੇ ਦੋ ਬਾਹਵਾਂ ਹਨ, ਉਸ ਤਰ੍ਹਾਂ ਜਿਸ ਤਰ੍ਹਾਂ ਸਰੀਰ ਦੇ ਅੰਗਾਂ ਦਾ ਤੁਅੱਲਕ ਹੈ, ਇਨ੍ਹਾਂ ਦਾ ਵੀ ਨਹੁੰ ਮਾਸ ਵਾਲਾ ਤੁਅੱਲਕ ਹੈ, ਉਨ੍ਹਾਂ ਦੇ ਮਨਾਂ ਵਿੱਚ ਕਿਸੇ ਤਰੀਕੇ ਨਾਲ ਫਰਕ ਪਾਉ। ਇਨ੍ਹਾਂ ਨੇ ਜੋ ਕੁਝ ਕੀਤਾ ਹੈ, ਮੈਂ ਹੁਣ ਇਤਿਹਾਸ ਵਿੱਚ ਨਹੀਂ ਜਾਣਾ ਚਾਹੁੰਦਾ। ਕਿਉਂਕਿ ਸੁਣਾਉਣਾ ਤਾਂ ਉਨ੍ਹਾਂ ਨੂੰ ਸੀ ਪਰ ਉਹ ਚਲੇ ਗਏ ਹਨ। ਜਿੰਨੀ ਗੱਲ ਕਹਾਂਗੇ, ਅਖਬਾਰ ਵਿੱਚ ਤਾਂ ਉਹ ਸਾਰੀ ਆਉਣੀ ਨਹੀਂ ਲੇਕਿਨ ਇਨ੍ਹਾਂ ਦਾ ਇਹ ਅਸੂਲ ਹੈ, ਇਨ੍ਹਾਂ ਦੀ ਇਹ ਇੱਕ ਥਿਊਰੀ ਹੈ, ਜਿਸ ਤੇ ਇਹ ਕੰਮ ਕਰ ਰਹੇ ਹਨ। ਇੰਨਾ ਸਾਨੂੰ ਬਦਨਾਮ ਕਰ ਦਿੱਤਾ ਸੀ, ਇਹੋ ਜਿਹੀਆਂ ਗੱਲਾਂ ਕਹਿ ਦਿੱਤੀਆਂ ਸਨ ਕਿ ਦੋਹਾਂ ਧਰਮਾਂ ਵਿੱਚ ਥੋੜ੍ਹਾ ਜਿਹਾ ਫਰਕ ਮਹਿਸੂਸ ਹੋਣ ਲਗ ਪਿਆ ਸੀ। ਸਪੀਕਰ ਸਾਹਿਬ, ਇਸ ਦਾ ਰਿਜ਼ਲਟ ਵੇਖੋ ਕਿ ਕੀ ਹੈ। ਸਾਡੀ ਸੇਵਾ ਜਿਹੜੀ ਹੈ, ਸਾਡੇ ਉਸ ਤਰ੍ਹਾਂ ਦੇ ਮਾਹੌਲ ਨੂੰ ਮੋੜ ਦੇ ਕੇ

[ਮੁੱਖ ਮੰਤਰੀ]

ਆਪਣੇ ਆਪ ਨੂੰ ਅਤੇ ਪੰਜਾਬ ਨੂੰ ਇੱਥੇ ਤੱਕ ਪਹੁੰਚਾਇਆ ਹੈ। ਲੋਕਾਂ ਨੂੰ ਇਹ ਅੱਤਵਾਦੀ ਤੇ ਵੱਖਵਾਦੀ ਕਹਿੰਦੇ ਸਨ, ਜੋ ਕੁਝ ਮਾੜੇ ਲਫਜ਼ ਸਨ, ਉਨ੍ਹਾਂ ਨਾਲ ਇਹ ਦੇਸ਼ ਭਗਤ ਤੇ ਮਿਹਨਤਕਸ਼ ਲੋਕਾਂ ਨੂੰ ਬਦਨਾਮ ਕਰਦੇ ਸਨ। ਅੱਜ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਵੱਡਾ ਕਾਂਫੀਡੈਂਸ ਮਿਲਿਆ ਹੈ। ਮੈਂ ਕੋਈ ਇਕੱਲੀ ਆਪਣੀ ਤਾਰੀਫ ਨਹੀਂ ਕਰਨੀ ਚਾਹੁੰਦਾ ਜਾਂ ਤਾਂ ਉਹ ਸਮਾਂ ਸੀ ਪੰਜਾਬ ਵਿੱਚ ਜਦੋਂ ਇੱਥੇ ਮਹਾਰਾਜਾ ਰਣਜੀਤ ਸਿੰਘ ਰਾਜ ਕਰਦੇ ਸਨ। ਉਦੋਂ ਹਿੰਦੂ ਭਰਾ ਕਹਿੰਦੇ ਸਨ ਕਿ ਇਹ ਰਾਜ ਸਾਡਾ ਹੈ, ਮੁਸਲਮਾਨ ਭਰਾ ਕਹਿੰਦੇ ਸਨ ਕਿ ਇਹ ਰਾਜ ਸਾਡਾ ਹੈ, ਹੋਰ ਵੀ ਸਾਰੇ ਫਿਰਕਿਆਂ ਦੇ ਲੋਕ ਆਪਣਾ ਆਪਣਾ ਰਾਜ ਸਮਝਦੇ ਸਨ ਕਿਉਂਕਿ ਉਦੋਂ ਮਹਾਰਾਜਾ ਰਣਜੀਤ ਸਿੰਘ ਜੀ ਦਾ ਸੈਕੂਲਰ ਰਾਜ ਸੀ। ਉਨ੍ਹਾਂ ਨੇ ਕੋਈ ਵੋਟਾਂ ਤਾਂ ਲੈਣੀਆਂ ਨਹੀਂ ਸਨ। ਪਰ ਹਿੰਦੂ ਤੇ ਮੁਸਲਮਾਨ ਭਰਾ ਉਨ੍ਹਾਂ ਦੇ ਵਜ਼ੀਰ ਸਨ, ਵੱਡੇ ਮਹਿਕਮੇ ਉਨ੍ਹਾਂ ਦੇ ਧਰਮਾਂ ਨੂੰ ਦਿੱਤੇ ਸਨ। ਲੋਕਾਂ ਦਾ ਇੰਨਾ ਵਿਸ਼ਵਾਸ ਸੀ। ਅੱਜ ਵੀ ਇੰਨਾ ਵਿਸ਼ਵਾਸ ਹੈ ਕਿ ਇਹ ਗੱਲ ਸਪੱਸ਼ਟ ਹੈ, ਤੁਹਾਡੇ ਸਾਹਮਣੇ ਹੀ ਹੈ ਕਿ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਕੋਈ ਹਿੰਦੂ ਐਮ.ਐਲ.ਏ. ਨਹੀਂ ਖੜ੍ਹਦਾ ਸੀ। ਹੁਣ ਐਸ.ਏ.ਡੀ. ਦੇ 10 ਹਿੰਦੂ ਐਮ.ਐਲ.ਏ. ਹਨ ਅਤੇ 10 ਹੀ ਬੀ.ਜੇ.ਪੀ. ਦੇ ਹਿੰਦੂ ਐਮ.ਐਲ.ਏ. ਹਨ (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਇਹ ਮੇਰੇ ਭਰਾ ਕਹਿੰਦੇ ਹਨ ਕਿ ਪੱਛੜੀਆਂ ਸ਼੍ਰੇਣੀਆਂ ਦਾ ਇਸ ਹਕੂਮਤ ਤੇ ਕੋਈ ਵਿਸ਼ਵਾਸ ਨਹੀਂ ਰਿਹਾ। ਇਨ੍ਹਾਂ ਸ਼੍ਰੇਣੀਆਂ ਨਾਲ ਸਬੰਧਤ ਐਸ.ਏ. ਡੀ. ਦੇ 22 ਮੈਂਬਰ ਅਸੈਂਬਲੀ ਵਿਚ ਹਨ, ਤਿੰਨ ਬੀ.ਜੇ.ਪੀ. ਦੇ ਹਨ ਅਤੇ ਕਾਂਗਰਸ ਦੇ ਕੇਵਲ 7 ਹਨ। ਮਤਲਬ ਕਿ ਅੱਜ ਸਾਰੇ ਪੰਜਾਬ ਵਿਚ ਇਹ ਕਿੰਨਾ ਹੀ ਜ਼ੋਰ ਲਗਾ ਦੇਣ ਪਰ ਅੱਜ ਸਾਰੇ ਪੰਜਾਬ ਦੇ ਲੋਕਾਂ ਨੂੰ ਸਾਡੇ ਤੇ ਇਤਬਾਰ ਹੈ। ਜਦੋਂ ਇਲੈਕਸ਼ਨਾਂ ਹੋਈਆਂ ਸਨ ਤਾਂ ਉਸ ਸਮੇਂ ਸਾਰੇ ਹੀ ਇਹ ਕਹਿੰਦੇ ਸਨ ਕਿ ਕਾਂਗਰਸ ਦੀ ਸਰਕਾਰ ਬਣੇਗੀ ਪਰ ਦੂਜੀ ਦਫ਼ਾ ਇਥੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬੜੀ ਸ਼ਾਨ ਨਾਲ ਬਣੀ ਹੈ। ਇਹ ਇਸੇ ਕਰਕੇ ਬਣੀ ਹੈ ਕਿ ਲੋਕਾਂ ਦਾ ਵਿਸ਼ਵਾਸ ਸਾਡੇ ਤੇ ਹੈ। ਅੱਜ ਮੈਂ ਇਸ ਸਦਨ ਵਿਚ ਕਹਿੰਦਾ ਹਾਂ ਕਿ ਵੀਰੋ ਹੁਣ ਆਸ ਨਾ ਰੱਖਿਓ। ਕਿਉਂਕਿ ਹਿੰਦੁਸਤਾਨ ਦਾ ਇਤਿਹਾਸ ਇਹੋ ਜਿਹਾ ਹੈ ਕਿ ਜੇਕਰ ਕਿਸੇ ਸੂਬੇ ਵਿਚ ਕਾਂਗਰਸ ਦੋ ਦਫਾ ਹਾਰ ਗਈ ਤਾਂ ਮੁੜ ਕੇ ਕਦੇ ਨਹੀਂ ਆਈ। ਚਾਹੇ ਬੰਗਾਲ ਹੈ, ਉੱਤਰ ਪ੍ਰਦੇਸ਼ ਹੈ, ਗੁਜਰਾਤ ਹੈ, ਬਿਹਾਰ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣ ਪੰਜਾਬ ਦੇ ਵਿਚ ਇਨ੍ਹਾਂ ਦਾ ਰਾਜ ਨਹੀਂ ਆ ਸਕਦਾ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਨੀਤੀ ਬੜੀ ਸਪੱਸ਼ਟ ਹੈ ਕਿ ਪਾਰਟੀਆਂ ਨੂੰ ਕਨਫਰੰਟੇਸ਼ਨ ਨਹੀਂ ਕਰਨੀ ਚਾਹੀਦੀ। ਇਨ੍ਹਾਂ ਨੇ ਪਿਛਲੇ ਸਮੇਂ ਵਿਚ ਸਾਡੇ ਖਿਲਾਫ ਵੈਨਡੇਟਾ ਕੀਤਾ। ਸਾਡੇ ਤੇ ਪਰਚੇ ਕੀਤੇ, ਇਹ ਲੰਮੀ ਕਹਾਣੀ ਹੈ, ਮੈਂ ਇਸ ਤੇ ਨਹੀਂ ਜਾਣਾ ਚਾਹੁੰਦਾ। ਲੇਕਿਨ ਅਸੀਂ ਫਿਰ ਵੀ ਸਭ ਕੁਝ ਭੁਲਾ ਦਿੱਤਾ। ਸਰਦਾਰ ਅਮਰਿੰਦਰ ਸਿੰਘ ਤੇ ਅਸੀਂ ਜਿਹੜੇ ਕੇਸ ਕੀਤੇ ਸੀ, ਉਹ ਵੀ ਵਾਪਸ ਲੈ ਲਏ। ਪਰ ਅੱਜ ਫਿਰ ਇਹ ਪੰਜਾਬ ਵਿਚ ਉਹੀ ਮਾਹੌਲ ਪੈਦਾ ਕਰਨਾ ਚਾਹੁੰਦੇ ਹਨ। ਪੰਜਾਬ ਵਿਚ ਅੱਗ ਲਗਾਉਣਾ ਚਾਹੁੰਦੇ ਹਨ। ਕਨਫਰੰਟੇਸ਼ਨ ਚਾਹੁੰਦੇ ਹਨ, ਇਨ੍ਹਾਂ ਦੇ ਵੱਡੇ ਲੀਡਰ ਕਹਿੰਦੇ ਹਨ ਕਿ ਬਾਈਕਾਟ ਕਰੋ,

ਇਨ੍ਹਾਂ ਨਾਲ ਮਿਲਵਰਤਣ ਨਾ ਕਰੋ। ਮੈਂ ਤਾਂ ਕਹਿੰਦਾ ਹਾਂ ਕਿ ਕਿਤੇ ਇਹੀ ਨਾ ਕਹਿ ਦੇਣ ਕਿ ਰੋਟੀ ਬੇਟੀ ਦੀ ਵੀ ਸਾਂਝ ਖਤਮ ਕਰ ਦਿਓ। ਇਹ ਇਸ ਤਰ੍ਹਾਂ ਵੀ ਕਰ ਸਕਦੇ ਹਨ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਰੰਭ ਵਿਚ ਹੀ ਗਵਰਨਰ ਸਾਹਿਬ ਨੇ ਉਨ੍ਹਾਂ ਇਸ਼ੂਆਂ ਤੇ ਚਾਨਣਾ ਪਾਇਆ, ਜਿਨ੍ਹਾਂ ਦਾ ਅੱਜ ਵੀ ਸਾਡੇ ਪੰਜਾਬੀਆਂ ਦੇ ਮਨਾਂ ਤੇ ਗਹਿਰਾ ਅਸਰ ਹੈ। ਇਨ੍ਹਾਂ ਨੇ ਹਮੇਸ਼ਾ ਹੀ ਪੰਜਾਬ ਦੀ ਡਿਵੈਲਪਮੈਂਟ, ਆਨ ਸ਼ਾਨ ਅਤੇ ਜ਼ਰੂਰਤਾਂ ਤੇ ਪਾਣੀ ਫੇਰਿਆ ਹੈ। ਸਭ ਤੋਂ ਪਹਿਲੀ ਗੱਲ ਹੈ ਕੈਪੀਟਲ ਦੀ। ਕਦੇ ਕੋਈ ਸਟੇਟ ਦੇਖੀ ਹੈ ਕਿ ਜਿਸ ਦੀ ਕੈਪੀਟਲ ਨਾ ਹੋਵੇ। ਪੰਜਾਬ ਅਜਿਹੀ ਸਟੇਟ ਹੈ ਜਿਸ ਨੂੰ ਆਪਣੀ ਕੈਪੀਟਲ ਤੋਂ ਮਹਿਰੂਮ ਰੱਖਿਆ ਗਿਆ ਹੈ। ਇਸ ਵਾਸਤੇ ਬੜਾ ਸੰਘਰਸ਼ ਹੋਇਆ ਹੈ। ਬੜੀ ਲੰਮੀ ਕਹਾਣੀ ਹੈ ਪਰ ਮੈਂ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ। ਹਿੰਦੁਸਤਾਨ ਦੀ ਪਾਰਲੀਮੈਂਟ ਵਿਚ, ਉਸ ਸਮੇਂ ਦੇ ਰਾਸ਼ਟਰਪਤੀ ਨੇ ਆਪਣੇ ਦਸਤਖਤਾਂ ਹੇਠ ਫੈਸਲਾ ਕਰ ਦਿੱਤਾ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ। ਚੰਡੀਗੜ੍ਹ ਦੀ ਪੁਲਿਸ ਤੇ ਪੰਜਾਬ ਪੁਲਿਸ ਦੇ ਬੈਚ ਲਗ ਗਏ, ਦਫਤਰਾਂ ਤੇ ਵੀ ਲਿਖ ਦਿੱਤਾ ਗਿਆ ਪਰ ਕਿਉਂਕਿ ਇਨ੍ਹਾਂ ਨੇ ਪੰਜਾਬ ਨਾਲ ਹਮੇਸ਼ਾ ਹੀ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਇਨ੍ਹਾਂ ਨੇ ਰਾਤ ਨੂੰ ਹੀ ਉਹ ਫੈਸਲਾ ਬਦਲ ਦਿੱਤਾ। ਸਾਨੂੰ ਕੋਈ ਹਰਿਆਣੇ ਨਾਲ ਤਕਲੀਫ ਨਹੀਂ ਹੈ ਪਰ ਜਿੰਨੀਆਂ ਵੀ ਲਿੰਗੁਇਸਟਿਕ ਸਟੇਟਸ ਬਣੀਆਂ ਹਨ, ਜਿਹੜੀ ਮੇਜਰ ਸਟੇਟ ਹੈ, ਮੇਨ ਸਟੇਟ ਹੈ, ਕੈਪੀਟਲ ਉਨ੍ਹਾਂ ਕੋਲ ਹੀ ਰਹੀ ਹੈ। ਕੋਈ ਮੈਨੂੰ ਮਿਸਾਲ ਦੱਸ ਦੇਣ ਕਿ ਜਿਹੜੀ ਮੇਜਰ ਸਟੇਟ ਹੈ, ਉਸ ਨੂੰ ਕੈਪੀਟਲ ਨਹੀਂ ਦਿੱਤੀ ਗਈ ਤਾਂ ਅਸੀਂ ਮੰਨ ਲਈਏ। ਲੇਕਿਨ ਇੱਕ ਪੰਜਾਬ ਹੀ ਬਦਕਿਸਮਤ ਅਜਿਹੀ ਸਟੇਟ ਹੈ, ਜਿਸ ਤੋਂ ਆਪਣੀ ਰਾਜਧਾਨੀ ਖੋਹ ਲਈ ਗਈ। ਇਹੀ ਨਹੀਂ, ਜਿਹੜਾ ਰਾਜੀਵ ਲੌਂਗੋਵਾਲ ਪੈਕਟ ਹੋਇਆ ਹੈ, ਦੇਖੋ ਸੈਂਟਰ ਦੀ ਸਰਕਾਰ, ਪ੍ਰਾਈਮ ਮਨਿਸਟਰ, ਪਾਰਲੀਮੈਂਟ, ਉਹ ਜੇ ਕੋਈ ਗੱਲ ਕਹਿ ਕੇ ਮੁਕਰ ਜਾਣ ਤਾਂ ਫਿਰ ਉਸ ਦਾ ਕੀ ਇਲਾਜ ਹੈ। ਅਸੀਂ ਕੀ ਇਤਬਾਰ ਕਰ ਸਕਦੇ ਹਾਂ। ਉਸ ਦੇ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਜਿਹੜੇ ਵੀ ਪੰਜਾਬੀ ਸਪੀਕਿੰਗ ਏਰੀਏ ਹਨ, ਉਨ੍ਹਾਂ ਤੇ ਕਮਿਸ਼ਨ ਮੁਕਰਰ ਹੋਵੇਗਾ। ਉਸ ਵਿੱਚ ਲਿੰਗੁਇਸਟਿਕ ਬੇਸਿਸ ਤੇ ਜਿਹੜੇ ਪੰਜਾਬੀ ਸਪੀਕਿੰਗ ਏਰੀਏ ਸਨ, ਪੰਜਾਬ ਨੂੰ ਦਿੱਤੇ ਜਾਣਗੇ, ਲੇਕਿਨ ਉਸ ਤੋਂ ਵੀ ਇਹ ਸਾਫ ਮੁਕਰ ਗਏ। ਸਪੀਕਰ ਸਾਹਿਬ, ਤੁਹਾਨੂੰ ਸਾਰੀ ਦੁਨੀਆਂ ਦੀ ਸਟੱਡੀ ਹੈ। ਪਾਣੀ ਦੀ ਜਿਹੜੀ ਵੰਡ ਹੈ, ਭਾਵੇਂ ਉਹ ਸੂਬਿਆਂ ਵਿੱਚ ਹੋਵੇ, ਭਾਵੇਂ ਹੋਰ ਕੰਟਰੀਆਂ ਵਿੱਚ ਹੋਵੇ, ਰੀਪੇਰੀਅਨ ਰਾਈਟਸ ਜਿਹੜੇ ਹਨ, ਉਨ੍ਹਾਂ ਨੂੰ ਸਾਹਮਣੇ ਮੁੱਦਾ ਰੱਖਦੇ ਹਨ ਕਿ ਦਰਿਆ ਵੱਗਦੇ ਕਿੱਥੇ ਸਨ। ਲੇਕਿਨ ਸਾਡੇ ਇਹ ਅਸੂਲ ਜਿਹੜੇ ਹਨ ਉਹ ਛਿੱਕੇ ਤੇ ਟੰਗ ਕੇ ਸਾਡਾ ਪਾਣੀ ਵੀ ਖੋਹ ਲਿਆ ਗਿਆ। ਅੱਜ ਪੰਜਾਬ ਦੀ ਹਾਲਤ ਇਹ ਹੈ ਕਿ ਸਾਡੇ ਟਿਊਬਵੈੱਲ ਸੁਕਦੇ ਜਾ ਰਹੇ ਹਨ। ਸਾਨੂੰ ਪੰਜਾਬ ਦੇ ਪਾਣੀ ਨੂੰ ਬਚਾਉਣ ਦੀ ਲੋੜ ਹੈ। ਲੇਕਿਨ ਸਾਡੇ ਪਾਣੀ ਨੂੰ, ਜਿਸ ਨੂੰ ਇਹ ਕਿਹਾ ਜਾਂਦਾ ਸੀ, ਜਿਹੜਾ ਆਪਣੀ ਬਾਣੀ ਵਿੱਚ ਵੀ ਆਉਂਦਾ ਹੈ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।।

[ਮੁੱਖ ਮੰਤਰੀ]

ਸਾਡਾ ਪਾਣੀ ਪਿਤਾ ਵਰਗਾ ਸੀ। ਉਹ ਵੀ, ਸਪੀਕਰ ਸਾਹਿਬ, ਇਨ੍ਹਾਂ ਨੇ ਖੋਹ ਲਿਆ। ਹੁਣ ਇਹ ਜ਼ਿਕਰ ਕਰਦੇ ਹਨ ਕਿ ਪਿਛਲੀਆਂ ਗੱਲਾਂ ਨਾ ਉਛਾਲੋ। ਪਿਛਲੀਆਂ ਗੱਲਾਂ ਬਿਨਾਂ ਨਾ ਸਾਡੀ ਇੱਜ਼ਤ ਹੈ, ਨਾ ਸਾਡੀ ਆਨ ਹੈ ਤੇ ਨਾ ਸਾਡੀ ਸ਼ਾਨ ਹੈ, ਨਾ ਸਾਡੀ ਇਕਾਨਮੀ ਹੈ। ਪੰਜਾਬ ਇੱਕ ਐਗਰੀਕਲਚਰਲ ਸਟੇਟ ਹੈ। ਪੰਜਾਬ ਵਿੱਚ ਜਦੋਂ ਤੱਕ ਪਾਣੀ ਦਾ ਪ੍ਰਬੰਧ ਨਹੀਂ, ਇੱਕਲਾ ਐਗਰੀਕਲਚਰ ਹੀ ਨਹੀਂ, ਇਹ ਨਹੀਂ ਕਿ ਜਿਹੜੇ ਖੇਤੀ ਕਰਦੇ ਹਨ, ਉਹੀ ਇਸ ਤੇ ਮੁਨੱਸਰ ਹਨ, ਜਿਹੜੇ ਵਪਾਰੀ ਔਰ ਆੜ੍ਹਤੀਏ ਹਨ, ਉਹ ਵੀ ਇਸ ਤੇ ਮੁਨੱਸਰ ਹਨ। ਇਸ ਲਈ ਸਾਡੀ ਇਕਾਨਮੀ ਦਾ ਜਿਹੜਾ ਧੁਰਾ ਹੈ, ਉਹ ਖੇਤੀਬਾੜੀ ਹੈ। ਇਨ੍ਹਾਂ ਨੇ ਇਹ ਫੈਸਲੇ ਕਰਕੇ ਉਸ ਦਾ ਵੀ ਬਹੁਤ ਨੁਕਸਾਨ ਕੀਤਾ ਹੈ। ਹੁਣ, ਸਪੀਕਰ ਸਾਹਿਬ, ਇਹ ਸਦਨ ਵਿਚੋਂ ਚਲੇ ਗਏ ਹਨ। ਦੇਖੋ, ਜੋ ਕਤਲੇਆਮ ਹੋਏ, ਇਹ ਵੀ ਦੁਨੀਆਂ ਦਾ ਪਹਿਲਾ ਇਤਿਹਾਸ ਹੋਵੇਗਾ ਜਦੋਂ ਇੱਕ ਆਜ਼ਾਦ ਮੁਲਕ ਦੀ ਸਰਕਾਰ ਨੇ, ਦੇਸ਼ ਦੀ ਸਰਕਾਰ ਨੇ ਆਪਣੇ ਹੀ ਲੋਕਾਂ ਦਾ, ਜਿਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ, ਉਨ੍ਹਾਂ ਦਾ ਕਤਲੇਆਮ ਕੀਤਾ, ਬੇਗੁਨਾਹ ਲੋਕਾਂ ਦਾ ਕਤਲੇਆਮ ਕੀਤਾ। ਹਜ਼ਾਰਾਂ ਦਾ ਕਤਲੇਆਮ ਕੀਤਾ। ਬੇਦਰਦੀ ਨਾਲ ਗਲਾਂ ਵਿੱਚ ਟਾਇਰ ਪਾ ਕੇ ਸਾੜੇ ਹਨ। ਉਨ੍ਹਾਂ ਦਾ ਅਜੇ ਤੱਕ ਇਨਸਾਫ਼ ਨਹੀਂ ਮਿਲਿਆ। ਹੁਣ ਇਹ ਕਹਿੰਦੇ ਹਨ ਕਿ ਕਿਉਂ ਛੇੜਦੇ ਹੋ। ਇਹ ਗੱਲਾਂ ਭੁਲਾਈਆਂ ਨਹੀਂ ਜਾ ਸਕਦੀਆਂ। ਜਿਹੜੇ ਭਰਾ ਇਥੇ ਕਹਿੰਦੇ ਸਨ ਕਿ ਆਹ ਕੀਤਾ, ਮੈਂ ਕਾਂਗਰਸ ਵਾਲਿਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਾਂਗਰਸ ਨੇ ਇੰਨੇ ਵਿਤਕਰੇ ਕੀਤੇ ਹਨ, ਹਰਿਮੰਦਰ ਸਾਹਿਬ ਤੇ ਹਮਲਾ ਕੀਤਾ, 1984 ਦਾ ਕਤਲੇਆਮ ਕੀਤਾ, ਇਹ ਉਸ ਪਾਰਟੀ ਦੇ ਮੈਂਬਰ ਹਨ। ਇਨ੍ਹਾਂ ਦਾ ਜ਼ਮੀਰ ਹੀ ਹੈ ਨਹੀਂ। ਇਨ੍ਹਾਂ ਦੀ ਆਪਣੀ ਆਨ-ਸ਼ਾਨ, ਇੱਜ਼ਤ, ਧਰਮ, ਕੁਝ ਵੀ ਨਹੀਂ ਹੈ? ਅੱਜ ਇਹ ਹਾਲਾਤ ਹੈ ਕਿ ਇਹ ਨੁਕਤਾਚੀਨੀ ਸਾਡੇ ਤੇ ਕਰਦੇ ਹਨ। ਜਿਨ੍ਹਾਂ ਨੇ ਦੇਸ਼ ਵਾਸਤੇ, ਸੂਬੇ ਵਾਸਤੇ, ਜਦੋਂ ਦਾ ਦੇਸ਼ ਆਜ਼ਾਦ ਹੋਇਆ, ਕੁਰਬਾਨੀਆਂ ਕੀਤੀਆਂ, ਵੱਡੇ ਯੋਗਦਾਨ ਪਾਏ ਹਨ। ਦੇਸ਼ ਨੂੰ ਜਦੋਂ ਲੋੜ ਪਈ ਹੈ, ਐਮਰਜੈਂਸੀ ਵਰਗੀਆਂ ਲੜਾਈਆਂ ਵਿੱਚ ਵੀ ਲੜੇ ਹਾਂ, ਸੂਬੇ ਦੇ ਹਿੱਤਾਂ ਵਾਸਤੇ ਵੀ ਲੜੇ ਹਾਂ। ਹੁਣ 1984 ਦਾ ਕੇਸ ਫਿਰ ਓਪਨ ਹੋਇਆ ਹੈ। ਸਾਰੇ ਹਿੰਦੁਸਤਾਨ ਵਿੱਚ ਇਸ ਦੀ ਚਰਚਾ ਹੈ। ਅਸੀਂ ਕੀ ਚਾਹੁੰਦੇ ਹਾਂ, **Special Commission presided by a sitting Judge of Supreme Court of India.** ਉਹ ਇਨਕੁਆਇਰ ਕਰੇ। ਕਿਸ ਗੱਲ ਦੀ? ਇਸ ਗੱਲ ਦੀ ਕਿ ਜੀ ਇਸ ਦੇ ਪਿੱਛੇ **entire conspiracy** ਕੀ ਸੀ। ਭਾਵੇਂ ਸਾਰਿਆਂ ਨੂੰ ਪਤਾ ਹੈ। ਕੋਈ ਇਹ ਕਹਿ ਨਹੀਂ ਸਕਦਾ ਕਿ ਕਾਂਗਰਸ ਹੀ ਨਹੀਂ, ਰਾਜੀਵ ਗਾਂਧੀ ਨੇ ਵੀ ਮੰਨਿਆ, ਰਾਹੁਲ ਗਾਂਧੀ ਨੇ ਵੀ ਮੰਨਿਆ, ਵੱਡੇ ਵੱਡੇ ਕਮਿਸ਼ਨਾਂ ਨੇ ਵੀ ਮੰਨਿਆ, ਵੱਡੇ ਵੱਡੇ ਲਾਇਕ ਲੋਕਾਂ ਨੇ ਵੀ ਮੰਨਿਆ। ਮਗਰ ਅਸੀਂ ਚਾਹੁੰਦੇ ਹਾਂ ਕਿ ਸੁਪਰੀਮ ਕੋਰਟ ਦਾ ਕਮਿਸ਼ਨ ਬਣ ਕੇ ਉਹ ਤਸਦੀਕ ਕਰੇ ਅਤੇ ਇਨ੍ਹਾਂ ਦੇ ਮੱਥੇ ਤੇ ਸਾਰੇ ਇਤਿਹਾਸ ਵਿੱਚ ਇੱਕ ਕਾਲਾ ਨਿਸ਼ਾਨ ਲੱਗਿਆ ਹੈ। ਇੱਕ ਜਿਹੜੇ ਕੇਸਿਜ਼ ਚੱਲ ਰਹੇ ਹਨ, ਉਹ ਵੀ ਠੰਡੇ ਚੱਲ ਰਹੇ ਹਨ। ਫਾਸਟ ਟਰੈਕ ਬਣਨੀਆਂ ਚਾਹੀਦੀਆਂ ਹਨ ਤਾਂ ਕਿ ਉਹ ਕੇਸ ਜਲਦੀ ਸਿਰੇ ਚੜ੍ਹਨ ਤੇ ਜਿਹੜੇ ਦੋਸ਼ੀ ਹਨ, ਉਨ੍ਹਾਂ ਨੂੰ ਸਜ਼ਾਵਾਂ ਜਿਹੜੀਆਂ ਹਨ,

ਉਹ ਜਲਦੀ ਮਿਲਣ। ਬਹੁਤ ਸਾਰੇ ਕੇਸਾਂ ਵਿੱਚ ਐਫ.ਆਈ.ਆਰਜ਼. ਰਜਿਸਟਰ ਹੋ ਗਈਆਂ ਸਨ, ਉਹ ਦਬਾ ਦਿੱਤੀਆਂ ਗਈਆਂ। ਉਨ੍ਹਾਂ ਤੇ ਮੈਂ ਬੇਨਤੀ ਕਰਦਾ ਹਾਂ ਕਿ ਉਹ ਐਫ.ਆਈ.ਆਰਜ਼. ਦੁਬਾਰਾ ਖੋਲ੍ਹੀਆਂ ਜਾਣ। ਕੋਈ ਐਸ.ਆਈ.ਟੀ. ਮੁਕੱਰਰ ਕੀਤੀ ਜਾਏ। ਉਦੋਂ ਕਿਸੇ ਨੇ ਐਵੇਂ ਹੀ ਕਹਿ ਦਿੱਤਾ ਕਿ ਅਸੀਂ ਐਸ.ਆਈ.ਟੀ. ਨਹੀਂ ਚਾਹੁੰਦੇ। ਅਸੀਂ ਕਾਂਗਰਸ ਦੀ ਬਣਾਈ ਐਸ.ਆਈ.ਟੀ. ਨਹੀਂ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਸੁਪਰੀਮ ਕੋਰਟ ਕੋਈ ਐਸ.ਆਈ.ਟੀ. ਬਣਾ ਦੇਵੇ, ਉਹ ਸਾਰੇ ਕੇਸਾਂ ਤੇ ਗੌਰ ਕਰੇ ਅਤੇ ਜਿਹੜਾ ਕੰਪਨਸੇਸ਼ਨ ਬਹੁਤ ਘੱਟ ਦਿੱਤਾ ਗਿਆ ਸੀ, ਉਹ ਵੀ ਵੱਧ ਦਿੱਤਾ ਜਾਵੇ। ਸਪੀਕਰ ਸਾਹਿਬ, ਇਹ ਤਾਂ ਕੁਝ ਅਜਿਹੀਆਂ ਗੱਲਾਂ ਸਨ, ਪੁਲੀਟੀਕਲ, ਧਾਰਮਿਕ, ਸਮਾਜਿਕ ਵੀ। ਲੇਕਿਨ ਇਕਨਾਮਿਕ ਤੌਰ ਤੇ ਵੀ ਪੰਜਾਬ ਨੂੰ ਇਨ੍ਹਾਂ ਨੇ ਬਹੁਤ ਵੱਡੀ ਸੱਟ ਮਾਰੀ ਹੈ। ਸਾਨੂੰ ਕੋਈ ਵੱਡਾ ਪ੍ਰਾਜੈਕਟ ਨਹੀਂ ਦਿੱਤਾ। ਇੱਕ ਪ੍ਰਾਜੈਕਟ ਅਟਲ ਬਿਹਾਰੀ ਵਾਜਪਾਈ ਜੀ ਨੇ ਦਿੱਤਾ- ਬਠਿੰਡਾ ਰਿਫਾਈਨਰੀ। ਉਸ ਦਾ ਵਾਜਪਾਈ ਸਾਹਿਬ ਨੇ ਆਪ ਨੀਂਹ ਪੱਥਰ ਰੱਖਿਆ। ਮੈਂ ਆਪ ਜਾ ਕੇ ਵਾਜਪਾਈ ਸਾਹਿਬ ਨੂੰ ਕਿਹਾ ਕਿ ਸਾਡੇ ਨਾਲ ਕਾਂਗਰਸ ਦੇ ਰਾਜ ਵਿੱਚ ਬੇਇਨਸਾਫੀ ਹੋਈ ਹੈ, ਸਾਨੂੰ ਵੱਡਾ ਪ੍ਰਾਜੈਕਟ ਕੋਈ ਨਹੀਂ ਦਿੱਤਾ ਗਿਆ। ਇੱਕ ਪ੍ਰਾਜੈਕਟ ਤਾਂ ਸਾਨੂੰ ਦੇ ਦਿਉ। ਉਨ੍ਹਾਂ ਨੇ ਇਹ ਪ੍ਰਾਜੈਕਟ ਸਾਨੂੰ ਦੇ ਦਿੱਤਾ। ਉਹ ਆਪ ਨੀਂਹ ਪੱਥਰ ਰੱਖਣ ਆਏ। ਉਨ੍ਹਾਂ ਦੇ ਸਬੰਧਤ ਮਹਿਕਮੇ ਦਾ ਵਜ਼ੀਰ ਕੰਮ ਸ਼ੁਰੂ ਕਰਵਾਉਣ ਆਇਆ ਲੇਕਿਨ ਅੱਜ ਇਹ ਕਹਿੰਦੇ ਹਨ ਕਿ ਇੱਥੋਂ ਤਾਂ ਇੰਡਸਟਰੀ ਭੱਜ ਗਈ। ਇੱਥੇ ਕੋਈ ਨਵੀਂ ਇੰਡਸਟਰੀ ਨਹੀਂ ਲੱਗੀ। ਫੈਕਟਸ ਦਿੱਤੇ ਹਨ ਕਿ ਫਲਾਣੇ ਸ਼ਹਿਰ ਵਿੱਚ 100 ਸਨ, 5 ਰਹਿ ਗਈਆਂ, ਫਲਾਣੇ ਵਿੱਚ 1000 ਸੀ, ਉਥੇ 200 ਰਹਿ ਗਈਆਂ। ਇਹ ਵੇਖਣਾ ਹੈ ਕਿ ਇੰਡਸਟਰੀ ਭੱਜ ਕਿਉਂ ਗਈ? ਸਾਨੂੰ ਤਾਂ ਇਹ ਹੀ ਮਤਲਬ ਹੈ ਕਿ ਸਾਡੀ ਇੰਡਸਟਰੀ ਕਿਉਂ ਭੱਜੀ ਅਤੇ ਨਵੀਂ ਕਿਉਂ ਨਹੀਂ ਆਈ, ਉਸ ਦਾ ਸਬੱਬ ਕੀ ਹੈ। ਸਬੱਬ ਇਹ ਹੈ ਕਿ ਇਨ੍ਹਾਂ ਸਰਕਾਰਾਂ ਨੇ ਇਹ ਬਹੁਤ ਵੱਡਾ ਕਨਸੈਸ਼ਨ ਗਵਾਂਢੀ ਸੂਬਿਆਂ ਵਿੱਚ ਇੰਡਸਟਰੀ ਲਗਾਉਣ ਵਾਸਤੇ ਦੇ ਦਿੱਤਾ। ਇੱਕ ਥਾਂ ਤਾਂ ਕੋਈ ਚੀਜ਼ 20 ਰੁਪਏ ਵਿੱਚ ਵਿਕਦੀ ਹੈ ਅਤੇ ਨਾਲ ਵਾਲੀ ਥਾਂ 40 ਰੁਪਏ ਵਿੱਚ ਵਿਕਦੀ ਹੈ ਤਾਂ ਕੀ ਕੋਈ 20 ਰੁਪਏ ਵਾਲੀ ਚੀਜ਼ ਲਵੇਗਾ? ਉਹ ਪੰਜਾਬ ਵਿੱਚ ਇੰਡਸਟਰੀ ਕਿਉਂ ਲਗਾਵੇਗਾ? ਇਸ ਲਈ ਜਿਹੜਾ ਇੰਡਸਟਰੀ ਨੂੰ ਵੱਡਾ ਧੱਕਾ ਲੱਗਾ ਹੈ ਇਹ ਵੀ ਇਨ੍ਹਾਂ ਵੀਰਾਂ ਦੀ ਮਿਹਰਬਾਨੀ ਹੈ, ਸੈਂਟਰ ਦੀ ਮਿਹਰਬਾਨੀ ਹੈ। ਕਿਉਂਕਿ ਮੈਂ ਤਾਂ 60 ਸਾਲਾਂ ਤੋਂ ਇਹੀ ਕੰਮ ਕਰ ਰਿਹਾ ਹਾਂ। ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਪੰਜਾਬ ਨੂੰ ਉਹੀ ਕਨਸੈਸ਼ਨਜ਼ ਦਿੱਤੇ ਜਾਣ ਜੋ ਗਵਾਂਢੀ ਸੂਬਿਆਂ ਵਿੱਚ ਦਿੱਤੇ ਗਏ ਹਨ ਤਾਂ ਕਿ ਅਸੀਂ ਪੈਰਾਂ ਤੇ ਖੜ੍ਹੇ ਹੋ ਸਕੀਏ।

ਇਸੇ ਤਰ੍ਹਾਂ ਇੱਕ ਪੁਆਇੰਟ ਹੈ ਫੈਡਰਲ ਸਟਰੱਕਚਰ ਦਾ। ਬੜਾ ਅਹਿਮ ਸਵਾਲ ਹੈ। ਅੱਜ ਬਦਕਿਸਮਤੀ ਹੈ ਕਿ ਹਿੰਦੁਸਤਾਨ ਸਾਰੇ ਮੁਲਕਾਂ ਵਿੱਚ ਸਭ ਤੋਂ ਵੱਧ ਗਰੀਬ ਹੈ। ਇੱਥੇ, ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਕੁਰੱਪਸ਼ਨ ਅਤੇ ਮਹਿੰਗਾਈ ਜ਼ਿਆਦਾ ਹੈ। ਉਸ ਦੀ ਕੀ ਵਜ੍ਹਾ ਹੈ। ਵਜ੍ਹਾ ਹੈ ਕਿ ਜਿਹੜੀਆਂ ਜਿਹੜੀਆਂ ਸਟੇਟਸ ਹਨ, ਜਿਹੜੀਆਂ ਸਿੱਧੀਆਂ ਲੋਕਾਂ ਦੀਆਂ ਪ੍ਰਾਬਲਮਜ਼ ਨਾਲ

[ਮੁੱਖ ਮੰਤਰੀ]

ਜੁੜੀਆਂ ਹੋਈਆਂ ਹਨ, ਜਿਨ੍ਹਾਂ ਨੂੰ ਆਪਣੇ ਸੂਬੇ ਦੀ ਪੂਰੀ ਵਾਕਫੀਅਤ ਹੈ, ਉਨ੍ਹਾਂ ਨੂੰ ਪਾਵਰ ਹੀ ਕੋਈ ਨਹੀਂ ਹੈ। ਜਿਨ੍ਹਾਂ ਨੇ ਸੰਵਿਧਾਨ ਬਣਾਇਆ ਸੀ, ਉਨ੍ਹਾਂ ਨੇ ਲਿਖਿਆ ਸੀ ਕਿ ਇਹ ਸੈਂਟਰ ਦੇ ਸਬਜੈਕਟ ਹੋਣਗੇ, ਇਹ ਸਟੇਟ ਦੇ ਸਬਜੈਕਟ ਹੋਣਗੇ। ਹੌਲੀ-ਹੌਲੀ ਇਨ੍ਹਾਂ ਨੇ ਇਹ ਕੀਤਾ ਕਿ ਸਟੇਟ ਦੀਆਂ ਸਾਰੀਆਂ ਸ਼ਕਤੀਆਂ ਖੋਹ ਲਈਆਂ ਅਤੇ ਇੱਕ ਫੈਡਰਲ ਸਟਰੱਕਚਰ ਦੀ ਜਗ੍ਹਾ unitary form of government ਬਣਾ ਦਿੱਤੀ। ਜਿਸ ਨਾਲ ਅੱਜ ਅਸੀਂ ਨਤੀਜੇ ਭੁਗਤ ਰਹੇ ਹਾਂ। ਸਾਨੂੰ ਉਤੋਂ ਹਦਾਇਤਾਂ ਆਉਂਦੀਆਂ ਹਨ। ਅਸੀਂ ਆਪਣੀ ਪਲਾਨਿੰਗ ਨਹੀਂ ਕਰ ਸਕਦੇ। ਸਾਡੀ ਪਲਾਨਿੰਗ ਵੀ ਸੈਂਟਰ ਤੋਂ ਮਨਜ਼ੂਰ ਹੁੰਦੀ ਹੈ। ਅੱਜ ਵੀ ਮੈਂ ਇੱਕ ਐਗਰੀਕਲਚਰ ਡਿਪਾਰਟਮੈਂਟ ਦੀ ਫਾਈਲ ਪੜ੍ਹੀ ਹੈ, ਜਿਹੜਾ ਸਾਨੂੰ ਡਾਈਵਰਸੀਫਿਕੇਸ਼ਨ ਵਿੱਚ ਪੈਸਾ ਮਿਲਿਆ ਹੈ। ਹੁਣ ਉਤੇ ਬੈਠੇ ਲੋਕਾਂ ਨੂੰ ਕੀ ਪਤਾ ਹੈ ਕਿ ਡਾਈਵਰਸੀਫਿਕੇਸ਼ਨ ਜੇਕਰ ਕਰਨੀ ਹੈ ਤਾਂ ਕਿਹੜੀ ਚੀਜ਼ ਕੀਤੀ ਜਾਵੇ, ਕਿ ਡਾਈਵਰਸੀਫਿਕੇਸ਼ਨ ਹੋ ਸਕੇ। ਉਤੋਂ ਲਿਖਦੇ ਹਨ ਕਿ ਇਸ ਨੂੰ 10 ਕਰੋੜ, ਇਸ ਨੂੰ 5 ਕਰੋੜ, ਇਸ ਨੂੰ ਕੱਟ ਦਿੱਤਾ, ਇਸ ਨੂੰ ਵੱਢ ਦਿੱਤਾ। ਇਸ ਤਰ੍ਹਾਂ ਕਦੇ ਸਰਕਾਰਾਂ ਚੱਲੀਆਂ ਹਨ। ਇਸ ਲਈ ਮੇਰੀ ਬੇਨਤੀ ਹੈ ਅਤੇ ਅੱਜ ਅਸੀਂ ਮੰਗ ਕਰਦੇ ਹਾਂ ਕਿ ਸੰਵਿਧਾਨ ਉਤੇ ਨਜ਼ਰਸਾਨੀ ਕਰਕੇ ਫੈਡਰਲ ਸਿਸਟਮ ਸਟਾਰਟ ਕੀਤਾ ਜਾਵੇ। **Constitution should be recast on federal lines with more powers for states and complete financial autonomy.** ਇਹ ਤਾਂ ਹੋਵੇਗਾ ਜੇ ਕੰਸਟੀਚਿਊਸ਼ਨ ਦੀ ਪ੍ਰੀਐਂਬਲ ਵਿੱਚ ਇਹ ਲਫਜ਼ ਪਾਇਆ ਜਾਵੇ, **Federal should be added to the preamble of the Constitution.** ਹੁਣ ਤਾਂ ਕੁਰਸੀਆਂ ਖਾਲੀ ਪਈਆਂ ਹਨ, ਇਹ ਕਹਿ ਕੇ ਗਏ ਹਨ ਕਿ ਇਹ ਸੈਂਟਰ ਤੋਂ ਮਿਲਿਆ ਹੈ, ਸਾਨੂੰ ਇਹ ਦੇ ਦਿੱਤਾ, ਤੁਸੀਂ ਧੰਨਵਾਦ ਦਾ ਮਤਾ ਪਾਸ ਕਰੋ, ਫਲਾਣੇ ਦਾ ਕਰੋ, ਇਹ ਕਰੋ। ਸਪੀਕਰ ਸਾਹਿਬ, ਸਾਨੂੰ ਦਿੰਦੇ ਕੀ ਹਨ, ਸਾਡੇ ਤੋਂ ਤਾਂ ਲੈ ਜਾਂਦੇ ਹਨ। ਤੁਸੀਂ ਤਾਂ ਸਾਰੀ ਗੱਲ, ਸਪੀਕਰ ਸਾਹਿਬ, ਜਾਣਦੇ ਹੋ। ਮੇਰੇ ਤੋਂ ਵੀ ਵੱਧ ਜਾਣਦੇ ਹੋ। ਸਾਰੇ ਦੇਸ਼ ਦੀ ਪਾਰਲੀਮੈਂਟ ਦੇ ਤੁਸੀਂ ਡਿਪਟੀ ਸਪੀਕਰ ਰਹੇ ਹੋ। ਜਿੰਨਾ ਸਾਡੇ ਤੋਂ ਪੈਸਾ ਲਿਜਾਂਦੇ ਹੋ, ਭਾਵੇਂ ਉਹ ਇਨਕਮ ਟੈਕਸ ਦੇ ਰੂਪ ਵਿੱਚ ਹੈ, ਐਕਸਾਈਜ਼ ਡਿਊਟੀ ਦੇ ਰੂਪ ਵਿੱਚ ਹੈ ਜੇ ਸਟੇਟ ਤੋਂ ਉਹ 100 ਰੁਪਿਆ ਲਿਜਾਂਦੇ ਹਨ ਤਾਂ ਉਸ ਵਿੱਚ 30 ਰੁਪਏ ਸਾਨੂੰ ਮੋੜਦੇ ਹਨ ਤੇ ਬਾਕੀ ਉਥੇ ਹੀ ਰੱਖ ਲੈਂਦੇ ਹਨ। ਇਸ ਤੋਂ ਇਲਾਵਾ ਜਿਹੜੀਆਂ ਸੈਂਟਰਲ ਸਪਾਂਸਰਡ ਸਕੀਮਾਂ ਹਨ, ਸਾਨੂੰ ਲੋੜ ਹੈ ਕਿ ਜਿਹੜੇ ਇੱਕ ਰੁਪਏ ਵਿੱਚੋਂ 30 ਪੈਸੇ ਮਿਲਦੇ ਹਨ, ਉਹ ਘੱਟੋ ਘੱਟ ਸਾਨੂੰ 50 ਪੈਸੇ ਵੀ ਦੇ ਦੇਣ, ਮਿਲਣੇ ਤਾਂ ਵੱਧ ਚਾਹੀਦੇ ਹਨ ਪਰ ਚਲੋ ਜੇ ਇੰਨਾ ਵੀ ਦੇ ਦੇਣ ਤਾਂ ਸਾਨੂੰ ਫਿਰ ਮੰਗਣ ਦੀ ਲੋੜ ਨਹੀਂ। ਅਸੀਂ ਕਿਉਂ ਵਾਰ ਵਾਰ ਉਥੇ ਜਾਈਏ। ਭਿਖਾਰੀਆਂ ਵਾਂਗ ਅਸੀਂ ਉਥੇ ਜਾਂਦੇ ਹਾਂ। ਮੈਨੂੰ ਪਤਾ ਹੈ ਕਿਉਂਕਿ ਮੈਨੂੰ ਇਹ ਡਿਊਟੀ ਕਰਨੀ ਪੈਂਦੀ ਹੈ। ਕੋਈ ਉਥੇ ਮਨਿਸਟਰੀ ਨਹੀਂ ਜਿਸ ਦਾ ਦਰਵਾਜ਼ਾ ਮੈਂ ਨਹੀਂ ਖੜਕਾਇਆ, ਜਿਸ ਨੂੰ ਮੈਂ ਬੇਨਤੀ ਨਹੀਂ ਕੀਤੀ। ਅੱਜ ਇਹ ਕਹਿੰਦੇ ਹਨ ਕਿ ਫਲਾਣੀ ਚੀਜ਼ ਆ ਗਈ, ਫਲਾਣੀ ਚੀਜ਼ ਆ ਗਈ, ਉਹ ਸੌਖੀ ਨਹੀਂ ਆਈ। ਉਂਜ ਤਾਂ ਆਪ ਇਹ ਦੇ ਨਹੀਂ ਸਕਦੇ ਤੇ ਨਾ ਹੀ ਤਰੱਦਦ

ਕਰਦੇ ਹਨ ਤੇ ਨਾ ਹੀ ਇਹ ਸਿੱਧਾ ਦਿੰਦੇ ਹਨ। ਵਾਰ ਵਾਰ ਮੈਂ ਜਾ ਕੇ ਪ੍ਰਧਾਨ ਮੰਤਰੀ ਜੀ ਨੂੰ ਮਿਲਦਾ ਹਾਂ, ਮਨਿਸਟਰਾਂ ਨੂੰ ਮਿਲਦਾ ਹਾਂ ਤਾਂ ਕਿ ਇਹ ਸਾਨੂੰ ਚੀਜ਼ਾਂ ਮਿਲ ਜਾਣ। ਸੋ, ਮੇਰੀ ਬੇਨਤੀ ਹੈ ਕਿ ਇਸ ਸਬੰਧੀ ਵੱਡੇ ਕਦਮ ਚੁੱਕਣ ਦੀ ਲੋੜ ਹੈ। ਫੈਡਰਲ ਸਿਸਟਮ ਇੱਥੇ ਬਣੇ। ਸਾਡੀ ਆਪਣੀ ਪਲਾਨਿੰਗ ਹੋਵੇ। ਸਾਡੀ ਆਪਣੀ ਜ਼ੁੰਮੇਵਾਰੀ ਹੋਵੇ। ਹੁਣ ਤੁਸੀਂ ਦੇਖ ਲਓ, ਜਿਵੇਂ ਐਗਰੀਕਲਚਰ ਹੀ ਹੈ। ਅਸੀਂ ਕੀ ਕਰ ਸਕਦੇ ਹਾਂ, ਐਗਰੀਕਲਚਰ ਦਾ। ਕੀਮਤਾਂ ਵੀ ਕੇਂਦਰ ਸਰਕਾਰ ਨੇ ਮੁਕੱਰਰ ਕਰਨੀਆਂ ਹਨ। ਖਰਚਿਆਂ ਦੀਆਂ ਕੀਮਤਾਂ ਵੀ ਉਨ੍ਹਾਂ ਨੇ ਮੁਕੱਰਰ ਕਰਨੀਆਂ ਹਨ। ਕਦੀ ਡੀਜ਼ਲ ਦੀ ਕੀਮਤ ਵਧਾ ਦਿੱਤੀ। ਕਦੇ ਖਾਦਾਂ ਦੀ ਕੀਮਤ ਵਧਾ ਦਿੰਦੇ ਹਨ। ਸਬਸਿਡੀਆਂ ਵੀ ਘਟਾ ਦਿੰਦੇ ਹਨ। ਇਸ ਕਰਕੇ ਵੱਡਾ ਸਵਾਲ ਹੈ ਕਿ ਫੈਡਰਲ ਸਟੱਰਕਚਰ ਹੋਣਾ ਚਾਹੀਦਾ ਹੈ । ਸਪੀਕਰ ਸਾਹਿਬ, ਸਭ ਤੋਂ ਅਹਿਮ ਗੱਲ ਹੈ, ਉਹ ਇਹ ਹੈ ਕਿ ਸਾਡਾ ਕਿੱਤਾ ਖੇਤੀਬਾੜੀ ਹੈ। ਸਰਦਾਰ ਤੋਤਾ ਸਿੰਘ ਜੀ ਨੇ ਖੇਤੀਬਾੜੀ ਦੀ ਗੱਲ ਕੀਤੀ ਹੈ। ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਖੇਤੀਬਾੜੀ ਸਾਰੇ ਦੇਸ਼ ਵਾਸਤੇ ਤੇ ਖਾਸ ਕਰਕੇ ਪੰਜਾਬ ਵਾਸਤੇ ਬਹੁਤ ਮਹਾਨਤਾ ਰੱਖਦੀ ਹੈ। ਜਿੰਨੀ ਸਟੇਟ ਦੀ ਆਮਦਨ ਹੈ, ਜਿਸ ਨੂੰ ਜੀ.ਡੀ.ਪੀ. ਕਹਿੰਦੇ ਹਨ, ਉਸ ਦਾ ਇਕੱਲਾ 29% ਖੇਤੀ ਤੋਂ ਹੁੰਦਾ ਹੈ ਔਰ ਇਸ ਨਾਲ ਦੇਸ਼ ਦੀ ਫੂਡ ਸਿਕਿਓਰਟੀ ਦਾ ਵੀ ਬੰਦੋਬਸਤ ਕਰਦੇ ਹਾਂ। ਜਿਹੜੀ ਗੱਲ ਅੱਜ ਕਹਿ ਰਹੇ ਹਨ, ਫੂਡ ਸਿਕਿਓਰਟੀ, ਫੂਡ ਸਿਕਿਓਰਟੀ। ਜੇ ਪੰਜਾਬ ਹੀ ਫੂਡ ਸਿਕਿਓਰਟੀ ਵਿੱਚ ਹਿੱਸਾ ਨਾ ਪਾਵੇ ਤੇ ਕਿੱਥੋਂ ਫੂਡ ਸਿਕਿਓਰਟੀ ਹੋ ਜਾਵੇਗੀ। ਕਿੱਥੋਂ ਲਿਆਉਣਗੇ ਅਨਾਜ। ਸਾਡੀ 65% ਪਾਪੂਲੇਸ਼ਨ ਖੇਤੀ ਕਰਦੀ ਹੈ ਤੇ ਅਸੀਂ ਦੇਸ਼ ਦੇ ਅਨਾਜ ਭੰਡਾਰ ਵਿੱਚ ਅਨਾਜ ਭੇਜਦੇ ਹਾਂ। ਸਪੀਕਰ ਸਾਹਿਬ, ਹੁਣ ਸਵਾਲ ਹੈ ਕਿ ਅੱਜ ਕਿਸਾਨ ਬਾਰੇ ਦੋਵਾਂ ਪਾਰਟੀਆਂ ਨੂੰ ਸੋਚਣਾ ਪਵੇਗਾ। ਸਾਰੇ ਪੰਜਾਬੀਆਂ ਨੂੰ ਸੋਚਣਾ ਪਵੇਗਾ ਕਿ ਖੇਤੀਬਾੜੀ ਦਾ ਕੀ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਸਾਡੇ ਨਾਲ ਇਸ ਬਾਰੇ ਸਲਾਹ ਕਰਦੇ, ਕੋਈ ਰਾਏ ਦਿੰਦੇ, ਅੱਜ ਫਾਰਮਰ ਦੀ ਕੰਡੀਸ਼ਨ ਕੀ ਹੈ? ਅੱਜ ਵੇਖਣਾ ਚਾਹੀਦਾ ਹੈ ਕਿ ਫਾਰਮਰ ਦੀ ਕੀ ਕੰਡੀਸ਼ਨ ਹੈ? ਕਿਸ ਵਜ੍ਹਾ ਨਾਲ ਇਹ ਕੰਡੀਸ਼ਨ ਹੋਈ ਤੇ ਇਸ ਦਾ ਕੀ ਹੱਲ ਹੈ? ਹੁਣ ਕੇਵਲ ਇੱਥੇ ਰੌਲਾ ਪਾਉਣ ਨਾਲ ਤਾਂ ਕੋਈ ਗੱਲ ਨਹੀਂ ਬਣਨੀ। ਅੱਜ ਹਾਲਤ ਇਹ ਹੈ ਕਿ ਪੰਜਾਬ ਦਾ ਕਿਸਾਨ ਜੋ ਸਾਰੀ ਦੁਨੀਆਂ ਵਿੱਚੋਂ ਮਿਹਨਤੀ ਹੈ, ਇਸ ਤੇ 32,000 ਕਰੋੜ ਰੁਪਏ ਦਾ ਕਰਜ਼ਾ ਹੈ। ਇਹੀ ਨਹੀਂ, ਸੁਸਾਈਡਸ ਹੋ ਰਹੀਆਂ ਹਨ। 4786 ਸੁਸਾਈਡਸ ਹੋ ਚੁੱਕੀਆਂ ਹਨ। ਪਿਛਲੇ ਕੁਝ ਸਾਲਾਂ ਵਿੱਚ ਇੱਕ ਲੱਖ ਫਾਰਮਰ ਫੈਮਿਲੀਜ਼ ਖੇਤੀਬਾੜੀ ਦਾ ਕਿੱਤਾ ਛੱਡ ਗਈਆਂ ਹਨ। ਜਿਨ੍ਹਾਂ ਨੇ ਤੰਗੀ ਵਿੱਚ ਆ ਕੇ ਖੁਦਕਸ਼ੀ ਕੀਤੀ ਹੈ, 96 ਕਰੋੜ ਰੁਪਿਆ ਮੈਂ ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਦਿੱਤਾ ਹੈ। ਇਹ ਹਾਲਤ ਕਿਉਂ ਹੋਈ ਹੈ? ਕਿਉਂ ਖੁਦਕਸ਼ੀਆਂ ਹੋ ਰਹੀਆਂ ਹਨ? ਕਿਉਂ ਪੰਜਾਬ ਦਾ ਕਿਸਾਨ ਜਿਹੜਾ ਸਭ ਤੋਂ ਮਿਹਨਤੀ ਹੈ, ਲਹੂ-ਪਸੀਨਾ ਇੱਕ ਕਰਕੇ ਕੰਮ ਕਰਦਾ ਹੈ ਤੇ ਆਪਣੀ ਜ਼ਮੀਨ ਜੋ ਮਾਂ ਦੇ ਰੂਪ ਵਿੱਚ ਹੈ ਤੇ ਪਾਣੀ ਵੀ, ਉਸ ਨੇ ਇਹ ਸਾਰਾ ਕੁਝ ਹੀ ਦਾਅ ਤੇ ਲਗਾ ਦਿੱਤਾ ਹੈ। ਉਹ ਕਰਜ਼ਈ ਹੈ ਤੇ ਖੁਦਕਸ਼ੀਆਂ ਕਰ ਰਿਹਾ ਹੈ। ਇਹ ਕਿਉਂ ਹੋ ਰਿਹਾ ਹੈ ? ਇਸ ਗੱਲ ਨੂੰ ਤਾਂ ਇਹ ਸਮਝਦੇ ਨਹੀਂ। ਹੁਣ ਚਲੇ ਗਏ ਹਨ। ਪਹਿਲੀ ਗੱਲ ਤਾਂ

[ਮੁੱਖ ਮੰਤਰੀ]

ਇਹ ਹੈ ਕਿ ਕਿਸੇ ਸਮੇਂ ਸਾਰੇ ਹਿੰਦੁਸਤਾਨ ਦੀ ਪਲਾਨ ਦਾ 12.7% ਖੇਤੀ ਤੇ ਖਰਚ ਹੁੰਦਾ ਸੀ। ਅੱਜ ਚਾਰ ਗੁਣਾਂ ਘਟਾ ਦਿੱਤਾ ਗਿਆ ਹੈ ਤੇ ਅੱਜ ਇਹ 3.7% ਰਹਿ ਗਈ ਹੈ। ਜੇ ਇਹ ਖੇਤੀ ਤੇ ਖਰਚ ਹੀ ਨਹੀਂ ਕਰਨਗੇ ਤੇ ਖੇਤੀ ਤਰੱਕੀ ਕਿਵੇਂ ਕਰੇਗੀ। ਇੱਕ ਤਾਂ ਅਸੀਂ ਇਹ ਕਹਿੰਦੇ ਹਾਂ ਕਿ ਇਹ ਕੰਮ ਹਟਾਇਆ ਜਾਵੇ। ਫਿਰ ਜਿਹੜੀ ਐਮ.ਐਸ.ਪੀ. ਹੈ, ਜਿਹੜੀ ਸਾਡੀ ਕਾਸਟ ਆਫ ਪ੍ਰੋਡਕਸ਼ਨ ਹੈ, ਉਸ ਨੂੰ ਮੁੱਖ ਰੱਖ ਕੇ ਐਮ.ਐਸ.ਪੀ. ਮੁਕੱਰਰ ਕਰਨੀ ਚਾਹੀਦੀ ਹੈ। ਇਹ ਨਹੀਂ ਕਿ ਜਿਵੇਂ ਮਰਜ਼ੀ ਉਥੋਂ ਐਲਾਨ ਕਰ ਦੇਣ। ਸਾਨੂੰ ਫਿਰ ਇਹ ਮੰਨਣਾ ਪੈਂਦਾ ਹੈ। 24 ਕਰਾਪਸ ਦੀ ਐਮ. ਐਸ. ਪੀ. ਮੁਕੱਰਰ ਕਰਨੀ ਉਨ੍ਹਾਂ ਨੇ ਮੰਨੀ ਹੈ ਕਿ 24 ਫਸਲਾਂ ਦੀ ਮਿਨੀਮਮ ਸਪੋਰਟ ਪ੍ਰਾਈਸ ਅਸੀਂ ਦਿਆਂਗੇ ਪਰ ਦਿੰਦੇ ਕਿੰਨੀ ਹਨ, ਦੋ ਫਸਲਾਂ ਤੇ-ਵੀਟ ਤੇ ਪੈਡੀ ਤੇ। 22 ਦੀ ਜਿਹੜੀ ਇਨ੍ਹਾਂ ਦੀ ਮੰਨੀ ਗੱਲ ਹੈ, ਉਹ ਨਹੀਂ ਦੇ ਰਹੇ। ਇਹ ਜਿਹੜੀ ਐਫ.ਸੀ.ਆਈ. ਹੈ, ਇਹ ਪਰਕਿਓਰਮੈਂਟ ਕਰਦੀ ਹੈ। ਅਸੀਂ ਤਾਂ ਉਨ੍ਹਾਂ ਦਾ ਕਹਿਣਾ ਮੰਨਦੇ ਹਾਂ। ਮੇਨ ਡਿਊਟੀ ਐਫ.ਸੀ.ਆਈ. ਦੀ ਹੈ। ਜਿਹੜੀ ਪਰਕਿਓਰਮੈਂਟ ਕਰਦੀ ਹੈ, ਉਹ ਸਾਰੀ ਪਿਛਲੇ ਸਾਲਾਂ ਦੀ 1.2 ਪ੍ਰਤੀਸ਼ਤ ਲਾਸਟ ਪੰਜ-ਛੇ ਸਾਲਾਂ ਦੀ ਇਨ੍ਹਾਂ ਨੇ ਕੀਤੀ ਹੈ। ਸਬਸਿਡੀ ਵੀ ਹੁਣ ਘਟਾ ਰਹੇ ਹਨ। ਹੁਣ ਤੁਸੀਂ ਹੈਰਾਨ ਹੋਵੋਗੇ, ਦੋ ਮਿਸ਼ਨ ਬਣਾਏ ਹਨ। ਇੱਕ ਨੈਸ਼ਨਲ ਫੂਡ ਸਿਕਿਓਰਟੀ ਮਿਸ਼ਨ ਫਾਰ ਰਾਈਸ। ਸਭ ਤੋਂ ਵੱਧ ਰਾਈਸ ਅਸੀਂ ਪੈਦਾ ਕਰਦੇ ਹਾਂ ਪਰ ਪੰਜਾਬ ਉਸ ਵਿਚ ਹੈ ਨਹੀਂ। ਇੱਕ ਵੀਟ੍ਹ ਵਾਸਤੇ ਵੀ ਬਣਿਆ ਹੈ। ਉਸ ਵਿੱਚ ਪੰਜਾਬ ਦੇ ਅੱਧੇ ਡਿਸਟ੍ਰਿਕਟ ਲਏ ਹਨ, ਹੋਰ ਕੋਈ ਨਹੀਂ। ਇਥੇ ਕਹਿ ਰਹੇ ਸੀ ਕਿ ਤੁਸੀਂ ਰਿਲੀਫ ਨਹੀਂ ਦਿੰਦੇ। ਸਪੀਕਰ ਸਾਹਿਬ, ਸੈਂਟਰ ਨਹੀਂ ਪੇਸ਼ ਜਾਣ ਦਿੰਦੀ। ਸਾਡੇ ਕੋਲ ਰਿਲੀਫ ਦੇਣ ਵਾਸਤੇ ਬਹੁਤ ਪੈਸੇ ਹਨ ਲੇਕਿਨ ਸਾਡੇ ਤੇ ਸੈਂਟਰ ਗੌਰਮਿੰਟ ਨੇ ਬਰੇਕਾਂ ਲਗਾਈਆਂ ਹਨ। ਕਹਿੰਦੇ ਹਨ ਭਾਵੇਂ ਕਿੰਨਾ ਵੀ ਫਸਲ ਦਾ ਨੁਕਸਾਨ ਹੋ ਜਾਵੇ। ਪੱਕੀ ਫਸਲ ਗੜਿਆਂ ਨਾਲ ਮਰ ਜਾਵੇ, ਤੁਸੀਂ 3500 ਰੁਪਏ ਤੋਂ ਵੱਧ ਨਹੀਂ ਦੇ ਸਕਦੇ। ਕਿੰਨੀ ਵੱਡੀ ਬੇਇਨਸਾਫੀ ਹੈ। ਸੈਂਟਰ ਨੂੰ ਚਾਹੀਦਾ ਸੀ ਕਿ ਇਹ ਕਰਦੇ ਲੇਕਿਨ ਹੋਇਆ ਕੀ ਕਿ ਉਨ੍ਹਾਂ ਨੇ ਵਿਦਡਰਾਅ ਕਰ ਲਿਆ। ਇਹ ਤਾਂ ਹੁਣ ਆਪਣੀ ਸਰਕਾਰ ਹੈ। ਅਸੀਂ 5000 ਰੁਪਿਆ ਉਨ੍ਹਾਂ ਨੂੰ ਦਿੰਦੇ ਹਾਂ। ਜਿੰਨਾ ਉਨ੍ਹਾਂ ਨੇ ਅਲਾਓ ਕੀਤਾ ਹੈ, 1500 ਰੁਪਿਆ ਹੋਰ ਕੀਤਾ ਹੈ। ਸਟੇਟ ਨੇ ਇਥੇ ਬੜੇ ਸਟੈਪਸ ਲਏ ਹਨ। ਮੈਂ ਕਹਿੰਦਾ ਹਾਂ ਕਿ ਸੋਚਣਾ ਚਾਹੀਦਾ ਹੈ ਕਿ ਕੀ ਸਟੈਪਸ ਲਈਏ, ਜਿਸ ਨਾਲ ਖੇਤੀਬਾੜੀ ਮੁਨਾਫਾ ਦੇ ਸਕੇ। ਸਪੀਕਰ ਸਾਹਿਬ, ਬੋਰਲਗ ਜਿਹੜਾ ਵੀਟ੍ਹ ਦਾ ਬੜਾ ਵੱਡਾ ਸਾਇੰਟਿਸਟ ਹੋਇਆ ਹੈ, ਉਸ ਦੇ ਨਾਮ ਤੇ ਇੱਕ ਇੰਸਟੀਚਿਊਸ਼ਨ ਬਣਨਾ ਸੀ। ਬੋਰਲਗ ਇੰਸਟੀਚਿਊਟ ਆਫ ਸਾਊਥ ਏਸ਼ੀਆ। ਇਨ੍ਹਾਂ ਦਾ ਤਾਂ ਕੋਈ ਜ਼ੋਰ ਨਹੀਂ ਲੱਗਿਆ। ਮੈਂ ਬੜੀ ਮਿਹਨਤ ਕੀਤੀ। ਐਗਰੀਕਲਚਰ ਮਨਿਸਟਰ ਨੂੰ ਵੀ ਮਿਲੇ, ਪ੍ਰਧਾਨ ਮੰਤਰੀ ਨੂੰ ਵੀ ਮਿਲੇ ਔਰ ਉਨ੍ਹਾਂ ਤੋਂ ਮਨਜ਼ੂਰ ਕਰਵਾਇਆ ਕਿ ਪੰਜਾਬ ਵਿੱਚ ਬਣੇ। ਵੀਟ੍ਹ ਦਾ ਤੇ ਮੇਜ਼ ਦਾ। ਉਨ੍ਹਾਂ ਤੇ ਰਿਸਰਚ ਹੋਵੇਗੀ, ਚੰਗੀਆਂ ਕਵਾਲਿਟੀਜ਼ ਨਿਕਲਣਗੀਆਂ। ਉਸ ਦੇ ਵਾਸਤੇ ਅਸੀਂ 500 ਏਕੜ ਜ਼ਮੀਨ, 500 ਏਕੜ ਮੀਨਜ਼ ਤੁਸੀਂ ਤਾਂ ਲੁਧਿਆਣੇ ਦੇ ਰਹਿਣ ਵਾਲੇ ਹੋ, ਮੇਰਾ ਖਿਆਲ ਹੈ ਦੋ ਕਰੋੜ

ਏਕੜ ਤੋਂ ਘੱਟ ਤਾਂ ਕਿਤੇ ਨਹੀਂ ਹੋਣੀ। ਅਸੀਂ ਲਾਡੋਵਾਲ ਦੇਣੀ ਹੈ। ਅਸੀਂ 1000 ਕਰੋੜ ਰੁਪਏ ਦੀ ਜ਼ਮੀਨ ਫਰੀ ਦਿੱਤੀ ਹੈ। ਇਹ ਸੈਂਟਰ ਦੀ ਸਕੀਮ ਹੈ, ਉਸ ਦੇ ਵਿੱਚ ਉਨ੍ਹਾਂ ਨੂੰ ਜ਼ਮੀਨ ਦੇ ਵੀ ਪੈਸੇ ਦੇਣੇ ਚਾਹੀਦੇ ਹਨ ਪਰ ਅਸੀਂ ਕਿਹਾ ਚਲੋ ਕਿਵੇਂ ਵੀ ਹੋਵੇ ਅਸੀਂ ਉਹ ਜ਼ਮੀਨ ਦਿੱਤੀ ਹੈ। ਅਸੀਂ ਮੇਜ਼ ਦਾ ਡਾਇਰੈਕਟੋਰੇਟ ਵੀ ਇਥੇ ਲਿਆਂਦਾ ਹੈ। ਉਸ ਦੇ ਵਾਸਤੇ ਲਾਡੋਵਾਲ 250 ਏਕੜ ਜ਼ਮੀਨ ਵੀ ਦਿੱਤੀ ਹੈ। ਕਿਸੇ ਤਰੀਕੇ ਨਾਲ ਕੁਝ ਵੀ ਸਾਡਾ ਲੱਗ ਜਾਵੇ, ਕਿੰਨੀ ਵੀ ਸਾਨੂੰ ਤਕਲੀਫ ਹੋਵੇ, ਅਸੀਂ ਖੇਤੀਬਾੜੀ ਕਰਨ ਵਾਲੇ ਲੋਕਾਂ ਨੂੰ ਇਹ ਰਾਹਤ ਦੇਣੀ ਹੈ। ਇੱਕ ਸੈਂਟਰ ਆਫ ਐਕਸੀਲੈਂਸ ਵੈਜੀਟੇਬਲਜ਼ ਦਾ ਇੰਸਟੀਚਿਊਟ ਇਜ਼ਰਾਈਲ ਨਾਲ ਮਿਲ ਕੇ ਕਰਤਾਰਪੁਰ ਬਣਾ ਰਹੇ ਹਾਂ। ਇੱਕ ਸੈਂਟਰ ਆਫ ਐਕਸੀਲੈਂਸ ਪੋਟੈਟੋਜ਼ ਦਾ ਡੱਚ ਕੋਲੈਬਰੇਸ਼ਨ ਨਾਲ ਮਿਲ ਕੇ ਜਲੰਧਰ ਬਣਾ ਰਹੇ ਹਾਂ। ਸਿਟਰਸ ਦਾ ਸੈਂਟਰ ਆਫ ਐਕਸੀਲੈਂਸ ਵੀ ਬਣ ਰਿਹਾ ਹੈ। ਕਾਟਨ ਕਿਉਂਕਿ ਬਠਿੰਡੇ ਵੱਲ ਹੁੰਦੀ ਹੈ, ਉਥੇ ਵੀ ਸੈਂਟਰ ਆਫ ਐਕਸੀਲੈਂਸ ਕਾਟਨ ਦਾ ਬਣ ਰਿਹਾ ਹੈ। ਇਹ ਇਕੱਲਾ ਯਤਨ ਨਹੀਂ, ਅਸੀਂ ਤਾਂ ਬੜੇ ਯਤਨ ਕੀਤੇ ਹਨ। ਹਿੰਦੁਸਤਾਨ ਵਿੱਚ ਕੋਈ ਸਟੇਟ ਨਹੀਂ ਜਿਹੜੀ ਫਰੀ ਪਾਵਰ ਦਿੰਦੀ ਹੋਵੇ। ਥੋੜ੍ਹਾ ਬਹੁਤ ਕਿਸੇ ਨੇ ਕਨਸੈਸ਼ਨ ਦਿੱਤਾ ਹੋਵੇ ਤਾਂ ਕਹਿ ਨਹੀਂ ਸਕਦੇ। ਅਸੀਂ ਸਾਰੇ ਟਿਊਬਵੈਲਜ਼ ਨੂੰ ਫਰੀ ਕੁਨੈਕਸ਼ਨ ਦਿੱਤੇ ਹਨ। ਕੋਈ ਉਨ੍ਹਾਂ ਤੋਂ ਚਾਰਜ ਨਹੀਂ ਕਰ ਰਹੇ। ਜਿਹੜੇ ਪੰਜਾਬ ਦੇ ਕਿਸਾਨ ਹਨ, ਜਿੰਨਾ ਵੀ ਉਨ੍ਹਾਂ ਦਾ ਬਿੱਲ ਹੈ, ਮਹੀਨੇ ਦੋ ਮਹੀਨਿਆਂ ਮਗਰੋਂ ਸਟੇਟ ਗੌਰਮਿੰਟ ਬਿਜਲੀ ਬੋਰਡ ਨੂੰ ਦਿੰਦੀ ਹੈ ਔਰ ਉਸ ਦਾ 18,724 ਕਰੋੜ ਰੁਪਿਆ ਅਸੀਂ ਦੇ ਚੁੱਕੇ ਹਾਂ। ਕਿੱਡੀ ਵੱਡੀ ਗੱਲ ਹੈ। ਜੇ ਇਹ ਰਾਹਤ ਵੀ ਕਿਸਾਨ ਨੂੰ ਨਾ ਮਿਲਦੀ ਤਾਂ, ਸਪੀਕਰ ਸਾਹਿਬ, ਤੁਸੀਂ ਆਪ ਦੇਖ ਲਵੋ ਕਿ ਕੀ ਉਹ ਜਿਊ ਸਕਦਾ ਸੀ, ਰੋਟੀ ਖਾ ਸਕਦਾ ਸੀ। ਇਹ ਇਥੇ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਜਿਨ੍ਹਾਂ ਕਰਕੇ ਕਿਸਾਨ ਆਪਣੇ ਪੈਰਾਂ ਤੇ ਬੈਠਾ ਹੈ। ਹੁਣ ਟਿਊਬਵੈਲਾਂ ਦੀ ਬੜੀ ਡਿਮਾਂਡ ਸੀ। ਲੱਖਾਂ ਟਿਊਬਵੈਲ, ਇੱਕ ਲੱਖ ਉਨਤਾਲੀ ਹਜ਼ਾਰ ਛੋਟੇ ਕਿਸਾਨਾਂ ਨੂੰ, ਮਾਰਜਨਲ ਕਿਸਾਨਾਂ ਨੂੰ, ਪੰਜ ਏਕੜ ਤੱਕ ਦੇ ਕਿਸਾਨਾਂ ਨੂੰ ਕੁਨੈਕਸ਼ਨ ਦਿੱਤੇ ਹਨ। ਬਾਰਡਰ ਦੀ ਗੱਲ ਆਈ ਸੀ। ਜਿਹੜੇ ਤਾਰਾਂ ਤੋਂ ਬਾਹਰ ਹਨ, ਜਿਹੜੀਆਂ ਸੈਂਟਰ ਨੇ ਤਾਰਾਂ ਲਗਾਈਆਂ ਹਨ, ਉਸ ਤੋਂ ਅੱਗੇ ਜਿਹੜੇ ਕਿਸਾਨ ਖੇਤੀ ਕਰਦੇ ਹਨ, ਉਨ੍ਹਾਂ ਨੂੰ ਕੋਈ ਮੁਆਵਜ਼ਾ ਦਿਓ। ਇੱਕ ਵਾਰ ਅਡਵਾਨੀ ਸਾਹਿਬ ਹੋਮ ਮਨਿਸਟਰ ਸਨ, ਕਿਉਂਕਿ ਹੋਮ ਮਨਿਸਟਰੀ ਇਸ ਨੂੰ ਡੀਲ ਕਰਦੀ ਹੈ, ਅਡਵਾਨੀ ਸਾਹਿਬ ਨੂੰ ਲਿਆਂਦਾ ਸੀ। ਲੇਕਿਨ ਇਨ੍ਹਾਂ ਨੇ ਉਸ ਨੂੰ ਆ ਕੇ ਬੰਦ ਕਰ ਦਿੱਤਾ। ਹੁਣ ਅਸੀਂ 3500 ਪ੍ਰਤੀ ਏਕੜ ਉਨ੍ਹਾਂ ਨੂੰ ਦਿੰਦੇ ਹਾਂ। ਫਾਰਮਰਜ਼ ਸੂਸਾਇਡ ਵਾਲਿਆਂ ਨੂੰ ਦੋ ਲੱਖ ਰੁਪਿਆ ਦਿੰਦੇ ਹਾਂ। ਇਸੇ ਤਰ੍ਹਾਂ ਹੁਣ ਡਾਈਵਰਸੀਫਿਕੇਸ਼ਨ ਦੀ ਗੱਲ ਹੈ। ਹੁਣ ਡਾਈਵਰਸਿਫਿਕੇਸ਼ਨ ਗੱਲਾਂਬਾਤਾਂ ਦੇ ਨਾਲ ਤਾਂ ਹੋਣੀ ਨਹੀਂ ਹੈ। ਉਹ ਕਹਿੰਦੇ ਕਿ ਹੁਣ ਤੁਹਾਡਾ ਝੋਨਾ ਨਹੀਂ ਲੈਣਾ, ਬਈ ਜੇ ਤੁਸੀਂ ਮੁਸੀਬਤ ਵਿਚ ਹੋ ਤਾਂ ਤੁਹਾਡੀ ਬਾਂਹ ਫੜੀ ਤਾਂ ਪੰਜਾਬ ਦੇ ਕਿਸਾਨ ਨੇ ਫੜੀ ਹੈ ਲੇਕਿਨ ਅੱਜ ਉਹ ਮੁਸੀਬਤ ਵਿਚ ਹੈ ਤਾਂ ਤੁਸੀਂ ਬਾਂਹ ਫੜਨ ਨੂੰ ਤਿਆਰ ਨਹੀਂ ਹੋ। ਇਸ ਲਈ ਪੰਜਾਬ ਨੇ ਆਪਣੇ ਤੌਰ ਤੇ ਜਿੰਨੇ ਵੱਧ ਤੋਂ ਵੱਧ ਸਾਧਨ ਸਨ, ਉਹ ਦਿੱਤੇ ਹਨ। ਕਿਉਂਕਿ ਡਾਈਵਰਸੀਫਿਕੇਸ਼ਨ ਜਿਹੜੀ ਹੈ, ਉਹ ਜਾਂ

[ਮੁੱਖ ਮੰਤਰੀ]

ਤਾਂ ਮੱਕੀ ਨਾਲ ਹੋਣੀ ਹੈ ਜਾਂ ਝੋਨੇ ਦੀ ਥਾਂ ਬਾਸਮਤੀ ਆਦਿ ਦੀ ਫਸਲ ਲਗਾਈ ਜਾਵੇ, ਇਸ ਤਰ੍ਹਾਂ ਦੀ ਦੂਜੀ ਵੈਰਾਇਟੀ ਲਗਾਈ ਜਾਵੇ ਜਾਂ ਉਥੇ ਮੇਜ਼ ਲਗਾਈਏ। ਅਸੀਂ ਸਾਰੇ ਮੱਕੀ ਦੇ ਬੀਜਾਂ ਨੂੰ 75 ਪ੍ਰਤੀਸ਼ਤ ਸਬਸਿਡੀ ਪਿਛਲੇ ਸਾਲ ਦਿੱਤੀ ਹੈ ਅਤੇ ਹੁਣ ਅਗਲੇ ਸਾਲ ਇਸ ਤੋਂ ਦੁੱਗਣੀ ਦਿਆਂਗੇ। ਇਸੇ ਤਰ੍ਹਾਂ ਮੇਜ਼ ਡਰਾਇਰਜ਼ ਵੀ ਲਗਾਏ ਹਨ। ਫਾਰਮ ਮੈਕੇਨਾਈਜੇਸ਼ਨ ਲਿਆਂਦਾ ਹੈ। ਕਿਉਂਕਿ ਅੱਜ ਮੈਕੇਨਾਈਜੇਸ਼ਨ ਦੀ ਬੜੀ ਲੋੜ ਹੈ। ਜਿੰਨੀਆਂ ਵੀ ਅੱਜ ਐਗਰੀਕਲਚਰਲ ਸੁਸਾਇਟੀਆਂ ਹਨ, ਇਨ੍ਹਾਂ ਨੂੰ ਅੱਗੇ 33 ਪ੍ਰਤੀਸ਼ਤ ਸਬਸਿਡੀ ਦਿੰਦੇ ਹਾਂ, ਹੁਣ 50% ਸਬਸਿਡੀ ਦੇਣੀ ਚਾਹਾਂਗੇ। ਜਿੰਨੇ ਵੀ ਖੇਤੀ ਦੇ ਸੰਦ ਹਨ, ਭਾਵੇਂ ਸਟਰਾਅ ਬੇਟਰ ਹਨ, ਹੈਪੀ ਸੀਡਰ ਹਨ, ਜ਼ੀਰੋ ਡਰਿਲਜ਼ ਹਨ, ਪੈਡੀ ਟਰਾਂਸਪੇਲੇਟੇਸ਼ਨ ਹਨ, ਜਿੰਨੇ ਵੀ ਸੰਦ ਹਨ ਸਭ ਤੇ ਅਸੀਂ 50% ਸਬਸਿਡੀ ਕਰ ਦਿੱਤੀ ਹੈ। ਇਰੀਗੇਸ਼ਨ ਪਾਣੀ ਦੀ ਕਮੀ ਹੈ ਤਾਂ ਅਸੀਂ ਡਰਿੱਪ ਇਰੀਗੇਸ਼ਨ ਉਤੇ 75 ਪ੍ਰਤੀਸ਼ਤ ਸਬਸਿਡੀ ਦਿੰਦੇ ਹਾਂ। ਮੇਰਾ ਮਤਲਬ ਹੈ ਕਿ ਕਿਸਾਨੀ ਦਾ ਕੋਈ ਮੁੱਦਾ ਨਹੀਂ ਹੈ, ਜਿਸ ਦੇ ਬਾਰੇ ਅਸੀਂ ਕੋਸ਼ਿਸ਼ ਨਹੀਂ ਕਰਦੇ ਤਾਂ ਕਿ ਕਿਸਾਨ ਭਰਾਵਾਂ ਨੂੰ ਇਸ ਤਰ੍ਹਾਂ ਦੀਆਂ ਦਿੱਕਤਾਂ ਪੇਸ਼ ਨਾ ਆਉਣ। ਜਿਹੜਾ ਬਾਸਮਤੀ ਦਾ ਭਾਅ ਚੰਗਾ ਹੈ, ਇਹ ਕਿਉਂ ਹੋਇਆ ਹੈ, ਕਿਸਾਨਾਂ ਨੂੰ ਵੀ ਨਹੀਂ ਪਤਾ, ਇਨ੍ਹਾਂ ਨੂੰ (ਅਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਨਹੀਂ ਪਤਾ, ਸ਼ਾਇਦ ਸਾਡੇ ਵਿਚੋਂ ਵੀ ਬਹੁਤਿਆਂ ਨੂੰ ਪਤਾ ਨਾ ਹੋਵੇ। ਇਸ ਵਿਚ ਮਿੱਲਰਜ਼ ਨੂੰ ਮੈਂ ਪੁੱਛਿਆ ਕਿ ਤੁਸੀਂ ਦੱਸੋ, ਮੈਂ ਤੁਹਾਨੂੰ ਕੀ ਰਿਆਇਤ ਦੇਵਾਂ ਕਿ ਤੁਸੀਂ ਬਾਸਮਤੀ ਦਾ ਚੰਗਾ ਭਾਅ ਲੈ ਸਕੋ। ਉਹ ਕਹਿੰਦੇ ਕਿ ਨਾ ਤਾਂ ਸਾਥੋਂ ਮਾਰਕੀਟ ਫੀਸ ਲਵੋ, ਨਾ ਸਾਡੇ ਕੋਲੋਂ ਜਿਹੜਾ ਰੂਰਲ ਡਿਵੈਲਪਮੈਂਟ ਫੰਡ ਲੈਂਦੇ ਹਨ, ਉਹ ਲਵੋ। ਇਹ ਦੋ ਛੱਡ ਦਿਉ, ਅਸੀਂ ਵਧੀਆ ਭਾਅ ਦੇ ਦਿਆਂਗੇ। ਅਸੀਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਘੱਟੋ-ਘੱਟ ਜੇ ਏਨਾ ਭਾਅ ਨਾ ਦਿੱਤਾ ਤਾਂ ਫਿਰ ਅਸੀਂ ਕਨਸੈਸ਼ਨ ਲਗਾ ਲਵਾਂਗੇ। ਉਹ ਜਿਹੜਾ ਪੈਸਾ ਦਿੱਤਾ ਗਿਆ ਹੈ, ਉਹ ਡਾਇਰੈਕਟ ਤੌਰ ਤੇ ਪੰਜਾਬ ਸਰਕਾਰ ਨੇ ਆਪਣੇ ਖਜ਼ਾਨੇ ਵਿਚੋਂ ਦਿੱਤਾ ਹੈ। ਹੁਣ ਸਵਾਲ ਹੈ, ਇਹ ਤਾਂ ਅਸੀਂ ਕਰ ਲਿਆ, ਸੈਂਟਰ ਦੀ ਸਰਕਾਰ ਨੇ ਨੁਕਸਾਨ ਕਰ ਦਿੱਤਾ। ਹੁਣ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਸੈਂਟਰ ਤੋਂ ਅਸੀਂ ਕੀ ਕੁਝ ਲੈਣਾ ਹੈ। ਸਭ ਤੋਂ ਪਹਿਲਾਂ ਤਾਂ ਇਹ ਹੈ ਕਿ ਵੇਖੋ ਹੁਣ ਰੇਲਵੇ ਦਾ ਬਜਟ ਸੈਪਰੇਟ ਪੇਸ਼ ਹੁੰਦਾ ਰਿਹਾ ਹੈ। ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਤਾਂ ਪੇਸ਼ ਹੁੰਦਾ ਰਿਹਾ ਹੈ। ਇਕੱਲਾ ਰੇਲਵੇ ਹੈ, ਜਿਸ ਦਾ ਬਜਟ ਸੈਪਰੇਟ ਪੇਸ਼ ਹੁੰਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਦਾ ਸੈਪਰੇਟ ਬਜਟ ਪੇਸ਼ ਹੋਵੇ ਔਰ ਜਦੋਂ ਇਹ ਸਮਿੱਟ ਹੋਈ ਸੀ ਤਾਂ ਉਸ ਵਿਚ ਮੈਂ ਇਹ ਮਸਲਾ ਰੱਖਿਆ ਵੀ ਸੀ ਔਰ ਸ਼੍ਰੀ ਰਾਜਨਾਥ ਸਿੰਘ ਜੀ ਨੇ ਵੀ ਤਸਦੀਕ ਕੀਤਾ ਸੀ। ਹੋਰਾਂ ਨੇ ਵੀ ਕੀਤਾ ਸੀ ਕਿ ਐਗਰੀਕਲਚਰ ਦਾ ਬਜਟ ਸੈਪਰੇਟ ਪੇਸ਼ ਕੀਤਾ ਜਾਵੇ ਔਰ ਜਿੰਨਾ ਪਲਾਨ ਹੈ, ਉਸ ਦਾ 10 ਪ੍ਰਤੀਸ਼ਤ ਐਗਰੀਕਲਚਰ ਤੇ ਖਰਚ ਕੀਤਾ ਜਾਵੇ। ਰਿਸਰਚ ਜਿਹੜੀ ਹੈ, ਕਿਉਂਕਿ ਰਿਸਰਚ ਤੋਂ ਬਿਨਾਂ ਤਾਂ ਕੁਝ ਹੋਣਾ ਹੀ ਨਹੀਂ ਹੈ, ਦੋ ਪਰਸੈਂਟ ਇਸ ਦਾ ਰਿਸਰਚ ਤੇ ਖਰਚ ਕੀਤਾ ਜਾਵੇ। ਸਾਰੇ ਫਾਰਮਰਜ਼ ਦੀ, ਫਾਰਮਰ ਵਰਕਰਜ਼ ਦੀ ਇਹ ਇੰਸ਼ੋਰੈਂਸ ਕੀਤੀ ਜਾਵੇ ਔਰ ਇਥੋਂ ਤੱਕ ਜਿਹੜੀ ਕਰਾਪ ਹੈ, ਅੱਜ ਜਿਹੜੀ

ਫਸਲ ਹੈ, ਉਸ ਦੀ ਇੰਸ਼ੋਰੈਂਸ ਨਹੀਂ ਹੁੰਦੀ, ਇਹ ਸੈਂਟਰ ਗੌਰਮਿੰਟ ਕਰ ਨਹੀਂ ਰਹੀ। ਗੜ੍ਹੇ ਪੈ ਜਾਂਦੇ ਹਨ, ਹੁਣ ਮੌਸਮ ਬਦਲ ਰਿਹਾ ਹੈ, ਅੱਜ ਵੀ ਇਨ੍ਹਾਂ ਦਿਨਾਂ ਵਿਚ ਗੜ੍ਹੇ ਪੈ ਗਏ, ਇਹ ਕਰਾਪ ਦੀ ਇੰਸ਼ੋਰੈਂਸ ਹੋਵੇ। ਇਹ ਵੀ ਅਸੀਂ ਉਨ੍ਹਾਂ ਦੇ ਕੋਲੋਂ ਮੰਗ ਕਰਦੇ ਹਾਂ ਔਰ ਜਿਹੜੀ ਐਮ.ਐਸ.ਪੀ. ਮੁਕਰਰ ਕਰਦੇ ਹਨ, ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਇਕ ਤਾਂ ਜਿਹੜੀ ਆਪਣੀ ਲੈਂਡ ਹੈ, ਜਿਹੜਾ ਉਸ ਦਾ ਰੈਂਟ ਹੈ, ਉਹ ਪੂਰਾ ਨਹੀਂ ਕਰਦੇ। ਅੱਜ ਕੱਲ੍ਹ ਇਕ ਏਕੜ ਦਾ ਰੈਂਟ 42,000 ਰੁਪਏ ਹੈ, 30,000 ਰੁਪਏ ਤਾਂ ਆਮ ਹੈ ਲੇਕਿਨ ਉਹ 10-12 ਹਜ਼ਾਰ ਪਾ ਲੈਂਦੇ ਹਨ। ਦੂਜਾ ਪਾਣੀ ਜਿਹੜਾ ਖਰਚ ਹੁੰਦਾ, ਬਿਜਲੀ ਖਰਚ ਹੁੰਦੀ ਹੈ, ਉਸ ਨੂੰ ਵੀ ਕਾਸਟ ਵਿੱਚ ਨਹੀਂ ਪਾਉਂਦੇ। ਤੀਜਾ ਉਹ ਫਾਰਮਰ ਨੂੰ ਸਕਿੱਲਡ ਲੇਬਰ ਹੀ ਨਹੀਂ ਮੰਨਦੇ। ਵੇਖੋ, ਕਿਸਾਨ ਕੋਲ ਕਿੰਨਾ ਤਜਰਬਾ ਹੈ, ਪੀੜੀ ਦਰ ਪੀੜੀ ਜਿੰਨਾ ਕਿਸਾਨ ਨੂੰ ਤਜਰਬਾ ਹੈ, ਉਨਾ ਹੋਰ ਕਿਸੇ ਨੂੰ ਨਹੀਂ ਹੋ ਸਕਦਾ। ਜੇ ਕੋਈ ਦਸ ਮਹੀਨੇ ਵਿਚ ਡਿਗਰੀ ਜਾਂ ਡਿਪਲੋਮਾ ਲੈ ਲੈਂਦਾ ਹੈ ਤਾਂ ਉਸ ਨੂੰ ਸਕਿੱਲਡ ਕਹਿ ਦਿੰਦੇ ਹਨ। ਫਾਰਮਰ ਨੂੰ ਸਕਿੱਲਡ ਹੀ ਨਹੀਂ ਮੰਨਦੇ। ਇਹ ਚੀਜ਼ਾਂ ਜੇ ਇਹ ਪਾ ਲੈਣ ਤਾਂ ਇਨ੍ਹਾਂ ਨੂੰ ਕੁਝ ਇਨਸਾਫ ਮਿਲਦਾ ਹੈ। ਇਹ ਵੀ ਅਸੀਂ ਚਾਹੁੰਦੇ ਹਾਂ। ਹੁਣ ਜਿਹੜਾ ਕਰੈਡਿਟ ਹੈ,, ਕਰੈਡਿਟ ਜਦ ਤੱਕ ਨਹੀਂ ਦਿੱਤਾ ਜਾਵੇਗਾ, ਹੁਣ ਅਸੀਂ ਚਾਹੁੰਦੇ ਹਾਂ ਕਿ 4 ਪ੍ਰਤੀਸ਼ਤ ਤੋਂ ਵੱਧ ਕਰੈਡਿਟ ਦਾ ਇੰਟਰੈਸਟ ਨਹੀਂ ਲੈਣਾ ਚਾਹੀਦਾ ਤੇ ਜਿਹੜੇ ਛੋਟੇ ਫਾਰਮਰਜ਼ ਹਨ, ਉਨ੍ਹਾਂ ਤੋਂ 2 ਪਰਸੈਂਟ ਤੇ ਜਿਹੜੇ ਵੱਡੇ ਹਨ, ਜਿਨ੍ਹਾਂ ਦੀ ਲਾਂਗ ਟਰਮ ਹੈ, ਜਿਸ ਤੇ ਉਹ 11% ਲੈਂਦੇ ਹਨ ਉਸ ਦਾ 6% ਕੀਤਾ ਜਾਵੇ। ਫਰੂਟ ਪ੍ਰਾਸੈਸਿੰਗ ਇੰਡਸਟਰੀਆਂ ਨੂੰ ਵੀ ਇਸ ਵਿਚ ਰਿਆਇਤ ਦਿੱਤੀ ਜਾਵੇ ਔਰ ਇਕ ਹੈ ਕਿ ਜਿਹੜਾ ਲਾਈਵ ਸਟਾਕ ਹੈ, ਗ੍ਰੀਨ ਰੈਵੋਲਿਊਸ਼ਨ ਦੀ ਜਗ੍ਹਾ ਹੁਣ ਵਾਈਟ ਰੈਵੋਲਿਊਸ਼ਨ ਆਵੇਗਾ, ਲਿਆਉਣਾ ਵੀ ਚਾਹੀਦਾ ਹੈ। ਉਸ ਨੂੰ ਐਗਰੀਕਲਚਰ ਵਾਂਗ ਟ੍ਰੀਟ ਕੀਤਾ ਜਾਵੇ। ਐਨੀਮਲ ਹਸਬੈਂਡਰੀ ਤੇ ਜਿਹੜਾ ਇਨਕਮ ਟੈਕਸ ਲਗਾਇਆ ਗਿਆ ਹੈ, ਇਸ ਨੂੰ ਹਟਾਉਣਾ ਚਾਹੀਦਾ ਹੈ। ਗਾਵਾਂ-ਮੱਝਾਂ ਅਤੇ ਬੱਕਰੀਆਂ-ਸੂਰਾਂ ਤੇ ਕੀ ਇਨਕਮ ਟੈਕਸ ਲਗਾਉਣਗੇ? ਪਰ ਇਨ੍ਹਾਂ ਨੇ ਉਨ੍ਹਾਂ ਤੋਂ ਜਿਹੜੀ ਆਮਦਨ ਹੁੰਦੀ ਹੈ, ਉਸ ਤੇ ਟੈਕਸ ਲੈਣਾ ਹੈ। ਕਿੰਨੀਆਂ ਚੀਜ਼ਾਂ ਨੂੰ ਸੈਂਟਰ ਸਰਕਾਰ ਵੱਲੋਂ ਰਿਆਇਤ ਦਿੱਤੀ ਜਾਂਦੀ ਹੈ ਪਰ ਬਾਹਰੋਂ ਜਿਹੜੇ ਐਗਰੀਕਲਚਰ ਵਾਸਤੇ ਇੰਪਲੀਮੈਂਟ ਆਉਂਦੇ ਹਨ, ਜੇਕਰ ਅਸੀਂ ਬਾਹਰੋਂ ਕੋਈ ਮਸ਼ੀਨ ਮੰਗਵਾ ਲਈਏ ਤਾਂ ਉਸ ਵਾਸਤੇ ਇੰਪੋਰਟ ਡਿਊਟੀ ਦੇਣੀ ਪੈਂਦੀ ਹੈ। ਇਹ ਹਟਾਉਣੀ ਚਾਹੀਦੀ ਹੈ। ਸਪੀਕਰ ਸਾਹਿਬ, ਪਾਵਰ ਤੋਂ ਬਿਨਾ ਕੋਈ ਸਟੇਟ ਤਰੱਕੀ ਨਹੀਂ ਕਰ ਸਕਦੀ, ਕੋਈ ਦੇਸ਼ ਤਰੱਕੀ ਨਹੀਂ ਕਰ ਸਕਦਾ। ਜਦੋਂ ਅਸੀਂ ਚਾਰਜ ਸੰਭਾਲਿਆ ਸੀ ਤਾਂ ਉਸ ਵਕਤ ਜਿਹੜੀ ਇੱਥੇ ਬਿਜਲੀ ਪੈਦਾ ਹੁੰਦੀ ਸੀ, ਉਹ 6,443 ਮੈਗਾਵਾਟ ਹੁੰਦੀ ਸੀ। ਜਦ ਕਿ ਪੀਕ ਆਵਰਜ਼ ਤੇ 10,400 ਦੀ ਡਿਮਾਂਡ ਸੀ। ਕਾਂਗਰਸ ਵਾਲਿਆਂ ਨੇ ਆਪਣੇ ਰਿਜ਼ੀਮ ਵਿੱਚ ਕੋਸ਼ਿਸ਼ ਨਹੀਂ ਕੀਤੀ ਲੇਕਿਨ ਅਸੀਂ ਆਪਣਾ ਤਰੱਦਦ ਕਰਕੇ 8,571 ਮੈਗਾਵਾਟ ਅਤੇ ਅੱਜ ਦੀ ਡੇਟ ਵਿੱਚ 8,752 ਮੈਗਾਵਾਟ ਬਿਜਲੀ ਪੈਦਾ ਕਰ ਰਹੇ ਹਾਂ। ਜਿਹੜਾ ਇਹ ਇੱਥੇ ਕਹਿੰਦੇ ਹਨ ਕਿ ਅਸੀਂ ਆਪਣੇ ਥਰਮਲ ਪਲਾਂਟ ਵੇਚ ਰਹੇ ਹਾਂ। ਇਹ ਕਹਿ ਕੇ

[ਮੁੱਖ ਮੰਤਰੀ]

ਆਪਣੇ ਸੂਬੇ ਦੀ ਬਦਨਾਮੀ ਕਰਵਾਉਂਦੇ ਹਨ ਕਿ ਇੱਥੇ ਥਰਮਲ ਪਲਾਂਟ ਵਿਕ ਰਹੇ ਹਨ, ਜ਼ਮੀਨਾਂ ਵਿਕ ਰਹੀਆਂ ਹਨ। ਜੇਕਰ ਤੁਸੀਂ ਆਖੋਗੇ ਕਿ ਅਸੀਂ ਨੰਗ ਹਾਂ ਤਾਂ ਕਿਸੇ ਨੇ ਰਿਸ਼ਤਾ ਹੀ ਨਹੀਂ ਕਰਨ ਆਉਣਾ। ਆਪਣੇ ਸੂਬੇ ਦੀ ਆਪ ਬਦਨਾਮੀ ਕਰਵਾ ਕੇ ਉਸ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਇਸ ਪਵਿੱਤਰ ਸਦਨ ਵਿੱਚ ਕਹਿੰਦਾ ਹਾਂ ਕਿ ਇਸ ਸਾਲ ਥਰਮਲ ਪਲਾਂਟਾਂ ਦੀ ਬਿਜਲੀ ਨਾਲ ਅਸੀਂ 9 ਮਹੀਨੇ ਸਰਪਲੱਸ ਰਹਾਂਗੇ ਅਤੇ ਜਿਹੜੇ ਪੈਡੀ ਦੇ ਤਿੰਨ ਮਹੀਨੇ ਹਨ, ਉਸ ਵਾਸਤੇ ਸੈਲਫ ਸਫੀਸ਼ੀਐਂਟ ਰਹਾਂਗੇ। ਇਹ ਅੱਜ ਦੀ ਸਿਚੂਏਸ਼ਨ ਹੈ। (ਥੰਪਿੰਗ) ਇਥੇ ਹੀ ਨਹੀਂ ਜਿਹੜੇ ਪਾਣੀ ਸਬੰਧੀ ਪ੍ਰਾਜੈਕਟਸ ਹਨ ਜਿਵੇਂ ਹਾਈਡਲ ਪ੍ਰਾਜੈਕਟ, ਸ਼ਾਹਪੁਰ ਕੰਡੀ ਦਾ 600 ਮੈਗਾਵਾਟ ਦਾ ਪ੍ਰਾਜੈਕਟ ਹੈ, ਇਸ ਨੂੰ ਆਪਣੀ ਕੋਸ਼ਿਸ਼ ਨਾਲ ਨੈਸ਼ਨਲ ਪ੍ਰਾਜੈਕਟ ਬਣਾਇਆ ਹੈ। ਤਰੱਦਦ ਮੈਂ ਕਰਦਾ ਹਾਂ ਪਰ ਜਦੋਂ ਇਨ੍ਹਾਂ ਨੂੰ ਪਤਾ ਲਗਦਾ ਹੈ ਕਿ ਉਥੇ ਇਹ ਹੋਇਆ ਹੈ ਤਾਂ ਇਥੇ ਆ ਕੇ ਬਿਆਨ ਦੇ ਦਿੰਦੇ ਹਨ ਕਿ ਅਸੀਂ ਕਰਵਾ ਦਿੱਤਾ। ਤੁਸੀਂ ਨਾ ਕਦੇ ਉੱਤੇ ਜਾਂਦੇ ਹੋ, ਫੇਰ ਕਿਵੇਂ ਕਰਵਾ ਦਿੱਤਾ? ਮੈਂ ਅੱਜ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਇਹ ਜਾ ਕੇ ਰੁਕਾਵਟ ਪਾਉਂਦੇ ਹਨ। ਮੈਂ ਚੌਧਰੀ ਸਾਹਿਬ ਦਾ ਨਾਂ ਨਹੀਂ ਲੈਂਦਾ, ਅਜਿਹੀ ਗੱਲ ਮੈਂ ਨਹੀਂ ਕਹਿੰਦਾ, 1-2 ਲੀਡਰ ਅਜਿਹੇ ਹਨ, ਜਿਹੜੇ ਉੱਤੇ ਜਾ ਕੇ ਕਹਿੰਦੇ ਹਨ ਕਿ ਜੇਕਰ ਪੰਜਾਬ ਦਾ ਪ੍ਰਾਜੈਕਟ ਸੈਂਕਸ਼ਨ ਕਰ ਦਿੱਤਾ ਤਾਂ ਇਸ ਦਾ ਕ੍ਰੈਡਿਟ ਬਾਦਲ ਨੂੰ ਮਿਲਣਾ ਹੈ। ਇਹ ਲੋਕ ਇਹ ਨਹੀਂ ਸੋਚਦੇ ਕਿ ਨੁਕਸਾਨ ਕਿਸ ਦਾ ਹੋਣਾ ਹੈ। ਇਨ੍ਹਾਂ ਨੇ ਕਈ ਵੱਡੇ ਪ੍ਰਾਜੈਕਟਸ ਰੁਕਵਾਏ ਹਨ। ਸ਼ਾਹਪੁਰ ਕੰਡੀ ਪ੍ਰਾਜੈਕਟ, ਮੁਕੇਰੀਆਂ ਹਾਈਡਲ ਪ੍ਰਾਜੈਕਟ ਦੀ ਪਰਫਾਰਮੈਂਸ ਵੀ ਜਲਦੀ ਸਾਹਮਣੇ ਆਉਣ ਵਾਲੀ ਹੈ। ਤੁਹਾਨੂੰ ਨਾਨ ਕਨਵੈਂਸ਼ਨਲ ਐਨਰਜੀ ਬਾਰੇ ਪਤਾ ਹੋਵੇਗਾ, ਇਹ ਸਾਨੂੰ 590 ਮੈਗਾਵਾਟ ਮਿਲ ਰਹੀ ਹੈ। 250 ਮੈਗਾਵਾਟ ਹਾਲੇ ਹੋਰ ਮਿਲਣੀ ਹੈ। ਜੇਕਰ ਸੋਚੀਏ ਕਿ 5-10 ਸਾਲ ਦੀ ਹੀ ਪਲਾਨਿੰਗ ਕਰਨੀ ਹੈ, ਅਜਿਹਾ ਨਹੀਂ ਹੈ। 20 ਸਾਲਾਂ ਨੂੰ ਕੀ ਕਰਨਾ ਹੈ ਜਾਂ 30 ਸਾਲਾਂ ਤੱਕ ਕੀ ਕਰਨਾ ਹੈ, ਇਸ ਵਾਸਤੇ ਮੁਕੇਰੀਆਂ ਵਿੱਚ ਬਹੁਤ ਵੱਡਾ ਥਰਮਲ ਪਲਾਂਟ ਪਲੈਨ ਕੀਤਾ ਹੈ। ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਆਪਣੀ ਕੋਸ਼ਿਸ਼ ਨਾਲ ਕੋਲ ਮਾਈਨ ਵੀ ਸੈਂਕਸ਼ਨ ਕਰਵਾਈ ਹੈ, ਜਿਸ ਨਾਲ ਅਗਲੇ 50 ਸਾਲਾਂ ਵਿੱਚ ਇੱਥੇ ਕੋਲ ਦੀ ਕੋਈ ਡਿਫੀਕਲਟੀ ਨਹੀਂ ਆਵੇਗੀ। ਦੂਜੇ ਸੂਬਿਆਂ ਵਿੱਚ ਵੀ ਜਿਹੜੇ ਨਵੇਂ ਪ੍ਰਾਜੈਕਟਸ ਆ ਰਹੇ ਹਨ, ਉਨ੍ਹਾਂ ਤੋਂ ਪਾਵਰ ਪਰਚੇਜ਼ ਕਰਨ ਲਈ ਅਸੀਂ 4381 ਮੈਗਾਵਾਟ ਦੇ ਐਗਰੀਮੈਂਟ ਕੀਤੇ ਹਨ।

ਅਖੀਰ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਇਸ ਗੌਰਮਿੰਟ ਨੂੰ ਇਸ ਗੱਲ ਕਰਕੇ ਯਾਦ ਰੱਖਣਗੇ ਕਿ ਅਜਿਹੀ ਸਰਕਾਰ ਆਈ ਜਿਸ ਨੇ ਥੋੜ੍ਹੇ ਸਮੇਂ ਵਿੱਚ ਪੰਜਾਬ ਵਿੱਚ ਬਿਜਲੀ ਸਰਪਲੱਸ ਕੀਤੀ। ਕਿਉਂਕਿ ਬਿਜਲੀ ਪੈਦਾ ਕਰਨੀ ਇਸ ਤਰ੍ਹਾਂ ਦਾ ਕੰਮ ਨਹੀਂ ਹੈ, ਜਿਵੇਂ ਸੜਕ ਬਣਾਉਣੀ ਹੈ ਅਤੇ ਸਾਲ ਵਿੱਚ ਬਣ ਜਾਵੇਗੀ। ਇਸ ਗੱਲ ਨੂੰ ਕਾਂਗਰਸੀ ਵੀਰ ਨਹੀਂ ਮੰਨਦੇ ਜਦਕਿ ਇਹ ਚੀਜ਼ਾਂ ਲੋਕਾਂ ਨੂੰ ਸਾਹਮਣੇ ਦਿਸ ਰਹੀਆਂ ਹਨ। ਦੱਸੋ ਕੋਈ ਥਰਮਲ ਪਲਾਂਟਾਂ ਨੂੰ ਛੁਪਾ ਸਕਦਾ ਹੈ।

ਇਸ ਤੋਂ ਬਾਅਦ ਜੋ ਅਹਿਮ ਗੱਲ ਆਉਂਦੀ ਹੈ, ਅਸੀਂ ਪੰਜਾਬ ਦਾ ਜਿਹੜਾ ਵੀ ਕੋਈ ਮੁੱਦਾ ਹੈ, ਉਸ ਨੂੰ ਕੰਪਲੀਸ਼ਨ ਦੀ ਹੱਦ ਤੱਕ ਲਿਜਾਉਣਾ ਚਾਹੁੰਦੇ ਹਾਂ। ਜਿਵੇਂ ਹੈਲਥ ਸਰਵਿਸਿਜ਼ ਹਨ, ਇਹ ਬਹੁਤ ਮਹੱਤਵਪੂਰਨ ਮੁੱਦਾ ਹੈ। ਕੈਂਸਰ ਦੀ ਬਿਮਾਰੀ ਬਹੁਤ ਵੱਡੀ ਬਿਮਾਰੀ ਹੈ, ਜਿਸ ਨਾਲ ਬਹੁਤ ਇਫੈਕਟ ਹੁੰਦਾ ਹੈ। ਪਿਛਲੇ ਸਮੇਂ ਵਿੱਚ 34,430 ਡੈੱਥਸ ਹੋਈਆਂ ਹਨ, ਜੋ ਕਿ ਬਹੁਤ ਵੱਡੀ ਫਿੱਗਰ ਹੈ। ਕਿਉਂਕਿ ਸਟੇਟ ਦਾ ਭਾਵੇਂ ਕੋਈ ਵੀ ਸਬਜੈਕਟ ਹੈ, ਮੈਂ ਇੱਕ ਇੱਕ ਸਬਜੈਕਟ ਨੂੰ ਆਪ ਰਿਵਿਊ ਕਰਦਾ ਹਾਂ, ਹਰੇਕ ਸਬਜੈਕਟ ਤੇ ਇੱਕ ਇੱਕ ਦਿਨ ਪੂਰਾ ਲਾਉਂਦਾ ਹਾਂ ਕਿ ਇਸ ਵਾਸਤੇ ਕੀ ਕੀ ਕਰ ਸਕਦੇ ਹਾਂ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਨਿਊ ਚੰਡੀਗੜ੍ਹ ਕਹਿ ਲਵੋ, ਪੰਜਾਬ ਵਿੱਚ ਚੰਡੀਗੜ੍ਹ ਦੇ ਨੇੜੇ ਇੱਕ ਹੋਮੀ ਭਾਬਾ ਕੈਂਸਰ ਹਸਪਤਾਲ ਰਿਸਰਚ ਐਂਡ ਮੈਡੀਸ਼ਨਜ 450 ਕਰੋੜ ਰੁਪਏ ਦਾ ਪ੍ਰੋਜੈਕਟ ਮਨਜ਼ੂਰ ਕਰਵਾਇਆ ਹੈ। ਕੋਸ਼ਿਸ਼ ਮੈਂ ਕੀਤੀ ਹੈ, ਇਹ ਕਹਿੰਦੇ ਹਨ ਕਿ ਤੁਸੀਂ ਸੈਂਟਰ ਦਾ ਧੰਨਵਾਦ ਕਰੋ। ਸੈਂਟਰ ਨੇ ਚੀਜ਼ਾਂ ਦੇਣੀਆਂ ਹੁੰਦੀਆਂ ਹਨ। ਜੇ ਮੈਂ ਮੁਕਾਬਲਾ ਕਰਾਂ ਕਿ ਸੈਂਟਰ ਨੇ ਦੂਜੇ ਸੂਬਿਆਂ ਨੂੰ ਕੀ ਕੀ ਦਿੱਤਾ ਹੈ ਅਤੇ ਸਾਨੂੰ ਕੀ ਦਿੱਤਾ ਹੈ ਤਾਂ ਅਸੀਂ ਉਨ੍ਹਾਂ ਦੇ ਮੁਕਾਬਲੇ 10% ਤਾਂ ਕੀ 2% ਦੇ ਨੇੜੇ ਵੀ ਨਹੀਂ ਪਹੁੰਚਦੇ। ਲੇਕਿਨ ਚਲੋ, ਮੈਂ ਇਸ ਪ੍ਰੋਜੈਕਟ ਵਿੱਚ ਖਾਸ ਕਰਕੇ ਪ੍ਰਧਾਨ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜੋ ਇਹ ਹਸਪਤਾਲ ਬਣਿਆ ਹੈ, ਭਾਵੇਂ ਕਿ ਉਨ੍ਹਾਂ ਨੂੰ ਸਾਰੀਆਂ ਪ੍ਰਾਬਲਮਜ਼ ਮੈਂ ਹੀ ਦੱਸਦਾ ਰਿਹਾ ਹਾਂ, ਉਨ੍ਹਾਂ ਨੂੰ ਜਾ ਕੇ ਦਰਜਨਾਂ ਵਾਰੀ ਮਿਲਿਆ ਹਾਂ, ਇੱਥੇ ਵੀ ਜਦੋਂ ਉਹ ਆਉਂਦੇ ਰਹੇ ਹਨ, ਉਦੋਂ ਵੀ ਉਨ੍ਹਾਂ ਨੂੰ ਦੱਸਦਾ ਰਿਹਾ ਹਾਂ ਲੇਕਿਨ ਇਸ ਵਾਸਤੇ ਉਨ੍ਹਾਂ ਦਾ ਧੰਨਵਾਦ ਹੈ ਕਿ ਉਨ੍ਹਾਂ ਨੇ ਆਪ ਇਸ ਵਿੱਚ ਇੰਟਰਸਟ ਲਿਆ ਹੈ ਅਤੇ ਇਹ ਕੈਂਸਰ ਸੈਂਟਰ ਮਨਜ਼ੂਰ ਹੋਇਆ ਹੈ। ਅਸੀਂ ਇਸ ਵਾਸਤੇ 50 ਏਕੜ ਜ਼ਮੀਨ ਫਰੀ ਵੀ ਦਿੱਤੀ ਹੈ। ਇੱਕ ਟਾਟਾ ਮੈਮੋਰੀਅਲ ਹਸਪਤਾਲ ਬਾਰੇ ਵੀ ਮੈਂ ਦੱਸਣਾ ਚਾਹੁੰਦਾ ਹਾਂ। ਅਸੀਂ ਉਨ੍ਹਾਂ ਤੋਂ ਕੈਂਸਰ ਦਾ ਸਰਵੇ ਵੀ ਕਰਵਾਇਆ ਹੈ। ਉਨ੍ਹਾਂ ਨੇ ਪਾਪੂਲੇਸ਼ਨ ਬੇਸਡ ਕੈਂਸਰ ਰਜਿਸਟ੍ਰੇਸ਼ਨ ਕਰਵਾਈ ਹੈ। ਇਸੇ ਤਰ੍ਹਾਂ ਸਾਡੇ ਤਿੰਨ ਗੌਰਮਿੰਟ ਮੈਡੀਕਲ ਕਾਲਜ ਹਨ, ਇੱਕ ਅੰਮ੍ਰਿਤਸਰ ਵਿੱਚ ਹੈ, ਇੱਕ ਫਰੀਦਕੋਟ ਵਿੱਚ ਹੈ ਤੇ ਇੱਕ ਪਟਿਆਲੇ ਵਿਖੇ ਹੈ। ਤਿੰਨਾਂ ਵਿੱਚ ਹੀ ਅਸੀਂ ਅਲਟਰਾਮਾਡਰਨ ਕੈਂਸਰ ਫੈਸਲੀਟੀਜ਼ ਪ੍ਰੋਵਾਈਡ ਕਰ ਰਹੇ ਹਾਂ। ਇਸੇ ਤਰ੍ਹਾਂ ਅੰਮ੍ਰਿਤਸਰ ਵਿੱਚ ਇਸ ਤੋਂ ਇਲਾਵਾ ਸਟੇਟ ਕੈਂਸਰ ਇੰਸਟੀਚਿਊਟ ਵੀ ਖੋਲ੍ਹ ਰਹੇ ਹਾਂ। ਉਹ ਵੀ 120 ਕਰੋੜ ਰੁਪਏ ਦਾ ਪ੍ਰੋਜੈਕਟ ਹੈ। ਇੱਕ ਬਠਿੰਡਾ ਵਿਖੇ 100 ਬੈਡਿਡ ਦਾ ਕੈਂਸਰ ਹਸਪਤਾਲ ਖੋਲ੍ਹ ਰਹੇ ਹਾਂ ਔਰ ਇਹ ਸਾਰਾ ਕੁਝ ਜੋ ਹੋ ਰਿਹਾ ਹੈ ਕਿ ਕੀ ਮਸ਼ੀਨਰੀ ਲੈਣੀ ਹੈ, ਕਿਸ ਤਰ੍ਹਾਂ ਦਾ ਸਟਾਫ ਹੋਵੇ, ਕਿਥੋਂ ਦੀ ਟਰੇਨਿੰਗ ਹੋਵੇ, ਇਸ ਬਾਰੇ ਹਿੰਦੁਸਤਾਨ ਵਿੱਚ ਜਿਹੜੀ ਸਭ ਤੋਂ ਚੰਗੀ ਸੰਸਥਾ ਟਾਟਾ ਮੈਮੋਰੀਅਲ ਹੈ, ਇਸ ਦਾ ਪ੍ਰਬੰਧ ਉਨ੍ਹਾਂ ਨੂੰ ਦਿੱਤਾ ਹੈ। ਰਿਕਰੂਟਮੈਂਟ ਦਾ ਕੰਮ ਵੀ ਉਨ੍ਹਾਂ ਨੂੰ ਦਿੱਤਾ ਹੈ, ਸਾਰੇ ਇਕੁਇਪਮੈਂਟਸ ਦੀ ਖਰੀਦ ਦਾ ਕੰਮ ਵੀ ਉਨ੍ਹਾਂ ਨੂੰ ਦਿੱਤਾ ਹੈ, ਸਟਾਫ ਅਤੇ ਹਰ ਚੀਜ਼ ਉਹ ਕਰ ਰਹੇ ਹਨ। ਮੈਂ ਉਨ੍ਹਾਂ ਦਾ ਵੀ ਬਹੁਤ ਵੱਡਾ ਧੰਨਵਾਦ ਕਰਦਾ ਹਾਂ। ਮੈਨੂੰ ਇਹ ਵੀ ਖੁਸ਼ੀ ਹੈ ਕਿ ਐਡਵਾਂਸ ਕੈਂਸਰ ਸੈਂਟਰ, ਸੰਗਰੂਰ ਤੇ ਹੁਸ਼ਿਆਰਪੁਰ ਵਿੱਚ ਵੀ ਹੋ ਗਿਆ ਹੈ, ਇਕੱਲਾ ਇਹ ਨਹੀਂ ਕਿ ਅਸੀਂ ਹਸਪਤਾਲ ਖੋਲ੍ਹੀ ਜਾਂਦੇ

[ਮੁੱਖ ਮੰਤਰੀ]

ਹਾਂ। ਮੈਂ ਇਹ ਕਹਿ ਸਕਦਾ ਹਾਂ ਕਿ ਕੁਝ ਚਿਰ ਬਾਅਦ ਇਕੱਲੇ ਹਿੰਦੁਸਤਾਨ ਤੋਂ ਹੀ ਨਹੀਂ ਬਲਕਿ ਸਾਰੀ ਦੁਨੀਆਂ ਦੇ ਕੈਂਸਰ ਪੇਸ਼ੈਂਟ ਪੰਜਾਬ ਵਿੱਚ ਆਪਣਾ ਇਲਾਜ ਕਰਵਾਉਣ ਵਾਸਤੇ ਆਇਆ ਕਰਨਗੇ। ਇਕੱਲਾ ਇਹੀ ਨਹੀਂ ਕਿ ਹਸਪਤਾਲ ਖੁਲ੍ਹ ਰਿਹਾ ਹੈ, ਜਿਹੜੀ ਐਂਟੀ ਕੈਂਸਰ ਡਰੱਗਜ ਦੀ ਕੀਮਤ ਹੈ, ਉਹ ਵੀ ਅਫੋਰਡੇਬਲ ਪ੍ਰਾਈਜ਼ ਤੇ ਦੇਣੀ ਹੈ। ਹਰ ਹਸਪਤਾਲ ਵਿੱਚ ਲਿਖਿਆ ਹੋਵੇਗਾ ਕਿ ਇਹ ਦਵਾਈ ਇੰਨੇ ਦੀ ਦਿੰਦੇ ਹਾਂ। ਇਹ ਕਹੀ ਜਾਂਦੇ ਹਨ ਕਿ ਫਲਾਣਾ ਗਿਆ ਸੀ, ਉਸ ਨੂੰ ਪੈਸੇ ਨਹੀਂ ਮਿਲੇ। ਜਿਸ ਵੀ ਮਰੀਜ਼ ਨੂੰ ਸ਼ੱਕ ਹੈ ਕਿ ਉਸ ਨੂੰ ਕੈਂਸਰ ਹੈ, ਉਨ੍ਹਾਂ ਹਸਪਤਾਲਾਂ ਵਿੱਚ ਜਿਹੜੇ ਸਿਲੈਕਟਿਡ ਹਨ, ਇਹ ਅਸੀਂ ਸਿਲੈਕਟ ਨਹੀਂ ਕੀਤੇ, ਇਹ ਟਾਟਾ ਮੈਮੋਰੀਅਲ ਦਾ ਇੱਕ ਨੁਮਾਇੰਦਾ, ਇੱਕ ਏਮਜ਼ ਦਾ ਨੁਮਾਇੰਦਾ ਅਤੇ ਇੱਕ ਡਾਕਟਰ ਤਲਵਾੜ ਹਨ, ਇਸ ਤਰ੍ਹਾਂ ਦੇ ਬੰਦਿਆਂ ਨੂੰ ਆਖਿਆ ਹੈ ਕਿ ਜਿੱਥੇ ਜਿੱਥੇ ਪੰਜਾਬ ਵਿੱਚ ਕਿਸੇ ਵੀ ਹਸਪਤਾਲ ਵਿੱਚ ਕੈਂਸਰ ਦੇ ਟਰੀਟਮੈਂਟ ਦਾ ਇੰਤਜ਼ਾਮ ਹੈ, ਤੁਸੀਂ ਉਥੇ ਉਨ੍ਹਾਂ ਨੂੰ ਦੱਸੋ। ਉਹ ਸਾਨੂੰ ਲਿਸਟ ਬਣਾ ਕੇ ਦਿੱਤੀ ਹੈ। ਉਥੇ ਸਿਰਫ ਮਰੀਜ਼ ਨੇ ਦਾਖ਼ਲ ਹੀ ਹੋਣਾ ਹੈ, ਉਸ ਤੋਂ ਕੋਈ ਪੈਸਾ ਨਹੀਂ ਲੈਣਾ। ਜਿੰਨਾ ਖਰਚਾ ਹੋਵੇਗਾ, ਉਸ ਦਾ ਸਾਰਾ ਬਿੱਲ ਦਿੱਤਾ ਜਾਵੇਗਾ। ਉਨ੍ਹਾਂ ਹਸਪਤਾਲਾਂ ਨਾਲ ਸਾਡਾ ਐਗਰੀਮੈਂਟ ਹੋਇਆ ਹੈ ਕਿ ਤੁਸੀਂ ਆਪਣਾ ਬਿੱਲ ਭੇਜ ਦਿਆ ਕਰੋ। ਇੱਕ ਫਿਰੋਜ਼ਪੁਰ ਵਿੱਚ ਵੀ ਹਸਪਤਾਲ ਬਾਰੇ ਸਾਨੂੰ ਸ਼੍ਰੀ ਗੁਲਾਮ ਨਬੀ ਆਜ਼ਾਦ ਜੀ ਵਲੋਂ ਚਿੱਠੀ ਆਈ ਹੈ, ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ ਕਿ ਉਹ ਵੀ ਸਤਿਕਾਰ ਕਰਦੇ ਹਨ। ਉਨ੍ਹਾਂ ਨੂੰ ਵੀ ਜਾ ਕੇ ਜਦੋਂ ਕੋਈ ਗੱਲ ਕਹੀਦੀ ਹੈ ਤਾਂ ਉਹ ਮੰਨਦੇ ਹਨ। ਮੈਂ ਕਿਹਾ ਕਿ ਸਾਡਾ ਬਾਰਡਰ ਦਾ ਜ਼ਿਲ੍ਹਾ ਹੈ, ਇੱਥੇ ਵੀ ਕੋਈ ਹਸਪਤਾਲ ਖੋਲ੍ਹ ਦਿਉ। ਉਨ੍ਹਾਂ ਨੇ ਉਥੇ ਪੀ.ਜੀ.ਆਈ. ਦਾ ਇੱਕ ਸੈਂਟਰ ਖੋਲ੍ਹਣ ਵਾਸਤੇ ਮਨਜ਼ੂਰੀ ਦਿੱਤੀ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਡਰੱਗਜ਼ ਦੀ ਵੀ ਸਾਡੇ ਬਹੁਤ ਵੱਡੀ ਬਿਮਾਰੀ ਹੈ। ਕੈਂਸਰ ਤੋਂ ਬਾਅਦ ਜੇ ਮੈਂ ਸਮਝਦਾ ਹਾਂ ਕਿ ਕੋਈ ਤਕਲੀਫ ਪੰਜਾਬ ਦੀ ਹੈ ਤਾਂ ਉਹ ਡਰੱਗਜ਼ ਦੀ ਹੈ। ਇੱਕ ਇੰਡੀਅਨ ਕੌਂਸਿਲ ਆਫ ਮੈਡੀਕਲ ਰਿਸਰਚ ਸੰਸਥਾ ਹੈ, ਅਸੀਂ ਉਸ ਤੋਂ ਡਰੱਗਜ਼ ਐਡਿਕਸ਼ਨ ਪ੍ਰਾਬਲਮ ਇਨ ਦਿ ਸਟੇਟ ਬਾਰੇ ਸਟੱਡੀ ਕਰਵਾ ਰਹੇ ਹਾਂ ਤਾਂ ਕਿ ਸਾਰੀ ਪ੍ਰਾਬਲਮ ਦੂਰ ਕੀਤੀ ਜਾਵੇ ਅਤੇ ਇਸ ਦੀ ਰਜਿਸਟ੍ਰੇਸ਼ਨ ਵੀ ਕੀਤੀ ਜਾਵੇ। ਇਸ ਦੀ ਸੈਂਟਰਲ ਰਜਿਸਟ੍ਰੇਸ਼ਨ ਹੋਵੇਗੀ ਕਿ ਡਰੱਗਜ਼ ਲੈਣ ਵਾਲੇ ਕਿਹੜੇ ਕਿਹੜੇ ਬੰਦੇ ਹਨ, ਕਿਹੜੇ ਕਿਹੜੇ ਪਿੰਡ ਵਿੱਚ ਕਿੰਨੇ ਕਿੰਨੇ ਵਿਅਕਤੀ ਹਨ, ਇਹ ਵੀ ਕੀਤਾ ਜਾਵੇਗਾ। 25 ਬੈਡਿਡ ਨਵੇਂ 5 ਹਸਪਤਾਲ ਅਸੀਂ ਖੋਲ੍ਹ ਰਹੇ ਹਾਂ। ਇਨ੍ਹਾਂ ਤੇ 25 ਕਰੋੜ ਰੁਪਿਆ ਲੱਗਣਾ ਹੈ। ਹਰ ਡਿਸਟ੍ਰਿਕਟ ਦੇ ਹਸਪਤਾਲ ਵਿੱਚ 10 ਬੈੱਡ ਡਰੱਗ ਡੀਐਡਿਕਸ਼ਨ ਦੇ ਲਗਣੇ ਹਨ। ਮਦਰ ਐਂਡ ਚਾਈਲਡ ਹੈਲਥ ਕੇਅਰ ਵੀ ਬੜੀ ਵੱਡੀ ਗੱਲ ਹੈ। ਇਹ ਤਾਂ ਐਵੇਂ ਨੁਕਤਾਚੀਨੀ ਕਰਦੇ ਹਨ, ਨੁਕਤਾਚੀਨੀ ਕਰਨੀ ਬੜੀ ਸੌਖੀ ਹੈ। ਸਭ ਤੋਂ ਸੌਖਾ ਕੰਮ ਜਿਹੜਾ ਹੈ, ਉਹ ਨੁਕਤਾਚੀਨੀ ਹੀ ਹੈ। ਕੰਮ ਕਰਨਾ ਬੜਾ ਔਖਾ ਹੈ। ਇਹ ਤਾਂ ਰਿਕਾਰਡ ਦੀ ਗੱਲ ਹੈ ਕਿ 109 ਕਰੋੜ ਰੁਪਇਆ ਦਿੱਤਾ ਹੈ, ਇਨ੍ਹਾਂ ਨੇ ਇਨਫੈਂਟ ਮੌਰਟੈਲਿਟੀ ਦਾ ਰੇਟ 30 ਤੋਂ ਘਟਾ ਕੇ 28 ਕੀਤਾ ਹੈ। ਇਹ 12 ਹਸਪਤਾਲਾਂ ਵਿਚ 100 ਬੈਡਿਡ

ਸਪੈਸ਼ਲ ਵਿੰਗ ਖੋਲ੍ਹ ਰਹੇ ਹਾਂ। ਅਸੀਂ ਪੰਜਾਬ ਵਿਚੋਂ 100 ਅਜਿਹੇ ਹਸਪਤਾਲ ਛਾਂਟੇ ਹਨ, ਜਿਹੜੇ ਸਾਰੇ ਫੁਲੀ ਇਕਿਵਿਪਡ, ਪੂਰਾ ਸਟਾਫ, ਡਾਕਟਰ ਸਾਰੇ ਉਥੇ ਹੋਣਗੇ। ਜਿਹੜੀ ਵੀ ਰਿਕਰੂਟਮੈਂਟ ਚਾਹੀਦੀ ਹੈ, ਉਹ ਅਸੀਂ ਹੈਲਥ ਮਹਿਕਮੇ ਨੂੰ ਕਹਿ ਦਿੱਤਾ ਹੈ ਕਿ ਪਹਿਲ ਦੇ ਅਧਾਰ ਤੇ ਕਰਨੀ ਹੈ। ਦੇਖੋ ਅਸੀਂ ਜਿੰਨਾ ਕੁਝ ਕੀਤਾ ਹੈ, ਜੇ ਮੇਰੇ ਭਰਾ ਇਥੇ ਬੈਠੇ ਹੁੰਦੇ ਤਾਂ ਇਨ੍ਹਾਂ ਨੂੰ ਪਤਾ ਲਗਦਾ ਕਿ ਇਨ੍ਹਾਂ ਨੇ ਤਾਂ ਸੁਪਨੇ ਵਿਚ ਵੀ ਖਿਆਲ ਨਹੀਂ ਕੀਤਾ ਹੋਣਾ ਜਿੰਨਾ ਅਸੀਂ ਕੀਤਾ ਹੈ। ਇਹ ਤਾਂ ਉਹੀ ਸਰਕਾਰ ਕਰ ਸਕਦੀ ਹੈ, ਜਿਹੜੀ ਗਰੀਬਾਂ ਦੀ ਹਮਦਰਦ ਹੋਵੇ। ਨਵਾਂ ਹੈਲਥ ਮਿਸ਼ਨ ਆ ਰਿਹਾ ਹੈ, ਉਸ ਵਿਚ 40 ਸ਼ਹਿਰ ਹਨ, ਜਿਨ੍ਹਾਂ ਦੀ ਅਬਾਦੀ 50 ਹਜ਼ਾਰ ਤੋਂ ਵੱਧ ਹੈ। ਇਸ ਤਰ੍ਹਾਂ ਦੇ 40 ਸ਼ਹਿਰਾਂ ਵਿਚ ਇਹ ਸੈਂਟਰ ਖੋਲ੍ਹੇ ਜਾਣਗੇ। ਇਸ ਤੋਂ ਇਲਾਵਾ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਤਹਿਤ ਨੀਲੇ ਕਾਰਡ ਹੋਲਡਰ, ਗਰੀਬ ਆਦਮੀਆਂ ਨੂੰ 30 ਹਜ਼ਾਰ ਰੁਪਇਆ ਸਾਲ ਦਾ ਇਲਾਜ ਵਾਸਤੇ ਦਿੱਤਾ ਜਾਵੇਗਾ। ਹੁਣ ਮੈਡੀਕਲ ਐਜੂਕੇਸ਼ਨ ਹੈ, ਇਹ ਵੀ ਬੜਾ ਅਹਿਮ ਮੁੱਦਾ ਹੈ। ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਥੋੜ੍ਹੇ ਦਿਨ ਪਹਿਲਾਂ ਹੀ ਮਨਜ਼ੂਰੀ ਲਿਆਂਦੀ ਹੈ। ਮੋਹਾਲੀ ਵਿਚ ਇਕ ਨਵਾਂ 189 ਕਰੋੜ ਦਾ ਮੈਡੀਕਲ ਕਾਲਜ ਖੋਲ੍ਹਣਾ ਹੈ। ਜੇ ਐਮ.ਐਲ.ਏ. ਸਾਹਿਬ ਇਥੇ ਬੈਠੇ ਹੁੰਦੇ ਤਾਂ ਮੈਂ ਇਨ੍ਹਾਂ ਨੂੰ ਦੱਸਦਾ ਕਿ ਤੁਹਾਡੇ ਤਾਂ ਖਿਆਲ ਵਿੱਚ ਹੀ ਨਹੀਂ ਹੈ। ਮੈਡੀਕਲ ਕਾਲਜ, ਅੰਮ੍ਰਿਤਸਰ ਦੀ 200 ਕਰੋੜ ਰੁਪਏ ਖਰਚ ਕਰਕੇ ਅੱਪਗ੍ਰੇਡੇਸ਼ਨ ਕਰਨੀ ਹੈ। ਗੌਰਮਿੰਟ ਕਾਲਜ, ਪਟਿਆਲਾ ਤੇ 150 ਕਰੋੜ ਰੁਪਇਆ ਖਰਚਿਆ ਜਾ ਰਿਹਾ ਹੈ। ਇਕ ਹੋਰ ਨਵੀਂ ਗੱਲ ਕੀਤੀ ਹੈ, ਜਿਸ ਨਾਲ ਬੱਚਿਆਂ ਨੂੰ ਰੁਜ਼ਗਾਰ ਮਿਲੇਗਾ। ਬਾਬਾ ਫਰੀਦ ਯੂਨੀਵਰਸਿਟੀ ਵਿਚ ਹੈਲਥ ਸਾਇੰਸਜ਼ ਵਿਚ ਨਵੇਂ ਡਿਪਲੋਮਾ ਅਤੇ ਡਿਗਰੀ ਕੋਰਸ ਸ਼ੁਰੂ ਕੀਤੇ ਹਨ। ਇਹ ਬਹੁਤ ਵੱਡਾ ਕਦਮ ਹੈ। ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਗੱਲ ਹੈ, ਇਨ੍ਹਾਂ ਨੇ ਬੜਾ ਰੌਲਾ ਪਾਇਆ ਕਿ ਫਲਾਣੇ ਥਾਂ ਫਾਇਰਿੰਗ ਹੋ ਗਈ ਹੈ। ਜੇਕਰ 10 ਗੋਲੀਆਂ ਚੱਲੀਆਂ ਤਾਂ ਅਖਬਾਰਾਂ ਵਿਚ 100 ਆ ਜਾਂਦਾ ਹੈ ਅਤੇ ਕਾਂਗਰਸੀਆਂ ਲਈ 500 ਹੋ ਜਾਂਦੇ ਹਨ। ਕਿਉਂਕਿ ਲਾਅ ਐਂਡ ਆਰਡਰ ਦਾ ਤੁਅੱਲਕ ਸਾਰੇ ਦੇਸ਼ ਨਾਲ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦਿੱਲੀ ਦੀ ਸਰਕਾਰ ਜਿਹੜੀ ਸਾਰੇ ਦੇਸ਼ ਨੂੰ ਕੰਟਰੋਲ ਕਰ ਰਹੀ ਹੈ, ਉਸ ਦਾ ਕੀ ਹਾਲ ਹੈ। ਦੋ ਤਰ੍ਹਾਂ ਦੀ ਸਕਿਉਰਿਟੀ ਹੁੰਦੀ ਹੈ। ਜੋ ਸਰਕਾਰ ਆਪਣੇ ਦੇਸ਼ ਨੂੰ ਇੰਟਰਨਲ ਅਤੇ ਐਕਸਟਰਨਲ ਸਕਿਉਰਿਟੀ ਨਹੀਂ ਦੇ ਸਕਦੀ, ਉਹ ਕਾਹਦੀ ਸਰਕਾਰ ਹੈ। ਅੱਜ ਹਾਲਾਤ ਇਹ ਹਨ ਕਿ ਸਾਨੂੰ ਬਾਹਰੋਂ ਵੀ ਖਤਰਾ ਹੈ ਅਤੇ ਅੰਦਰੋਂ ਵੀ। ਬਾਹਰਲੀਆਂ ਫੌਜਾਂ ਸਾਡੇ ਫੌਜੀਆਂ ਦੇ ਸਿਰ ਲਾਹ ਕੇ ਲੈ ਜਾਂਦੀਆਂ ਹਨ। ਇਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ। ਇਹ ਤਾਂ ਹੈ ਐਕਸਟਰਨਲ ਸਕਿਉਰਿਟੀ ਹੈ। ਹੁਣ ਗੱਲ ਕਰੀਏ ਇੰਟਰਨਲ ਸਕਿਉਰਿਟੀ ਦੀ। ਸਾਡੇ ਦੇਸ਼ ਵਿਚ ਵੱਡੇ ਰਕਬੇ ਤੇ ਨੈਕਸਲਿਜ਼ਮ ਦਾ ਕਬਜ਼ਾ ਹੈ, ਇਹ ਹਾਲ ਹੈ। ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਸਾਡੀ ਹਾਲਤ ਇਹੋ ਜਿਹੀ ਹੈ ਕਿ ਅਸੀਂ ਕਸ਼ਮੀਰ ਦੇ ਨਾਲ ਬੈਠੇ ਹਾਂ। ਉਹ ਹਮੇਸ਼ਾ ਹੀ ਚਾਹੁੰਦੇ ਹਨ ਕਿ ਅਸੀਂ ਸਟੇਟ ਦੀ ਪੀਸ ਨੂੰ ਡਿਸਟਰਬ ਕਰੀਏ। ਇਹ ਮੈਨੂੰ ਅੱਜ ਦੱਸਣ, ਕੋਈ ਪੰਜਾਬ ਦਾ ਬੰਦਾ ਦੱਸੇ ਕਿ ਕੋਈ ਅਤਿਵਾਦ ਦੀ ਕੋਈ ਘਟਨਾ ਪੰਜਾਬ ਦੇ ਵਿਚ ਹੋਈ ਹੈ ? ਇਹ ਹੋਇਆ ਕਿਸ ਤਰ੍ਹਾਂ, **We handled with**

[ਮੁੱਖ ਮੰਤਰੀ]

timely anticipation, political sagacity, ਸਿਆਸੀ ਸੋਚ ਅਤੇ ਸੂਝ ਅਤੇ pro active and law enforcement agency of the State ਦੀ ਮਦਦ ਨਾਲ ਮਿਲ ਕੇ ਕੀਤਾ ਹੈ। ਇਥੇ ਕੋਈ ਵੀ ਅਤੇ ਇੱਕ ਵੀ ਮਿਲੀਟੈਂਸੀ ਦਾ ਕਈ ਪਿਛਲੇ ਸਾਲਾਂ ਤੋਂ ਇੰਸੀਡੈਂਟ ਨਹੀਂ ਹੋਣ ਦਿੱਤਾ। ਭਾਵੇਂ ਉਹ ਜ਼ੋਰ ਲਾਉਂਦੇ ਹਨ। ਅਸੀਂ ਬਹੁਤ ਸਾਰੇ ਲੋਕ ਫੜ੍ਹੇ ਵੀ ਹਨ। ਬਹੁਤ ਸਾਰੇ ਇਨ੍ਹਾਂ ਦੇ ਮੌਡਿਊਲਜ਼ ਨੂੰ ਅਸੀਂ ਚੈਕ ਕਰਕੇ ਫੜ੍ਹ ਕੇ ਰੋਕਿਆ ਹੈ, ਲੇਕਿਨ ਸਾਨੂੰ ਕੋਈ ਇਹ ਨਹੀਂ ਕਹਿ ਸਕਦਾ ਕਿ ਇਥੇ ਕੁਝ ਹੋਇਆ ਹੈ। ਦੂਜਾ ਜਨਰਲ ਕਰਾਈਮ ਹੁੰਦਾ, ਡਾਕਾ ਪੈ ਜਾਂਦਾ, ਕਤਲ ਹੋ ਜਾਂਦਾ, ਇਸ ਤਰ੍ਹਾਂ ਦੇ ਹੀਨੀਅਸ ਕਰਾਈਮ ਜਿਹੜੇ ਹਨ, ਜਿਥੇ ਪਾਪੂਲੇਸ਼ਨ ਇਨਕਰੀਜ਼ ਹੁੰਦੀ ਜਾਏ, ਅਰਬਨਾਈਜ਼ੇਸ਼ਨ ਹੁੰਦੀ ਹੈ, ਡਿਵੈਲਪਮੈਂਟ ਹੁੰਦੀ ਹੈ, ਉਥੇ ਕਰਾਈਮ ਵੀ ਨਾਲ ਨਾਲ ਵਧਦਾ ਹੈ। ਲੇਕਿਨ ਮੈਨੂੰ ਇਹ ਦੱਸ ਕੇ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਪੰਜਾਬ ਇੱਕ ਐਸਾ ਸੂਬਾ ਹੈ, ਜਿਥੇ ਕਰਾਈਮ inspite of the fact ਕਿ urbanisation ਹੋ ਰਹੀ ਹੈ, ਇਥੇ ਸਭ ਕੁਝ ਹੋ ਰਿਹਾ ਹੈ, ਲੇਕਿਨ ਇਥੇ ਕਰਾਈਮ ਨੂੰ ਅਸੀਂ strictly under control ਕੀਤਾ ਹੈ। ਸਪੀਕਰ ਸਾਹਿਬ, ਅਸੀਂ ਆਪਣੇ ਕਲਚਰ ਵਿੱਚ, ਸਾਰੇ ਹਿੰਦੁਸਤਾਨ ਦੇ ਕਲਚਰ ਵਿੱਚ ਔਰਤ ਦੀ ਬੜੀ ਇਜ਼ੱਤ ਕਰਦੇ ਹਾਂ। ਇਹ ਸਾਨੂੰ ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਹੀ ਜਿਵੇਂ ਕਿ ਗੁਰੂ ਨਾਨਕ ਸਾਹਿਬਾਨ ਨੇ ਫੁਰਮਾਇਆ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਅਸੀਂ ਸ਼੍ਰੋਮਣੀ ਕਮੇਟੀ ਵਿੱਚ ਵੀ ਸੀਟਾਂ ਰਿਜ਼ਰਵ ਕੀਤੀਆਂ ਹੋਈਆਂ ਹਨ। ਲੇਕਿਨ ਹੁਣ ਇਸ ਚੀਜ਼ ਨੂੰ ਕਿ ਕਿਸੇ ਵੀ ਬੀਬੀ ਜਾਂ ਲੜਕੀ ਨੂੰ ਕੋਈ ਤਕਲੀਫ਼ ਨਾ ਹੋਵੇ Mobile Women Armed Police Squad ਸਾਰੇ ਮੇਜਰ ਸਿਟੀਜ਼ ਵਿੱਚ ਰੱਖੇ ਹਨ। ਥਾਣੇ ਵਿੱਚ ਕਿਸੇ ਵੀ ਲੇਡੀ ਨੂੰ ਨਹੀਂ ਬੁਲਾਇਆ ਜਾਵੇਗਾ। ਉਸ ਦੇ ਘਰ ਜਾ ਕੇ ਹੀ ਪੁੱਛ-ਗਿਛ ਕੀਤੀ ਜਾਵੇਗੀ। ਲੇਡੀ ਤੋਂ ਪੁੱਛ-ਗਿੱਛ ਉਸ ਦੀ ਫੈਮਲੀ ਦੇ ਮੈਂਬਰਾਂ ਸਾਹਮਣੇ ਕੀਤੀ ਜਾਵੇਗੀ ਤੇ ਨਾਲ ਪੁਲਿਸ ਦੀ ਕੋਈ ਲੇਡੀ ਅਫਸਰ ਵੀ ਹੋਵੇਗੀ। ਇੱਕ ਬਹੁਤ ਵੱਡਾ ਕਦਮ ਚੁੱਕਿਆ ਹੈ। ਅਜੇ ਉਹ ਸ਼ੁਰੂ ਅਗਸਤ, 2013 ਤੋਂ ਹੀ ਹੋਇਆ ਹੈ। ਇੱਕ ਨਵੀਂ ਹੈਲਪ ਲਾਈਨ ਖੋਲ੍ਹੀ ਹੈ। ਉਹ ਕੀ ਹੈ? ਇੱਕ ਤਾਂ ਟੈਲੀਫੂਨ ਹੈ 108 ਨੰਬਰ, ਕਿਤੇ ਵੀ ਕੋਈ ਐਕਸੀਡੈਂਟ ਹੋ ਜਾਂਦਾ ਹੈ, ਜਾਂ ਕੋਈ ਪੁਲਿਸ ਦੇ ਕੰਮ ਤੋਂ ਸੈਟਿਸਫਾਈ ਨਹੀਂ ਹੁੰਦਾ, ਪੁਲਿਸ ਰਿਲੇਟਿਡ ਇਸ਼ੂ ਹੈ, ਉਸ ਦੀ ਰੀਡ੍ਰੈਸਲ ਵਾਸਤੇ ਇਹ ਸਕੀਮ ਖੋਲ੍ਹੀ ਹੈ, ਕੋਈ ਉਸ ਨੰਬਰ ਤੇ ਟੈਲੀਫੋਨ ਕਰੇ ਔਰ ਉਸ ਨੂੰ 20 ਮਿੰਟਾਂ ਵਿੱਚ ਜਵਾਬ ਦਿੱਤਾ ਜਾਵੇਗਾ। ਤੁਸੀਂ ਅਗਰ ਇਹ ਕਹੋ ਕਿ ਇਹ ਸਿਰਫ ਕਾਗਜ਼ਾਂ ਵਿੱਚ ਹੀ ਹੁੰਦਾ ਹੈ, ਇੱਕ ਪ੍ਰਾਈਵੇਟ ਏਜੰਸੀ ਇਸ ਦੀ ਫੀਡਬੈਕ ਲੈਣ ਲਈ ਮੁਕੱਰਰ ਕੀਤੀ ਹੈ। ਛੇ ਮਹੀਨਿਆਂ ਵਿੱਚ 1,40,000 ਕਾਲਰਜ਼ ਨੇ, ਲੋਕਾਂ ਨੇ ਟੈਲੀਫੋਨ ਕੀਤਾ ਹੈ ਕਿ ਸਾਨੂੰ ਇਹ ਤਕਲੀਫ ਹੈ ਤੇ ਸੈਟਿਸਫੈਕਸ਼ਨ ਵੀ ਉਨ੍ਹਾਂ ਤੋਂ ਪੁੱਛੀ ਜਾਂਦੀ ਹੈ। ਸਾਡੇ ਡੀ.ਜੀ.ਪੀ. ਦੇ ਦਫਤਰ ਵਿੱਚ ਵੀ ਹੈ। ਜੇ 100 ਬੰਦਿਆਂ ਨੇ ਸ਼ਿਕਾਇਤ ਕੀਤੀ ਹੈ ਤਾਂ ਥੋੜ੍ਹੇ ਚਿਰ ਬਾਅਦ 74 ਦੀ ਸੈਟਿਸਫੈਕਸ਼ਨ

ਹੋਈ ਹੈ। ਸਾਂਝ ਕੇਂਦਰ ਖੋਲ੍ਹੇ ਗਏ ਹਨ, ਜਿਹੜੀਆਂ ਪੁਲਿਸ ਦੀਆਂ ਸਰਵਿਸਜ਼ ਹਨ, ਹੁਣ ਇੱਕਲਾ ਥਾਣੇ ਨਹੀਂ ਜਾਣਾ ਪੈਂਦਾ, ਕਿਸੇ ਨੇ ਐਫ.ਆਈ.ਆਰ ਦੀ ਕਾਪੀ ਲੈਣੀ ਹੈ, ਆਰਮਜ਼ ਲਾਇਸੈਂਸ ਦਾ ਕੋਈ ਨੋ ਆਬਜੈਕਸ਼ਨ ਸਰਟੀਫਿਕੇਟ ਲੈਣਾ ਹੈ, ਕੋਈ ਟਰੈਵਲ ਏਜੰਟ ਨੇ ਚੀਟ ਕਰ ਲਿਆ, ਐਨ.ਆਰ.ਆਈ ਦੀ ਕੰਪਲੇਂਟ ਹੈ, ਪਾਸਪੋਰਟ ਵੈਰੀਫਿਕੇਸ਼ਨ ਹੈ, ਟ੍ਰੈਫਿਕ ਚਲਾਨ ਹੈ, ਇਹੋ ਜਿਹੀਆਂ ਗੱਲਾਂ ਵਾਸਤੇ ਅਲੱਗ ਸਾਂਝ ਕੇਂਦਰ ਖੋਲ੍ਹੇ ਗਏ ਹਨ। ਇੱਕ, ਸਪੀਕਰ ਸਾਹਿਬ, dedicated Police Station for NRI's ਹੈ। ਹੁਣ ਸਾਡਾ ਪਿਛੇ ਜਿਹੇ ਫੌਜੀਆਂ ਦਾ ਬੜਾ ਵੱਡਾ ਇੱਕਠ, ਕਾਨਫਰੰਸ ਅੰਮ੍ਰਿਤਸਰ ਵਿੱਚ ਕੀਤੀ ਹੈ। ਉਥੇ ਉਨ੍ਹਾਂ ਨੂੰ ਵੀ ਮੈਂ ਕਿਹਾ ਸੀ, ਨਾਲ ਹੀ ਜਿਹੜੇ ਐਕਸ-ਸਰਵਿਸਮੈਨ ਹਨ ਜਾਂ ਸਰਵਿੰਗ ਫੌਜੀ ਜਿਹੜੇ ਹਨ, ਉਨ੍ਹਾਂ ਨੂੰ ਇਹ ਥਾਣੇ ਸਪੈਸ਼ਲ ਕੀਤੇ ਹਨ। ਮੈਂ ਪਹਿਲਾਂ ਵੀ Rapid Rural response system ਦੀ ਗੱਲ ਛੇੜੀ ਸੀ, 20 ਮਿੰਟਾਂ ਵਾਲੀ ਜਿਹੜੀ ਮੈਂ ਗੱਲ ਦੱਸੀ ਹੈ। ਡਰੱਗਸ ਦੀ ਗੱਲ ਬੜੀ ਚੱਲੀ, ਹੁਣ ਤਾਂ ਇਹ ਠੰਡੇ ਹੋ ਗਏ। ਇਨ੍ਹਾਂ ਕਾਂਗਰਸ ਵਾਲਿਆਂ ਨੇ ਪਿਛਲੇ 2 ਮਹੀਨਿਆਂ ਵਿੱਚ ਸਾਰੇ ਪੰਜਾਬ ਦੀ ਐਨਰਜੀ ਇਸ ਤੇ ਲਗਾ ਦਿੱਤੀ, ਇੰਨ੍ਹਾਂ ਨੂੰ ਪੁਆਂਇੰਟ ਮਿਲ ਗਿਆ। ਇਨ੍ਹਾਂ ਨੇ ਧਰਨੇ ਮਾਰੇ, ਇਨ੍ਹਾਂ ਨੇ ਅਰਥੀਆਂ ਫੂਕੀਆਂ, ਆਹ ਹੋ ਗਿਆ ਜੀ, ਡਰੱਗਜ਼ ਦਾ ਤੁਅੱਲਕ ਫਲਾਣੇ ਨਾਲ ਹੈ, ਇਸ ਦੇ ਵਿੱਚ ਕੀ ਹੈ, ਸਹੀ ਮਾਅਨਿਆ ਵਿੱਚ we have started a war against drugs ਜੋ peddling ਕਰਦੇ ਹਨ, sale of drugs ਕਰਦੇ ਹਨ। ਇਸ ਦਾ ਰਿਜ਼ਲਟ ਕਿੱਥੋਂ ਪਤਾ ਲੱਗਦਾ ਹੈ ਕਿ ਕਿੰਨੀ ਡਰੱਗਜ਼ ਫੜ੍ਹੀ ਗਈ ਹੈ। ਦੂਜਾ ਕਿੰਨੇ ਬੰਦੇ ਇਹ ਕੰਮ ਕਰਨ ਵਾਲੇ ਫੜ੍ਹੇ ਗਏ ਹਨ। ਇਸ ਤੋਂ ਹੀ ਪਤਾ ਲੱਗੇਗਾ ਕਿ ਕੋਈ ਸਰਕਾਰ ਕਿੰਨਾ ਕੰਮ ਕਰ ਰਹੀ ਹੈ। ਹੁਣ 4-5 ਕਿਸਮ ਦਾ ਨਸ਼ਾ ਹੈ। ਇੱਕ ਤਾਂ ਹੈਰੋਇਨ ਹੈ। ਇਹ ਜਿਹੜੀ 2003 ਤੋਂ 2006 ਦੇ ਚਾਰ ਸਾਲਾਂ ਵਿੱਚ 108 ਕਿਲੋ ਫੜ੍ਹੀ ਗਈ ਸੀ ਪਰ ਅਸੀਂ 2013 ਵਿੱਚ ਹੀ 418 ਕਿਲੋ ਫੜ੍ਹੀ ਹੈ। ਇਹ ਹੈਰੋਇਨ ਆਉਂਦੀ ਕਿੱਥੋਂ ਹੈ। ਇਹ ਨਾ ਤਾਂ ਪੰਜਾਬ ਵਿੱਚ ਬਣਦੀ ਹੈ ਅਤੇ ਨਾ ਹੀ ਹਿੰਦੁਸਤਾਨ ਵਿੱਚ ਬਣਦੀ ਹੈ। ਇਹ ਅਫਗਾਨਿਸਤਾਨ ਵਿੱਚ ਬਣਦੀ ਹੈ। ਫਿਰ ਪਾਕਿਸਤਾਨ ਵਿੱਚ ਆਉਂਦੀ ਹੈ, ਫਿਰ ਬਾਰਡਰ ਦੇ ਥਰੂ ਆਉਂਦੀ ਹੈ। ਬਾਰਡਰ ਤੇ ਦੋ ਤਰੀਕੇ ਹਨ, ਇੱਕ ਤਾਂ ਪਾਕਿਸਤਾਨ ਨਾਲ ਜਿਹੜੇ ਸੂਬਿਆਂ ਦਾ ਬਾਰਡਰ ਲੱਗਦਾ ਹੈ ਉਥੋਂ ਆਉਂਦੀ ਹੈ ਜਾਂ ਰੇਲਵੇ ਰਾਹੀਂ, ਸਮਝੌਤਾ ਐਕਸਪ੍ਰੈਸ ਰਾਹੀਂ ਆਉਂਦੀ ਹੈ। ਇਹ ਦੋਵੇਂ ਸੈਂਟਰ ਦੇ ਕੰਟਰੋਲ ਵਿੱਚ ਹਨ। ਜਿੱਥੋਂ ਤੱਕ ਹੈਰੋਇਨ ਦਾ ਸਵਾਲ ਹੈ, ਇਸ ਤੇ ਸਾਡਾ ਕੋਈ ਕੰਟਰੋਲ ਨਹੀਂ ਹੈ ਲੇਕਿਨ ਸਾਡੀ ਐਡਮਿਨਿਸਟ੍ਰੇਸ਼ਨ ਇੰਨੀ ਐਕਟਿਵ ਹੈ ਕਿ ਪੰਜਾਬ ਸਰਕਾਰ ਨੇ ਸਾਰੇ ਹਿੰਦੁਸਤਾਨ ਤੋਂ ਜ਼ਿਆਦਾ ਹੈਰੋਇਨ ਫੜ੍ਹੀ ਹੈ। ਇੱਕ ਨਵੀਂ ਡਰੱਗ ਆਈ ਹੈ, ਆਈਸ। ਉਸ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਇਹ ਸਿੰਥੈਟਿਕ ਡਰੱਗ ਹੈ। ਇਸ ਦਾ 2009 ਤੋਂ ਪਹਿਲਾਂ ਕਿਸੇ ਨੂੰ ਪਤਾ ਨਹੀਂ ਸੀ ਹੁੰਦਾ। ਇਹ ਮੈਨੂਫੈਕਚਰ ਕੀਤੀ ਜਾਂਦੀ ਹੈ। ਇਹ ਵੀ ਅਸੀਂ 34 ਕਿਲੋ ਫੜ੍ਹੀ ਹੈ ਜਿਹੜੀ ਕਿ ਪੂਰੇ ਹਿੰਦੁਸਤਾਨ ਵਿੱਚ ਇੰਨੀ ਨਹੀਂ ਫੜ੍ਹੀ ਗਈ ਜਿੰਨੀ ਕਿ ਪੰਜਾਬ ਵਿੱਚ ਫੜੀ ਗਈ ਹੈ। ਇੱਕ ਭੁੱਕੀ ਹੈ, ਉਹ ਵੀ ਰਾਜਸਥਾਨ ਤੋਂ ਆਉਂਦੀ ਹੈ, ਸਾਡੇ ਇੱਥੇ ਤਾਂ ਹੁੰਦੀ ਨਹੀਂ। ਹੁਣ ਇਹ ਇੱਕ ਕਹਿੰਦੇ ਹਨ ਕਿ ਪਿਲਜ਼ ਹਨ, ਇਹ ਇੱਕ ਸਾਡੇ ਸੂਬੇ ਦੀ ਗੱਲ ਹੈ।

[ਮੁੱਖ ਮੰਤਰੀ]

ਪਹਿਲੀਆਂ ਤਿੰਨੇ ਬਾਹਰ ਦੀਆਂ ਹਨ। ਸਾਡਾ ਉਸ ਨਾਲ ਕੋਈ ਤਾਅਲੁੱਕ ਨਹੀਂ ਹੈ। ਜਿਹੜੀ ਸਿੰਥੈਟਿਕ ਡਰੱਗ ਹੈ, ਉਹ ਫਾਰਮਾਸੂਟੀਕਲ ਕੰਪਨੀਆਂ ਤੋਂ ਬਣਦੀ ਹੈ। ਜਿੰਨੀ ਵੀ ਫੜ੍ਹੀ ਗਈ ਹੈ, ਉਸ ਵਿੱਚ ਪੰਜਾਬ ਦੀ ਕੋਈ ਵੀ ਕੰਪਨੀ ਨਹੀਂ ਹੈ, ਜਿਸ ਤੋਂ ਇਹ ਸਬਸਟਾਂਸ ਮਿਲਿਆ ਹੋਵੇ, ਸਾਰੀਆਂ ਪੰਜਾਬ ਤੋਂ ਬਾਹਰ ਦੀਆਂ ਹਨ। ਇੱਕ ਇਹ ਠੀਕ ਹੈ ਕਿ ਜਿਹੜੇ ਟੀਕੇ ਅਤੇ ਗੋਲੀਆਂ ਹਨ, ਉਹ ਇੱਥੇ ਪੰਜਾਬ ਵਿੱਚ ਵਿਕਦੇ ਹਨ, ਉਹ ਅਸੀਂ ਤਿੰਨ ਕਰੋੜ ਫੜ੍ਹੇ ਹਨ। 2013 ਵਿੱਚ ਤਿੰਨ ਕਰੋੜ ਫੜ੍ਹੇ ਹਨ ਅਤੇ ਡਰੱਗ ਸਮੱਗਲਰ 16,800 ਫੜ੍ਹੇ ਹਨ। ਇਨ੍ਹਾਂ ਨੂੰ ਸਾਨੂੰ ਸ਼ਾਬਾਸ਼ ਦੇਣੀ ਚਾਹੀਦੀ ਸੀ। ਡਰੱਗ ਗੈਂਗ ਜਿਹੜੇ ਫੜ੍ਹੇ ਹਨ, ਇਹ ਕਿਸ ਨੇ ਫੜ੍ਹੇ ਹਨ। ਇਹ ਪੰਜਾਬ ਪੁਲਿਸ ਨੇ ਫੜ੍ਹੇ ਹਨ। ਇਨ੍ਹਾਂ ਨੂੰ ਪੰਜਾਬ ਤੋਂ ਬਾਹਰ ਛਾਪੇ ਮਾਰ ਕੇ ਫੜਿਆ ਗਿਆ ਹੈ। ਕੋਈ ਝਾਰਖੰਡ ਤੋਂ ਫੜ੍ਹਿਆ ਹੈ, ਕੋਈ ਛੱਤੀਸਗੜ੍ਹ ਤੋਂ ਫੜ੍ਹਿਆ ਹੈ, ਕੋਈ ਰਾਜਸਥਾਨ ਤੋਂ ਫੜ੍ਹਿਆ ਹੈ, ਹਰਿਆਣਾ ਤੋਂ ਫੜ੍ਹਿਆ ਹੈ, ਐਮ.ਪੀ. ਤੋਂ ਫੜਿਆ ਹੈ, ਸਾਰੇ ਸੂਬਿਆਂ, ਗੋਆ ਤੱਕ ਤੋਂ ਫੜ੍ਹੇ ਗਏ ਹਨ। ਸਾਡੀ ਪੁਲਸ ਉਥੇ ਜਾ ਕੇ ਵੱਡੇ ਗੈਂਗਾਂ ਨੂੰ ਫੜ੍ਹ ਕੇ ਲੈ ਕੇ ਆਏ ਹਨ। ਇਹ ਭੋਲੇ ਦਾ ਗੈਂਗ ਤਾਂ ਇੱਕ ਹੈ, ਇਸ ਤੋਂ ਵੱਡੇ-ਵੱਡੇ ਗੈਂਗ ਪੰਜਾਬ ਪੁਲਿਸ ਨੇ ਫੜ੍ਹੇ ਹਨ। ਹੁਣ ਡੀਐਡਿਕਸ਼ਨ ਵੀ ਕਰ ਦਿੱਤੀ ਜਾਂਦੀ ਹੈ। ਜਿਹੜੇ ਐਡਿਕਟ ਸਨ, ਉਹ ਵੀ ਹੁਣ ਡੀਐਡਿਕਸ਼ਨ ਸੈਂਟਰਾਂ ਵੱਲ ਜਾ ਰਹੇ ਹਨ।

ਸਪੀਕਰ ਸਾਹਿਬ, ਮੈਂ ਇਹ ਵੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਕੱਲ੍ਹ ਹੀ ਇਹ ਦਮ ਛੱਡ ਗਏ ਸਨ। ਕੱਲ੍ਹ ਇਹ ਮੰਨ ਗਏ ਸਨ। ਲੀਡਰ ਆਫ ਦੀ ਆਪੋਜ਼ੀਸ਼ਨ ਨੇ ਆਪ ਕਿਹਾ ਕਿ ਮੈਂ ਮਜੀਠੀਆ ਸਾਹਿਬ ਨੂੰ ਕਲੀਨ ਚਿੱਟ ਦਿੰਦਾ ਹਾਂ। ਹੁਣ ਇਹ ਮੁੱਕਰ ਗਏ ਹਨ ਕਿਉਂਕਿ ਪਾਰਟੀ ਤੋਂ ਡੰਡਾ ਵੱਜਿਆ ਹੈ। ਸੱਚਾਈ ਤਾਂ ਮੂੰਹ ਵਿੱਚੋਂ ਨਿਕਲ ਜਾਂਦੀ ਹੈ। ਚਲੋ, ਮੈਂ ਛੱਡ ਦਿੰਦਾ ਹਾਂ। ਨਾ ਇਨ੍ਹਾਂ ਦੀ ਗੱਲ ਮੰਨੋ, ਨਾ ਸਾਡੀ ਗੱਲ ਮੰਨੋ, 5 ਤਾਰੀਖ ਨੂੰ ਉਥੇ ਹਾਈ ਕੋਰਟ ਦੇ ਬੈਂਚ ਅੱਗੇ ਬਹਿਸ ਹੋਈ ਸੀ ਔਰ the Bench asserted that on perusal of the status report, we have no reason to say that the investigation is not proceeding properly. ਇਹ ਸਾਰੇ ਮੁੱਦੇ ਜਿਹੜੇ ਡਰੱਗਜ਼ ਨਾਲ ਰਿਲੇਟਿਡ ਸੀ, ਇਕੱਲੀ ਪੰਜਾਬ ਸਰਕਾਰ ਹੀ ਨਹੀਂ, ਇਨ੍ਹਾਂ ਦੀਆਂ ਸਾਰੀਆਂ ਏਜੰਸੀਆਂ ਹਨ, ਸੈਂਟਰ ਦੀਆਂ 4-5 ਏਜੰਸੀਆਂ ਹਨ, ਉਹ ਵੀ ਪੰਜਾਬ ਪੁਲਿਸ ਨਾਲ ਕੋਆਪਰੇਟ ਕਰਦੀਆਂ ਹਨ। ਉਹ ਹਰ ਚੀਜ਼ ਪੰਜਾਬ ਪੁਲਿਸ ਨਾਲ ਇਕੱਠੇ ਹੋ ਕੇ ਕਰਦੀਆਂ ਹਨ। ਪੰਜਾਬ ਪੁਲਿਸ ਦੀਆਂ ਦੋ ਰਿਪੋਰਟਾਂ ਤੇ ਹਾਈ ਕੋਰਟ ਨੇ ਕਿਹਾ ਹੈ, ਇਨ੍ਹਾਂ ਦੇ ਜਗਮੀਤ ਸਿੰਘ ਬਰਾੜ ਸਾਹਿਬ ਵੀ ਹਾਈਕੋਰਟ ਗਏ ਸਨ, ਹਾਜ਼ਰ ਵੀ ਹੋਏ, ਦੂਜਿਆ ਦੇ ਵਕੀਲ ਹਾਜ਼ਰ ਹੋਏ, ਇਨ੍ਹਾਂ ਦੀਆਂ ਰਿੱਟਾਂ ਖਾਰਜ ਹੋਈਆਂ। ਬਾਜਵੇ ਦੀ ਰਿੱਟ ਖਾਰਜ ਹੋਈ, ਦੂਜੇ ਇੱਕ ਹੋਰ ਸੀ, ਉਹ ਵੀ ਖਾਰਜ ਕੀਤੀਆਂ ਤੇ ਉਨ੍ਹਾਂ ਨੇ ਇਹ ਲਿਖ ਦਿੱਤਾ ਹੈ :

> The Bench asserted: ...... on perusal of the status report we have no reason to say that the investigation is not proceeding properly.

They are fully satisfied. ਜਿਹੜੀ ਚੀਜ਼ ਹਾਈ ਕੋਰਟ ਦੇਖ ਰਹੀ ਹੈ ਜਾਂ ਉਸ ਦੇ ਅੰਡਰ ਐਗਜ਼ਾਮੀਨੇਸ਼ਨ ਵਿੱਚ ਹੈ, ਫਿਰ ਕਿਸੇ ਹੋਰ ਚੀਜ਼ ਦੀ ਲੋੜ ਨਹੀਂ। ਉਨ੍ਹਾਂ ਨੇ ਸਾਰੇ ਪੱਖ ਵੇਖਣੇ ਹਨ। ਉਨ੍ਹਾਂ ਨੇ ਕਿਹਾ ਹੈ, ਮੈਂ ਨਹੀਂ ਸੁਣਿਆ ਪਰ ਅਖਬਾਰ ਵਿੱਚ ਆਇਆ ਹੈ, ਟ੍ਰਿਬਿਊਨ ਵਿੱਚ ਆਇਆ ਹੈ ਕਿ ਇਸ ਨੂੰ ਪੁਲੀਟੀਕਲਾਈਜ਼ ਨਾ ਕਰਵਾਓ ਔਰ ਨਾਲ ਕਾਂਗਰਸ ਵਾਲਿਆਂ ਨੂੰ ਇਹ ਵੀ ਕਿਹਾ ਹੈ ਕਿ ਤੁਸੀਂ ਆਪਣੇ ਹੁੰਦਿਆਂ ਕੀ ਕੀਤਾ ਸੀ। ਇਹ ਵੀ ਮੈਂ ਟ੍ਰਿਬਿਊਨ ਅਖਬਾਰ ਵਿੱਚ ਪੜ੍ਹਿਆ ਹੈ। ਇਸ ਲਈ ਲਾਅ ਐਂਡ ਆਰਡਰ ਦੀ ਗੱਲ ਜੋ ਹੈ, ਇਸ ਪੱਖੋਂ ਪੰਜਾਬ ਠੀਕ ਹੈ ।

ਸਪੀਕਰ ਸਾਹਿਬ, ਐਜੂਕੇਸ਼ਨ ਦੀ ਹੁਣ ਮੈਂ ਗੱਲ ਕਰਦਾ ਹਾਂ। ਮੈਂ ਹਰ ਗੱਲ ਜੋ ਕੁਝ ਪੰਜਾਬ ਵਿੱਚ ਹੋਇਆ ਹੈ, ਉਹ ਹੀ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਪੰਜਾਬ ਵਿੱਚ ਜਦੋਂ ਇਨ੍ਹਾਂ ਦੀ ਸਰਕਾਰ ਨੇ ਚਾਰਜ ਸੰਭਾਲਿਆ ਸੀ, ਸਕੂਲ ਐਜੂਕੇਸ਼ਨ ਵਿੱਚ ਅਸੀਂ 14ਵੇਂ ਨੰਬਰ ਤੇ ਸੀ ਤੇ ਹੁਣ ਅਸੀਂ ਤੀਜੇ ਨੰਬਰ ਤੇ ਆ ਗਏ ਹਾਂ। ਗਿਆਰਾਂ ਛਾਲਾਂ ਮਾਰੀਆਂ ਹਨ। (ਥੰਪਿੰਗ) ਇਹ ਮੈਂ ਨਹੀਂ ਕਹਿੰਦਾ, ਸੈਂਟਰ ਦਾ ਜੋ ਐਜੂਕੇਸ਼ਨ ਡਿਵੈਲਪਮੈਂਟ ਇੰਡੈਂਕਸ ਹੈ, ਉਹ ਦੱਸ ਰਿਹਾ ਹੈ। ਸਪੀਕਰ ਸਾਹਿਬ, ਇੱਕ ਐਜੂਕੇਸ਼ਨ ਦੇ ਖੇਤਰ ਵਿੱਚ ਪੰਜਾਬ ਨੂੰ ਪ੍ਰੈਜ਼ੀਡੈਂਟ ਸਾਹਿਬ ਤੋਂ ਇਨਾਮ ਮਿਲਿਆ ਹੈ। ਉਹ ਸਾਡੇ ਬੱਚਿਆਂ ਨੂੰ ਮਿਲਿਆ ਹੈ, for creating energy conservation awareness among students. ਔਰ ਇਸ ਵਿੱਚ ਆਨਰੇਬਲ ਪ੍ਰੈਜ਼ੀਡੈਂਟ ਆਫ ਇੰਡੀਆ ਨੇ ਪੰਜਾਬ ਦੇ ਬੱਚਿਆਂ ਨੂੰ ਸਾਰੇ ਹਿੰਦੁਸਤਾਨ ਵਿੱਚੋਂ ਪਹਿਲਾ ਇਨਾਮ ਦਿੱਤਾ ਹੈ। ਇਸ ਤੋਂ ਇਲਾਵਾ ਅਸੀਂ ਐਜੂਕੇਸ਼ਨ ਟੀਚਰ ਬਹੁਤ ਜ਼ਿਆਦਾ ਭਰਤੀ ਕੀਤੇ ਹਨ। ਸਾਡੀ ਹੁਣ ਪਲਾਨ ਇਹ ਹੈ ਕਿ ਜਿੰਨੇ ਸਕੂਲ ਹਨ, ਚਾਹੇ ਪ੍ਰਾਇਮਰੀ ਹੈ ਜਾਂ ਸੈਕੰਡਰੀ ਹੈ, ਉਥੇ ਜਿੰਨੇ ਟੀਚਰਾਂ ਦੀ ਲੋੜ ਹੈ, ਉਹ ਪੂਰੇ ਕਰਨੇ ਹਨ। ਇਸ ਦੇ ਨਾਲ ਹੀ ਮੈਂ ਮਹਿਕਮੇ ਨੂੰ ਹਦਾਇਤ ਦਿੱਤੀ ਹੈ ਕਿ ਹਰ ਸਾਲ ਜਿੰਨੇ ਟੀਚਰ ਰਿਟਾਇਰ ਹੋਣਗੇ, ਉਨੀ ਭਰਤੀ ਤੁਸੀਂ ਹਰ ਸਾਲ ਕਰਨੀ ਹੈ ਤਾਂ ਕਿ ਕੋਈ ਸਕੂਲ ਖਾਲੀ ਨਾ ਰਹਿ ਜਾਵੇ। ਇਸੇ ਤਰ੍ਹਾਂ ਵੋਕੇਸ਼ਨਲ ਐਜੂਕੇਸ਼ਨ ਬੜੀ ਜ਼ਰੂਰੀ ਹੈ। ਇਸ ਸਾਲ 100 ਸਕੂਲਾਂ ਵਿੱਚ ਵੋਕੇਸ਼ਨਲ ਟੀਚਿੰਗ ਅਸੀਂ ਸ਼ੁਰੂ ਕਰ ਰਹੇ ਹਾਂ। ਹੁਣ ਇਹ ਫੈਸਲਾ ਹੀ ਕਰ ਦਿੱਤਾ ਹੈ ਕਿ ਜਿਹੜੇ ਪਿੰਡ 5000 ਦੀ ਪਾਪੂਲੇਸ਼ਨ ਵਾਲੇ ਹਨ ਜਾਂ ਉਸ ਦੇ ਪੰਜ ਕਿਲੋਮੀਟਰ ਦੇ ਨੇੜੇ ਕੋਈ +2 ਸਕੂਲ ਨਹੀਂ ਹੈ, ਉਨ੍ਹਾਂ ਪਿੰਡਾਂ ਦੇ ਸਾਰੇ ਸਕੂਲਾਂ ਨੂੰ ਅਪਗਰੇਡ ਕਰ ਦਿੱਤਾ ਜਾਵੇ। ਇਹ ਜਨਰਲ ਇੰਸਟਰਕਸ਼ਨ ਦੇ ਦਿੱਤੀਆਂ ਗਈਆਂ ਹਨ। (ਥੰਪਿੰਗ) ਲੜਕੀਆਂ ਨੂੰ ਸਾਈਕਲਾਂ ਦਿੱਤੀਆਂ ਗਈਆਂ ਹਨ। ਸਪੀਕਰ ਸਾਹਿਬ, ਹਰਗੋਬਿੰਦ ਖੁਰਾਣਾ ਸਕੀਮ ਕੀ ਹੈ? ਇਹ ਇਸ ਨੂੰ ਛੋਟੀ ਸਕੀਮ ਸਮਝਦੇ ਹਨ। ਇਹ ਕੋਈ ਗਿਲਾ ਹੁੰਦਾ ਸੀ ਕਿ ਤੁਸੀਂ ਐਜੂਕੇਸ਼ਨ ਤੇ ਸਭ ਤੋਂ ਵੱਧ ਜ਼ੋਰ ਦਿੰਦੇ ਹੋ। ਮੈਨੂੰ ਵੀ ਮਿਲਦੇ ਹੋ, ਤੁਸੀਂ ਕਹਿੰਦੇ ਹੋ। ਐਜੂਕੇਸ਼ਨ ਤੋਂ ਬਿਨਾਂ ਗਰੀਬ ਦਾ ਕੁਝ ਨਹੀਂ ਬਣ ਸਕਦਾ ਪਰ ਗਰੀਬ ਬਾਰੇ ਸੋਚਿਆ ਕਿਸ ਨੇ ਹੈ? ਅਸੀਂ। ਹਰਗੋਬਿੰਦ ਖੁਰਾਣਾ ਸਕੀਮ ਕੀ ਹੈ ਕਿ ਗੌਰਮਿੰਟ ਸਕੂਲਾਂ ਵਿੱਚ ਜਿਹੜੇ ਬੱਚੇ ਪੜ੍ਹਦੇ ਹਨ, ਉਹ ਗਰੀਬਾਂ ਦੇ ਪੜ੍ਹਦੇ ਹਨ। ਭਾਵੇਂ ਗਰੀਬ ਕਿਸਾਨ ਹੈ, ਭਾਵੇਂ ਗਰੀਬ

[ਮੁੱਖ ਮੰਤਰੀ]

ਦਲਿਤ ਹੈ ਤੇ ਉਹ ਵਿਚਾਰੇ ਕਿੰਨੇ ਵੀ ਕਾਬਲ ਹੋਣ, ਉਹ ਆਪਣੀ ਅਗਲੀ ਐਜੂਕੇਸ਼ਨ ਕੰਟੀਨਿਊ ਨਹੀਂ ਕਰ ਸਕਦੇ। ਇਸ ਕਰਕੇ ਉਨ੍ਹਾਂ ਨੂੰ 30,000 ਰੁਪਿਆ ਸਾਲ ਦਾ ਵਜ਼ੀਫਾ ਦਿੱਤਾ ਜਾਵੇਗਾ ਜਾਂ 2500 ਰੁਪਿਆ ਮਹੀਨਾ ਦਿੱਤਾ ਜਾਵੇਗਾ। ਅਗਲੇ ਸਾਲ ਤੋਂ ਅਸੀਂ ਗੱਲ ਹੀ ਮੁਕਾ ਦੇਣੀ ਹੈ। ਅਗਲੇ ਸਾਲ ਤੋਂ ਛੇ ਰੈਜ਼ੀਡੈਂਟਸ ਸਕੂਲ ਵੱਡੇ ਸ਼ਹਿਰਾਂ ਵਿੱਚ ਖੋਲ੍ਹ ਰਹੇ ਹਾਂ- ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਮੁਹਾਲੀ, ਬਠਿੰਡਾ । ਇਹ ਵੱਡੇ ਸ਼ਹਿਰਾਂ ਵਿੱਚ ਖੋਲ੍ਹੇ ਜਾ ਰਹੇ ਹਨ। ਇਹ ਵੱਡੇ ਸ਼ਹਿਰਾਂ ਵਿੱਚ ਕਿਉਂ ਖੋਲ੍ਹ ਰਹੇ ਹਾਂ? ਕਿਉਂਕਿ ਛੋਟੇ ਸ਼ਹਿਰਾਂ ਵਿੱਚ ਚੰਗੇ ਟੀਚਰ ਨਹੀਂ ਆਉਂਦੇ, ਭਾਵੇਂ ਕਿੰਨੀ ਹੀ ਕੋਸ਼ਿਸ਼ ਕਰ ਲਈਏ। ਉਨ੍ਹਾਂ ਸਕੂਲਾਂ ਵਿੱਚ ਪਿੰਡਾਂ ਦੇ ਗਰੀਬ ਬੱਚੇ ਪੜ੍ਹਨਗੇ ਜਾਂ ਸ਼ਹਿਰਾਂ ਦੇ ਗਰੀਬ ਬੱਚੇ ਪੜ੍ਹਨਗੇ। ਉਥੇ ਹੋਸਟਲ ਹੋਣਗੇ। ਪੰਜ-ਛੇ ਬੱਚੀਆਂ ਦਾ ਹੋਸਟਲ ਅਤੇ ਚਾਰ ਸੌ ਲੜਕਿਆਂ ਦਾ ਹੋਸਟਲ ਹੋਵੇਗਾ। ਅੱਜ ਕੱਲ੍ਹ ਬੱਚੇ ਘੱਟ ਗਏ ਹਨ। ਉਥੇ ਉਨ੍ਹਾਂ ਨੂੰ ਫਰੀ ਰੋਟੀ ਦਿੱਤੀ ਜਾਵੇਗੀ, ਫਰੀ ਕੱਪੜਾ, ਫਰੀ ਰਹਿਣਾ। ਇੱਕ ਵਾਰ ਮਾਪਿਆਂ ਨੇ ਬੱਚਿਆਂ ਨੂੰ ਇੱਥੇ ਦਾਖਲ ਕਰਵਾ ਦੇਣਾ ਹੈ ਤੇ ਉਸ ਤੋਂ ਬਾਅਦ ਫਿਰ ਅਸੀਂ ਉਸ ਦੀ ਸਾਰੀ ਸਕੀਮ ਚਲਾਉਣੀ ਹੈ। ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਪਰਵਾਰਾਂ ਦੇ ਬੱਚੇ ਵੀ ਪੁਲਿਸ ਕਪਤਾਨ ਬਣ ਸਕਣਗੇ, ਡੀ. ਸੀ. ਬਣ ਸਕਣਗੇ, ਡਾਕਟਰ ਬਣ ਸਕਣਗੇ, ਇੰਜੀਨੀਅਰ ਬਣ ਸਕਣਗੇ, ਜਿਨ੍ਹਾਂ ਨੇ ਕਦੀ ਸੁਪਨਾ ਵੀ ਨਹੀਂ ਲਿਆ। (ਥੰਪਿੰਗ) ਇਸ ਤੋਂ ਇਲਾਵਾ ਅਗਲੇ ਦੋ ਸਾਲਾਂ ਵਿੱਚ ਸਾਰੇ ਪ੍ਰਾਇਮਰੀ ਸਕੂਲਾਂ ਵਿੱਚ ਫਰਨੀਚਰ ਵੀ ਦੇ ਦੇਣਾ ਹੈ। ਇਸ ਤੋਂ ਇਲਾਵਾ ਅਸੀਂ ਇੱਕ ਰੈਗੂਲੇਟਰੀ ਅਥਾਰਟੀ ਬਣਾਈ ਹੈ? ਇਸ ਦਾ ਕੀ ਕੰਮ ਹੈ ਕਿ ਜਿਹੜੇ ਪ੍ਰਾਈਵੇਟ ਸਕੂਲ ਵੱਧ ਫੀਸਾਂ ਲੈਂਦੇ ਹਨ, ਉਹ ਨਾ ਲੈ ਸਕਣ। ਰੈਗੂਲੇਟਰੀ ਅਥਾਰਟੀ ਇਹ ਕੰਮ ਕਰੇਗੀ। ਇੱਕ ਅਸੀਂ ਬਹੁਤ ਵੱਡਾ ਫੈਸਲਾ ਲਿਆ ਹੈ ਕਿ ਪੈਨਸ਼ਨ ਸਕੀਮ ਫਾਰ ਏਡਿਡ ਸਕੂਲ ਟੀਚਰ ਲਾਗੂ ਕੀਤੀ ਹੈ, 342 ਕਰੋੜ ਰੁਪਿਆ ਉਨ੍ਹਾਂ ਨੂੰ ਇਨੀਸ਼ੀਅਲ ਗਰਾਂਟ ਦਿੱਤੀ ਹੈ। ਇਹ ਕੰਮ ਕਈ ਸਾਲਾਂ ਤੋਂ ਲਟਕ ਰਿਹਾ ਸੀ ਤੇ ਇਹ ਕੰਮ ਅਸੀਂ ਪੂਰਾ ਕੀਤਾ ਹੈ। ਹੁਣ ਹਾਇਰ ਐਜੂਕੇਸ਼ਨ ਹੈ, ਜਿਹੜੇ ਫਿਕਸ ਹਨ, ਉਨ੍ਹਾਂ ਤੋਂ ਤਾਂ ਕੋਈ ਭੱਜ ਨਹੀਂ ਸਕਦਾ। ਸਪੀਕਰ ਸਾਹਿਬ, ਜਦੋਂ ਦਾ ਪੰਜਾਬ ਵਜੂਦ ਵਿੱਚ ਆਇਆ ਹੈ, ਸਾਡੇ ਤਿੰਨ ਯੂਨੀਵਰਸਿਟੀਆਂ ਸਨ। ਹੁਣ ਇਸ ਪੀਰੀਅਡ ਵਿੱਚ ਅਸੀਂ ਨਵੀਆਂ ਅੱਠ ਯੂਨੀਵਰਸਿਟੀਆਂ ਖੋਲ੍ਹ ਦਿੱਤੀਆਂ ਹਨ, ਜਿਹੜੀਆਂ ਕੰਮ ਕਰਦੀਆਂ ਹਨ। ਅੱਠ ਯੂਨੀਵਰਸਿਟੀਆਂ ਦੇ ਲੈਟਰ ਆਫ ਇੰਟੈਂਟ ਦੇ ਦਿੱਤੇ ਹਨ। ਗੌਰਮਿੰਟ ਕਾਲਜ 19 ਹੋਰ ਖੋਲ੍ਹ ਦਿੱਤੇ ਹਨ ਅਤੇ 22 ਹੋਰ ਖੋਲ੍ਹ ਰਹੇ ਹਾਂ। ਮਤਲਬ ਹਾਇਰ ਐਜੂਕੇਸ਼ਨ ਅਤੇ ਐਜੂਕੇਸ਼ਨ ਵਿੱਚ ਬਹੁਤ ਵੱਡਾ ਹਿੱਸਾ ਅਸੀਂ ਪਾਇਆ ਹੈ। ਹੁਣ ਸਾਡੇ ਸ਼ਹਿਰਾਂ ਦੀ ਗੱਲ ਆਈ ਸੀ। ਸਪੀਕਰ ਸਾਹਿਬ, ਸਾਡੇ 145 ਪੁਰਾਣੇ ਵੱਡੇ ਸ਼ਹਿਰ ਹਨ ਅਤੇ 18 ਸ਼ਹਿਰਾਂ ਵਿੱਚ ਹੋਰ ਨਗਰ ਪੰਚਾਇਤਾਂ ਬਣ ਗਈਆਂ ਹਨ। ਹੁਣ ਇਨ੍ਹਾਂ ਦਾ ਵੱਡਾ ਕੰਮ ਕੀ ਹੁੰਦਾ ਹੈ, ਵਾਟਰ ਸਪਲਾਈ, ਸੀਵਰੇਜ, ਸੜਕਾਂ ਤੇ ਲਾਈਟਸ। ਕੰਮ ਤਾਂ ਹੋਰ ਵੀ ਹੁੰਦੇ ਹਨ ਪਰ ਇਹ ਮਿਨੀਮਮ ਹੈ। ਮੈਂ ਡਿਟੇਲ ਵਿੱਚ ਨਹੀਂ ਜਾਣਾ ਚਾਹੁੰਦਾ ਕਿ ਕਿੰਨੇ ਹੋ ਗਏ ਹਨ ਅਤੇ ਕਿੰਨੇ ਰਹਿੰਦੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ

ਅਗਲੇ ਤਿੰਨ ਸਾਲ ਜਿਹੜੇ ਇਸ ਸਰਕਾਰ ਦੇ ਹਨ, ਸਰਕਾਰ ਤਾਂ ਇਸ ਤੋਂ ਬਾਅਦ ਵੀ ਆਪਣੀ ਬਣਨੀ ਹੈ, ਪਰ ਇਨ੍ਹਾਂ ਤਿੰਨ ਸਾਲਾਂ ਵਿੱਚ ਕੋਈ ਵੀ ਸ਼ਹਿਰ ਨਹੀਂ ਰਹੇਗਾ, ਜਿਸ ਵਿੱਚ ਵਾਟਰ ਸਪਲਾਈ, ਸੀਵਰੇਜ, ਸੀਵਰੇਜ ਟਰੀਟਮੈਂਟ ਪਲਾਂਟ, ਸੜਕ ਤੇ ਲਾਈਟ ਨਹੀਂ ਹੋਵੇਗੀ। ਅਸੀਂ ਸੀਵਰੇਜ ਬੋਰਡ ਨੂੰ ਰੀਕੰਸਟਰਕਟ ਕਰ ਦਿੱਤਾ ਹੈ ਅਤੇ ਇੱਕ ਅਫਸਰ ਸੀ.ਈ.ਓ. ਲਗਾ ਦਿੱਤਾ ਹੈ। ਜਿਹੜੀਆਂ ਪੰਜ-ਛੇ ਕਾਰਪੋਰੇਸ਼ਨਾਂ ਹਨ, ਉਹ ਆਪਣੇ ਚੀਫ ਇੰਜੀਨੀਅਰ ਆਪ ਲਗਾਉਣਗੀਆਂ। ਬਾਕੀਆਂ ਲਈ ਬੋਰਡ ਹੈ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਦਸ ਸਾਲ ਤੱਕ ਜਿਹੜਾ ਠੇਕੇਦਾਰ ਕੰਮ ਲਵੇਗਾ, ਉਸ ਦੀ ਮੇਨਟੇਨੈਂਸ ਵੀ ਉਹੀ ਕਰੇਗਾ। ਸਾਡੇ ਇਹ ਵੀ ਹੋਇਆ ਹੈ ਕਿ ਜਿਹੜੇ ਗਰੀਬ ਸੀਵਰੇਜ ਠੀਕ ਕਰਦੇ ਹਨ, ਉਨ੍ਹਾਂ ਦੀ ਬੜੀ ਡੈਥ ਹੁੰਦੀ ਹੈ, ਕਈ ਮਰ ਗਏ ਹਨ, ਜਿਹੜੀਆਂ ਵੱਡੀਆਂ ਸੱਕਸ਼ਨ ਮਸ਼ੀਨਾਂ ਹਨ, ਫਿਰ ਕੋਈ ਬੰਦਾ ਭੇਜਣ ਦੀ ਲੋੜ ਨਹੀਂ, ਵੱਡੀਆਂ ਕਾਰਪੋਰੇਸ਼ਨਾਂ ਅਤੇ ਚੰਗੀਆਂ ਕਮੇਟੀਆਂ ਨੂੰ ਹਦਾਇਤ ਕਰ ਦਿੱਤੀ ਹੈ ਕਿ ਸੱਕਸ਼ਨ ਮਸ਼ੀਨ ਹੋਵੇ। ਸਿਟੀ ਟਰਾਂਸਪੋਰਟ ਹੈ, ਮੈਂ ਉਸ ਵਿੱਚ ਜਾਣਾ ਨਹੀਂ ਚਾਹੁੰਦਾ। ਇਹ ਖੁਲ੍ਹ ਗਈ ਹੈ, ਸਾਰਿਆਂ ਨੂੰ ਪਤਾ ਹੈ। ਰੈਪਿਡ ਬੱਸ ਸਰਵਿਸ ਸ਼ਹਿਰਾਂ ਵਿੱਚ ਚਲਾਉਣੀ ਹੈ, ਜਿਹੜੀ ਕਿ ਅੰਮ੍ਰਿਤਸਰ ਵਿੱਚ 495 ਕਰੋੜ ਨਾਲ ਸ਼ੁਰੂ ਹੋ ਰਹੀ ਹੈ। ਉਹ ਵੀ ਅਪਰੂਵ ਹੋ ਗਈ ਹੈ। ਲੁਧਿਆਣਾ ਵਿੱਚ ਵੀ ਕਰ ਲਈ ਹੈ। ਇੱਕ ਸੈਂਟਰਲਾਈਜ਼ ਪੈਨਸ਼ਨ ਫੰਡ ਹੈ, ਜਿੰਨੇ ਮਿਉਂਸਿਪਲ ਕਮੇਟੀਆਂ ਦੇ ਇੰਪਲਾਈਜ਼ ਹਨ, ਜਿਵੇਂ ਤਨਖਾਹ ਮਿਲਦੀ ਹੈ, ਉਸੇ ਤਰ੍ਹਾਂ ਪੈਨਸ਼ਨ ਫੰਡ ਸੈਂਟਰਲਾਈਜ਼ ਕਰ ਲਿਆ ਹੈ। ਨਾ ਖਜ਼ਾਨੇ ਵਿੱਚ ਜਾਣ ਦੀ ਲੋੜ ਹੈ ਅਤੇ ਨਾ ਹੋਰ ਕਿਤੇ, ਸੱਤ ਤਰੀਕ ਨੂੰ ਹਰ ਮਹੀਨੇ ਉਨ੍ਹਾਂ ਨੂੰ ਪੈਨਸ਼ਨ ਦਿੱਤੀ ਜਾਏਗੀ। ਸ਼ਹਿਰਾਂ ਵਿੱਚ ਇੱਕ ਸੈਪਰੇਟ ਡਾਇਰੈਕਟੋਰੇਟ ਫਾਇਰ ਬਣਾ ਦਿੱਤਾ ਹੈ, ਜਿਹੜਾ ਇਸ ਚੀਜ਼ ਨੂੰ ਕਰੇਗਾ। ਸੀ.ਐਲ.ਯੂ. ਦੇ ਝਗੜੇ ਹੁੰਦੇ ਸੀ। ਉਹ ਹੁਣ ਕਾਰਪੋਰੇਸ਼ਨਾਂ ਦੇ ਕਮਿਸ਼ਨਰਾਂ ਨੂੰ ਅਧਿਕਾਰ ਦੇ ਦਿੱਤੇ ਹਨ ਕਿ ਇਥੇ ਹੀ ਦੇ ਦਿੱਤੇ ਜਾਣ। ਗੌਰਮਿੰਟ ਵਿੱਚ ਆਉਣ ਦੀ ਲੋੜ ਨਹੀਂ। ਜਿਹੜੇ ਛੋਟੇ ਸ਼ਹਿਰ ਹਨ, ਉਨ੍ਹਾਂ ਵਿੱਚ ਡਿਪਟੀ ਡਾਇਰੈਕਟਰਾਂ ਨੂੰ ਦੇ ਦਿੱਤੇ ਹਨ। ਜੇਕਰ ਨਕਸ਼ਾ ਵੀ ਪਾਸ ਕਰਨਾ ਹੈ ਤਾਂ ਗੌਰਮਿੰਟ ਨਹੀਂ ਕਰੇਗੀ, ਆਰਕੀਟੈਕਟ ਜਿਹੜੇ ਹਨ, ਉਹੀ ਨਕਸ਼ਾ ਪਾਸ ਕਰ ਦਿਆ ਕਰਨਗੇ ਤਾਂ ਕਿ ਲੋਕਾਂ ਨੂੰ ਖੱਜੁਲ ਨਾ ਹੋਵੇ। ਇੱਕ ਅੱਗੇ ਹੁੰਦਾ ਸੀ ਕਿ ਪਹਿਲਾਂ ਕੰਪਲੀਸ਼ਨ ਸਰਟੀਫਿਕੇਟ ਲਵੋ ਅਤੇ ਫਿਰ ਅਕੂਪੇਸ਼ਨ ਸਰਟੀਫਿਕੇਟ ਲਵੋ। ਇਹ ਵੀ ਹੁਣ ਦੋਵੇਂ ਇਕੱਠੇ ਕਰ ਦਿੱਤੇ ਹਨ ਤਾਂ ਕਿ ਵਾਰੀ ਵਾਰੀ ਦੋਨਾਂ ਨੂੰ ਲੈਣ ਵਿੱਚ ਕੋਈ ਤਕਲੀਫ ਨਾ ਹੋਵੇ। ਬਾਕੀ ਗੱਲਾਂ ਤਾਂ ਛੱਡਾਂ, ਪਿੰਡਾਂ ਵਿੱਚ ਇੱਕ ਸਭ ਤੋਂ ਵੱਡੀ ਤਕਲੀਫ ਹੈ। ਮੈਂ ਬਹੁਤ ਸਾਰੇ ਇਲਾਕਿਆਂ ਵਿੱਚ ਸੰਗਤ ਦਰਸ਼ਨ ਕਰਕੇ ਆਇਆ ਹਾਂ। ਮੈਨੂੰ ਪਤਾ ਹੈ ਕਿ ਪਿੰਡਾਂ ਵਿੱਚ ਸਭ ਤੋਂ ਵੱਡੀ ਤਕਲੀਫ ਕੀ ਹੈ, ਉਹ ਹੈ ਗੰਦੇ ਪਾਣੀ ਦਾ ਨਿਕਾਸ। ਗੰਦੇ ਪਾਣੀ ਦੇ ਨਿਕਾਸ ਦੀ ਪਲੈਨ ਬਣਾ ਲਈ ਹੈ। ਤਿੰਨ ਸਾਲਾਂ ਵਿੱਚ ਸਾਰੇ ਪਿੰਡਾਂ ਦੇ ਗੰਦੇ ਪਾਣੀ ਦਾ ਨਿਕਾਸ ਹੋਵੇਗਾ। ਅਸੀਂ ਹਦਾਇਤ ਕਰ ਦਿੱਤੀ ਹੈ, ਕਿਉਂਕਿ ਆਪਾਂ ਤਾਂ ਹੁਣ ਇਲੈਕਸ਼ਨਾਂ ਵਿੱਚ ਬਿਜ਼ੀ ਹੋ ਜਾਣਾ ਹੈ, ਅਫਸਰਾਂ ਨੂੰ ਕਹਿ ਦਿੱਤਾ ਹੈ ਕਿ ਦੋ ਮਹੀਨਿਆਂ ਦੇ ਅੰਦਰ ਅੰਦਰ ਜਾ ਕੇ ਦੇਖੋ ਕਿ ਗੰਦੇ ਪਾਣੀ ਦਾ ਕਿਵੇਂ ਨਿਕਾਸ ਹੋਣਾ ਹੈ, ਉਹ ਵੀ ਅਸੀਂ ਕਹਿ ਦਿੱਤਾ ਹੈ ਕਿ ਸਕੀਮ ਬਣਾ ਲਵੋ, ਤਿੰਨਾਂ ਸਾਲਾਂ ਦੇ

[ਮੁੱਖ ਮੰਤਰੀ]

ਵਿੱਚ ਗੰਦਾ ਪਾਣੀ ਪੰਜਾਬ ਦੇ ਵਿੱਚ ਨਹੀਂ ਰਹਿਣ ਦੇਣਾ। ਫਿਰ ਵਾਟਰ ਸਪਲਾਈ ਦਾ ਮਸਲਾ ਹੈ। ਪੀਣ ਦਾ ਪਾਣੀ ਤਾਂ ਸਭ ਤੋਂ ਜ਼ਰੂਰੀ ਹੈ। ਸਾਡੇ ਢਾਣੀਆਂ ਢੂਣੀਆਂ ਰਲਾ ਕੇ 15,170 ਪਿੰਡ ਹਨ, ਇਸ ਦੀ ਡਿਟੇਲ ਵਿੱਚ ਵੀ ਮੈਂ ਨਾ ਜਾਵਾਂ। ਹਰ ਪਿੰਡ ਦਾ ਡਰਿੰਕਿੰਗ ਵਾਟਰ ਦਾ ਤਿੰਨ ਵਾਰੀ ਪਾਣੀ ਦਾ ਟੈਸਟ ਕਰ ਲਿਆ ਹੈ, ਜਿਥੇ ਪਾਣੀ ਦਾ ਥੋੜ੍ਹਾ ਜਿਹਾ ਵੀ ਨੁਕਸ ਹੈ, ਉਥੇ ਆਰ.ਓ. ਲਗਾਵਾਂਗੇ ਅਤੇ ਬਾਕੀ ਟਿਊਬਵੈਲ ਜਾਂ ਨਹਿਰ ਦੇ ਪਾਣੀ ਨਾਲ ਸਾਰਿਆਂ ਨੂੰ ਕਵਰ ਕਰਾਂਗੇ, all villages and 'dhanis' will be covered with quality potable drinking water supply by March, 2015. ਬਾਕੀ ਜਿਥੇ ਕੋਈ ਅਜਿਹੀ ਤਕਲੀਫ ਹੈ, ਕਿਤੇ ਜਿੰਕ ਹੈ, ਕਿਤੇ ਇਹੋ ਜਿਹੀਆਂ ਚੀਜ਼ਾਂ ਹੁੰਦੀਆਂ ਹਨ, ਜਿਹੜੀਆਂ ਖਤਰਨਾਕ ਹੁੰਦੀਆਂ ਹਨ, ਉਥੇ ਆਰ.ਓ.ਸਿਸਟਮ ਲਗਾਵਾਂਗੇ।

ਸਪੀਕਰ ਸਾਹਿਬ, ਪਿੰਡਾਂ ਵਿਚ ਸੀਵਰੇਜ ਸਿਸਟਮ ਨਹੀਂ ਲੱਗਦਾ, ਇਹ ਸ਼ਹਿਰਾਂ ਵਿਚ ਤਾਂ ਲਗਦਾ ਹੈ। ਐਤਕੀਂ ਅਸੀਂ 98 ਪਿੰਡਾਂ ਵਿਚ ਪਹਿਲਾਂ ਸੀਵਰੇਜ ਸਿਸਟਮ ਲਗਾਵਾਂਗੇ। ਇਕ ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ 2200 ਕਰੋੜ ਰੁਪਏ ਦਾ ਹੋਰ ਵਾਟਰ ਸਪਲਾਈ ਦਾ ਪ੍ਰਾਜੈਕਟ ਹੈ, ਇਹ ਅਸੀਂ ਜਿਹੜੀਆਂ ਕੋਈ ਸਕੀਮ ਦੀਆਂ ਰੀਜੁਵਨੇਸ਼ਨ (rejuvenation) ਕਰਨੀਆਂ ਹਨ, ਅਪਗ੍ਰੇਡੇਸ਼ਨ ਕਰਨੀ ਹੈ, ਰਿਪਲੇਸਮੈਂਟ ਆਫ ਮਸ਼ੀਨਰੀ ਕਰਨੀ ਹੈ, ਟ੍ਰੀਟਿੰਗ ਹੈਵੀ ਮੈਟੀਰੀਅਲ, ਕੰਨਟੈਮੀਨੇਸ਼ਨ ਦੂਰ ਕਰਨੀ ਹੈ, ਇਹ ਵੀ ਅਸੀਂ ਸੈਂਟਰ ਤੋਂ ਪ੍ਰਾਪਤ ਕਰਕੇ ਵਰਲਡ ਬੈਂਕ ਨੂੰ ਭੇਜ ਦਿੱਤਾ ਹੈ, ਜਿਹੜੀ ਕਿ ਫਾਰਮੈਲਿਟੀ ਹੈ, ਉਹ ਪੰਜ ਚਾਰ ਮਹੀਨਿਆਂ ਵਿਚ ਹੋ ਜਾਵੇਗਾ। ਇਸ ਤਰ੍ਹਾਂ ਅਸੀਂ 2200 ਕਰੋੜ ਰੁਪਿਆ ਪੀਣ ਵਾਲੇ ਪਾਣੀ ਉਤੇ ਲਗਾਉਣਾ ਹੈ। ਇਸੇ ਤਰ੍ਹਾਂ, ਸਪੀਕਰ ਸਾਹਿਬ, ਹੁਣ ਆਟਾ ਦਾਲ ਦੀ ਸਕੀਮ ਹੈ, ਜਦੋਂ ਇਹ ਸਕੀਮ ਸ਼ੁਰੂ ਕੀਤੀ ਸੀ ਤਾਂ ਤੁਹਾਨੂੰ ਯਾਦ ਹੋਵੇਗਾ ਕਿ ਇਹ ਇਥੇ ਖਾਲੀ ਥਾਲੀਆਂ ਲਿਆ ਕੇ ਵਜਾਉਂਦੇ ਸੀ ਕਿ ਜੀ ਇਹ ਤਾਂ ਐਵੇਂ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਗੱਲ ਹੈ। ਕੋਈ ਸਰਕਾਰ ਲੋਕਾਂ ਨੂੰ ਆਟਾ 4 ਰੁਪਏ ਕਿਲੋ ਅਤੇ 20 ਰੁਪਏ ਕਿਲੋ ਦਾਲ ਦੇ ਸਕਦੀ ਹੈ? ਲੇਕਿਨ ਅੱਜ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਇਕ ਰੁਪਿਆ ਕਿਲੋ ਅਸੀਂ ਵੀਟ੍ਹ ਦਿਆਂਗੇ ਤੇ ਇਸ ਵਿਚ ਦੁੱਗਣੀਆਂ ਫੈਮਿਲੀਜ਼ ਨੂੰ ਦਿਆਂਗੇ ਅਤੇ ਸਾਰੇ ਪੰਜਾਬ ਦੀ 51 ਪ੍ਰਤੀਸ਼ਤ ਪਾਪੂਲੇਸ਼ਨ ਇਸ ਵਿਚ ਕਵਰ ਹੋਵੇਗੀ।

ਇਸੇ ਤਰ੍ਹਾਂ ਸ਼ਗਨ ਸਕੀਮ ਹੈ। ਸਪੀਕਰ ਸਾਹਿਬ, ਇਸ ਦਾ ਵੀ 75,000 ਐਪਲੀਕੇਸ਼ਨਾਂ ਦਾ ਬੈਕਲਾਗ ਸੀ, ਇਹ 130 ਕਰੋੜ ਰੁਪਏ ਨਾਲ ਕਲੀਅਰ ਵੀ ਹੋ ਗਿਆ ਹੈ ਤੇ ਉਹ ਡਿਸਬਰਸ ਵੀ ਹੋ ਰਿਹਾ ਹੈ। ਅੱਗੇ ਤੋਂ ਮੈਂ ਫਾਈਨਾਂਸ ਡਿਪਾਰਟਮੈਂਟ, ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਹਰ ਮਹੀਨੇ ਮੇਰਾ ਖਿਆਲ ਹੈ ਕਿ 20 ਕਰੋੜ ਰੁਪਏ ਆਉਣਾ ਹੈ, ਇਸ ਨੂੰ ਇਹ ਹਰ ਮਹੀਨੇ ਐਡਵਾਂਸ ਭੇਜ ਦਿਆ ਕਰਨ ਤਾਂਕਿ ਗਰੀਬਾਂ ਲਈ ਸ਼ਗਨ ਦੇਣ ਵਿਚ ਕੋਈ ਦੇਰੀ ਨਾ ਹੋਵੇ। ਇਸੇ ਤਰ੍ਹਾਂ ਆਂਗਨਵਾੜੀ ਸੈਂਟਰ ਹਨ, ਇਹ ਵੀ ਨਵੇਂ ਬਣ ਰਹੇ

[ਮੁੱਖ ਮੰਤਰੀ]

ਹਨ, ਇਨ੍ਹਾਂ ਦੀ ਡਿਟੇਲ ਵਿਚ ਜਾਣਾ ਨਹੀਂ ਚਾਹੁੰਦਾ। ਆਂਗਨਵਾੜੀ ਵਰਕਰਜ਼ ਦੀ ਵੇਜਿਜ਼ ਵੀ ਵਧਾ ਦਿੱਤੀ ਹੈ, ਵਰਕਰ ਦੀ 400 ਤੇ ਦੂਜਾ ਜਿਹੜਾ ਆਂਗਨਵਾੜੀ ਹੈਲਪਰ ਹੈ, ਉਸ ਦੀ 200 ਰੁਪਿਆ ਵੇਜਿਜ਼ ਵਧਾ ਦਿੱਤੀ ਹੈ।

ਹੁਣ, ਸਪੀਕਰ ਸਾਹਿਬ, ਮੈਂ ਇੰਡਸਟਰੀ ਦੀ ਗੱਲ ਕਰਾਂਗਾ। ਐਗਰੀਕਲਚਰ ਤਾਂ ਹੁਣ ਸੈਚੂਰੇਸ਼ਨ ਪੁਆਇੰਟ ਤੇ ਆ ਗਈ ਹੈ, ਉਸ ਦਾ ਯਤਨ ਕਰ ਰਹੇ ਹਾਂ ਕਿ ਹੁਣ ਟਰੇਡ ਇੰਡਸਟਰੀ ਤੇ ਜ਼ੋਰ ਦਿੱਤਾ ਜਾਵੇ, ਸਰਵਿਸ ਸੈਕਟਰ ਤੇ ਜ਼ੋਰ ਦਿੱਤਾ ਜਾਵੇ। ਸਾਨੂੰ ਇਹ ਵੀ ਮਾਣ ਹੈ ਕਿ ਵਰਲਡ ਬੈਂਕ ਨੇ ਖਿਤਾਬ ਦਿੱਤਾ ਹੈ ਕਿ ਪੰਜਾਬ ਜਿਹੜਾ ਸੂਬਾ ਹੈ, Punjab is no.1 city in doing business. ਅਸੀਂ ਹੁਣ ਇੰਨੇ ਇੰਸੈਂਟਿਵ ਦਿੱਤੇ, ਹੁਣ ਇਹ ਜੇ ਹੁੰਦੇ ਤਾਂ ਇਨ੍ਹਾਂ ਨੂੰ ਪਤਾ ਲੱਗਣਾ ਸੀ ਕਿ ਕੀ ਕੁਝ ਦਿੱਤੇ ਹਨ। ਜਿੰਨਾ ਵੈਟ ਤੇ ਸੀ.ਐਸ.ਟੀ. ਉਹ ਇਕੱਠਾ ਕਰਨਗੇ, ਉਹ 100% ਜਿੰਨਾ ਫਿਕਸਡ ਕੈਪੀਟਲ ਲਗਾਇਆ ਹੈ, ਉਹ ਆਪ ਹੀ ਰਿਟੇਨ ਕਰ ਲਿਆ ਕਰਨਗੇ, ਸਾਡੇ ਕੋਲ ਜਮ੍ਹਾਂ ਕਰਨ ਦੀ ਲੋੜ ਨਹੀਂ ਹੈ। ਜਿਹੜੇ ਬਾਰਡਰ ਦੇ ਇਲਾਕੇ ਹਨ ਉਥੇ 125% ਰੱਖ ਲਿਆ ਕਰਨ। ਸਟੈਂਪ ਡਿਊਟੀ, ਪ੍ਰਾਪਰਟੀ ਟੈਕਸ,. ਇਲੈਕਟ੍ਰੀਸਿਟੀ ਸਾਰੀਆਂ ਉਨ੍ਹਾਂ ਨੂੰ ਖਤਮ ਕਰ ਦਿੱਤੀਆਂ ਹਨ। ਗੁਰੂ ਗੋਬਿੰਦ ਸਿੰਘ ਰਿਫਾਈਨਰੀ ਹੈ, ਇਹ ਇਸ ਦੇ ਖਿਲਾਫ ਬੜਾ ਬੋਲਦੇ ਹਨ, ਬਈ ਤੁਹਾਡਾ ਇਸ ਦੇ ਉਤੇ ਕੋਈ ਪੈਸਾ ਖਰਚ ਆਇਆ ਹੈ? ਏਡੀ ਵੱਡੀ ਇਨਵੈਸਟਮੈਂਟ ਪੰਜਾਬ ਵਿਚ ਆਈ ਹੈ, ਜਿਵੇਂ ਕਣਕ ਇਥੋਂ ਬਾਹਰ ਜਾਂਦੀ ਹੈ ਤੇ ਰਾਈਸ ਬਾਹਰ ਜਾਂਦਾ ਹੈ, ਇਸੇ ਤਰ੍ਹਾਂ ਪੰਜਾਬ ਵਿਚੋਂ ਡੀਜਲ, ਪੈਟਰੋਲ, ਮੋਬਿਲ ਆਇਲ ਇਹੋ ਜਿਹੀਆਂ ਚੀਜ਼ਾਂ ਜਾਇਆ ਕਰਨਗੀਆਂ। ਮੈਨੂੰ ਬੜੀ ਖੁਸ਼ੀ ਹੈ ਕਿ ਜਿਹੜੀ ਇਹ ਸਮਿੱਟ ਹੋਈ ਹੈ, ਉਥੇ ਹੀ ਉਨ੍ਹਾਂ ਦੇ ਹੈਡ ਆਏ ਸਨ, ਅੱਜ ਮੈਨੂੰ ਉਨ੍ਹਾਂ ਦਾ ਟੈਲੀਫੋਨ ਆਇਆ ਹੈ ਕਿ ਅਸੀਂ ਆਉਣਾ ਚਾਹੁੰਦੇ ਹਾਂ ਤੇ ਅਸੀਂ ਇਸ ਉਤੇ 2300 ਕਰੋੜ ਰੁਪਿਆ ਹੋਰ ਲਗਾਉਣਾ ਚਾਹੁੰਦੇ ਹਾਂ। ਉਨ੍ਹਾਂ ਦਾ ਜਿਹੜਾ ਇੰਡੀਆ ਵਿਚ ਹੈਡ ਹੈ, ਉਸ ਨੂੰ ਮੈਂ ਕਿਹਾ ਕਿ ਮੈਨੂੰ ਹੁਣ ਤਾਂ ਅਜੇ ਵਿਹਲ ਨਹੀਂ ਹੈ ਅਤੇ ਮੈਂ ਹੁਣ ਕੁਝ ਕਰ ਵੀ ਨਹੀਂ ਸਕਦਾ। ਹੁਣ ਸਵਾਲ ਇਹ ਹੈ ਕਿ ਇਥੋਂ ਇੰਡਸਟਰੀ ਭੱਜੀ ਕਿਉਂ ਹੈ, ਕੀ ਪੰਜਾਬ ਕਰਕੇ ਭੱਜੀ ਹੈ ਜਾਂ ਸੈਂਟਰ ਕਰਕੇ ਭੱਜੀ ਹੈ। ਦੇਖੋ ਇਨ੍ਹਾਂ ਨੇ ਕਨਸੈਸ਼ਨ ਦੇ ਦਿੱਤੇ, ਕਿਸੇ ਨੇ ਵੀ ਦੇ ਦਿੱਤੇ, ਚਲੋ ਇਹ ਗੱਲ ਛੱਡੋ। ਬਾਹਰਲੇ ਸੂਬਿਆਂ ਨੂੰ ਏਨੇ ਕਨਸੈਸ਼ਨ ਦਿੱਤੇ ਹਨ ਕਿ ਪੰਜਾਬ ਵਿਚ ਇੰਡਸਟਰੀ ਲਗਾਉਣੀ ਮੁਸ਼ਕਲ ਹੋ ਗਈ ਹੈ। ਫਿਰ ਇੰਡਸਟਰੀ ਨੇ ਤਾਂ ਭੱਜਣਾ ਹੀ ਸੀ। ਇਸ ਵਿਚ ਕੀ ਸਾਡੀ ਪੰਜਾਬ ਸਰਕਾਰ ਦਾ ਕੋਈ ਕਸੂਰ ਹੈ? ਹੁਣ ਥੋੜ੍ਹਾ ਚਿਰ ਪਹਿਲਾਂ ਇਨ੍ਹਾਂ ਨੇ ਪੰਜ ਸਾਲਾਂ ਵਾਸਤੇ ਉਹ ਕਨਸੈਸ਼ਨ ਹੋਰ ਵਧਾ ਦਿੱਤੇ ਹਨ। ਦੂਜੀਆਂ ਸਟੇਟਾਂ ਨੂੰ ਮਿਲਣ ਵਾਲੀਆਂ ਸਬਸਿਡੀਆਂ ਕਰਕੇ ਇੰਡਸਟਰੀ ਵਾਲੇ ਇਥੋਂ ਭੱਜ ਗਏ। ਬੜੀ ਖੁਸ਼ੀ ਦੀ ਗੱਲ ਹੈ ਕਿ ਅੰਮ੍ਰਿਤਸਰ ਤੋਂ ਕਲਕੱਤਾ ਤੱਕ ਇੰਡਸਟ੍ਰੀਅਲ ਕਾਰੀਡੋਰ ਅਪਰੂਵ ਹੋਇਆ ਹੈ। ਅਸੀਂ ਹਿੰਮਤ ਕੀਤੀ ਹੈ ਤਾਂ ਇਹ ਅਪਰੂਵ ਹੋਇਆ ਹੈ। ਜਿਹੜੀ ਸਰਕਾਰ ਆਪਣੇ ਹਿਤਾਂ ਦੇ ਖਿਲਾਫ਼ ਹੋਵੇ, ਉਸ ਵਾਸਤੇ ਅਪਰੂਵ ਕਰਵਾਉਣਾ ਬਹੁਤ ਔਖਾ ਹੈ।

[ਮੁੱਖ ਮੰਤਰੀ]

ਫੁਟਵੀਅਰ ਡਿਜ਼ਾਇਨ ਐਂਡ ਡਿਵੈਲਪਮੈਂਟ ਇੰਸਟੀਚਿਊਟ ਬਠੂੜ ਕੋਲ ਲੱਗਣਾ ਹੈ, ਜਿੱਥੇ 150 ਕਰੋੜ ਰੁਪਿਆ ਲੱਗਣਾ ਹੈ, ਇਹ ਵੀ ਅਪਰੂਵ ਹੋਇਆ ਹੈ। ਸਭ ਤੋਂ ਵੱਡੀ ਗੱਲ ਮੈਂ ਸੁਖਬੀਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਮੈਂ ਸਮਝਦਾ ਹਾਂ ਕਿ ਹਾਊਸ ਨੂੰ ਵੀ ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ। ਹੋਰ ਕਿਸੇ ਦਾ ਵੀ ਧੰਨਵਾਦ ਕਰਨਾ ਹੈ, ਉਹ ਵੀ ਕਰ ਦਿਆਂਗੇ। ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨਿਹਾਇਤ ਸ਼ਰੀਫ਼ ਆਦਮੀ ਹਨ। ਕੋਈ ਗੱਲ ਆਖੀਏ, ਪੂਰੀ ਕਰਦੇ ਹਨ। ਸੁਖਬੀਰ ਨੇ ਇਨਵੈਸਟਮੈਂਟ ਸਮਿਟ ਜਿਹੜੀ ਰੱਖੀ ਹੈ, ਉਸ ਦਾ ਪੰਜਾਬ ਨੂੰ ਬਹੁਤ ਫਾਇਦਾ ਹੋਇਆ ਹੈ। ਇਹ ਕਹਿੰਦੇ ਹਨ ਕਿ ਕੋਈ ਫਾਇਦਾ ਨਹੀਂ ਹੋਇਆ। ਹਿੰਦੁਸਤਾਨ ਦੀ ਹਿਸਟਰੀ ਵਿੱਚ ਇੰਨੇ ਵੱਡੇ ਲੈਵਲ ਤੇ ਇਨਵੈਸਟਮੈਂਟ ਕਰਨ ਵਾਲੇ ਲੋਕ ਇੱਕ ਪਲੇਟਫਾਰਮ ਤੇ ਇਕੱਠੇ ਨਹੀਂ ਹੋਏ, ਜਿੰਨੇ ਚੰਡੀਗੜ੍ਹ ਇਕੱਠੇ ਹੋਏ ਸਨ। (ਥੰਪਿੰਗ) ਪਹਿਲੀ ਗੱਲ ਉਨ੍ਹਾਂ ਲੋਕਾਂ ਕੋਲ ਵਿਹਲ ਹੀ ਨਹੀਂ ਹੁੰਦੀ, ਉਨ੍ਹਾਂ ਦਾ ਇੱਕ ਇੱਕ ਮਿੰਟ ਬੜਾ ਕੀਮਤੀ ਹੁੰਦਾ ਹੈ, ਮੁਕੇਸ਼ ਅੰਬਾਨੀ, ਲਕਸ਼ਮੀ ਮਿੱਤਲ, ਦੇਵੇਸ਼ਵਰ ਆਈ.ਟੀ.ਸੀ. ਵਾਲੇ ਆਏ, ਮੁੰਜਾਲ, ਇਨਫੋਸਿਸ ਵਾਲੇ ਅਤੇ ਮੇਜਰ ਲੀਡਰ ਆਫ਼ ਦਿ ਇੰਡਸਟਰੀ ਆਏ। ਮੇਰਾ ਖਿਆਲ ਹੈ ਕਿ ਹਿੰਦੁਸਤਾਨ ਵਿੱਚ ਕਦੀ ਅਜਿਹੀ ਇੰਡਸਟਰੀ ਦੀ ਸਮਿਟ ਨਹੀਂ ਹੋਈ ਹੋਵੇਗੀ ਜਿਸ ਤਰ੍ਹਾਂ ਇੱਥੇ ਹੋਈ। ਇਸ ਵਾਸਤੇ ਮੈਂ ਸੁਖਬੀਰ ਨੂੰ ਵਧਾਈ ਦਿੰਦਾ ਹਾਂ ਕਿ ਉਸ ਨੇ ਇੱਥੇ ਕਰਵਾਈ। ਇਸ ਵਿੱਚ 65,000 ਕਰੋੜ ਦੇ 128 ਐਮ.ਓ.ਯੂ. ਸਾਈਨ ਹੋਏ। ਸਪੀਕਰ ਸਾਹਿਬ, ਇਹ ਤਾਂ ਕਾਗਜ਼ੀ ਗੱਲ ਹੋਈ, ਜਿਹੜੇ ਮੁਹਾਲੀ ਵਿਖੇ ਐਮ.ਐਲ.ਏ. ਸਾਹਿਬਾਨ ਰਹਿੰਦੇ ਹਨ, ਉਹ ਵੇਖ ਕੇ ਆਉਣ, ਇਨਫੋਸਿਸ ਜਿਹੜੀ ਕਿ ਬਹੁਤ ਵੱਡੀ ਆਈ.ਟੀ. ਕੰਪਨੀ ਹੈ, ਉਸ ਨੇ 50 ਏਕੜ ਦਾ ਪਲਾਟ ਵੀ ਲੈ ਲਿਆ ਹੈ ਅਤੇ 500 ਕਰੋੜ ਦੀ ਇਨਵੈਸਟਮੈਂਟ ਹੈ, 15,000 ਨੌਜਵਾਨ ਉਥੇ ਕੰਮ ਕਰ ਰਹੇ ਹਨ। ਕਿੰਨੀ ਵੱਡੀ ਗੱਲ ਹੈ। ਇਨਵੈਸਟਮੈਂਟ ਤੋਂ ਥੋੜ੍ਹੇ ਚਿਰ ਬਾਅਦ ਹੀ ਇਹ ਹੋਇਆ ਹੈ। ਇਹ ਤਾਂ ਨਹੀਂ ਕਿ ਰਾਤੋ ਰਾਤ ਇੱਥੇ ਕਾਰਖਾਨੇ ਲੱਗ ਜਾਣ। ਥੋੜ੍ਹੇ ਸਮੇਂ ਵਿੱਚ ਹੀ ਇਨਫੋਸਿਸ ਨੇ ਇੱਥੇ ਸਭ ਕੁਝ ਕੀਤਾ ਹੈ। ਆਈ.ਟੀ.ਸੀ. ਕੰਪਨੀ ਨੂੰ ਕਪੂਰਥਲਾ ਵਿਖੇ 700 ਕਰੋੜ ਰੁਪਏ ਦੀ 62 ਏਕੜ ਜ਼ਮੀਨ ਅਸੀਂ ਦਿੱਤੀ ਹੈ। ਫਾਊਂਡੇਸ਼ਨ ਰੱਖ ਦਿੱਤਾ ਗਿਆ ਹੈ, ਉਸ ਕੰਪਨੀ ਦੇ ਮਾਲਕ ਆਪ ਉੱਥੇ ਆਏ ਅਤੇ ਇਹ ਕਹਿੰਦੇ ਹਨ ਕਿ ਕੁਝ ਨਹੀਂ ਹੋਇਆ। ਕਾਰਗਿਲ ਕੰਪਨੀ ਜਿਹੜੀ ਕਿ ਪਸ਼ੂਆਂ ਦੀ ਖੁਰਾਕ ਬਣਾਉਂਦੀ ਹੈ, ਉਹ ਵੀ ਇੱਥੇ ਆ ਰਹੇ ਹਨ।

ਸਪੀਕਰ ਸਾਹਿਬ, ਫਾਇਨਾਂਸ ਬਾਰੇ ਮੈਂ ਬਹੁਤੀ ਗੱਲ ਨਹੀਂ ਕਰਨੀ। ਇਸ ਬਾਰੇ ਫਾਈਨਾਂਸ ਮਨਿਸਟਰ ਸਾਹਿਬ ਗੱਲ ਕਰਨਗੇ ਲੇਕਿਨ ਇੰਨੀ ਗੱਲ ਜ਼ਰੂਰ ਹੈ ਕਿ ਇਹ ਗੱਲ ਸਾਡੇ ਵੱਸ ਹੈ ਕਿ ਇਨਕਮ ਵਧਾਈ ਜਾਵੇ। ਕੋਈ ਵੀ ਕੰਮ ਕਰਦਾ ਹੈ, ਇੰਡਸਟਰੀ ਕਰਦਾ ਹੈ, ਖੇਤੀ ਕਰਦਾ ਹੈ ਉਸ ਦਾ ਨਿਸ਼ਾਨਾ ਹੁੰਦਾ ਹੈ ਕਿ ਮੈਂ ਜਿਹੜਾ ਕੰਮ ਕਰਦਾ ਹਾਂ ਉਸ ਵਿੱਚ ਇਨਕਮ ਵਧਾਈ ਜਾਵੇ। ਕਾਂਗਰਸੀਆਂ ਵੇਲੇ ਵੈਟ 536 ਕਰੋੜ ਸੀ, ਇਹ ਰਿਕਾਰਡ ਦੀ ਗੱਲ ਹੈ, ਮੈਂ ਝੂਠ ਨਹੀਂ ਬੋਲਦਾ। ਹੁਣ ਇਸ ਵਕਤ 16,000 ਕਰੋੜ ਹੈ, ਤਿੰਨ ਗੁਣਾਂ ਵਧਾ ਦਿੱਤੀ ਹੈ। ਐਕਸਾਈਜ਼ ਦੀ ਇਨ੍ਹਾਂ ਦੇ ਸਮੇਂ

1363 ਕਰੋੜ ਹੁੰਦੀ ਸੀ, ਅਸੀਂ 4600 ਕਰੋੜ ਕਰ ਦਿੱਤੀ ਹੈ। ਇਹ ਕਹਿ ਰਹੇ ਸੀ ਕਿ ਛੋਟੇ ਵਪਾਰੀ ਨੂੰ, ਟ੍ਰੇਡਰ ਨੂੰ ਕੁਝ ਨਹੀਂ ਦਿੱਤਾ। ਪਤਾ ਨਹੀਂ ਇਹ ਅਖ਼ਬਾਰ ਵੀ ਪੜ੍ਹਦੇ ਹਨ ਜਾਂ ਨਹੀਂ। ਅੱਜ ਤੱਕ ਜਦੋਂ ਦਾ ਪੰਜਾਬ ਬਣਿਆ ਹੈ ਕੀ ਕਿਸੇ ਨੇ ਛੋਟੇ ਵਪਾਰੀ ਦੀ ਫ਼ਰੀ ਇੰਸ਼ੋਰੈਂਸ ਕੀਤੀ ਹੈ? ਹੁਣ ਕੋਈ ਪੈਸਾ ਨਹੀਂ ਲੈਣਾ। ਐਕਸੀਡੈਂਟਲ ਡੈੱਥ ਹੋ ਜਾਵੇ ਤਾਂ ਇਸ ਵਾਸਤੇ 2 ਲੱਖ ਰੁਪਿਆ ਦਿੱਤਾ ਹੈ। 50,000 ਰੁਪਏ ਦਾ ਮੁਫ਼ਤ ਹੈਲਥ ਇੰਸ਼ੋਰੈਂਸ ਕਵਰ ਦਿੱਤਾ ਜਾਵੇਗਾ। ਫਾਇਰ ਇੰਸ਼ੋਰੈਂਸ ਵਾਸਤੇ, ਰੱਬ ਨਾ ਕਰੇ ਕਿਧਰੇ ਛੋਟੇ ਵਪਾਰੀ ਦੀ ਦੁਕਾਨ ਤੇ ਅੱਗ ਲੱਗ ਜਾਵੇ, ਉਸ ਵਾਸਤੇ 5 ਲੱਖ ਰੁਪਏ ਦੀ ਇੰਸ਼ੋਰੈਂਸ ਦਿੱਤੀ ਹੈ। 1 ਲੱਖ ੪6 ਹਜ਼ਾਰ ਡੀਲਰਾਂ ਨੂੰ ਇਸ ਨਾਲ ਫਾਇਦਾ ਹੋਣਾ ਹੈ। ਹੋਰ ਕਈ ਸਕੀਮਾਂ ਹਨ, ਜਿਹੜੀਆਂ ਇਨ੍ਹਾਂ ਦੇ ਦਿਮਾਗ ਵਿੱਚ ਹੀ ਨਹੀਂ ਆ ਸਕਦੀਆਂ, ਉਹ ਅਸੀਂ ਲਾਗੂ ਕੀਤੀਆਂ ਹਨ। ਨਾ ਇਨ੍ਹਾਂ ਨੂੰ ਡੀਲਰ ਪਿਆਰੇ ਹਨ, ਨਾ ਕੋਈ ਹੋਰ, ਇਹ ਤਾਂ ਅੱਗ ਲਾਉਣ ਵਾਲੇ ਹਨ। ਅੱਗ ਲਾ ਕੇ ਪਾਸੇ ਹੁੰਦੇ ਹਨ। ਰਾਹਤ ਸਕੀਮ ਲਿਆਂਦੀ ਹੈ, ਜਿਸ ਵਿੱਚ ਅਸੀਂ ਲੰਪਸੰਮ ਟੈਕਸ ਕਰ ਦਿੱਤਾ ਹੈ। ਸਾਨੂੰ ਨਹੀਂ ਪਤਾ ਕਿ ਇਨਕਮ ਟੈਕਸ ਵਾਲੇ ਕੀ ਕਰਨਗੇ, ਵਪਾਰੀਆਂ ਨੇ ਆਪ ਆਖਿਆ ਹੈ ਕਿ ਜਿਸ ਦੀ 25 ਲੱਖ ਤੱਕ ਟਰਨਓਵਰ ਹੈ, ਉਸ ਨੇ 5000 ਰੁਪਿਆ ਦੇਣਾ ਹੈ ਅਤੇ 4 ਕਿਸ਼ਤਾਂ ਵਿੱਚ ਦੇਣਾ ਹੈ। ਕੋਈ ਉਸ ਨੂੰ ਪੁੱਛਣ ਨਹੀਂ ਜਾਵੇਗਾ, ਆਪ ਹੀ ਦੇਣਾ ਹੈ। 50-75 ਲੱਖ ਵਾਲੇ ਨੇ 10,000 ਰੁਪਿਆ ਅਤੇ 75 ਲੱਖ ਤੋਂ 1 ਕਰੋੜ ਵਾਲੇ ਨੇ 20,000 ਰੁਪਿਆ ਦੇਣਾ ਹੈ। ਜਿਹੜਾ ਇਹ ਇੰਸਪੈਕਟਰੀ ਰਾਜ, ਇੰਸਪੈਕਟਰੀ ਰਾਜ ਕਰਦੇ ਰਹਿੰਦੇ ਹਨ, ਕੋਈ ਇੰਸਪੈਕਟਰ ਛੋਟੇ ਦੁਕਾਨਦਾਰ ਕੋਲ ਨਹੀਂ ਜਾ ਸਕਦਾ। ਆਨ ਲਾਈਨ ਰਿਫੰਡ ਡਿਸਟ੍ਰੀਬਿਊਟ ਹੋਵੇਗਾ। ਇੱਕ ਹੋਰ ਕਰ ਰਹੇ ਹਾਂ ਕਿ ਐਕਸਾਈਜ਼ ਡਿਪਾਰਟਮੈਂਟ ਵਿੱਚ ਹੀ ਇੱਕ ਫੰਡ ਕਰੀਏਟ ਕੀਤਾ ਗਿਆ ਹੈ ਜਿਹੜਾ ਕਿ 15-16 ਦਿਨਾਂ ਵਿੱਚ ਟਰੇਡਰ ਦੇ ਅਕਾਊਂਟ ਵਿੱਚ ਜਮ੍ਹਾਂ ਹੋ ਜਾਵੇਗਾ। ਕੋਈ ਆਪਣੀ ਵਾਲੰਟਰੀ ਡਿਸਕਲੋਜ਼ਰ ਵੀ ਮਾਰਚ ਤੱਕ ਕਰ ਦੇਵੇ ਤਾਂ ਉਸ ਨੂੰ ਵੀ ਅਸੀਂ ਮੰਨ ਲਵਾਂਗੇ।

ਸਿੰਗਲ ਟੈਕਸ ਬਾਰੇ ਦੱਸਣਾ ਚਾਹੁੰਦਾ ਹਾਂ। ਅੱਗੇ ਤਾਂ ਇਹ ਹੁੰਦਾ ਸੀ ਕਿ ਜਿਥੋਂ ਚੀਜ਼ ਬਣਦੀ ਸੀ, ਉਸ ਤੇ ਟੈਕਸ ਲਗਦਾ ਸੀ, ਫਿਰ ਹੋਲਸੇਲਰ ਤੇ ਰਿਟੇਲਰ ਸਭ ਨੂੰ ਔਖਾ ਹੁੰਦਾ ਸੀ। ਹੁਣ ਅਸੀਂ ਨਾ ਤਾਂ ਹੋਲਸੇਲਰ ਨੂੰ ਅਤੇ ਨਾ ਹੀ ਰਿਟੇਲਰ ਨੂੰ ਪੁੱਛਣਾ ਹੈ, ਜਿਥੋਂ ਕੋਈ ਚੀਜ਼ ਬਣਦੀ ਹੈ ਜਾਂ ਇੰਪੋਰਟ ਹੁੰਦੀ ਹੈ, ਉਦੋਂ ਟੈਕਸ ਲੈ ਲੈਣਾ ਹੈ। ਹੋਰ ਕੋਈ ਵੀ ਇਸ ਸਬੰਧੀ ਕਿਸੇ ਨੂੰ ਤਕਲੀਫ ਨਹੀਂ ਹੋਵੇਗੀ। ਅਜੇ ਇਹ ਕਹਿੰਦੇ ਹਨ ਕਿ ਕੋਈ ਰਿਆਇਤਾਂ ਨਹੀਂ ਦਿੱਤੀਆਂ ਗਈਆਂ। ਸਿੰਗਲ ਸਟੇਜ ਟੈਕਸੇਸ਼ਨ ਇੱਕ ਸਕੀਮ ਹੈ। ਜਿਹੜੇ ਚੰਗੇ ਵਿਅਕਤੀ ਟੈਕਸ ਦਿੰਦੇ ਹਨ, ਉਨ੍ਹਾਂ ਨੂੰ ਵੀ ਇਨਾਮ ਦੇਣ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਆਪਣੀ ਵੀਟ੍ਹ ਅਤੇ ਮਿਲਕ ਤੇ ਪੰਜ ਪਰਸੈਂਟ ਪਰਚੇਜ਼ ਟੈਕਸ ਹੁੰਦਾ ਹੈ, ਉਹ ਘਟਾ ਕੇ ਤਿੰਨ ਪਰਸੈਂਟ ਕਰਨਾ ਹੈ। ਪਲਾਈਵੁੱਡ ਤੇ ਲੰਪਸੰਮ ਇੱਕ ਵਾਰੀ ਲੱਗ ਜਾਇਆ ਕਰੇਗਾ। ਹੁਣ ਦੇਖੋ ਕਿ ਇੰਡਸਟਰੀ ਕਿਸ ਨੇ ਭਜਾਈ ਤੇ ਕਿਹੜੀ ਸਰਕਾਰ ਦੀਆਂ ਪਾਲਿਸੀਆਂ ਅੱਜ ਇੰਡਸਟਰੀ ਨੂੰ ਇੱਥੇ ਲਿਆਉਣਾ ਚਾਹੁੰਦੀਆਂ ਹਨ। ਸਪੀਕਰ ਸਾਹਿਬ, ਹੋਰ ਵੀ

[ਮੁੱਖ ਮੰਤਰੀ]

ਬਹੁਤ ਸਾਰੇ ਮਸਲੇ ਹਨ। ਯਾਦਗਾਰਾਂ ਦੀ ਗੱਲ ਹੈ। ਯਾਦਗਾਰਾਂ ਬਣਾਉਣਾ ਸਾਡਾ ਇੱਕ ਕਲਚਰ ਹੈ। ਜਦੋਂ ਤੱਕ ਆਪਾਂ ਯਾਦਗਾਰਾਂ ਨਹੀਂ ਬਣਾਉਂਦੇ, ਉਦੋਂ ਤੱਕ ਆਪਾਂ ਆਪਣੇ ਕਲਚਰ ਤੇ ਇਤਿਹਾਸ ਨੂੰ ਜ਼ਿੰਦਾ ਨਹੀਂ ਰੱਖ ਸਕਦੇ। ਮੈਨੂੰ ਕੋਈ ਦੱਸ ਦੇਵੇ ਕਿ ਪਿਛਲੇ 50 ਸਾਲ ਜਿਹੜਾ ਕਾਂਗਰਸ ਦਾ ਰਾਜ ਰਿਹਾ ਹੈ, ਕੋਈ ਉਨ੍ਹਾਂ ਨੇ ਯਾਦਗਾਰ ਬਣਾਈ ਹੈ। ਇੱਥੇ ਵੱਡੇ ਵੱਡੇ ਮੌਕੇ ਆਏ ਹਨ, ਕਿਸੇ ਨੇ ਕੋਈ ਯਾਦਗਾਰ ਨਹੀਂ ਬਣਾਈ। ਲੇਕਿਨ ਪੰਜਾਬ ਦੀ ਸਰਕਾਰ ਨੇ, ਜੋ ਪਹਿਲਾਂ ਬਣੇ ਹਨ ਮੈਂ ਉਨ੍ਹਾਂ ਦੀ ਗੱਲ ਨਹੀਂ ਕਰਦਾ, ਇੱਕ ਤਾਂ ਹੁਣ ਜ਼ੰਗ-ਏ-ਅਜ਼ਾਦੀ ਯਾਦਗਰ ਬਣੀ ਹੈ। ਅਜ਼ਾਦੀ ਦਿਵਾਉਣ ਵਿੱਚ ਪੰਜਾਬੀਆਂ ਦਾ ਸਭ ਤੋਂ ਵੱਡਾ ਹੱਥ ਹੈ, ਹਿੱਸਾ ਹੈ, ਯੋਗਦਾਨ ਹੈ। ਇਥੇ ਜਿੰਨੀਆਂ ਲਹਿਰਾਂ ਚੱਲੀਆਂ ਹਨ, ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਜੀ ਵਰਗੇ, ਲਾਲਾ ਲਾਜਪਤ ਰਾਏ ਜੀ ਤੇ ਕਰਤਾਰ ਸਿੰਘ ਸਰਾਭਾ ਵਰਗੇ ਯੋਧਿਆਂ ਨੇ ਆਜ਼ਾਦੀ ਦਿਵਾਈ ਹੈ ਲੇਕਿਨ ਇਨ੍ਹਾਂ ਦੀ ਕੋਈ ਯਾਦਗਾਰ ਨਹੀਂ ਬਣਾਈ ਗਈ ਭਾਵੇਂ ਕਿ ਜਿੱਥੇ ਫਾਂਸੀ ਲੱਗੀ ਸੀ, ਉਥੇ ਯਾਦਗਾਰ ਬਣੀ ਹੈ ਪਰ ਇਹ ਤਾਂ ਬਹੁਤ ਵੱਡੀ ਯਾਦਗਾਰ ਹੈ। ਇਹ ਕੋਈ 200 ਕਰੋੜ ਰੁਪਿਆ ਲਗਾ ਕੇ ਯਾਦਗਾਰ ਬਣੀ ਹੈ। ਭਗਵਾਨ ਵਾਲਮੀਕ ਜੀ ਦੀ ਯਾਦਗਾਰ ਬਣ ਰਹੀ ਹੈ, ਭਗਵਾਨ ਵਾਲਮੀਕ ਜੀ ਦੀ ਜਿਹੜੀ ਯਾਦਗਾਰ ਬਣਾ ਰਹੇ ਹਾਂ, ਉਥੇ ਜਾ ਕੇ ਵੇਖ ਲਵੋ, ਕੰਮ ਸ਼ੁਰੂ ਹੋ ਗਿਆ ਹੈ। ਇਸ ਤੇ 181 ਕਰੋੜ ਰੁਪਿਆ ਖਰਚ ਕਰਨਾ ਹੈ ਤੇ ਕੰਮ ਸ਼ੁਰੂ ਹੋ ਗਿਆ ਹੈ। ਜਿਹੜੀ ਵਾਰ ਮੈਮੋਰੀਅਲ ਅੰਮ੍ਰਿਤਸਰ ਵਿਖੇ ਫੌਜੀਆਂ ਦੀ ਯਾਦਗਾਰ ਬਣ ਰਹੀ ਹੈ, ਉਥੇ ਕਿੰਨੇ ਜਰਨੈਲ ਆਏ ਸਨ, ਕਿੰਨਾ ਆਪਾਂ ਉਨ੍ਹਾਂ ਵਾਸਤੇ ਪ੍ਰਬੰਧ ਤੇ ਹੋਰ ਸਭ ਕੁਝ ਕੀਤਾ, ਉਹ ਵੀ ਵੇਖ ਲਵੋ ਉਥੇ ਕੰਮ ਸ਼ੁਰੂ ਹੋ ਗਿਆ ਹੈ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ ਦਾ ਮੈਂ ਤੁਹਾਡੇ ਵੱਲ ਧਿਆਨ ਦਿਵਾਉਣਾ ਚਾਹੁੰਦਾ ਸੀ ਪਰ ਸਾਹਮਣੇ ਬੈਠੇ ਵੀਰ ਭੱਜ ਹੀ ਗਏ ਤੇ ਮੈਂ ਉਸ ਬਾਰੇ ਹੁਣ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ। ਇੱਕ ਗੱਲ ਮੈਂ ਡਿਫੈਂਸ ਸਰਵਿਸਿਜ਼ ਬਾਰੇ ਜ਼ਰੂਰ ਕਰਨੀ ਚਾਹੁੰਦਾ ਹਾਂ। ਜਿਹੜੇ ਫੌਜੀ ਹਨ, ਇੱਕ ਤਾਂ ਉਹ ਹਨ, ਜਿਨ੍ਹਾਂ ਨੇ ਕੁਰਬਾਨੀ ਕੀਤੀ ਹੈ ਅਤੇ ਆਜ਼ਾਦੀ ਲੈ ਕੇ ਦਿੱਤੀ ਹੈ, ਇੱਕ ਉਹ ਹਨ ਜਿਨ੍ਹਾਂ ਨੇ ਆਜ਼ਾਦੀ ਨੂੰ ਸੰਭਾਲ ਕੇ ਰੱਖਿਆ ਹੈ। ਸਾਡੇ ਮੁਲਕ ਤੇ ਹਮਲੇ ਬਹੁਤ ਹੋਏ ਹਨ। ਅੱਜ ਵੀ ਹਮਲੇ ਹੋ ਰਹੇ ਹਨ। ਅੱਜ ਵੀ ਫੌਜੀ ਸ਼ਹੀਦ ਹੋ ਰਹੇ ਹਨ। ਕਿਸੇ ਨੇ ਇਨ੍ਹਾਂ ਵਾਸਤੇ ਕੱਖ ਨਹੀਂ ਕੀਤਾ। ਅੰਮ੍ਰਿਤਸਰ ਵਿਖੇ ਜਿਹੜੀ ਬਹੁਤ ਵੱਡੀ ਮੀਟਿੰਗ ਕੀਤੀ ਸੀ, ਉਸ ਵਿੱਚ ਮੈਂ ਫੌਜੀਆਂ ਨਾਲ ਬਹੁਤ ਵੱਡੇ ਵਾਅਦੇ ਕੀਤੇ ਸਨ। ਇੱਕ ਤਾਂ ਇਹ ਸੀ ਕਿ ਜਿਵੇਂ ਐਨ.ਆਰ.ਆਈਜ਼ ਬਾਰੇ ਕੀਤਾ ਹੈ, ਕਿਸੇ ਫੌਜੀ ਦੀ ਪ੍ਰਾਪਰਟੀ ਤੇ ਜੇ ਕੋਈ ਕਬਜ਼ਾ ਕਰੀ ਬੈਠਾ ਹੈ, ਜੇਕਰ ਕੋਈ ਗੈਰ ਕਾਨੂੰਨੀ ਟੈਨੇਂਟ ਕੋਲ ਉਨ੍ਹਾਂ ਦੀ ਪ੍ਰਾਪਰਟੀ ਫਸੀ ਪਈ ਹੈ ਤਾਂ ਉਹ ਉਨ੍ਹਾਂ ਤੋਂ ਆਪਣੀ ਪ੍ਰਾਪਰਟੀ ਛੁਡਵਾ ਸਕਦੇ ਹਨ। ਵਾਰ ਵਿਡੋਜ਼ ਨੂੰ ਪੰਜ ਲੱਖ ਰੁਪਿਆ ਪਹਿਲਾਂ ਘਰ ਦਾ ਪਲਾਟ ਖਰੀਦਣ ਵਾਸਤੇ ਮਿਲਦਾ ਸੀ। ਹੁਣ ਇਹ ਰਾਸ਼ੀ 10 ਲੱਖ ਰੁਪਏ ਕਰ ਦਿੱਤੀ ਹੈ। ਵਾਰ ਜਾਗੀਰ ਜਿਹੜੀ ਹੈ, 5000 ਰੁਪਏ ਤੋਂ ਇਹ 10,000 ਰੁਪਏ ਕਰ ਦਿੱਤੀ ਹੈ। ਜਿਹੜੀਆਂ ਕੰਟੀਨਾਂ ਹਨ, ਉਨ੍ਹਾਂ ਤੇ ਪਹਿਲਾਂ ਵੈਟ ਟੈਕਸ ਲਗਦਾ ਸੀ, ਉਹ 6.05% ਤੋਂ ਘਟਾ ਕੇ 4% ਕਰ ਦਿੱਤਾ

ਹੈ। ਸਾਰੇ ਫੌਜੀ, ਭਾਵੇਂ ਕੋਈ ਸਰਵਿੰਗ ਹੈ, ਭਾਵੇਂ ਰਿਟਾਇਰਡ ਹੈ, ਉਨ੍ਹਾਂ ਤੇ ਕੋਈ ਪ੍ਰਾਪਰਟੀ ਟੈਕਸ ਨਹੀਂ ਲਗੇਗਾ, ਇਹ ਸਹੂਲਤ ਉਨ੍ਹਾਂ ਨੂੰ ਦੇ ਦਿੱਤੀ ਹੈ। ਜਿਹੜੀ ਮਹਾਰਾਜਾ ਰਣਜੀਤ ਸਿੰਘ ਅਕੈਡਮੀ ਬਣਾਈ ਹੈ, ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਜ਼ਰੂਰ ਵੇਖ ਕੇ ਆਉਣਾ। ਸ਼ਾਇਦ ਤੁਸੀਂ ਵੇਖੀ ਵੀ ਹੋਵੇ। ਇਹ ਇੰਨੀ ਵਧੀਆ ਹੈ ਕਿ ਪਹਿਲਾਂ ਜਿਹੜੀ ਫੌਜੀ ਅਫ਼ਸਰਾਂ ਵਿੱਚ ਸਾਡੀ ਕੋਈ ਸਿਲੈਕਸ਼ਨ ਨਹੀਂ ਹੁੰਦੀ ਸੀ, ਉਸ ਵਾਸਤੇ ਕੀ ਕੀਤਾ ਹੈ ਕਿ ਸਾਰੇ ਪੰਜਾਬ ਵਿੱਚੋਂ ਬੱਚੇ ਮੈਰਿਟ ਤੇ ਸਿਲੈਕਟ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਫਿਰ ਸਕੂਲ ਵਿੱਚ ਪੜ੍ਹਾਉਂਦੇ ਹਾਂ ਅਤੇ ਉਹ ਦੁਪਹਿਰ ਤੋਂ ਬਾਅਦ ਅਕੈਡਮੀ ਵਿੱਚ ਆ ਜਾਂਦੇ ਹਨ ਜਿੱਥੇ ਕਿ ਸਾਰਾ ਮਾਹੌਲ ਫੌਜੀ ਹੈ। ਪਹਿਲੇ ਸਾਲ ਦੌਰਾਨ ਸੱਤ ਬੱਚਿਆਂ ਨੂੰ ਪਰਮਾਨੈਂਟ ਕਮਿਸ਼ਨ ਮਿਲਿਆ ਹੈ। ਕੁੱਲ 40 ਬੱਚਿਆਂ ਦਾ ਬੈਚ ਹੁੰਦਾ ਹੈ ਅਤੇ 22 ਬੱਚੇ ਸਿਲੈਕਟ ਹੋਏ ਹਨ। ਕਿੱਡੀ ਵੱਡੀ ਗੱਲ ਹੈ। ਹੁਣ ਤਾਂ ਲੜਕੀਆਂ ਨੂੰ ਵੀ ਕਮਿਸ਼ਨ ਮਿਲਣਾ ਸ਼ੁਰੂ ਹੋ ਗਿਆ ਹੈ। ਹੁਣ ਅਸੀਂ ਇਕ ਨਵੀਂ ਅਕੈਡਮੀ ਮੋਹਾਲੀ ਵਿਖੇ ਖੋਲ੍ਹ ਰਹੇ ਹਾਂ, ਉਸ ਦੀ ਜ਼ਮੀਨ ਵੀ ਲੈ ਲਈ ਹੈ, ਨਕਸ਼ਾ ਵੀ ਤਿਆਰ ਹੋ ਗਿਆ ਹੈ, ਮਾਈ ਭਾਗੋ ਆਰਮਡ ਫੋਰਸਿਜ਼ ਪਰੈਪਰੇਟਰੀ ਇੰਸਟੀਚਿਊਟ ਫਾਰ ਵੂਮੈਨ, ਉਥੇ ਬੱਚੀਆਂ ਨੂੰ ਵੀ ਫੌਜ ਵਿਚ ਭਰਤੀ ਲਈ ਸਿਖਲਾਈ ਦਿੱਤੀ ਜਾਵੇਗੀ। ਇਸ ਦਾ ਕੰਮ 4-5 ਹਫਤਿਆਂ ਵਿਚ ਸ਼ੁਰੂ ਹੋ ਜਾਵੇਗਾ। ਇਸ ਤੋਂ ਇਲਾਵਾ ਇਕ ਨੇਵਲ ਅਕੈਡਮੀ ਹੈ, ਉਹ ਰੋਪੜ ਵਿਚ ਖੋਲ੍ਹ ਰਹੇ ਹਾਂ। ਇਸ ਤਰ੍ਹਾਂ ਐਕਸ ਸਰਵਿਸਮੈਨ ਵਾਸਤੇ ਸਪੈਸ਼ਲ ਕੋਰਟ ਖੋਲ੍ਹ ਰਹੇ ਹਾਂ। ਇਹ ਤਾਂ ਮੈਂ ਉਹ ਗੱਲਾਂ ਕਰ ਰਿਹਾ ਹਾਂ ਜੋ ਅਸੀਂ ਕਰ ਚੁੱਕੇ ਹਾਂ ਕਿਉਂਕਿ ਕੋਡ ਲਗ ਗਿਆ ਹੈ, ਨਵਾਂ ਤਾਂ ਕੁਝ ਕਰ ਨਹੀਂ ਸਕਦੇ। ਇਸ ਤਰ੍ਹਾਂ ਮੈਂ ਦੱਸਿਆ ਹੈ ਕਿ ਹਰਿਮੰਦਰ ਸਾਹਿਬ ਵਿਖੇ ਪਲਾਜ਼ਾ ਬਣ ਰਿਹਾ ਹੈ ਔਰ ਨਵੰਬਰ 2014 ਵਿਚ ਇਹ ਕੰਪਲੀਟ ਹੋ ਜਾਵੇਗਾ। ਭਗਵਾਨ ਵਾਲਮੀਕ ਦੇ ਰਾਮ ਤੀਰਥ ਤੇ 181 ਕਰੋੜ ਰੁਪਇਆ ਲਗਾ ਰਹੇ ਹਾਂ, ਗੁਰੂ ਰਵਿਦਾਸ ਦੇ ਨਾਂ ਤੇ ਯਾਦਗਾਰ ਬਣਾ ਰਹੇ ਹਾਂ, ਸਵਾਮੀ ਵਿਵੇਕਾਨੰਦ ਦੀ ਯਾਦਗਾਰ ਕਪੂਰਥਲਾ ਵਿਖੇ ਬਣਾ ਰਹੇ ਹਾਂ। ਬਾਬਾ ਜੀਵਨ ਸਿੰਘ, ਬਾਬਾ ਮੋਤੀ ਰਾਮ ਮਹਿਰਾ, ਬਾਬਾ ਮਤੀ ਦਾਸ ਦੀ ਯਾਦਗਾਰ ਬਣਾ ਰਹੇ ਹਾਂ। ਮਹਾਰਾਜਾ ਦਲੀਪ ਸਿੰਘ ਨੂੰ ਜਿਥੇ ਅੰਗਰੇਜ਼ਾਂ ਨੇ ਰਾਏਕੋਟ ਦੀ ਕੋਠੀ ਵਿਚ ਰੱਖਿਆ ਸੀ, ਉਸ ਨੂੰ ਅਸੀਂ ਇੰਨਾ ਸ਼ਾਨਦਾਰ ਬਣਾਇਆ ਹੈ, ਤੁਸੀਂ ਸਪੀਕਰ ਸਾਹਿਬ, ਉਸ ਨੂੰ ਦੇਖ ਕੇ ਆਓ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਵੀ ਬੇਨਤੀ ਕਰਦਾ ਹਾਂ ਕਿ ਉਹ ਦੇਖ ਕੇ ਆਉਣ। ਸਾਡੀ ਇਹ ਕੋਸ਼ਿਸ਼ ਹੈ ਕਿ ਪੰਜਾਬ ਨੂੰ ਜਿੰਨੀਆਂ ਸੱਟਾਂ ਵੱਜੀਆਂ ਹਨ, ਪੰਜਾਬ ਨੂੰ ਹਿੰਦੁਸਤਾਨ ਦਾ ਟਾਪ ਦਾ ਸੂਬਾ ਬਣਾਇਆ ਜਾਵੇ ਔਰ ਇਥੇ ਮੋਦੀ ਸਾਹਿਬ ਦੇ ਖਿਲਾਫ਼ ਕੁਝ ਗੱਲਾਂ ਕੀਤੀਆਂ ਗਈਆਂ ਪਰ ਮੈਂ ਕਿਸੇ ਦੇ ਖਿਲਾਫ਼ ਨਹੀਂ ਬੋਲਦਾ। ਮੈਂ ਪਿਛੇ ਜਿਹੇ ਗੁਜਰਾਤ ਗਿਆ, ਮੋਦੀ ਸਾਹਿਬ ਕੋਲ ਉਥੇ ਕਿਸਾਨ ਆਏ। ਉਹ ਉਸ ਕਾਨੂੰਨ ਦੀ ਗੱਲ ਹੈ ਜੋ ਕਿ ਕਾਂਗਰਸ ਸਰਕਾਰ ਦੇ ਸਮੇਂ ਬਣਿਆ ਸੀ। ਇਹ ਕੇਵਲ ਗੁਜਰਾਤ ਦੇ ਕਿਸਾਨਾਂ ਦੀ ਗੱਲ ਨਹੀਂ ਬਲਕਿ ਸਾਰੀਆਂ ਸਟੇਟਾਂ ਦੇ ਕਿਸਾਨਾਂ ਦੀ ਗੱਲ ਹੈ। ਉਹ ਕਾਂਗਰਸ ਸਰਕਾਰ ਨੇ ਇਕ ਕਾਨੂੰਨ ਬਣਾਇਆ ਸੀ। ਉਥੇ ਕੋਈ ਡਿਪਟੀ ਕਮਿਸ਼ਨਰ ਨਵਾਂ ਆਇਆ ਸੀ, ਉਸ ਨੇ ਕੋਈ ਪੁਰਾਣਾ ਕਾਨੂੰਨ ਲਾਗੂ ਕੀਤਾ ਹੈ। ਪਰ ਮੋਦੀ ਸਾਹਿਬ ਨੇ ਮੇਰੇ ਨਾਲ ਵਾਅਦਾ

[ਮੁੱਖ ਮੰਤਰੀ]

ਕੀਤਾ ਸੀ ਕਿ ਮੈਂ ਕਿਸਾਨਾਂ ਨੂੰ ਉਜੜਨ ਨਹੀਂ ਦੇਵਾਂਗਾ। ਇਥੇ ਵੀ ਜਦੋਂ ਆਏ ਹਨ ਤਾਂ ਉਨ੍ਹਾਂ ਨੇ ਕਿਸਾਨਾਂ ਦੀ ਗੱਲ ਸੁਣੀ ਹੈ। ਮੈਂ ਇਨ੍ਹਾਂ ਵੀਰਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਟੈਲੀਵਿਜ਼ਨ ਦੇਖਿਆ ਕਰੋ, ਅੱਜ ਮੋਦੀ ਜੀ ਦੀ ਪਾਪੂਲੈਰਿਟੀ ਹੈ। ਇਹ ਤਾਂ ਸਾਡੇ ਸਾਹਮਣੇ ਹੈ ਕਿ ਮੋਦੀ ਜੀ ਨੇ ਪ੍ਰਧਾਨ ਮੰਤਰੀ ਬਣ ਜਾਣਾ ਹੈ (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਇਸ ਨਾਲ ਅੱਜ ਸਾਡੇ ਨਾਲ ਜੋ ਵਿਤਕਰਾ ਹੋ ਰਿਹਾ ਹੈ, ਉਹ ਦੂਰ ਕਰਨ ਦਾ ਸਾਨੂੰ ਮੌਕਾ ਮਿਲੇਗਾ। ਇਹ ਮੇਰੇ ਭਰਾ ਜਿਸ ਨੂੰ ਪ੍ਰਧਾਨ ਮੰਤਰੀ ਬਣਾਉਣਾ ਚਾਹੁੰਦੇ ਹਨ, ਕੀ ਉਸ ਨੂੰ ਕੋਈ ਤਜ਼ਰਬਾ ਹੈ? ਪ੍ਰਾਈਮ ਮਨਿਸਟਰ ਜਿਹੜਾ ਹੈ, ਉਹ ਤਜ਼ਰਬੇਕਾਰ ਹੋਣਾ ਚਾਹੀਦਾ ਹੈ। ਤੁਸੀਂ ਪਾਰਲੀਮੈਂਟ ਵਿਚ ਡਿਪਟੀ ਸਪੀਕਰ ਰਹੇ ਹੋ। ਸਾਰੀ ਦੁਨੀਆਂ ਦੀ ਜਿਹੜੀ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਹੈ, ਉਸ ਦੇ ਵੀ ਤੁਸੀਂ ਚੇਅਰਮੈਨ ਰਹੇ ਹੋ। ਤੁਹਾਨੂੰ ਤਜ਼ਰਬਾ ਹੈ। ਜੇਕਰ ਕਿਸੇ ਗੈਰ ਤਜ਼ਰਬੇਕਾਰ ਨੂੰ ਉਥੇ ਘੱਲ ਦਈਏ ਤਾਂ ਕੀ ਉਹ ਡਿਪਟੀ ਸਪੀਕਰ ਬਣ ਸਕਦਾ ਹੈ। ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ, ਉਹ ਨਾ ਤਾਂ ਕਿਤੇ ਐਮ.ਐਲ.ਏ. ਰਹੇ ਹਨ, ਨਾ ਕਦੇ ਮਨਿਸਟਰ ਰਹੇ ਹਨ, ਨਾ ਮੁੱਖ ਮੰਤਰੀ ਰਹੇ ਹਨ ਅਤੇ ਨਾ ਵੱਡਾ ਐਡਮਨਿਸਟਰੇਸ਼ਨ ਦਾ ਕੋਈ ਤਜ਼ਰਬਾ ਹੈ। ਇੱਕ ਅਨਜਾਣ ਬੰਦੇ ਨੂੰ ਤੁਸੀਂ ਉਸ ਕੁਰਸੀ ਤੇ ਬਿਠਾ ਦਿਓ, ਫਿਰ ਤਾਂ ਦੇਸ਼ ਦਾ ਜਮ੍ਹਾਂ ਹੀ ਬੁਰਾ ਹਾਲ ਹੈ। ਖਤਮ ਹੀ ਕਰਨ ਵਾਲੀ ਗੱਲ ਹੈ। ਇਸ ਕਰਕੇ ਇਨ੍ਹਾਂ ਗੱਲਾਂ ਵਿੱਚ ਕੁਝ ਨਹੀਂ ਪਿਆ ਹੈ। ਅੱਜ ਮੈਂ ਕਹਿੰਦਾ ਹਾਂ, ਮੈਂ ਕਦੇ ਵੀ ਕੋਈ ਗਲਤ ਗੱਲ ਨਹੀਂ ਕਹੀ ਸੀ ਕਿ ਇਸ ਇਲੈਕਸ਼ਨ ਤੋਂ ਬਾਅਦ ਕਾਂਗਰਸ ਨਾਂ ਦੀ ਪਾਰਟੀ ਹਿੰਦੁਸਤਾਨ ਵਿੱਚ ਨਹੀਂ ਹੋਣੀ। ਇਨ੍ਹਾਂ ਦੀ ਫੁੱਟ ਹੀ ਏਨੀ ਪੈ ਜਾਣੀ ਹੈ। ਇਹ ਬਿਲਕੁਲ ਡੀਮੌਰੋਲਾਈਜ਼ ਹੋ ਗਏ ਹਨ, ਹੁਣ ਇੱਥੋਂ ਤੱਕ ਹੋ ਗਏ, ਇਹ ਕਿਹੜੀ ਪਾਰਟੀ ਨਾਲ ਸਮਝੌਤਾ ਕਰਦੇ ਹਨ, ਪੀਪਲਜ਼ ਪਾਰਟੀ ਨਾਲ, ਸਾਰਾ ਬਠਿੰਡਾ ਜ਼ਿਲ੍ਹਾ, ਫਰੀਦਕੋਟ ਜ਼ਿਲ੍ਹਾ ਚੀਕਾਂ ਮਾਰ ਰਿਹਾ ਹੈ। ਐਮ.ਐਲ.ਏ ਦੁਖੀ ਹਨ, ਬੋਲ ਨਹੀਂ ਸਕਦੇ ਕਿਉਂਕਿ ਇਨ੍ਹਾਂ ਦੀ ਸੈਂਟਰਲਾਈਜ਼ ਗੱਲ ਹੈ। ਕਿਤੇ ਆਵਾਜ਼ ਨਹੀਂ ਪਹੁੰਚਦੀ, ਕਹਿੰਦੇ ਜਿਵੇਂ ਭੇਡਾਂ ਨੂੰ ਰੱਖੀਦਾ ਹੈ, ਉਵੇਂ ਸਾਨੂੰ ਰੱਖ ਲੈਂਦੇ ਹਨ। ਇਹ ਪਤਾ ਲਗੱਦਾ ਹੈ ਕਿ ਜਦੋਂ ਬੰਦਾ ਡੁੱਬਣ ਲੱਗਦਾ ਹੈ, ਫਿਰ ਹੱਥ ਹਿਲਾਉਂਦਾ ਹੈ ਅਤੇ ਕਹਿੰਦੇ ਹਨ -ਡੂਬਤੇ ਕੋ ਤਿਨਕੇ ਕਾ ਸਹਾਰਾ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਸਾਹਮਣੇ ਵਾਲੇ ਭਰਾਵਾਂ ਨੂੰ ਕਿ ਇਹ ਮਿਲ ਕੇ ਚੱਲਣ। ਕਦਮ ਨਾਲ ਕਦਮ ਮਿਲਾਓ। ਪੰਜਾਬ ਦਾ criticism ਕਰਨ ਨਾਲ ਕੁਝ ਨਹੀਂ ਬਣਨਾ। ਨਾ ਮੈਂ ਉਪਰ ਵਾਲਿਆਂ ਨੂੰ ਕਹਿੰਦਾ ਹਾਂ ਕਿ ਕਰੀਟੀਸਿਜ਼ਮ ਕਰੋ। ਮੈਂ ਕਹਿੰਦਾ ਹਾਂ ਕਿ ਚਲੋ ਇਲੈਕਸ਼ਨ ਤੱਕ ਹੀ ਕਰਿਟੀਸਿਜ਼ਮ ਕਰੋ ਫਿਰ ਤਾਂ ਮਿਲ ਜਾਇਆ ਕਰੋ ਤਾਂ ਕਿ ਦੇਸ਼ ਦਾ ਭਲਾ ਹੋਵੇ, ਪੰਜਾਬ ਦਾ ਭਲਾ ਹੋਵੇ, ਇਹ ਹੀ ਇਨ੍ਹਾਂ ਨੂੰ ਬੇਨਤੀ ਕਰਦੇ ਹਾਂ। ਮੈਨੂੰ ਖੁਸ਼ੀ ਹੈ ਕਿ ਸਾਡੀਆਂ ਜਿਹੜੀਆਂ ਸੈਂਟਰ ਵੱਲੋਂ ਪ੍ਰਾਪਤੀਆਂ ਹਨ ਜਾਂ ਸੂਬੇ ਵੱਲੋਂ ਜੋ ਕੁਝ ਕੀਤਾ ਹੈ, ਹਰ ਮੁੱਦੇ ਤੇ ਅਸੀਂ ਫੁਲੀ ਸੈਟਿਸਫਾਈਡ ਹਾਂ। ਸਾਡੇ ਫਾਇਨਾਂਸ ਵਿੱਚ ਵੀ ਕੋਈ ਕਮੀ ਨਹੀਂ ਹੈ। ਇਹ ਕਹਿੰਦੇ ਕਿ ਫਾਇਨਾਂਸ ਹੈ ਨਹੀਂ, ਫਿਰ ਏਨਾ ਕੰਮ ਕਿਵੇਂ ਹੋਈ ਜਾਂਦਾ ਹੈ। ਇੰਨੀਆਂ ਸਬਸਿਡੀਆਂ ਕਿਵੇਂ ਦਿੱਤੀਆਂ ਜਾਂਦੀਆਂ ਹਨ। ਸਪੀਕਰ ਸਾਹਿਬ, ਤੁਹਾਡਾ

ਟਾਈਮ ਕਾਫੀ ਲੈ ਲਿਆ। ਮੇਰਾ ਖਿਆਲ ਹੈ ਸਾਡੇ ਮੈਂਬਰ ਸਾਹਿਬਾਨ ਵੀ ਸਾਰੇ ਥੱਕੇ ਪਏ ਹਨ, ਵੈਸੇ ਸੁਆਦ ਨਹੀਂ ਆਉਂਦਾ ਜਦੋਂ ਤੱਕ ਸਾਹਮਣੇ ਬੈਂਚਾਂ ਤੇ ਕੋਈ ਬੈਠਾ ਨਾ ਹੋਵੇ (ਹਾਸਾ) ਕਿਉਂਕਿ ਜੇ ਬੈਠੇ ਹੁੰਦੇ ਤਾਂ ਇੱਕ ਦੋ ਗੱਲਾਂ ਉਹ ਮੈਨੂੰ ਆਖਦੇ ਤੇ ਮੈਂ ਜਵਾਬ ਚੰਗੀ ਤਰ੍ਹਾਂ ਦਿੰਦਾ। ਅਸੀਂ ਤਾਂ ਤੁਹਾਡੇ ਮੂੰਹ ਵੱਲ ਵੇਖੀ ਜਾਂਦੇ ਹਾਂ। ਮੈਂ ਤਾਂ ਇੱਧਰ ਵੀ ਨਹੀਂ ਵੇਖਿਆ। ਬੜੀ ਖੁਸ਼ੀ ਹੈ ਕਿ ਇਹ ਅੱਜ ਵਾਲਾ ਸਮਾਂ, ਜਿਸ ਦੇ ਵਿੱਚ ਗਵਰਨਰ ਐਡਰੈਸ ਤੇ ਬਹਿਸ ਖਤਮ ਹੋਈ ਹੈ, ਗਵਰਨਰ ਸਾਹਿਬ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਵੀ ਦਿੰਦਾ ਹਾਂ ਔਰ ਇਹ ਕਹਿੰਦਾ ਹਾਂ ਕਿ ਇਹ ਮਤਾ ਜਿਹੜਾ ਸੀ ਉਹ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਵੈਸੇ ਤਾਂ ਸਰਬਸੰਮਤੀ ਇਉਂ ਹੀ ਹੋਈ ਪਈ ਹੈ, ਦੇਖੋ ਵੈਸੇ ਉਨ੍ਹਾਂ ਨੇ ਮਨ ਬਣਾਇਆ ਸੀ ਕਿ ਅਸੀਂ ਰਹਿ ਜਾਈਏ ਪਰ ਫਿਰ ਉਤੋਂ ਉਤੋਂ ਹੀ ਆਖ ਦਿੱਤਾ। ਕੀ ਹੁਣ ਨਹੀਂ ਪ੍ਰੈਸ ਵਾਲੇ ਲਿਖਣਗੇ ਕਿ ਭੱਜ ਹੀ ਗਏ? ਪੰਜਾਬ ਦੇ ਲੋਕ ਨਹੀਂ ਆਖਣਗੇ ਕਿ ਤੁਸੀਂ ਭੱਜਦੇ ਕਿਉਂ ਹੋ? ਦੇਖੋ, ਜਿਥੋਂ ਤੱਕ ਮੁਲਾਜ਼ਮਾਂ ਦੀ ਗੱਲ ਹੈ, ਜਿੰਨੇ ਮਸਲੇ ਮੈਂ ਮੁਲਾਜ਼ਮਾਂ ਦੇ ਹੱਲ ਕੀਤੇ ਹਨ, ਕੋਈ ਸਰਕਾਰ ਨਹੀਂ ਕਰ ਸਕੀ ਔਰ ਹੁਣ ਵੀ ਮੈਂ ਆਪਣੇ ਪ੍ਰਿੰਸੀਪਲ ਸੈਕਟਰੀ ਸਾਹਿਬ ਨੂੰ ਕਿਹਾ ਹੈ ਕਿ ਮੈਂ ਦੋ ਦਿਨ ਇੱਥੇ ਹਾਂ, ਕਿਉਂਕਿ ਅਜੇ ਇਲੈਕਸ਼ਨ ਦਾ ਕੰਮ ਤਾਂ ਗਰਮ ਨਹੀਂ ਹੋਵੇਗਾ, ਕੈਂਡੀਡੇਟ ਥੋੜ੍ਹਾ ਜਿਹਾ ਗਰਮ ਕਰਨਗੇ, ਫਿਰ ਹੀ ਅਸੀਂ ਜਾਵਾਂਗੇ। ਮੈਂ ਹੁਣ ਦੋ ਦਿਨ ਪੂਰੇ ਲਾਵਾਂਗਾ, ਕਿਸੇ ਨੂੰ ਕੋਈ ਤਕਲੀਫ ਹੈ ਤਾਂ ਮੈਂ ਸਾਰਿਆਂ ਨਾਲ ਤਾਲਮੇਲ ਕਰਾਂਗਾ। ਭਾਵੇਂ ਕੋਈ ਬਠਿੰਡੇ ਬੈਠਾ ਹੈ, ਭਾਵੇਂ ਕੋਈ ਕਪੂਰਥਲੇ ਬੈਠਾ ਹੈ, ਵੀਰੋ! ਸਾਡੇ ਤਾਂ ਬੱਚੇ ਹੋ ਤੁਸੀਂ, ਇਹ ਤਾਂ ਤੁਹਾਨੂੰ ਵਰਗਲਾਉਂਦੇ ਹਨ, ਇਨ੍ਹਾਂ ਨੇ ਕੁਝ ਨਹੀਂ ਕਰਨਾ । ਜੇ ਕੁਝ ਕਰਨਾ ਹੈ, ਉਹ ਅਸੀਂ ਕਰਨਾ ਹੈ। ਆਓ, ਆਪਾਂ ਬੈਠ ਕੇ ਕੋਈ ਗੱਲ ਕਰੀਏ। ਜੋ ਮੈਂ ਕਾਨੂੰਨੀ ਤੌਰ ਤੇ ਕਰ ਸਕਦਾ ਹਾਂ, ਜਿਹੜਾ ਕਾਨੂੰਨ ਮੈਨੂੰ ਇਜ਼ਾਜ਼ਤ ਦਿੰਦਾ ਹੈ, ਉਸ ਦੇ ਵਿੱਚ ਮੈਂ ਸਾਰੀਆਂ ਗੱਲਾਂ ਕਰਾਂਗਾ। ਇਹ ਸਾਡੇ ਬੱਚੇ ਹਨ, ਅਸੀਂ ਉਨ੍ਹਾਂ ਵਾਸਤੇ ਅੱਗੇ ਹੀ ਬਹੁਤ ਕੁਝ ਕੀਤਾ ਹੈ ਤੇ ਹੁਣ ਵੀ ਜੇ ਕੋਈ ਜਾਇਜ਼ ਗੱਲ ਹੈ, ਉਹ ਮੈਂ ਕਰਨ ਨੂੰ ਤਿਆਰ ਹਾਂ। ਕੋਈ ਵੀ ਆਵੇ ਮੇਰੇ ਕੋਲ, ਮੈਂ 2 ਦਿਨ ਪੂਰੇ ਲਗਾਵਾਂਗਾ, ਕੋਈ ਵੀ ਮੁਲਾਜ਼ਮ ਜੱਥੇਬੰਦੀ ਮੈਨੂੰ ਆ ਕੇ ਮਿਲੇ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਮੈਂਬਰ ਸਾਹਿਬਾਨਾਂ ਦਾ ਵੀ ਧੰਨਵਾਦ, ਜਿਨ੍ਹਾਂ ਨੇ ਬੜੇ ਚੰਗੇ ਚੰਗੇ ਸੁਝਾਓ ਦਿੱਤੇ ਹਨ। (ਥੰਪਿੰਗ)

ਮਾਨਯੋਗ ਸਪੀਕਰ : ਰਾਜਪਾਲ ਜੀ ਦੇ ਧੰਨਵਾਦ ਦਾ ਮਤਾ ਪਾਸ ਕਰਨ ਤੋਂ ਪਹਿਲਾਂ ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮਤਾ ਪਾਸ ਹੋਣ ਤੋਂ ਬਾਅਦ Private Members Business and Private Members Bill ਜਿਹੜਾ ਹੈ, ਉਸ ਵਾਸਤੇ ਦੋ ਘੰਟੇ ਦਾ ਆਪਾਂ ਸਮਾਂ ਰੱਖਿਆ ਹੈ। ਇਸ ਦਾ ਮਤਲਬ ਇਹ ਹੈ ਕਿ ਪੰਜ ਵਜੇ ਤੋਂ ਸੱਤ ਵਜੇ ਤੱਕ Private Members Business and Private Members Bill ਦਾ ਕੰਮ ਹੋਵੇਗਾ।

[ਮਾਨਯੋਗ ਸਪੀਕਰ]

ਹੁਣ ਮੈਂ, ਡਾਕਟਰ ਦਲਜੀਤ ਸਿੰਘ ਚੀਮਾ ਦੁਆਰਾ ਪੇਸ਼ ਕੀਤੇ ਗਏ ਅਤੇ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਦੁਆਰਾ ਪ੍ਰੋੜ੍ਹਤਾ ਕੀਤੇ ਗਏ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ ਪੱਤਰ ਪੇਸ਼ ਕੀਤਾ ਜਾਵੇ -

> "ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 03 ਮਾਰਚ, 2014 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

RESOLUTIONS

I) RESOLUTION REGARDING RECOMMENDATION TO THE STATE GOVERNMENT TO APPROACH THE CENTRAL GOVT. TO HOLD THE RECRUITMENT OF SOLDIERS PURELY ON MERIT BASIS RATHER THAN KEEPING IN VIEW THE POPULATION OF THE STATES, TO PROTECT THE BORDERS OF THE COUNTRY.

ਮਾਨਯੋਗ ਸਪੀਕਰ : ਸਰਦਾਰ ਦਰਸ਼ਨ ਸਿੰਘ ਕੋਟਫੱਤਾ ਜੀ ਮਤਾ ਪੇਸ਼ ਕਰਨ।

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਸਪੀਕਰ ਸਾਹਿਬ, ਧੰਨਵਾਦ ਜੀ। ਤੁਸੀਂ ਮੈਨੂੰ ਬੜਾ ਅਹਿਮ ਮਤਾ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਮੈਂ ਪ੍ਰਸਤਾਵ ਕਰਦਾ ਹਾਂ ਕਿ -

> ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾਵੇ ਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਜਵਾਨਾਂ ਦੀ ਭਰਤੀ ਰਾਜਾਂ ਦੀ

ਆਬਾਦੀ ਨੂੰ ਮੁੱਖ ਰੱਖ ਕੇ ਨਹੀਂ ਬਲਕਿ ਨਿਰੋਲ ਯੋਗਤਾ ਦੇ ਆਧਾਰ ਤੇ ਕੀਤੀ ਜਾਵੇ।

ਸੋ, ਮੈਂ ਇਸ ਸਬੰਧ ਵਿੱਚ ਕਹਿਣਾ ਚਾਹਾਂਗਾ ਕਿ....

ਮਾਨਯੋਗ ਸਪੀਕਰ : ਤੁਸੀਂ ਰੁਕੋ, ਹਾਲੇ ਨਹੀਂ, ਪਹਿਲਾਂ ਮਨਜ਼ੂਰੀ ਲੈ ਲਈਏ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ ਕਿ -

> ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾਵੇ ਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਜਵਾਨਾਂ ਦੀ ਭਰਤੀ ਰਾਜਾਂ ਦੀ ਆਬਾਦੀ ਨੂੰ ਮੁੱਖ ਰੱਖ ਕੇ ਨਹੀਂ ਬਲਕਿ ਨਿਰੋਲ ਯੋਗਤਾ ਦੇ ਆਧਾਰ ਤੇ ਕੀਤੀ ਜਾਵੇ।

ਬਹਿਸ

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਮਾਨਯੋਗ ਸਪੀਕਰ ਸਾਹਿਬ, ਵਿਰੋਧੀ ਧਿਰ ਵੱਲੋਂ ਕੋਈ ਵੀ ਬੋਲਣ ਵਾਲਾ ਬੈਠਾ ਨਹੀਂ ਹੈ। ਦੋ ਰੈਜ਼ੋਲਿਊਸ਼ਨ ਰਹਿ ਗਏ ਹਨ ਜਿਹੜੇ ਕਿ ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਮੂਵ ਹੋਣੇ ਹਨ। ਅਸੀਂ ਤਾਂ ਸਹਿਮਤ ਹਾਂ, ਤੁਸੀਂ ਰਿਕੁਮੈਂਡ ਕਰ ਦਿਉ ਅਤੇ ਪਾਸ ਕਰ ਦਿਉ।

ਇੱਕ ਆਵਾਜ਼ : ਸੁਝਾਅ ਤਾਂ ਲੈ ਲਉ।

ਮਾਨਯੋਗ ਸਪੀਕਰ : ਇੱਕ ਮਿੰਟ, ਮੈਨੂੰ ਪਹਿਲਾਂ ਇਹ ਪਾਸ ਕਰਵਾ ਲੈਣ ਦਿਉ।

ਮਾਨਯੋਗ ਸਪੀਕਰ : ਪ੍ਰਸ਼ਨ ਹੈ ਕਿ -

> ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਜਾਵੇ ਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਜਵਾਨਾਂ ਦੀ ਭਰਤੀ ਰਾਜਾਂ ਦੀ ਆਬਾਦੀ ਨੂੰ ਮੁੱਖ ਰੱਖ ਕੇ ਨਹੀਂ ਬਲਕਿ ਨਿਰੋਲ ਯੋਗਤਾ ਦੇ ਆਧਾਰ ਤੇ ਕੀਤੀ ਜਾਵੇ।

ਪ੍ਰਸਤਾਵ ਸਰਬਸੰਮਤੀ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਅਗਲਾ ਮਤਾ ਚੰਨੀ ਸਾਹਿਬ ਦਾ ਹੈ, ਉਹ ਹਾਜ਼ਰ ਨਹੀਂ ਹਨ। ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਵੀ ਨਹੀਂ ਹਨ। ਨਵਤੇਜ ਸਿੰਘ ਚੀਮਾ ਜੀ ਵੀ ਨਹੀਂ ਹਨ। ਸੁਰਿੰਦਰ ਕੁਮਾਰ ਡਾਵਰ, ਦਲਜੀਤ ਸਿੰਘ ਚੀਮਾ, ਸਾਧੂ ਸਿੰਘ ਜੀ ਵੀ ਨਹੀਂ ਹਨ। ਮਹੇਸ਼ਇੰਦਰ ਸਿੰਘ ਜੀ ਦਾ ਮਤਾ ਪ੍ਰਵਾਨ ਹੋ ਗਿਆ ਹੈ। ਹਾਂ ਜੀ, ਹਰਪ੍ਰੀਤ ਸਿੰਘ ਜੀ।

II) RESOLUTION REGARDING RECOMMENDATION TO THE STATE GOVERNMENT TO RAISE THE MATTER WITH THE CENTRE GOVT. TO TAKE EFFECTIVE STEPS TO PREVENT THE DISASTROUS EFFECTS OF GLOBAL WARMING.

ਸਰਦਾਰ ਹਰਪ੍ਰੀਤ ਸਿੰਘ : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

> ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਇਸ ਸਬੰਧੀ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਇਆ ਜਾਵੇ ਕਿ ਗਲੋਬਲ ਵਾਰਮਿੰਗ ਦੇ ਭਿਆਨਕ ਨਤੀਜਿਆਂ ਦੀ ਰੋਕਥਾਮ ਲਈ ਅਸਰਦਾਰ ਕਦਮ ਚੁੱਕੇ ਜਾਣ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ ਕਿ-

> ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਇਸ ਸਬੰਧੀ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਇਆ ਜਾਵੇ ਕਿ ਗਲੋਬਲ ਵਾਰਮਿੰਗ ਦੇ ਭਿਆਨਕ ਨਤੀਜਿਆਂ ਦੀ ਰੋਕਥਾਮ ਲਈ ਅਸਰਦਾਰ ਕਦਮ ਚੁੱਕੇ ਜਾਣ।

ਬਹਿਸ ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮੈਂਬਰ ਸਾਹਿਬ ਬਹਿਸ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ ਕਿ-

> ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਇਸ ਸਬੰਧੀ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਇਆ ਜਾਵੇ ਕਿ ਗਲੋਬਲ ਵਾਰਮਿੰਗ ਦੇ ਭਿਆਨਕ ਨਤੀਜਿਆਂ ਦੀ ਰੋਕਥਾਮ ਲਈ ਅਸਰਦਾਰ ਕਦਮ ਚੁੱਕੇ ਜਾਣ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹਾਂ ਜੀ, ਅਗਲਾ ਮਤਾ ਸਰਦਾਰ ਰਣਜੀਤ ਸਿੰਘ ਢਿੱਲੋਂ ਜੀ, ਐਬਸੈਂਟ।

ਹੁਣ ਸਦਨ ਸ਼ੁੱਕਰਵਾਰ, ਮਿਤੀ 7 ਮਾਰਚ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।

*5.06 ਵਜੇ ਸ਼ਾਮ

(ਇਸ *ਸਮੇਂ ਸਦਨ ਸ਼ੁੱਕਰਵਾਰ, ਮਿਤੀ 7 ਮਾਰਚ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

APPENDIX
TO
PUNJAB VIDHAN SABHA DEBATES

Thursday, the 6th March, 2014

Vol. VII No. 3

STARRED QUESTION AND ANSWER

ਬੰਦ ਪਏ ਉਦਯੋਗਿਕ ਯੂਨਿਟਾਂ ਸਬੰਧੀ

*1309. **ਸਰਦਾਰ ਰਣਦੀਪ ਸਿੰਘ ਨਾਭਾ** : ਕੀ ਉਦਯੋਗਿਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰਾਜ ਵਿੱਚ ਬੰਦ ਪਏ ਉਦਯੋਗਿਕ ਯੂਨਿਟਾਂ ਸਬੰਧੀ ਉਦਯੋਗ ਵਿਭਾਗ ਦੀ ਮੌਜੂਦਾ ਸਥਿਤੀ ਕੀ ਹੈ ;

(ਅ) ਨਵੀਂ ਉਦਯੋਗਿਕ ਨੀਤੀ ਦੀ ਘੋਸ਼ਣਾ ਉਪਰੰਤ ਰਾਜ ਵਿੱਚ ਬੰਦ ਪਏ ਯੂਨਿਟਾਂ ਦਾ ਵੇਰਵਾ ਕੀ ਹੈ ਅਤੇ ਇਸ ਦੇ ਕੀ ਕਾਰਨ ਹਨ।

ਸ਼੍ਰੀ ਮਦਨ ਮੋਹਨ ਮਿੱਤਲ : (ੳ) ਸ਼੍ਰੀਮਾਨ ਜੀ, ਮਿਤੀ 1.4.2007 ਤੋਂ ਬਾਅਦ 132 ਉਦਯੋਗਿਕ ਯੂਨਿਟ ਬੰਦ ਹੋਏ ਹਨ ਫਿਰ ਵੀ ਰਾਜ ਵਿੱਚ ਮਿਤੀ 1.4.2007 ਤੋਂ ਲੈ ਕੇ ਹੁਣ ਤੱਕ 15,137 ਹੋਰ ਮਾਈਕਰੋ, ਸਮਾਲ ਅਤੇ ਮੀਡੀਅਮ ਐਂਟਰਪ੍ਰਾਈਜ਼ਿਜ਼ (ਐਮ.ਐਸ.ਐਮ.ਈ.) ਯੂਨਿਟ ਰਜਿਸਟਰ ਹੋਏ ਹਨ।

(ਅ) ਨਵੀਂ ਉਦਯੋਗਿਕ ਨੀਤੀ ਉਦਯੋਗਿਕ ਬੜਾਵੇ ਲਈ ਵਿੱਤੀ ਰਿਆਇਤਾਂ-2013 ਦੀ ਮਿਤੀ 5.12.2013 ਨੂੰ ਨੋਟੀਫਿਕੇਸ਼ਨ ਕੀਤੀ ਗਈ ਸੀ। ਨਵੀਂ ਉਦਯੋਗਿਕ ਨੀਤੀ ਦੇ ਐਲਾਨੇ ਜਾਣ ਤੋਂ ਬਾਅਦ ਉਪਰ ਦਰਸਾਏ ਗਏ 132 ਯੂਨਿਟਾਂ ਵਿੱਚੋਂ ਕੇਵਲ 3 ਯੂਨਿਟਾਂ ਦੇ ਬੰਦ ਹੋਣ ਦੀ ਰਿਪੋਰਟ ਹੈ। ਇਹ ਯੂਨਿਟ ਜਿਨ੍ਹਾਂ ਵਿੱਚੋਂ 1 ਯੂਨਿਟ ਜ਼ਿਲ੍ਹਾ ਹੁਸ਼ਿਆਰਪੁਰ, 1 ਯੂਨਿਟ ਜ਼ਿਲ੍ਹਾ ਬਠਿੰਡਾ ਅਤੇ 1 ਯੂਨਿਟ ਜ਼ਿਲ੍ਹਾ ਸੰਗਰੂਰ ਵਿੱਚ ਹੈ। ਇਨ੍ਹਾਂ ਯੂਨਿਟਾਂ ਦੇ ਬੰਦ ਹੋਣ ਦੇ ਵੱਡੇ ਕਾਰਣ ਆਰਥਿਕ ਮੰਦਹਾਲੀ, ਫਰੇਟ ਇਕੂਲਾਈਜ਼ੇਸ਼ਨ ਸਕੀਮ ਦਾ ਵਾਪਸ ਲਏ ਜਾਣਾ ਅਤੇ ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ ਅਤੇ ਉਤਰਾਖੰਡ ਆਦਿ ਗੁਆਂਢੀ ਰਾਜਾਂ ਨੂੰ ਸਹੂਲਤਾਂ ਦੇ ਵਿਸ਼ੇਸ਼ ਪੈਕੇਜ ਪ੍ਰਦਾਨ ਕਰਨਾ ਸ਼ਾਮਲ ਹਨ।

APPENDIX
TO
PUNJAB VIDHAN SABHA DEBATES

Thursday, the 6th March, 2014

Vol. VII No. 3

STARRED QUESTION AND ANSWER

[illegible]

*1300. [illegible] –

(ੳ) [illegible]

(ਅ) [illegible]

[illegible] 1.4.2007 [illegible] 1.4.2007 [illegible] 15,137 [illegible]

(ਅ) [illegible] 2013 [illegible] 5.12.2013 [illegible]

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ	ਮੁੱਖ ਮੰਤਰੀ (ਪ੍ਰਸੋਨਲ, ਬਿਜਲੀ, ਖੇਤੀਬਾੜੀ, ਵਿਜੀਲੈਂਸ, ਸਾਇੰਸ ਤਕਨਾਲੋਜੀ, ਵਾਤਾਵਰਨ, ਸਹਿਕਾਰਤਾ, ਆਮ ਪ੍ਰਸ਼ਾਸਨ, ਰੁਜ਼ਗਾਰ ਵਸੀਲੇ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ)
2)	ਸਰਦਾਰ ਸੁਖਬੀਰ ਸਿੰਘ ਬਾਦਲ	ਉਪ ਮੁੱਖ ਮੰਤਰੀ (ਗ੍ਰਿਹ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼, ਸ਼ਹਿਰੀ ਹਵਾਬਾਜ਼ੀ)
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਅਤੇ ਕਿਰਤ ਮੰਤਰੀ
4)	ਸਰਦਾਰ ਸਰਵਨ ਸਿੰਘ ਫਿਲੌਰ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
5)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
6)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
7)	ਸਰਦਾਰ ਗੁਲਜ਼ਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
8)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ

9)	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ
10)	ਸਰਦਾਰ ਜਨਮੇਜਾ ਸਿੰਘ ਸੇਖੋਂ	ਸਿੰਜਾਈ ਮੰਤਰੀ
11)	ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
12)	ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ
13)	ਸਰਦਾਰ ਸਿਕੰਦਰ ਸਿੰਘ ਮਲੂਕਾ	ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
14)	ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15)	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਲੋਕ ਨਿਰਮਾਣ (ਭ ਤੇ ਮ) ਮੰਤਰੀ
16)	ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਸੋਹਣ ਸਿੰਘ ਠੰਡਲ	ਸਿੰਚਾਈ
2)	ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਅਤੇ ਕਿਰਤ
3)	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
4)	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ
5)	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ.)
6)	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
7)	ਬੀਬੀ ਮਹਿੰਦਰ ਕੌਰ ਜੋਸ਼	ਡਾਕਟਰੀ ਸਿੱਖਿਆ ਅਤੇ ਖੋਜ
8)	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
9)	ਸ਼੍ਰੀ ਕੇ.ਡੀ. ਭੰਡਾਰੀ	ਸਹਿਕਾਰਤਾ
10)	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
11)	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
12)	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ

13)	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ
14)	ਸ਼੍ਰੀ ਐਨ.ਕੇ. ਸ਼ਰਮਾ	ਉਦਯੋਗ ਅਤੇ ਵਣਜ
15)	ਸ਼੍ਰੀਮਤੀ ਐਫ. ਨਿਸਾਰਾ ਖਾਤੂਨ	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
16)	ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
17)	ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
18)	ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ
19)	ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
20)	ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ ਵੱਲੋਂ ਛਾਪੀ ਗਈ।

8393/08-2014/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ

For checking, Please.
24/2/15.
Mrs. Beant Kaur.

PUNJAB VIDHAN SABHA

DEBATES

Friday, the 7th March, 2014

Vol. VII – No. 4

OFFICIAL REPORT

CONTENTS

Punjab Vidhan Sabha Secretariat, Chandigarh

Price : Rs._________.

ਮੰਤਰੀ ਮੰਡਲ

ਕ੍ਰਮ ਨੰ:	ਨਾਂ	ਵਿਭਾਗ
1.	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਪਰਸੋਨਲ, ਵਿਜੀਲੈਂਸ, ਸਾਇੰਸ ਤਕਨਾਲੋਜੀ, ਵਾਤਾਵਰਨ, ਸਹਿਕਾਰਤਾ, ਆਮ ਪ੍ਰਸਾਸ਼ਨ, ਰੁਜ਼ਗਾਰੀ ਵਸੀਲੇ, ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਨ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ
2.	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ ਮਾਮਲੇ, ਪ੍ਰਸਾਸ਼ਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼, ਸ਼ਹਿਰੀ ਹਵਾਬਾਜ਼ੀ
3.	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਅਤੇ ਕਿਰਤ ਮੰਤਰੀ
4.	ਸਰਦਾਰ ਸਰਵਨ ਸਿੰਘ ਫਿਲੌਰ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
5.	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
6.	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਤੇ ਰੁਜ਼ਗਾਰ ਮੰਤਰੀ
7.	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
8.	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ

9.	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ
10.	ਸਰਦਾਰ ਜਨਮੇਜਾ ਸਿੰਘ ਸੇਖੋਂ	ਸਿੰਜਾਈ ਮੰਤਰੀ
11.	ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
12.	ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ
13.	ਸਰਦਾਰ ਸਿਕੰਦਰ ਸਿੰਘ ਮਲੂਕਾ	ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
14.	ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15.	ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
16.	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਲੋਕ ਨਿਰਮਾਣ (ਭ ਤੇ ਮ) ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਂ	ਵਿਭਾਗ
1.	ਸਰਦਾਰ ਸੋਹਣ ਸਿੰਘ ਠੰਡਲ	ਸਿੰਜਾਈ
2.	ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਅਤੇ ਕਿਰਤ
3.	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
4.	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ
5.	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ)
6.	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
7.	ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਡਾਕਟਰੀ ਸਿੱਖਿਆ ਅਤੇ ਖੋਜ
8.	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
9.	ਸ਼੍ਰੀ ਕੇ.ਡੀ. ਭੰਡਾਰੀ	ਸਹਿਕਾਰਤਾ
10.	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
11.	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
12.	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
13.	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ
14.	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
15.	ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
16.	ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
17.	ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
18.	ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ ਦੀ ਭਲਾਈ
19.	ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਤੇ ਕਰ
20.	ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Thursday, the 7th March, 2014

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 10.00 A.M. Mr. Speaker (Doctor Charnjit Singh Atwal) in the Chair.

RULING BY THE HON'BLE SPEAKER

ਮਾਨਯੋਗ ਸਪੀਕਰ : ਮੈਂ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਕੁਐਸਚਨ ਆਵਰ ਤੋਂ ਪਹਿਲਾਂ ਇੱਕ ਸੂਚਨਾ ਦੇਣੀ ਜ਼ਰੂਰੀ ਸਮਝਦਾ ਹਾਂ। ਮਾਨਯੋਗ ਮੈਂਬਰ ਸਾਹਿਬਾਨ, ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਜ਼ਾਬਤਾ ਲਾਗੂ ਹੋ ਚੁੱਕਿਆ ਹੈ। ਇਸ ਦੇ ਕਾਰਨ ਕੋਈ ਵੀ ਇਸ ਤਰ੍ਹਾਂ ਦਾ ਪ੍ਰਸ਼ਨ, ਜਿਹੜਾ ਕਿਸੇ ਐਸ਼ੋਰੈਂਸ ਜਾਂ ਭਵਿੱਖ ਦੀ ਸਕੀਮ ਆਦਿ ਨਾਲ ਸਬੰਧਿਤ ਹੋਵੇ, ਨਹੀਂ ਉਠਾਇਆ ਜਾਣਾ ਚਾਹੀਦਾ। ਉਂਜ ਤਾਂ ਰੂਲ 28 ਦੇ ਤਹਿਤ ਸਵਾਲ ਮੁਲਤਵੀ ਕੀਤਾ ਜਾ ਸਕਦਾ ਹੈ। ਜੇਕਰ ਸਹਿਮਤੀ ਹੋਵੇ ਤਾਂ ਹਾਊਸ ਵਿੱਚ ਉਹੀ ਸਵਾਲ ਉਠਾਏ ਜਾਣਗੇ, ਜਿਹੜੇ ਕਿਸੇ ਐਸ਼ੋਰੈਂਸ ਜਾਂ ਭਵਿੱਖ ਦੀ ਸਕੀਮ ਆਦਿ ਨਾਲ ਸਬੰਧਿਤ ਨਹੀਂ ਹੋਣਗੇ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

STARRED QUESTIONS AND ANSWERS

ਮਾਨਯੋਗ ਸਪੀਕਰ : ਕੁਐਸਚਨਜ਼। *1365 ਦੇ ਸਬੰਧ ਵਿੱਚ ਮੇਰੀ ਤੁਹਾਨੂੰ ਇੱਕ ਰਿਕੁਐਸਟ ਹੈ ਕਿ ਇਸ ਪ੍ਰਸ਼ਨ ਦੇ ਜਵਾਬ ਵਿੱਚ ਐਸ਼ੋਰੈਂਸ ਦਿੱਤੀ ਜਾਣੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਐਸ਼ੋਰੈਂਸ ਤਾਂ ਇਸ ਵਿੱਚ ਹੈ ਹੀ ਨਹੀਂ।

ਮਾਨਯੋਗ ਸਪੀਕਰ : ਹੈ, ਬੇਟੇ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਜੇ ਮੰਗਾਂਗਾ ਤਾਂ ਹੀ ਹੋਵੇਗੀ। ਨਾ ਮੈਂ ਮੰਗੀ ਹੈ ਅਤੇ ਨਾ ਇਸ ਵਿੱਚ ਹੈ।

ਮਾਨਯੋਗ ਸਪੀਕਰ : ਤੁਸੀਂ ਪੁੱਛ ਲਵੋ ਪਰ ਮੰਤਰੀ ਜੀ ਜਵਾਬ ਆਪਣੇ ਹਿਸਾਬ ਨਾਲ ਦੇਣਗੇ। ਜੇ ਤੁਸੀਂ ਕੰਪੈਲ ਕਰੋਗੇ ਤਾਂ ਫਿਰ ਸ਼ਾਇਦ ਤੁਹਾਨੂੰ ਜਵਾਬ ਨਾ ਦਿਵਾ ਸਕਾਂ।

ਸਰਦਾਰ ਚਰਨਜੀਤ ਸਿੰਘ ਚੰਨੀ : ਠੀਕ ਹੈ ਜੀ।

ਮਾਨਯੋਗ ਸਪੀਕਰ : ਤੁਸੀਂ ਪੁੱਛ ਲਵੋ। ਆਪਣੀ ਕਾਰਵਾਈ ਕਰ ਲਵੋ।

ਸਰਦਾਰ ਚਰਨਜੀਤ ਸਿੰਘ ਚੰਨੀ : ਪਹਿਲਾਂ ਇਹ ਜਵਾਬ ਤਾਂ ਦੇ ਦੇਣ ਜੀ।

ਮਾਨਯੋਗ ਸਪੀਕਰ : ਜਵਾਬ ਉਨ੍ਹਾਂ ਨੇ ਚੋਣ ਜ਼ਾਬਤੇ ਨੂੰ ਮੁੱਖ ਰੱਖ ਕੇ ਦੇਣਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਦੇਣ ਤਾਂ ਸਹੀ।

ਮਾਨਯੋਗ ਸਪੀਕਰ : ਇਸ ਵਿੱਚ ਐਸ਼ੋਰੈਂਸ ਆਉਂਦੀ ਹੈ। ਮੈਂ ਉਨ੍ਹਾਂ ਨੂੰ ਨਹੀਂ ਪੁੱਛਿਆ, I have read it. ਜਿੰਨਾ ਕੁ ਮੇਰੇ ਕੋਲ ਜਵਾਬ ਹੈ, ਉਸ ਵਿੱਚ ਐਸ਼ੋਰੈਂਸ ਦਿੱਤੀ ਜਾਣੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਜਾਖੜ ਸਾਹਿਬ ਦੀ ਨੁਮਾਇੰਦਗੀ ਕਰ ਰਿਹਾ ਹਾਂ, ਇਸ ਵਿੱਚ ਜਾਖੜ ਸਾਹਿਬ ਨੇ ਇੰਨਾ ਹੀ ਪੁੱਛਿਆ ਹੈ ਕਿ ਦੋ ਰੁਪਏ ਕਿੱਲੋ ....

ਮਾਨਯੋਗ ਸਪੀਕਰ : ਮੈਂ ਤੁਹਾਡੇ ਨਾਲ ਸਹਿਮਤ ਹਾਂ ਪਰ ਜੋ ਜਵਾਬ ਮਨਿਸਟਰ ਸਾਹਿਬ ਵੱਲੋਂ ਆਉਣਾ ਹੈ, ਉਸ ਵਿੱਚ ਐਸ਼ੋਰੈਂਸ ਹੈ। ਜੇ ਤਾਂ ਮਨਿਸਟਰ ਸਾਹਿਬ ਵੱਲੋਂ ਕੋਈ ਐਸ਼ੋਰੈਂਸ ਨਹੀਂ ਆਉਣੀ ....

ਸਰਦਾਰ ਚਰਨਜੀਤ ਸਿੰਘ ਚੰਨੀ : ਐਸ਼ੋਰੈਂਸ ਤਾਂ ਇਸ ਵਿੱਚ ਕੋਈ ਹੈ ਹੀ ਨਹੀਂ, ਮੈਂ ਤਾਂ ਕੋਈ ਐਸ਼ੋਰੈਂਸ ਲੈ ਹੀ ਨਹੀਂ ਰਿਹਾ। ਮੰਤਰੀ ਸਾਹਿਬ ਪਹਿਲਾਂ ਜਵਾਬ ਤਾਂ ਦੇਣ ਜੀ।

ਮਾਨਯੋਗ ਸਪੀਕਰ : ਮੈਨੂੰ ਕੋਈ ਇਤਰਾਜ਼ ਨਹੀਂ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਤਾਂ ਸਿਰਫ ਇੰਨਾ ਪੁੱਛਿਆ ਹੈ ਕਿ ਦੋ ਰੁਪਏ ਕਿੱਲੋ ਕਣਕ ਮਿਲਦੀ ਹੈ, ਤੁਸੀਂ ਅੱਗੇ ਇੱਕ ਰੁਪਏ ਕਿੱਲੋ ਦਿੰਦੇ ਹੋ, ਤੁਹਾਡਾ ਅੱਗੇ ਖਰਚਾ ਕਿੰਨਾ ਆਉਣਾ ਹੈ। ਇਸ ਵਿੱਚ ਐਸ਼ੋਰੈਂਸ ਕਿੱਥੇ ਹੈ ਜੀ?

ਮਾਨਯੋਗ ਸਪੀਕਰ : ਫਿਰ ਠੀਕ ਹੈ।

ਫੂਡ ਸਕਿਓਰਟੀ ਕਾਨੂੰਨ ਤਹਿਤ ਕਣਕ ਦੇਣਾ

***1365. ਸ਼੍ਰੀ ਸੁਨੀਲ ਜਾਖੜ (ਸਰਦਾਰ ਚਰਨਜੀਤ ਸਿੰਘ ਚੰਨੀ ਵੱਲੋਂ ਪੇਸ਼ ਕੀਤਾ ਗਿਆ) :** ਕੀ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੇਂਦਰੀ ਫੂਡ ਸਕਿਓਰਟੀ ਕਾਨੂੰਨ ਤਹਿਤ ਰਾਜ ਸਰਕਾਰ ਨੂੰ ਕੇਂਦਰ ਵਲੋਂ ਦੋ ਰੁਪਏ ਕਿਲੋ ਦੇ ਹਿਸਾਬ ਨਾਲ ਮਹੀਨਾ-ਵਾਰ ਕਿੰਨੀ ਕਣਕ ਦਿੱਤੀ ਜਾ ਰਹੀ ਹੈ ਅਤੇ ਲਾਭਪਾਤਰਾਂ ਨੂੰ ਇਹ ਕਣਕ ਇੱਕ ਰੁਪਏ ਕਿਲੋ ਦੇ ਹਿਸਾਬ ਨਾਲ ਦੇਣ ਤੇ ਰਾਜ ਸਰਕਾਰ ਨੂੰ ਕਿੰਨਾ ਪੈਸਾ ਦੇਣਾ ਪਵੇਗਾ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : ਪੰਜਾਬ ਸਰਕਾਰ ਨੂੰ ਕੇਂਦਰੀ ਫੂਡ ਸਕਿਓਰਟੀ ਐਕਟ, 2013 ਤਹਿਤ 72510 ਮੀ. ਟਨ ਕਣਕ ਪ੍ਰਤੀ ਮਹੀਨਾ ਐਲੋਕੇਸ਼ਨ ਪ੍ਰਾਪਤ ਹੋਈ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਪੁੱਛ ਰਿਹਾ ਹਾਂ ਕਿ ਪੰਜਾਬ ਸਰਕਾਰ ਦਾ ਇਸ ਵਿੱਚ ਕਿੰਨਾ ਖਰਚਾ ਇਨਵਾਲਵਡ ਹੈ। ਇੱਕ ਰੁਪਏ ਕਿੱਲੋ ਇਨ੍ਹਾਂ ਨੇ ਅੱਗੇ ਵੰਡਣੀ ਹੈ। ਦੋ ਰੁਪਏ ਕਿੱਲੋ ਇਨ੍ਹਾਂ ਨੂੰ ਆਈ ਹੈ।

ਮਾਨਯੋਗ ਸਪੀਕਰ : ਇਸ ਦਾ ਮਤਲਬ ਜਦੋਂ ਉਨ੍ਹਾਂ ਨੇ ਇਹ ਕਹਿਣਾ ਹੈ ਕਿ ਇੰਨੇ ਪੈਸੇ ਸਰਕਾਰ ਨੇ ਦੇਣੇ ਹਨ ਔਰ ਅਸੀਂ ਵੰਡਣੀ ਹੈ, then ?

ਸਰਦਾਰ ਚਰਨਜੀਤ ਸਿੰਘ ਚੰਨੀ : ਨਹੀਂ ਜੀ, ਇਹ ਤਾਂ ਖਰਚਾ ਹੋਣਾ ਹੈ, ਮਤਲਬ ਸਰਕਾਰ ਦੋ ਰੁਪਏ ਕਿੱਲੋ ਲੈ ਕੇ ....

ਮਾਨਯੋਗ ਸਪੀਕਰ : ਤੁਸੀਂ ਵੰਡੋਗੇ ਨਹੀਂ ?

ਮੰਤਰੀ : ਸਪੀਕਰ ਸਾਹਿਬ, ਮੈਂ ਕਲੀਅਰ ਕਰ ਦਿੰਦਾ ਹਾਂ।

ਮਾਨਯੋਗ ਸਪੀਕਰ : ਇਸ ਦਾ ਮਤਲਬ ਤੁਸੀਂ ਲੈ ਕੇ ਅੱਗੇ ਵੰਡੋਗੇ ਨਹੀਂ ?

ਮੰਤਰੀ : ਸਪੀਕਰ ਸਾਹਿਬ, ਮੈਂ ਕਲੀਅਰ ਕਰ ਦਿੰਦਾ ਹਾਂ। ਅਫ਼ਸੋਸ ਦੀ ਗੱਲ ਹੈ ਕਿ ਅਸਲ ਵਿੱਚ ਇਨ੍ਹਾਂ ਨੂੰ ਕਿਸੇ ਗੱਲ ਦਾ ਪਤਾ ਨਹੀਂ ਹੈ। ਮੈਂ ਸੈਂਟਰ ਸਰਕਾਰ ਤੋਂ ਕਈ ਵਾਰੀ ਪੁੱਛ ਚੁੱਕਿਆ ਹਾਂ ਕਿ ਇਹ ਸਾਨੂੰ ਕਿੰਨੇ ਵਿੱਚ ਪਵੇਗੀ ਪਰ ਉਹ ਸਾਨੂੰ ਇਹ ਨਹੀਂ ਦੱਸ ਸਕੇ। ਮੈਂ ਕਿਹਾ ਕਿ ਇੱਕ ਮਨਿਸਟਰਜ਼ ਕਮੇਟੀ ਬਣਾ ਦਿਓ। ਉਹ ਕਹਿੰਦੇ ਕਿ ਬਣਾ ਦਿੰਦੇ ਹਾਂ। ਉਸ ਤੋਂ ਬਾਅਦ ਕਹਿਣ ਲੱਗੇ ਕਿ ਮਨਿਸਟਰਜ਼ ਦੀ ਨਹੀਂ, ਸੈਕ੍ਰੇਟਰੀਜ਼ ਦੀ ਕਮੇਟੀ ਬਣਾ ਦਿੱਤੀ ਹੈ। ਮੈਂ ਕਿਹਾ ਕਿ ਚੰਗਾ ਕੀਤਾ, ਤੁਸੀਂ ਸੈਕ੍ਰੇਟਰੀਜ਼ ਕਮੇਟੀ ਬਣਾ ਦਿੱਤੀ ਹੈ। ਫੇਰ ਮੈਂ ਕਿਹਾ ਕਿ ਹੁਣ ਦੱਸ ਦਿਓ ਸਾਨੂੰ ਕਿੰਨਾ ਖਰਚਾ ਪਵੇਗਾ। ਉਹ ਕਹਿਣ ਲੱਗੇ ਕਿ ਅਸੀਂ ਕੈਲਕੁਲੇਟ ਕਰ ਰਹੇ ਹਾਂ ਪਰ ਹਾਲੇ ਤੱਕ ਖਰਚਾ ਨਹੀਂ ਕੱਢ ਸਕੇ। ਮਨਿਸਟਰਜ਼ ਕਾਨਫਰੰਸ ਦੇ ਮਿਨਿਟਸ ਵੀ ਮੇਰੇ ਕੋਲ ਹਨ। ਮੈਂ ਤੁਹਾਨੂੰ ਦਿਖਾ ਦਿੰਦਾ ਹਾਂ। ਮੁੰਬਈ ਦੀ ਇੱਕ ਐਨ.ਜੀ.ਓ. ਨੇ ਵੀ ਮੇਰਾ ਨਾਮ ਲੈ ਕੇ ਲਿਖਿਆ ਹੈ ਕਿ ਉਹ ਕਹਿੰਦੇ ਹਨ ਕਿ ਕਾਸਟ ਕੀ ਪਵੇਗੀ?

ਐਕਟ ਵਿੱਚ ਲਿਖਿਆ ਹੈ ਕਿ ਅਸੀਂ ਸ਼ੇਅਰਿੰਗ ਕਰਾਂਗੇ, ਡਿਪੂ ਦੇ ਪੈਸੇ ਅਸੀਂ ਦੱਸਾਂਗੇ, ਟਰਾਂਸਪੋਰਟੇਸ਼ਨ ਅਸੀਂ ਦੱਸਾਂਗੇ, ਲੋਡਿੰਗ ਅਸੀਂ ਸ਼ੇਅਰ ਕਰਾਂਗੇ। ਮੈਂ ਕਿਹਾ ਕਿ ਦੱਸੋ ਕੀ ਸ਼ੇਅਰ ਕਰੋਗੇ, ਕਿੰਨਾ ਦਿਉਗੇ? ਮੈਂ ਇਥੇ ਹਾਊਸ ਦੇ ਵਿੱਚ ਵੀ ਕਿਹਾ ਸੀ ਕਿ ਸੈਂਟਰ ਵਾਂਗ ਸਾਨੂੰ ਵੀ ਬਜਟ ਪਾਸ ਕਰਨਾ ਪੈਂਦਾ ਹੈ। ਸਾਨੂੰ ਵੀ ਫੰਡਜ਼ ਦੀ ਐਪਰੋਪਰੀਏਸ਼ਨ ਕਰਨੀ ਪੈਂਦੀ ਹੈ। ਮੈਂ ਫਾਈਨਾਂਸ ਮਨਿਸਟਰ ਸਾਹਿਬ ਤੋਂ ਕੀ ਐਪਰੋਪਰੀਏਟ ਕਰਵਾਵਾਂਗਾ? ਮੈਂ ਇਹ ਨਹੀਂ ਕਿਹਾ ਕਿ ਮੇਰੇ ਤੋਂ ਕੋਈ ਕੁਐਸਚਨ ਪੁੱਛੇਗਾ। ਮੈਂ ਕਿਹਾ ਕਿ ਮੈਂ ਐਪਰੋਪਰੀਏਸ਼ਨ ਕੀ ਕਰਾਵਾਂਗਾ? ਉਹ ਕਹਿਣ ਲੱਗੇ ਕਿ ਅਸੀਂ ਸੋਚ ਕੇ ਦੱਸਾਂਗੇ। ਅੱਜ ਤੱਕ ਸੈਂਟਰ ਸਰਕਾਰ ਨੇ ਮੈਨੂੰ ਇਹ ਨਹੀਂ ਦੱਸਿਆ ਕਿ ਕਿੰਨੀ ਕਾਸਟ ਸ਼ੇਅਰ ਕਰਨਗੇ। ਜੇ ਹੁਣ ਤੱਕ ਨਹੀਂ ਦੱਸਿਆ ਤਾਂ ਅੱਗੋਂ ਵਾਸਤੇ ਕੈਲਕੁਲੇਟ ਕਰਕੇ ਦੱਸਣ ਕਿ ਇਹ ਸਾਨੂੰ ਕਿੰਨੇ ਵਿਚ ਪਵੇਗੀ। ਜਿਹੜੀ ਸਾਡੀ ਇਹ ਸਕੀਮ ਹੈ ਇਸ ਬਾਰੇ ਅਸੀਂ ਸਮਝਦੇ ਹਾਂ ਕਿ ਇਹ ਇਕ ਬੜੀ ਵੱਡੀ ਜ਼ਿੰਮੇਵਾਰੀ ਹੈ।

ਅਸੀਂ ਪੂਰੇ ਪੰਜਾਬ ਦੀ ਤਕਰੀਬਨ 51% ਪਾਪੂਲੇਸ਼ਨ ਇਸ ਸਕੀਮ ਦੇ ਅੰਡਰ ਕਵਰ ਕਰ ਰਹੇ ਹਾਂ। ਹੁਣ ਅਸੀਂ ਇਹ ਤਾਂ ਕਹਿ ਨਹੀਂ ਸਕਦੇ ਕਿ ਸੈਂਟਰ ਸਾਨੂੰ ਦੇ ਨਹੀਂ ਰਿਹਾ ਤੇ ਅਸੀਂ ਅੱਗੇ ਤੁਹਾਨੂੰ ਨਹੀਂ ਦੇਣਾ। ਐਕਟ ਦੀ ਨੋਟੀਫਿਕੇਸ਼ਨ 10 ਸਤੰਬਰ ਨੂੰ ਹੋਈ ਹੈ। ਸਾਨੂੰ ਸ਼ਰਤਾਂ ਦੀ ਬੜੀ ਲੰਮੀ ਚੌੜੀ ਲਿਸਟ ਭੇਜ ਦਿੱਤੀ ਕਿ ਇਹ ਜਲਦੀ ਜਲਦੀ

[ਖੁਰਾਕ ਤੇ ਸਿਵਲ ਸਪਲਾਈ ਮੰਤਰੀ]

ਪੂਰੀਆਂ ਕਰੋ ਤੇ ਤੁਹਾਡਾ ਕਰਵਾ ਦਿੰਦੇ ਹਾਂ। ਮੇਰਾ ਖਿਆਲ ਹੈ ਕਿ ਇਹ ਚਾਰ ਕੁ ਸਫ਼ਿਆਂ ਦੀ ਲਿਸਟ ਹੈ। ਅਸੀਂ ਇੱਕ ਦਿਨ ਨਹੀਂ ਗਵਾਇਆ, ਸ਼ਰਤਾਂ ਪੂਰੀਆਂ ਕਰ ਕੇ ਟਰਾਂਸਪੋਰਟੇਸ਼ਨ ਦਾ, ਲੋਡਿੰਗ ਦਾ, ਡਿਪੂ ਕਮਿਸ਼ਨ ਦਾ ਸਾਰਾ ਲੋਡ ਆਪਣੇ ਤੇ ਪਾ ਕੇ ਪਹਿਲੀ ਦਸੰਬਰ ਨੂੰ ਇਹ ਸ਼ੁਰੂ ਕਰ ਦਿੱਤੀ। ਕੰਮ ਤਾਂ ਦੇਸੀ ਕੀਤਾ ਹੈ, ਬਹੁਤੇ ਹਿਸਾਬ ਵਗੈਰਾ ਨਹੀਂ ਲਗਾਏ ਪਰ ਅਸੀਂ ਕਿਹਾ ਕਿ ਜ਼ਰੂਰ ਦਿੱਤੀ ਜਾਵੇ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੰਤਰੀ ਜੀ ਨੂੰ ਬੇਨਤੀ ਹੈ ਕਿ ਜੇ ਅਜੇ ਇਨ੍ਹਾਂ ਨੂੰ ਇੰਨਾ ਹੀ ਪਤਾ ਨਹੀਂ ਲੱਗਿਆ ਕਿ ਕਿੰਨਾ ਖਰਚਾ ਆਉਣਾ ਹੈ, ਕੀ ਹੋਣਾ ਹੈ ਤਾਂ ਇਨ੍ਹਾਂ ਨੇ ਇਸ ਨੂੰ ਆਪਣੀ ਆਟਾ-ਦਾਲ ਸਕੀਮ ਵਿਚ ਮਰਜ ਕਿਉਂ ਕੀਤਾ ਹੈ? ਕਿਉਂ ਇਨ੍ਹਾਂ ਨੇ ਆਟਾ-ਦਾਲ ਸਕੀਮ ਬੰਦ ਕਰ ਦਿੱਤੀ, ਆਟਾ-ਦਾਲ ਮਿਲਣਾ ਬਿਲਕੁਲ ਹੀ ਬੰਦ ਹੋ ਗਿਆ। ਪਹਿਲਾਂ ਆਟਾ ਦਿੰਦੇ ਸੀ ਪਰ ਹੁਣ ਆਟਾ ਨਹੀਂ ਮਿਲਦਾ, ਹੁਣ ਕਣਕ ਹੀ ਦੇ ਦਿੱਤੀ। ਦੋ ਰੁਪਏ ਕਿਲੋ ਲੈ ਕੇ ਉਹੀ ਕਣਕ ਇਕ ਰੁਪਏ ਕਿਲੋ ਅੱਗੇ ਦੇ ਰਹੇ ਹਨ। ਚੀਚੀ ਵੱਢ ਦੇ ਸ਼ਹੀਦ ਹੋਣ ਵਾਲੀ ਗੱਲ ਇਨ੍ਹਾਂ ਨੇ ਕੀਤੀ ਹੈ ਜੋ ਕਿ ਗਰੀਬ ਲੋਕਾਂ ਨਾਲ ਮਜ਼ਾਕ ਹੋ ਰਿਹਾ ਹੈ। ਇਹ ਆਪਣੀ ਆਟਾ-ਦਾਲ ਸਕੀਮ ਨੂੰ ਅਲੱਗ ਰੱਖਣ, ਜੋ .ਕੇਂਦਰ ਸਰਕਾਰ ਬੈਨੀਫਿਟ ਦੇ ਰਿਹਾ ਹੈ ਉਸ ਨਾਲ ਗਰੀਬਾਂ ਨੂੰ ਅਲੱਗ ਬੈਨੀਫਿਟ ਦੇਣ ।

ਮੰਤਰੀ : ਇਹ ਗੱਲ ਤਾਂ ਖੁਸ਼ੀ ਵਾਲੀ ਹੈ ਕਿਉਂਕਿ ਇਹ ਗਰੀਬਾਂ ਦੇ ਬੈਨੀਫਿਟ ਦੀ ਗੱਲ ਹੈ। ਬਾਕੀ ਜੋ ਸਕੀਮ ਦਾ ਨਾਂ ਆਟਾ-ਦਾਲ ਸਕੀਮ ਹੈ, ਕਈ ਵਾਰ ਕਿਸੇ ਸਕੀਮ ਦਾ ਕੋਈ ਨਾਮ ਰੱਖ ਲਿਆ ਜਾਂਦਾ ਹੈ ਪਰ ਚੀਜ਼ ਕੁਝ ਹੋਰ ਦਿੱਤੀ ਜਾਂਦੀ ਹੈ। ਜੇ ਤੁਸੀਂ ਕਿਸੇ ਨੂੰ ਪੁੱਛ ਕੇ ਦੇਖੋ, ਆਟਾ ਨਹੀਂ ਦਿੱਤਾ ਜਾਂਦਾ। ਸਪੀਕਰ ਸਾਹਿਬ, ਅਸੀਂ ਕਣਕ ਦਿੰਦੇ ਹਾਂ। ਵੈਸੇ ਇਹ ਠੀਕ ਹੈ ਕਿ ਇਸ ਸਕੀਮ ਦਾ ਨਾਂ ਕਣਕ-ਦਾਲ ਸਕੀਮ ਹੋਣਾ ਚਾਹੀਦਾ ਹੈ ਪਰ ਆਟਾ-ਦਾਲ ਨਾਂ ਜਿਵੇਂ ਜ਼ਬਾਨ ਤੇ ਚੜ੍ਹ ਜਾਂਦਾ ਹੈ ਉਵੇਂ ਆਟਾ-ਦਾਲ ਸਕੀਮ ਹੈ। ਅਸੀਂ ਕਣਕ ਦਿੰਦੇ ਹਾਂ ਅਤੇ ਹਮੇਸ਼ਾ ਕਣਕ ਦਿੱਤੀ ਹੈ।

ਦੂਜੀ ਗੱਲ, ਸਕੀਮ ਕੋਈ ਮਰਜ ਨਹੀਂ ਕੀਤੀ ਹੈ। ਗੌਰਮਿੰਟ ਆਫ ਇੰਡੀਆ ਦੇ ਗਜ਼ਟ ਨੋਟੀਫਿਕੇਸ਼ਨ ਵਿੱਚ ਸੈਕਸ਼ਨ 32 ਥੱਲੇ ਜੋ ਲਿਖਿਆ ਹੈ ਉਹ ਮੈਂ ਵਰਡ ਟੂ ਵਰਡ ਪੜ੍ਹ ਦਿੰਦਾ ਹਾਂ।ਉਨ੍ਹਾਂ ਨੇ ਕਿਹਾ ਹੈ ਕਿ ਜੇ ਤੁਸੀਂ ਇਸ ਸਕੀਮ ਨੂੰ ਇਸ ਤੋਂ ਬਿਹਤਰ ਕਰ ਸਕਦੇ ਹੋ ਤਾਂ ਅਸੀਂ ਵੈਲਕਮ ਕਰਾਂਗੇ। ਇਹ ਸਕੀਮ ਜਦੋਂ ਦੀ ਸ਼ੁਰੂ ਹੋਈ ਹੈ, ਇਹ ਕੇਵਲ ਤੇ ਕੇਵਲ ਵ੍ਹੀਟ ਨਾਲ ਤਾਅਲੁਕ ਰੱਖਦੀ ਹੈ, ਦਾਣੇ ਨਾਲ ਸਬੰਧ ਰੱਖਦੀ ਹੈ, ਨਾ ਕਿ ਕਿਸੇ ਹੋਰ ਫੂਡ ਨਾਲ। ਅਸੀਂ ਸਮਝਦੇ ਹਾਂ ਕਿ ਨਿਊਟ੍ਰੀਸ਼ਨ ਵਿਚ ਹੋਰ ਫੂਡ ਵੀ ਹੋਵੇਗਾ ਪਰ ਅਜਿਹਾ ਨਹੀਂ ਹੈ। ਜਿਵੇਂ ਇਹ ਕਹਿੰਦੇ ਹਨ ਕਿ ਆਟਾ ਲਿਖਿਆ ਹੈ ਤੇ ਕਣਕ ਦਿੰਦੇ ਹੋ, ਨੈਸ਼ਨਲ ਫੂਡ ਸਕਿਉਰਿਟੀ ਵੀ ਮਿਸਨਾਮਰ ਹੈ it is purely a wheat scheme and not a food scheme. ਅਸੀਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਫੂਡ ਵਰਡ ਲਿਖਿਆ ਹੈ ਇਸ ਕਰਕੇ ਸਕੀਮ ਵਿਚ ਦਾਲਾਂ, ਖੰਡ ਅਤੇ ਚਾਹਪੱਤੀ ਵੀ ਦਿਉ। ਸਾਰਾ ਕੁਝ ਪਾ ਕੇ ਇਕ ਕੰਪਰੀਹੈਂਸਿਵ ਨਿਊਟ੍ਰੀਸ਼ਨਲ ਫੂਡ ਦੀ ਸਕੀਮ ਬਣਾਉ। ਉਹ ਕਹਿਣ ਲੱਗੇ ਕਿ ਹੁਣ ਤਾਂ ਅਸੀਂ ਇੰਨਾ ਹੀ

ਕਰਾਂਗੇ, ਬਾਕੀ ਤੁਸੀਂ ਆਪਣੇ ਕੋਲੋਂ ਜੋ ਕਰ ਸਕਦੇ ਹੋ, ਕਰ ਲਓ। ਅਸੀਂ ਆਪਣੇ ਕੋਲੋਂ ਵਿਚ ਦਾਲਾਂ ਪਾ ਦਿੱਤੀਆਂ ਅਤੇ ਇਸ ਸਕੀਮ ਦਾ ਹੋਰ ਜਿੰਨਾ ਬਰਾਡ ਬੇਸ ਕਰ ਸਕਦੇ ਸੀ, ਅਸੀਂ ਕੀਤਾ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਾਨੂੰ ਅਜੇ ਤੱਕ ਪਤਾ ਹੀ ਨਹੀਂ ਲੱਗਿਆ ਹੈ ਕਿ ਸਾਡੇ ਤੇ ਕਿੰਨਾ ਖਰਚਾ ਪਵੇਗਾ ਤੇ ਕਿਹੜੇ ਭਾਅ ਪਵੇਗੀ। ਸਪੀਕਰ ਸਾਹਿਬ, ਪੂਰੇ ਦੇਸ਼ ਵਿਚ ਪਤਾ ਹੈ, ਇਹ ਲੋਕ ਸਭਾ ਵਿਚ ਪਾਸ ਹੋਇਆ ਹੈ, ਸੈਂਟਰ ਦੀ ਸਰਕਾਰ ਨੇ ਜੋ ਫੂਡ ਸਕਿਉਰਿਟੀ ਬਿਲ ਪਾਸ ਕੀਤਾ ਹੈ, ਉਸ ਵਿੱਚ ਦੋ ਰੁਪਏ ਕਿਲੋ ਕਣਕ ਪੈਣੀ ਹੈ। ਇਹ ਸਭ ਨੂੰ ਪਤਾ ਹੈ। ਮੈਨੂੰ ਇਉਂ ਲਗਦਾ ਹੈ ਕਿ ਇਹ ਜਿਹੜਾ ਪੰਜਾਬ ਸਰਕਾਰ ਵਲੋਂ ਦੇਣਾ ਚਾਹੁੰਦੇ ਹਨ ਉਸ ਨੂੰ ਲੁਕਾਉਣ ਦੀ ਖਾਤਰ ਇਹ ਗੱਲ ਨੂੰ ਇੰਨਾ ਲੰਬਾ ਕਰ ਰਹੇ ਹਨ ਪਰੰਤੂ ਇਨ੍ਹਾਂ ਨੂੰ ਇਹ ਕਲੀਅਰ ਕਰਨਾ ਚਾਹੀਦਾ ਹੈ ਕਿ ਜੋ ਸਕੀਮ ਸੈਂਟਰ ਦੀ ਸਰਕਾਰ ਦੇ ਰਹੀ ਹੈ ਉਸ ਵਿੱਚ ਦੋ ਰੁਪਏ ਕਿਲੋ ਕਣਕ ਤੇ ਤਿੰਨ ਰੁਪਏ ਕਿਲੋ ਚਾਵਲ, ਇਕ ਰੁਪਏ ਕਿਲੋ ਮੋਟਾ ਅਨਾਜ ਮਿਲੇਗਾ। ਇਸ ਤੋਂ ਇਲਾਵਾ ਇਹ ਦੱਸਣ ਕਿ ਇਨ੍ਹਾਂ ਦੀ ਆਪਣੀ, ਪੰਜਾਬ ਸਰਕਾਰ ਦੀ ਸਕੀਮ ਵੱਖਰੀ ਲਾਗੂ ਰਹੇਗੀ ਜਾਂ ਉਸ ਦੇ ਵਿੱਚ ਹੀ ਮਰਜ ਕਰਨਗੇ?

ਮੰਤਰੀ : ਸਰ, ਪਤਾ ਨਹੀਂ ਇਹ ਅਸੈਂਬਲੀ ਵਿਚ ਕਿਉਂ ਅਜਿਹੇ ਸਵਾਲ ਪੁੱਛਦੇ ਹਨ, ਵੈਸੇ ਹੀ ਪੁੱਛ ਲੈਂਦੇ, ਸਗੋਂ ਮੈਂ ਘੰਟਾ ਲਗਾ ਕੇ ਸਮਝਾ ਦਿੰਦਾ। ਮੈਂ ਗਜ਼ਟ ਦੇ ਪੇਜ਼ ਨੰ: 9 ਤੋਂ ਪੜ੍ਹ ਦਿੰਦਾ ਹਾਂ ਜਾਂ ਫਿਰ ਮੇਰੀ ਗੱਲ ਵੈਸੇ ਹੀ ਮੰਨ ਲਵੋ।

ਟਰੈਜ਼ਰੀ ਬੈਂਚਿਜ਼ ਵਲੋਂ ਇਕ ਅਵਾਜ਼ : ਜਿਵੇਂ ਹੈ ਉਸੇ ਤਰ੍ਹਾਂ ਹੀ ਸਾਰਾ ਅੰਗਰੇਜ਼ੀ ਵਿੱਚ ਪੜ੍ਹਨਾ ।

ਮੰਤਰੀ : ਠੀਕ ਹੈ ਜੀ, ਮੈਂ ਫਿਰ ਪੜ੍ਹ ਹੀ ਦਿੰਦਾ ਹਾਂ।(ਵਿਘਨ) ਮੈਂ ਸਾਰਾ ਨਹੀਂ ਪੜ੍ਹਦਾ, ਥੋੜ੍ਹਾ ਜਿਹਾ ਪੜ੍ਹ ਦਿੰਦਾ ਹਾਂ। Provide for transportation.....

ਮਾਨਯੋਗ ਸਪੀਕਰ : ਲੋੜ ਨਹੀਂ ਹੈ ਜੀ।

ਆਪੋਜ਼ੀਸ਼ਨ ਵੱਲੋਂ ਕੁਝ ਅਵਾਜ਼ਾਂ : ਇਸ ਨੂੰ ਪੰਜਾਬੀ ਵਿਚ ਪੜ੍ਹੋ ਜੀ।

ਮੰਤਰੀ : ਅੰਗਰੇਜ਼ੀ ਵਿਚ ਲਿਖਿਆ ਹੋਇਆ ਹੈ ਤਾਂ ਅੰਗਰੇਜ਼ੀ ਵਿਚ ਹੀ ਪੜ੍ਹਾਂਗਾ।

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਨਹੀਂ । ਮੈਂ ਇੰਨਾ ਤਾਂ ਜ਼ਰੂਰ ਕਹਾਂਗਾ ਕਿ ਪੰਜਾਬੀ ਵਿਚ ਹੋਣਾ ਚਾਹੀਦਾ ਹੈ। ਠੀਕ ਹੈ, ਪੜ੍ਹਿਆ ਸਮਝਿਆ ਜਾਵੇ। ਉਨ੍ਹਾਂ ਨੂੰ ਸਮਝ ਆ ਗਈ ਹੈ, ਉਹ ਇੰਟੈਲੀਜੈਂਟ ਹਨ। ਠੀਕ ਹੈ, ਤੁਸੀਂ ਬੈਠ ਜਾਉ। ਹਾਂ ਜੀ, ਅਗਲਾ ਸਵਾਲ, ਸ਼੍ਰੀ ਰਾਕੇਸ਼ ਪਾਂਡੇ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1313

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 1339, 1329*

(ਇਹ ਸਵਾਲ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਜ਼ਾਬਤਾ ਲਾਗੂ ਹੋਣ ਕਾਰਨ, ਜਵਾਬ ਵਿੱਚ ਐਸ਼ੋਰੈਂਸ ਦਿੱਤੀ ਹੋਣ ਕਾਰਨ ਅਤੇ ਮਾਨਯੋਗ ਸਪੀਕਰ ਸਾਹਿਬ ਦੇ ਹੁਕਮਾਂ ਅਨੁਸਾਰ ਨਹੀਂ ਲਏ ਗਏ।)

ਸਿਵਲ ਹਸਪਤਾਲ ਮਹਿਤਾ ਚੌਂਕ ਦੀ ਉਸਾਰੀ

***1299 ਸਰਦਾਰ ਬਲਜੀਤ ਸਿੰਘ ਜਲਾਲ ਉਸਮਾ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਪੰਜ ਸਾਲਾਂ ਤੋਂ ਸਿਵਲ ਹਸਪਤਾਲ, ਮਹਿਤਾ ਚੌਂਕ ਦੀ ਉਸਾਰੀ ਦਾ ਰੁਕਿਆ ਹੋਇਆ ਕੰਮ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇ ਗਾ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ, ਪੀ.ਡਬਲਿਊ.ਡੀ. ਮਹਿਕਮੇ ਨੇ ਦੱਸਿਆ ਹੈ ਕਿ ਸਿਵਲ ਹਸਪਤਾਲ, ਮਹਿਤਾ ਚੌਂਕ ਦੀ ਉਸਾਰੀ ਦਾ ਕੰਮ ਮਈ, 2014 ਤੱਕ ਮੁਕੰਮਲ ਹੋ ਜਾਵੇਗਾ।

ਸਰਦਾਰ ਬਲਜੀਤ ਸਿੰਘ ਜਲਾਲ ਉਸਮਾ : ਧੰਨਵਾਦ ਜੀ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਤੁਸੀਂ ਜ਼ਿਕਰ ਕੀਤਾ ਸੀ ਕਿ ਚਾਹੇ ਕਨਸਰਨਡ ਮੈਂਬਰ ਸਾਹਿਬ ਹਾਊਸ ਵਿੱਚ ਹਾਜ਼ਰ ਨਹੀਂ ਹਨ ਪਰ ਮੰਤਰੀ ਜੀ ਵੱਲੋਂ ਜਵਾਬ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ।

ਮਾਨਯੋਗ ਸਪੀਕਰ : ਪਰੰਤੂ ਉਸ ਸਵਾਲ ਦੇ ਜਵਾਬ ਵਿੱਚ ਐਸ਼ੋਰੈਂਸ ਆ ਜਾਣੀ ਹੈ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਜਿਆਨੀ ਸਾਹਿਬ ਜਿਹੜਾ ਜਵਾਬ ਦੇ ਰਹੇ ਹਨ ਉਹ ਵੀ ਤਾਂ ਇੱਕ ਤਰ੍ਹਾਂ ਦੀ ਐਸ਼ੋਰੈਂਸ ਹੀ ਹੈ।

ਮਾਨਯੋਗ ਸਪੀਕਰ : ਨਹੀਂ ਜੀ। ਜਿਹੜੇ ਅਜਿਹੇ ਕੁਐਸਚਨ ਹਨ ਉਹ ਮੈਂ ਪਹਿਲਾਂ ਹੀ ਛਾਂਟ ਲਏ ਹਨ। ਮੈਨੂੰ ਕਿਸੇ ਕੁਐਸਚਨ ਦਾ ਜਵਾਬ ਦਿਵਾਉਣ ਤੋਂ ਇਤਰਾਜ਼ ਨਹੀਂ ਹੈ। ਚੋਣਾਂ ਡਿਕਲੇਅਰ ਹੋ ਚੁੱਕੀਆਂ ਹਨ ਅਤੇ ਕੋਡ ਆਫ਼ ਕੰਡਕਟ ਲਾਗੂ ਹੋ ਚੁੱਕਾ ਹੈ। ਇਸ ਕਰਕੇ ਮੇਰਾ ਫਰਜ਼ ਹੈ ਕਿ ਮੈਂ ਅਜਿਹੇ ਜਵਾਬ ਦੇਣ ਤੇ ਰੋਕ ਲਗਾਵਾਂ ਜਿਨ੍ਹਾਂ ਵਿੱਚ ਆਸ਼ਵਾਸਨ ਦਿੱਤਾ ਗਿਆ ਹੋਵੇ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਤੁਸੀਂ ਆਪ ਪਰੰਪਰਾ ਰੱਖੀ ਸੀ ਕਿ ਸਦਨ ਵਿੱਚ ਕਈ ਮੈਂਬਰ ਸਾਹਿਬ ਹਾਜ਼ਰ ਨਹੀਂ ਹੁੰਦੇ ਪਰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾਣ। ਜਿਨ੍ਹਾਂ ਪ੍ਰਸ਼ਨਾਂ ਦੇ ਜਵਾਬਾਂ ਵਿੱਚ ਐਸ਼ੋਰੈਂਸ ਨਹੀਂ ਦਿੱਤੀ ਗਈ, ਜਿਵੇਂ ਪਾਂਡੇ ਸਾਹਿਬ ਦਾ ਸਵਾਲ ਸੀ, ਉਨ੍ਹਾਂ ਦਾ ਘੱਟੋ-ਘੱਟ ਜਵਾਬ ਤਾਂ ਦਿਵਾ ਦਿਓ ਤਾਂ ਕਿ

*Starred Questions No. 1339 & 1329 not taken up as per ruling by the Chair due to code of conduct with the declaration of Lok Sabha elections.

ਅਸੀਂ ਸਪਲੀਮੈਂਟਰੀ ਕਰ ਸਕੀਏ।

ਮਾਨਯੋਗ ਸਪੀਕਰ : ਜਿਹੜੇ ਮੈਂਬਰ ਨੂੰ ਉਨ੍ਹਾਂ ਨੇ ਆਥੋਰਾਈਜ਼ ਕੀਤਾ ਸੀ, ਉਹ ਮੈਂਬਰ ਵੀ ਹਾਜ਼ਰ ਨਹੀਂ ਹਨ।

ਸਰਦਾਰ ਰਣਦੀਪ ਸਿੰਘ ਨਾਭਾ : ਸਰ, ਜਵਾਬ ਤਾਂ ਦਿਵਾ ਸਕਦੇ ਹੋ।

ਮਾਨਯੋਗ ਸਪੀਕਰ : ਅਜਿਹਾ ਨਹੀਂ ਹੋ ਸਕਦਾ। ਜਦੋਂ ਸਵਾਲ ਪੁੱਛਣ ਵਾਲਾ ਮੈਂਬਰ ਹੀ ਨਹੀਂ ਹੈ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਤੁਸੀਂ ਕੱਲ੍ਹ ਵੀ ਸਾਡੇ ਸਵਾਲ ਰੱਦ ਕਰਵਾ ਦਿੱਤੇ ਅਤੇ ਅੱਜ ਵੀ ਇਹੀ ਕਰ ਰਹੇ ਹੋ।

ਮਾਨਯੋਗ ਸਪੀਕਰ : ਮੈਨੂੰ ਇਹ ਦੱਸੋ ਕਿ ਮੈਂ ਉਨ੍ਹਾਂ ਮੈਂਬਰ ਸਾਹਿਬ ਨੂੰ ਕਿਹਾ ਹੈ ਕਿ ਤੁਸੀਂ ਨਾ ਆਓ। They should come in time.

ਸਰਦਾਰ ਰਣਦੀਪ ਸਿੰਘ ਨਾਭਾ : ਸਰ, ਜਵਾਬ ਦਿਵਾ ਦਿਓ।

ਮਾਨਯੋਗ ਸਪੀਕਰ : ਸੌਰੀ, ਨਹੀਂ ਹੋ ਸਕਦਾ। ਅਜਿਹਾ ਤਾਂ ਪਾਰਲੀਮੈਂਟ ਵਿੱਚ ਵੀ ਨਹੀਂ ਹੈ। ਜੇਕਰ ਪਾਰਲੀਮੈਂਟ ਵਿੱਚ ਅਜਿਹੀ ਪ੍ਰੈਕਟਿਸ ਹੋਵੇ ਤਾਂ ਮੈਂ ਅਲਾਓ ਕਰ ਦਿਆਂ ਪਰ ਉਥੇ ਵੀ ਅਜਿਹਾ ਨਹੀਂ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1233*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1345, 1330**

(ਇਹ ਸਵਾਲ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਜ਼ਾਬਤਾ ਲਾਗੂ ਹੋਣ ਕਾਰਨ, ਜਵਾਬ ਵਿੱਚ ਐਸ਼ੋਰੈਂਸ ਦਿੱਤੀ ਹੋਣ ਕਾਰਨ ਅਤੇ ਮਾਨਯੋਗ ਸਪੀਕਰ ਸਾਹਿਬ ਦੇ ਹੁਕਮਾਂ ਅਨੁਸਾਰ ਨਹੀਂ ਲਏ ਗਏ।)

ਸਰਬਸੰਮਤੀ ਨਾਲ ਚੁਣੀਆਂ ਹੋਈਆਂ ਪੰਚਾਇਤਾਂ

***1336. ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ (ਸਰਦਾਰ ਅਜਾਇਬ ਸਿੰਘ ਭੱਟੀ ਵੱਲੋਂ ਪੇਸ਼ ਕੀਤਾ ਗਿਆ) :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ

*For Starred Question No. 1233 and reply thereto, please see Appendix to this debates.

** Starred Question No. 1345 & 1330 not taken up as per ruling by the Chair due to code of conduct with the declaration of Lok Sabha Elections.

[ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ]

ਕਿਰਪਾ ਕਰਕੇ ਦੱਸਣਗੇ ਕਿ -

(ੳ) ਪਿਛਲੀਆਂ ਪੰਚਾਇਤ ਚੋਣਾਂ ਦੌਰਾਨ ਰਾਜ ਵਿੱਚ ਕਿੰਨੀਆਂ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ;

(ਅ) ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਕਿੰਨੀ ਰਾਸ਼ੀ ਇਨਾਮ ਵਜੋਂ ਦਿੱਤੀ ਜਾਂਦੀ ਹੈ ਅਤੇ ਕੀ ਇਹ ਰਾਸ਼ੀ ਸਬੰਧਤ ਪੰਚਾਇਤਾਂ ਨੂੰ ਦੇ ਦਿੱਤੀ ਗਈ ਹੈ।

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ,

(ੳ) ਸਾਲ 2013 ਵਿੱਚ ਹੋਈਆਂ ਪੰਚਾਇਤ ਚੋਣਾਂ ਵਿਚ 1920 ਗਰਾਮ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ।

(ਅ) ਸਰਬਸੰਮਤੀ ਨਾਲ ਚੁਣੀਆਂ ਗਈਆਂ ਗਰਾਮ ਪੰਚਾਇਤਾਂ ਨੂੰ ਰਾਸ਼ੀ ਇਨਾਮ ਵਜੋਂ ਦੇਣ ਬਾਰੇ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ।

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ...

ਮਾਨਯੋਗ ਸਪੀਕਰ : ਸਪਲੀਮੈਂਟਰੀ ਕਰ ਸਕਦੇ ਹੋ ਪਰ ਐਸ਼ੋਰੈਂਸ ਨਾ ਮੰਗੀ ਜਾਵੇ, ਅਦਰਵਾਈਜ਼ ਠੀਕ ਹੈ।

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਇਹ ਤਾਂ ਆਲਰੇਡੀ ਕੁਐਸਚਨ ਹੈ।

ਮਾਨਯੋਗ ਸਪੀਕਰ : ਤੁਸੀਂ ਸਵਾਲ ਪੁੱਛੋ ਜੇਕਰ ਐਸ਼ੋਰੈਂਸ ਮੰਗੀ ਗਈ ਤਾਂ ਮੈਂ ਅਲਾਓ ਨਹੀਂ ਕਰਾਂਗਾ।

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਐਸ਼ੋਰੈਂਸ ਨਾਲ ਇਸ ਦਾ ਤਾਅਲੁਕ ਨਹੀਂ ਹੈ। ਮੈਂ ਮਾਨਯੋਗ ਮੰਤਰੀ ਜੀ ਤੋਂ ਪਤਾ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਇੰਸੈਂਟਿਵ ਦੇ ਤੌਰ ਤੇ ਰਕਮ ਦਿੱਤੀ ਜਾਂਦੀ ਸੀ...

ਮਾਨਯੋਗ ਸਪੀਕਰ : ਇੰਸੈਂਟਿਵ ਦਾ ਹੀ ਤਾਂ ਮਸਲਾ ਹੈ। ਜਿੱਥੇ ਇੰਸੈਂਟਿਵ ਆ ਗਿਆ ਉਹ ਅਲਾਓ ਨਹੀਂ ਕੀਤਾ ਜਾ ਸਕਦਾ।

ਸਰਦਾਰ ਅਜਾਇਬ ਸਿੰਘ ਭੱਟੀ : ਸਰ, ਇਹ ਪੁਰਾਣਾ ਮੈਟਰ ਹੈ। ਅਸੀਂ ਤਾਂ ਕੋਈ ਨਹੀਂ ਸੁਣਿਆ ਕਿ ਸਰਕਾਰ ਨੇ ਬੰਦ ਕਰ ਦਿੱਤਾ ਹੈ ਜਾਂ ਕੋਈ ਨੋਟੀਫਿਕੇਸ਼ਨ ਜਾਰੀ ਕੀਤਾ ਹੋਵੇ।

ਮਾਨਯੋਗ ਸਪੀਕਰ : ਨਹੀਂ ਜੀ। ਇਹ ਕੁਐਸਚਨ ਨਹੀਂ ਆ ਸਕਦਾ।

ਸਰਦਾਰ ਰਣਦੀਪ ਸਿੰਘ ਨਾਭਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ

ਦਿੱਤਾ ਹੈ ਕਿ ਅਜਿਹੀ ਤਜਵੀਜ਼ ਨਹੀਂ ਹੈ। ਕੀ ਸਰਕਾਰ ਆਪਣੇ ਚੋਣ ਮੈਨੀਫੈਸਟੋ ਤੋਂ ਭੱਜ ਰਹੀ ਹੈ ਜਿਹੜਾ ਇਨ੍ਹਾਂ ਨੇ ਉਸ ਵਿੱਚ ਜ਼ਿਕਰ ਕੀਤਾ ਸੀ ਕਿ ਸਰਬਸੰਮਤੀ ਵਾਲਿਆਂ ਨੂੰ ਇੰਸੈਂਟਿਵ ਦਿੱਤੇ ਜਾਣਗੇ?

ਮਾਨਯੋਗ ਸਪੀਕਰ : ਨਹੀਂ ਜੀ। ਚੋਣ ਮੈਨੀਫੈਸਟੋ ਦੇ ਰਿਲੇਟਿਡ ਸਵਾਲ ਨਹੀਂ ਆ ਸਕਦਾ, sorry.

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1342**

(ਇਹ ਸਵਾਲ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਜ਼ਾਬਤਾ ਲਾਗੂ ਹੋਣ ਕਾਰਨ, ਜਵਾਬ ਵਿੱਚ ਐਸ਼ੋਰੈਂਸ ਦਿੱਤੀ ਹੋਣ ਕਾਰਨ ਅਤੇ ਮਾਨਯੋਗ ਸਪੀਕਰ ਸਾਹਿਬ ਦੇ ਹੁਕਮਾਂ ਅਨੁਸਾਰ ਨਹੀਂ ਲਿਆ ਗਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1234*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1333*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1356**

(ਇਹ ਸਵਾਲ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਜ਼ਾਬਤਾ ਲਾਗੂ ਹੋਣ ਕਾਰਨ, ਜਵਾਬ ਵਿੱਚ ਐਸ਼ੋਰੈਂਸ ਦਿੱਤੀ ਹੋਣ ਕਾਰਨ ਅਤੇ ਮਾਨਯੋਗ ਸਪੀਕਰ ਸਾਹਿਬ ਦੇ ਹੁਕਮਾਂ ਅਨੁਸਾਰ ਨਹੀਂ ਲਿਆ ਗਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1361*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ** **

---

*Replies to these Starred Questions No. 1234,1233 and 1361 have not been received till 8.12.20014 i.e. the date on which this Debates was sent to the Press for final printing

** Starred Question No. 1342 & 1356 not taken up as per ruling by the Chair due to code of conduct with the declaration of Lok Sabha Elections.

** Not recorded as ordered by the Chair.

Mr Speaker : No commentary, ਚੰਨੀ ਜੀ, ਨਹੀਂ। Nothing is to be recorded.

ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 1373, 1243*

(ਇਹ ਸਵਾਲ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਜ਼ਾਬਤਾ ਲਾਗੂ ਹੋਣ ਕਾਰਨ, ਜਵਾਬ ਵਿੱਚ ਐਸ਼ੋਰੈਂਸ ਦਿੱਤੀ ਹੋਣ ਕਾਰਨ ਅਤੇ ਮਾਨਯੋਗ ਸਪੀਕਰ ਸਾਹਿਬ ਦੇ ਹੁਕਮਾਂ ਅਨੁਸਾਰ ਨਹੀਂ ਲਏ ਗਏ।)

ਅੱਠਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਫੇਲ੍ਹ ਨਾ ਕਰਨ ਦੀ ਸਕੀਮ ਸਬੰਧੀ

***1366. ਸਰਦਾਰ ਗੁਰਕੀਰਤ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪਹਿਲਾਂ ਪ੍ਰਾਇਮਰੀ ਤੱਕ ਦੇ ਕਿਸੇ ਵੀ ਵਿਦਿਆਰਥੀ ਨੂੰ ਫੇਲ੍ਹ ਨਾ ਕਰਨ ਦੀ ਸਕੀਮ ਲਾਗੂ ਸੀ;

(ਅ) ਕੀ ਇਸ ਤੋਂ ਬਾਅਦ ਇਸ ਸਕੀਮ ਨੂੰ ਮਿਡਲ ਸ਼੍ਰੇਣੀ ਤੱਕ ਲਾਗੂ ਕਰ ਦਿੱਤਾ ਗਿਆ ਸੀ;

(ੲ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਨੀਤੀ ਨੂੰ ਲਾਗੂ ਕਰਨ ਦੇ ਸਿੱਟੇ ਵਜੋਂ ਵਿਦਿਆਰਥੀਆਂ ਦੇ ਡਰਾਪ-ਆਊਟ ਰੇਟ ਵਿੱਚ ਵਾਧਾ ਹੋਇਆ ਹੈ ਅਤੇ ਸਿੱਖਿਆ ਦਾ ਮਿਆਰ ਘਟਿਆ ਹੈ;

(ਸ) ਕੀ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਵੱਧ ਰਹੇ ਡਰਾਪ-ਆਊਟ ਰੇਟ ਨੂੰ ਘਟਾਉਣ ਅਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਰਕਾਰ ਅੱਠਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਫੇਲ੍ਹ ਨਾ ਕਰਨ ਦੀ ਸਕੀਮ ਨੂੰ ਬਦਲਣ ਦੀ ਕੋਈ ਤਜਵੀਜ਼ ਰੱਖਦੀ ਹੈ?

ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸਰਵਨ ਸਿੰਘ ਫਿਲੌਰ) : (ੳ) ਜੀ ਹਾਂ, ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪਹਿਲਾਂ ਪ੍ਰਾਇਮਰੀ ਤੱਕ ਦੇ ਕਿਸੇ ਵੀ ਵਿਦਿਆਰਥੀ ਨੂੰ ਫੇਲ੍ਹ ਨਾ ਕਰਨ ਦੀ ਸਕੀਮ ਲਾਗੂ ਸੀ।

(ਅ) ਜੀ ਹਾਂ, ਬੱਚਿਆਂ ਦਾ ਲਾਜ਼ਮੀ ਤੇ ਮੁਫਤ ਵਿਦਿਆ ਦਾ ਅਧਿਕਾਰ ਕਾਨੂੰਨ, 2009 ਦੇ ਸੈਕਸ਼ਨ 16 ਦੇ ਤਹਿਤ ਇਸ ਸਕੀਮ ਨੂੰ ਮਿਡਲ ਸ਼੍ਰੇਣੀ ਤੱਕ ਲਾਗੂ ਕਰ ਦਿੱਤਾ ਗਿਆ ਸੀ।

*Starred Question No. 1373 & 1243 are not taken up as per ruling by the Chair due to code of conduct with the declaration of Lok Sabha Elections.

(ੲ) ਇਹ ਨੀਤੀ ਲਾਗੂ ਕਰਨ ਦੇ ਸਿੱਟੇ ਵਜੋਂ ਡਰਾਪ-ਆਊਟ ਰੇਟ ਵਿੱਚ ਅੰਸ਼ਿਕ ਵਾਧਾ ਹੋਇਆ ਹੈ। ਵਿਦਿਆਰਥੀਆਂ ਦਾ ਸਿੱਖਿਆ ਹਾਸਲ ਕਰਨ ਵਿੱਚ ਮਿਆਰ ਵਧਿਆ ਹੈ ਜਾਂ ਘਟਿਆ ਹੈ, ਬਾਰੇ ਸਲੈਸ (Slas) ਸਰਵੇ ਕਰਵਾਇਆ ਜਾ ਰਿਹਾ ਹੈ।

(ਸ) ਜੀ ਹਾਂ। ਪੰਜਾਬ ਸਰਕਾਰ ਨੇ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਹੈ ਅਤੇ ਇਹ ਮੁੱਦਾ ਕੇਂਦਰ ਸਰਕਾਰ ਨਾਲ ਵੱਖ ਵੱਖ ਸਮੇਂ ਹੋਈਆਂ ਮੀਟਿੰਗਾਂ ਵਿੱਚ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਸਪਲੀਮੈਂਟਰੀ ਜੀ।

ਮਾਨਯੋਗ ਸਪੀਕਰ : ਕੋਈ ਐਸ਼ੋਰੈਂਸ ਨਾ ਮੰਗੀ ਜਾਵੇ।

ਸਰਦਾਰ ਗੁਰਕੀਰਤ ਸਿੰਘ : ਨਹੀਂ ਜੀ, ਐਸ਼ੋਰੈਂਸ ਨਹੀਂ ਹੈ ਪਰ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹੋ ਜਿਹੀ ਕਿਹੜੀ ਮਜ਼ਬੂਰੀ ਸੀ ਕਿ ਵਿਦਿਆਰਥੀਆਂ ਨੂੰ ਅੱਠਵੀਂ ਕਲਾਸ ਤੱਕ ਫੇਲ੍ਹ ਨਾ ਕਰਨ ਦੀ ਨੀਤੀ ਸਰਕਾਰ ਨੇ ਅਪਣਾਈ ਹੈ ਜੀ? ਕੀ ਮੰਤਰੀ ਜੀ ਦੱਸ ਸਕਦੇ ਹਨ।

ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਨੀਤੀ ਗੌਰਮਿੰਟ ਆਫ਼ ਇੰਡੀਆ ਨੇ ਬਣਾਈ ਸੀ। ਹੁਣ ਇਸ ਬਾਰੇ ਪੜਤਾਲ ਚੱਲ ਰਹੀ ਹੈ। ਗੌਰਮਿੰਟ ਆਫ਼ ਇੰਡੀਆ ਨੇ ਐਜੂਕੇਸ਼ਨ ਮਨਿਸਟਰਜ਼ ਦੀ ਇੱਕ ਕਮੇਟੀ ਬਣਾਈ ਹੈ। ਇਸ ਕਮੇਟੀ ਦੇ ਪ੍ਰਧਾਨ ਹਰਿਆਣਾ ਦੇ ਐਜੂਕੇਸ਼ਨ ਮਨਿਸਟਰ ਹਨ। ਇਸ ਸਬੰਧੀ ਸਾਰੀ ਪੜਤਾਲ ਕੀਤੀ ਜਾ ਰਹੀ ਹੈ ਕਿ ਇਸ ਨੀਤੀ ਨੂੰ ਲਾਗੂ ਕਰਨਾ ਹੈ ਜਾਂ ਨਹੀਂ ਕਰਨਾ, ਉਸ ਦੀ ਰਿਪੋਰਟ ਹਾਲੇ ਆਉਣੀ ਹੈ। ਇਸ ਤੋਂ ਬਾਅਦ ਕੋਈ ਫੈਸਲਾ ਹੋਣਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਵੱਲੋਂ ਅੱਠਵੀਂ ਕਲਾਸ ਤੱਕ ਕਾਨੂੰਨ ਬਣਾ ਦਿੱਤਾ ਗਿਆ ਕਿ ਕੋਈ ਬੱਚਾ ਫੇਲ੍ਹ ਨਹੀਂ ਕਰਨਾ। ਮੰਤਰੀ ਜੀ ਨੇ ਇੱਥੇ ਦੱਸਿਆ ਹੈ ਕਿ ਇਹ ਨੀਤੀ ਕੇਂਦਰ ਸਰਕਾਰ ਨੇ ਬਣਾਈ ਹੈ ਲੇਕਿਨ ਮੈਂ ਇਸ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸੇ ਬੱਚੇ ਨੂੰ ਫੇਲ੍ਹ ਹੀ ਨਹੀਂ ਕਰਨਾ ਨੀਤੀ ਕਾਰਨ ਪਿੰਡਾਂ ਦੇ ਬੱਚਿਆਂ ਵਿੱਚ ਇਹ ਪ੍ਰਵਿਰਤੀ ਹੋ ਗਈ ਹੈ ਕਿ ਜੇਕਰ ਫੇਲ੍ਹ ਹੀ ਨਹੀਂ ਹੋਣਾ ਤਾਂ ਪੜ੍ਹਨ ਦੀ ਲੋੜ ਹੀ ਨਹੀਂ ਹੈ ਜੀ। (ਵਿਘਨ....ਸ਼ੋਰ) ਮੈਂ ਇਹ ਨਹੀਂ ਕਹਿ ਰਿਹਾ ਕਿ ਸੈਂਟਰ ਨੇ ਅਜਿਹੀ ਨੀਤੀ ਕਿਉਂ ਬਣਾਈ। ਮੇਰੀ ਬੇਨਤੀ ਇਹ ਹੈ ਕਿ ਇਸ ਨੀਤੀ ਤੇ ਮੁੜ ਵਿਚਾਰ ਕਰਕੇ ਵਿਧਾਨ ਸਭਾ ਵਿਚ ਰੈਜ਼ੋਲਿਊਸ਼ਨ ਲਿਆਉਣਾ ਚਾਹੀਦਾ ਹੈ ਕਿ 8ਵੀਂ ਕਲਾਸ ਤੱਕ ਬੱਚਿਆਂ ਦੀ ਸਹੀ ਪੜ੍ਹਾਈ ਵਾਸਤੇ (ਵਿਘਨ....ਸ਼ੋਰ) ਤੁਸੀਂ ਹਰ ਗੱਲ ਵਿਚ ਰਾਜਨੀਤੀ ਨਾ ਕਰੋ। ਇਹ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਜੇਕਰ ਸੈਂਟਰ ਸਰਕਾਰ ਨੇ ਗਲਤ ਕਾਨੂੰਨ ਬਣਾ ਦਿੱਤਾ ਤਾਂ ਕੀ ਹੋ ਗਿਆ? (ਵਿਘਨ...ਸ਼ੋਰ)

Mr. Speaker : Please listen.

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਜੇਕਰ ਇਸ ਤਰ੍ਹਾਂ ਡਿਸਟਰਬ ਕਰਨਗੇ ਤਾਂ ਮੈਂ ਕਿਸ ਤਰ੍ਹਾ ਬੋਲਾਂਗਾ। ਸਪੀਕਰ ਸਾਹਿਬ, ਮੈਂ ਪਿੰਡਾਂ ਦੇ ਸਕੂਲਾਂ ਵਿੱਚ ਜਾਂਦਾ ਹਾਂ। ਉਥੇ ਮੈਂ ਟੀਚਰਾਂ, ਬੱਚਿਆਂ ਅਤੇ ਮਾਪਿਆਂ ਨਾਲ ਗੱਲ ਕੀਤੀ ਹੈ। ਜਦੋਂ ਬੱਚੇ ਤੇ ਪਾਸ-ਫੇਲ੍ਹ ਹੋਣ ਦਾ ਕੋਈ ਬੋਝ ਹੀ ਨਹੀਂ ਹੈ ਤਾਂ ਉਹ ਪੜ੍ਹਦਾ ਨਹੀਂ ਹੈ। ਇਸ ਨਾਲ ਸਾਡੇ ਪੰਜਾਬ ਦੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਸਾਡੇ ਮੈਂਬਰ ਸਾਹਿਬ ਨੇ ਬਹੁਤ ਵਧੀਆ ਸੁਝਾਅ ਦਿੱਤਾ ਹੈ। ਇਸ ਨੂੰ ਸਾਰੇ ਸਦਨ ਵੱਲੋਂ ਵਿਚਾਰਨਾ ਚਾਹੀਦਾ ਹੈ। ਇਸ ਲਈ ਸਾਨੂੰ ਸਦਨ ਵਿੱਚ ਇਕ ਰੈਜ਼ੋਲਿਊਸ਼ਨ ਲਿਆ ਕੇ ਪਾਸ ਕਰਨਾ ਚਾਹੀਦਾ ਹੈ ਕਿ 8ਵੀਂ ਕਲਾਸ ਤੱਕ ਦੇ ਬੱਚਿਆਂ ਦੇ ਹਰ ਸਾਲ ਇਮਤਿਹਾਨ ਲਏ ਜਾਣਗੇ, ਟੀਚਰਾਂ ਦੀ ਕਾਰਗੁਜ਼ਾਰੀ ਵੀ ਦੇਖੀ ਜਾਵੇ ਤਾਂ ਜੋ ਸਿਸਟਮ ਸਹੀ ਚੱਲੇ। ਸਪੀਕਰ ਸਾਹਿਬ, ਮੈਂ 9ਵੀਂ ਕਲਾਸ ਵਿਚ ਗਿਆ, ਟੀਚਰ ਕਹਿਣ ਲੱਗੇ ਕਿ ਹੇਠਾਂ ਤੋਂ ਹੀ ਬੱਚੇ ਪੜ੍ਹਾਈ ਵਿਚ ਇੰਨੇ ਮਾੜੇ ਆ ਰਹੇ ਹਨ, ਅਸੀਂ ਕਿਵੇਂ ਆਪਣਾ ਰਿਜ਼ਲਟ ਠੀਕ ਕ਼ਰੀਏ ? 9ਵੀਂ ਜਮਾਤ ਦੇ ਬੱਚੇ ਸਭ ਤੋਂ ਜ਼ਿਆਦਾ ਫੇਲ੍ਹ ਹੋ ਰਹੇ ਹਨ। ਜਦੋਂ ਬੱਚੇ ਮਿਡਲ ਸਕੂਲ ਤੋਂ ਹਾਈ ਸਕੂਲ ਵਿਚ ਜਾਂਦੇ ਹਨ ਤਾਂ ਹਾਈ ਸਕੂਲ ਵਾਲੇ ਕਹਿੰਦੇ ਹਨ ਕਿ ਹੇਠਾਂ ਤੋਂ ਹੀ ਬੱਚੇ ਪੜ੍ਹਾਈ ਵਿਚ ਇੰਨੇ ਮਾੜੇ ਆ ਰਹੇ ਹਨ, ਅਸੀਂ ਕੀ ਕਰੀਏ? ਇਸ ਕਰਕੇ ਮੈਨੂੰ ਲਗਦਾ ਹੈ ਕਿ ਇਸ ਮਸਲੇ ਤੇ ਆਪਾਂ ਸਾਰੇ ਹੀ ਸਹਿਮਤ ਹਾਂ। ਇਸ ਲਈ ਇਸ ਨੂੰ ਦੁਬਾਰਾ ਵਿਚਾਰ ਕੇ ਵਿਧਾਨ ਸਭਾ ਵਿਚ ਰੈਜ਼ੋਲਿਊਸ਼ਨ ਲਿਆਉਣਾ ਚਾਹੀਦਾ ਹੈ।

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਸਵਾਲ ਕੀਤਾ ਹੈ ਇਹ ਬੜਾ ਅਹਿਮ ਸਵਾਲ ਹੈ। ਐਜੂਕੇਸ਼ਨ ਇਕ ਸਟੇਟ ਸਬਜੈਕਟ ਹੈ। ਜਦੋਂ ਮੈਂ ਸਿੱਖਿਆ ਮੰਤਰੀ ਬਣਿਆ ਸੀ ਤਾਂ ਉਸ ਸਮੇਂ 5ਵੀਂ ਕਲਾਸ ਦੇ ਇਮਤਿਹਾਨ ਨਹੀਂ ਹੁੰਦੇ ਸਨ ਅਤੇ ਬੱਚੇ ਨੂੰ ਸਿੱਧਾ ਹੀ 6ਵੀਂ ਕਲਾਸ ਵਿਚ ਕਰ ਦਿੰਦੇ ਸਨ। ਮੈਂ ਸਕੂਲਾਂ ਵਿਚ ਜਾ ਕੇ ਦੇਖਿਆ ਸੀ ਕਿ 5ਵੀਂ ਜਮਾਤ ਦੇ ਵਿਦਿਆਰਥੀਆਂ ਨੂੰ 100 ਤੱਕ ਦੀ ਗਿਣਤੀ ਨਹੀਂ ਆਉਂਦੀ ਸੀ।

ਮਾਨਯੋਗ ਸਪੀਕਰ : ਇਸ ਦੀ ਵਜ੍ਹਾ ਕੀ ਸੀ?

ਸਰਦਾਰ ਤੋਤਾ ਸਿੰਘ : ਸਪੀਕਰ ਸਾਹਿਬ, 5ਵੀਂ ਜਮਾਤ ਦਾ ਇਮਤਿਹਾਨ ਹੀ ਨਹੀਂ ਹੁੰਦਾ ਸੀ। ਮੈਂ ਆਪ ਉਸ ਸਮੇਂ 5ਵੀਂ ਜਮਾਤ ਦੇ ਇਮਤਿਹਾਨ ਲਾਜ਼ਮੀ ਕੀਤੇ ਔਰ ਬੋਰਡ ਦੇ ਇਮਤਿਹਾਨ ਕਰਵਾਏ। ਸਪੀਕਰ ਸਾਹਿਬ, ਇਹ ਸਟਾਫ਼ ਦੀ ਗੱਲ ਕਰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਸਾਰਾ ਸਟਾਫ ਬਹੁਤ ਉੱਤਮ ਹੈ ਕਿਉਂਕਿ ਪਰਾਪਰ ਮੈਰਿਟ ਦੇ ਅਧਾਰ ਤੇ ਹੀ ਅਧਿਆਪਕ ਨਿਯੁਕਤ ਹੁੰਦੇ ਹਨ। ਜਿਹੜੇ ਘੱਟ ਨੰਬਰਾਂ ਵਾਲੇ ਟੀਚਰ ਰਹਿ ਜਾਂਦੇ ਹਨ, ਉਹ ਪਬਲਿਕ ਸਕੂਲਾਂ ਵਿਚ ਜਾਂਦੇ ਹਨ। ਅੱਜ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਨੂੰ ਇੰਨੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ ਜਿੰਨੀਆਂ ਕਿ ਪਬਲਿਕ ਸਕੂਲਾਂ ਵਿਚ ਵੀ ਨਹੀਂ ਹੋਣੀਆਂ। ਸਿੱਖਿਆ ਇਕ ਸਟੇਟ ਸਬਜੈਕਟ ਹੈ, ਇਸ ਲਈ ਮੇਰੀ ਬੇਨਤੀ ਹੈ ਕਿ ਕੋਈ ਲੀਗਲ ਅਡਵਾਈਜ਼ ਲੈ ਕੇ ਇਸ ਨੀਤੀ ਨੂੰ ਅਮੈਂਡ ਕਰ ਲਿਆ ਜਾਵੇ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਹੁਣ ਤਾਂ ਸਿੱਖਿਆ ਦੇ ਅਸਲੀ ਮੰਤਰੀ ਸਾਹਿਬ ਵੀ ਆ ਗਏ ਹਨ। (ਹਾਸਾ) ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਇਸ ਨੀਤੀ ਨਾਲ ਬੱਚਿਆਂ ਵਿਚ ਪੜ੍ਹਾਈ ਸਬੰਧੀ ਸੀਰੀਅਸਨੈਸ ਘਟਦੀ ਜਾ ਰਹੀ ਹੈ ਜਿਸ ਕਾਰਨ ਸਿੱਖਿਆ ਦਾ ਮਿਆਰ ਘੱਟ ਰਿਹਾ ਹੈ। ਇਸ ਲਈ ਮੰਤਰੀ ਜੀ ਕੋਈ ਐਸ਼ੋਰੈਂਸ ਤਾਂ ਨਹੀਂ ਦੇ ਸਕਦੇ ਪਰ ਕੋਈ ਅਜਿਹੀ ਨੀਤੀ ਤਾਂ ਦੱਸ ਦੇਣ ਜਿਸ ਨਾਲ ਇਸ ਮਸਲੇ ਦਾ ਹੱਲ ਕੀਤਾ ਜਾ ਸਕੇ ਕਿਉਂਕਿ ਪਹਿਲਾਂ 8ਵੀਂ ਕਲਾਸ ਦੇ ਬੋਰਡ ਦੇ ਐਗਜ਼ਾਮ ਹੁੰਦੇ ਸਨ ਅਤੇ ਇਨ੍ਹਾਂ ਇਮਤਿਹਾਨਾਂ ਨੂੰ ਲੈ ਕੇ ਬੱਚੇ ਬਹੁਤ ਸੀਰੀਅਸ ਹੁੰਦੇ ਸਨ ਪਰ ਹੁਣ ਉਹ ਸੀਰੀਅਸਨੈਸ ਘਟਦੀ ਜਾ ਰਹੀ ਹੈ। ਇਸ ਨਾਲ ਐਜੂਕੇਸ਼ਨ ਸੈਕਟਰ ਨੂੰ ਵੀ ਬਹੁਤ ਨੁਕਸਾਨ ਹੋ ਰਿਹਾ ਹੈ।

ਮੁੱਖ ਸੰਸਦੀ ਸਕੱਤਰ, ਸਿੰਚਾਈ (ਸਰਦਾਰ ਸੋਹਣ ਸਿੰਘ ਠੰਡਲ) : ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਇਹ ਇੱਕ ਬੜਾ ਗੰਭੀਰ ਮਸਲਾ ਹੈ। ਅੱਜ ਸਾਨੂੰ ਪੰਜਾਬ ਦੇ ਵਿੱਚ ਦੋ ਤਰ੍ਹਾਂ ਦੀ ਦਿੱਕਤ ਆ ਰਹੀ ਹੈ। ਜੇਕਰ ਕਿਸੇ ਮਕਾਨ ਦੀ ਨੀਂਹ ਮਜ਼ਬੂਤ ਨਹੀਂ ਹੈ ਤਾਂ ਉਸ ਦੀ ਇਮਾਰਤ ਵਧੀਆ ਨਹੀਂ ਬਣ ਸਕਦੀ। ਜਿਹੜੇ ਬੱਚੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ 8ਵੀਂ ਜਾਂ 9ਵੀਂ ਤੱਕ ਪੜ੍ਹਦੇ ਹਨ, ਉਨ੍ਹਾਂ ਦੀ ਪੜ੍ਹਾਈ ਦਾ ਮਿਆਰ ਬੜਾ ਡਿੱਗਦਾ ਜਾ ਰਿਹਾ ਹੈ। ਇਸ ਕਰਕੇ ਨਹੀਂ ਕਿ ਸਾਡੇ ਕੋਲ ਸਟਾਫ਼ ਜਾਂ ਟੀਚਰ ਕਾਬਲ ਨਹੀਂ ਹਨ। ਅਜਿਹਾ ਇਸ ਕਰਕੇ ਹੈ ਕਿ ਜੇਕਰ ਕਲਾਸ ਵਿੱਚ ਟੈਸਟ ਹੀ ਨਹੀਂ ਹੋਣਾ ਤਾਂ ਬੱਚੇ ਦਾ ਪੜ੍ਹਾਈ ਪ੍ਰਤੀ ਇੰਟਰਸਟ ਹੀ ਨਹੀਂ ਬਣਨਾ, ਉਸ ਦਾ ਕੋਈ ਕੰਪੀਟੀਸ਼ਨ ਹੀ ਨਹੀਂ ਹੁੰਦਾ।

ਦੂਸਰਾ, ਜਿਹੜੀ ਅਸੀਂ ਹੋਰ ਟੀਚਰਾਂ ਦੀ ਭਰਤੀ ਕਰ ਰਹੇ ਹਾਂ, ਉਨ੍ਹਾਂ ਦੇ ਟੈਸਟ ਵੀ ਦੋ ਵਾਰ ਹੋਏ ਹਨ, ਸਤਿਕਾਰਯੋਗ ਮੰਤਰੀ ਜੀ ਵੀ ਬੈਠੇ ਹਨ, ਉਹ ਟੈਸਟ ਇੰਨਾ ਟਫ਼ ਕਰ ਦਿੱਤਾ ਗਿਆ ਹੈ ਕਿ ਉਸ ਵਿੱਚ ਬੱਚੇ ਸਿਲੈਕਟ ਨਹੀਂ ਹੋ ਰਹੇ ਹਨ। ਬਹੁਤ ਘੱਟ ਬੱਚੇ ਪਾਸ ਹੋ ਰਹੇ ਹਨ। ਇਹ ਦੋਨੋਂ ਗੱਲਾਂ ਵਿਚਾਰਨ ਵਾਲੀਆਂ ਹਨ। ਜੇਕਰ ਟੀਚਰਾਂ ਦੀ ਗਿਣਤੀ ਪੂਰੀ ਕਰਨੀ ਹੈ ਤਾਂ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ।

ਬੱਚਿਆਂ ਦਾ ਘੱਟੋ-ਘੱਟ ਪੰਜਵੀਂ ਕਲਾਸ ਵਿੱਚ ਟੈਸਟ ਹੋ ਜਾਣਾ ਚਾਹੀਦਾ ਹੈ। ਜੋ ਟੈਸਟ 8ਵੀਂ ਵਿੱਚ ਲੈਣਾ ਤੈਅ ਕੀਤਾ ਗਿਆ ਹੈ ਉਸ ਨੂੰ ਤਾਂ ਅਸੀਂ ਬਦਲ ਸਕਦੇ ਹਾਂ। ਇਹ ਸਟੇਟ ਦਾ ਮਸਲਾ ਹੈ, ਜੇਕਰ ਅਸੀਂ ਬੱਚਿਆਂ ਦਾ ਭਵਿੱਖ ਚੰਗਾ ਬਣਾਉਣਾ ਹੈ ਤਾਂ ਇਸ ਮੁੱਦੇ ਤੇ ਵਿਚਾਰ ਕਰਨੀ ਬਹੁਤ ਜ਼ਰੂਰੀ ਹੈ। ਇਹ ਮੇਰੀ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਹੈ, ਇਹ ਬਹੁਤ ਜ਼ਰੂਰੀ ਹੈ।

ਮਾਨਯੋਗ ਸਪੀਕਰ : ਮੇਰੀ ਇੱਕ ਬੇਨਤੀ ਹੈ। ਮੈਂ ਸਮਝਦਾ ਹਾਂ ਕਿ ਪਹਿਲੀ ਤੋਂ ਲੈ ਕੇ ਪੰਜਵੀਂ ਤੱਕ ਬੱਚੇ ਨਾ ਫੇਲ੍ਹ ਕਰਨ ਦੀ ਸੈਂਟਰ ਨੇ ਜੋ ਪਾਲਿਸੀ ਬਣਾਈ ਹੈ, ਇਸ ਨਾਲ ਸਕੂਲਾਂ ਵਿੱਚ ਬੱਚੇ ਬਹੁਤ ਘੱਟ ਗਏ ਹਨ। ਜਿਸ ਕਾਰਨ ਪੰਜਾਬ ਦਾ ਬੜਾ ਨੁਕਸਾਨ ਹੋਇਆ ਹੈ। ਉਸ ਦਾ ਰਿਜ਼ਲਟ ਇਹ ਨਿਕਲਿਆ ਕਿ ਜਿੱਥੇ ਪਹਿਲਾਂ ਸਕੂਲਾਂ ਵਿੱਚ 800-800 ਤੱਕ ਬੱਚੇ ਸਨ, ਉਥੇ ਇਸ ਵੇਲੇ ਸਿਰਫ਼ 200-200 ਤੱਕ ਹੀ ਬੱਚੇ ਰਹਿ ਗਏ ਹਨ। ਇਹ ਆਪਾਂ ਨੂੰ ਜ਼ਰੂਰ ਦੇਖ ਲੈਣਾ ਚਾਹੀਦਾ ਹੈ, ਇਸ ਬਾਰੇ ਥੋੜ੍ਹਾ ਜਿਹਾ ਵਿਚਾਰ ਕਰੋ।

ਮੁੱਖ ਮੰਤਰੀ : ਸਪੀਕਰ ਸਾਹਿਬ, ਤਕਰੀਬਨ ਦੋਵੇਂ ਸਾਈਡਾਂ, ਆਪੋਜ਼ੀਸ਼ਨ ਅਤੇ ਰੂਲਿੰਗ ਪਾਰਟੀ ਦੇ ਆਨਰੇਬਲ ਮੈਂਬਰ ਸਾਹਿਬਾਨਾਂ ਦਾ ਇਹ ਵਿਚਾਰ ਹੈ ਕਿ ਟੈਸਟ ਹੋਣੇ ਚਾਹੀਦੇ ਹਨ ਤਾਂ ਕਿ ਬੱਚੇ ਆਪਣੀ ਪੜ੍ਹਾਈ ਚੰਗੀ ਤਰ੍ਹਾਂ ਕਰ ਸਕਣ। ਹੁਣ ਪਤਾ ਨਹੀਂ ਇਹ ਐਸ਼ਿਓਰੈਂਸ ਵਿੱਚ ਨਾ ਆ ਜਾਏ। ਮੈਂ ਵੀ ਤੁਹਾਡੇ ਨਾਲ ਇਸ ਗੱਲ ਲਈ ਮੁਤੱਫਿਕ ਹਾਂ ਅਤੇ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨਾਲ ਗੱਲ ਕੀਤੀ ਹੈ ਅਤੇ ਉਹ ਵੀ ਇਸ ਗੱਲ ਲਈ ਮੁਤੱਫਿਕ ਹਨ ਕਿ ਜ਼ਰੂਰ ਇਸ ਦਾ ਹੱਲ ਲੱਭ ਲਿਆ ਜਾਵੇਗਾ ਅਤੇ ਇਲੈਕਸ਼ਨਾਂ ਤੋਂ ਬਾਅਦ ਆਪਾਂ ਨੂੰ ਇਸ ਮੁੱਦੇ ਤੇ ਫੈਸਲਾ ਲੈਣ ਦੀ ਅਜ਼ਾਦੀ ਹੋਵੇਗੀ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਉਦੋਂ ਤੱਕ ਨਵੀਆਂ ਕਲਾਸਾਂ ਸ਼ੁਰੂ ਹੋ ਜਾਣਗੀਆਂ।

ਮਾਨਯੋਗ ਸਪੀਕਰ : ਨਹੀਂ ਜੀ, ਹੁਣ ਕੋਈ ਐਸ਼ਿਓਰੈਂਸ ਨਹੀਂ ਦੇ ਸਕਦੇ।

ਸਰਦਾਰ ਗੁਰਕੀਰਤ ਸਿੰਘ : ਮੈਂ ਮੁੱਖ ਮੰਤਰੀ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਹਾਊਸ ਨੂੰ ਇਸ ਮਸਲੇ ਬਾਰੇ ਦੱਸਿਆ ਅਤੇ ਚਿੰਤਾ ਵੀ ਜ਼ਾਹਿਰ ਕੀਤੀ ਹੈ ਔਰ ਇਸ ਗੱਲ ਨੂੰ ਮੰਨਿਆ ਵੀ ਹੈ। ਮੈਂ ਬਹੁਤ ਧੰਨਵਾਦੀ ਹਾਂ।

ਐਮ.ਸੀ. ਪਟਿਆਲਾ ਦੇ ਵਾਰਡ ਨੰ. 2 ਤੋਂ 22 ਵਿੱਚ ਫੰਡ ਐਲੋਕੇਟ ਕਰਨੇ

***1353. ਸ਼੍ਰੀ ਬ੍ਰਹਮ ਮਹਿੰਦਰਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਮਿਊਂਸਿਪਲ ਕਾਰਪੋਰੇਸ਼ਨ, ਪਟਿਆਲਾ ਵਿੱਚ ਵਾਰਡ ਨੰ: 2 ਤੋਂ 22 ਵਿੱਚ ਸੜਕਾਂ, ਸੀਵਰੇਜ ਅਤੇ ਵਾਟਰ ਸਪਲਾਈ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਸੁਧਾਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ;

(ਅ) ਸਾਲ 2012-13 ਅਤੇ 2013-14 ਦੌਰਾਨ ਉਪਰੋਕਤ ਵਰਣਿਤ ਵਾਰਡਾਂ ਵਿੱਚ ਉਪਰੋਕਤ ਮੁਸ਼ਕਲਾਂ ਦੇ ਹੱਲ ਲਈ ਕਿੰਨੇ-ਕਿੰਨੇ ਫੰਡ ਐਲੋਕੇਟ ਕੀਤੇ ਗਏ?

ਸ਼੍ਰੀ ਅਨਿਲ ਜੋਸ਼ੀ : (ੳ) ਇਹ ਠੀਕ ਹੈ ਕਿ ਮਿਊਂਸਿਪਲ ਕਾਰਪੋਰੇਸ਼ਨ, ਪਟਿਆਲਾ ਵਿੱਚ ਵਾਰਡ ਨੰ. 2 ਤੋਂ 22 ਵਿੱਚ ਸੜਕਾਂ ਦੀ ਹਾਲਤ ਖਰਾਬ ਹੈ। ਜਿੱਥੋਂ ਤੱਕ ਵਾਟਰ ਸਪਲਾਈ ਤੇ ਸੀਵਰੇਜ ਦਾ ਸਬੰਧ ਹੈ, ਇਸ ਬਾਰੇ ਦੱਸਿਆ ਜਾਂਦਾ ਹੈ ਕਿ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਇਨ੍ਹਾਂ ਵਾਰਡਾਂ ਵਿੱਚ ਸੀਵਰੇਜ ਦਾ ਕੰਮ ਲਗਭਗ ਪੂਰਾ ਹੋ ਚੁੱਕਾ ਹੈ। ਵਾਰਡਾਂ ਵਿੱਚ ਸੜਕਾਂ ਦੇ ਕੰਮ ਲਈ ਟੈਂਡਰ ਪ੍ਰਾਪਤ ਹੋਣ ਉਪਰੰਤ ਵਰਕ ਆਰਡਰ ਜਾਰੀ ਕੀਤੇ ਜਾ ਚੁੱਕੇ ਹਨ।

(ਅ) ਉਪਰੋਕਤ ਵਰਣਿਤ ਵਾਰਡਾਂ ਵਿੱਚ ਮੁਸ਼ਕਲਾਂ ਦੇ ਹੱਲ ਲਈ ਐਲੋਕੇਟ ਕੀਤੇ ਫੰਡਾਂ ਦੀ ਸਥਿਤੀ ਅਨੁਲੱਗ "ੳ" ਤੇ ਹੈ।

ਅਨੁਲੱਗ "ੳ"

ਨਗਰ ਨਿਗਮ, ਪਟਿਆਲਾ ਵੱਲੋਂ ਵਾਰਡ ਨੰ. 2 ਤੋਂ 22 ਜਿੱਥੇ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਸੀਵਰੇਜ ਲਾਈਨਾਂ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਿਆ ਹੈ, ਵਿੱਚ ਸੜਕਾਂ ਦੇ ਕਰਵਾਏ ਜਾ ਰਹੇ ਵਿਕਾਸ ਦੇ ਕੰਮਾਂ ਦਾ ਵੇਰਵਾ, ਜਿਨ੍ਹਾਂ ਦੇ ਨਗਰ ਨਿਗਮ, ਪਟਿਆਲਾ ਵੱਲੋਂ ਵਰਕ ਆਰਡਰ ਜਾਰੀ ਕਰ ਦਿੱਤੇ ਗਏ ਹਨ:-

ਲੜੀ ਨੰ.	ਵਾਰਡ ਨੰਬਰ	ਕੰਮ ਦਾ ਨਾਮ	ਤਖ਼ਮੀਨਾ ਰਕਮ ਲੱਖਾਂ ਵਿਚ
1.	2	ਕੰਸਟ੍ਰਕਸ਼ਨ ਆਫ ਵੇਰੀਅਸ ਰੋਡਜ਼ ਆਫ ਨੋਰਥ ਐਵੀਨਿਊ ਐਂਡ ਪ੍ਰੇਮ ਨਗਰ ਵਾਰਡ ਨੰ. 2	329.00
2.	3	ਕੰਸਟ੍ਰਕਸ਼ਨ ਆਫ ਵੇਰੀਅਸ ਰੋਡਜ਼ ਆਫ ਰਣਜੀਤ ਨਗਰ	94.80
3.	4	ਕੰਸਟ੍ਰਕਸ਼ਨ ਆਫ ਵੇਰੀਅਸ ਰੋਡਜ਼ ਆਫ ਦੀਪ ਨਗਰ ਐਂਡ ਏਕਤਾ ਵਿਹਾਰ ਵਾਰਡ ਨੰ. 4	118.38
4.	5	ਰੈਸਟੋਰੇਸ਼ਨ ਆਫ ਰੋਡਜ਼ ਵੇਅਰ ਸੀਵਰ ਹੈਜ਼ ਬੀਨ ਲੇਡ	13.74
5.	10	ਰੈਸਟੋਰੇਸ਼ਨ ਆਫ ਰੋਡਜ਼ ਵੇਅਰ ਸੀਵਰ ਹੈਜ਼ ਬੀਨ ਲੇਡ	85.92
6.	10	ਕੰਸਟ੍ਰਕਸ਼ਨ ਆਫ ਰੋਡਜ ਐਂਡ ਲੇਇੰਗ ਬੀ.ਐਮ.ਪੀ.ਸੀ. ਆਨ ਗਰੀਨ ਪਾਰਕ, ਰਤਨ ਨਗਰ, ਵਿਲੇਜ਼ ਝਿਲ ਫਿਰਨੀ, ਐਮ.ਸੀ. ਹਾਊਸ ਰੋਡਜ਼ ਸ਼ਹੀਦ ਊਧਮ ਸਿੰਘ ਰੋਡ ਐਟਸੈਟ੍ਰਾ ਵਾਰਡ ਨੰ. 10	251.80
7.	10	ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਵਿਲੇਜ਼ ਝਿੱਲ ਐਂਡ ਮਹਾਂਰਿਸ਼ੀ ਵਾਲਮੀਕੀ ਕਲੋਨੀ ਵ:ਨੰ. 10	40.81
8.	11	ਰੈਸਟੋਰੇਸ਼ਨ ਆਫ ਰੋਡਜ਼ ਵੇਅਰ ਸੀਵਰ ਹੈਜ਼ ਬੀਨ ਲੇਡ	171.20
9.	11	ਲੇਇੰਗ ਇੰਟਰ ਲਾਕਿੰਗ ਟਾਈਲਜ਼ ਇੰਨ ਅਲੀਪੁਰ ਵਿਲੇਜ਼	86.47
10.	11	ਕੰਸਟ੍ਰਕਸ਼ਨ ਆਫ ਮੈਟਲਡ ਰੋਡਜ਼ ਐਂਡ ਲੇਇੰਗ ਬੀ.ਐਮ.ਪੀ.ਸੀ. ਆਨ ਰੋਡਜ਼ ਗੋਬਿੰਦ ਕਲੋਨੀ, ਅਰਸ਼ ਨਗਰ, ਖਾਲਸਾ ਨਗਰ, ਘੁੰਮਣ ਨਗਰ ਐਟਸੈਟ੍ਰਾ ਵਾਰਡ ਨੰ. 11	399.90

11.	11-12	ਰੈਸਟੋਰੇਸ਼ਨ ਆਫ ਰੋਡਜ਼ ਵੇਅਰ ਸੀਵਰ ਹੈਜ਼ ਬੀਨ ਲੇਡ	186.92
12.	12-13	ਰੈਸਟੋਰੇਸ਼ਨ ਆਫ ਰੋਡਜ਼ ਵੇਅਰ ਸੀਵਰ ਹੈਜ਼ ਬੀਨ ਲੇਡ	20.35
13.	15-17	ਰੈਸਟੋਰੇਸ਼ਨ ਆਫ ਰੋਡਜ਼ ਵੇਅਰ ਸੀਵਰ ਹੈਜ਼ ਬੀਨ ਲੇਡ	34.07
14.	21	ਰੈਸਟੋਰੇਸ਼ਨ ਆਫ ਰੋਡਜ਼ ਵੇਅਰ ਸੀਵਰ ਹੈਜ਼ ਬੀਨ ਲੇਡ	112.86
			1946.22

ਮਾਨਯੋਗ ਸਪੀਕਰ : ਹਾਂ ਜੀ, ਬ੍ਰਹਮ ਮਹਿੰਦਰਾ ਜੀ। ਕੋਈ ਪ੍ਰਾਬਲਮ ਦੱਸੋ ਲੇਕਿਨ ਦਾਇਰੇ ਦੇ ਵਿੱਚ ਰਹਿ ਕੇ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਮੈਂ ਦਾਇਰੇ ਵਿੱਚ ਰਹਾਂਗਾ। ਸਪੀਕਰ ਸਾਹਿਬ, ਜਵਾਬ ਦੀ ਪਹਿਲੀ ਲਾਈਨ ਹੈ ਕਿ "it is correct that conditions of roads in ward no 2-22 of the Municipal Corporation is bad." ਇਹ ਮੇਰੀ ਕਾਂਸਟੀਚੂਐਂਸੀ ਦੇ ਵਾਰਡ ਹਨ ਜੀ, ਜਿਨ੍ਹਾਂ ਦੀ ਕੰਡੀਸ਼ਨ ਬੈਡ ਦੱਸੀ ਗਈ ਹੈ ਪਰ ਐਕਚੂਅਲ ਵਿੱਚ ਬੈਡ ਨਹੀਂ, ਉਥੇ ਰੋਡਜ਼ ਦੀ ਕੰਡੀਸ਼ਨ ਵਰਸਟ ਹੈ। 2007 ਤੋਂ 2014 ਆ ਗਿਆ ਹੈ। ਮੇਰਾ ਖਿਆਲ ਹੈ ਕਿ ਸਰਕਾਰ ਨੇ ਪਹਿਲੀ ਵਾਰ ਕੋਈ ਸੱਚ ਬੋਲਿਆ ਹੈ ਅਤੇ ਐਡਮਿਟ ਕੀਤਾ ਹੈ ਕਿ ਸੜਕਾਂ ਦੀ ਕੰਡੀਸ਼ਨ ਬਹੁਤ ਬੁਰੀ ਹੈ। ਹੁਣ ਇਸ ਦੇ ਵਿੱਚ ਐਸ਼ਿਓਰੈਂਸ ਦੀ ਗੱਲ ਆਉਂਦੀ ਹੈ, 2007 ਤੋਂ ਹੁਣ ਤੱਕ ਰੋਜ਼ ਸਰਕਾਰ ਨੂੰ ਇਸ ਗੱਲ ਲਈ ਗਾਲ੍ਹਾਂ ਪੈਂਦੀਆਂ ਹਨ ਕਿਉਂਕਿ ਉਥੋਂ ਸਕੂਲ ਜਾਣ ਵਾਲੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਲੰਘਦੇ ਹਨ। ਸੜਕਾਂ ਦਾ ਹਾਲ ਦੇਖ ਕੇ ਸ਼ਰਮ ਆਉਂਦੀ ਹੈ। ਇਨ੍ਹਾਂ ਦੀ ਕੰਡੀਸ਼ਨ ਬੜੀ ਮਾੜੀ ਹੈ। ਮੈਂ ਇਸ ਗੱਲ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਇਹ ਐਡਮਿਟ ਕੀਤਾ ਹੈ ਕਿ ਸੜਕਾਂ ਟੁੱਟੀਆਂ ਹੋਈਆਂ ਹਨ। ਮੈਂ ਫੰਡਜ਼ ਦੀ ਐਲੋਕੇਸ਼ਨ ਦਾ ਵੀ ਧੰਨਵਾਦ ਕਰਦਾ ਹਾਂ। ਐਸ਼ਿਓਰੈਂਸ ਨਹੀਂ ਮੰਗਦਾ ਪਰ ਸੜਕਾਂ ਜਲਦੀ ਚੰਗੀ ਤਰ੍ਹਾਂ ਬਣਾ ਦੇਣ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਘਰੋੜ-ਘਰੋੜ ਕੇ ਗੱਲ ਕੀਤੀ ਹੈ। ਗੱਲ ਇਹ ਹੈ ਕਿ ਉਥੇ ਸੀਵਰੇਜ ਪਿਆ ਹੈ। ਜੇਕਰ ਸੀਵਰੇਜ ਪਿਆ ਹੈ ਤਾਂ ਸੀਵਰੇਜ ਨਾਲ ਸੜਕਾਂ ਟੁੱਟਣੀਆਂ ਹੀ ਸਨ। ਸਰ, ਜਿਹੜੇ ਟੈਂਡਰ ਲੱਗ ਚੁੱਕੇ ਹਨ ਉਨ੍ਹਾਂ ਬਾਰੇ ਤਾਂ ਮੈਂ ਦੱਸ ਸਕਦਾ ਹਾਂ। 19 ਕਰੋੜ 46 ਲੱਖ ਦੇ ਟੈਂਡਰ ਲੱਗ ਗਏ ਹਨ। ਉਸ ਤੋਂ ਇਲਾਵਾ 28 ਕਰੋੜ ਐਲੋਕੇਟ ਕੀਤਾ ਹੈ। ਬਾਕੀ ਵੀ ਜੇ ਕਹੋ ਤਾਂ ਮੈਂ ਦੱਸ ਦਿੰਦਾ ਹਾਂ। ਜੇ ਕਹੋ ਤਾਂ ਮੈਂ ਐਸ਼ਿਓਰੈਂਸ ਵੀ ਦੇ ਸਕਦਾ ਹਾਂ ਪਰ ਸਪੀਕਰ ਸਾਹਿਬ ਨੇ ਇਜਾਜ਼ਤ ਨਹੀਂ ਦਿੱਤੀ। ਇਸ ਕਰਕੇ ਜਿੱਥੇ ਸੀਵਰੇਜ ਪੈਣਾ ਹੈ ਉਥੇ ਪੁਟਾਈ ਤਾਂ ਹੋਣੀ ਹੀ ਹੈ।

ਸ਼੍ਰੀ ਬ੍ਰਹਮ ਮਹਿੰਦਰਾ : ਮੈਂ ਬੜਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ 26 ਕਰੋੜ

ਰੁਪਿਆ ਪਟਿਆਲੇ ਦੀਆਂ ਸੜਕਾਂ ਤੇ ਖਰਚ ਕੀਤਾ। ਜਿਹੜੀ ਇਹ ਸੀਵਰੇਜ ਦੀ ਗੱਲ ਕਰਦੇ ਹਨ, ਇਹ ਮਿਸਲੀਡਿੰਗ ਹੈ। ਸੀਵਰੇਜ ਸਿਰਫ 30% ਪਿਆ ਹੈ ਅਤੇ ਸੜਕਾਂ 100% ਟੁੱਟੀਆਂ ਹੋਈਆਂ ਹਨ।

ਮੰਤਰੀ : ਮੈਂ ਤਾਂ ਕਿਹਾ ਹੈ ਕਿ ਬਾਕੀ ਵੀ ਸਾਰਾ ਦੱਸ ਦਿੰਦਾ ਹਾਂ। ਇਸ ਤੋਂ ਇਲਾਵਾ ਵੀ ਪੈਸੇ ਹਨ..

ਮਾਨਯੋਗ ਸਪੀਕਰ : ਨਹੀਂ ਜੀ, ਬੱਸ। ਸਰਦਾਰ ਗੁਰਕੀਰਤ ਸਿੰਘ ਜੀ।

ਖਮਾਣੋਂ ਤੋਂ ਖੰਨਾ ਸੜਕ ਦੀ ਮੁਰੰਮਤ ਕਰਨਾ

***1202. ਸਰਦਾਰ ਗੁਰਕੀਰਤ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਖਮਾਣੋਂ-ਖੰਨਾ ਸੜਕ ਦੀ ਮੁਰੰਮਤ ਕਦੋਂ ਤੋਂ ਡਿਊ ਹੈ ਅਤੇ ਇਸ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ;

(ਅ) ਕੀ ਸਰਕਾਰ ਇਸ ਸੜਕ ਦੇ ਬਰਵਾਲੀ ਤੋਂ ਖੰਨਾ ਤੱਕ ਦੇ ਹਿੱਸੇ ਨੂੰ ਚੌੜਾ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਕਦੋਂ ਤੱਕ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ,

(ੳ) ਖਮਾਣੋਂ-ਖੰਨਾ ਸੜਕ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹਾ ਹੱਦ ਤੋਂ ਖੰਨੇ ਤੱਕ ਦੇ ਹਿੱਸੇ ਦੀ ਮੁਰੰਮਤ ਮਈ, 2012 ਵਿੱਚ ਡਿਊ ਸੀ। ਇਸ ਸੜਕ ਦੀ ਮੁਰੰਮਤ ਕਰਨ ਦਾ ਕੰਮ ਮਿਤੀ 14-01-2014 ਨੂੰ ਅਲਾਟ ਹੋ ਚੁੱਕਾ ਹੈ ਅਤੇ ਮਿਤੀ 13-07-2014 ਤੱਕ ਮੁਕੰਮਲ ਹੋ ਜਾਵੇਗਾ। ਇਸ ਸੜਕ ਦੇ ਖਮਾਣੋਂ ਤੋਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਹੱਦ ਤੱਕ ਦੇ ਹਿੱਸੇ, ਜਿਸ ਦੀ ਲੰਬਾਈ 8.96 ਕਿਲੋਮੀਟਰ ਹੈ, ਦੀ ਮੁਰੰਮਤ ਨਵੰਬਰ, 2013 ਵਿੱਚ ਕੀਤੀ ਜਾ ਚੁੱਕੀ ਹੈ ਅਤੇ ਸੜਕ ਦੀ ਹਾਲਤ ਠੀਕ ਹੈ।

(ਅ) ਬਰਵਾਲੀ ਤੋਂ ਖੰਨਾ ਤੱਕ ਦੇ ਹਿੱਸੇ ਦੀ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਉੱਤਰ ਦਿੱਤਾ ਹੈ ਕਿ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਖਮਾਣੋਂ ਤੋਂ ਬਰਵਾਲੀ ਤੱਕ ਸੜਕ ਦੀ ਮੁਰੰਮਤ ਕੀਤੀ ਗਈ ਹੈ। ਸਪੀਕਰ ਸਾਹਿਬ, ਇਸ ਤੇ ਪਿਛਲੇ ਵਰ੍ਹੇ ਪ੍ਰੀਮਿਕਸ ਪਿਆ ਸੀ ਔਰ ਅੱਜ ਉਹ ਸੜਕ ਬਿਲਕੁਲ ਟੁੱਟ ਚੁੱਕੀ ਹੈ। ਮੰਤਰੀ ਜੀ ਨੂੰ ਮਹਿਕਮੇ ਵੱਲੋਂ ਸਹੀ ਜਾਣਕਾਰੀ ਨਹੀਂ ਦਿੱਤੀ ਗਈ। ਅੱਜ ਇਸ ਦੀ ਵਿਜੀਲੈਂਸ ਇਨਕੁਆਰੀ ਹੋਣੀ ਚਾਹੀਦੀ ਹੈ ਤਾਂ ਕਿ ਦੋਸ਼ੀਆਂ ਨੂੰ ਸਜ਼ਾਵਾਂ ਮਿਲ ਸਕਣ। ਕੀ ਮੰਤਰੀ ਜੀ ਦੱਸ ਸਕਦੇ ਹਨ ਕਿ ਵਿਜੀਲੈਂਸ ਇਨਕੁਆਰੀ ਦੀ ਮੰਗ ਮੰਨੀ ਜਾਵੇਗੀ?

ਮੰਤਰੀ : ਸਪੀਕਰ ਸਾਹਿਬ, ਇਸ ਉਤੇ ਜਿਹੜੀ ਪ੍ਰੀਮਿਕਸ ਪਾਈ ਗਈ ਸੀ, ਉਹ ਠੰਡ ਦੇ ਮੌਸਮ ਵਿੱਚ ਪਾਈ ਗਈ ਸੀ ਜਦੋਂ ਕਿ ਉਸ ਮੌਸਮ ਵਿੱਚ ਪ੍ਰੀਮਿਕਸ ਨਹੀਂ ਪਾਈ ਜਾ ਸਕਦੀ। ਇਸ ਕਾਰਵਾਈ ਦੇ ਖਿਲਾਫ਼ ਮੈਂ ਪਹਿਲਾਂ ਹੀ ਐਕਸ਼ਨ ਲੈ ਚੁੱਕਾ ਹਾਂ ਅਤੇ ਇਸ ਰੋਡ ਨੂੰ ਵਧੀਆ ਬਣਾ ਕੇ ਅਸੀਂ ਦੇਵਾਂਗੇ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਇਹ ਸੜਕ ਖਮਾਣੋਂ ਤੋਂ ਖੰਨੇ ਤੱਕ ਜਾਂਦੀ ਹੈ ਅਤੇ ਬਰਵਾਲੀ ਤੱਕ ਇਹ ਸੜਕ ਚੌੜੀ ਹੋਈ ਹੈ। ਬਰਵਾਲੀ ਤੋਂ ਖੰਨੇ ਤੱਕ ਦਾ ਹਿੱਸਾ ਲੁਧਿਆਣਾ ਜ਼ਿਲ੍ਹੇ ਵਿੱਚ ਪੈਂਦਾ ਹੈ, ਉਹ ਚੌੜਾ ਨਹੀਂ ਹੋ ਸਕਿਆ। ਇਨ੍ਹਾਂ ਨੇ ਕਿਹਾ ਹੈ ਕਿ ਇਸ ਦੀ ਕੋਈ ਤਜਵੀਜ਼ ਨਹੀਂ ਹੈ। ਮੰਤਰੀ ਸਾਹਿਬ ਦੱਸਣ ਕਿ ਇਸ ਤਰ੍ਹਾਂ ਦਾ ਵਿਤਕਰਾ ਉਥੇ ਦੇ ਲੋਕਾਂ ਨਾਲ ਕਿਉਂ ਕੀਤਾ ਜਾ ਰਿਹਾ ਹੈ?

ਮਾਨਯੋਗ ਸਪੀਕਰ : ਬੱਸ ਅੱਗੇ ਨਹੀਂ ਜੀ, thank you.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਕਿਹਾ ਹੈ ਕਿ ਇਨਕੁਆਇਰੀ ਹੋ ਰਹੀ ਹੈ। ਇਹ ਦੱਸਣ ਕਿ ਕੀ ਇਨਕੁਆਇਰੀ ਹੋ ਰਹੀ ਹੈ? ਇਨ੍ਹਾਂ ਨੇ ਕਿਹਾ ਹੈ ਕਿ ਮੈਂ ਉਨ੍ਹਾਂ ਨੂੰ ਸਜ਼ਾ ਦਿਆਂਗਾ। ਇਹ ਕਿਸ ਕਿਸਮ ਦੀ ਸਜ਼ਾ ਦੇ ਰਹੇ ਹਨ, ਕਿਸ ਤਰ੍ਹਾਂ ਦੀ ਇਨਕੁਆਇਰੀ ਕੀਤੀ ਜਾ ਰਹੀ ਹੈ? ਇਹ ਤਾਂ ਨਹੀਂ ਕਿ ਇਨਕੁਆਇਰੀ ਲਈ ਸੱਦ ਕੇ ਬਿਸਕੁਟ ਖੁਆ ਕੇ ਤੋਰ ਦਿੱਤੇ ਜਾਂਦੇ ਹਨ। ਇਹ ਕਿਰਪਾ ਕਰਕੇ ਮੰਤਰੀ ਸਾਹਿਬ ਦੱਸਣ।

ਮਾਨਯੋਗ ਸਪੀਕਰ : ਉਹ ਆਉਣ ਵਾਲੇ ਸਮੇਂ ਦੀ ਗੱਲ ਹੈ। ਸ਼੍ਰੀ ਰਾਕੇਸ਼ ਪਾਂਡੇ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ.: 1316

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਖ਼ਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

UNSTARRED QUESTIONS AND ANSWERS

ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ: 65**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।

**Reply to this Unstarred Question No. 65 has not been received till 8.12.2014 i.e. the date on which this Debates was sent to the Press for final printing.

ਪੀ.ਏ.ਪੀ. ਵਿੱਚ ਭਰਤੀ ਕੀਤੇ ਗਏ ਮੁਲਾਜ਼ਮ

66. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2006-07 ਵਿੱਚ ਪੀ.ਏ.ਪੀ. ਪੰਜਾਬ ਆਰਮਡ ਪੁਲਿਸ ਵਿੱਚ ਕੁੱਲ ਕਿੰਨੇ ਮੁਲਾਜ਼ਮ ਭਰਤੀ ਕੀਤੇ ਗਏ; ਇਨ੍ਹਾਂ ਭਰਤੀ ਹੋਏ ਮੁਲਾਜ਼ਮਾਂ ਨੂੰ ਕਿੰਨੇ ਸਮੇਂ ਬਾਅਦ ਜ਼ਿਲ੍ਹੇ ਦਾ ਨੰਬਰ ਮਿਲਣਾ ਜ਼ਰੂਰੀ ਹੁੰਦਾ ਹੈ ਅਤੇ ਇਸ ਲਈ ਨਿਯਮ ਅਤੇ ਸ਼ਰਤਾਂ ਕੀ-ਕੀ ਹਨ?

ਸਰਦਾਰ ਸੁਖਬੀਰ ਸਿੰਘ ਬਾਦਲ : ਸਾਲ 2006-07 ਵਿੱਚ 1766 ਸਿਪਾਹੀ ਪੀ.ਏ.ਪੀ./ਇੰਡੀਅਨ ਰਿਜ਼ਰਵ ਬਟਾਲੀਅਨਜ਼ ਦੀਆਂ ਵੱਖ ਵੱਖ ਬਟਾਲੀਅਨ ਵਿੱਚ ਭਰਤੀ ਕੀਤੇ ਗਏ ਸਨ।

ਕਮਾਂਡੋ ਬਟਾਲੀਅਨਜ਼ ਤੋਂ ਜ਼ਿਲ੍ਹਾ ਪੁਲਿਸ ਵਿੱਚ ਬਦਲੀ ਕਰਨ ਲਈ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੇ ਪੱਤਰ ਨੰ:34065/ਈ-3 ਮਿਤੀ 12.11.1992 ਰਾਹੀਂ ਬਣਾਈ ਗਈ ਪਾਲਿਸੀ ਅਨੁਸਾਰ ਪੀ.ਏ.ਪੀ./ਕਮਾਂਡੋ/ ਇੰਡੀਅਨ ਰਿਜ਼ਰਵ ਬਟਾਲੀਅਨਜ਼ ਦੇ ਬੇਸਿਕ ਕੋਰਸ/ਕਮਾਂਡੋ ਕੋਰਸ ਟ੍ਰੇਨਿੰਗ/ਰਿਫਰੈਸ਼ਰ ਕੋਰਸ ਪਾਸ ਕਰਨ ਉਪਰੰਤ 5 ਸਾਲ 2 ਮਹੀਨੇ ਦੇ ਸਮੇਂ ਮਗਰੋਂ ਇਨ੍ਹਾਂ ਨੂੰ ਜ਼ਿਲ੍ਹਾ ਪੁਲਿਸ ਦਾ ਨੰਬਰ ਮਿਲਣਾ ਹੁੰਦਾ ਹੈ।

ਪੰਜਾਬ ਪੁਲਿਸ ਐਕਟ-2007 ਦੀ ਧਾਰਾ 4 (ਬੀ) ਅਨੁਸਾਰ ਮਿਤੀ 20.02.2008 ਤੋਂ ਬਾਅਦ ਇੱਕ ਕਾਡਰ ਤੋਂ ਦੂਜੇ ਕਾਡਰ ਵਿੱਚ ਬਦਲੀ ਨਹੀਂ ਹੋ ਸਕਦੀ।

ਮਨਰੇਗਾ ਸਕੀਮ ਤਹਿਤ ਲਾਭਪਾਤਰਾਂ ਨੂੰ ਕੰਮ ਦੇਣਾ

67. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ, 2008 ਤੋਂ 2013 ਦੌਰਾਨ ਬਲਾਕ ਗਿੱਦੜਬਾਹਾ ਅਧੀਨ ਪੈਂਦੇ ਪਿੰਡਾਂ ਵਿਚ ਮਨਰੇਗਾ ਸਕੀਮ ਤਹਿਤ ਪਿੰਡ-ਵਾਰ ਕੁੱਲ ਕਿੰਨੇ ਲਾਭਪਾਤਰੀਆਂ ਨੂੰ ਕਿਸ ਤਰ੍ਹਾਂ ਦਾ ਕੰਮ ਦਿੱਤਾ ਗਿਆ ਅਤੇ ਉਸ ਕੰਮ ਤੇ ਕਿੰਨੀ ਰਕਮ ਖ਼ਰਚ ਹੋਈ; ਵੇਰਵੇ ਸਹਿਤ ਰਿਪੋਰਟ ਦਿੱਤੀ ਜਾਵੇ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ, ਮਨਰੇਗਾ ਸਕੀਮ ਅਧੀਨ ਵਿੱਤੀ ਵਰ੍ਹੇ 2008 ਤੋਂ 2013 ਦੌਰਾਨ ਬਲਾਕ ਗਿੱਦੜਬਾਹਾ ਅਧੀਨ ਪੈਂਦੇ ਪਿੰਡਾਂ ਵਿਚ ਹੇਠਾਂ ਅਨੁਸਾਰ ਲਾਭਪਾਤਰੀਆਂ ਨੂੰ ਕੰਮ ਦਿੱਤਾ ਗਿਆ:-

ਵਿੱਤੀ ਸਾਲ	ਲਾਭਪਾਤਰੀਆਂ ਦੀ ਗਿਣਤੀ	ਕੀਤੇ ਗਏ ਕੰਮ	ਖ਼ਰਚ ਕੀਤੀ ਗਈ ਰਕਮ (ਲੱਖਾਂ ਵਿੱਚ)
2008-09	2435	ਮਗ-ਨਰੇਗਾ ਦੇ ਵਿਕਾਸ ਦੇ ਕੰਮਾਂ ਲਈ	41.39 (ਇਕਤਾਲੀ ਲੱਖ ਉਨਤਾਲੀ ਹਜ਼ਾਰ)

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

2009-10	4904	ਮਗ-ਨਰੇਗਾ ਦੇ ਵਿਕਾਸ ਦੇ ਕੰਮਾਂ ਲਈ	1.43 (ਇੱਕ ਕਰੋੜ ਤਰਤਾਲੀ ਲੱਖ)
2010-11	6633	ਮਗ-ਨਰੇਗਾ ਦੇ ਵਿਕਾਸ ਦੇ ਕੰਮਾਂ ਲਈ	2.65 (ਦੋ ਕਰੋੜ ਪੈਂਹਠ ਲੱਖ)
2011-12	5919	ਮਗ-ਨਰੇਗਾ ਦੇ ਵਿਕਾਸ ਦੇ ਕੰਮਾਂ ਲਈ	2.73 (ਦੋ ਕਰੋੜ ਤਿਹੱਤਰ ਲੱਖ)
2012-13	7341	ਮਗ-ਨਰੇਗਾ ਦੇ ਵਿਕਾਸ ਦੇ ਕੰਮਾਂ ਲਈ	2.54 (ਦੋ ਕਰੋੜ ਚੁਰੰਜਾ ਲੱਖ)
2013-14	6687	ਮਗ-ਨਰੇਗਾ ਦੇ ਵਿਕਾਸ ਦੇ ਕੰਮਾਂ ਲਈ	2.21 (ਦੋ ਕਰੋੜ ਇੱਕੀ ਲੱਖ)

ਪਿੰਡ-ਵਾਰ ਵੇਰਵਾ ਅਨੁਲਗ 'ੳ'* ਤੇ ਨੱਥੀ ਕੀਤਾ ਜਾਂਦਾ ਹੈ।

ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਕਰਨਾ

68. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2007-12 ਦੌਰਾਨ ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ ਜ਼ਿਲ੍ਹਾ-ਵਾਰ ਕੁੱਲ ਕਿੰਨੇ ਪੈਸੇ ਦਿੱਤੇ ਗਏ; ਪਸ਼ੂਆਂ ਦੀ ਸਾਂਭ-ਸੰਭਾਲ ਲਈ ਕੀ ਮਾਪਦੰਡ ਹਨ ਅਤੇ ਹੁਣ ਤੱਕ ਜ਼ਿਲ੍ਹਾ-ਵਾਰ ਕਿੰਨੇ ਪਸ਼ੂਆਂ ਦੀ ਸੰਭਾਲ ਕੀਤੀ ਜਾ ਚੁੱਕੀ ਹੈ?

ਸਰਦਾਰ ਗੁਲਜਾਰ ਸਿੰਘ ਰਣੀਕੇ : ਸੂਚਨਾ ਅਨੁਲੱਗ 'ੳ' ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ 'ੳ'

ਸਾਲ 2007 ਤੋਂ 2012 ਤੱਕ ਪੰਜਾਬ ਸਰਕਾਰ ਯੋਜਨਾਬੰਦੀ ਵਿਭਾਗ ਵੱਲੋਂ ਜਾਰੀ ਕੀਤੀ ਰਾਸ਼ੀ ਪਸ਼ੂ ਪਾਲਣ ਵਿਭਾਗ ਰਾਹੀਂ ਹੇਠ ਲਿਖੇ ਅਨੁਸਾਰ ਵੰਡੀ ਗਈ :-

ਲੜੀ ਨੰ:	ਸਾਲ	ਜ਼ਿਲ੍ਹਾ ਜਿਸ ਨੂੰ ਰਾਸ਼ੀ ਦਿੱਤੀ ਗਈ	ਜਾਰੀ ਕੀਤੀ ਗਈ ਰਾਸ਼ੀ (ਲੱਖਾਂ ਵਿੱਚ)	ਸੰਭਾਲ ਕੀਤੇ ਪਸ਼ੂਆਂ ਦੀ ਗਿਣਤੀ
1	2007-08	ਪੀਪਲ ਫਾਰ ਐਨੀਮਲ, ਚੰਡੀਗੜ੍ਹ	5.00	500
		ਪੀਪਲ ਫਾਰ ਐਨੀਮਲ, ਰੋਪੜ	2.00	214

**Placed in the Revisor's Branch.

		ਪੀਪਲ ਫਾਰ ਐਨੀਮਲ, ਜਲੰਧਰ	2.00	220
2	2008-09	ਪੀਪਲ ਫਾਰ ਐਨੀਮਲ, ਚੰਡੀਗੜ੍ਹ	5.00	339
		ਪੀਪਲ ਫਾਰ ਐਨੀਮਲ, ਰੋਪੜ	1.67	219
3	2009-10	ਪੀਪਲ ਫਾਰ ਐਨੀਮਲ, ਚੰਡੀਗੜ੍ਹ	5.00	500
4	2010-11			
	1.	ਮਾਨਸਾ	154253	780
	2.	ਅੰਮ੍ਰਿਤਸਰ	282994	1431
	3.	ਪਟਿਆਲਾ	1793488	9051
	4.	ਫਿਰੋਜ਼ਪੁਰ	968826	4899
	5.	ਗੁਰਦਾਸਪੁਰ	82258	416
	6.	ਤਰਨਤਾਰਨ	47067	238
	7.	ਹੁਸ਼ਿਆਰਪੁਰ	144167	729
	8.	ਫਰੀਦਕੋਟ	270338	1367
	9.	ਕਪੂਰਥਲਾ	145354	735
	10.	ਲੁਧਿਆਣਾ	377129	1907
	11.	ਸੰਗਰੂਰ	1703703	8615
	12.	ਬਰਨਾਲਾ	514175	2600
	13.	ਮੋਗਾ	273502	1383
	14.	ਮੋਹਾਲੀ	239290	1210
	15.	ਫਤਹਿਗੜ੍ਹ ਸਾਹਿਬ	117470	594
	16.	ਬਠਿੰਡਾ	1930929	9764
	17.	ਸ੍ਰੀ ਮੁਕਤਸਰ ਸਾਹਿਬ	654981	3312
	18.	ਜਲੰਧਰ	34608	175

[ਪਸ਼ੂ ਪਾਲਣ ਮੰਤਰੀ]

5.	2011-12 ਨਿਲ	ਨਿਲ	ਨਿਲ
6.	2012-13		
1.	ਤਰਨਤਾਰਨ	116117	844
2.	ਅੰਮ੍ਰਿਤਸਰ	294146	2138
3.	ਬਰਨਾਲਾ	593932	4317
4.	ਰੂਪਨਗਰ	145834	1060
5.	ਫਰੀਦਕੋਟ	952465	6923
6.	ਕਪੂਰਥਲਾ	138955	1010
7.	ਬਠਿੰਡਾ	1180436	8580
8.	ਮੋਹਾਲੀ	225906	1642
9.	ਲੁਧਿਆਣਾ	197702	1437
10.	ਸ੍ਰੀ ਮੁਕਤਸਰ ਸਾਹਿਬ	995169	7113
11.	ਪਟਿਆਲਾ	1585884	11527
12.	ਗੁਰਦਾਸਪੁਰ	68652	499
13.	ਫਿਰੋਜ਼ਪੁਰ	188622	1371
14.	ਫਾਜ਼ਿਲਕਾ	406824	2957
15.	ਮੋਗਾ	276260	2008
16.	ਮਾਨਸਾ	1037185	7249
17.	ਪਠਾਨਕੋਟ	41493	290
18.	ਜਲੰਧਰ	30046	210
19.	ਸੰਗਰੂਰ	1012000	7073
20.	ਹੁਸ਼ਿਆਰਪੁਰ	89423	625
21.	ਫਤਹਿਗੜ੍ਹ ਸਾਹਿਬ	358695	2507

ਪਲਾਨ ਸਕੀਮ ਪੀ.ਐਮ.-6 ਅਸਿਸਟੈਂਸ ਟੂ ਐਨ.ਜੀ.ਓਜ਼. ਪੰਜਾਬ ਸਰਕਾਰ ਯੋਜਨਾਬੰਦੀ ਵਿਭਾਗ (ਭਲਾਈ ਸ਼ਾਖਾ) ਵੱਲੋਂ ਚੱਲ ਰਹੀ ਇੱਕ ਸਕੀਮ ਹੈ । ਇਸ ਸਬੰਧ ਵਿੱਚ ਪੰਜਾਬ ਸਰਕਾਰ ਯੋਜਨਾਬੰਦੀ ਵਿਭਾਗ (ਸੋਸ਼ਲ ਸਰਵਿਸਿਜ਼ ਡਵੀਜ਼ਨ) ਦੇ ਪੱਤਰ

ਨੰਬਰ ਪੀ.ਐਸ.ਪੀ.ਬੀ./ਏ.ਆਰ.ੳ. (ਡਬਲਿਯੂ)/ 99-2000/8622 ਮਿਤੀ 15.10.1999 ਰਾਹੀਂ ਗੈਰ ਸਰਕਾਰੀ ਸੰਸਥਾਵਾਂ ਨੂੰ ਗਰਾਂਟ ਜਾਰੀ ਕਰਨ ਲਈ ਪਾਲਿਸੀ ਅਤੇ ਗਾਈਡਲਾਈਨਜ਼ ਜਾਰੀ ਕੀਤੀਆਂ ਹੋਈਆਂ ਹਨ ।

ਉਕਤ ਗਾਈਡਲਾਈਨਜ਼ ਅਨੁਸਾਰ ਪੰਜਾਬ ਰਾਜ ਦੀਆਂ ਰਜਿਸਟਰਡ ਗਊਸ਼ਾਲਾਵਾਂ /ਐਨ.ਜੀ.ਓਜ਼, ਜੋ ਕਿ ਪਸ਼ੂ ਭਲਾਈ ਦੇ ਖੇਤਰ ਵਿੱਚ ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ, ਵੈਕਸੀਨੇਸ਼ਨ, ਇਲਾਜ ਆਦਿ ਦਾ ਕੰਮ ਕਰ ਰਹੀਆਂ ਹਨ, ਉਨ੍ਹਾਂ ਦੀਆਂ ਪ੍ਰਤੀਬੇਨਤੀਆਂ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਰਾਹੀਂ ਸਬੰਧਿਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਪਾਸੋਂ ਸਿਫਾਰਸ਼ ਹੋਣ ਉਪਰੰਤ ਪ੍ਰਾਪਤ ਹੁੰਦੀਆਂ ਹਨ ।

ਉਸ ਉਪਰੰਤ ਸਰਕਾਰ ਵੱਲੋਂ ਗਠਿਤ ਕੀਤੀ ਗਈ Standing Committee for Voluntary Agencies (SCOVA) ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਉਕਤ ਗਊਸ਼ਾਲਾਵਾਂ/ਐਨ.ਜੀ.ਓਜ਼. ਵਿੱਚ ਰੱਖੇ ਗਏ ਕੁੱਲ ਜਾਨਵਰਾਂ ਨੂੰ ਪ੍ਰਤੀ ਜਾਨਵਰ ਦੇ ਹਿਸਾਬ ਨਾਲ ਬਣਦੀ ਰਾਸ਼ੀ ਦੀ ਵੰਡ ਕਰ ਦਿੱਤੀ ਜਾਂਦੀ ਹੈ ।

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ.: 69*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।

ਜ਼ਿਲ੍ਹਾ ਬਠਿੰਡਾ ਵਿੱਚ ਮਨਰੇਗਾ ਅਧੀਨ ਵੰਡੇ ਗਏ ਫੰਡ

70. ਸਰਦਾਰ ਅਜਾਇਬ ਸਿੰਘ ਭੱਟੀ : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

ੳ) ਸਾਲ 2011-12, 2012-13 ਅਤੇ 2013-14 ਦੌਰਾਨ ਜ਼ਿਲ੍ਹਾ ਬਠਿੰਡਾ ਵਿੱਚ ਮਨਰੇਗਾ ਅਧੀਨ ਸਾਲ-ਵਾਰ ਕੁੱਲ ਕਿੰਨੇ ਫੰਡ ਐਲੋਕੇਟ ਕੀਤੇ ਗਏ;

ਅ) ਉਕਤ ਸਕੀਮਾਂ ਅਧੀਨ ਸਾਲ-ਵਾਰ ਅਤੇ ਪਿੰਡ-ਵਾਰ ਇਸਦੇ ਲਾਭਪਾਤਰਾਂ ਦੀ ਕੁੱਲ ਗਿਣਤੀ ਕਿੰਨੀ ਹੈ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ, (ੳ) ਮਹਾਤਮਾ ਗਾਂਧੀ ਕੌਮੀ ਰੁਜ਼ਗਾਰ ਗਰੰਟੀ ਸਕੀਮ ਤਹਿਤ ਜ਼ਿਲ੍ਹਾ ਬਠਿੰਡਾ ਵਿੱਚ ਵਿੱਤੀ ਸਾਲ 2011-12, 2012-13 ਅਤੇ 2013-14 ਦੌਰਾਨ ਕ੍ਰਮਵਾਰ 822.22 (ਅੱਠ ਕਰੋੜ ਬਾਈ ਲੱਖ ਬਾਈ ਹਜ਼ਾਰ) ਰੁਪਏ, 689.49 (ਛੇ ਕਰੋੜ ਉਨਾਨਵੇਂ ਲੱਖ ਉਨੰਜਾ ਹਜ਼ਾਰ) ਰੁਪਏ ਅਤੇ 679.68 (ਛੇ ਕਰੋੜ ਉਨਾਸੀ ਲੱਖ ਅਠਾਹਠ ਹਜ਼ਾਰ ਰੁਪਏ) ਦੇ ਫੰਡ ਐਲੋਕੇਟ ਕੀਤੇ ਗਏ।

ਅ) ਉਕਤ ਸਕੀਮ ਅਧੀਨ ਸਾਲ 2011-12, 2012-13 ਅਤੇ 2013-14 ਦੌਰਾਨ ਕ੍ਰਮਵਾਰ 18485 (ਅਠਾਰਾਂ ਹਜ਼ਾਰ ਚਾਰ ਸੌ ਪਚਾਸੀ), 19204 (ਉਨੀ ਹਜ਼ਾਰ

*For Unstarred question No. 69 and reply thereto, please see Appendix to this Debate.

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

ਦੋ ਸੌ ਚਾਰ) ਅਤੇ 20530 (ਵੀਹ ਹਜ਼ਾਰ ਪੰਜ ਸੌ ਤੀਹ) ਲਾਭਪਾਤਰਾਂ ਨੂੰ ਰੁਜ਼ਗਾਰ ਮੁਹੱਈਆ ਕਰਾਇਆ ਗਿਆ। ਲਾਭਪਾਤਰਾਂ ਦਾ ਪਿੰਡ-ਵਾਰ ਵੇਰਵਾ ਅਨੁਲੱਗ "ੳ"** ਤੇ ਰੱਖਿਆ ਗਿਆ ਹੈ।

ਜ਼ਿਲ੍ਹਾ ਪਟਿਆਲਾ ਵਿੱਚ ਮਗਨਰੇਗਾ ਅਧੀਨ ਫੰਡਾਂ ਦੀ ਪ੍ਰਾਪਤੀ ਅਤੇ ਵਰਤੋਂ

71. ਸ਼੍ਰੀ ਬ੍ਰਹਮ ਮਹਿੰਦਰਾ : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2012-13 ਅਤੇ 2013-14 ਦੌਰਾਨ ਮਗਨਰੇਗਾ ਅਧੀਨ ਹਲਕਾ-ਵਾਰ ਪ੍ਰਾਪਤ ਹੋਏ ਫੰਡਾਂ ਅਤੇ ਇਨ੍ਹਾਂ ਫੰਡਾਂ ਦੇ ਵਰਤੋਂ ਕੀ ਹਨ;

ਅ) ਕੀ ਉਪਰੋਕਤ ਭਾਗ (ੳ) ਵਿੱਚ ਦਰਸਾਏ ਫੰਡਾਂ ਵਿੱਚ ਕੋਈ ਵਿਭਿੰਨਤਾ ਪਾਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਅਤੇ ਕਾਰਨ ਕੀ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ,

ੳ) ਸਾਲ 2012-13 ਅਤੇ 2013-14 ਦੌਰਾਨ ਜ਼ਿਲ੍ਹਾ ਪਟਿਆਲਾ ਵਿੱਚ ਮਗਨਰੇਗਾ ਅਧੀਨ ਹਲਕਾ-ਵਾਰ ਪ੍ਰਾਪਤ ਹੋਏ ਫੰਡਾਂ ਅਤੇ ਇਨ੍ਹਾਂ ਫੰਡਾਂ ਦੇ ਵਰਤੋਂ ਦੇ ਵੇਰਵੇ ਅਨੁਲੱਗ 'ੳ' ਤੇ ਰੱਖੇ ਗਏ ਹਨ।

ਅ) ਉਪਰੋਕਤ ਭਾਗ (ੳ) ਵਿੱਚ ਦਰਸਾਏ ਫੰਡਾਂ ਵਿੱਚ ਕੋਈ ਵੀ ਵਿਭਿੰਨਤਾ ਨਹੀਂ ਪਾਈ ਗਈ ਹੈ।

**Placed in the Revisor's Branch.

ਅਨੁਲਗ 'ੳ'

ਮ.ਗ.ਨਰੇਗਾ ਸਕੀਮ ਅਧੀਨ ਹਲਕਾ ਵਾਈਜ਼ ਰਿਪੋਰਟ (ਰੁਪਏ ਲੱਖਾਂ ਵਿੱਚ)

ਲੜੀ ਨੰ	ਹਲਕੇ ਦਾ ਨਾਂ	ਵਿੱਤੀ ਸਾਲ 2012-13				ਵਿੱਤੀ ਸਾਲ 2013-14					ਕਰਵਾਏ ਗਏ ਕੰਮਾਂ ਦਾ ਵੇਰਵਾ
		ਓਪਨਿੰਗ ਬੈਲੇਂਸ	ਰਲੀਜ਼	ਕੁੱਲ ਜੋੜ	ਖਰਚਾ	ਓਪਨਿੰਗ ਬੈਲਸ	ਰਲੀਜ਼	e-FMS	ਕੁੱਲ ਜੋੜ	ਖਰਚਾ	
1	ਪਟਿਆਲਾ ਦਿਹਾਤੀ	8.11	13.08	21.19	13.22	2.05	26.45	185.83	214.33	214.33	1. ਛੱਪੜਾਂ ਦੀ ਸਫਾਈ, ਪੁਟਾਈ ਅਤੇ ਰਿਟੇਰਨਿੰਗਵਾਲ ਲਈ
2	ਸਨੌਰ	32.03	50.54	82.57	76.39	1.47	35.84	501.97	539.28	539.28	2. ਸੂਇਆਂ/ਮਾਈਨਰਾਂ/ ਰਜਵਾਹਿਆਂ ਅਤੇ ਡਰੇਨਾਂ ਦੀ ਸਫਾਈ
3	ਰਾਜਪੁਰਾ	14.32	55.95	70.27	68.6	1.68	17.40	145.92	165.00	165.00	3. ਸਿਲਵੀਕਲਚਰ ਦਾ ਕੰਮ 4. ਪਲਾਨਟੇਸ਼ਨ
4	ਘਨੌਰ	24.73	74.55	99.28	65.83	1.05	32.64	596.09	629.78	629.78	5. ਭਾਰਤ ਨਿਰਮਾਣ ਰਾਜੀਵ ਗਾਂਧੀ ਸੇਵਾ ਕੇਦਰਾਂ ਦੀ ਉਸਾਰੀ 6. ਲੈਂਡ ਲੈਵਲਿੰਗ
5	ਸ਼ੁਤਰਾਣਾ	21.68	50.53	72.21	67.25	1.93	17.21	557.30	576.44	576.44	7. ਰੂਰਲ ਕਨੈਕਟੀਵਿਟੀ 8. ਨਰਸਰੀਆਂ ਦੀ ਉਸਾਰੀ ਅਤੇ ਮੈਨਟੇਨੈਂਸ 9. ਹੜ੍ਹਾਂ ਦੀ ਰੋਕਥਾਮ

[ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ]

ਲੜੀ ਨੰ	ਹਲਕੇ ਦਾ ਨਾਂ	ਵਿੱਤੀ ਸਾਲ 2012-13				ਵਿੱਤੀ ਸਾਲ 2013-14					ਕਰਵਾਏ ਗਏ ਕੰਮਾਂ ਦਾ ਵੇਰਵਾ
		ਓਪਨਿੰਗ ਬੈਲੰਸ	ਰਲੀਜ਼	ਕੁੱਲ ਜੋੜ	ਖਰਚਾ	ਓਪਨਿੰਗ ਬੈਲਸ	ਰਲੀਜ਼	e-FMS	ਕੁੱਲ ਜੋੜ	ਖਰਚਾ	
6	ਸਮਾਣਾ	29.7	111.73	141.43	130.11	0.59	40.06	1317.68	1358.33	1358.33	10. ਬਾਗ ਦੀ ਉਸਾਰੀ ਅਤੇ ਮੈਨਟੇਨੈਂਸ 11. ਫਾਇਰ ਲਾਈਨਾਂ ਦੀ ਸਫਾਈ 12 ਸਕੂਲ ਲੈਟਰਿਨ ਯੂਨਿਟ, ਆਂਗਣਵਾੜੀ ਲੈਟਰਿਨ,
7	ਨਾਭਾ	36.84	58.52	95.36	94.88	1.83	25.00	163.03	189.86	189.86	13 ਲਾਈਵ ਸਟਾਕ ਵਰਕ (ਮੁਰਗੀ ਸ਼ੈਲਟਰ, ਗੋਟ ਸ਼ੈਲਟਰ, ਆਦਿ) 14 ਫਿਸ਼ ਪੋਂਡ

ਪਿੰਡ ਘਸੀਟਪੁਰ, ਬਲਾਕ ਮੁਕੇਰੀਆਂ, ਜਿਲਾ ਹੁਸ਼ਿਆਰਪੁਰ

72. ਸ਼੍ਰੀ ਰਜਨੀਸ਼ ਕੁਮਾਰ : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਬਲਾਕ ਮੁਕੇਰੀਆਂ ਅਧੀਨ ਪੈਂਦੇ ਪਿੰਡ ਘਸੀਟਪੁਰ ਦੀ ਪੰਚਾਇਤ ਨੂੰ ਸਾਲ 2003 ਤੋਂ ਹੁਣ ਤੱਕ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਿਸ-ਕਿਸ ਕੰਮ ਵਾਸਤੇ ਸਾਲ-ਵਾਰ ਕਿੰਨੀ-ਕਿੰਨੀ ਰਕਮ ਜਾਰੀ ਕੀਤੀ ਗਈ ਹੈ;

(ਅ) ਉਪਰੋਕਤ ਰਕਮ ਸਬੰਧੀ ਡੀ.ਸੀ. ਹੁਸ਼ਿਆਰਪੁਰ ਵਲੋਂ XEN ਪੰਚਾਇਤੀ ਰਾਜ ਅਤੇ ਡੀ.ਡੀ.ਪੀ.ਓ. ਹੁਸ਼ਿਆਰਪੁਰ ਦੇ ਪੱਤਰ ਨੰ: AER/439-440 ਮਿਤੀ 29.01.2014 ਦੁਆਰਾ ਕਰਵਾਈ ਗਈ ਤਫਤੀਸ਼ ਅਨੁਸਾਰ ਕਿੰਨੀ ਰਕਮ ਦਾ ਘਪਲਾ ਹੋਇਆ ਹੈ ਅਤੇ ਪੰਚਾਇਤ ਤੋਂ ਕਿੰਨੀ ਰਿਕਵਰੀ ਕੀਤੀ ਗਈ ਹੈ ਅਤੇ ਉਕਤ ਪੰਚਾਇਤ ਖਿਲਾਫ਼ ਹੁਣ ਤੱਕ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ : 1. ਸ਼੍ਰੀਮਾਨ ਜੀ, ਡੀ.ਡੀ.ਪੀ.ਓ. ਹੁਸ਼ਿਆਰਪੁਰ ਦੀ ਰਿਪੋਰਟ ਅਨੁਸਾਰ ਗਰਾਮ ਪੰਚਾਇਤ ਘਸੀਟਪੁਰ, ਬਲਾਕ ਮੁਕੇਰੀਆਂ ਨੂੰ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਸਾਲ 2003 ਤੋਂ ਹੁਣ ਤੱਕ ਅਨੁਲੱਗ 'ੳ' ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਅਨੁਸਾਰ ਗਰਾਂਟਾਂ ਪ੍ਰਾਪਤ ਹੋਈਆਂ ਸਨ।

2. ਐਕਸੀਅਨ ਪੰਚਾਇਤੀ ਰਾਜ, ਹੁਸ਼ਿਆਰਪੁਰ ਵੱਲੋਂ ਸਰਪੰਚ, ਗਰਾਮ ਪੰਚਾਇਤ ਘਸੀਟਪੁਰ ਵੱਲੋਂ ਕਰਵਾਏ ਗਏ ਕੰਮਾਂ ਦੀ ਅਸੈਸਮੈਂਟ ਕਰਨ ਉਪਰੰਤ 11,51,300/- ਰੁਪਏ ਵਸੂਲਣ ਯੋਗ ਬਣਦੇ ਹਨ। ਇਸ ਸਬੰਧੀ ਸਾਬਕਾ ਸਰਪੰਚ ਨੂੰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਮੁਕੇਰੀਆਂ ਵੱਲੋਂ ਆਪਣੇ ਪੱਤਰ ਨੰ: 755, ਮਿਤੀ 28-2-2014 ਰਾਹੀਂ ਪੰਚਾਇਤੀ ਐਕਟ 1994 ਦੀ ਧਾਰਾ 216 ਤਹਿਤ ਕਾਰਵਾਈ ਆਰੰਭਦੇ ਹੋਏ ਨੋਟਿਸ ਜਾਰੀ ਕੀਤਾ ਗਿਆ। ਹਾਲੇ ਤੱਕ ਕੋਈ ਰਿਕਵਰੀ ਨਹੀਂ ਕੀਤੀ ਗਈ।

ਅਨੁਲੱਗ 'ੳ'

ਘਸੀਟਪੁਰ ਦੀ ਪੰਚਾਇਤ ਨੂੰ ਸਾਲ 2003 ਤੋਂ ਲੈ ਕੇ ਹੁਣ ਤੱਕ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਹੇਠ ਲਿਖੇ ਅਨੁਸਾਰ ਗ੍ਰਾਂਟਾਂ ਪ੍ਰਾਪਤ ਹੋਈਆਂ-

ਸਾਲ	ਕੰਮ ਦਾ ਵੇਰਵਾ	ਰਾਸ਼ੀ	ਰਾਸ਼ੀ ਰਾਜ ਸਰਕਾਰ/ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਹੈ।
2003	ਕਰੀਮੇਸ਼ਨ ਸ਼ੈੱਡ ਲਈ	75000	ਕੇਂਦਰ ਸਰਕਾਰ
2004	ਗਲੀਆਂ ਨਾਲੀਆਂ ਲਈ	17133	ਕੇਂਦਰ ਸਰਕਾਰ
2005	ਗੰਦੇ ਪਾਣੀ ਦੇ ਨਿਕਾਸ ਲਈ	75000	ਕੇਂਦਰ ਸਰਕਾਰ

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

2005	ਲਿੰਕ ਰੋਡ	1,30,000	ਕੇਂਦਰ ਸਰਕਾਰ
2006	ਛੱਪੜ ਦੀ ਰਿਟੇਨਿੰਗ ਵਾਲ	50000	ਰਾਜ ਸਰਕਾਰ
	ਗਲੀਆਂ ਨਾਲੀਆਂ	50000	ਰਾਜ ਸਰਕਾਰ
	ਪੇਂਡੂ ਪਖਾਨਿਆਂ ਦੀ ਉਸਾਰੀ	97100	ਕੇਂਦਰ ਸਰਕਾਰ
	ਰੂਰਲ ਕੁਨੈਕਟੀਵਿਟੀ	60000	ਕੇਂਦਰ ਸਰਕਾਰ
	ਰੂਰਲ ਕੁਨੈਕਟੀਵਿਟੀ	60000	ਕੇਂਦਰ ਸਰਕਾਰ
	ਰੂਰਲ ਕੁਨੈਕਟੀਵਿਟੀ	1,50,000	ਕੇਂਦਰ ਸਰਕਾਰ
	ਰੂਰਲ ਕੁਨੈਕਟੀਵਿਟੀ	1,50,000	ਕੇਂਦਰ ਸਰਕਾਰ
	ਲਿੰਕ ਰੋਡ	1,00,000	ਕੇਂਦਰ ਸਰਕਾਰ
	ਲਿੰਕ ਰੋਡ	1,00,000	ਕੇਂਦਰ ਸਰਕਾਰ
2007	ਰੂਰਲ ਕੁਨੈਕਟੀਵਿਟੀ	2,00,000	ਕੇਂਦਰ ਸਰਕਾਰ
	ਰੂਰਲ ਕੁਨੈਕਟੀਵਿਟੀ	2,00,000	ਕੇਂਦਰ ਸਰਕਾਰ
	ਲਿੰਕ ਰੋਡ	2,00,000	ਕੇਂਦਰ ਸਰਕਾਰ
	ਪਾਣੀ ਦੇ ਨਿਕਾਸ ਲਈ	1,00,000	ਕੇਂਦਰ ਸਰਕਾਰ
2008	ਪਾਣੀ ਦੇ ਨਿਕਾਸ ਲਈ	4,00,000	ਕੇਂਦਰ ਸਰਕਾਰ
	ਲਿੰਕ ਰੋਡ	1,00,000	ਕੇਂਦਰ ਸਰਕਾਰ
	ਲਿੰਕ ਰੋਡ	2,00,000	ਕੇਂਦਰ ਸਰਕਾਰ
2009	ਰੂਰਲ ਕੁਨੈਕਟੀਵਿਟੀ	4,00,000	ਕੇਂਦਰ ਸਰਕਾਰ
	ਲਿੰਕ ਰੋਡ	2,00,000	ਕੇਂਦਰ ਸਰਕਾਰ
	ਗਲੀਆਂ ਨਾਲੀਆਂ	5,00,000	ਰਾਜ ਸਰਕਾਰ
	ਸ਼ਮਸ਼ਾਨਘਾਟ ਦੀ ਚਾਰਦੀਵਾਰੀ	1,75,000	ਰਾਜ ਸਰਕਾਰ
2010	ਗਲੀਆਂ ਨਾਲੀਆਂ ਲਈ	4,75,000	ਰਾਜ ਸਰਕਾਰ
	ਐਸ.ਸੀ. ਸ਼ਮਸ਼ਾਨਘਾਟ ਲਈ	1,00,000	ਰਾਜ ਸਰਕਾਰ
	ਰੂਰਲ ਲੈਟਰੀਨਜ਼ ਲਈ	1,014,00	ਕੇਂਦਰ ਸਰਕਾਰ

2011	ਨਿਕਾਸੀ ਨਾਲਾ	4,00,000	ਰਾਜ ਸਰਕਾਰ
2012	ਵਾਟਰ ਸਪਲਾਈ	30,715	ਕੇਂਦਰ ਸਰਕਾਰ
	ਰੂਰਲ ਕੁਨੈਕਟੀਵਿਟੀ	10,00,000	ਕੇਂਦਰ ਸਰਕਾਰ
2013	ਨਵੇਂ ਬਣਨ ਵਾਲੇ ਪੰਚਾਇਤ ਘਰ ਦੀ ਚਾਰਦੀਵਾਰੀ	2,00,000	ਰਾਜ ਸਰਕਾਰ
	ਕੁੱਲ ਜੋੜ	**60,96,348**	

ਮਿਉਂਸਿਪਲ ਕਮੇਟੀ, ਮੁਕੇਰੀਆਂ ਨੂੰ ਗ੍ਰਾਂਟ ਦੇਣਾ

74. ਸ਼੍ਰੀ ਰਜਨੀਸ਼ ਕੁਮਾਰ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਮਿਉਂਸਿਪਲ ਕਮੇਟੀ, ਮੁਕੇਰੀਆਂ ਅਤੇ ਮੁਹੱਲਾ ਭੀਖੋਵਾਲ ਨੂੰ ਸਾਲ 2008 ਤੋਂ ਹੁਣ ਤੱਕ ਕਿਸ ਕਿਸ ਧਰਮਸ਼ਾਲਾ ਵਾਸਤੇ ਸਾਲ-ਵਾਰ ਕਿੰਨੀ-ਕਿੰਨੀ ਰਾਸ਼ੀ ਜਾਰੀ ਕੀਤੀ ਗਈ ਹੈ?

ਸ਼੍ਰੀ ਅਨਿਲ ਜੋਸ਼ੀ : ਨਗਰ ਕੌਂਸਲ ਮੁਕੇਰੀਆਂ ਅਤੇ ਮੁਹੱਲਾ ਭੀਖੋਵਾਲ ਨੂੰ ਸਾਲ 2008 ਅਤੇ 2009 ਦੌਰਾਨ ਧਰਮਸ਼ਾਲਾਵਾਂ ਦੀ ਉਸਾਰੀ ਲਈ ਕੋਈ ਗ੍ਰਾਂਟ ਪ੍ਰਾਪਤ ਨਹੀਂ ਹੋਈ। ਸਾਲ 2010 ਵਿੱਚ 3.70 ਲੱਖ ਰੁਪਏ ਅਨਟਾਈਡ ਫੰਡ ਸਕੀਮ ਅਧੀਨ 4 ਸਰਾਂਵਾਂ ਦੀ ਉਸਾਰੀ ਲਈ ਗ੍ਰਾਂਟ ਪ੍ਰਾਪਤ ਹੋਈ ਸੀ ਅਤੇ ਸਾਲ 2011 ਦੌਰਾਨ ਪੀ.ਐਮ.ਆਈ.ਡੀ.ਸੀ. ਪੁੱਡਾ ਸਕੀਮ ਅਧੀਨ 39.91 ਲੱਖ ਰੁਪਏ 10 ਧਰਮਸ਼ਾਲਾਵਾਂ, 1 ਜੰਞ ਘਰ, 3 ਸਰਾਂਵਾਂ ਅਤੇ 1 ਗਉਸ਼ਾਲਾ ਦੀ ਉਸਾਰੀ ਲਈ ਪ੍ਰਾਪਤ ਹੋਏ ਹਨ ਜਿਸ ਵਿੱਚੋਂ ਨਵੀਨ ਸਿੰਘ ਸਭਾ ਨੂੰ ਮੁਹੱਲਾ ਭੀਖੋਵਾਲ ਵਿਖੇ ਸਰ੍ਹਾਂ ਦੀ ਉਸਾਰੀ ਲਈ 1.00 ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ ਸੀ।

ਮਿਉਂਸਿਪਲ ਕਮੇਟੀ ਮੁਕੇਰੀਆਂ ਨੂੰ ਸਟਰੀਟ ਲਾਈਟਾਂ ਲਈ ਗ੍ਰਾਂਟ ਦੇਣਾ

75. ਸ਼੍ਰੀ ਰਜਨੀਸ਼ ਕੁਮਾਰ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਉਂਸਿਪਲ ਕਮੇਟੀ, ਮੁਕੇਰੀਆਂ ਨੂੰ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਸਾਲ 2008 ਤੋਂ ਹੁਣ ਤੱਕ ਕਿਸ ਕਿਸ ਜਗ੍ਹਾ ਤੇ ਸਟਰੀਟ ਲਾਈਟਾਂ ਲਗਾਉਣ ਲਈ ਗਰਾਂਟ ਜਾਰੀ ਕੀਤੀ ਗਈ ਹੈ ਅਤੇ ਇਸ ਦੀ ਵਰਤੋਂ ਦੇ ਵੇਰਵੇ ਕੀ ਹਨ?

ਸ਼੍ਰੀ ਅਨਿਲ ਜੋਸ਼ੀ : ਨਗਰ ਕੌਂਸਲ, ਮੁਕੇਰੀਆਂ ਨੂੰ ਸਾਲ 2008 ਤੋਂ ਹੁਣ ਤੱਕ ਸਟਰੀਟ ਲਾਈਟਾਂ ਲਗਾਉਣ ਲਈ ਰਾਜ ਸਰਕਾਰ ਵੱਲੋਂ ਪੀ.ਐਮ.ਆਈ.ਡੀ.ਸੀ., ਪੁੱਡਾ ਸਕੀਮ ਅਧੀਨ 5 ਹਾਈ ਮਾਸਟ ਲਾਈਟਾਂ ਲਈ 25.00 ਲੱਖ ਰੁਪਏ ਅਤੇ ਵੱਖ ਵੱਖ ਵਾਰਡਾਂ ਵਿੱਚ ਸਟਰੀਟ ਲਾਈਟ ਦੇ ਸਮਾਨ ਲਈ 15.00 ਲੱਖ ਰੁਪਏ ਪ੍ਰਾਪਤ ਹੋਏ ਸਨ। ਇਸ ਤੋਂ ਇਲਾਵਾ ਕੇਂਦਰ ਸਰਕਾਰ ਦੀ ਬੀ.ਆਰ.ਜੀ.ਐਫ. ਸਕੀਮ ਅਧੀਨ ਇੱਕ ਹਾਈ ਮਾਸਟ ਲਾਈਟ ਲਈ 5.00 ਲੱਖ ਰੁਪਏ ਅਤੇ ਸਟਰੀਟ ਲਾਈਟ ਦੇ ਸਮਾਨ ਲਈ 3.00

[ਸਥਾਨਕ ਸਰਕਾਰ ਮੰਤਰੀ]

ਲੱਖ ਰੁਪਏ ਪ੍ਰਾਪਤ ਹੋਏ ਸਨ। ਇਨ੍ਹਾਂ ਗ੍ਰਾਂਟਾਂ ਦੀ ਵਰਤੋਂ ਦਾ ਵੇਰਵਾ ਅਨੁਲੱਗ ਵਿੱਚ ਦਿੱਤਾ ਗਿਆ ਹੈ।

ਅਨੁਲੱਗ

ਲੜੀ ਨੰ:	ਗਰਾਂਟ ਦਾ ਵੇਰਵਾ	ਕੰਮ ਦਾ ਨਾਮ	ਰਕਮ (ਲੱਖਾਂ ਵਿੱਚ)
1	ਪੀ.ਐਮ.ਆਈ.ਡੀ.ਸੀ. (ਪੁੱਡਾ)	ਰਾਣੀ ਚੌਕ ਵਿਖੇ ਹਾਈ ਮਾਸਟ ਲਾਈਟ ਲਗਾਈ	5.00
2	ਪੀ.ਐਮ.ਆਈ.ਡੀ.ਸੀ. (ਪੁੱਡਾ)	ਬੱਸ ਸਟੈਂਡ ਵਿਖੇ ਹਾਈ ਮਾਸਟ ਲਾਈਟ ਲਗਾਈ	5.00
3	ਪੀ.ਐਮ.ਆਈ.ਡੀ.ਸੀ. (ਪੁੱਡਾ)	ਬਾਹਗਲਾ ਚੁੰਗੀ ਵਿਖੇ ਹਾਈ ਮਾਸਟ ਲਾਈਟ ਲਗਾਈ	5.00
4	ਪੀ.ਐਮ.ਆਈ.ਡੀ.ਸੀ. (ਪੁੱਡਾ)	ਤਲਵਾੜਾ ਚੌਕ ਵਿਖੇ ਹਾਈ ਮਾਸਟ ਲਾਈਟ ਲਗਾਈ	5.00
5	ਪੀ.ਐਮ.ਆਈ.ਡੀ.ਸੀ. (ਪੁੱਡਾ)	ਨੌਸ਼ਾਲਾ ਚੌਕ ਵਿਖੇ ਹਾਈ ਮਾਸਟ ਲਾਈਟ ਲਗਾਈ	5.00
6	ਪੀ.ਐਮ.ਆਈ.ਡੀ.ਸੀ. (ਪੁੱਡਾ)	ਵੱਖ-ਵੱਖ ਵਾਰਡਾਂ ਲਈ ਸਟਰੀਟ ਲਾਈਟ ਮੈਟੀਰੀਅਲ ਦੀ ਸਪਲਾਈ	5.00
7	ਪੀ.ਐਮ.ਆਈ.ਡੀ.ਸੀ. (ਪੁੱਡਾ)	ਵੱਖ-ਵੱਖ ਵਾਰਡਾਂ ਲਈ ਸਟਰੀਟ ਲਾਈਟ ਮੈਟੀਰੀਅਲ ਦੀ ਸਪਲਾਈ	5.00
8	ਪੀ.ਐਮ.ਆਈ.ਡੀ.ਸੀ. (ਪੁੱਡਾ)	ਵੱਖ-ਵੱਖ ਵਾਰਡਾਂ ਲਈ ਸਟਰੀਟ ਲਾਈਟ ਮੈਟੀਰੀਅਲ ਦੀ ਸਪਲਾਈ	5.00
9	ਬੀ.ਆਰ.ਜੀ.ਐਫ. ਸਕੀਮ	ਤਲਵਾੜਾ ਚੌਕ ਵਿਖੇ ਹਾਈ ਮਾਸਟ ਲਾਈਟ ਲਗਾਈ	5.00
10	ਬੀ.ਆਰ.ਜੀ.ਐਫ. ਸਕੀਮ	ਵਾਰਡ ਨੰ : 1 ਤੋਂ 5 ਲਈ ਸਟਰੀਟ ਲਾਈਟ ਮੈਟੀਰੀਅਲ ਦੀ ਸਪਲਾਈ	1.00
11	ਬੀ.ਆਰ.ਜੀ.ਐਫ. ਸਕੀਮ	ਵਾਰਡ ਨੰ : 6 ਤੋਂ 10 ਲਈ ਸਟਰੀਟ ਲਾਈਟ ਮੈਟੀਰੀਅਲ ਦੀ ਸਪਲਾਈ	1.00

12	ਬੀ.ਆਰ.ਜੀ.ਐਫ. ਸਕੀਮ	ਵਾਰਡ ਨੰ : 11 ਤੋਂ 15 ਲਈ ਸਟਰੀਟ ਲਾਈਟ ਮੈਟੀਰੀਅਲ ਦੀ ਸਪਲਾਈ	1.00

ਮਨਰੇਗਾ ਤਹਿਤ ਪ੍ਰਾਪਤ ਕੀਤੇ ਫੰਡ

76. ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2012-13 ਵਿਚ ਕੇਂਦਰ ਸਰਕਾਰ ਤੋਂ ਮਗਨਰੇਗਾ ਤਹਿਤ ਕਿੰਨੇ ਫੰਡ ਆਏ ਸਨ ਅਤੇ ਕੀ ਸਾਰੇ ਫੰਡ ਖਰਚ ਹੋ ਚੁੱਕੇ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ, ਵਿੱਤੀ ਸਾਲ 2012-13 ਦੌਰਾਨ ਮਗਨਰੇਗਾ ਸਕੀਮ ਤਹਿਤ ਕੇਂਦਰ ਅਤੇ ਰਾਜ ਸਰਕਾਰ ਵਲੋਂ ਕ੍ਰਮਵਾਰ 11421.27 (ਇਕ ਸੌ ਚੌਦਾਂ ਕਰੋੜ ਇੱਕੀ ਲੱਖ ਸਤਾਈ ਹਜ਼ਾਰ ਰੁਪਏ) ਅਤੇ 1522.61 (ਪੰਦਰਾਂ ਕਰੋੜ ਬਾਈ ਲੱਖ ਇਕਾਹਠ ਹਜ਼ਾਰ ਰੁਪਏ) ਪ੍ਰਾਪਤ ਹੋਏ। 4192.15 (ਇਕਤਾਲੀ ਕਰੋੜ ਬਾਨਵੇਂ ਲੱਖ ਪੰਦਰਾਂ ਹਜ਼ਾਰ ਰੁਪਏ) ਦਾ ਮੁਢਲਾ ਬਕਾਇਆ ਅਤੇ 182.76 (ਇਕ ਕਰੋੜ ਬਿਆਸੀ ਲੱਖ ਛਿਹੱਤਰ ਹਜ਼ਾਰ ਰੁਪਏ) ਦੀਆਂ ਫੁਟਕਲ ਪ੍ਰਾਪਤੀਆਂ ਪਾ ਕੇ ਰਾਜ ਕੋਲ 17308.79 (ਇਕ ਸੌ ਤਿਹੱਤਰ ਕਰੋੜ ਅੱਠ ਲੱਖ ਉਨਾਸੀ ਹਜ਼ਾਰ ਰੁਪਏ) ਉਪਲਬਧ ਸਨ ਜਿਸ ਵਿਚੋਂ 15776.99 (ਇਕ ਸੌ ਸਤਵੰਜਾ ਕਰੋੜ ਛਿਹੱਤਰ ਲੱਖ ਨੜਿਨਵੇਂ ਹਜ਼ਾਰ ਰੁਪਏ) ਖਰਚ ਕੀਤੇ ਗਏ। 1531.79 (ਪੰਦਰਾਂ ਕਰੋੜ ਇਕੱਤੀ ਲੱਖ ਉਨਾਸੀ ਹਜ਼ਾਰ ਰੁਪਏ) ਦੇ ਫੰਡ ਬਕਾਇਆ ਸਨ ਜੋ ਕਿ ਚਾਲੂ ਮਾਲੀ ਸਾਲ ਦੌਰਾਨ ਖਰਚ ਕੀਤੇ ਜਾ ਚੁੱਕੇ ਹਨ।

ਸਿਵਲ ਹਸਪਤਾਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਭਰਨਾ

77. ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਦੇ ਸਿਵਲ ਹਸਪਤਾਲਾਂ ਵਿੱਚ ਏ.ਐਨ.ਐਮ. ਅਤੇ ਜੀ.ਐਨ.ਐਮ. ਸਟਾਫ਼ ਨਰਸਾਂ ਅਤੇ ਐਮ.ਬੀ.ਬੀ.ਐਸ. ਡਾਕਟਰਾਂ ਦੀਆਂ ਕਿੰਨੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਅਤੇ ਖਾਲੀ ਅਸਾਮੀਆਂ ਕਦੋਂ ਤੱਕ ਭਰੀਆਂ ਜਾਣਗੀਆਂ;

(ਅ) ਰਾਜ ਵਿੱਚ ਕੈਂਸਰ ਦੇ ਮਰੀਜ਼ਾਂ ਦਾ ਜ਼ਿਲ੍ਹਾ-ਵਾਰ ਵੇਰਵਾ ਕੀ ਹੈ;

(ੲ) ਮੋਗਾ ਅਤੇ ਫਰੀਦਕੋਟ ਵਿੱਚ ਕੈਂਸਰ ਦੇ ਜ਼ੇਰੇ ਇਲਾਜ ਕਿੰਨੇ ਮਰੀਜ਼ਾਂ ਨੂੰ ਸਰਕਾਰ ਵੱਲੋਂ ਡੇਢ ਲੱਖ ਰੁਪਿਆ ਦਿੱਤਾ ਜਾ ਚੁੱਕਿਆ ਹੈ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਸ਼੍ਰੀਮਾਨ ਜੀ,

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ੳ) 281 ਏ.ਐਨ.ਐਮਜ਼, 350 ਜੀ.ਐਨ.ਐਮ. ਸਟਾਫ਼ ਨਰਸਾਂ ਅਤੇ 328 ਮੈਡੀਕਲ ਅਫ਼ਸਰਾਂ (ਐਮ.ਬੀ.ਬੀ.ਐਸ.) ਦੀਆਂ ਅਸਾਮੀਆਂ ਸਿਹਤ ਸੰਸਥਾਵਾਂ ਵਿੱਚ ਖਾਲੀ ਪਈਆਂ ਹਨ। ਸਰਕਾਰ ਵਲੋਂ ਖਾਲੀ ਪਈਆਂ ਡਾਕਟਰਾਂ ਅਤੇ ਪੈਰਾ ਮੈਡੀਕਲ ਅਸਾਮੀਆਂ ਨੂੰ ਭਰਨ ਲਈ ਲਗਾਤਾਰ ਪ੍ਰਕਿਰਿਆ ਜਾਰੀ ਹੈ।

(ਅ) ਰਾਜ ਵਿੱਚ ਕੈਂਸਰ ਦੇ ਮਰੀਜ਼ਾਂ ਦਾ ਜ਼ਿਲ੍ਹਾ-ਵਾਰ ਵੇਰਵਾ ਅਨੁਲੱਗ-ੳ ਤੇ ਰੱਖਿਆ ਜਾਂਦਾ ਹੈ ਜੀ।

(ੲ) ਜ਼ਿਲ੍ਹਾ ਮੋਗਾ ਵਿੱਚ 541 ਅਤੇ ਫਰੀਦਕੋਟ ਵਿੱਚ 466 ਕੈਂਸਰ ਦੇ ਜ਼ੇਰੇ ਇਲਾਜ ਮਰੀਜ਼ਾਂ ਲਈ ਸਬੰਧਿਤ ਹਸਪਤਾਲਾਂ ਨੂੰ ਪ੍ਰਤੀ ਮਰੀਜ਼ ਡੇਢ ਲੱਖ ਰੁਪਏ ਤੱਕ ਸੈਂਕਸ਼ਨ ਕੀਤਾ ਜਾ ਚੁੱਕਾ ਹੈ।

ਅਨੁਲੱਗ-ੳ

ਰਾਜ ਵਿੱਚ ਕੈਂਸਰ ਦੇ ਮਰੀਜ਼ਾਂ ਦਾ ਜ਼ਿਲ੍ਹਾ-ਵਾਰ ਵੇਰਵਾ

ਲੜੀ ਨੰ.	**ਜ਼ਿਲ੍ਹਾ**	**ਗਿਣਤੀ**
1	ਅੰਮ੍ਰਿਤਸਰ	1301
2	ਬਰਨਾਲਾ	371
3	ਬਠਿੰਡਾ	971
4	ਫਤਿਹਗੜ੍ਹ ਸਾਹਿਬ	204
5	ਫਰੀਦਕੋਟ	466
6	ਫਿਰੋਜ਼ਪੁਰ	713
7	ਫਾਜ਼ਿਲਕਾ	222
8	ਗੁਰਦਾਸਪੁਰ	925
9	ਹੁਸ਼ਿਆਰਪੁਰ	516
10	ਜਲੰਧਰ	899
11	ਕਪੂਰਥਲਾ	353
12	ਲੁਧਿਆਣਾ	1237
13	ਮਾਨਸਾ	550
14	ਮੋਗਾ	541
15	ਸ੍ਰੀ ਮੁਕਤਸਰ ਸਾਹਿਬ	549

16	ਪਟਿਆਲਾ	750
17	ਪਠਾਨਕੋਟ	94
18	ਰੂਪਨਗਰ	169
19	ਸ਼ਹੀਦ ਭਗਤ ਸਿੰਘ ਨਗਰ	227
20	ਸਾਹਿਬਜ਼ਾਦਾ ਅਜੀਤ ਸਿੰਘ ਨਗਰ	169
21	ਸੰਗਰੂਰ	785
22	ਤਰਨਤਾਰਨ	588
	ਕੁੱਲ ਜੋੜ	**12600**

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ.: 78**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।

ਨਵਾਂ ਗਾਉਂ ਵਿਚ ਗਲੀਆਂ ਦੀ ਮੁਰੰਮਤ ਕਰਨਾ

79. ਸਰਦਾਰ ਅਜਾਇਬ ਸਿੰਘ ਭੱਟੀ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖਰੜ ਦੇ ਐਨ.ਏ.ਸੀ. ਨਵਾਂ ਗਾਓਂ ਵਿਚ ਪੈਂਦੇ ਗੋਬਿੰਦ ਨਗਰ ਵਿਚ ਮਈ-ਜੂਨ, 2013 ਵਿਚ ਉਸਾਰੀ ਗਈ ਗਲੀ ਨੰ: 8 (ਧੋਬੀ ਵਾਲੀ ਗਲੀ) ਘਟੀਆ ਸਮੱਗਰੀ ਵਰਤਣ ਕਾਰਨ ਬਹੁਤ ਥਾਵਾਂ ਤੋਂ ਥੱਲੇ ਧੱਸ ਗਈ ਹੈ ਅਤੇ ਕੀ ਇਹ ਵੀ ਠੀਕ ਹੈ ਨਿਕਾਸੀ ਪਾਈਪਾਂ ਨੂੰ ਮੇਨ ਲਾਈਨ ਨਾਲ ਅਜੇ ਤੱਕ ਵੀ ਨਹੀਂ ਜੋੜਿਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਕੰਮ ਲਈ ਜ਼ਿੰਮੇਵਾਰ ਅਧਿਕਾਰੀ/ਕਰਮਚਾਰੀ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ ?

ਸ਼੍ਰੀ ਅਨਿਲ ਜੋਸ਼ੀ : ਹਾਂ ਜੀ । ਨਵਾਂ ਗਾਉਂ ਵਿੱਚ ਪੈਂਦੇ ਗੋਬਿੰਦ ਨਗਰ ਵਿੱਚ ਮਈ-ਜੂਨ 2013 ਵਿੱਚ ਗਲੀ ਦੀ ਕੀਤੀ ਗਈ ਉਸਾਰੀ ਬਰਸਾਤਾਂ ਕਾਰਨ ਕੁਝ ਥਾਂਵਾਂ ਤੋਂ ਬੈਠ ਗਈ ਸੀ ਅਤੇ ਪਾਣੀ ਦੀ ਨਿਕਾਸੀ ਵੀ ਰੁਕ ਗਈ ਸੀ। ਹੁਣ ਗਲੀ ਦੀ ਰਿਪੇਅਰ ਕਰਵਾ ਦਿੱਤੀ ਗਈ ਹੈ, ਨਿਕਾਸੀ ਪਾਈਪ ਮੇਨ ਲਾਈਨ ਨਾਲ ਜੋੜ ਦਿੱਤੀ ਗਈ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**Reply to this Unstarred Question No. 78 has not been received till 8.12.2014 i.e. the date on which this Debates was sent to the Press for final printing.

ਮਾਨਯੋਗ ਸਪੀਕਰ : ਮੇਰੀ ਇੱਕ ਬੇਨਤੀ ਸੁਣ ਲਉ। (ਵਿਘਨ) (ਸ਼ੋਰ) ਨਹੀਂ, this is not the way. ਜਦੋਂ ਅੱਗੇ ਪ੍ਰਥਾ ਹੀ ਨਹੀਂ ਹੈ, ਅੱਗੇ ਕਦੇ ਇਸ ਤਰ੍ਹਾਂ ਹੋਇਆ ਹੀ ਨਹੀਂ। (ਵਿਘਨ) (ਸ਼ੋਰ) ਜੇ ਤਾਂ ਅੱਗੇ ਕਦੇ ਹੋਇਆ ਹੋਵੇ ਤਾਂ ਦੱਸੋ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ । (ਵਿਘਨ) (ਸ਼ੋਰ)** **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਨਹੀਂ, ਨਹੀਂ। ਜਿਹੜੀ ਪਹਿਲਾਂ ਪ੍ਰਥਾ ਹੈ ਹੀ ਨਹੀਂ, ਫਿਰ ਮੈਂ ਨਵੀਂ ਪ੍ਰਥਾ ਕਿਉਂ ਸ਼ੁਰੂ ਕਰਾਂ। (ਵਿਘਨ) (ਸ਼ੋਰ) ਨਹੀਂ, ਨਹੀਂ। ਬੈਠ ਜਾਓ। (ਵਿਘਨ) (ਸ਼ੋਰ) ਮੈਂ ਇੱਕ ਸੂਚਨਾ ਦੇਣੀ ਚਾਹੁੰਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

Mr. Speaker : Nothing is to be recorded. ਮੇਰੀ ਹੁਣ ਅਗਲੀ ਬੇਨਤੀ ਸੁਣ ਲਓ । ਮੈਂ ਇੱਕ ਸੂਚਨਾ ਦੇਣੀ ਚਾਹੁੰਦਾ ਹਾਂ ।

ANNOUNCEMENT BY THE SPEAKER

ਮਾਨਯੋਗ ਸਪੀਕਰ : ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 51(5) ਅਧੀਨ ਮੈਂ ਇਸ ਪਵਿੱਤਰ ਸਦਨ ਨੂੰ ਸੂਚਿਤ ਕਰਦਾ ਹਾਂ ਕਿ ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ ਜੋ 14ਵੀਂ ਵਿਧਾਨ ਸਭਾ ਦੇ ਹਲਕਾ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਤੋਂ ਵਿਧਾਇਕ ਸਨ, ਨੇ ਆਪਣਾ ਅਸਤੀਫ਼ਾ ਦੇ ਦਿੱਤਾ ਹੈ ਅਤੇ ਜਿਸ ਨੂੰ ਮੈਂ ਸਵੀਕਾਰ ਕਰ ਲਿਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ । ਰਿਪੋਰਟਾਂ ਪੇਸ਼ ਕਰਨਾ। ਸ਼੍ਰੀ ਅਸ਼ਵਨੀ ਸੇਖੜੀ ਜੀ । (ਵਿਘਨ, ਸ਼ੋਰ)

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਬਿਠਾਓ ਜੀ ।

**Not recorded as ordered by the Chair.

ਮਾਨਯੋਗ ਸਪੀਕਰ : ਤੁਸੀਂ ਇਨ੍ਹਾਂ ਨੂੰ ਬਿਠਾਓ। ਮੈਂ ਕੀ ਕਰਾਂ। (ਵਿਘਨ) (ਸ਼ੋਰ) ਬੈਠ ਜਾਓ। Please sit down.

ਸ੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਜ਼ੀਰੋ ਆਵਰ ਦਾ ਫੈਸਲਾ ਕਰ ਲਓ ਜੀ । (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਜ਼ੀਰੋ ਆਵਰ ਨਹੀਂ ਹੋ ਸਕਦਾ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਮੈਂ ਤੁਹਾਡੀ ਗੱਲ ਰੋਜ਼ ਹੀ ਸੁਣਦਾ ਹਾਂ। ਸੇਖੜੀ ਜੀ, ਰਿਪੋਰਟ ਪੇਸ਼ ਕਰੋ। (ਵਿਘਨ) (ਸ਼ੋਰ) ਜੇ ਪ੍ਰੋਵੀਜ਼ਨ ਹੁੰਦੀ ਤਾਂ ਮੈਂ ਤੁਹਾਡੀ ਗੱਲ ਸੁਣ ਲੈਂਦਾ। (ਵਿਘਨ) (ਸ਼ੋਰ) ਤੁਸੀਂ ਲਿਖ ਕੇ ਦੇ ਦਿਓ। ਮੈਂ ਤੁਹਾਨੂੰ ਜਵਾਬ ਲੈ ਦਿਆਂਗਾ। (ਵਿਘਨ) (ਸ਼ੋਰ) Please sit down. ਸਰਦਾਰ ਲਾਲ ਸਿੰਘ ਜੀ, ਮੇਰੀ ਇੱਕ ਬੇਨਤੀ ਸੁਣ ਲਓ । ਤੁਸੀਂ ਡਿਮਾਂਡ ਕੀਤੀ, ਮੈਂ ਡਿਸਅਲਾਓ ਕਰ ਦਿੱਤਾ ਤੇ ਹੁਣ ਤੁਹਾਨੂੰ ਬੈਠ ਜਾਣਾ ਚਾਹੀਦਾ ਹੈ। (ਵਿਘਨ) (ਸ਼ੋਰ) ਕੀ ਮੈਂ ਤੁਹਾਨੂੰ ਪਹਿਲਾਂ ਕਦੇ ਨਾਂਹ ਕੀਤੀ ਹੈ? (ਵਿਘਨ) (ਸ਼ੋਰ) ਇਹ ਹੋ ਨਹੀਂ ਸਕਦਾ। ਅਸ਼ਵਨੀ ਜੀ, ਰਿਪੋਰਟ ਪੇਸ਼ ਕਰੋ। (ਵਿਘਨ) (ਸ਼ੋਰ) ਮੈਂ ਕਿਹਾ ਜੀ, please sit down. ਸਰਦਾਰ ਲਾਲ ਸਿੰਘ ਜੀ, ਬੈਠ ਜਾਓ। (ਵਿਘਨ) (ਸ਼ੋਰ) ਸੇਖੜੀ ਸਾਹਿਬ, ਤੁਸੀਂ ਆਪਣੀ ਰਿਪੋਰਟ ਪੇਸ਼ ਕਰੋ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਮਾਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

ਉਪ ਮੁੱਖ ਮੰਤਰੀ : ਸਰਦਾਰ ਲਾਲ ਸਿੰਘ ਜੀ, ਮੈਂ ਤੁਹਾਨੂੰ ਵਧਾਈ ਦੇ ਦੇਵਾਂ। ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਵਧਾਈ ਦੇ ਦੇਵਾਂ। (ਵਿਘਨ) (ਸ਼ੋਰ)

Mr. Speaker : Please do not waste your time. ਟਾਈਮ ਖਰਾਬ ਨਾ ਕਰੋ। (ਵਿਘਨ....ਸ਼ੋਰ) Nothing is to be recorded. ਦੋਨਾਂ ਸਾਈਡਾਂ ਤੋਂ ਜੋ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ....ਸ਼ੋਰ) ਮੈਂ ਕਦੇ ਜ਼ਿਆਦਤੀ ਨਹੀਂ ਹੋਣ ਦਿੰਦਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਸਦਨ ਦੀ ਵੈੱਲ ਵਿੱਚ ਆ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**Not recorded as ordered by the Chair.

ਮਾਨਯੋਗ ਸਪੀਕਰ : ਚਲੋ ਅਗਲੀ ਵਾਰ ਤੁਹਾਨੂੰ ਜ਼ਿਆਦਾ ਟਾਈਮ ਦੇ ਦਿਆਂਗਾ। (ਵਿਘਨ....ਸ਼ੋਰ) ਮੈਂ ਕਿਹਾ ਜੀ ਫੇਰ ਟਾਈਮ ਦੇ ਦਿਆਂਗੇ। (ਵਿਘਨ....ਸ਼ੋਰ) ਗੱਲ ਸੁਣੋ, ਵੋਟ ਆਨ ਅਕਾਊਂਟ ਹੋਣਾ ਹੈ। ਜੇ ਪਾਸਟ ਵਿੱਚ ਅਜਿਹੀ ਪ੍ਰੈਕਟਿਸ ਹੁੰਦੀ ਤਾਂ ਮੈਂ ਕਰ ਦਿੰਦਾ। ਅੱਗੇ ਪ੍ਰੈਕਟਿਸ ਨਹੀਂ ਹੈ ਇਹ ਤੁਸੀਂ ਸਮਝ ਲਵੋ। (ਵਿਘਨ....ਸ਼ੋਰ) ਮੋਫਰ ਜੀ, ਤੁਸੀਂ ਸਿਆਣੇ ਹੋ। ਜਿਸ ਦਿਨ ਬਜਟ ਪੇਸ਼ ਹੋਣਾ ਹੁੰਦਾ ਹੈ, ਉਸ ਦਿਨ ਜ਼ੀਰੋ ਆਵਰ ਨਹੀਂ ਹੁੰਦਾ। (ਵਿਘਨ....ਸ਼ੋਰ) ਤੁਸੀਂ ਆਪਣੀ ਜਗ੍ਹਾ ਤੇ ਜਾਓ। Please go to your seats. ਟਾਈਮ ਦਿਆਂਗੇ। (ਵਿਘਨ....ਸ਼ੋਰ) ਨਹੀਂ ਨਹੀਂ, ਜ਼ੀਰੋ ਆਵਰ ਨਹੀਂ। ਜਿਥੇ ਟਾਈਮ ਦੇਣਾ ਬਣਦਾ ਸੀ, ਕੀ ਨਹੀਂ ਦਿੱਤਾ ? (ਵਿਘਨ....ਸ਼ੋਰ) ਜਿਥੇ ਜਿਥੇ ਤੁਸੀਂ ਟਾਈਮ ਮੰਗਿਆ ਹੈ, ਕੀ ਦਿੱਤਾ ਨਹੀਂ ? (ਵਿਘਨ....ਸ਼ੋਰ) Please go to your seats. ਮੇਰੀ ਸਾਰੀ ਉਮਰ ਲੱਗੀ ਹੈ, ਜਿਥੇ ਲਿਖੀ ਹੈ, ਉਥੇ ਹੀ ਵਾਹਿਗੁਰੂ ਰੱਖੇ (ਵਿਘਨ....ਸ਼ੋਰ) ਮੈਂ ਕਿਹਾ ਹੋ ਨਹੀਂ ਸਕਦਾ। ਵੜਿੰਗ ਜੀ, ਇਹ ਹੋ ਨਹੀਂ ਸਕਦਾ। ਜੇ ਹੁੰਦਾ ਤਾਂ ਮੈਂ ਕਰ ਦਿੰਦਾ। (ਵਿਘਨ....ਸ਼ੋਰ) ਨਹੀਂ, ਅੱਜ ਨਹੀਂ। ਹੁਣ ਤੁਸੀਂ ਆਪਣੀਆਂ ਸੀਟਾਂ ਤੇ ਜਾਓ। Please go to your seats, ਆਪਣੀਆਂ ਸੀਟਾਂ ਤੇ ਜਾਓ, ਬਹੁਤ ਹੋ ਗਿਆ। ਤੁਹਾਡਾ ਪੁਆਇੰਟ ਆ ਗਿਆ ਹੈ। ਬ੍ਰਹਮ ਮਹਿੰਦਰਾ ਜੀ, ਤੁਸੀਂ ਸਿਆਣੇ ਹੋ। ਜੇ ਹੋ ਸਕਦਾ ਤਾਂ ਮੈਂ ਕਰ ਦਿੰਦਾ। ਚੰਨੀ ਜੀ, ਤੁਹਾਨੂੰ ਹਮੇਸ਼ਾ ਟਾਈਮ ਦਿੱਤਾ ਹੈ, Please go to your seats. ਤੁਹਾਨੂੰ ਕਿੰਨੀ ਵਾਰ ਟਾਈਮ ਦਿੱਤਾ ਹੈ? (ਵਿਘਨ....ਸ਼ੋਰ) ਬਾਹਰ ਕਹਿ ਲੈਣਾ, ਹੁਣ ਇਥੇ ਥੋੜ੍ਹਾ ਕਹਿਣਾ ਹੈ। No, No, nothing should be recorded. ਜੋ ਵੀ ਮੇਰੀ ਆਗਿਆ ਤੋਂ ਬਗੈਰ ਬੋਲਿਆ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (ਸ਼ੋਰ) ਮੈਂ ਕਿਹਾ ਜੀ ਇਹ ਹੋ ਨਹੀਂ ਸਕਦਾ, ਤੁਸੀਂ ਮੇਰੀ ਗੱਲ ਮੰਨੋ। ਮੋਫਰ ਸਾਹਿਬ, ਤੁਸੀਂ ਦੱਸੋ ਕੀ ਅੱਗੇ ਕਦੇ ਹੋਇਆ ਹੈ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਮੋਫਰ ਜੀ, ਤੁਸੀਂ ਮੈਨੂੰ ਦੱਸੋ। ਤੁਸੀਂ ਮੇਰੇ ਨਾਲੋਂ ਪੁਰਾਣੇ ਰਹੇ ਹੋ, ਕੀ ਕਦੇ ਅੱਗੇ ਇਸ ਤਰ੍ਹਾਂ ਹੋਇਆ ਹੈ ਜਿਸ ਦਿਨ ਬਜਟ ਪੇਸ਼ ਹੋਣਾ ਹੋਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿਚ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

SHORT ADJOURNMENT OF THE HOUSE

ਮਾਨਯੋਗ ਸਪੀਕਰ : ਹਾਊਸ 15 ਮਿੰਟ ਲਈ ਐਡਜਰਨ ਕੀਤਾ ਜਾਂਦਾ ਹੈ।

**Not recorded as ordered by the Chair.

*10.46 ਵਜੇ ਪੂਰਵ ਦੁਪਹਿਰ

(ਇਸ *ਉਪਰੰਤ ਸਦਨ 11.01 ਵਜੇ ਪੂਰਵ ਦੁਪੰਹਿਰ ਤੱਕ ਸਥਗਿਤ ਹੋ ਗਿਆ।)

(ਸਦਨ 11.01 ਵਜੇ ਪੂਰਵ ਦੁਪਹਿਰ ਮੁੜ ਇਕੱਤਰ ਹੋਇਆ।)

PRESENTATION OF REPORTS OF THE COMMITTEES

ਮਾਨਯੋਗ ਸਪੀਕਰ : ਅਗਲੀ ਆਈਟਮ, ਕਮੇਟੀ ਦੀਆਂ ਰਿਪੋਰਟਾਂ ਪੇਸ਼ ਕਰਨਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਤੁਸੀਂ ਸਾਰੇ ਬੈਠ ਜਾਓ। ਜ਼ੀਰੋ ਆਵਰ ਨਹੀਂ ਹੋਵੇਗਾ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ।

ਮਾਨਯੋਗ ਸਪੀਕਰ : ਤੁਹਾਨੂੰ ਐਕਸਟ੍ਰਾ ਟਾਈਮ ਦਿੱਤਾ ਹੈ, ਘੱਟ ਨਹੀਂ ਦਿੱਤਾ। ਸੇਖੜੀ ਸਾਹਿਬ, ਤੁਸੀਂ ਰਿਪੋਰਟ ਪੇਸ਼ ਕਰੋ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਅੱਜ ਹੋਰ ਬਿਜ਼ਨਸ ਕਿਉਂ ਨਹੀਂ ਹੋ ਸਕਦਾ?

ਮਾਨਯੋਗ ਸਪੀਕਰ : ਨਹੀਂ ਜੀ, ਕੁਝ ਨਹੀਂ ਹੋ ਸਕਦਾ।

ਸਰਦਾਰ ਲਾਲ ਸਿੰਘ : ਫੇਰ ਇਹ ਬਿਜ਼ਨਸ ਕਿਉਂ ਰੱਖਿਆ ਹੈ?

ਮਾਨਯੋਗ ਸਪੀਕਰ : ਰਿਪੋਰਟਾਂ ਤਾਂ ਪੇਸ਼ ਕਰਨੀਆਂ ਹੀ ਹਨ। ਸਰਦਾਰ ਲਾਲ ਸਿੰਘ ਜੀ, ਤੁਹਾਡੇ ਵੇਲੇ ਤੋਂ ਇਹ ਚਲਿਆ ਆ ਰਿਹਾ ਹੈ। ਜਿਸ ਦਿਨ ਬਜਟ ਪੇਸ਼ ਹੋਣਾ ਹੁੰਦਾ ਹੈ ਜਾਂ ਵੋਟ ਆਨ ਅਕਾਊਂਟ ਹੁੰਦਾ ਹੈ, ਉਸ ਦਿਨ ਸਾਰੇ ਖੁਸ਼ੀ-ਖੁਸ਼ੀ ਆਉਣ ਤੇ ਖੁਸ਼ੀ-ਖੁਸ਼ੀ ਜਾਣ, ਇਸ ਕਰਕੇ ਹੋਰ ਬਿਜ਼ਨਸ ਨਹੀਂ ਰੱਖਿਆ ਜਾਂਦਾ। ਬਾਕੀ ਹੋਰ ਬਿਜ਼ਨਸ ਤੇ ਕਿੰਤੂ-ਪਰੰਤੂ ਨਹੀਂ ਹੋ ਸਕਦਾ। ਰਿਪੋਰਟਾਂ ਪੇਸ਼ ਕਰਨ ਤੇ ਕਿਸ ਨੂੰ ਕਿੰਤੂ-ਪਰੰਤੂ ਹੋ ਸਕਦਾ ਹੈ? ਇਸ ਤੇ ਕੋਈ ਆਰਗੂਮੈਂਟ ਨਹੀਂ ਹੋ ਸਕਦਾ। ਸੇਖੜੀ ਸਾਹਿਬ, ਤੁਸੀਂ ਰਿਪੋਰਟ ਪੇਸ਼ ਕਰੋ। ਲੋਕ ਲੇਖਾ ਕਮੇਟੀ ਦਾ ਕੋਈ ਹੋਰ ਮੈਂਬਰ ਰਿਪੋਰਟ ਪੇਸ਼ ਕਰੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਸਰਦਾਰ ਨਿਰਮਲ ਸਿੰਘ ਰਿਪੋਰਟ ਪੇਸ਼ ਕਰਨ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਅਸੀਂ ਹਾਊਸ ਨਹੀਂ ਚੱਲਣ ਦੇਣਾ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਇਹ ਕੀ ਗੱਲ ਹੈ? ਤੁਸੀਂ ਹਾਊਸ ਦੇ ਕਸਟੋਡੀਅਨ ਹੋ।

Mr. Speaker : You are wrong. ਤੁਸੀਂ ਹੱਦ ਤੋਂ ਅੱਗੇ ਵੱਧ ਰਹੇ ਹੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਸਦਨ ਦੋ ਦਿਨ ਘੱਟ ਕਰ ਦਿੱਤਾ ਗਿਆ ਹੈ, ਅਜਿਹਾ ਕਿਉਂ ਕੀਤਾ ਗਿਆ ਹੈ?

ਮਾਨਯੋਗ ਸਪੀਕਰ : ਕਿਸੇ ਨੂੰ ਬੋਲਣ ਲਈ ਸਮਾਂ ਘੱਟ ਦਿੱਤਾ ਗਿਆ ਹੈ?

Sardar Ajit Inder Singh Mofar : It is your prerogative to give time to the Members. We are not begging for it.

Mr. Speaker : No, I will not allow. ਜਸਟਿਸ ਨਿਰਮਲ ਸਿੰਘ ਜੀ, ਰਿਪੋਰਟ ਪੇਸ਼ ਕਰੋ। ਜਸਟਿਸ ਨਿਰਮਲ ਸਿੰਘ, ਚੇਅਰਮੈਨ, ਅਨੁਮਾਨ ਕਮੇਟੀ ਰਿਪੋਰਟ ਪੇਸ਼ ਕਰਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

ਸਭਾਪਤੀ, ਅਨੁਮਾਨ ਕਮੇਟੀ (ਜਸਟਿਸ ਨਿਰਮਲ ਸਿੰਘ): ਮਾਨਯੋਗ ਸਪੀਕਰ ਸਾਹਿਬ, ਮੈਂ ਖੇਤੀਬਾੜੀ ਵਿਭਾਗ ਨਾਲ ਸਬੰਧਤ ਸਾਲ 2012-13 ਲਈ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਸਰਦਾਰ ਇਕਬਾਲ ਸਿੰਘ ਝੂੰਦਾਂ, ਚੇਅਰਮੈਨ, ਸਰਕਾਰੀ ਕਾਰੋਬਾਰ ਕਮੇਟੀ ਰਿਪੋਰਟ ਪੇਸ਼ ਕਰਨ।(ਵਿਘਨ, ਸ਼ੋਰ)

ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸਰਦਾਰ ਇਕਬਾਲ ਸਿੰਘ ਝੂੰਦਾਂ): ਸ਼੍ਰੀਮਾਨ ਜੀ, ਮੈਂ -

i) ਸਾਲ 2008-09 ਲਈ ਪੰਜਾਬ ਬਸ ਸਟੈਂਡ ਮੈਨੇਜਮੈਂਟ ਅਥਾਰਟੀ (ਪਨਬਸ), ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਨਾਲ ਸਬੰਧਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਵਪਾਰਕ) ਵਿੱਚ ਆਉਂਦੇ ਆਡਿਟ ਪੈਰਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 105ਵੀਂ ਰਿਪੋਰਟ;

**Not recorded as ordered by the Chair.

ii) ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ) ਨਾਲ ਸਬੰਧਿਤ ਸਾਲ 2013-14 ਲਈ ਆਮ ਕੰਮ-ਕਾਰ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 106ਵੀਂ ਰਿਪੋਰਟ;

iii) ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਿਤ ਸਾਲ 2013-14 ਲਈ ਆਮ ਕੰਮ-ਕਾਰ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 107ਵੀਂ ਰਿਪੋਰਟ; ਅਤੇ

iv) ਪੰਜਾਬ ਸ਼ਹਿਰੀ ਯੋਜਨਾਬੰਦੀ ਵਿਕਾਸ ਅਥਾਰਟੀ (ਪੁੱਡਾ) ਦੀ ਸਾਲ 2013-14 ਲਈ ਆਮ ਕੰਮ-ਕਾਰ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 108ਵੀਂ ਰਿਪੋਰਟ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਸ੍ਰੀ ਪ੍ਰੇਮ ਮਿੱਤਲ, ਚੇਅਰਮੈਨ, ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਰਿਪੋਰਟ ਪੇਸ਼ ਕਰਨ।(ਵਿਘਨ, ਸ਼ੋਰ)

ਸਭਾਪਤੀ, ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ (ਸ਼੍ਰੀ ਪ੍ਰੇਮ ਮਿੱਤਲ): ਸ਼੍ਰੀਮਾਨ ਜੀ, ਮੈਂ -

i) ਨਗਰ ਕੌਂਸਲ, ਸਮਰਾਲਾ ਦੇ ਆਮ ਕੰਮ-ਕਾਰ ਦੇ ਸਬੰਧ ਵਿੱਚ ਸਾਲ 2013-14 ਲਈ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ 10ਵੀਂ ਰਿਪੋਰਟ; ਅਤੇ

ii) ਨਗਰ ਨਿਗਮ, ਬਠਿੰਡਾ ਦੇ ਆਮ ਕੰਮ ਕਾਰ ਦੇ ਸਬੰਧ ਵਿੱਚ ਸਾਲ 2013-14 ਲਈ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ 11ਵੀਂ ਰਿਪੋਰਟ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਸ੍ਰੀ ਮਨੋਰੰਜਨ ਕਾਲੀਆ, ਚੇਅਰਮੈਨ, ਪ੍ਰਸ਼ਨ ਅਤੇ ਹਵਾਲਾ ਕਮੇਟੀ ਰਿਪੋਰਟ ਪੇਸ਼ ਕਰਨ।

ਸਭਾਪਤੀ, ਪ੍ਰਸ਼ਨ ਅਤੇ ਹਵਾਲਾ ਕਮੇਟੀ (ਸ਼੍ਰੀ ਮਨੋਰੰਜਨ ਕਾਲੀਆ): ਸ਼੍ਰੀਮਾਨ ਜੀ, ਮੈਂ ਸਾਲ 2013-14 ਲਈ ਪ੍ਰਸ਼ਨ ਅਤੇ ਹਵਾਲਾ ਕਮੇਟੀ ਦੀ 8ਵੀਂ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਆਪਣੀਆਂ ਸੀਟਾਂ ਤੇ ਜਾਉ। (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਸ੍ਰੀ ਐਸ.ਆਰ. ਕਲੇਰ ਜੀ, ਮੈਂਬਰ, ਲੋਕ ਲੇਖਾ ਕਮੇਟੀ ਰਿਪੋਰਟ ਪੇਸ਼ ਕਰਨ।

**Not recorded as ordered by the Chair.

ਮੈਂਬਰ, ਲੋਕ ਲੇਖਾ ਕਮੇਟੀ (ਸ਼੍ਰੀ ਐਸ.ਆਰ. ਕਲੇਰ): ਸ਼੍ਰੀ ਮਾਨ ਜੀ, ਮੈਂ -

i) ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਨਾਲ ਸਬੰਧਿਤ ਸਾਲ 2010-11 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2010-11 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 186ਵੀਂ ਰਿਪੋਰਟ;

ii) ਆਬਕਾਰੀ ਅਤੇ ਕਰ ਵਿਭਾਗ ਨਾਲ ਸਬੰਧਿਤ ਸਾਲ 2008-09 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2008-09 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ) ਤੇ ਲੋਕ ਲੇਖਾ ਕਮੇਟੀ ਦੀ 187 ਵੀਂ ਰਿਪੋਰਟ;

iii) ਸਮਾਜਿਕ ਸੁਰੱਖਿਆ ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨਾਲ ਸਬੰਧਿਤ ਸਾਲਾਂ 2010-11 ਅਤੇ 2011-12 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 2010-11 ਅਤੇ 2011-12 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 188ਵੀਂ ਰਿਪੋਰਟ; ਅਤੇ

iv) ਵੱਖ-ਵੱਖ ਪੈਰ੍ਹਿਆਂ ਦੇ ਸਬੰਧ ਵਿੱਚ ਸਾਲਾਂ 2008-09, 2009-10, 2010-11 ਅਤੇ 2011-12 ਲਈ ਸੀ.ਏ.ਜੀ. ਰਿਪੋਰਟਾਂ ਵਿੱਚ ਦਰਜ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਜਵਾਬਾਂ ਦੀ ਛਾਣ-ਬੀਣ ਨਾਲ ਸਬੰਧਿਤ ਲੋਕ ਲੇਖਾ ਕਮੇਟੀ ਦੀ 189ਵੀਂ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਨਾਅਰੇ ਰਿਕਾਰਡ ਨਾ ਕੀਤੇ ਜਾਣ।(ਵਿਘਨ, ਸ਼ੋਰ) ਇਹ ਰਵਾਇਤ ਤਾਂ ਅੱਗੇ ਹੀ ਪਈ ਹੋਈ ਹੈ। ਕੋਈ ਨਵੀਂ ਤਾਂ ਮੈਂ ਪਾ ਨਹੀਂ ਰਿਹਾ।

ਮਾਨਯੋਗ ਸਪੀਕਰ : ਸ਼੍ਰੀ ਜੋਗਿੰਦਰ ਪਾਲ ਜੈਨ ਜੀ, ਮੈਂਬਰ, ਮੇਜ਼ ਤੇ ਰੱਖੇ ਗਏ /ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਸਬੰਧੀ ਕਮੇਟੀ, ਰਿਪੋਰਟ ਪੇਸ਼ ਕਰਨ।

ਮੈਂਬਰ, ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਸਬੰਧੀ ਕਮੇਟੀ (ਸ਼੍ਰੀ ਜੋਗਿੰਦਰ ਪਾਲ ਜੈਨ): ਸ਼੍ਰੀਮਾਨ ਜੀ, ਮੈਂ ਸਾਲ 2013-14 ਲਈ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਸਬੰਧੀ ਕਮੇਟੀ ਦੀ 16ਵੀਂ ਰਿਪੋਰਟ ਪੇਸ਼ ਕਰਦਾ ਹਾਂ।

**Not recorded as ordered by the Chair.

PAPERS LAID ON THE TABLE OF THE HOUSE

ਮਾਨਯੋਗ ਸਪੀਕਰ : ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ। ਸ਼੍ਰੀ ਮਦਨ ਮੋਹਨ ਮਿੱਤਲ ਜੀ, ਸੰਸਦੀ ਮਾਮਲੇ ਮੰਤਰੀ।

ਸੰਸਦੀ ਮਾਮਲੇ ਤੇ ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰਬਰ 3 ਅਧੀਨ ਦਰਸਾਏ ਗਏ ਲੜੀ ਨੰਬਰ 1 ਤੋਂ 6 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :

1. ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਆਰਡੀਨੈਂਸ, 2013 (2013 ਦਾ ਪੰਜਾਬ ਆਰਡੀਨੈਂਸ ਨੰ. 12) ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213(2)(ੳ) ਅਧੀਨ ਲੋੜੀਂਦਾ ਹੈ।

2. ਸਾਲ 2011-12 ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਾਲਾਨਾ ਰਿਪੋਰਟ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁ ਛੇਦ 323 (2) ਅਧੀਨ ਲੋੜੀਂਦਾ ਹੈ।

3. ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਬਹੁ-ਮੰਜ਼ਲੀਆਂ ਇਮਾਰਤਾਂ, ਗਰੁੱਪ ਹਾਊਸਿੰਗ ਇਮਾਰਤਾਂ ਜਾਂ ਇਸ ਤਰ੍ਹਾਂ ਦੀਆਂ ਅਜਿਹੀਆਂ ਹੋਰ ਇਮਾਰਤਾਂ ਦੇ ਬਜ਼ਾਰੀ ਮੁੱਲ ਦੀ ਗਣਨਾ ਦਾ ਢੰਗ ਨਿਯਮਾਵਲੀ, 2013 ਸਬੰਧੀ ਅਧਿਸੂਚਨਾ ਨੰਬਰ ਜੀ ਐਸ ਆਰ-55 ਪੀ ਏ 42/1976/ਐਸ ਐਸ 93, ਅਤੇ 397/2013, ਮਿਤੀ 1.11.2013 ਜਿਵੇਂ ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 397(2) ਅਧੀਨ ਲੋੜੀਂਦਾ ਹੈ।

4. i) ਅਧਿਸੂਚਨਾ ਨੰ. 2/7/2012-ਐਲਜੀ 3/130652/1 ਮਿਤੀ 20.11.2013

   ii) ਅਧਿਸੂਚਨਾ 2/7/2012-5 ਐਲਜੀ 3/134595/1 ਮਿਤੀ 10.12.2013; ਅਤੇ

   iii) ਅਧਿਸੂਚਨਾ ਨੰ. 2/7/2012-5 ਐਲਜੀ 3/156470/1 ਮਿਤੀ 3.2.2014

   ਜਿਵੇਂ ਕਿ ਪੰਜਾਬ ਮਿਉਂਸਿਪਲ ਐਕਟ, 1911 ਦੀ ਧਾਰਾ 240-ਅ(2) ਅਧੀਨ ਲੋੜੀਂਦਾ ਹੈ।

5. i) ਅਧਿਸੂਚਨਾ ਨੰ. 2-7/2012-ਐਲਜੀ 3/130656/1, ਮਿਤੀ 30.11.2013

   ii) ਅਧਿਸੂਚਨਾ ਨੰ. 2-7/2012-5 ਐਲਜੀ 3/134596/1,ਮਿਤੀ 10.12.2013; ਅਤੇ

   iii) ਅਧਿਸੂਚਨਾ ਨੰ. 2-7/2012-5 ਐਲਜੀ 2/156504/1, ਮਿਤੀ 3.2.2014 ਜਿਵੇਂ ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 430(3) ਅਧੀਨ ਲੋੜੀਂਦਾ ਹੈ।

[ਸੰਸਦੀ ਮਾਮਲੇ ਤੇ ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਈ ਮੰਤਰੀ]

6. ਸਾਲ 2010-11 (16.4.2010 ਤੋਂ 31.3.2011) ਲਈ ਪੰਜਾਬ ਰਾਜ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੀ ਪਹਿਲੀ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 ੳ ਅਧੀਨ ਲੋੜੀਂਦਾ ਹੈ।

MOTION UNDER RULE 16

ਮਾਨਯੋਗ ਸਪੀਕਰ : ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਜੀ ਨਿਯਮ 16 ਅਧੀਨ ਪ੍ਰਸਤਾਵ ਪੇਸ਼ ਕਰਨਗੇ ।

ਸੰਸਦੀ ਮਾਮਲੇ ਤੇ ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ -

ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ ਕਿ -

ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਮਾਨਯੋਗ ਸਪੀਕਰ : ਪ੍ਰਸ਼ਨ ਹੈ ਕਿ -

ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ। (ਵਿਘਨ)(ਸ਼ੋਰ)

ਪ੍ਰਸਤਾਵ ਪ੍ਰਵਾਨ ਹੋਇਆ।

MOTION Reg. CONSTITUTION OF ELECTED COMMITTEES FOR THE YEAR 2014-15

ਮਾਨਯੋਗ ਸਪੀਕਰ : ਸੰਸਦੀ ਮਾਮਲਿਆਂ ਬਾਰੇ ਮੰਤਰੀ ਸਾਲ 2014-15 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ਪੇਸ਼ ਕਰਨ।

ਸੰਸਦੀ ਮਾਮਲੇ ਤੇ ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿਉਂਜੋ ਸਾਲ 2014-15 ਲਈ -

1. ਲੋਕ ਲੇਖਾ ਕਮੇਟੀ ;

2. ਅਨੁਮਾਨ ਕਮੇਟੀ ;

3. ਸਰਕਾਰੀ ਕਾਰਬਾਰ ਕਮੇਟੀ ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ;

ਲਈ ਚੋਣਾਂ 31 ਮਾਰਚ, 2014 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ ਇਹ ਸਦਨ, ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2014-15 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿਉਂਜੋ ਸਾਲ 2014-15 ਲਈ-

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ;

ਲਈ ਚੋਣਾਂ 31 ਮਾਰਚ, 2014 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ ਇਹ ਸਦਨ, ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

[ਮਾਨਯੋਗ ਸਪੀਕਰ]

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2014-15 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

Walk out

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਜ਼ੀਰੋ ਆਵਰ ਦਾ ਸਮਾਂ ਨਾ ਦੇਣ ਦੇ ਵਿਰੋਧ ਵਿੱਚ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿਉਂਜੋ ਸਾਲ 2014-15 ਲਈ -

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ;

ਲਈ ਚੋਣਾਂ 31 ਮਾਰਚ, 2014 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ ਇਹ ਸਦਨ, ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2014-15 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।

ਪ੍ਰਸਤਾਵ ਪ੍ਰਵਾਨ ਹੋਇਆ ।

**Not recorded as ordered by the Chair.

FINANCIAL BUSINESS

I. PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2013-14

ਮਾਨਯੋਗ ਸਪੀਕਰ : ਵਿੱਤ ਮੰਤਰੀ ਸਾਲ 2013-14 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਸਾਲ 2013-14 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ।

II. PRESENTATION OF THE REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2013-14.

ਮਾਨਯੋਗ ਸਪੀਕਰ : ਹੁਣ ਸਭਾਪਤੀ, ਅਨੁਮਾਨ ਕਮੇਟੀ ਰਿਪੋਰਟ ਪੇਸ਼ ਕਰਨਗੇ।

ਸਭਾਪਤੀ, ਅਨੁਮਾਨ ਕਮੇਟੀ (ਜਸਟਿਸ ਨਿਰਮਲ ਸਿੰਘ) : ਸ਼੍ਰੀਮਾਨ ਜੀ, ਮੈਂ ਸਾਲ 2013-14 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

